# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਪੰਜਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਪੰਜਵੀਂ

[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ–ਜਿਲਦ ੫]

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ

ਕ੍ਰਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

[ ਰਾਸ ਪਹਿਲੀ ਸਾਰੀ ਤੇ ਦੂਜੀ–ਅੱਧੀ ]

ਮੰਗਲਾਂ ਦੀ ਭਾਵਾਰਥ ਪ੍ਰਕਾਸ਼ਨੀ ਟੀਕਾ

ਅਤੇ ਸ਼ੇਸ਼

## ਪ੍ਰਯਾਵਾਂ ਤੇ ਉੱਧਾਰਾਂ ਸਮੇਤ।

ਸੰਪਾਦਿਤ:

ਪਦਮਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ

ਭਾਸ਼ਾ ਵਿਭਾਗ, ਪੰਜਾਬ

**SRI GUR PARTAP SURAJ GRANTH VOL. V** (in Punjabi)

**Kavi Churamani Bhai Santokh Singh**

**Editor : Bhai Vir Singh**

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਪੰਜਵੀਂ

**ਕਵੀ ਚੂੜਾਮਣੀ ਭਾਈ ਸੰਤੋਖ ਸਿੰਘ**

**ਸੰਪਾਦਕ : ਭਾਈ ਵੀਰ ਸਿੰਘ**

© ਭਾਸ਼ਾ ਵਿਭਾਗ, ਪੰਜਾਬ

ਸਾਲ : 2011
ਕਾਪੀਆਂ : 1000
ਕੀਮਤ : 233.00

1120. ਹ. ਪੁ. 1574

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਚੰਡੀਗੜ੍ਹ ਪਬਲੀਸ਼ਿੰਗ ਹਾਊਸ, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

# ਸੂਚੀ ਪੱਤ੍ਰ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਜਿਲਦ ੫


| ਪ੍ਰਸੰਗ | ਅੰਸੂ | ਪੰਨਾ |
|---|---|---|
| **ਰਾਸ ਪਹਿਲੀ–** | | |
| ਮੰਗਲਾ ਚਰਨ ਸਮੂਹ। | ੧ | ੧੨੬੧ |
| ਗੁ:ਪ੍ਰ:ਸੂ:ਗ੍ਰੰਥਦਾ ਮੁੱਢਕਿਵੇਂਬੱਝਾ? | ੨ | ੧੩੧੨ |
| ਭਾਈ ਰਾਮ ਕੁਇਰ ਪ੍ਰਸੰਗ। | ੩ | ੧੩੧੫ |
| ਭਾਈ ਰਾਮ ਕੁਇਰ ਜੀ ਦੀ ਕਥਾ। | ੪ | ੧੩੧੯ |
| ਗੁ:ਪ੍ਰ:ਸੂ:ਗ੍ਰੰਥਦਾਮੁੱਢਕਿਵੇਂ ਬੱਝਾ? | ੫ | ੧੩੨੪ |
| ਬਾਬਾ ਸ੍ਰੀ ਚੰਦ,ਲਖਮੀ ਦਾਸ,ਵੇਦੀ ਵੰਸ਼ ਤੇ ਉਦਾਸੀਆਂ ਦਾ ਹਾਲ। | ੬ | ੧੩੨੮ |
| ਗੁਰ ਪਰਨਾਲੀ ਪਾ:੧ ਤੋਂ੫ ਤਕ। | ੭ | ੧੩੩੨ |
| ਗੁਰ ਪਰਨਾਲੀ ਪਾ:੬ਤੋਂ ੧੦ਤਕ। | ੮ | ੧੩੩੬ |
| ਗੁਰੂ ਅੰਗਦ ਕਥਾ ਅਰੰਭ। ਖਡੂਰ ਵਿਚ ਛਪਨਾ ਤੇ ਪ੍ਰਗਟ ਹੋਣਾ। | ੯ | ੧੩੪੦ |
| ਨਿੱਤ ਕ੍ਰਿਯਾ, ਸਿੱਧਾਂ ਮੇਲ, ਹੁਮਾਯੂੰ। | ੧੦ | ੧੩੪੫ |
| ਭਾਈ ਜੀਵਾ,ਗੁੱਜਰ ਲੁਹਾਰ,ਧਿਙ। ਨਾਈ ਤੇ ਪਾਰੋ ਜੁਲਕਾਂ ਪ੍ਰਸੰਗ। | ੧੧ | ੧੩੫੨ |
| ਮੱਲੂ ਸ਼ਾਹੀ, ਕਿਦਾਰੀ, ਦੀਪਾ, ਨਰੈਣ ਦਾਸ ਤੇ ਬੂਲਾ ਸਿੱਖ। | ੧੨ | ੧੩੫੮ |
| ਹਰੀ ਕੇ ਦਾ ਚੋਧਰੀ, ਖਡੂਰ ਦਾ ਮਦਪਾਨੀ ਚੋਧਰੀ, ਸਿੱਖ ਚੋਰ। | ੧੩ | ੧੩੬੨ |
| ਸ੍ਰੀਅਮਰਦਾਸ ਜੀਦੀਮੁੱਢਲੀ ਕਥਾ। | ੧੪ | ੧੩੬੭ |
| ਸ੍ਰੀ ਅਮਰਦਾਸ ਗੁਰੂ ਅੰਗਦ ਮੇਲ। | ੧੫ | ੧੩੭੨ |
| ਸ੍ਰੀ ਅਮਰਦਾਸ ਸੇਵਾ ਪ੍ਰਸੰਗ। | ੧੬ | ੧੩੭੭ |
| ਸੇਵਾਤੇ ਪ੍ਰਸੰਨ ਹੋ ਵਰ ਦੀਬਖਸ਼ੀਸ਼। | ੧੭ | ੧੩੮੪ |
| ਸ੍ਰੀ ਅਮਰਦਾਸ ਗੋਇੰਦਵਾਲਗਏ। | ੧੮ | ੧੩੮੯ |
| ਗੋਇੰਦਵਾਲ ਵਸਾਇਆ। | ੧੯ | ੧੩੯੩ |
| ਵਰੁਨ। ਗੁਰੂ ਅੰਗਦ ਜੀ ਦੇ ਗੁਣ। | ੨੦ | ੧੩੯੭ |
| ਖਡੂਰ ਦੇ ਤਪੇ ਦਾ ਪ੍ਰਸੰਗ। | ੨੧ | ੧੪੦੨ |
| ਖਡੂਰ ਦੇ ਤਪੇ ਦਾ ਪ੍ਰਸੰਗ–ਜਾਰੀ। | ੨੨ | ੧੪੦੬ |
| ਖਡੂਰ ਦੇ ਤਪੇ ਦੀ ਮੌਤ। | ੨੩ | ੧੪੦੯ |
| ਭੈਰੋਂ ਪੁਰੋਂ ਖਡੂਰ ਵਾਪਸ ਆਏ। | ੨੪ | ੧੪੧੪ |
| ਸ੍ਰੀਅਮਰਦਾਸ ਜੀ ਦੀ ਸਿੱਕ ਤੇ ਗੁਰੂ ਅੰਗਦ ਜੀ ਦਾ ਮਿਲਾਪ। | ੨੫ | ੧੪੧੮ |
| ਸ਼ੀਹਾਂ ਉੱਪਲ। | ੨੬ | ੧੪੨੨ |
| ਸ੍ਰੀ ਅਮਰਦਾਸ ਜੀ ਨੂੰ ਗੁਰਤਾ। | ੨੭ | ੧੪੨੬ |
| ਗੁਰੂ ਅੰਗਦ ਦੇਵ ਜੋਤੀ ਜੋਤ। | ੨੮ | ੧੪੩੦ |
| ਗੁਰੂ ਅਮਰ ਦਾਸ ਕਥਾ ਅਰੰਭ। | ੨੯ | ੧੪੩੫ |
| ਗੁਰ ਅਮਰ ਦਾਸ ਨਿਤ ਬਿਵਹਾਰ। | ੩੦ | ੧੪੩੮ |
| ਸਾਵਣ ਮੱਲ ਨੂੰ ਹਰੀਪੁਰ ਭੇਜਿਆ। ਰਾਜ ਪੁੱਤ੍ਰ ਜਿਵਾਯਾ। | ੩੧ | ੧੪੪੨ |
| ਰਾਜਾ ਸਿੱਖ ਹੋਇਆ, ਲੱਕੜਾਂ ਭੇਜੀਆਂ।ਸਾਵਣ ਮੱਲ ਦਾ ਮਾਨ। | ੩੨ | ੧੪੪੮ |
| ਰਾਜਾ ਵਾਪਸ ਹਰੀਪੁਰ ਗਿਆ। ਸੱਚਨ ਸੱਚ ਨਿਸਤਾਰਾ। | ੩੩ | ੧੪੫੩ |
| ਦਾਤੂ ਜੀ ਨੇ ਗੁਰੂ ਜੀਦੇ ਲੱਤਮਾਰੀ। | ੩੪ | ੧੪੫੯ |
| ਗੁਰੂ ਜੀ ਲੋਪ। ਸੰਗਤ ਦੀ ਢੂੰਡ। | ੩੫ | ੧੪੬੩ |
| ਸਿੰਨ੍ਹ ਸਾਹਿਬ ਗੁਰੂ ਜੀ ਪ੍ਰਗਟੇ। | ੩੬ | ੧੪੬੭ |
| ਪਾਰੋ ਜੁਲਕਾਂ।ਲਾਲੂ ਨੂੰ ਬਖਸ਼ੀਸ਼ਾਂ। | ੩੭ | ੧੪੭੨ |
| ਖਾਨੂ ਛੁਰਾ ਆਦਿ ਬਹੁਤ੍ਰ ਸਿੱਖਾਂ ਦਾ ਪ੍ਰਸੰਗ।ਸ਼ੇਖਾਂ ਦੇ ਘਰ ਉੱਜੜੇ। | ੩੮ | ੧੪੭੬ |
| ਲਾਲੂ, ਦੁਰਗਾ, ਜੀਵੰਦਾ, ਜੱਗਾ, ਖਾਨੂੰ, ਮਾਈਆ, ਗੋਵਿੰਦ। | ੩੯ | ੧੪੮੦ |
| ਜੋਧ ਆਦਿ ਤੇ ਡੱਲੇ ਵਾਸੀ ਸਿਖ। | ੪੦ | ੧੪੮੫ |
| ਸ੍ਰੀ ਰਾਮਦਾਸ ਜੀ ਦੀ ਮੁੱਢਲੀ ਕਥਾ। ਬੀਰਬਲ ਆਇਆ। | ੪੧ | ੧੪੯੧ |
| ਇੱਕ ਮਾਈ ਦਾ ਪੁੱਤ੍ਰ ਜਿਵਾਯਾ। ਤੇਈਆ ਤਾਪ ਕੈਦ ਕੀਤਾ। | ੪੨ | ੧੪੯੮ |
| ਮੇਲੇ ਦੀ ਰੀਤਿ ਟੋਰੀ। ਖੱਤ੍ਰੀਆਂ ਬ੍ਰਾਹਮਣਾਂ ਪੁਕਾਰ ਕੀਤੀ। | ੪੩ | ੧੫੦੧ |
| ਅਦਾਲਤ ਵਿਚ ਜਿਤੇ। ਸ਼ਰਧਾ ਦੇ | | |

| ਪ੍ਰਸੰਗ | ਅੰਸੂ | ਪੰਨਾ |
|---|---|---|
| ਬਸਤ੍ਰ ਤੇ ਕੁਰੱਤਾ ਅਬਿ ਭੇਟਾ। | ੪੪ | ੧੫੦੫ |
| ਤੀਰਥ ਰਟਨ। ਪਹੋਆ। | ੪੫ | ੧੫੧੨ |
| ਤੀਰਥਾਂ ਦਾ ਪ੍ਰਸੰਗ। ਕੁਰਛੇਤ੍ਰ। | ੪੬ | ੧੫੧੭ |
| ਮੇਦਨੀ (ਪ੍ਰਿਥਵੀ)ਦੀ ਆਦਿ ਕਥਾ। ਮਧੁ ਕੈਟਭ ਯੁੱਧ। | ੪੭ | ੧੫੨੨ |
| ਜਮਨਾਂ ਦੀ ਆਦਿ ਕਥਾ। | ੪੮ | ੧੫੨੮ |
| ਮਾਰਤੰਡ। ਤੁਰਕ ਜਗਾਤੀ। ਕੰਨਖਲ।ਗੋਂਦਵਾਲ ਨੂੰ ਮੁੜਨਾ। | ੪੯ | ੧੫੩੨ |
| ਪਦਮ ਪਛਾਣਨ ਵਾਲੇ ਦਿਜ ਨੂੰ ਬਖਸ਼ੀਸ਼।ਗੋਂਦਵਾਲ ਪੁਜਣਾ | ੫੦ | ੧੫੩੭ |
| ਬਾਵਲੀ ਰਚਣੀ। ਸ੍ਰੀ ਰਾਮਦਾਸ ਜੀ ਦੇ ਲਾਹੌਰ ਦੇ ਸੰਬੰਧੀ ਮਿਲੇ। | ੫੧ | ੧੫੪੧ |
| ਮਾਈਦਾਸ ਵੈਸ਼ਨੋ। | ੫੨ | ੧੫੪੭ |
| ਮਾਈਦਾਸ ਵੈਸ਼ਨੋ। ਮਾਣਿਕ ਚੰਦ। | ੫੩ | ੧੫੫੦ |
| ਅਕਬਰ ਦੀ ਗੁਰ ਦਰਸ਼ਨ ਹਿਤ ਲਾਲਸਾ।ਗੰਗੋਸ਼ਾਹ ਬੱਸੀ ਖੱਤ੍ਰੀ। | ੫੪ | ੧੫੫੫ |
| ਕਾਬਲ ਵਾਲੀ ਪਤਿਬ੍ਰਤ ਮਾਈ। | ੫੫ | ੧੫੫੯ |
| ਰਾਮਾਂ ਤੇ ਸ੍ਰੀ ਰਾਮ ਦਾਸ ਸੇਵਾ। | ੫੬ | ੧੫੬੪ |
| ਰਾਮੇ ਤੇ ਸ੍ਰੀ ਰਾਮਦਾਸ ਜੀ ਪ੍ਰੀਖਯਾ। | ੫੭ | ੧੫੬੭ |
| ਬਾਵਲੀਮਹਾਤਮ ਸੰਤਸਧਾਰਨ ਜੋਗੀ | ੫੮ | ੧੫੭੧ |
| ਅਨੰਦ ਜੀ ਤੇ ਸੰਸਰਾਮ ਜਨਮ। | ੫੯ | ੧੫੭੬ |
| ਚੌਖੀ ਤਪਾ। ਮਥੋ ਮੁਰਾਰੀ। | ੬੦ | ੧੫੮੦ |
| ਖੇੜਾ ਸੋਇਰੀ।ਗੋਂਦੇ ਦੇ ਪੁਤ੍ਰਾਂ ਨੂੰ ਦੰਡ। | ੬੧ | ੧੫੮੭ |
| ਬੇਨੀ ਪੰਡਤ ਨਿਸਤਾਰਾ। ਫਿਰਨਾ, ਕਟਾਰਾ ਪ੍ਰਤਿ ਆਗਯਾ। | ੬੨ | ੧੫੯੩ |
| ਬਾਲਿਕ ਜਿਵਾਯਾ। ਯਮ ਗੋਂਦ-ਵਾਲੋਂ ਰੋਕਿਆ।ਅਕਬਰ ਆਯਾ। | ੬੩ | ੧੬੦੦ |
| ਸੋਨੇ ਦੀ ਇੱਟ। ਲੰਗੜੇ ਨੂੰ ਲੱਤ। | ੬੪ | ੧੬੦੫ |
| ਭੋਜਨ। ਨਿਤ ਕ੍ਰਿਯਾ। ਬੀਬੀ ਭਾਨੀ ਤੇ ਸ੍ਰੀ ਅਰਜਨ ਜੀ ਨੂੰ ਵਰ। | ੬੫ | ੧੬੧੦ |
| ਭਾ: ਪਾਰੋ ਪ੍ਰਲੋਕ ਗਮਨ।ਲੱਖ ਟਕਾ। | ੬੬ | ੧੬੧੪ |
| ਸ੍ਰੀ ਰਾਮਦਾਸ ਜੀ ਨੂੰ ਆਯੂ ਤੇ ਗੁਰਤਾ। | ੬੭ | ੧੬੧੯ |
| ਗੁਰੂ ਰਾਮਦਾਸ ਜੀ ਦਾ ਜੋਤੀ ਜੋਤ। | ੬੮ | ੧੬੨੪ |


## ਰਾਸ ਦੂਸਰੀ–


| ਪ੍ਰਸੰਗ | ਅੰਸੂ | ਪੰਨਾ |
|---|---|---|
| ਮੰਗਲ। ਗੁਰੂ ਰਾਮ ਦਾਸ ਗੁਰਤਾ। | ੧ | ੧੬੩੦ |
| ਗੁਰੂ ਰਾਮਦਾਸ ਸਤੋਤ੍ਰ।ਸਿੱਧਚਰਚਾ। | ੨ | ੧੬੪੭ |
| ਤਪਾ ਸਿਖ ਹੋਯਾ। ਸੇਵਾ ਉਪਦੇਸ਼। | ੩ | ੧੬੫੨ |
| ਜੈਮਲ ਫਤਾ ਤੇ ਅਕਬਰ ਅਣਬਣ। | ੪ | ੧੬੫੯ |
| ਅਕਬਰ ਦੀ ਚਤੌੜ ਤੇ ਚੜ੍ਹਾਈ। | ੫ | ੧੬੬੩ |
| ਅਕਬਰ ਨੂੰ ਗੁਰੂ ਕੀ ਸੋ ਮਿਲੀ। | ੬ | ੧੬੬੭ |
| 'ਕੜ ਟੁਟੇ ਗੜ ਛੁਟੇ' ਵਾਲਾਵਾਕ। | ੭ | ੧੬੭੧ |
| ਚਤੌੜ ਗੜ ਫਤਹ। | ੮ | ੧੬੭੪ |
| ਗੁਰੂ ਕਥਾ ਅਕਬਰ ਸੁਣੀ। | ੯ | ੧੬੭੭ |
| ਅਕਬਰ ਨੇ ਪਿੰਡ ਗੁਰੂ ਭੇਟ ਕੀਤੇ। | ੧੦ | ੧੬੮੦ |
| ਸੁਧਾਸਰ ਪ੍ਰਗਟੌਣ ਹਿਤ ਸੋਚਣਾ। | ੧੧ | ੧੬੮੪ |
| ਗੁਰੂ ਚੱਕ, ਸੰਤੋਖ ਸਰ ਕਾਰ। | ੧੨ | ੧੬੮੮ |
| ਅੰਮ੍ਰਿਤ ਸਰੋਵਰ ਦੀ ਕਾਰ। | ੧੩ | ੧੬੯੧ |
| ਨਿੱਤ ਕ੍ਰਿਯਾ, ਹਿੰਦਾਲ, ਭਾਈ ਗੁਰਦਾਸ। ਸਿਰੀ ਚੰਦ ਮੇਲ। | ੧੪ | ੧੬੯੫ |
| ਭਾ: ਸੰਹਾਰੀ ਲਾਹੌਰੋਂ ਆਏ। | ੧੫ | ੧੭੦੧ |
| ਸ੍ਰੀ ਅਰਜਨ ਦੇਵ ਲਾਹੌਰ ਗਏ। | ੧੬ | ੧੭੦੬ |
| ਤੀਰਥਾ,ਬਿਸ਼ਨ ਦਾਸ ਆਦਿ ਸਿਖ। | ੧੭ | ੧੭੦੯ |
| ਮਹਾਂ ਨੰਦ ਬਿਧੀ ਚੰਦ ਆਦਿ ਸਿਖ। | ੧੮ | ੧੭੧੩ |
| ਸ੍ਰੀ ਅਰਜਨ ਜੀ ਦੇ ਬਿਨੈ ਪੱਤਰ। | ੧੯ | ੧੭੧੭ |
| ਸ੍ਰੀ ਅਰਜਨ ਜੀ ਲਾਹੌਰੋਂ ਸੱਦੇ। | ੨੦ | ੧੭੨੨ |
| ਪ੍ਰਿਥੀਏ ਪਾਸੋਂ ਚਿੱਠੀਆਂ ਮਿਲੀਆਂ। | ੨੧ | ੧੭੨੫ |
| ਸ੍ਰੀ ਅਰਜਨ ਦੇਵ ਜੀ ਨੂੰ ਗੁਰਤਾ। | ੨੨ | ੧੭੩੦ |
| ਪ੍ਰਿਥੀਏ ਦਾ ਪਿਤਾ ਨਾਲ ਝਗੜਾ। | ੨੩ | ੧੭੩੬ |
| ਗੁਰ ਰਾਮਦਾਸ ਜੋਤੀ ਜੋਤ ਸਮਾਏ। | ੨੪ | ੧੭੪੦ |
| ਪੱਗਬਨ੍ਹਾਈ ਪ੍ਰਿਥੀਆ-ਸੁਲ੍ਹੀ ਮਿਤ੍ਰਤਾ | ੨੫ | ੧੭੪੪ |
| ਗੁਰੂ ਅਰਜਨਦੇਵ ਅੰਮ੍ਰਿਤਸਰ ਆਏ। ਭਾ: ਗੁਰਦਾਸ ਆਗਰਿਓਂ। | ੨੬ | ੧੭੪੯ |
| ਭਾ: ਗੁਰਦਾਸ ਤੇ ਛੋਲਿਆਂ ਦੀ ਰੋਟੀ। | ੨੭ | ੧੭੫੩ |
| ਭਾ: ਗੁਰਦਾਸ ਦਾ ਸੰਗਤ ਨੂੰ ਪ੍ਰੇਰਨਾ। | ੨੮ | ੧੭੫੭ |

੧ ਓ ਸਤਿਗੁਰ ਪ੍ਰਸਾਦਿ॥

# ਅਥ 'ਸ਼੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ*

## ਪ੍ਰਿਥਮ ਰਾਸਿ ਲਿੱਖ੍ਯਤੇ।

{ ਅਥ=ਹੁਣ। ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ, ਅਧ੍ਯਾਯ ਪਹਿਲੇ ਦਾ ਆਦਿ। ਲਿੱਖ੍ਯਤੇ=ਲਿਖਦੇ ਹਾਂ। }

**ਅਰਥ**–ਹੁਣ ( ਅਰਥਾਤ ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਉਪ੍ਰੰਤ ) ਸ਼੍ਰੀ ਗੁਰ ਪ੍ਰਤਾਪ ਸੂਰਜ (ਨਾਮੇ) ਗ੍ਰੰਥ ਲਿਖਦੇ ਹਾਂ (ਤੇ ਉਸ ਦੀ) ਪਹਿਲੀ ਰਾਸਿ (ਤੋਂ ਆਰੰਭ ਕਰਦੇ ਹਾਂ)।

੧ ਅੰਸੂ† [ਮੰਗਲਾ ਚਰਣ]

### ੧. ਆਪਣੇ ਇਸ਼੍ਟ ਦੇਵ–ਅਕਾਲ ਪੁਰਖ ਦਾ–ਮੰਗਲ।

ਦੋਹਰਾ॥ ਤੀਨੋਕਾਲ ਸੁ ਅਚਲ ਰਹਿ ਅਲੰਬ ਸਕਲ ਜਗਜਾਲਿ।
ਜਾਲ ਕਾਲ ਲਖਿ ਮੂਰਤਿ ਜਿਸਿ ਕਰਤਾ ਪੁਰਖ ਅਕਾਲ॥ ੧॥

[ ਤੀਨੋਕਾਲ=ਬੀਤ ਚੁਕਾ, ਬੀਤ ਰਿਹਾ ਤੇ ਆਉਣ ਵਾਲਾ। ਭੂਤ ਭਵਿੱਖ੍ਯਤ, ਵਰਤਮਾਨ ਤਿੰਨੇ ਸਮੇਂ, ਭਾਵ ਸਦਾ, ਹਮੇਸ਼ਾਂ।
ਅਚਲ=ਅ+ਚਲ=ਜੋ ਨਾ ਚਲੇ, ਜੋ ਸਦਾ ਇਕ ਰਸ ਰਹੇ, ( ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧ੍ਯਾ: ੧. ਅੰਕ ੩, 'ਨਿਤਨਯੋ' ਪਦ, ਉਸ ਦਾ ਭਾਵ ਤੇ 'ਤੀਨੋਕਾਲ ਸੁ ਅਚਲ ਰਹਿ' ਦਾ ਭਾਵ ਇਕੋ ਹੈ।
ਅਲੰਬ=ਆਸ਼੍ਰਾ, ਟੇਕ, [ਸੰਸ:, ਆਲੰਬ]‡। ]

---

*ਲਗ ਪਗ ਸਾਰੇ ਲਿਖਤੀ ਨੁਸਖਿਆਂ ਵਿਚ ਇਹੋ ਪਾਠ ਮਿਲਦਾ ਹੈ। 'ਗ੍ਰੰਥ'। ਵਿਸ਼ੇਸ਼–ਕਵੀ ਜੀ ਦੇ ਸ੍ਵੈ ਲੇਖਣੀ ਲਿਖਤ ਪੱਤ੍ਰਿਆਂ ਤੋਂ ਵੀ ਇਸ ਪਦ ਦੇ ਇਹੋ ਪਦਜੋੜ ਸਹੀ ਹੋਏ ਹਨ। ਇਸ ਗ੍ਰੰਥ ਦਾ ਇਹ ਨਾਮ ਤੇ ਇਸ ਦੇ ਭਾਗਾਂ ਦਾ ਰਾਸਾਂ, ਰੁਤਾਂ ਤੇ ਐਨ ਆਪ ਨੇ ਕਿਉਂ ਨਾਮ ਦਿੱਤਾ, ਇਸ ਦਾ ਕਾਰਣ ਕਵੀ ਜੀ ਆਪ ਅੱਗੇ ਜਾਕੇ ਰੁਤ ੧ ਅੰਸੂ ੧ ਦੇ ਅੰਕ ੧੫ ਤੋਂ ੧੮ ਵਿਚ ਦੱਸ ਰਹੇ ਹਨ। †[ਸੰਸ:, ਅੰਸ਼ੁ=ਕਿਰਣ]। ਗ੍ਰੰਥ ਦਾ ਨਾਮ ਸੂਰਜ ਹੈ, ਇਸ ਕਰਕੇ ਕਵਿ ਜੀ ਨੇ ਅਧ੍ਯਾਵਾਂ ਦਾ ਨਾਮ ਅੰਸ਼ੂ ਰੱਖਿਆ ਹੈ।

‡ਜਿਸ ਤੋਂ ਕੋਈ ਸ਼ੈ ਟੁਰੇ, ਜੋ ਕਿਸੇ ਸ਼ੈ ਦੇ ਪ੍ਰਕਾਸ਼ ਯਾ ਪ੍ਰਗਟਤਾਈ ਦਾ ਮੂਲ ਹੋਵੇ।

ਜਗਜਾਲਿ=ਜਗਤ ਰੂਪੀ ਫਾਹੀ। ਜਾਲ ਫੈਲਾ ਕੇ ਤਾਣੀਂਦਾ ਹੈ, ਇਸ ਕਰਕੇ ਜਗਜਾਲ ਦੀ ਮੁਰਾਦ ਹੈ:-ਜਗਤ ਦਾ ਫੈਲਾਉ ਯਾ ਪਸਾਰਾ । (ਅ) ਉਹ ਭੁਲੇਵਾ ਜੋ ਪ੍ਰਾਣੀਆਂ ਨੂੰ ਮੋਹ ਵਿਚ ਭ੍ਰਮਾ ਰਿਹਾ ਹੈ, ਮਾਯਾ । (ੲ) ਟਿਕਾਵ, ਠਹਿਰਾਵ।

ਜਾਲਕਾਲ=ਕਾਲ ਦੀ ਫਾਹੀ । ਕਿਉਂਕਿ ਜਾਲ ਵਿਚ ਪੰਛੀ ਫਾਹੀ ਦੇ ਹਨ । (ਅ) ਕਾਲ ਦਾ ਜਾਲ, ਕਾਲ ਦਾ ਪਸਾਰਾ । ਇਹ ਜਗਤ ਕਾਲ ਦਾ ਪਸਾਰਾ ਹੈ, ਇਸ ਕਰਕੇ ਜਾਲਕਾਲ । ( ੲ ) ਕਲਿਜੁਗ ਦੀ ਫਾਹੀ । ਕਾਲ ਦਾ ਅਰਥ ਕਾਲ ਬੀ ਹੈ,ਕਲਜੁਗ ਬੀ ਕਾਲਾ ਹੈ ।

ਲਖਿ=ਜਾਣ ਲਿਆਂ ।

ਮੁਚਤਿ=ਛੁਟਦੇ ਹਨ । [ਸੰਸ:, ਮੁਚ=ਛੁਟਣਾਂ, ਮੁਚ੍ ਤੋਂ ਮੁੰਚਤਿ] ।

**ਅਰਥ**—ਜੋ ਸਦਾ ਇਕਰਸ ਰਹਿੰਦਾ ਹੈ, (ਪਰ ਸਦਾ ਇਕ ਰਸ ਨਾ ਰਹਿਣ ਵਾਲੇ) ਜਗਤ ਦੇ ਪਸਾਰੇ ਦਾ ਆਸਰਾ ਹੈ, (ਫਿਰ) ਜਿਸਨੂੰ ਜਾਣ ਲਿਆਂ ਕਾਲ ਦੀ ਫਾਹੀ ਛੁਟ ਜਾਂਦੀ ਹੈ, (ਉਸਦਾ ਨਾਮ ਹੈ) 'ਕਰਤਾ ਪੁਰਖ ਅਕਾਲ' ।

**ਭਾਵ**—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮੇਸ਼ਰ ਜੀ ਨੂੰ 'ਕਰਤਾ ਪੁਰਖੁ' ਲਿਖਿਆ ਹੈ ਅਰ ਦਸਮ ਸਤਿਗੁਰਾਂ ਨੇ ਉਸਨੂੰ 'ਅਕਾਲ ਪੁਰਖ' ਆਖਿਆ ਹੈ 'ਸੋ ਕਰਤਾ ਪੁਰਖ ਅਕਾਲ' ਦੋਹਾਂ ਦਾ ਸੰਖੇਪ ਹੈ । ਅਰਥਾਤ ਕਿ ਉਹ ਜੋ ਆਪ ਕਾਲ ਤੋਂ ਰਹਿਤ ਹੈ, ਤੇ ਸਾਰੇ ਜਗਤ ਦਾ ਕਰਤਾ ਹੈ, ਫਿਰ ਸਾਰੇ ਪਸਾਰੇ ਦਾ ਆਸਰਾ ਹੋਕੇ ਉਸ ਵਿਚ-ਪੁਰਖ-ਵਿਆਪਕ ਹੋ ਰਿਹਾ ਹੈ, ਉਹ ਕਵੀ ਜੀ ਦੇ ਵਾਕ ਵਿਚ ਐਉਂ ਵਰਣਿਤ ਹੈ:—ਉਹ ਤਿੰਨੇ ਕਾਲਾਂ ਵਿਚ ਇਕ ਰਸ ਰਹਿੰਦਾ ਹੈ, ਭਾਵ ਕਾਲ ਉਸ ਉੱਤੇ ਹਾਵੀ ਨਹੀਂ ਹੈ। ਪਰ ਸਾਰੇ ਦਿੱਸਦੇ ਪਸਾਰੇ ਦਾ ਆਸਰਾ ਉਹੋ ਅਕਾਲ ਹੈ। ਜਗਤ ਕਿਸੇ ਪਲੰਘ ਵਾਕੂ ਕਿਸੇ ਵੱਖਰੀ ਓਟ ਤੇ ਨਹੀਂ ਟਿਕ ਰਿਹਾ, ਸਗੋਂ ਉਹੋ ਮੂਲ ਤੇ ਉਹੋ ਆਸਰਾ ਹੈ, ਆਲੰਬ ਉਹ ਆਸਰਾ ਹੈ ਕਿ 'ਜਿਸਤੋਂ ਕੋਈ ਸ਼ੈ ਟੁਰੇ' ਫਿਰ ਉਸੇ ਦੇ ਆਸ਼੍ਰਿਤ ਉਹ ਰਹੇ । ਫਿਰ ਦੱਸਦੇ ਹਨ ਕਿ ਇਕ ਪਾਸੇ ਤਾਂ ਜਗਤ ਉਸ ਦੇ ਆਸਰੇ ਹੈ, ਦੂਏ ਪਾਸੇ ਜਗਤ ਕਾਲ ਦਾ ਪਸਾਰਾ ਹੈ, ਸੋ ਉਸ ਜਗਤ ਦੀ ਮੋਹ ਮਾਯਾ, ਅਥਵਾ ਕਾਲ ਦਾ ਪਸਾਰਾ ਯਾ ਕਾਲ ਦੀ ਫਾਹੀ ਦੂਰ ਬੀ ਉਸੇ ਦੇ ਜਾਣਨ ਤੋਂ ਹੀ ਹੁੰਦੀ ਹੈ ।

ਕਵਿ ਜੀ ਨੇ ਮਾਨੋਂ ਕਰਤਾ ਪੁਰਖ ਅਕਾਲ ਦੀ ਟੀਕਾ ਕੀਤੀ ਹੈ । ਯਥਾ—

ਅਕਾਲ=ਤੀਨੋਂ ਕਾਲ ਸੁ ਅਚਲ ਰਹਿ ।

ਕਰਤਾ ਪੁਰਖ—ਅਲੰਬ ਸਕਲ ਜਗਜਾਲਿ । ਅਰਥਾਤ—ਓਹ ਅਕਾਲ ਸਾਰੇ ਜਗਤ ਦਾ ਅਲੰਬ ਹੈ (ਭਾਵ ਆਰੰਬ ਕਰਤਾ ਤੇ ਆਸ਼ਰਾ ਹੈ) ਅਰ ਸਾਰੇ ਜਗਤ ਵਿਖੇ ਜਾਲ= ਫੈਲ ਰਿਹਾ ਹੈ, ਭਾਵ ਵਯਾਪ ਰਹਿਆ ਹੈ,ਯਥਾ:— ਹੁਇ ਫੈਲਿਓ ਅਨੁਰਾਗੁ । [ਦਸਮ ਗ੍ਰੰਥ]

ਇਹ ਕਹਿਕੇ ਅਪਣੇ ਮਨ ਦੀ ਅਕਹਿ ਸਿੱਕ੍ਹਾਵਨਾ 'ਜਾਲ ਕਾਲ ਲਖਿ ਮੁਚਤਿ ਜਿਸਿ' ਵਿਚ ਦਰਸਾਈ ਹੈ ਕਿ ਜਿਸਦੇ ਗਿਆਨ ਨਾਲ ਸੰਸਾਰ ਤੇ ਕਾਲ ਦੀ ਫਾਹੀ ਤੋਂ

ਮੁਕਤ ਹੋਈਦਾ ਹੈ ਉਸ ਦਾ ਗਿਆਨ ਮੇਰੇ ਅੰਦਰ ਪ੍ਰਕਾਸ਼ ਕਰੇ। ਇਹ ਉਨ੍ਹਾਂ ਦੀ ਸੰਭਾਵਨਾਂ ਅਗਲੇ ਦੋਹੇ ਵਿਚ ਪ੍ਰਗਟ ਹੁੰਦੀ ਹੈ।

ਦੋਹਰਾ ॥ ਛੌਨੀ, ਸੂਰਜ, ਅਗਨਿ, ਜਮ, ਬਾਯੁ ਤ੍ਰਾਸ ਜਿਸਿ ਪਾਇ।
ਨਿਜਸੁਭਾਵ ਮਹਿਂਥਿਤਿ ਰਹਤਿ,ਅਸ ਬ੍ਰਹਮ ਰਿਦ ਬਿਦਤਾਇ॥੨॥

{ ਛੌਨੀ=ਪ੍ਰਿਥਵੀ, [ਸੰਸ:, ਕਸ਼ੋਣੀ]।
ਅਸ=ਇਸ ਪ੍ਰਕਾਰ ਦਾ, ਐਸਾ [ਸੰਸ:, ਏਸ਼]। }

**ਅਰਥ**—ਜਿਸ (ਬ੍ਰਹਮ) ਦਾ ਭੈ ਪਾ ਕੇ ਜ਼ਮੀਨ, ਸੂਰਜ, ਅੱਗ, ਯਮ ਤੇ ਪੌਣ ਅਪਨੇ (ਅਪਨੇ) ਸੁਭਾਵ ਵਿਚ ਦ੍ਰਿੜ੍ਹ ਰਹਿੰਦੇ ਹਨ, ਐਸਾ ਬ੍ਰਹਮ (ਮੇਰੇ) ਹਿਰਦੇ ਵਿਚ ਪ੍ਰਗਟ ਹੋਵੇ।

ਭਾਵ—ਪਹਿਲੇ ਦੋਹੇ ਵਿੱਚ ਕਹੇ ਗੁਣਾਂ ਅਥਵਾ ਲੱਛਣਾਂ ਵਾਲਾ ਬ੍ਰਹਮ ਤੇ ਇਸ ਦੋਹੇ ਵਿਚ ਕਹੇ ਗੁਣ ਵਾਲਾ ਬ੍ਰਹਮ, ਐਸੀ ਮੇਹਰ ਹੋਵੇ ਕਿ ਮੇਰੇ ਹਿਰਦੇ ਵਿਚ ਪ੍ਰਕਾਸ਼ ਪਾਵੇ। ਕਵਿ ਜੀ ਦੀ ਸੰਭਾਵਨਾਂ ਇਸ ਗਲ ਲਈ ਹੈ ਕਿ ਉਸਦੇ ਪ੍ਰਕਾਸ਼ ਪਾਉਣ ਨਾਲ ਮੇਰਾ ਕਾਲ਼ ਜਾਲ ਛੁਟ ਜਾਏਗਾ। ਦੂਸਰੇ ਇਸ ਦੋਹੇ ਵਿਚ ਇਸ਼ਾਰਾ ਹੈ ਕਿ ਮੇਰੀ ਨਿਜ ਸਰੂਪ ਵਿਚ ਇਸਥਿਤੀ ਹੋ ਜਾਏਗੀ, ਕਿਉਂਕਿ ਦੱਸਦੇ ਹਨ ਕਿ ਅੱਗ ਸੂਰਜ ਆਦਿ ਜਿਸਦੇ ਭੈ ਕਰਕੇ ਨਿਜ ਸੁਭਾਵ ਵਿਚ ਦ੍ਰਿੜ੍ਹ ਹਨ ਜੇ ਓਹ ਮੇਰੇ ਅੰਦਰ ਪ੍ਰਕਾਸ਼ ਪਾਵੇ ਤਾਂ ਸੁਤੇ ਹੀ ਨਿਜ ਸੁਭਾਵ ਵਿਚ ਮੈਂ ਦ੍ਰਿੜ੍ਹ ਹੋਵਾਂਗਾ।

ਅੱਗ, ਸੂਰਜ, ਧਰਤੀ ਆਦਿ ਭੈ ਵਿਚ ਟੁਰਦੇ ਹਨ, ਬ੍ਰਹਮ ਦੀ ਇਹ ਕਥਾ ਆਪ ਨੇ ਆਸਾ ਦੀ ਵਾਰ ਵਿਚ ਕਹੀ 'ਭੈ ਵਿਚਿ ਸੂਰਜੁ ਭੈ ਵਿਚਿ ਚੰਦੁ' ਵਾਲੀ ਪਉੜੀ ਦੇ ਆਸ਼ਯ ਤੇ ਕਥਨ ਕੀਤੀ ਜਾਪਦੀ ਹੈ*।

ਦੋਹਰਾ ॥ ਮਰਮ† ਨ ਜਾਨਯੋ ਜਾਇ ਜਿਸਿ ਭਰਮ ਮਿਟੇ ਮਿਲਿ ਜਾਇ।
ਕਰਮ ਧਰਮ ਅਰੁ ਭਗਤਿ ਫਲ ਅਸ ਅਭੇਦ ਕੋ ਪਾਇ॥ ੩ ॥

[ ਮਰਮ=ਛਿਪੇ ਹੋਏ ਅਰਥ, ਭੇਦ ਯਾ ਭੇਤ, ਭੇਤ ਦੀ ਗੱਲ।
(ਅ) ਤੱਤ੍ਵ ਸਰੂਪ, ਸੱਤ। [ਸੰਸ: ਮਰਮਨ]
ਭ੍ਰਮ=ਹੋਰ ਸ਼ੈ ਵਿਚ ਹੋਰ ਦੀ ਪ੍ਰਤੀਤੀ। ]

---

*ਇਹ ਖਿਆਲ ਯਜੁਰਵੇਦ ਦੀ ਕਠੋਪਨਿਸ਼ਧ ਦੂਜਾ ਅਧ੍ਯਾਯ ਛੇਵੀਂ ਵਲੀ ਦੇ ਤੀਜੇ ਮੰਤ੍ਰ ਵਿਚ ਭੀ ਹੈ। ਯਥਾ—ਭਯਾਦਸ੍ਯਾਗ੍ਨਿਸ੍ਤਪਤਿ ਭਯਾਤ੍ਤਪਤਿ ਸੂਰ੍ਯਃ। ਭਯਾਦਿੰਦ੍ਰਸ਼੍ਚ ਵਾਯੁਸ਼੍ਚ ਮ੍ਰਿਤ੍ਯੁਰ੍ਧਾਵਤਿ ਪੰਚਮਃ। ਇਹ ਮੰਤ੍ਰ ਥੋੜੇ ਪਾਠ ਦੇ ਫਰਕ ਨਾਲ ਹੋਰ ਥਾਂਈ ਭੀ ਆਇਆ ਹੈ। †ਮਰਮ ਅਸਲ ਵਿਚ ਸਰੀਰ ਦੇ ਗੁੱਝੇ ਥਾਉਂ ਨੂੰ ਕਹਿੰਦੇ ਹਨ, ਜਿਥੇ ਚੋਟ ਆਈ ਤੇ ਆਦਮੀ ਮਰ ਜਾਏ।

ਕਰਮ ਧਰਮ=ਧਰਮ ਸ੍ਵਰੂਪੀ ਕਰਮ, ਜੋ ਕਿਸੇ ਕਾਮਨਾ ਲਈ ਨਹੀਂ ਪਰ ਨਿਰੇ ਧਰਮ ਲਈ ਕੀਤੇ ਜਾਣ, ਨਿਸ਼ਕਾਮ ਕਰਮ।
ਅਭੇਦ=ਅਭੇਦਤਾ। ਭੇਦ ਰਹਿਤ ਮੇਲ। ਆਤਮ ਮੇਲ। (ਅ) ਜਿਸ ਦਾ ਭੇਦ ਨਾ ਪਾ ਸਕੀਏ। ਅਸ=ਐਸੇ।

**ਅਰਥ**—ਜਿਸ (ਬ੍ਰਹਮ) ਦਾ ਭੇਤ (ਮਨ ਦੇ ਗਿਆਨ ਨਾਲ) ਜਾਣਿਆਂ ਨਹੀਂ ਜਾ ਸਕਦਾ, (ਪਰੰਤੂ ਜਿਸਦੇ) ਮਿਲਣ ਨਾਲ ਭਰਮ ਮਿਟ ਜਾਂਦਾ ਹੈ। ਕਰਮ ਧਰਮ (ਨਿਸ਼ਕਾਮ ਸ਼ੁਭ ਕਰਮ*) ਅਰ ਭਗਤੀ (ਉਪਾਸਨਾ ਦਾ ਇਹ) ਫਲ ਹੈ ਕਿ ਐਸਾ ਅਭੇਦ (ਆਤਮ ਮੇਲ=ਯਥਾਰਥ ਗਯਾਨ) ਪ੍ਰਾਪਤ ਹੋਵੇ।

**ਭਾਵ**—'ਮਰਮ ਨ ਜਾਨਜੇ ਜਾਇ ਜਿਸ' ਦਾ ਭਾਵ ਹੈ ਵਾਹਿਗੁਰੂ ਦਾ ਤੱਤ ਸ੍ਵਰੂਪ ਉਸਦੀ ਅਸਲੀਅਤ ਦਾ ਭੇਤ ਸਾਡੇ ਗਿਆਨ ਦਾ ਵਿਸ਼ਾ ਨਹੀਂ ਹੈ, ਜੈਸੇ ਕਵਿ ਜੀ ਨੇ ਰੁਤ ੫, ਅੰਸੂ ੪੧, ਅੰਕ ੩੭ ਵਿਚ ਕਿਹਾ ਹੈ:— ਤੈਸੇ ਮਨ ਕੋ ਬਿਸ਼ੈ ਨ ਆਤਮ। ਜਾਨਿ ਸਕੈ ਨਹਿ, ਅਹੈ ਅਨਾਤਮ। ਅਰਥਾਤ ਆਤਮਾ ਮਨ ਦਾ ਵਿਸ਼ਾ ਨਹੀਂ ਹੈ, ਮਨ ਉਸਨੂੰ ਜਾਣ ਨਹੀਂ ਸਕਦਾ।

ਫਿਰ ਭਰਮ ਕਿਵੇਂ ਮਿਟੇ? ਕਹਿੰਦੇ ਹਨ:—(ਪਰੰਤ ਮਨ ਤੋਂ ਅਵਿਸ਼ੇ ਬ੍ਰਹਮ) ਮਿਲ ਜਾਏ ਤਾਂ ਭਰਮ ਮਿਟ ਜਾਂਦਾ ਹੈ। ਭਰਮ ਕਹਿੰਦੇ ਹਨ ਹੋਰ ਚੀਜ਼ਾਂ ਵਿਚ ਹੋਰ ਦੀ ਪ੍ਰਤੀਤੀ। ਅਸਲ ਵਸਤੂ ਵਾਹਿਗੁਰੂ ਹੈ, ਉਸਦੇ ਅਗ੍ਯਾਨ ਤੋਂ ਭਰਮ ਪਿਆ ਹੈ ਤੇ ਉਸਦੇ ਮਿਲਾਪ ਤੋਂ ਭਰਮ ਨੇ ਦੂਰ ਹੋਣਾ ਹੈ।

ਐਉਂ ਬੀ ਭਾਵ ਕੱਢਦੇ ਹਨ:—ਭਰਮ ਮਿਟੇ ਮਿਲ ਜਾਇ—ਭਾਵ ਹੈ, ਭਰਮ ਮਿਟੇ ਤਾਂ ਉਹ ਮਿਲ ਜਾਂਦਾ ਹੈ। ਇਸ ਪਰ ਇਹ ਵਿਚਾਰ ਹੈ ਕਿ ਅਨ੍ਹੇਰੇ ਨੂੰ ਚਾਨਣੇ ਨੇ ਦੂਰ ਕਰਨਾ ਹੈ, ਇਸ ਅਸੂਲ ਮੂਜਬ ਭਰਮ ਨੇ ਤਾਂ ਯਥਾਰਥ ਗਿਆਨ ਨਾਲ ਮਿਟਣਾ ਹੈ, ਸੋ ਸਾਮਾਨ ਭਰਮ ਤਾਂ ਉਪਾਸਨਾ ਨਾਲ ਦੂਰ ਹੋਣਾ ਹੈ ਪਰ ਵਿਸ਼ੇਸ਼ ਭਰਮ ਦਰਸ਼ਨ ਦੇਖਕੇ ਮਿਟਣਾ ਹੈ, ਭਾਵ ਪ੍ਰਤੱਖ ਗਿਆਨ ਨਾਲ ਦੂਰ ਹੋਣਾ ਹੈ। ਇਸ ਕਰਕੇ ਉਸਦੇ ਮਿਲਨ (ਸਾਖ੍ਯਾਤਕਾਰ) ਤੋਂ ਭਰਮ ਦੂਰ ਹੁੰਦਾ ਹੈ, ਇਹ ਅਰਥ ਕਵਿ ਅਭਿਪ੍ਰਾਯ ਦੇ ਨੇੜੇ ਜਾਪਦਾ ਹੈ।

**ਦੋਹਰਾ**॥ ਭਾਨ ਹੋਤਿ ਜਗ ਜਾਸ ਤੇ ਰਜੁ ਭੁਜੰਗ ਸਮਾਨ।
ਮਾਨ ਹਾਨਿ ਕਰਿ ਜਾਨਿ ਤਿਹ ਤਮ ਅਨਾਦਿ ਕਹੁ ਭਾਨੁ॥ ੪॥

ਭਾਨਹੋਤਿ=ਪ੍ਰਤੀਤ ਹੁੰਦਾ ਹੈ। ਜਾਸਤੇ=ਜਿਸਤੋਂ, ਮੁਰਾਦ ਹੈ ਜਿਸ ਬ੍ਰਹਮ ਤੋਂ। (ਅ) ਜਾ+ਸਤੇ=ਜਿਸ (ਬ੍ਰਹਮ) ਦੀ ਸੱਤ੍ਯਾ ਤੋਂ।
ਰਜੁ=ਰੱਸੀ। ਭੁਜੰਗ=ਸੱਪ। ਮਾਨ=ਅਹੰਕਾਰ। (ਅ) ਮਨੌਤ। ਹਾਨ ਕਰਿ=ਦੂਰ ਕਰ। ਤਮ=ਅੰਧੇਰਾ।

---

*ਦੇਖੋ ਰੁਤ ੫ ਅੰਸੂ ੪੨ ਅੰਕ ੨੮ ਤੋਂ ੩੭ ਤਕ, ਉਥੇ ਕਵਿ ਜੀ ਨੇ ਆਪ ਵੇਰਵਾ ਦਿੱਤਾ ਹੈ।

ਅਨਾਦਿ*=ਆਦਿ ਰਹਿਤ। ਪੁਰਾਣਾਂ।
ਭਾਨੁ=ਸੂਰਜ। (ਅ) ਭੰਨ, ਦੂਰ ਕਰ।

**ਅਰਥ**–ਜਿਵੇਂ ਰੱਸੀ ਵਿਚ ਸੱਪ (ਪ੍ਰਤੀਤ ਦੇਂਦਾ ਹੈ, ਤਿਵੇਂ) ਜਿਸ (ਬ੍ਰਹਮ) ਤੋਂ ਜਗਤ ਪ੍ਰਤੀਤ ਦੇ ਰਿਹਾ ਹੈ, ਉਸ (ਬ੍ਰਹਮ) ਨੂੰ ਜਾਣ, (ਜੋ) ਅਹੰਕਾਰ† ਦੂਰ ਕਰਨ ਨਾਲ (ਜਾਣਿਆਂ ਜਾ ਸਕਦਾ ਹੈ, ਤੇ ਜਿਸ ਦਾ ਜਾਣਨਾ=ਗਜਾਨ) ਅਨਾਦਿ ਅੰਧਕਾਰ (ਅੱਗਜਾਨ) ਦਾ (ਨਾਸ਼ ਕਰਨੇ ਵਾਲਾ) ਸੂਰਜ ਹੈ‡।

**ਭਾਵ**–'ਭਾਨ ਹੋਤਿ ਜਗ ਜਾਸਤੇ' ਦਾ ਜੋ ਭਾਵ ਹੈ ਉਹੋ ਗਲ ਪਹਿਲੇ ਦੋਹੇ ਵਿਚ ਕਹੀ ਹੈ 'ਅਲੰਬ ਸਕਲ ਜਗ ਜਾਲ'। ਜਾਲ ਦਾ ਦੂਜਾ ਅਰਥ ਭੁਲੇਵਾ ਹੈ ਅਰ ਤੀਜੇ ਦੋਹੇ ਵਿਚ ਕਿਹਾ ਹੈ 'ਭਰਮ ਮਿਟੈ ਮਿਲ ਜਾਇ'। ਹੁਣ ਇਸ ਦੋਹੇ ਵਿਚ ਭਰਮ ਦਾ ਸ੍ਵਰੂਪ ਕੀ ਹੈ, ਰਜੂ ਵਿਚ ਸਰਪ ਪ੍ਰਤੀਤੀ ਤੇ ਓਹ ਸਰਪ ਰੱਜੂ ਦੇ ਅਗਜਾਨ ਕਰਕੇ ਪ੍ਰਤੀਤ ਹੋਇਆ ਤੇ ਰੱਜੂ ਦੇ ਗਜਾਨ ਕਰਕੇ ਨਿਵਿਰਤ ਹੋ ਜਾਂਦਾ ਹੈ। ਇਵੇਂ ਹੀ ਜਿਸਦੇ ਨਾ ਜਾਨਣ ਕਰਕੇ ਜਗਤ ਪ੍ਰਤੀਤ ਹੋ ਰਿਹਾ ਹੈ ਉਸੇ ਦੇ ਜਾਣਨੇ ਕਰਕੇ ਜਗਤ ਨਿਵਿਰਤ ਹੋ ਜਾਂਦਾ ਹੈ, ਇਸੇ ਲਈ ਅਗਲੇ ਦੋਹੇ ਵਿਚ 'ਪੰਚ' ਅੰਸੂ ਰੂਪ ਜਗਤ ਕਹਿਕੇ ਮੰਗਲ ਪੂਰਨ ਕੀਤਾ ਹੈ। ਨਾਲੇ ਅੱਗਜਾਨ ਤੱਤ ਕਾਰਜ 'ਸ੍ਰਕਾਲੇ ਸੱਤਜਵਦ ਭਾਤੀ ਪ੍ਰਬੋਧੇ ਅਸਤਵਦ ਭਵੇਤ' ਇਸ ਸ਼ੰਕਰ ਜੀ ਦੇ ਵਚਨ ਤੋਂ ਸਿੱਧ ਹੈ ਕਿ ਬ੍ਰਹਮ ਗਜਾਨ ਤੋਂ ਪਹਿਲਾਂ ਅੱਗਜਾਨ ਤੱਤਕਾਰਯ ਸੱਤਯ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ ਤੇ ਵਾਹਿਗੁਰੂ ਗਜਾਨ ਤੋਂ ਪਿੱਛੋਂ ਅਸੱਤਜ ਦੀ ਤਰ੍ਹਾਂ ਪ੍ਰਤੀਤ ਹੁੰਦਾ ਹੈ, ਸੋ ਰੱਸੀ ਵਿਚ ਸੱਪ ਨਹੀਂ ਹੈ ਇਹ ਰੱਸੀ ਦੇ ਗਜਾਨ ਤੋਂ ਸੱਪ ਨਿਵਿਰਤੀ ਹੈ, ਇਸੇ ਤਰ੍ਹਾਂ ਬ੍ਰਹਮ ਗਜਾਨ ਤੋਂ ਮਿਥਜਾ ਜਗਤ ਦੀ ਨਿਵਿਰਤੀ ਹੈ।

ਇਸ ਦੋਹੇ ਦੇ ਅਰਥ ਨੂੰ ਤ੍ਰੈ ਹੋਰ ਤਰ੍ਹਾਂ ਨਾਲ ਬੀ ਅਦਾ ਕੀਤਾ ਜਾ ਸਕਦਾ ਹੈ:–

(ੳ) ਜਿਸ (ਬ੍ਰਹਮ) ਨੂੰ (ਨਾ ਜਾਣਨੇ ਕਰਕੇ) ਜਗਤ (ਸੱਤਜ) ਪ੍ਰਤੀਤ ਹੋ ਰਿਹਾ ਹੈ, ਜਿਵੇਂ (ਰੱਸੀ ਦੇ ਨਾ ਜਾਣਨ ਕਰਕੇ) ਰੱਸੀ ਵਿਚ ਸੱਪ (ਸੱਤ ਪ੍ਰਤੀਤ ਹੁੰਦਾ ਹੈ)

---

*ਵੇਦਾਂਤ ਮਤ ਵਾਲ੍ਯਾਂ ਨੇ ਛ ਅਨਾਦੀ ਗਿਣੇ ਹਨ– ੧. ਈਸ਼੍ਵਰ, ੨. ਜੀਵ, ੩. ਅੱਗਜਾਨ, ੪. ਚੇਤਨ ਤੇ ਅੱਗਜਾਨ ਦਾ ਸੰਬੰਧ, ੫. ਇਨ੍ਹਾਂ ਦਾ ਭੇਦ, ੬. ਬ੍ਰਹਮ। ਪਹਿਲੇ ਪੰਜ ਸ਼ਾਂਤਿ ਅਨਾਦੀ ਕਹੀਦੇ ਹਨ ਤੇ ਛੇਵਾਂ ਅਨੰਤ ਅਨਾਦੀ। ਦੇਖੋ ਰੁਤ ੫ ਅੰਸੂ ੪੧, ਅੰਕ ੬।

†ਤਨ, ਇੰਦ੍ਰੇ, ਮਨ, ਪ੍ਰਾਣ ਅਨਾਤਮ। ਇਸ ਸੰਘਾਤ ਵਿਖੇ ਬੁਧ ਆਤਮ।
ਬੰਧਨ ਇਹੀ ਸਦਾ ਦੁਖ ਕਾਰਨ। ਅਹੰ ਦੇਹ ਲਖਿ ਕਰਹਿ ਉਚਾਰਨ।
[ਰੁਤ ੫ ਅੰਸੂ ੪੧, ਅੰਕ ੧੧

‡ਸਮਾਨ ਚੇਤਨ ਜਗਤ ਪ੍ਰਤੀਤੀ ਦਾ ਕਾਰਨ ਹੈ ਓਹ ਅਨਾਦੀ ਤਮ ਦਾ ਵਿਰੋਧੀ ਨਹੀਂ, ਬ੍ਰਿਤੀ ਅਰੂੜ ਚੇਤਨ ਅਰਥਾਤ ਗਜਾਨ ਹੀ ਅੱਗਜਾਨ ਦਾ ਵਿਰੋਧੀ ਤੇ ਨਾਸ਼ਕ ਹੈ। ਕਵੀ ਜੀ ਦਾ ਅਪਣਾ ਕਥਨ ਹੈ 'ਬ੍ਰਹਮ ਗਜਾਨ ਸੂਰਜ ਕੇ ਸੰਗ। ਤਮ ਅਗਜਾਨ ਸਕਲ ਦੇ ਭੰਗ
[ਰੁਤ ੫, ਅੰਸੂ ੪੬, ਅੰਕ ੫੧

ਉਸਨੂੰ ਮਾਨ ਹਾਨ ਕਰ ਜਾਣ (ਕਿਉਂਕਿ ਉਸਦਾ ਜਾਣਨਾ) ਅਨਾਦਿ (ਅੱਗਯਾਨ) ਦੇ ਹਨੇਰੇ ਨੂੰ (ਦੂਰ ਕਰਨੇ ਵਾਲਾ) ਸੂਰਜ ਹੈ।

(ਅ) ਜਿਸਦੇ ਗਯਾਨ ਹੋਣ ਨਾਲ ਰੱਸੀ (ਵਿਚ) ਸੱਪ ਵਾਂਙੂ ਜਗਤ (ਮਿਥਯਾ ਭਾਸਦਾ) ਹੈ, ਅਹੰਕਾਰ ਨੂੰ ਦੂਰ ਕਰਕੇ ਉਸਨੂੰ ਜਾਣ, ਸੋ ਅਨਾਦਿ ਹਨੇਰੇ ਨੂੰ (ਦੂਰ ਕਰਨੇ ਵਾਲਾ) ਸੂਰਜ ਹੈ।

(ੲ) ਅਨਾਦਿ ਹਨੇਰੇ ਦੀ ਪ੍ਰਤੀਤੀ ਨੂੰ (ਕਿ) ਜਿਸਦੇ ਕਾਰਣ ਜਗਤ ਦੀ ਮਨੌਤ—ਰੱਸੀ ਵਿਚ ਸਪ ਵਾਂਙੂ—ਭਾਨ ਹੁੰਦੀ ਹੈ, ਉਸਨੂੰ (ਰੱਸੀ ਵਿਚ ਸੱਪ ਨਹੀਂ ਹੈ ਵਾਂਙੂ ਮਿਥਯਾ) ਜਾਣਕੇ (ਛੈਨ ਦੇਹ=) ਦੂਰ ਕਰ।

ਕਵਿ ਜੀ ਇਨ੍ਹਾਂ ਚੌਹਾਂ ਦੋਹਿਆਂ ਵਿਚ ਇਕ ਪਦ ਸੰਗਿਆ ਵਾਚੀ ਵਰਤਦੇ ਹਨ, ਓਹ ਹੈ ਦੂਸਰੇ ਦੋਹੇ ਦਾ ਪਦ—ਬ੍ਰਹਮ—ਇਸ ਪਦ ਹੀ ਵਾਸਤੇ ਚੌਹਾਂ ਦੋਹਿਆਂ ਵਿਚ ੫ ਸਰਬ ਨਾਮ (Pronoun) ਪਦ ਵਰਤਦੇ ਹਨ:—

ਪਹਿਲੇ ਵਿਚ—ਜਿਸਿ
ਦੂਜੇ ਵਿਚ—ਜਿਸਿ
ਤੀਜੇ ਵਿਚ—ਜਿਸਿ
ਚੌਥੇ ਵਿਚ—ਜਾਸ, ਤਿਹ।

ਇਹ ਪੰਜੇ ਸਰਬ ਨਾਮ—ਬ੍ਰਹਮ—ਪਦ ਦੇ, ਜੋ ਸੰਗਯਾ ਪਦ ਹੈ ਵਾਚਕ ਹਨ, ਸੋ ਚੌਥੇ ਦੋਹੇ ਵਿਚ 'ਜਾਸ' ਪਦ ਤੋਂ ਮੁਰਾਦ—ਬ੍ਰਹਮ—ਹੀ ਹੈ। ਹੁਣ ਸ਼ੁੱਧ ਅਰਥ ਇਹ ਹੋਵੇਗਾ ਕਿ ਬ੍ਰਹਮ ਤੋਂ ਜਗਤ ਭਾਨ ਹੋ ਰਿਹਾ ਹੈ, ਜਿਵੇਂ ਰੱਸੀ ਤੋਂ ਸੱਪ ਦਾ ਭਾਨ ਹੁੰਦਾ ਹੈ, ਭਾਵੇਂ ਕਿ ਬ੍ਰਹਮ ਦੀ ਸੱਤਯਾ ਤੋਂ। ਹੁਣ ਇਸ ਭਾਨ ਦਾ ਕਾਰਣ ਅੱਗਯਾਨ* ਹੈ, ਉਸ ਅਗਯਾਨ ਦਾ ਇਲਾਜ ਗਯਾਨ ਹੈ, ਗਯਾਨ ਦਾ ਪ੍ਰਤਿਬੰਧਕ ਅਹੰ ਹੈ, ਇਸ ਅਹੰ ਨੂੰ ਨਾਸ਼ ਕਰ ਤਾਂ ਗਯਾਨ ਹੋਵੇ, ਗਯਾਨ ਹੋਏ ਤੋਂ ਜਿਵੇਂ ਸੱਪ ਨਹੀਂ ਦਿਸਦਾ ਪਰ ਰੱਸੀ ਦੀਹਦੀ ਹੈ ਤਿਵੇਂ ਜਗਤ ਨਹੀਂ ਪਰ ਇਕ ਬ੍ਰਹਮ ਨਜ਼ਰ ਪਏਗਾ†।

ਉਪਰਲੀ ਵਿਚਾਰ ਮੂਜਬ (ੳ) ਅਰਥ ਨਹੀਂ ਢੁੱਕਦਾ, ਕਿਉਂਕਿ ਜਗਤ ਦੀ ਪ੍ਰਤੀਤੀ ਦਾ ਮੂਲ ਕਾਰਣ ਬ੍ਰਹਮ ਹੈ, ਬ੍ਰਹਮ ਨਾ ਹੋਵੇ ਤਾਂ ਪ੍ਰਤੀਤੀ ਕਿਥੇ ਹੋਵੇ, ਜਿਵੇਂ ਰੱਸੀ ਨਾ ਹੋਵੇ ਤਾਂ ਸੱਪ ਦਾ ਭੁਲੇਖਾ ਕਿਵੇਂ ਪਵੇ। ਦੂਸਰੇ—ਜਾਸ—ਪਦ ਦਾ ਸੰਗਯਾ ਵਾਚੀ ਪਦ ਹੈ—'ਬ੍ਰਹਮ', ਨਾ ਕਿ ਨਾ ਜਾਣਨਾ, ਅੱਗਯਾਨ।

---

*ਇਸਦੀ ਪੁਸ਼ਟੀ ਲਈ ਕਵੀ ਜੀ ਦਾ ਆਪਣਾ ਕਥਨ ਐਉਂ ਹੈ:—
ਹੇ ਅਗਯਾਨ ਕਰ ਕਲਪਤ ਸਭ ਜਗ ਅਧਿਸ਼ਟਾਨ ਕਿ ਆਤਮ ਇਕ ਆਹਿ।
ਰਸੀ ਜੇਵਰੀ ਜਾਨਹਿ ਜੋ ਲਗ ਤੇ ਲਗ ਕਲਪ ਕਲਪ ਦੁਖ ਪਾਹਿ ॥
[ਰੁਤ ੫ ਅੰਸੂ ੪੪ ਅੰਕ ੧੭

†ਬ੍ਰਹਮ ਸੱਚਿਦਾਨੰਦ ਗਯਾਨ ਤੇ ਸਭ ਕੋ ਜਬ ਅਗਯਾਨ ਹੁਇ ਜਾਇ।
ਸੀਪ ਰਜੂ ਕੇ ਗਯਾਨ ਹੋਇ ਜਿਮ ਰੂਪਾ ਸਰਪ ਨਹੀਂ ਜਿਸ ਭਾਇ।
[ਰੁਤ ੫ ਅੰਸੂ ੪੪ ਅੰਕ ੧੯

ਫਿਰ ਅਰਥ (ਅ) ਬੀ ਨਹੀਂ ਢੁਕਦਾ। ਕਿਉਂ ਜੋ ਸਰਬ ਨਾਮ ਪਦ 'ਜਾਸ' ਦ ਸੰਗ੍ਯਾਵਾਚੀ ਪਦ 'ਬ੍ਰਹਮ' ਹੈ, 'ਗ੍ਯਾਨ' ਨਹੀਂ ਹੈ।

ਅਰਥ (ੲ) ਬੀ ਨਹੀਂ ਢੁਕਦਾ-ਕਿਉਂਕਿ ਮੰਗਲ ਤਾਂ 'ਬ੍ਰਹਮ' ਦਾ ਹੋ ਰਿਹਾ ਹੈ, ਪ੍ਰਧਾਨ ਗੱਲ ਇਸ ਅਰਥ ਵਿਚ ਆ ਗਿਆ 'ਅੱਗ੍ਯਾਨ ਨੂੰ ਦੂਰ ਕਰਨ ਦਾ ਉਪਦੇਸ਼'।

ਦੋਹਰਾ॥ ਸਤਿ ਚੇਤਨ ਆਨੰਦ ਯੁਤ ਨਾਮ ਰੂਪ ਜਗ ਪੰਚ।
ਸੰਤ ਦੁਹਨਿ ਉਰ ਪਰਹਰੈਂ ਤਿਨ ਤੀਨਹੁ ਕੋ ਸੰਚ॥ ੫॥

[ਸਤਿ ਚੇਤਨ ਆਨੰਦ ਯੁਤ=ਸਤਿ, ਚਿਤ, ਆਨੰਦ ਸਮੇਤ। ਯੁਤ=ਯੁਕ੍ਤ= ਜੁੜਿਆ, ਜੋ ਅਲੱਗ ਨਾ ਹੋ ਸਕੇ। ਭਾਵ ਸਤ ਚਿਤ ਆਨੰਦ ਜੋ ਤ੍ਰੈਏ ਆਪੋ ਵਿਚ ਅਲੱਗ ਨਾ ਹੋ ਸੱਕਣ। ਮੁਰਾਦ ਹੈ ਸਚਿਦਾਨੰਦ ਤੋਂ ਜੋ ਸਤਿ=ਹੈ, ਐਸਾ ਹੈ ਕਿ ਤ੍ਰੈ ਕਾਲ ਅਬਾਧ ਹੈ, ਸਦਾ ਤੋਂ ਹੈ, ਸਦਾ ਹੋਊ, ਇਕ ਥਾਂ ਹੈ, ਸਾਰੇ ਹੈ, ਜਿਸਨੂੰ 'ਹੈ' ਮਾਤ੍ਰ ਕਹਿ ਸਕਦੇ ਹਾਂ,ਕਿਉਂਕਿ ਉਹ ਮਾਯਾ ਤੋਂ, ਪ੍ਰਕ੍ਰਿਤੀ ਤੋਂ ਪਰੇ ਹੈ। ਦੇਸ਼, ਕਾਲ, ਪ੍ਰਕ੍ਰਿਤੀ, ਕਾਰਣ ਆਦਿ ਉਸ ਉਤੇ ਹਾਵੀ ਨਹੀਂ ਹਨ, ਫਿਰ ਓਹ 'ਨਹੀਂ' ਨਹੀਂ, ਪਰ 'ਹੈ' ਹੈ।

ਚਿਤ-ਉਹ 'ਹੈ' ਪਰ ਚੇਤਨ ਹੈ। ਜੇ ਚੇਤਨ ਨਹੀਂ ਤਾਂ ਉਹ 'ਹੈ' ਜੇ ਹੈ ਤਾਂ ਪ੍ਰਕ੍ਰਿਤੀ ਯਾ ਇਸ ਵਰਗੀ ਕੋਈ ਜੜ੍ਹ ਸ਼ੈ ਹੈ, ਪਰ ਇਹ 'ਹੈ' 'ਚੇਤਨ' ਹੈ।

ਆਨੰਦ-ਫਿਰ ਇਹ 'ਹੈ', ਜੋ ਚੇਤਨ ਹੈ, ਅਪਣੇ ਆਪ ਵਿਚ ਅਪਣੇ ਆਪ ਤੋਂ ਦੂਈ ਦੀ ਕਿਸੇ ਲੋੜ ਸਹਾਇਤਾ ਤੋਂ ਬਿਨਾਂ 'ਅਨੰਦ' ਹੈ। ਇਹ ਤ੍ਰੈ ਸਿਫਤਾਂ ਯਾ ਸਰੂਪ ਲੱਛਣ ਬ੍ਰਹਮ ਦੇ ਕਰਦੇ ਹਨ ਜੋ ਅਵਿਨਾਸ਼ ਹਨ। ਇਨਾਂ ਤ੍ਰੈਆਂ ਨੂੰ ਹੀ ਕਦੇ ਅਸਤੀ, ਭਾਂਤੀ, ਪ੍ਰੇਯ ਆਖਦੇ ਹਨ। ਹੁਣ ਦੋ ਸਿਫਤਾਂ ਯਾ ਲੱਛਣ ਐਸੇ ਹਨ ਕਿ ਉਨ੍ਹਾਂ ਦੇ ਹੋਣ ਗਿਣੇ ਜਾਣ ਵਾਲੇ ਵਜੂਦ ਅਸੱਤ, ਨਾਸ਼ਮਾਨ ਯਾ ਬਦਲਣ ਵਾਲੇ ਹਨ, ਦੇਸ਼ ਵਿਚ ਹਨ, ਕਾਲ ਓਹਨਾਂ ਤੇ ਹਾਵੀ ਹੈ, ਨਮਿੱਤ ਨਾਲ ਬਣਦੇ ਹਨ, ਅਰ ਸਥੂਲ ਸੂਖਮ ਕਿਸੇ ਪ੍ਰਕ੍ਰਿਤੀ ਯਾ ਉਪਾਧੀ ਦੇ ਆਸਰੇ ਤੇ ਹਨ। ਓਹ 'ਨਾਮ' ਤੇ 'ਰੂਪ' ਹਨ। ਜੋ ਸ਼ੈ 'ਨਾਮ' ਤੇ 'ਰੂਪ' ਰੱਖਦੀ ਹੈ ਉਹ ਨਾਸ਼ਮਾਨ ਹੈ। ਇਸ ਤੋਂ ਚਿਤ ਬ੍ਰਿਤੀ ਨੂੰ ਉਠਾਣਾ ਤਰੀਕਾ ਹੈ ਨਾਸ਼ ਰਹਿਤ ਵਲ ਚਿਤ ਬ੍ਰਿਤੀ ਨੂੰ ਜੋੜਨ ਦਾ। (ਅ) ਯੁਤ-ਪਦ ਐਉਂ ਬੀ ਸੁਹਣਾ ਲੱਗਦਾ ਹੈ, ਸਤ ਚੇਤਨ ਆਨੰਦ ਨਾਮ ਰੂਪ ਸਮੇਤ।]

**ਅਰਥ**-ਜਗਤ (ਵਿਚ) ਪੰਜ (ਸਿਫਤਾਂ ਹਨ):-ਸੱਤ ਚੇਤਨ ਆਨੰਦ ਸਮੇਤ

ਨਾਮ ਰੂਪ (ਦੋ), ਸੰਤ ਦੁਹਾਂ (ਨਾਮ ਤੇ ਰੂਪ) ਦਾ ਦਿਲੋਂ ਤਿਆਗ ਕਰਦੇ ਹਨ ਤੇ ਉਨ੍ਹਾਂ (ਸਤ, ਚੇਤਨ ਆਨੰਦ) ਤਿੰਨਾਂ ਦਾ ਸਿਮਰਨ ਕਰਦੇ ਹਨ।

## ਪਿਛਲੇ ਪੰਜਾਂ ਦੋਹਿਆਂ ਦਾ ਮਿਲਵਾਂ ਭਾਵ—

ਪੰਜੇ ਦੋਹੇ ਕਵਿ ਜੀ ਦੇ ਵੇਦਾਂਤ ਦੀ ਫਿਲਾਸਫੀ ਨਾਲ ਮੰਝੇ ਦਿਮਾਗ ਤੋਂ ਉਸ ਫਿਲਸਫੇ ਮੂਜਬ ਨਿਕਲੇ ਹਨ, ਇਨ੍ਹਾਂ ਦਾ ਇਹ ਭਾਵ ਅਨੇਕ ਥਾਈਂ ਇਨ੍ਹਾਂ ਦੇ ਇਸ ਗ੍ਰੰਥ ਵਿਚ ਆਯਾ ਹੈ, ਪਰ ਵਿਸਤਾਰ ਪੂਰਬਕ ਜ਼ਿਕਰ ਪੰਜਵੀਂ ਰੁਤ ਦੇ ੪੦, ੪੧, ੪੨, ੪੬ ਆਦਿ ਅੰਸੂਆਂ ਵਿਚ ਹੈ।

ਪੰਜਾਂ ਦੋਹਿਆਂ ਦਾ ਮਿਲਵਾਂ ਭਾਵ ਇਸ ਪ੍ਰਕਾਰ ਹੈ:—ਪਹਿਲੇ ਵਿਚ ਬ੍ਰਹਮ ਦਾ ਸਰੂਪ ਵਰਣਨ ਕੀਤਾ ਹੈ, ਉਸਦਾ ਨਾਮ ਦਸਿਆ ਹੈ 'ਕਰਤਾ ਪੁਰਖ ਅਕਾਲ' ਜੋ ਵੇਦਾਂਤ ਦਾ ਨਹੀਂ, ਪਰ ਗੁਰਬਾਣੀ ਦਾ ਦਿੱਤਾ ਨਾਮ ਹੈ। ਉਸਦੇ ਸਰੂਪ ਜਾਣਨੇ ਦਾ ਫਲ 'ਮੁਕਤੀ' ਦੱਸਿਆ ਹੈ।

ਦੂਸਰੇ ਵਿਚ ਉਸ ਕਰਤਾ ਪੁਰਖ ਦੀ ਕਾਦਿਰਤਾ ਦਰਸਾਈ ਹੈ ਕਿ ਉਸਦੇ ਭਯ ਵਿਚ ਸਾਰੀ ਸ੍ਰਿਸ਼ਟੀ ਹੈ, ਉਸਦੇ ਬੱਧੇ ਨਿਯਮਾਂ ਵਿਚ ਟੁਰ ਰਹੀ ਹੈ, ਸੋ ਉਹ ਕਾਦਰ ਬੀ ਹੈ। ਯਥਾ—'ਤੂ ਕਾਦਿਰੁ ਕਰਤਾ'।

ਤੀਜੇ ਵਿਚ ਉਸਦੇ ਮਿਲਾਪ ਦਾ ਵਰਣਨ ਕਰਦੇ ਹਨ ਕਿ ਐਸਾ ਵਜੂਦ ਜੋ ਤ੍ਰਿੰਨੇ ਕਾਲ ਇਕ ਰਸ ਹੈ, ਸਾਰੇ ਪਸਾਰੇ ਦਾ ਮੂਲ ਤੇ ਆਸ਼ਰਾ ਹੈ, ਕਰਤਾ ਪੁਰਖ ਹੈ, ਅਕਾਲ ਹੈ, ਕਾਦਰ ਹੈ, ਉਸਨੂੰ ਜਾਣਨਾ ਮਨ ਆਦਿ ਨਾਲ ਹੋ ਨਹੀਂ ਸਕਦਾ, ਕਿਉਂਕਿ ਉਹ ਅਗੋਚਰ ਹੈ। ਪਰ ਨਿਸ਼ਕਾਮ ਸ਼ੁਭ ਕਰਮਾਂ ਤੇ ਭਗਤੀ ਨਾਲ ਮਿਲ ਪੈਂਦਾ ਹੈ ਤੇ ਉਸਦਾ ਮਿਲਨਾ ਹੀ ਸਾਰੇ ਅੱਗਯਾਨ ਦੇ ਦੂਰ ਕਰਨ ਹਾਰਾ ਹੈ।

ਚੌਥੇ ਵਿਚ ਉਸ ਭਰਮ ਦਾ ਸਰੂਪ ਦੱਸਦੇ ਹਨ, ਜੋ ਉਸਦੇ ਮਿਲਿਆਂ ਦੂਰ ਹੋਣਾ ਹੈ। ਜਿਵੇਂ ਰੱਸੀ ਵਿਚ ਸੱਪ ਦਾ ਭਰਮ ਹੁੰਦਾ ਹੈ, ਤਿਵੇਂ ਉਸ ਬ੍ਰਹਮ ਵਿਚ ਜਗਤ ਦਾ ਭ੍ਰਮ ਹੁੰਦਾ ਹੈ। ਇਸ ਭ੍ਰਮ ਦੀ ਨਵਿਰਤੀ ਅਨਾਦਿ ਅੱਗਯਾਨ ਨੂੰ ਦੂਰ ਕਰਨ ਤੇ ਹੋ ਸਕਦੀ ਹੈ ਤੇ ਉਹ ਦੂਰ ਹੁੰਦਾ ਹੈ ਅਹੰ ਭਾਵ ਨੂੰ ਦੂਰ ਕੀਤੀਆਂ, ਸਾਖਯਾਤਕਾਰ ਹੋਣ ਤੇ।

ਪੰਜਵੇਂ ਵਿਚ ਉਸ ਬ੍ਰਹਮ ਦਾ ਨਿਜ ਰੂਪ ਤੇ ਉਸ ਵਿਚ ਪ੍ਰਤੀਤਮਾਨ ਜਗਤ ਦਾ ਰੂਪ ਵੇਦਾਂਤ ਫਿਲਾਸਫੀ ਦੇ ਲਫਜ਼ਾਂ ਵਿਚ ਦੱਸਦੇ ਹਨ।

ਬ੍ਰਹਮ ਦਾ ਰੂਪ ਹੈ ਸਤਚਿਤ ਆਨੰਦ ਤੇ ਜਗਤ ਦਾ ਰੂਪ ਹੈ ਨਾਮ, ਰੂਪ।

ਅਖੀਰ ਵਿਚ ਸੰਤ ਦਾ ਰੂਪ ਦੱਸਦੇ ਹਨ ਕਿ ਜਿਨ੍ਹਾਂ ਨੇ ਸਤਚਿਤ ਆਨੰਦ ਨੂੰ ਨਿਸ਼ਕਾਮ ਕਰਮਾਂ, ਭਗਤੀ ਤੇ ਗਯਾਨ ਦੁਆਰਾ ਜਾਣਿਆਂ ਹੈ ਤੇ ਨਾਮ ਰੂਪ ਨੂੰ ਤਯਾਗਿਆ ਹੈ ਓਹ ਸੰਤ ਹਨ।

ਇਹ ਸਾਰਾ ਆਪ ਨੇ ਵੇਦਾਂਤ ਦੇ ਲਫਜ਼ਾਂ ਵਿਚ ਵੇਦਾਂਤ ਦੇ ਨਿਰੂਪਣ ਕੀਤੇ ਬ੍ਰਹਮ ਦਾ ਮੰਗਲ ਕੀਤਾ ਹੈ ਤੇ ਉਸਨੂੰ ਗੁਰਬਾਣੀ ਦੇ 'ਕਰਤਾ ਪੁਰਖੁ ਅਕਾਲ' ਤੇ 'ਕਾਦਿਰੁ' ਨਾਲ ਤਦਰੂਪ ਵਰਣਨ ਕੀਤਾ ਹੈ।

# ੨. 'ਕਵਿ-ਸੰਕੇਤ ਮਿਰਯਾਦਾ' ਦਾ ਮੰਗਲ।

ਚੌਪਈ–

**ਬੰਦਨ ਬਿੰਦੁ ਬਦਨ ਬਰ ਚੰਦਨ। ਚੰਦ ਨ ਸਮ ਅਰਬਿੰਦ ਮਨਿੰਦ ਨ॥**
**ਨਿੰਦ ਨ ਜਿਹ ਸੁਰਕਰਿ ਅਭਿਨੰਦਨ। ਨੰਦਨ ਜਗ ਬਾਨੀ ਪਦ ਬੰਦਨ*॥੧॥**

ਬੰਦਨ=ਮੂੰਹ, ਚਿਹਰਾ, ਮੱਥਾ। [ਸੰਸ:, ਵਦਨੰ] (ਅ) ਸਿੰਦੂਰ ਯਾ ਸੰਧੂਰ (ਅਸਲ ਵਿਚ ਪਦ ਹੈ, ਸਿੰਦੂਰ ਬੰਦਨ=ਇਹ ਇਕ ਵਿਵਾਹ ਸਮੇਂ ਦੀ ਰੀਤੀ ਹੈ ਜਦ ਕਿ ਵਰ ਕੰਨਯਾ ਦੀ ਮਾਂਗ ਤੇ ਸੰਧੂਰ ਪਾਉਂਦਾ ਹੈ)।
ਬਿੰਦੁ=ਗੋਲ ਤਿਲਕ। ਬਿੰਦੀ। [ਬਿਦੁ] ਬਦਨ=ਮੂੰਹ।
ਚੰਦਨ=ਸੰਦਲ। ਚੰਦ ਨ ਸਮ=ਚੰਦ+ਨ+ਸਮ=ਚੰਦ ਨਹੀਂ ਬਰਾਬਰ।
ਮਨਿੰਦ ਨ=ਮਾਨਿੰਦ+ਨ=ਨਹੀਂ ਹੈ ਵਰਗਾ (ਕਮਲ ਜਿਸ ਦੇ)। [ਫ਼ਾਰਸੀ, ਮਾਨਿੰਦ]
ਨਿੰਦਨ=ਨਿੰਦ ਨ=ਜੋ ਨਾਂ ਹੋਵੇ ਨਿੰਦਾ, ਸੋ ਕੀਹ ਹੈ:–ਉਸਤਤੀ। (ਅ) ਨਿੰਦਨ=ਨਿੰਦਦੇ ਹਨ। ਭਾਵ, ਅਕਾਸ਼ਾਂ ਵਿਚ ਦੇਵਤੇ ਜਦ ਇਸ ਤਿਲਕ ਨੂੰ ਦੇਖਦੇ ਹਨ ਤਾਂ ਇਸ ਦੇ ਮੁਕਾਬਲੇ ਤੇ ਚੰਦ ਤੇ ਕਵਲ ਨੂੰ ਨਜੂਨ ਦੱਸਦੇ ਹਨ, ਇਹ ਨਿੰਦਾ ਦਾ ਭਾਵ ਹੈ। (ੲ) ਨਿੰਦਾ ਕੋਈ ਨਹੀਂ ਕਰਦਾ। ਤੁਕ ਦਾ ਅਰਥ:–ਦੇਵਤਿਆਂ ਕਰਕੇ ਉਹ ਨਮਸਕਾਰਿਤ ਹੁੰਦੀ ਹੈ ਤੇ ਨਿੰਦਾ ਉਸ ਦੀ ਕੋਈ ਨਹੀਂ ਕਰਦਾ।
ਅਭਿਨੰਦਨ=ਮੱਥਾ ਟੇਕਦੇ ਹਨ। (ਅ) ਸੁਰ ਕਰ ਅਭਿਨੰਦਨ= ਦੇਵਤਿਆਂ ਕਰਕੇ ਨਮਸਕਾਰ ਕੀਤਾ ਜਾਵੇ ਜੋ=ਇੰਦ੍ਰ। ਤੁਕ ਦਾ ਅਰਥ:–ਇੰਦ੍ਰ ਜਿਸ ਦੀ ਉਸਤਤੀ ਕਰਦਾ ਹੈ। (ੲ) ਸਲਾਹੁੰਦੇ ਹਨ, ਖੁਸ਼ ਹੁੰਦੇ ਹਨ। ਮੱਥਾ ਟੇਕਦੇ ਹਨ।

---

*ਕਵਿ ਜੀ ਮੰਗਲਾਂ ਵਿਚ ਬਹੁਤ ਵਾਰ ਅਪਣੇ ਛੰਦਾਂ ਦੀ ਚਾਲ ਸਿੰਘਾਵਿਲੋਕਨ ਦੀ ਰੱਖ ਰਹੇ ਹਨ। ਸਿੰਘਾਵਿਲੋਕਨ ਦੇ ਅਰਥ ਹਨ–ਸ਼ੇਰ ਵਾਂਙੂ ਪਿੱਛੇ ਤਕਦਿਆਂ ਅਗੇ ਵਧੀ ਜਾਣਾ। ਇਹ ਇਕ ਛੰਦ ਰਚਨਾਂ ਵਿਚ ਜੁਗਤ ਹੈ ਕਿ ਹਰ ਤੁਕ ਦਾ ਅਖੀਰਲਾ ਸ਼ਬਦ ਯਾ ਉਸਦਾ ਅੰਤਲਾ ਹਿੱਸਾ ਅਗਲੀ ਤੁਕ ਦਾ ਪਹਿਲਾ ਸ਼ਬਦ ਹੋਵੇ। ਜੀਕੂੰ ਇਸ ਚੌਪਈ ਵਿਚ ਪਹਿਲੀ ਤੁਕ ਦਾ ਅੰਤਲਾ ਪਦ ਹੈ–ਚੰਦਨ–ਇਹੋ ਦੂਸਰੀ ਤੁਕ ਦਾ ਮੁੱਢ ਬਣਿਆਂ। ਦੂਸਰੀ ਦਾ ਅੰਤ ਹੈ ਮਨਿੰਦਨ; ਇਸਦਾ ਹਿੱਸਾ–ਨਿੰਦਨ–ਤੀਸਰੀ ਦਾ ਮੁੱਢ ਬਣਿਆਂ। ਤੀਸਰੀ ਦਾ ਅੰਤ ਹੈ ਅਭਿਨੰਦਨ ਇਸਦਾ ਹਿੱਸਾ ਨੰਦਨ–ਚੌਥੀ ਦਾ ਮੁੱਢ ਬਣਿਆਂ, ਤੇ ਚੌਥੀ ਦਾ ਅੰਤ ਹੈ–ਬੰਦਨ–ਜੋ ਪਹਿਲੀ ਦੇ ਮੁੱਢ–ਬੰਦਨ–ਨਾਲ ਜਾ ਮਿਲਿਆ।

{ ਪਾਠ—ਕਰਿ ਅਭਿਨੰਦਨ—ਹੈ, ਇਸ ਕਰਕੇ—'ਮੱਥਾ ਟੇਕਦੇ ਹਨ' ਵਧੇਰੇ ਠੀਕ ਅਰਥ ਲਗਦਾ ਹੈ। }

**ਅਰਥ**—(ਜਿਸਦੇ) ਸ੍ਰੇਸ਼ਟ ਮੂੰਹ ਉਤੇ ਚੰਦਨ ਤੇ ਸੰਧੂਰ ਦੀ ਬਿੰਦੀ ਹੈ, ਚੰਦ੍ਰਮਾਂ (ਜਿਸ ਇੰਦੀ) ਦੀ ਬਰੱਬਰੀ ਨਹੀਂ (ਕਰ ਸਕਦਾ), ਨਾ ਕਵਲ (ਉਸਦੇ ਮੁਖੜੇ) ਵਰਗਾ ਹੈ, ਦੇਵਤੇ ਜਿਸ ਦੀ ਉਸਤਤੀ (ਕਰਦੇ ਹੋਏ ਉਸ ਨੂੰ) ਨਮਸਕਾਰ ਕਰਦੇ ਹਨ, (ਜੋ) ਜਗਤ ਨੂੰ ਪ੍ਰਸੰਨ ਕਰਨੇ ਵਾਲੀ (ਹੈ, ਐਸੀ) ਬਾਣੀ ਦੇ ਚਰਨਾਂ ਪਰ (ਮੇਰੀ) ਨਮਸਕਾਰ ਹੋਵੇ।

**ਭਾਵ**—ਉਹ ਬਾਕ ਬਾਣੀ ਜਿਸਦੇ ਮੱਥੇ ਉਤੇ ਚੰਦਨ ਸੰਧੂਰ ਦਾ ਤਿਲਕ ਹੈ, ਉਸ ਤਿਲਕ ਦੀ ਬਰੱਬਰੀ ਚੰਦ ਨਹੀਂ ਕਰ ਸਕਦਾ ਹੈ। ਤਿਲਕ ਕਵਿ ਨੇ 'ਇੰਦ' ਕਿਹਾ ਹੈ ਜੋ ਗੋਲ ਹੁੰਦਾ ਹੈ, ਤਸ਼ਬੀਹ ਦਿੱਤੀ ਹੈ ਚੰਦ੍ਰਮਾਂ ਨਾਲ। ਕੰਵਲ ਦੀ ਉਪਮਾ ਮੂੰਹ ਨੂੰ ਦੇਈਦੀ ਹੈ, ਸੋ ਕੰਵਲ ਨੂੰ ਮੂੰਹ ਤੋਂ ਨੀਵਾਂ ਕਿਹਾ ਹੈ। ਤੇ ਚੰਦ ਨੂੰ ਏਥੇ ਚੰਦਨ ਦੀ ਉਪਮਾ ਦੇਣ ਵਿਚ ਕਵਿ ਜੀ ਨੇ ਨੀਵਾਂ ਕਿਹਾ ਹੈ। ਜੇ ਚੰਦ ਤੇ ਕਵਲ ਨੂੰ ਚੰਦਨ ਤੇ ਸੰਧੂਰ ਨਾਲ ਮਕਾਬਲਾ ਕਰੀਏ ਤਾਂ ਫ਼ਬਦਾ ਨਹੀਂ, ਕਿਉਂਕਿ ਕੰਵਲ ਦੀ ਉਪਮਾਂ ਬਿੰਦੀ ਨਾਲ ਕਦੇ ਕਿਸੇ ਨਹੀਂ ਦਿੱਤੀ ਤੇ ਸੰਧੂਰ ਲਈ ਪਦ ਕੋਕਨਦ ਚਾਹੀਦਾ ਸੀ, ਅਰਬਿੰਦ ਠੀਕ ਨਹੀਂ ਬੈਠਦਾ। ਫਿਰ ਜ਼ਿਮੀਨ ਪਰ ਬਾਕਬਾਨੀ ਦਾ ਕੀਹ ਕੰਮ ਹੈ ਕਿ ਬਾਨੀ ਪੜ੍ਹਕੇ ਜਗਤ ਨੂੰ ਖੁਸ਼ੀ ਹੁੰਦੀ ਹੈ, ਸਾਹਿੱਤ ਰਚਨਾਂ ਜਗਤ ਨੂੰ ਸਿੱਖਿਆ ਸੁਖ ਤੇ ਅਹਿਲਾਦ ਦੇਣ ਵਾਸਤੇ ਲਿਖੀ ਜਾਂਦੀ ਹੈ, ਸੋ ਐਸੀ ਬਾਣੀ ਨੂੰ ਮੇਰੀ ਨਮਸਕਾਰ ਹੈ।

**ਹੋਰ ਅਰਥ**—ਪਹਿਲੀ ਤੁਕ ਦਾ ਇਕ ਅਰਥ ਐਉਂ ਬੀ ਹੈ:—ਜਿਸਦਾ ਬਦਨ (ਸਰੀਰ) ਚੰਦਨ ਵਰਗਾ ਸ੍ਰੇਸ਼ਟ ਹੈ ਅਰ ਜਿਸਦੇ ਬੰਦਨ (ਚੇਹਰੇ) ਪਰ ਬਿੰਦੀ ਹੈ।

ਦੂਸਰੀ ਤੁਕ ਦਾ ਅਰਥ ਐਉਂ ਬੀ ਲਾਉਂਦੇ ਹਨ:—ਕਿ ਉਸਦੇ ਪੈਰਾਂ ਦੀ ਬਰੱਬਰੀ ਚੰਦ ਤੇ ਕਵਲ ਨਹੀਂ ਕਰ ਸਕਦੇ, ਪਰ ਪੈਰ ਪਦ ਵਿਚ ਹੈ ਨਹੀਂ ਉਤੋਂ ਲਾਉਣਾ ਪੈਂਦਾ ਹੈ, ਤੇ ਚੰਦ੍ਰਮਾਂ ਪੈਰਾਂ ਦੀ ਉਪਮਾਂ ਵਾਸਤੇ ਠੀਕ ਨਹੀਂ।

ਤੀਸਰੀ ਤੁਕ ਦਾ—ਦੇਵਤੇ ਉਸਨੂੰ ਮੱਥਾ ਟੇਕਦੇ ਹਨ ਤੇ (ਨਿੰਦ+ਨ) ਨਿੰਦਾ ਉਸਦੀ ਕੋਈ ਨਹੀਂ ਕਰਦਾ। ਅਥਵਾ, ਇੰਦ੍ਰ ਜਿਸਦੀ ਉਸਤਤਿ ਕਰਦਾ ਹੈ।

ਚੌਥੀ ਤੁਕ—ਨੰਦਨ ਜਗ=ਜਗਤ ਹੈ ਪੁੱਤ੍ਰ ਉਸਦਾ। ਪਰ ਅਭਿਨੰਦਨ ਵਿਚ ਜੋ ਅਹਿਲਾਦ ਦਾ ਭਾਵ ਹੈ, ਉਸਦੇ ਕਟਾਖਯ ਉਤੇ ਕਵਿ ਜੀ ਨੰਦਨ ਪਦ ਅਹਿਲਾਦ—ਦਾਤੀ ਦੇ ਭਾਵ ਲਈ ਵਰਤਦੇ ਜਾਪਦੇ ਹਨ।

ਸੈਯਾ—

**ਤਰਨੀ ਬਿਘਨਾ ਸਲਿਤਾਪਤਿ ਕੀ, ਪਤਿ ਕੀ ਅਤਿ ਰੱਖਕ ਸ਼੍ਰੀ ਬਰਨੀ।**
**ਬਰਨੀ ਸੁਖਦਾ ਸ਼ਰਨਾਗਤਿ ਕੀ, ਗਤਿ ਕੀ ਸਮਤਾ ਗਜ ਕੀ ਕਰਨੀ।**
**ਕਰ ਨੀਰਜ, ਓਟ ਸੁਧਾਰਤਿ ਕੀ, ਰਤਿਕੀ ਪ੍ਰਭੁਤਾ ਸਗਰੀ ਹਰਨੀ।**

ਹਰਨੀ ਸਮ ਆਂਖ ਸੁ ਸ੍ਰੀ ਮਤਿ ਕੀ,ਮਤਿ ਕੀ ਕਰਤਾ, ਤਨਵੈ ਤਰਨੀ॥੭॥

ਤਰਨੀ=ਬੇੜੀ [ ਸੰਸ:, ਤਰਣੀ ] ਸਲਿਤਾਪਤਿ=ਸਮੁੰਦਰ [ਸਲਿਤਾ= ਨਦੀ । ਪਤਿ=ਸੁਆਮੀ] । ਪਤਿ=ਅਬਰੋ, ਇਸ਼ਾਰਾ ਕਵੀਆਂ ਦੀ ਇਜ਼ਤ ਵੱਲ ਹੈ, ਜੋ ਵਿਘਨਾਂ ਦੇ ਨਾਸ਼ ਹੋਣ ਨਾਲ ਬਚ ਰਹਿੰਦੀ ਹੈ। ਸ੍ਰੀ=ਸਰਸ੍ਵਤੀ । 'ਸ੍ਰੀ' ਲਛਮੀ ਦਾ ਨਾਮ ਹੈ, ਪਰ ਸ੍ਰੀ ਸਰਸ੍ਵਤੀ ਦਾ ਬੀ ਨਾਮ ਹੈ, ਏਥੇ ਅਰਥ ਸਰਸ੍ਵਤੀ ਹੈ।

ਬਰਨੀ=ਵਰਣਨ ਕੀਤੀ ਗਈ ਹੈ। (ਅ) ਪ੍ਰਤਿਪਾਲਕ । [ਸੰਸ:, ਵਰਣ੍=ਚੁਣਨਾ, ਘੇਰਨਾ, ਪਾਲਣਾ]

ਸੁਖਦਾ=ਸੁਖਦਾਤੀ। ਸ਼ਰਨਾਗਤਿ=ਸ਼ਰਣਿ ਆਇਆਂ ਦੀ।

ਗਤਿ=ਚਾਲ । ਗਜ=ਹਾਥੀ ਨੇ। (ਹਾਥੀ ਦੀ ਚਾਲ ਤੋਂ ਮੁਰਾਦ ਗੰਭੀਰਤਾ ਦੀ ਹੈ)। ਕੀ=ਕੀਹ। ਨੀਰਜ=ਕਵਲ।

ਓਟ=ਆਸ਼੍ਰਾ। ਅਵਧੀ। (ਅ) ਜਿਸ ਦੇ ਆਸਰੇ ਊਭਦੀ ਹੈ, ਮੁਰਾਦ ਹੈ ਹੰਸ ਤੋਂ ਜਿਸ ਪਰ ਸਰਸ੍ਵਤੀ ਚੜ੍ਹਦੀ ਹੈ। (ੲ) ਅੱਖ ਦੇ ਛੱਪਰ।

ਸੁਧਾਰਤਿ=ਰਬਨ,ਸੁਧਾਰਤਿ+ਕੀ=ਉੱਜਲਤਾ ਦੀ, ਸੁੰਦਰਤਾ ਦੀ। [ਸੰਸ:, ਸ਼ੁੱਦਿਕ ਤੋਂ] 'ਰਤਿ ਦੀ ਪ੍ਰਭੁਤਾ ਹਰੀ ਜਾਣੀ' ਦੱਸਦੀ ਹੈ ਕਿ ਇਸ ਤੋਂ ਪਹਿਲਾਂ ਕੋਈ ਗੱਲ ਰਤੀ ਜੈਸੀ ਸੁੰਦਰੀ ਦੀ ਪ੍ਰਭਤਾ ਦੂਰ ਕਰਨ ਵਾਲੀ ਹੈ ਸੋ ਸੁੰਦਰਤਾ ਦੀ ਅਵਧੀ ਹੈ।

ਓਟ ਸੁਧਾਰਤਿਕੀ=ਸੁੰਦਰਤਾ ਦੀ ਅਵਧੀ। (ਅਗਲੇ ਪੰਨੇ ਤੇ 'ਹੋਰ ਅਰਥ' ਪੜ੍ਹੋ।) ਰਤਿ=ਕਾਮਦੇਵ ਦੀ ਇਸਤ੍ਰੀ । (ਰਤੀ ਦੀ ਪ੍ਰਭੁਤਾ ਹਰਨ ਤੋਂ ਮੁਰਾਦ—ਅਤਿ ਸੁੰਦਰ—ਹੋਣ ਦੀ ਹੈ)।

ਹਰਨੀ=ਹਰਨ ਵਾਲੀ, ਖੋਹ ਲੈਣ ਵਾਲੀ।

ਹਰਨੀ=ਹਰਣ ਦੀ ਮਾਦਾ, ਮ੍ਰਿਗੀ, ਹਰਣੀ।

ਸ੍ਰੀ ਮਤਿ=ਸ਼ੋਭਾ ਸੰਯੁਕਤ, ਮਾਲਦਾਰ, ਖੁਸ਼ਹਾਲ, ਸੁਹਣਾ, ਪ੍ਰਸਿੱਧ । 'ਸ੍ਰੀ ਮਾਨ' ਇਕ ਵਾਕ ਹੈ ਜੋ ਸਤਿਕਾਰ ਲਈ ਵਡੇ ਪੁਰਖਾਂ ਨਾਲ ਲਾਈਦਾ ਹੈ, 'ਸ੍ਰੀ ਮਤਿ' ਉਸੇ ਤਰ੍ਹਾਂ ਇਸਤ੍ਰੀਆਂ ਲਈ ਵਰਤਦੇ ਹਨ।

ਮਤਿ ਕੀ ਕਰਤਾ=ਬੁੱਧੀ ਦੇਣ ਵਾਲੀ।

ਤਨਵੈ=ਜਿਸ ਦੇ ਅੰਗ ਸੁਹਲ, ਕੋਮਲ ਤੇ ਪਤਲੇ ਹੋਣ। ਸੁਬਕ ਤੇ ਸੁਹਲ [ਸੰਸ:, ਤਨ੍ਵੀ] (ਅ) ਤਨ ਵੈ ਤਰਨੀ=ਉਹ ਜਿਸ ਦਾ ਤਨ (ਤਰਨੀ=) ਸਦਾ ਜੁਆਨ ਹੈ। (ੲ) ਤਨ=ਸ਼ਰੀਰ+ਵੈ=(ਬਯ) ਆਯੂ, ਉਮਰਾ। ਤਰਨੀ=ਜੁਆਨ । ਤਨਵੈ ਤਰਨੀ=ਸਰੀਰ ਵਲੋਂ ਜੁਆਨ ਉਮਰਾ ਦੀ ਹੈ। ਦੇਖੋ ਐਨ ੨ ਅੰ: ੩੬ ਅੰਕ ੨ 'ਭਜ ਤਨ ਤਰਨੀ'।

ਤਰਨੀ—ਜੁਆਨ। ੧੬ ਤੋਂ ੩੦ ਵਰਹੇ ਦੀ ਵਿਚਲੀ ਉਮਰਾ ਦੀ ਜੁਬਾ

{ ਇਸਤ੍ਰੀ। (ਅ) ਸਦਾ ਜੁਆਨ। }

**ਅਰਥ**—(ਹੇ) ਬਾਣੀ! (ਤੂੰ) ਬਿਘਨਾ (ਰੂਪੀ) ਸਮੁੰਦਰ ਦੀ ਬੇੜੀ ਹੈ, (ਤਦੇਂ ਤਾਂ ਕਵੀਆਂ ਦੀ) ਪਤ ਦੀ ਬੜੀ ਰੱਖਯਕ ਵਰਣਨ ਕੀਤੀ ਗਈ ਹੈਂ।

(ਤੂੰ) ਸ਼ਰਨ ਆਏ (ਵਿੱਦਯਾ ਅਭਿਲਾਖੀ ਨੂੰ) ਸੁਖ ਦੇਣ ਵਾਲੀ (ਤੇ ਉਸਦੀ) ਪ੍ਰਤਿਪਾਲਾ ਕਰਨ ਵਾਲੀ ਹੈਂ, (ਫਿਰ ਇੱਡੀ ਦਾਤੀ ਹੋਕੇ ਤੂੰ ਐਤਨੀ ਗੰਭੀਰ ਹੈਂ ਕਿ) ਹਾਥੀ ਨੇ (ਤੇਰੀ) ਚਾਲ ਦੀ ਬਰੋਬਰੀ ਕੀਹ ਕਰ (ਸੱਕਣੀ) ਹੈ।

(ਤੇਰੇ) ਹੱਥ ਵਿਚ ਕਵਲ ਹੈ, ਸੁੰਦਰਤਾ ਦੀ ਤੂੰ ਅਵਧੀ ਹੈਂ (ਐਤਨੀ ਕਿ) ਰਤੀ ਦੀ ਸਾਰੀ ਪ੍ਰਭੁਤਾ (ਤੂੰ) ਹਰ ਲੈਣ ਵਾਲੀ ਹੈਂ।

ਹੇ ਸ਼ੋਭਾ ਵਾਲੀ! (ਤੇਰੇ) ਅੰਗ ਸੁਹਲ ਤੇ ਪਤਲੇ ਹਨ, ਅੱਖ ਹਰਨੀ ਵਾਂਗ (ਸੁੰਦਰ) ਹੈ, (ਤੇ, ਤੂੰ) ਸਦਾ ਜੁਆਨ ਹੈਂ, ਅਰ ਬੁੱਧੀ ਦੀ ਦਾਤੀ ਹੈਂ।

**ਭਾਵ**—ਇਸ ਵਿਚ ਕਵਿ ਜੀ ਨੇ ਸਰਸ੍ਵਤੀ ਦੇ ਸਰੀਰ ਦੀ ਸੁੰਦਰਤਾ ਤੇ ਮਨ ਦੇ ਗੁਣਾਂ, ਦੋਹਾਂ ਸ਼ੋਆਂ ਦੀ ਸਿਫਤ ਕੀਤੀ ਹੈ:—

੧. ਮਨ ਯਾ ਸੁਭਾਵ ਦੇ ਸ਼ੁਭ ਗੁਣ:—੧. (ੳ) ਵਿਘਨਾਂ ਦੇ ਨਾਸ਼ ਕਰਨ ਵਾਲੀ।
(ਅ) ਇੱਜ਼ਤ ਦੀ ਰੱਖਯਕ।
(ੲ) ਸ਼ਰਨਾਗਤ ਦੀ ਪ੍ਰਤਿਪਾਲਕ।
੨. ਬੁੱਧੀ ਦੀ ਦਾਤੀ।

੨. ਸਰੀਰ ਦੀ ਸੁੰਦਰਤਾ:— (ੳ) ਹਰਨੀ ਵਰਗੀਆਂ ਅੱਖਾਂ,
(ਅ) ਅੰਗ ਸੁਹਲ ਤੇ ਸੁਬਕ,
(ੲ) ਸਦਾ ਜੁਆਨ,
(ਸ) ਰਤੀ ਨਾਲੋਂ ਸੁੰਦਰ।

੩. ਸਾਂਝੇ ਭਾਵ:— (ੳ) ਹਾਥੀ ਵਰਗੀ ਚਾਲ ਤੋਂ ਸਰੀਰ ਦੀ ਚਾਲ ਦੀ ਮਸਤਾਨੀ ਤੇ ਲਟਕਵੀਂ ਸੁੰਦਰਤਾ ਮੁਰਾਦ ਹੈ;
ਹਾਥੀ ਦੀ ਚਾਲ ਤੋਂ ਮੁਰਾਦ ਮਨ ਤੇ ਸੁਭਾਵ ਦੀ ਗੰਭੀਰਤਾ ਦੀ ਹੈ।
(ਅ) ਹੱਥ ਵਿਚ ਕਮਲ—ਸ੍ਰੀਰਕ ਸ਼ੋਭਾ ਨੂੰ ਵਧਾਉਂਦਾ ਹੈ।
ਹਥ ਵਿਚ ਕਮਲ—ਇਸ ਗਲ ਦਾ ਚਿੰਨ੍ਹ ਹੈ ਕਿ ਜਗਤ ਲਈ ਮੇਰੇ ਪਾਸ ਸੁਖ ਤੇ ਸੁਆਦ ਹੈ। ਕਾਵ੍ਯਰਸਾਂ ਦੀ ਸੁੰਦਰਤਾ ਅਰ ਵਿਸਮਯ ਭਾਵਾਂ ਦੀ ਦਾਤੀ ਹਾਂ।

**ਹੋਰ ਅਰਥ**—'ਸੁਧਾਰਤਿਕੀ' ਪਦ ਦੇ ਇੱਥੇ ਬੜੇ ਹੀ ਅਰਥ ਲਗਦੇ ਹਨ:—

੧. ਸੁਧਾ ਰਤਿ=ਅੰਮ੍ਰਿਤ ਵਿਚ ਪ੍ਰੀਤ ਹੈ ਜਿਨ੍ਹਾਂ ਦੀ ਭਾਵ—ਦੇਉਤੇ।

ਓਟ ਸੁਧਾਰਤਿਕੀ=(ਤੂੰ) ਦੇਵਤਿਆਂ ਦੀ ਓਟ ਹੈਂ।

੨. ਕਰ੍ਹਾਧਰਤ ਕੀ=ਭੁਖਿਆਂ ਦੀ। ਮੁਰਾਦ ਹੈ-ਭੁੱਖੇ ਭਉਰਿਆਂ ਦੀ ਓਟ ਕਮਲ ਹੈ ਜੋ ਤੇਰੇ ਹਥ ਵਿਚ ਹੈ। ਭਾਵ ਤੂੰ ਉਪਾਸਕਾਂ ਨੂੰ ਵਰ ਦਾਤੀ ਹੈਂ।

੩. ਸੁਧਾਰਤਿਕੀ=[ਸੁਧਾਰਣੰ ਯਾ ਸ਼ੋਧਨੰ ਅਰਥ-ਫਬਨ, ਉੱਜਲਤਾ]।
ਓਟ ਸੁਧਾਰਤਕੀ=ਤੂੰ ਫਬਨ ਯਾ ਉੱਜਲਤਾ ਦੀ ਓਟ ਹੈਂ।

੪. ਸੁਧਾਰ+ਤਕੀ=ਸੁਧਾਰਕੇ (ਪੱਕੀ ਤਰ੍ਹਾਂ ਨਿਸ਼ਚੇ ਕਰਕੇ)ਤੱਕਿਆ ਹੈ, ਤੇਰੀ ਓਟ (ਠੀਕ ਹੈ ਮੈਨੂੰ), ਯਾ ਤੇਰੀ ਓਟ ਮੈਂ ਤਕਾਈ ਹੈ।

੫. ਸੁਧਾਰ+ਤਕੀ=ਹਥ ਵਿਚ ਤੂੰ ਕਮਲ ਸੁਧਾਰਕੇ (ਪਕੜਿਆ ਹੈ) ਤਾਂ ਮੈਂ ਤੇਰੀ ਓਟ ਤਕਾਈ ਹੈ ਕਿ ਜਿਵੇਂ ਤੂੰ ਕਮਲ ਨੂੰ ਓਟ ਦੇ ਰਹੀ ਹੈਂ ਮੈਨੂੰ ਬੀ ਦੇਵੇਂਗੀ।

੬. ਸੁਧਾ=ਮਕਰੰਦ ਰਸ। ਰਤਿ=ਪ੍ਰੀਤੀ। ਹਥ ਵਿਚ ਕਮਲ ਹੈ, ਜੋ ਕਮਲ ਕਿ ਓਟ ਹੈ ਸੁਧਾ ਤੇ ਰਤਿ ਦੀ, ਭਾਵ-ਕਮਲ ਵਿਚ ਮਕਰੰਦ ਰਸ ਹੁੰਦਾ ਹੈ ਤੇ ਭੌਰਿਆਂ ਦੀ ਪ੍ਰੀਤ ਦੀ ਓਟ ਕਮਲ ਹੁੰਦਾ ਹੈ।

੭. ਸੁਧਾਰ ਕੇ ਤਕੀ=ਹਥ ਵਿਚ ਕਮਲ (ਲੈਕੇ ਤੇ ਅੱਖ ਦੀ ਓਟ=ਛੱਪਰ ਸੁਧਾਰਕੇ ਤੱਕੀ ਭਾਵ) ਐਸੇ ਕਟਾਖ੍ਯ ਨਾਲ ਤੱਕੀ ਕਿ ਰਤੀ ਦੀ ਸਾਰੀ ਪ੍ਰਭੁਤਾ ਮਾਤ ਪੈ ਗਈ।

੮. ਓਟ+ਸੁਧਾਰ+ਤਕੀ। ਓਟ ਸਰਸ੍ਵਤੀ ਦੀ, ਅਰਥਾਤ 'ਹੰਸ' ਜਿਸ ਦੇ ਆਸਰੇ ਉਡਦੀ ਹੈ। ਭਾਵ ਹਥ ਵਿਚ ਕਮਲ ਲੈਕੇ ਤੇ ਹੰਸ ਨੂੰ ਸਵਾਰਕੇ ਐਸੀ ਤੱਕੀ ਕਿ ਰਤੀ ਮਾਤ ਪੈ ਗਈ।

## ੩. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਸੈਯਾ-

**ਕਰਿਤਾਰਨਿ ਸੇ ਸ਼ੁਭ ਬਾਕ ਬਿਲਾਸ ਬਿਹੰਗ ਬਿਕਾਰਨ ਕੋ ਕਰਿ ਤਾਰਨਿ।**
**ਕਰਤਾਰ ਨਹੀ ਮਨ ਜਾਨਤਿ ਜੇ ਤਿਨਕੇ ਹਿਤਕੋ ਸਿਫਤੀ ਕਰਿ ਤਾਰਨ।**
**ਕਰਿ ਤਾਰਿਨਿ ਪਾਪ ਉਤਾਰਨ ਕੋ ਗਨ ਦੇਖ ਛਪੈ ਸਵਿਤਾ ਕਰਿਤਾਰਨ।**
**ਕਰਤਾਰਨਿਹਾਰ ਗੁਰੂਬਰ ਨਾਨਕਦਾਸ ਉਧਾਰਨ ਜਿਉਂ ਕਰਿਤਾਰਨਿ।੯।**

[ ਕਰਿਤਾਰਨਿ=ਕਲਿਤਾਰਣ। (ਕਲਿ ਦਾ-ਲਲਾ-ਰਾਰਾ-ਹੋ ਗਿਆ ਹੈ ਸ੍ਵਰਣੀ ਹੋਣ ਕਰਕੇ।) ਕਲਿਜੁਗ ਤੋਂ ਤਾਰਨ ਹਾਰੇ। (ਅ) ਜੋ ਕਰਤਾ ਹੋਕੇ ਜਗ ਵਿਚ ਆਵੇ:-ਅਵਤਾਰ, ਪਿਕੰਬਰ।
ਬਿਲਾਸ=ਸਹਿਜ ਸੁਭਾ, ਹਸਦਿਆਂ ਹਸਦਿਆਂ। ਬਿਹੰਗ=ਪੰਛੀ।
ਕਰਿ ਤਾਰਨਿ=ਕਰਕੇ ਤਾੜਨਾ। 'ਤਾਰਨ' ਦਾ 'ੜਾੜਾ' 'ਰਾਰਾ' ਹੋ ਗਿਆ ਹੈ।
ਕਰਤਾਰ ਨਹੀਂ=ਵਾਹਿਗੁਰੂ (ਨੂੰ) ਨਹੀਂ।
ਕਰਤਾਰ=ਰਚਣਹਾਰ, ਸਿਰਜਣਹਾਰ [ਸੰਸ:, ਕਰਤਾਰ कर्तार ਬਹੁ ਬਚਨ ਹੈ कर्तृ ਦੀ ਪ੍ਰਥਮਾ ਦਾ। ਪਰ ਪੰਜਾਬੀ ਵਿਚ ਇਕ

ਵਚਨ ਹੈ]। ਹਿਤ ਕੋ=ਭਲੇ ਲਈ, ਹਿਤ ਵਾਸਤੇ ।
ਸਿਫਤੀ=(ਵਾਹਿਗੁਰੂ ਦਾ) ਯਸ਼ੁ। [ਅਰਬੀ, ਸ੍ਰਿਫਤ]।
ਸਿਫਤੀ=ਸਿਫਤਾਂ ਵਾਲਾ।
ਕਰਿ ਤਾਰਨਿ=ਕਰਿ+ਤਾਰਨਿ=ਕਰਕੇ ਤਾਰਦੇ ਹਨ।
ਕਰਿ ਤਾਰਿਨਿ=ਕਲਜੁਗ ਤੋਂ ਤਾਰਨ ਵਾਲਾ, ਸੋ ਕੌਣ ਹੈ—ਨਾਮ ਮੰਤ੍ਰ ।
(ਅ) ਕਰਤਾ+ਰਿਨ—ਕਰਤਾ ਰਿਣ (ਨਾਵੇਂ ਦਾ ਨਨਾ ਹੋਇਆ ਹੈ)
ਕਰਤਾ+ਰਿਣ+ਪਾਪ=ਕੀਤੇ ਹੋਏ ਪਾਪਾਂ ਦਾ ਰਿਣ ਉਤਾਰਨ ਲਈ।
(ੲ) ਕਰਤਾਰਨ=ਕਰ+ਤਾਲਿ+ਨ=ਹੱਥਾਂ ਦੀ ਤਾਲੀ ਦਾ ਸ਼ਬਦ।
ਗਨ=ਸਮੂਹ, ਦਲ। ਸਵਿਤਾ=ਸੂਰਜ।
ਕਰਿਤਾਰਨ=ਕਰਿ+ਤਾਰਨ=ਕਰਕੇ ਤਾਰੇ । (ਜਿਵੇਂ) ਤਾਰੇ ਛਿਪਦੇ ਹਨ (ਸੂਰਜ) ਕਰਕੇ।
ਕਰਤਾਰ ਨਿਹਾਰ=ਕਰਤਾਰ+ਨਿਹਾਰ=(ਵਾਹਿਗੁਰੂ ਰੂਪ) ਵੇਖਦਾ ਹਾਂ।
ਜਿਉਂ ਕਰਿ ਤਾਰਨਿ=ਜਿਉਂ ਕਰ+ਤਾਰਨਿ=ਜਿਸ ਤਰ੍ਹਾਂ ਜਹਾਜ਼।
[ਸੰਸ:, ਤਾਰਣਿ:—ਕਿਸ਼ਤੀ, ਜਹਾਜ਼]।

**ਅਰਥ**—(ਜਿਸ ਗੁਰੂ ਨਾਨਕ ਦੇ) ਬਿਲਾਸ ਨਾਲ ਕੀਤੇ ਵਾਕ (ਬੀ ਐਸੇ) ਸ਼ੁਭ (ਹਨ ਕਿ) ਕਲਜੁਗ ਤੋਂ ਤਾਰਨਹਾਰੇ ਹਨ, (ਜੋ) ਵਿਕਾਰਾਂ ਰੂਪੀ ਪੰਛੀਆਂ ਨੂੰ ਤਾੜਨਾ ਕਰਕੇ (ਉਡਾ ਦਿੰਦੇ ਹਨ)।

(ਜਿਹੜੇ ਗੁਰੂ ਨਾਨਕ ਜੀ ਲੋਕਾਂ ਨੂੰ, ਜੋ ਆਪਣੇ) ਮਨ ਵਿਚ ਵਾਹਿਗੁਰੂ ਨੂੰ ਨਹੀਂ ਪਛਾਣਦੇ, ਉਹਨਾਂ ਦੇ ਭਲੇ ਲਈ (ਵਾਹਿਗੁਰੂ ਦੀਆਂ) ਸਿਫਤਾਂ ਕਰ (ਕੇ ਉਨ੍ਹਾਂ ਨੂੰ) ਤਾਰਦੇ ਹਨ ।

ਪਾਪਾਂ ਦੇ ਉਤਾਰਨ (ਦੂਰ ਕਰਨ) ਲਈ ਨਾਮ ਮੰਤ੍ਰ (ਦੇ ਜੋ ਦਾਤ ਹਨ) ਅਤੇ ਜਿਨ੍ਹਾਂ ਦੇ ਦਰਸ਼ਨ ਕਰਕੇ ਪਖੰਡਾਂ ਦੇ ਸਮੂਹ (ਐਉਂ) ਛਿਪਦੇ ਹਨ ਜਿਵੇਂ ਸੂਰਜ (ਦਰਸ਼ਨ ਕਰਕੇ) ਤਾਰੇ (ਛਿਪਦੇ ਹਨ)।

(ਐਸੇ) ਸ੍ਰੇਸ਼ਟ ਗੁਰੂ ਨਾਨਕ ਜੀ ਨੂੰ (ਮੈਂ) ਕਰਤਾਰ (ਵਾਹਿਗੁਰੂ ਰੂਪ) ਵੇਖਦਾ ਹਾਂ (ਜੋ) ਦਾਸਾਂ ਦਾ ਉਧਾਰ (ਐਉਂ ਭਵਸਾਗਰ ਤੋਂ ਕਰਦੇ ਹਨ) ਜਿਸ ਤਰ੍ਹਾਂ ਜਹਾਜ਼ (ਮੁਸਾਫਰਾਂ ਨੂੰ ਸਮੁੰਦਰੋਂ ਪਾਰ) ਕਰਦਾ ਹੈ ।

**ਹੋਰ ਅਰਥ**—ਇਸ ਸ੍ਵੈਯੇ ਵਿਚ ਕਵਿ ਜੀ ਨੇ 'ਕਰਤਾਰਨ' ਪਦ ਅੱਠ ਵੇਰੀ ਲਿਆਕੇ ਅੱਠੇ ਵੇਰ ਉਸ ਦਾ ਵਰਤਾਉ ਵੱਖਰਾ ਕੀਤਾ ਹੈ ਤੇ ਘੱਟ ਤੋਂ ਘੱਟ ਸੱਤ ਵੇਰੀ ਵੱਖੋ ਵੱਖਰੇ ਅਰਥ ਲਏ ਹਨ, ਰਤਾ ਰਤਾ ਫਰਕ ਤੇ ਅਰਥ ਹੋਰਵੇਂ ਬੀ ਲਗਦੇ ਹਨ:—

੧. (ਜਿਨ੍ਹਾਂ ਦੇ) ਬਚਨ ਵਿਲਾਸ ਕਰਤਾਰ (ਵਾਹਿਗੁਰੂ) ਵਰਗੇ ਸ਼ੁਭ ਹਨ, ਤੇ ਵਿਕਾਰਾਂ ਰੂਪੀ ਪੰਛੀਆਂ ਨੂੰ ਤਾੜੀ ਮਾਰਕੇ (ਉਡਾ ਦੇਂਦੇ ਹਨ)।

੨. ਜੇਹੜੇ (ਪੁਰਖ) ਕਰਤਾਰ (ਵਾਹਿਗੁਰੂ) ਨੂੰ ਰਿਦੇ ਵਿਚ ਨਹੀਂ ਜਾਣਦੇ ਉਨ੍ਹਾਂ ਦੇ ਭਲੇ ਲਈ (ਸਿਫਤੀ ਕਰਤਾਰਨਿ=) ਸਿਫਤਾਂ ਕਰਦੇ ਹਨ ਵਾਹਿਗੁਰੂ ਦੀਆਂ।

੩. ਇਸ ਤੁਕ ਦਾ ਇਕ ਹੋਰ ਅਰਥ ਬੜਾ ਸੁਹਣਾ ਲਗਦਾ ਹੈ:—(ਜਿਵੇਂ) ਸੂਰਜ ਚੜ੍ਹੇ ਤਾਰਿਆਂ ਦੇ ਝੁੰਡ ਛਿਪ ਜਾਂਦੇ ਹਨ (ਤਿਵੇਂ) ਦੰਭਾਂ ਦੇ ਸਮੂਹ ਤੇ ਕੀਤੇ ਪਾਪਾਂ ਦੇ ਰਿਣ (ਉਤਾਰਨ=) ਦੂਰ ਕਰਨ ਲਈ (ਗੁਰ ਨਾਨਕ ਦਰਸ਼ਨ ਹਨ)।

ਅਥਵਾ ਪਾਪਾਂ ਦੇ ਲਾਹੁਣ ਲਈ ਹੱਥ ਦੀ ਤਲੀ (ਵਾਂਗ ਹਨ, ਭਾਵ ਜੀਕੁਣ ਹੱਥ ਦੀ ਤਲੀ ਨਾਲ ਲਗੀ ਮੈਲ ਨੂੰ ਮਲਕੇ ਸਾਫ ਕਰ ਲਈਦਾ ਹੈ, ਇਵੇਂ ਹੀ ਸੀਸ ਤੇ ਸਹਲਾਹਟ ਕਰਦਿਆਂ ਜਾਂ ਹੱਥ ਛੁਹੰਦਿਆਂ ਹੀ ਪਾਪਾਂ ਦੀ ਮੈਲ ਲਹਿ ਜਾਂਦੀ ਹੈ)। ਅਥਵਾ—ਪਾਪਾਂ ਨੂੰ ਦੂਰ ਕਰਨੇ ਲਈ ਹੱਥਾਂ ਨਾਲ ਤਾੜਨਾ ਕੀਤੀ ਹੈ ਤੇ ਜਿਨ੍ਹਾਂ ਦੇ (ਦਰਸ਼ਨ ਰੂਪੀ) ਸੂਰਜ (ਦੇ ਦਿੱਸਿਆਂ) ਦੰਭ ਰੂਪ ਸਾਰੇ ਤਾਰੇ ਛਿਪ ਜਾਂਦੇ ਹਨ।

੪. ਸ੍ਰੇਸ਼ਟ ਸ੍ਰੀ ਗੁਰੂ ਨਾਨਕ ਜੀ ਕਰਤਾਰ ਦਿਖਾਉਣ ਵਾਲੇ (ਭਾਵ ਸਾਖ੍ਯਾਤਕਾਰੀ ਕਰਾਉਣ ਵਾਲੇ) ਹਨ, ਦਾਸਾਂ ਨੂੰ ਉਧਾਰਨ ਵਾਲੇ ਹਨ, ਜਿਵੇਂ ਜਹਾਜ਼ (ਤਾਰਦਾ ਹੈ ਸਮੁੰਦਰ ਤੋਂ) ਅਥਵਾ ਕਰ+ਤਾਰ ਨਿਹਾਰ=(ਲਿਵ ਦੀ) ਤਾਰ ਬੰਨ੍ਹਕੇ ਗੁਰੂ ਨਾਨਕ ਨੂੰ ਦੇਖ।

ਚੌਥੀ ਤੁਕ ਦੇ ਅੰਤਲੇ ਕਰਤਾਰਨ ਦਾ ਅਰਥ ਇਉਂ ਬੀ ਬਣਦਾ ਹੈ:—ਦਾਸਾਂ ਨੂੰ ਉਧਾਰਦੇ ਹਨ, ਜਿਵੇਂ (ਕਰਿਤਾਰਨ) ਹੱਥਾਂ ਦੀ ਤਾੜੀ ਯਾ ਚੁਟਕੀ, ਭਾਵ ਛੇਤੀ ਤੋਂ ਹੈ।

## ੪. ਇਸ਼੍ਟ ਗੁਰੂ—ਸ੍ਰੀ ਗੁਰੂ ਅੰਗਦ ਦੇਵ ਜੀ—ਮੰਗਲ।

**ਸੈਯਾ॥ ਬੰਦ ਨ ਹੋਤਿ ਸੁਨੇ ਉਪਦੇਸ਼,ਰਿਦੇ ਬਸਿ ਜਾਹਿ ਕਰੇ ਅਭਿਨੰਦਨ।**
**ਨੰਦਨ ਫੇਰੁ ਸੁਛੰਦ ਬਿਲੰਦ ਬਿਲੋਚਨ ਸੁੰਦਰਤਾ ਅਰਬਿੰਦਨ।**
**ਬਿੰਦੁ ਨ ਮੰਦ ਬਿਕਾਰ ਰਹੇ ਤਮ ਬ੍ਰਿੰਦ ਦਿਨਿੰਦ ਮਨਿੰਦ ਨਿਕੰਦਨ।**
**ਕੰਦ ਅਨੰਦ ਮੁਕੰਦ ਭਜੋ ਗੁਰ ਅੰਗਦ ਚੰਦ ਸਦਾ ਕਰਿ ਬੰਦਨ॥੬॥**

[ ਬੰਦ ਨ=ਬੰਦ+ਨਾ=ਰੋਕ ਨਹੀਂ (ਹੁੰਦੀ)।
ਅਭਿਨੰਦਨ=ਖੁਸ਼ੀ, ਅਨੰਦ। (ਅ) ਮੱਥਾ ਟੇਕਣਾ, ਨਮਸਕਾਰ।
ਨੰਦਨ=ਪੁੱਤ੍ਰ। ਸਪੁੱਤ੍ਰ। ਫੇਰੁ=ਫੇਰੂ ਜੀ। ਸ੍ਰੀ (ਗੁਰੂ) ਅੰਗਦ ਦੇਵ ਜੀ ਦੇ ਪਿਤਾ ਜੀ ਦਾ ਨਾਮ ਭਾਈ 'ਫੇਰੂ ਚੰਦ' ਸੀ।
ਸੁਛੰਦ=ਸੁਤੰਤ੍ਰ। [ਸੰਸ:, ਸ੍ਵਛੰਦ।] ਭਾਵ ਕਿਸੇ ਦੀ ਕਾਣ ਹੇਠ ਨਹੀਂ, ਪਾਤਸ਼ਾਹ ਜਿਵੇਂ ਸੁਤੰਤ੍ਰ ਹੁੰਦਾ ਹੈ।
ਬਿਲੰਦ=ਉੱਚੇ। [ਫਾਰਸੀ, ਬੁਲੰਦ]।

ਬਿਲੋਚਨ=ਅੱਖ, ਨੈਣ । [ਸੰਸ:, ਵਿਲੋਚਨ] ।
ਅਰਬਿੰਦਨ=ਕਮਲਾਂ ਦੀ, ਨੈਣਾਂ ਦੀ ਸੁੰਦਰਤਾ ਕਮਲਾਂ (ਵਰਗੀ) ਹੈ ।
(ਅ) ਅਰਬਿੰਦ+ਨ=ਕਮਲ ਨਹੀਂ (ਬਰੱਬਰ) ਸੁੰਦਰਤਾ ਵਿਚ (ਉਨ੍ਹਾਂ ਦੀਆਂ ਅੱਖਾਂ ਦੀ ਸੁੰਦਰਤਾ ਦੇ) ।
ਬਿੰਦੁ ਨ=ਬਿੰਦੁ+ਨ=ਨਹੀਂ ਹੈ ਬਿੰਦੁ, ਭਾਵ ਰਤਾ ਬੀ ਨਹੀਂ, ਰੰਚਕ ਬੀ ਨਹੀਂ ।  ਬ੍ਰਿੰਦ=ਝੁੰਡ, ਸਾਰਾ, ਸਮੂਹ ।
ਦਿਨਿੰਦ=ਸੂਰਜ । ਦਿਨ+ਇੰਦੁ=ਦਿਨ ਦਾ ਇੰਦੁ ।
ਮਨਿੰਦ=ਵਰਗਾ, ਜਿਹਾ, [ਫਾ:, ਮਾਨਿੰਦ]
ਨਿਕੰਦਨ=ਦੂਰ ਕਰਨ ਵਾਲਾ ।  ਕੰਦ=ਫਲ । (ਅ) ਬੱਦਲ, ਮੇਘ ।

**ਅਰਥ**–(ਜਿਨ੍ਹਾਂ ਦਾ) ਉਪਦੇਸ਼ ਸੁਣਨ ਨਾਲ (ਪਰਮਪਦ ਵਲ ਜਾਂਦਿਆਂ) ਰੋਕ ਨਹੀਂ ਪੈਂਦੀ (ਅਤੇ ਜਿਸ ਉਪਦੇਸ਼ ਦੇ) ਹ੍ਰਿਦੇ ਵਿਚ ਵਸ ਜਾਣ ਨਾਲ ਖੁਸ਼ੀ (ਪ੍ਰਾਪਤਿ) ਹੁੰਦੀ ਹੈ । (ਉਹ ਸ਼੍ਰੀ) ਫੇਰੂ ਜੀ ਦੇ ਸਪੁੱਤ੍ਰ (ਸਭ ਤਰ੍ਹਾਂ) ਸੁਤੰਤਰ ਹਨ, (ਮਰਤਬੇ ਦੇ) ਉੱਚੇ ਹਨ, ਨੈਣਾਂ ਦੀ ਸੁੰਦਰਤਾ ਜਿਨ੍ਹਾਂ ਦੀ ਕਮਲਾਂ ਤੋਂ ਸ੍ਰੇਸ਼ਟ ਹੈ । (ਕਿਉਂਕਿ ਜਿਧਰ ਉਹ ਨੈਣ ਤਕਦੇ ਹਨ) ਰਤਾ ਭਰ ਬੀ ਮੰਦਿਆਈ ਤੇ ਵਿਕਾਰ ਨਹੀਂ ਰਹਿ ਜਾਂਦੇ (ਤੇ) ਅਗਯਾਨ (ਐਉਂ ਦੂਰ ਹੁੰਦਾ ਹੈ) ਜਿਵੇਂ ਸਾਰਾ ਹਨੇਰਾ ਸੂਰਜ (ਦਰਸ਼ਨ ਨਾਲ) ਦੂਰ ਹੋ ਜਾਂਦਾ ਹੈ । ਸ਼੍ਰੀ ਗੁਰੂ ਅੰਗਦ ਚੰਦ ਜੀ ਆਨੰਦ ਦੇ ਮੇਘ ਤੇ ਮੁਕਤੀ ਦੇ ਦਾਤਾ (ਹਨ ਉਨ੍ਹਾਂ ਨੂੰ) ਨਮਸਕਾਰ ਕਰਕੇ ਸਦਾ ਭਜੋ ।

**ਭਾਵ**–ਸਤਿਗੁਰੂ ਅੰਗਦ ਦੇਵ ਜੀ ਦੇ ਨੈਣਾਂ ਦੀ ਸੁੰਦਰਤਾ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਦੀ ਤਾਸੀਰ, ਉਨ੍ਹਾਂ ਦੇ ਉਪਦੇਸ਼ ਦਾ ਪ੍ਰਭਾਵ, ਦਿਆਲੂ, ਮੁਕਤੀ ਦਾਤਾ, ਅਗਯਾਨ ਦੂਰ ਕਰਨ ਦੀ ਸਮਰੱਥਾ ਵਾਲੇ ਹੋਣ ਦੀ ਮਹਿੰਮਾ ਹੈ ।

**ਹੋਰ ਅਰਥ**–ਇਸ ਛੰਦ ਵਿਚ ਕਈ ਤੁਕਾਂ ਦਾ ਹੋਰ ਅਰਥ ਬੀ ਕਰਦੇ ਹਨ:–

੧. ਬੰਦ ਨਾ ਹੋਤ ਸੁਣੇ ਉਪਦੇਸ਼=ਜਿਨ੍ਹਾਂ ਦੇ ਉਪਦੇਸ਼ ਸੁਣਨ ਤੋਂ ਬੰਦ=ਬੰਧ–ਨਹੀਂ ਹੁੰਦੀ ਭਾਵ ਪੁਨਰ ਜਨਮ ਨਹੀਂ ਹੁੰਦਾ (ਅਤੇ) ਜਿਨ੍ਹਾਂ ਦੇ ਰਿਦੇ ਉਪਦੇਸ਼ ਬਸ ਜਾਏ (ਜਗਤ ਉਨ੍ਹਾਂ ਨੂੰ) ਨਮਸਕਾਰ ਕਰਦਾ ਹੈ (ਭਾਵ ਉਹ ਸੰਗਤ ਦੇ ਪੂਜ ਹੋ ਜਾਂਦੇ ਹਨ) ।

ਦੂਸਰੀ ਤੁਕ ਦਾ ਪਿਛਲਾ ਅੱਧ ਨੈਣਾਂ ਦੀ ਸੁੰਦਰਤਾ ਕਮਲਾਂ (ਵਰਗੀ ਹੈ) ।

## ੫. ਇਸ਼੍ਟ ਗੁਰੂ–ਸ਼੍ਰੀ ਗੁਰੂ ਅਮਰਦੇਵ ਜੀ–ਮੰਗਲ ।

ਛਪਯ ॥ ਅਮਰ ਅਲੰਬ ਕਰਿ ਜਾਂਹਿ ਸਮਰ ਜੈ ਪਾਵਹਿਂ ਅਰਿ ਹਰਿ ।
ਹਰਿ ਨਿਤ ਲਾਵਹਿ ਧ੍ਯਾਨ, ਗ੍ਯਾਨ ਪਾਵਹਿਂ ਮੁਨਿ ਉਰਧਰਿ ।
ਧਰਨ ਭਜਨ ਬਿਦਤਾਇ ਸਭਿਨਿ ਮਹਿਂ ਬ੍ਯਾਪਯੋ ਸਮਸਰ ।

ਸ਼ਰਨ ਦਾਸ ਗਤਿ ਲਹਤਿ ਦਹਤਿ ਦੁਖ ਦੋਖਿਨ ਕੋ ਦਰਿ।
ਦਰ ਦੇਤਿ ਬਤਾਇ ਸੁ ਮੁਕਤਿ ਕੋ ਹੋਹਿਂ ਪ੍ਰਸੀਦਤਿ ਚਿਤ ਸਿਮਰ।
ਮਰ ਜਨਮਨ ਕੋ ਸੰਕਟ ਕਟਤਿ ਜੈ ਜੈ ਜੈ ਸ੍ਰੀ ਗੁਰ ਅਮਰ ॥ ੧੦ ॥

ਅਮਰ=ਜੋ ਨਾ ਮਰੇ। ਦੇਵਤਾ। ਦੇਵਤੇ।
ਅਲੰਬ ਕਰਿ=ਆਸਰਾ ਬਣਾਕੇ। ਆਸਰਾ ਲੈਕੇ।
ਸਮਰ=ਜੰਗ, ਜੁੱਧ। ਦੇਵਤਿਆਂ ਦੀ ਰਾਖਸ਼ਾਂ ਪਰ ਜੈ ਤਦੋਂ ਹੁੰਦੀ ਰਹੀ ਹੈ ਜਦੋਂ ਰੱਬ ਜੀ ਦਾ ਆਸ਼੍ਰਾ ਮਿਲਦਾ ਰਿਹਾ ਹੈ।
ਅਰਿਹਰਿ=ਸ਼ੱਤ੍ਰੂਆਂ ਦਾ ਨਾਸ਼ ਕਰਕੇ। ਹਰਿ=ਸ਼ਿਵਜੀ।
ਉਰਧਰਿ=ਦਿਲ ਵਿਚ ਧਾਰਕੇ। ਧਰਨ=ਧਰਤੀ ਉੱਤੇ।
(ਅ) ਧਰ+ਨਭ+ਜਨ ਬਿਦਤਾਇ=ਧਰਤੀ ਅਕਾਸ਼ ਤੇ ਜਨਾਂ ਵਿਚ ਪ੍ਰਗਟ ਹੈ। ਸਮਸਰ=ਇਕੋ ਜਿਹਾ।
ਗਤਿ=ਮੁਕਤੀ। ਗਤਿ, ਪਦ ਇਥੇ ਦੇਹੁਰੀ ਦੀਪਕ ਹੈ, ਸ਼ਰਨਦਾਸ ਗਤਿ=ਜੋ ਦਾਸ ਸ਼ਰਨ ਜਾਂਦਾ ਹੈ, ਅਤੇ—ਗਤਿ ਲਹਿਤ=ਮੁਕਤੀ ਲੈਂਦਾ ਹੈ।
ਦਰਿ=ਦਰਦਾ ਹੈ, ਦਲਦਾ ਹੈ। (ਅ) ਡਰ। ਦਰ ਦੁਖ ਦੋਖਨ ਕੋ ਦਹਤਿ=ਦੁਖਾਂ ਤੇ ਦੋਖਾਂ ਦਾ ਡਰ ਸਾੜ ਦੇਂਦਾ ਹੈ। (ੲ) ਦਲ, ਸਮੂਹ।
ਦਰ=ਦਰਵਾਜ਼ਾ, ਰਸਤਾ। [ਫ਼ਾਰਸੀ, ਦਰ]
ਪ੍ਰਸੀਦਤਿ=ਪ੍ਰਸੰਨ, ਪਸੀਜੇ ਹੋਏ। (ਅ) ਪ੍ਰਸੰਨ ਚਿਤ ਹੋਕੇ ਸਿਮਰ, ਸ੍ਰੀ ਗੁਰੂ ਅਮਰ ਦੇਵ ਜੀ ਨੂੰ। (ੲ) ਇਹੀ ਮੁਕਤੀ ਦਾ ਦਰਵਾਜਾ ਦਸਦੇ ਹਨ ਕਿ ਪ੍ਰਸੰਨ ਚਿਤ ਹੋਕੇ ਵਾਹਿਗੁਰੂ ਨੂੰ ਸਿਮਰ।
ਮਰ ਜਨਮਨ ਕੋ=ਜਨਮ ਮਰਨ ਦਾ। (ਅ) ਮਰਜ਼ਨ+ਮਨ ਕੋ=ਮਨ ਦੇ ਰੋਗਾਂ ਦਾ। [ਫਾਰਸੀ, ਮਰਜ਼]

**ਅਰਥ**—ਦੇਵਤੇ (ਜਿਸ ਗੁਰੂ ਅਮਰ ਦਾ) ਆਸਰਾ ਲੈਕੇ ਜੁੱਧ ਵਿਚ ਜਾਕੇ ਸ਼ੱਤ੍ਰੂ ਦਾ ਨਾਸ਼ ਕਰਕੇ ਫਤੇ ਪਾਉਂਦੇ ਹਨ, (ਜਿਨ੍ਹਾਂ ਦਾ) ਧਿਆਨ ਸ਼ਿਵ ਨਿਤ ਲਗਾਉਂਦਾ ਹੈ, (ਜਿਨ੍ਹਾਂ ਨੂੰ) ਮਨ ਵਿਚ ਵਸਾ ਕੇ ਮੁਨਿ (ਲੋਕ) ਆਨ ਪ੍ਰਾਪਤ ਕਰਦੇ ਹਨ, (ਓਹਨਾਂ ਨੇ) ਧਰਤੀ ਉੱਤੇ ਪ੍ਰਗਟ ਕੀਤਾ ਹੈ (ਕਿ ਜੋ) ਸਭਨਾਂ ਵਿਚ ਇਕਸਾਰ ਵਿਆਪ ਰਿਹਾ ਹੈ (ਉਸ ਦਾ) ਭਜਨ ਕਰੋ (ਜੋ) ਸੇਵਕ (ਹੋਕੇ ਉਨਾਂ ਦੀ) ਸ਼ਰਨ ਜਾਂਦਾ ਹੈ, ਮੁਕਤੀ ਪਾਉਂਦਾ ਹੈ, ਦੁਖਾਂ ਨੂੰ ਸਾੜ ਦੇਂਦਾ ਹੈ ਤੇ ਦੋਖਾਂ (ਅਪਨਿਆਂ) ਨੂੰ ਦਲ ਸਿਟਦਾ ਹੈ। (ਉਤੇ ਓਹ) ਪ੍ਰਸੰਨ ਹੁੰਦੇ ਹਨ ਉਸ ਨੂੰ ਮੁਕਤੀ ਦਾ ਰਸਤਾ (ਯਾ ਬੂਹਾ ਐਉਂ) ਦਿੰਦੇ ਹਨ (ਕਿ ਹੇ ਜਗਜਾਸੂ) ਚਿਤ ਵਿਚ (ਉਸ ਦਾ) ਸਿਮਰਣ ਕਰ ਨਾਲ) ਕਿ ਜਨਮ ਮਰਨ ਦੇ ਸੰਕਟ ਕਟੇ ਜਾਂਦੇ ਹਨ; (ਐਸੇ ਸ੍ਰੀ) ਗੁਰੂ ਅ

ਨੂੰ (ਮੇਰੀ) ਜੈ ਹੋਵੇ, ਜੈ ਹੋਵੇ, ਜੈ ਹੋਵੇ।

**ਭਾਵ**—ਸ਼੍ਰੀ ਗੁਰੂ ਜੀ ਦੇ ਉਚੇ ਵਜੂਦ ਨੂੰ ਸ਼ਿਵ ਤੇ ਦੇਵਤੇ ਧਿਆਉਂਦੇ ਹਨ, ਪ੍ਰਿਥਵੀ ਵਿਚ ਉਹ ਆਕੇ ਨਾਮ ਦਾ ਉਪਦੇਸ਼ ਦੇਕੇ ਮੁਕਤੀ ਦਾਨ ਕਰ ਰਹੇ ਹਨ। ਅਰ ਦਾਸਾਂ ਦੇ ਸੰਕਟ ਹਰ ਰਹੇ ਹਨ।

**ਹੋਰ ਅਰਥ**—ਇਸ ਛਪਯ ਦਾ ਇਕ ਅਰਥ ਐਉਂ ਬੀ ਹੈ:—

ਜਿਸ (ਪਰਮੇਸ਼ੁਰ) ਦਾ ਆਸਰਾ ਲੈਕੇ(ਅਮਰ=) ਦੇਵਤੇ ਜੁੱਧ ਜਿਤਦੇ ਰਹੇ ਤੇ ਸ਼ਤ੍ਰੂ ਮਾਰਦੇ ਰਹੇ, ਸ਼ਿਵ ਜਿਸ ਦਾ ਧਿਆਨ ਲਾਉਂਦਾ ਹੈ ਤੇ ਮੁਨਿ ਜਿਸ ਨੂੰ ਦਿਲ ਵਿਚ ਧਾਰਕੇ ਗਿਆਨ ਪਾਉਂਦੇ ਹਨ, ਜੋ ਧਰਤੀ ਅਕਾਸ਼ ਤੇ ਪੁਰਖਾਂ ਵਿਖੇ (ਸਮਾਨ ਸੱਤਾ) ਕਰਕੇ ਇਕ ਸਮਾਨ ਸਾਰੇ ਪ੍ਰਗਟ ਹੈ (ਉਸ ਪਰਮੇਸ਼ੁਰ ਦਾ) ਮੁਕਤੀ ਦਾ ਦਰਵਾਜਾ (ਗੁਰੂ ਅਮਰ ਦੇਵ ਜੀ) ਸ਼ਰਨ ਆਏ ਦਾਸਾਂ ਨੂੰ ਦਸ ਦਿੰਦੇ ਹਨ ਕਿ ਚਿਤ ਵਿਚ ਸਿਮਰਨ ਕਰੋ, ਇਸ ਤਰ੍ਹਾਂ ਦੁਖ ਸਾੜਦੇ ਤੇ ਦੋਸ਼ਾਂ ਨੂੰ ਦਲਦੇ ਹੋਏ, ਜਿਸ ਤੇ ਪ੍ਰਸੰਨ ਹੋਣ ਮੁਕਤੀ (ਦਾ ਦਾਨ) ਉਸ ਨੂੰ ਦੇਂਦੇ ਹਨ, ਤੇ ਜਨਮ ਮਰਨ ਦਾ ਸੰਕਟ ਕੱਟ ਦੇਂਦੇ ਹਨ। ਐਸੇ ਸ਼੍ਰੀ ਗੁਰੂ ਅਮਰ (ਦੇਵ) ਜੀ ਨੂੰ ਤਿੰਨਾਂ ਕਾਲਾਂ ਵਿਚ (ਯਾ ਤ੍ਰੈਨਾਂ ਲੋਕਾਂ ਵਿਚ ਯਾ ਮਨ ਬਚ ਕਰਮ ਕਰਕੇ) ਜੈ ਹੋਵੇ, ਜੈ ਹੋਵੇ, ਜੈ ਹੋਵੇ।

ਪਰੰਤੂ ਇਹ ਅਰਥ ਜ਼ਰਾ ਖਿੱਚ ਨਾਲ ਲਾਉਣਾ ਪੈਂਦਾ ਹੈ।

ਤੀਸਰੀ ਤੁਕ ਦਾ ਪਹਿਲਾ ਅੱਧ—(ਉਸ ਪਰਮੇਸ਼ਰ ਦਾ) ਭਜਨ ਧਰਤੀ ਤੇ ਪ੍ਰਗਟ (ਕੀਤਾ ਹੈ)।

## ੬. ਇਸ਼੍ਟ ਗੁਰੂ—ਸ਼੍ਰੀ ਗੁਰੂ ਰਾਮਦਾਸ ਜੀ—ਮੰਗਲ।

ਸ੍ਵੈ—

**ਹਰਤਾ ਬਿਘਨਾਨ ਮਹਾਂ ਅਘਕੋ ਉਰ ਆਤਮਗ੍ਯਾਨ ਪ੍ਰਕਾਸ਼ਤਿ ਜਯੋਂ ਹਰਿ।**
**ਹਰਿਦੇਤਿ ਬਸਾਇ ਸੁ ਦਾਸਨ ਕੇ ਕਮਲਾਸਨ ਧ੍ਯਾਵਤਿ ਜਾਂਹਿ ਭਜੈ ਹਰਿ।**
**ਹਰਿਬੰਸ ਵਿਖੇ ਅਵਤਾਰ ਭਏ ਹਤਿ ਰਾਵਣ ਕੋ ਲਿਯ ਸੰਗ ਚਮੂੰ ਹਰਿ।**
**ਹਰਿਦਾਸ ਤਨੈ ਰਮਦਾਸ ਗੁਰੂ ਮ੍ਰਿਗ ਮੋਹ ਸੰਘਾਰਤਿ ਜਯੋਂ ਬਡ ਕੇਹਰਿ॥੧॥**

ਹਰਤਾ=ਹਰ ਲੈਣ ਵਾਲਾ, ਦੂਰ ਕਰਨ ਵਾਲਾ।
ਬਿਘਨਾਨ=ਬਿਘਨਾਂ ਨੂੰ। ਬਿਘਨ ਦਾ ਬਹੁਬਚਨ। ਅਘ=ਪਾਪ।
ਆਤਮ ਗ੍ਯਾਨ=ਅਪਣੇ ਆਪ ਦਾ ਗਿਆਨ। ਅਪਣੇ ਤੱਤ ਸਰੂਪ ਦਾ ਗਿਆਨ।
ਆਤਮਾ ਦਾ ਗਿਆਨ।
ਹਰਿ=ਹਨੇਰੇ ਨੂੰ ਜੋ ਹਰ ਲਵੇ ਸੋ—ਸੂਰਜ।
ਹਰਿ=ਪਾਪਾਂ ਨੂੰ ਜੋ ਹਰ ਲਵੇ ਸੋ—ਵਾਹਿਗੁਰੂ।
ਕਮਲਾਸਨ=ਕਮਲ ਹੈ ਆਸਨ ਜਿਸ ਦਾ ਸੋ—ਬ੍ਰਹਮਾਂ।
ਜਾਂਹਿ=ਜਿਸਨੂੰ, ਜਿਨ੍ਹਾਂ ਨੂੰ।

ਹਰਿ=ਸ਼ਿਵਜੀ। [ਸੰਸ:, ਹਰਿ=ਸ਼ਿਵ]
ਹਰਿ ਬੰਸ=ਸੂਰਜ ਬੰਸ। ਹਤਿ=ਮਾਰਿਆ। ਚਮੂੰ=ਸੈਨਾ।
ਹਰਿ=ਜੋ ਲੋਕਾਂ ਦੇ ਹਥੋਂ ਚੀਜ਼ਾਂ ਖੋਹ ਲਵੇ ਸੋ-ਬਾਂਦਰ।
ਹਰਿਦਾਸ=ਸ਼੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਮ (ਭਾਈ) ਹਰੀਦਾਸ ਯਾ ਹਰਿਦਾਸ (=ਵਾਹਿਗੁਰੂ ਦਾ ਸੇਵਕ) ਸੀ।
ਤਨੈ=ਪੁੱਤ੍ਰ। ਮ੍ਰਿਗ=ਹਰਨ। ਪਰ ਮ੍ਰਿਗ ਦਾ ਅਰਥ ਉਹ ਹਾਥੀ ਬੀ ਹੈ ਜਿਸ ਦੇ ਮਸਤਕ ਵਿਚ ਚਿੱਟਾ ਤਿਲਕ ਹੁੰਦਾ ਹੈ।
ਸੰਘਾਰਤ=ਮਾਰਦੇ ਹਨ। [ਸੰਸ:, ਸੰਹਾਰ संहार]
ਬਡ ਕੇਹਰਿ=ਵੱਡਾ ਸ਼ੇਰ। ਬੱਬਰ ਸ਼ੇਰ।

**ਅਰਥ**-(ਅਰਥ ਤੀਸਰੀ ਤੁਕ ਤੋਂ ਟੁਰੇਗਾ, ਫਿਰ ਚੌਥੀ ਤੇ ਫਿਰ ਪਹਿਲੀ ਦੂਜੀ):- (ਤ੍ਰੇਤੇ ਜੁਗ ਵਿਖੇ ਇਕ ਰਾਮ ਜੀ) ਸੂਰਜ ਬੰਸ ਬਿਖੇ ਅਵਤਾਰੀ ਹੋਏ ਸਨ (ਜਿਨ੍ਹਾਂ ਨੇ) ਬਾਂਦਰਾਂ ਦੀ ਸੈਨਾਂ ਨਾਲ ਲੈਕੇ ਰਾਵਣ ਨੂੰ ਮਾਰਿਆ ਸੀ, (ਪਰ ਕਲਜੁਗ ਵਿਚ) ਰਾਮਦਾਸ ਜੀ ਗੁਰੂ (ਅਵਤਾਰ) ਹੋਏ ਹਨ ਜੋ (ਸ਼੍ਰੀ) ਹਰਿਦਾਸ (ਜੀ) ਦੇ ਸਪੁੱਤ੍ਰ (ਕਹਿਲਾਏ, ਇਹ ਗੁਰੂ ਜੀ) ਮੋਹ ਰੂਪੀ ਹਾਥੀ ਨੂੰ ਸ਼ੇਰ ਬੱਬਰ ਦੀ ਤਰ੍ਹਾਂ ਮਾਰਦੇ ਹਨ। (ਓਹ) ਮਹਾਂਨ ਪਾਪਾਂ ਤੇ (ਕਠਨ) ਵਿਘਨਾਂ ਨੂੰ ਦੂਰ ਕਰਨ ਵਾਲੇ (ਤੇ) ਹ੍ਰਿਦੇ (ਵਿਚ) ਸੂਰਜ ਵਾਂਙੂ ਆਤਮ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ, ਅਪਣੇ ਦਾਸਾਂ ਦੇ (ਹਿਰਦੇ ਵਿਚ) ਵਾਹਿਗੁਰੂ ਨੂੰ ਵਸਾ ਦੇਂਦੇ ਹਨ, ਜਿਨ੍ਹਾਂ ਨੂੰ ਬ੍ਰਹਮਾਂ ਧਿਆਉਂਦਾ ਹੈ ਤੇ ਸ਼ਿਵਜੀ (ਜਿਨ੍ਹਾਂ ਦਾ) ਭਜਨ ਕਰਦਾ ਹੈ।

**ਭਾਵ**-ਇਸ ਸ੍ਵਯੇ ਵਿਚ ਕਵਿ ਜੀ ਨੇ-ਹਰਿ-ਪਦ ਕਈ ਵੇਰ ਵਰਤ ਕੇ ਉਸ ਦੇ ਅੱਡ ਅੱਡ ਅਰਥ ਵਰਤੇ ਹਨ। ਵਾਹਿਗੁਰੂ, ਸੂਰਜ, ਸ਼ਿਵ, ਬਾਂਦਰ, ਫਿਰ ਹਰਿਬੰਸ ਤੇ ਕੇਹਰਿ ਵਿਚ-ਹਰਿ-ਪਦ ਆਇਆ ਹੈ।

**ਹੋਰ ਅਰਥ**-ਸ੍ਵਯੇ ਦੇ ਅਰਥ ਦੂਸਰੀ ਤਰ੍ਹਾਂ ਬੀ ਲਾਉਣ ਦਾ ਯਤਨ ਹੁੰਦਾ ਹੈ, ਜਿਸ ਦਾ ਭਾਵ ਇਹ ਹੈ ਕਿ ਤੀਸਰੀ ਤੁਕ ਵਾਲੇ ਤ੍ਰੇਤਾ ਦੇ ਅਵਤਾਰ 'ਰਾਮ ਜੀ' ਹੀ ਕਲਜੁਗ ਦੇ ਗੁਰੂ ਅਵਤਾਰ-ਸ਼੍ਰੀ ਰਾਮਦਾਸ ਗੁਰੂ ਜੀ-ਹੋਏ ਹਨ।

## ੭. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਕਬਿੱਤ ॥ ਅਰਜਨਿ ਸੁਨਤਿ ਸੁ ਦਾਸਨ ਕੋ ਦਾਨ ਦੇਤਿ ਮੋਹ ਕੋ ਬਿਦਾਰਿਬੇ ਕੋ ਬਾਕ ਸਰ ਅਰਜਨ। ਅਰਜੁਨ ਜਸੁ ਵਿਸਤੀਰਨ ਸੰਤੋਖ ਸਿੰਘ ਜਹਾਂ ਕਹਾਂ ਜਾਨੀਅਤਿ ਮਾਨੋ ਤਰੁ ਅਰਜਨ। ਅਰਿਜਨ ਭੁਏ ਗਨ ਮੋਖ ਪਦ ਲਏ ਤਿਨ ਸ਼ਜਾਮ ਘਨ ਤਨ ਹੋਇ ਤੋਰੇ

**ਜਮਲਾਰਜਨ। ਅਰਜ ਨ ਜਾਨਨੋ ਜਾਇ ਕੇਤੋ ਹੈ ਬਿਥਾਰ ਤੇਰੋ**
**ਐਸੋ ਰੂਪ ਧਾਰਿ ਆਇ ਰਾਜੈਂ ਗੁਰ ਅਰਜਨ ॥੧੨॥**

ਅਰਜਨਿ=ਅਰਜ਼ਾਂ ਨੂੰ, ਬੇਨਤੀਆਂ ਨੂੰ, [ਅ:, ਅਰਜ਼]।
ਬਿਦਾਰਿਬੇ=ਮਾਰ ਦੇਣ ਨੂੰ। ਬਾਕ=ਵਾਕ, ਬਚਨ, ਬਾਣੀ।
ਸਰ=ਤੀਰ, ਬਾਣ। ਅਰਜਨ=ਪਾਂਡਵਾਂ ਵਿਚੋਂ ਤੀਸਰਾ ਭਿਰਾਉ, ਜਿਸ ਦੇ ਤੀਰ ਨਿਸ਼ਾਨੇ ਬੈਠਣ ਵਿਚ ਬੜੇ ਪ੍ਰਸਿੱਧ ਸਨ।
ਅਰਜਨ=ਉੱਜਲ। [ਸੰਸ', ਅਰ੍ਜੁਨ अर्जुन]।
ਵਿਸਤੀਰਨ=ਵਿਸਥਾਰ ਕਰਨ ਵਾਲਾ। ਫੈਲਾਉਣ ਵਾਲਾ। ਗਾਯਨ ਕਰਨ ਵਾਲਾ ਬੀ ਮੁਰਾਦ ਹੈ। (ਅ) ਫੈਲ ਰਿਹਾ ਹੈ।
ਤਰੁ=ਬ੍ਰਿਛ। ਤਰੁ ਅਰਜਨ=ਮੁਰਾਦ ਹੈ ਕਲਪ ਬ੍ਰਿਛ ਤੋਂ।
ਅਰਿਜਨ=ਅਰਿ=ਵੈਰੀ। ਜਨ=ਦਾਸ। ਅਰਜਨ ਭਏ=ਜੋ ਵੈਰੀ ਦਾਸ ਹੋ ਗਏ। (ਅ) ਅਰ=ਅਤੇ, ਜਨ=ਦਾਸ। ਅਰਜਨ ਭਏ=ਅਤੇ ਜੋ ਆਪ ਦੇ ਦਾਸ ਹੋਏ ਹਨ। ਗਨ=ਦਲ, ਝੁੰਡ, ਸਾਰੇ, ਸਮੂਹ।
ਸ਼ਯਾਮ ਘਨ=ਕਾਲਾ ਬੱਦਲ, ਕਾਲੇ ਬੱਦਲ ਵਰਗਾ ਰੰਗ ਹੋਵੇ ਜਿਸ ਦਾ ਸੋ—ਕ੍ਰਿਸ਼ਨ।
ਜੁਮਲਾਰਜਨ=ਅਰਜਨ ਇਕ ਪ੍ਰਕਾਰ ਦਾ ਬ੍ਰਿਛ ਹੈ ਜੋ ਹਿੰਦ ਵਿਚ ਹੁੰਦਾ ਹੈ, ਲਕੜੀ ਬੜੀ ਮਜ਼ਬੂਤ ਹੁੰਦੀ ਹੈ। ਇਹ ਬ੍ਰਿਛ ਧਰਤੀ ਤੋਂ ਹੀ ਦੋ ਸ਼ਾਖਾਂ ਯਾ ਦੋ ਬ੍ਰਿਛ ਨਾਲੋ ਨਾਲ ਜਸੋਧਾਂ ਦੇ ਘਰ ਗੋਕਲ ਵਿਚ ਉਗਿਆ ਹੋਇਆ ਸੀ, ਜਿਸ ਵਿਚ ਜਸੋਧਾਂ ਨੇ ਕ੍ਰਿਸ਼ਨ ਜੀ ਨੂੰ ਬੰਨ੍ਹ ਦਿੱਤਾ ਸੀ, ਕ੍ਰਿਸ਼ਨ ਜੀ ਨੇ ਖਿੱਚ ਕੇ ਦੋਵੇਂ ਦਰੱਖਤ ਪੁਟ ਘੱਤੇ। ਕਹਿੰਦੇ ਹਨ ਕਿ ਇਹ ਦੋ ਬ੍ਰਿਛ ਨਹੀਂ ਸਨ, ਪਰ ਕੁਬੇਰ ਦੇ ਦੋ ਪੁੱਤ੍ਰ ਮਣਿਗ੍ਰੀਵ ਤੇ ਨਲਕੂਬਰ ਸਨ, ਜਿਨ੍ਹਾਂ ਨੂੰ ਨਾਰਦ ਜੀ ਨੇ ਮਦ ਪੀਤੇ ਹੋਏ ਨੰਗੇ ਜਲ-ਕ੍ਰੀੜਾ ਕਰਦੇ ਵੇਖਕੇ ਸ੍ਰਾਪ ਦੇਕੇ ਅਰਜਨ ਬ੍ਰਿਛ ਬਣਾ ਦਿੱਤਾ ਸੀ। ਜਦੋਂ ਕ੍ਰਿਸ਼ਨ ਜੀ ਨੇ ਇਹ ਬ੍ਰਿਛ ਪੁਟ ਘੱਤੇ ਤਾਂ ਕਹਿੰਦੇ ਹਨ ਉਨ੍ਹਾ ਦੀ ਕਲਿਆਨ ਹੋ ਗਈ। ਕਵਿ ਜੀ ਦੀ ਮੁਰਾਦ ਹੈ ਕਿ ਗੁਰੂ ਅਰਜਨ ਜੀ ਨੇ ਰੱਬੀ ਰੋ ਦੀਆਂ ਅਟਕਾਂ ਭੰਨ ਘੱਤੀਆਂ। (ਅ) ਇਹ ਬੀ ਮੁਰਾਦ ਹੋ ਸਕਦੀ ਹੈ ਕਿ ਜਿਨ੍ਹਾਂ ਵੈਰੀਆਂ ਨੇ ਆਪ ਅੱਗੇ ਅਟਕ ਪਾਈ ਆਪ ਨੇ ਓਹਨਾਂ ਦਾ ਉਧਾਰ ਕੀਤਾ ਜਿਸ ਤਰ੍ਹਾਂ ਕ੍ਰਿਸ਼ਨ ਨੇ ਯਮਲਾਰਜਨ ਦਾ। [ਸੰਸ:, ਯਮਲਾਰਜਨ यमलार्जुन ਯਮਲ=ਜੋੜਾ। ਅਰਜਨ=ਬ੍ਰਿੱਛ ਦਾ ਨਾਉਂ।]
ਅਰਜਨ=ਅਰਜ+ਨ=ਅਰਜ਼=ਚੁੜਾਉ। [ਅਰਬੀ, ਅਰਜ਼=ਚੁੜਾਣ]

ਜਿਥੇ ਅਰਜ਼ ਦਾ ਵਰਤਾਉ ਐਸਾ ਹੋਵੇ ਜੈਸਾ ਕਿ ਏਥੇ ਹੈ ਓਥੇ ਤੂਲ=ਲੰਮਾਣ ਦੀ ਮੁਰਾਦ ਨਾਲ ਲੈ ਲੈਂਦੇ ਹਨ।
(ਅਰਜ਼ਨ ਦੇ ਨਾਲ ਤੂਲਨ ਸੰਭਾਵਿਤ ਹੁੰਦਾ ਹੈ।)
ਜਿਥੇ ਚੁੜੱਤਨ ਕਹੀ ਓਥੇ ਲੰਬਾਣ ਦੀ ਸੰਭਾਵਨਾਂ ਆਪੇ ਆ ਗਈ, ਮਰਾਦ ਹੈ ਪ੍ਰਮਾਣ ਤੋਂ। (ਅ) ਕੀਮਤ [ਫਾਰਸੀ,ਅਰਜ਼]।

ਰਾਜੈ=ਰਾਜ ਰਹੇ ਹਨ, ਪ੍ਰਕਾਸ਼ਮਾਨ ਹਨ।

ਅਰਜਨ=ਸ੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਜੀ ਦੇ ਸਪੁੱਤ੍ਰ ਇਨ੍ਹਾਂ ਦਾ ਨਾਮ-ਅਰਜਨ-ਇਨ੍ਹਾਂ ਦੇ ਸਰੀਰ, ਮਨ ਤੇ ਆਤਮਾਂ ਦੀ ਸੁਤੇ ਉੱਜਲਤਾ ਕਰਕੇ ਰਖਿਆ ਗਿਆ ਸੀ। ਫਿਰ ਆਪ ਦੇ ਕੀਤੇ ਰੂਹਾਨੀ ਕੰਮਾਂ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ:—
'ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥'

[ਰਾਮ: ਵਾਰ ਸਵਿ ਬਲ:]

**ਅਰਥ**—(ਅਰਥ ਚੌਥੀ ਤੁਕ ਤੋਂ ਟੁਰੇਗਾ ਫਿਰ ਪਹਿਲੀ ਤੇ ਫਿਰ ਤੀਜੀ ਦੂਜੀ:—

੪. ਐਸਾ (ਅਚਰਜ) ਰੂਪ ਧਾਰਕੇ ਗੁਰੂ ਅਰਜਨ ਦੇਵ ਜੀ (ਜਗਤ ਵਿਚ) ਆਕੇ ਪ੍ਰਕਾਸ਼ ਰਹੇ ਹਨ ਕਿ ਪ੍ਰਮਾਣ ਨਹੀਂ ਜਾਣਿਆਂ ਜਾਂਦਾ ਕਿ ਆਪਦੇ (ਪ੍ਰਕਾਸ਼ ਦਾ) ਕਿਤਨਾਕੁ ਵਿਸਥਾਰ ਹੈ।

੧. (ਅਪਨੇ ਦਾਸਾਂ ਦੀਆਂ ਅਰਜ਼ਾਂ ਸੁਣਕੇ (ਉਨ੍ਹਾਂ ਨੂੰ ਮਨ ਮੰਗੀ ਮੁਰਾਦ ਦਾ) ਦਾਨ ਦੇਂਦੇ ਹੋ (ਉਨ੍ਹਾਂ ਦੇ) ਮੋਹ (ਰੂਪੀ ਸ਼ੱਤ੍ਰੂ ਨੂੰ) ਮਾਰ ਦੇਣ ਲਈ ( ਆਪਦੇ ) ਵਾਕ ਅਰਜਨ ਦੇ ਤੀਰਾਂ (ਵਾਂਙੂ ਅਮੋਘ) ਹਨ।

੩. (ਜੋ) ਸ਼ੱਤ੍ਰੂ (ਆਪਦੇ) ਦਾਸ ਹੋ ਗਏ (ਉਨ੍ਹਾਂ ਨੇ) ਮੁਕਤੀ ਦੇ ਸਾਰੇ ਪਦ (ਪ੍ਰਾਪਤ ਕਰ) ਲਏ (ਜਿਨ੍ਹਾਂ ਨੇ ਆਪਦੇ ਦੈਵੀ ਕੰਮ ਅਗੇ ਜੋ ਅਟਕਾਂ ਪਾਈਆਂ ਉਨ੍ਹਾਂ ਨੂੰ ਆਪਦਾ) ਸਰੀਰ (ਐਉਂ) ਉਖੇੜ ਦੇਣ ਵਾਲਾ ਹੋਕੇ ਲੱਗਾ (ਜਿਵੇਂ ) ਕ੍ਰਿਸ਼ਨ ਜੀ ਦਾ ( ਸਰੀਰ ) ਯੁਮਲਾਰਜਨ ਨੂੰ (ਲੱਗਾ ਸੀ)।

੨. (ਤਾਂਤੇ ਆਪਦਾ) ਉੱਜਲ ਯੱਸ਼ ਕਲਪਬ੍ਰਿੱਛ ਵਾਂਙ (ਅੱਗੇ ਹੀ) ਸਭ ਜਗਾ ਪ੍ਰਸਿੱਧ ਹੈ (ਕਵਿ) ਸੰਤੋਖ ਸਿੰਘ ਤਾਂ (ਕੇਵਲ ਉਸ ਯਸ਼ ਦਾ) ਵਿਸਥਾਰ ਕਰਨ ਵਾਲਾ (ਇਕ ਢਾਢੀ) ਹੈ।

**ਹੋਰ ਅਰਥ**—ਹੋਰ ਅਰਥ ਲਾਉਣ ਦਾ ਬੀ ਐਉਂ ਜਤਨ ਹੁੰਦਾ ਹੈ:—

੨. ਕਵੀ ਸੰਤੋਖ ਸਿੰਘ ਜੀ ਆਖਦੇ ਹਨ (ਆਪ ਦਾ) ਉੱਜਲ ਜਸ ਫੈਲ ਰਿਹਾ ਹੈ, ਜਿੱਥੇ ਕਿੱਥੇ ਮਾਨੋਂ ਕਲਪ ਬ੍ਰਿਛ ਹੀ ਜਾਣੀਦਾ ਹੈ, ਅਥਵਾ ਆਪ ਦਾ ਐਤਨਾ ਜਸ ਫੈਲ ਰਿਹਾ ਹੈ ਕਿ ਉਸ ਦਾ—ਅਰਜ਼+ਨ=ਮਾਪ ਨਹੀਂ ਹੈ।

੩. ਅਰਜਨ=ਬਿਨੈਵੰਤ—ਜੋ ਬਿਨੈਵੰਤ ਹੋਏ ਸਾਰਿਆਂ ਨੇ ਹੀ ਮੁਕਤੀ ਪਦ ਪਾ ਲਏ, ਆਪ ਨੇ ਹੀ ਸ੍ਰੀ ਕ੍ਰਿਸ਼ਨ ਸ੍ਵਰੂਪ ਧਾਰਕੇ ਜੁਮਲਾਰਜਨ ਤੋੜੇ ਸਨ, ਅਥਵਾ—ਅਰ ਜਨ ਭਏ=ਜੋ ਦਾਸ ਹੋਏ ਉਨ੍ਹਾਂ ਮੁਕਤੀ ਪਾਈ।

## ੮. ਇਸ਼੍ਰ ਗੁਰੂ—ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ—ਮੰਗਲ।

ਕਿਰੀਟ ਛੰਦ

ਸੂਰ, ਸੁਰਾਨਿ ਕੇ ਹਾਨਿ ਕਰੇ ਛਿਤ ਆਨਤਿ ਭੇ ਬਨਿ ਕੇ ਤਨ ਸੂਰ।
ਸੂਰਤ ਸੁੰਦਰ ਜੋ ਸਿਮਰੈ ਉਰ ਮੈਂ ਤਤ ਗਯਾਨ ਲਹੈ ਮਤਿ ਸੂਰ।
ਸੂਰ ਗਹੈ ਕਰ ਮੈਂ ਰਣ ਕੇ ਪ੍ਰਿਯ ਨਿੰਦਕ ਜੇ ਦੁਖ ਪਾਇ ਬਿਸੂਰ।
ਸੂਰ ਬਿਸਾਲ ਕ੍ਰਿਪਾਲ ਗੁਰੂ ਹਰਿ ਗੋਬਿੰਦ ਜੀ ਤਮ ਸ਼ੱਤ੍ਰਨ ਸੂਰ ॥੧੩॥

ਸੂਰ=ਸ਼ੇਰ। [ਸਿਸ:, ਸ਼ੂਰ:=ਸ਼ੇਰ] (ਅ) ਸੂਲ, ਦੁਖ, ਕਸ਼ਟ।
ਸੁਰਾਨ ਕੇ ਹਾਨ ਕਰੇ=ਜੋ ਦੇਉਤਿਆਂ ਨੂੰ ਹਾਨੀ ਕਰੇ, ਭਾਵ ਦੈਂਤ।
(ਅ) ਸੁਰ ਸੁਰਾਨ ਕੇ ਹਾਨ ਕਰੇ=ਦੇਵਤਿਆਂ ਦੇ ਦੁਖ ਦੂਰ ਕੀਤੇ।
ਛਿਤ=ਕਿਸ਼ਤ=ਧਰਤੀ। (ਅ) ਰਣਭੂਮੀ। (ੲ) ਤਬਾਹੀ।
ਤਨ ਸੂਰ=ਸੂਰ ਤਨ=ਵਰਾਹ ਤਨ। ਸੂਰ ਵਰਗਾ ਸਰੀਰ, ਬ੍ਰਾਹ ਰੂਪ।
(ਵਿਸ਼ਨੂੰ ਜੀ ਦਾ ਤੀਸਰਾ ਅਵਤਾਰ ਬ੍ਰਾਹ ਮੰਨਦੇ ਹਨ)।
(ਸ) ਸੂਰ ਦਾ ਅਰਥ ਕ੍ਰਿਸ਼ਨ ਬੀ ਹੈ।
ਸੂਰ=ਪੰਡਿਤ। ਪੰਡਿਤਾਂ। [ਸਿਸ:, ਸੂਰਿ=ਪੰਡਿਤ]।
(ਅ) ਮਤਿ ਸੂਰ=ਜੋ ਬੁੱਧੀ ਦੇ ਸੂਰਮੇ ਹਨ।
ਸੂਰ=ਬਰਛਾ। ਕੋਈ ਸ਼ਸਤ੍ਰ। [ਸਿਸ:, ਸ਼ੂਲ=ਬਰਛਾ, ਸ਼ਸਤ੍ਰ]।
ਬਿਸੂਰ=ਕਸ਼ਟ, ਮਹਾਂ ਦੁਖੀ। [ਸਿਸ:, ਵਿਸੂਰਣੰ=ਕਸ਼ਟ]।
(ਅ) ਪੰਜਾਬੀ ਵਿਸੂਰਣਾਂ=ਝੂਰਣ ਨੂੰ ਬੀ ਕਹਿੰਦੇ ਹਨ।
ਦੁਖ ਪਾਇ ਬਿਸੂਰ=ਦੁਖ ਪਾਉਂਦੇ ਤੇ ਝੂਰਦੇ ਹਨ।
ਸੂਰ=ਬਹਾਦਰ, ਸੂਰਮਾਂ। [ਸਿਸ:, ਸ਼ੂਰ=ਬਹਾਦੁਰ]।
ਸੂਰ=ਸੂਰਜ। [ਸਿਸ:, ਸ਼ੂਰ=ਸੂਰਜ]।
ਇਸ ਪਦ ਵਿਚ ਅੱਠ ਵੇਰ—ਸੂਰ—ਪਦ ਆਯਾ ਹੈ,ਅਰਥ ਐਉਂ ਹਨ:—

| ਪਦ | ਮੂਲ | ਅਰਥ |
|---|---|---|
| ੧. ਸੂਰ | ਸ਼ੂਰ: [ਸਿਸ:,] | ਸ਼ੇਰ। |
| ੨. ਸੂਰ | ਸ਼ੂਰ [ਸਿਸ:,] | ਬਰਾਹ। |
| ੩. ਸੂਰਤ | ਕੇਵਲ ਸੂਰਤ ਪਦ ਦੇ ਪਹਿਲੇ ਦੋ ਅੱਖਰ [ਫਾਰਸੀ ਸੂਰਤ]। | ਸ਼ਕਲ। |
| ੪. ਸੂਰ | ਸੂਰਿ [ਸਿਸ:,] | ਪੰਡਿਤ। |
| ੫. ਸੂਰ | ਸ਼ੂਲ [ਸਿਸ:,] | ਬਰਛਾ। |
| ੬. ਬਿਸੂਰ | ਵਿਸੂਰ ਦੇ ਅੰਤਲੇ ਦੋ ਅੱਖਰ ਸੂਰ ਹਨ। [ਸਿਸ:, ਵਿ+ਸੂਰ, ਵਿਸ਼ੇਸ਼ ਕਰਕੇ। ਸੂਰ,=ਦੁੱਖ ਦੇਣਾ] | ਕਸ਼ਟ। |

{ ੭. ਸੂਰ ਸ਼ੂਰ [ਸੰਸ:,] ਬਹਾਦੁਰ।
{ ੮. ਸੂਰ ਸੂਰ [ਸੰਸ:,] ਸੂਰਜ।

**ਅਰਥ**—ਦੇਵਤਿਆਂ ਨੂੰ ਹਾਨੀ ਦੇਣ ਵਾਲੇ ( ਦੈਂਤਾਂ ) ਤੋਂ ( ਜਿਵੇਂ ਵਿਸ਼ਨੂੰ ਜੀ ) ਬਰਾਹ ਰੂਪ ਬਣਕੇ ਪ੍ਰਿਥਵੀ ਲੈ ਆਏ (ਤਿਵੇਂ ਆਪ ਮੁਗਲ ਮਲੇਛਾਂ ਤੋਂ ਭਾਰਤ ਭੂਮੀ ਛੁਡਾਉਣ ਲਈ) ਸ਼ੇਰ (ਰੂਪ ਧਾਰਕੇ ਆਏ ਹੋ)।

ਆਪ ਦੀ ਸੁਹਣੀ ਸੂਰਤ ਜੋ ਸਿਮਰੇ (ਉਹ) ਆਪਣੇ ਹਿਰਦੇ ਵਿਚ ਤਤਗਯਾਨ ਪ੍ਰਾਪਤ ਕਰੇਗਾ; ਤੇ ਓਸ ਦੀ ਬੁਧੀ ਪੰਡਿਤ ਹੋ ਜਾਏਗੀ।

(ਤੁਸੀਂ) ਰਣ ਦੇ ਪਿਆਰੇ ਹੋ (ਜਦੋਂ) ਬਰਛਾ ਹੱਥ ਵਿਚ ਫੜਦੇ ਹੋ (ਤਾਂ) ਜੋ ਨਿੰਦਕ ਹਨ (ਉਹ) ਦੁੱਖ ਤੇ ਕਸ਼ਟ ਪਾਉਂਦੇ ਹਨ।

(ਹੇ) ਗੁਰੂ ਹਰਿਗੋਬਿੰਦ ਜੀ! (ਤੁਸੀਂ) ਬੜੇ ਸਰਮੇ ਹੋ, ਕ੍ਰਿਪਾਲ ਹੋ, ਵੈਰੀਆਂ (ਰੂਪੀ) ਹਨੇਰੇ ਨੂੰ ਸੂਰਜ ਹੋਕੇ ਢੁਕਦੇ ਹੋ।

**ਹੋਰ ਅਰਥ**—(੧) (ਯਵਨੀ ਲੋਕ ਜੋ) ਸੂਰਾਂ (ਵਰਗੇ ਮਲੇਛ ਸਨ ਭਾਰਤ) ਭੂਮਿ ਤੇ ਆ ਗਏ (ਤੇ ਹਿੰਦੀ ਜੋ) ਦੇਵਤਾ (ਸਨ ਉਨ੍ਹਾਂ ਦੀ) ਹਾਨੀ ਕਰ ਰਹੇ ਸਨ। (ਆਪ ਉਹਨਾਂ ਦੀ ਰਖ੍ਯਾ ਤੇ ਧਰਤੀ ਨੂੰ ਮਲੇਛਾਂ ਤੋਂ ਛੁਡਾਉਣ ਲਈ) ਵਿਸ਼ਨੁ ਰੂਪ ਹੋਕੇ ਆਏ।

(੩) ਰਣ ਦੇ ਪਿਆਰੇ ਭਾਵ ਜੋਧਾ ਹੋਕੇ ਬਰਛਾ ਹੱਥ ਵਿਚ ਲੈਕੇ (ਆਪ ਨੇ ਐਸਾ ਫੇਰਿਆ ਕਿ) ਨਿੰਦਕ (ਮਲੇਛ) ਦੁਖੀ ਹੋਕੇ ਝੁਰਨ ਲਗੇ।

(੪) (ਜ਼ੁਲਮ ਦਾ) ਹਨੇਰਾ (ਪਸਾਰਨ ਵਾਲੇ, ਦੇਸ ਦੇ) ਵੈਰੀਆਂ ਨੂੰ ਬੜੇ ਸੂਰਮਾ ਕ੍ਰਿਪਾਲੂ ਗੁਰੂ ਹਰਿਗੋਬਿੰਦ ਜੀ ਸੂਰਜ ਵਾਂਙੂ ਲਗੇ ਭਾਵ ਉਹਨਾਂਨੂੰ ਪ੍ਰਾਜੈ ਕਰ ਦਿੱਤਾ।

(੨) ਐਸੇ (ਸਤਿਗੁਰੂ ਦੀ ਜਲਾਲ ਤੇ ਜਮਾਲ ਦੋਹਾਂ ਤਰ੍ਹਾਂ ਨਾਲ) ਸੁੰਦਰ ਸੂਰਤ ਨੂੰ ਜੋ ਕੋਈ ਸਿਮਰੇ ਉਹ ਦਿਲ ਵਿਚ ਤਤ੍ਵ ਗਯਾਨੀ ਤੇ (ਵਰਤੋਂ ਵਿੱਚ) ਸੂਰਮਗਤੀ ਦੀ ਬੁੱਧੀ ਵਾਲਾ ਹੋ ਜਾਏਗਾ, ਭਾਵ ਗਯਾਨੀ ਬੀ ਹੋਵੇਗਾ ਤੇ ਜ਼ੁਲਮ ਕਸ਼ਟ ਦਾ ਮੁਕਾਬਲਾ ਕਰਨੇ ਵਾਲਾ ਸੂਰਮਾ ਬੀ ਹੋਵੇਗਾ।

ਦੂਜੀ ਤੁਕ ਵਿਚ—ਮਤਿ ਸੂਰ=ਜੋ ਬੁੱਧੀ ਦੇ ਸੂਰਮੇਂ ਹਨ।

(੩) 'ਸੂਰ ਗਹੇ ਕਰ ਮੈ, ਰਣਕੋ, ਪ੍ਰਿਯ ਨਿੰਦਕ', ਐਉਂ ਪਾਠ ਬੀ ਕਰਦੇ ਹਨ, ਅਰਥ ਹੋਣਗੇ—ਹੱਥ ਵਿਚ ਬਰਛਾ ਫੜਕੇ (ਜਦ ਆਪ) ਰਣ ਵਿਚ (ਆਉਂਦੇ ਹਨ) ਤਾਂ ਆਪ ਦੇ ਪਿਆਰਿਆਂ ਦੇ ਨਿੰਦਕ ਕਸ਼ਟਾਤੁਰ ਹੋ ਜਾਂਦੇ ਹਨ।

**ਭਾਵ**—ਛਿਤ ਤੇ ਸੂਰ ਪਦ ਤੋਂ ਪਹਿਲੀ ਤੁਕ ਦੇ ਅਰਥ 'ਬਰਾਹ ਅਵਤਾਰ' ਵਾਲੇ ਕਰਨ ਦੀ ਰਗ਼ਬਤ ਰਹੀ, ਪਰੰਤੂ ਜੇ ਇਹ ਖਿਆਲ ਛੱਡਕੇ ਸ੍ਰੀ ਗੁਰ ਨਾਨਕ ਪ੍ਰ: ਪੂ: ਅਧਯਾਯ ੧ ਅੰਕ ੧੫ ਵਲ ਧਿਆਨ ਕਰੀਏ ਤਾਂ ਇਹ ਸਾਰਾ ਛੰਦ ਗੁਰੂ ਜੀ ਦੇ ਸਨੱਧ ਬੱਧ ਰੂਪ ਵਲ ਲੱਗਦਾ ਹੈ। 'ਸ੍ਰੀ ਗੁਰੂ ਹਰਿਗੋਬਿੰਦ ਬਰ ਸਨਧ ਬੱਧ ਧਰ ਧਯਾਨ' ਇਥੇ ਓਸੇ ਸਨੱਧ ਬੱਧ ਸ੍ਵਰੂਪ ਦਾ ਚਿੱਤ੍ਰ ਰਣਭੂਮੀ ਵਿਚ ਖਿੱਚ ਰਹੇ ਜਾਪਦੇ ਹਨ। ਕਿਉਂਕਿ ਪ੍ਰਕਰਣ ਸਾਰਾ ਰਣ੍ਯਖੇਤ੍ਰ ਦਾ ਹੈ। ਫੇਰ ਅਰਥ ਐਉਂ ਹੈ:—

(ਸ੍ਰੀ ਗੁਰੂ ਹਰਿਗੋਬਿੰਦ ਜੀ ਛਿਤ ਆਨਤ ਭੇ) ਰਣਭੂਮੀ ਵਿਚ ਸੂਰਮਾਂ ਸ੍ਵਰੂਪ ਧਾਰ ਕੇ ਆਏ (ਜਿੱਥੇ ਜੰਗ ਰਚਾ ਕੇ) ਸੂਰਮਿਆਂ ਦੇ ਸੂਰਮੱਤਣ ਨੂੰ ਨਾਸ਼ ਕਰਦੇ ਭਏ। ਓਸ ਸੁਹਣੀ ਸੂਰਤ ਨੂੰ ਜੋ ਯਾਦ ਕਰੇ ਓਹ ਹਿਰਦੇ ਵਿਚ ਤਾਂ ਤੱਤ ਗਯਾਨ ਨੂੰ ਪਾਏਗਾ ਤੇ ਬੁੱਧੀ ਵਿਚ ਸੂਰਮੱਤਣ ਭਾਵ ਬੀਰ ਰਸ ਪ੍ਰਾਪਤ ਕਰੇਗਾ। ਮਤਲਬ ਇਹ ਹੈ ਕਿ ਗੁਰੂ ਜਯੋਤੀ ਦੇ ਸੁਤੇ ਪ੍ਰਭਾਵ ਪੈਣ ਕਰਕੇ ਤਾਂ ਤੱਤ ਗਯਾਨ ਪਾਏਗਾ ਤੇ ਰਣ ਛੇਤ੍ਰ ਵਿਚ ਸਨੱਧ ਬੱਧ ਬੀਰ ਰਸ ਦੇ ਪ੍ਰਭਾਵ ਪੈਣ ਤੋਂ ਸੂਰਮੱਤਣ ਪਾਏਗਾ। ਇਸੀ ਤਰ੍ਹਾਂ ਰਣ ਵਿਚ ਬਰਛਾ ਲੈਕੇ ਆਉਣਾ ਸ਼ੱਤ੍ਰੂਆਂ ਦਾ ਪ੍ਰਾਜੇ ਕਰਨਾ, ਗਲ ਕੀ ਸਾਰੇ ਛੰਦ ਵਿਚ ਓਹੋ ਰੂਪਕ ਨਿਭਿਆ ਹੋਇਆ ਹੈ।

## ੯. ਇਸ਼੍ਟ ਗੁਰੂ–ਸ੍ਰੀ ਗੁਰੂ ਹਰਿਰਾਇ ਜੀ–ਮੰਗਲ।

ਸੈਯਾ॥ ਤਾਰਾ ਬਿਲੋਚਨ ਸੋਚਨ ਮੋਚਨ ਦੇਖਿ ਬਿਸ਼ੇਖ਼ ਬਿਸੈ ਬਿਸ ਤਾਰਾ।
ਤਾਰਾ ਭਵੋਦਧਿ ਤੇ ਜਨ ਕੋ ਗਨ ਕੀਰਤਿ ਸੇਤੁ ਕਰੀ ਬਿਸਤਾਰਾ।
ਤਾਰਾ ਮਲੇਛਨ ਕੇ ਮਤ ਕੋ ਉਦਿਤੇ ਦਿਨਨਾਥ ਜਥਾ ਨਿਸ ਤਾਰਾ।
ਤਾਰਰਿਦੇ ਉਪਦੇਸ਼ ਦੈ ਖੋਲਤਿ,ਸ਼੍ਰੀਹਰਿਰਾਇ ਕਰੇ ਨਿਸਤਾਰਾ॥੧੪॥

ਤਾਰਾ=ਅੱਖ ਦੀ ਪੁਤਲੀ। [ਸੰਸ:, ਤਾਰ:]
ਬਿਲੋਚਨ=ਅੱਖ [ਸੰਸ:, ਵਿਲੋਚਨ]। ਸੋਚਨ=ਸੋਚਾਂ। ਫਿਕਰ।
ਮੋਚਨ=ਦੂਰ ਕਰਨ ਵਾਲਾ। [ਸੰਸ:, ਮੋਚਨ=ਦੂਰ ਕਰਨਾ।]
ਬਿਸ਼ੇਖ਼=ਵਿਸ਼ੇਸ਼ ਕਰਕੇ, ਗਹੁ ਨਾਲ, ਮੁਰਾਦ ਹੈ ਪਿਆਰ ਤੇ ਸ਼ਰਧਾ ਦੇ ਭਾਵ ਨਾਲ।
ਬਿਸ਼ੈ=ਵਿਸ਼ਯਾ, ਕਾਮ ਕ੍ਰੋਧ ਲੋਭ ਆਦਿਕ ਵਿਖ਼ਯ।
ਬਿਸ=ਜ਼ਹਿਰ [ਸੰਸ:, ਵਿਖ]।
ਤਾਰਾ=ਮੁਕਤ ਕੀਤਾ, ਛੁਡਾਇਆ। [ਸੰਸ:, ਤਾਰਣੰ=ਮੁਕਤ ਕਰਨਾ]
ਤਾਰਾ=ਤਾਰਿਆ, ਪਾਰ ਕੀਤਾ [ਸੰਸ:, ਤਾਰਣੰ=ਪਾਰ ਕਰਨਾ]।
ਭਵੋਦਧਿ=ਭਵ ਸਾਗਰ [ਸੰਸ:, ਭਵ+ਉਦਧਿ=ਸੰਸਾਰ ਸਾਗਰ]. ਮੁਰਾਦ ਹੈ ਸੰਸਾਰ ਦੇ ਮੋਹ, ਮਾਯਾ, ਦੁਖ, ਕਲੇਸ਼ ਤੋਂ।
ਸੇਤੁ=ਪੁਲ [ਸੰਸ:, ਸੇਤੁ:]।
ਬਿਸਤਾਰਾ=ਤਾਣਿਆ। ਫੈਲਾਇਆ, ਦੋ ਕਿਨਾਰਿਆਂ ਦੇ ਵਿਚ ਬੰਨ੍ਹ ਦਿੱਤਾ। [ਸੰਸ:, ਵਿਸ੍ਤਾਰ=ਫੈਲਾਵ]
ਤਾਰਾ=ਤਾੜਿਆ, ਝਿੜਕ ਦਿੱਤਾ, ਮਾਤ ਕੀਤਾ। [ਸੰਸ: ਤਾੜਨੰ]
ਉਦਿਤੇ=ਉਦਯ, ਚੜ੍ਹਨਾ ਸੂਰਜ ਦਾ।
ਦਿਨਨਾਥ=ਦਿਨ ਦਾ ਮਾਲਕ=ਸੂਰਜ।
ਨਿਸਤਾਰਾ=ਰਾਤ ਦੇ ਤਾਰਿਆਂ ( ਨੂੰ ) [ਸੰਸ:, ਨਿਸ਼ਾ=ਰਾਤ। ਤਾਰਾ=ਸਿਤਾਰਾ]।

[ ਤਾਰਾ=ਤਾਲਾ, ਜੰਦਰਾ [ਸੰਸ:, ਤਾਲਕ । ਹਿੰਦੀ ਤਾਲਾ]।
ਨਿਸਤਾਰ=ਪਾਰ ਉਤਾਰਾ, ਮੁਕਤੀ, (ਸੰਸ:, ਨਿਸ੍ਤਾਰ:) ]

**ਅਰਥ**-(ਜਿਨ੍ਹਾਂ ਦੀ) ਅੱਖ ਦੀ ਪੁਤਲੀ (ਦਾ ਸੁਭਾਵਕ ਦਰਸ਼ਨ ਮਨ ਦੇ) ਫਿਕਰਾਂ ਨੂੰ ਦੂਰ ਕਰਨ ਵਾਲਾ ਹੈ, (ਪਰ ਜਿਸਨੇ) ਗਹੁ ਨਾਲ ਤੱਕਿਆ (ਇਸ ਨੇ ਉਸਨੂੰ ਵਿਸ਼ੇ ਰੂਪੀ) ਜ਼ਹਰ (ਤੋਂ) ਮੁਕਤ ਕੀਤਾ,

(ਜਿਨ੍ਹਾਂ ਨੇ ਵਾਹਿਗੁਰੂ ਦੇ) ਕੀਰਤਨ ਦਾ ਪੁਲ ( ਲੋਕ ਪ੍ਰਲੋਕ ਦੇ ਵਿਚਕਾਰ ) ਤਾਣਕੇ (ਅਪਣੇ) ਦਾਸਾਂ ਦੇ ਸਮੂਹਾਂ ਨੂੰ ਭਵਸਾਗਰ ਤੋਂ ਪਾਰ ਕੀਤਾ ਹੈ,

(ਜਿਨ੍ਹਾਂ ਨੇ) ਮਲੇਛਾਂ ਦੇ ਮਤ ਨੂੰ (ਐਉਂ) ਤਾੜਨਾਂ ਕੀਤੀ ਹੈ (ਜਿਵੇਂ) ਸਰਜ ਦੇ ਉਦੇ ਹੋਣ ਨਾਲ ਰਾਤ ਦੇ ਤਾਰਿਆਂ ਨੂੰ (ਤਾੜਨਾਂ ਹੋ ਜਾਂਦੀ ਹੈ),

(ਐਸੇ) ਸ੍ਰੀ ਗੁਰੂ ਹਰਿ ਰਾਇ ਜੀ (ਜਗਜਾਸੂਆਂ ਦੇ) ਹਿਰਦੇ ਦੇ ਜੰਦਰੇ ਨੂੰ ਉਪਦੇਸ਼ ਦੇਕੇ ਖੋਹਲ ਦਿੰਦੇ ਹਨ (ਮੇਰਾ ਬੀ) ਪਾਰ ਉਤਾਰਾ (ਕਲਜਾਨ) ਕਰਨ ।

**ਹੋਰ ਅਰਥ**-ਪਹਿਲੀ ਤੁਕ ਦਾ ਅਰਥ ਐਉਂ ਬੀ ਲਗਦਾ ਹੈ:-
ਵਿਸ਼ੇਸ਼ ਕਰਕੇ ਜੋ ਦੇਖੀਦਾ ਹੈ (ਜਗਤ ਵਿਚ) ਵਿਸ਼ਿਆਂ ਦਾ ਪਸਾਰਾ (ਇਸਦੀ) ਚਿੰਤਾਂ ਤੋਂ ਨੇਤ੍ਰਾਂ ਦੀ (ਕ੍ਰਿਪਾ) ਦ੍ਰਿਸ਼ਟੀ ਨਾਲ ਛੁੜਾ ਲੈਂਦੇ ਹਨ (ਗੁਰੂ ਜੀ) । [ਤਾਰਾ ਬਿਲੋਚਨ= ਨੇਤ੍ਰਾਂ ਦੀ ਦ੍ਰਿਸ਼ਟੀ]।

## ੧੦. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

**ਸ੍ਰੀ ਸਤਿਗੁਰੂ ਪੂਰਨ ਹਰਿ ਕ੍ਰਿਸ਼ਨ । ਕ੍ਰਿਸ਼ਨਬਰਤਮਾਂ ਬਨ ਅਘ ਕ੍ਰਿਸ਼ਨ ।**
**ਕ੍ਰਿਸ਼ਨ ਸਰੂਪਦਾਸ ਜਿਸ ਕ੍ਰਿਸ਼ਨ।ਕ੍ਰਿਸ਼ਨ ਭਗਤਿਕੋ ਮੋਘਦ ਜਿਸ਼ਨ॥੧੫॥**

[ ਹਰਿ ਕ੍ਰਿਸ਼ਨ=ਅੱਠਵੇਂ ਸਤਿਗੁਰੂ ਜੀ ਦਾ ਪਵਿੱਤ੍ਰ ਨਾਮ ।
ਕ੍ਰਿਸ਼ਨ ਬਰਤਮਾਂ=ਕ੍ਰਿਸ਼੍ਨ ਵਰਤਮਾਂ=ਅਗਨੀ, [ਸੰਸ:, ਕ੍ਰਿਖਵਰਤਮਨ=ਜਿਸਦਾ ਰਸਤਾ ਕਾਲਾ ਹੋਵੇ, ਭਾਵ ਅਗਨੀ ਜੋ ਧੂੰਏਂ ਦੇ ਮਗਰ ਟੁਰਦੀ ਹੈ। ਕਵਿ ਸੰਤੋਖ ਸਿੰਘ ਜੀ ਨੇ ਅਪਣੇ ਕੋਸ਼ ਵਿਚ ਅਗਨੀ ਦੇ ਨਾਵਾਂ ਵਿਚ ਬੀ ਕ੍ਰਿਸ਼ਨਵਰਤਮਾਂ ਅਗਨੀ ਦਾ ਨਾਮ ਲਿਖਿਆ ਹੈ] ਅਗੇ ਪਦ-ਬਨ-ਪਿਆ ਹੈ, ਇਸ ਕਰਕੇ-ਕ੍ਰਿਸ਼ਨ ਬਰਤਮਾਂ-ਦੀ ਮੁਰਾਦ ਦਾਵਾ ਅਗਨੀ ਤੋਂ ਹੈ । ('ਵਰਦ' ਨਾਮ ਬੀ ਇਕ ਅਗਨੀ ਦਾ ਹੈ ਜੋ ਪਾਪਾਂ ਦੇ ਪ੍ਰਾਸਚਿਤ ਦੀਆਂ ਬਲੀਆਂ ਲੈਂਦੀ ਹੈ)।
ਕ੍ਰਿਸ਼ਨ=ਕਾਲਾ । ਬਨ ਅਘ ਕ੍ਰਿਸ਼ਨ=ਪਾਪਾਂ ਰੂਪੀ ਕਾਲੇ ਬਨ ਨੂੰ ।
ਕ੍ਰਿਸ਼ਨ=ਪਰਮਾਤਮਾਂ (ਦੇਖੋ ਸ੍ਰੀ ਗੁਰੂ ਗ੍ਰੰਥ ਕੋਸ਼), ਪਿਆਰ ਦੀ ਖਿੱਚ ਪਾਉਣ ਵਾਲੇ ।
ਕ੍ਰਿਸ਼ਨ=ਉਸ ਅਨਪੜ੍ਹ ਝੀਊਰ ਵਲ ਇਸ਼ਾਰਾ ਹੈ ਜਿਸਨੂੰ ਸਤਿਗੁਰਾਂ ਨੇ ਇਕ

ਪੰਡਤ ਨਾਲ ਸ਼ਾਸਤ੍ਰਾਰਥ ਕਰਵਾ ਕੇ ਜਿਤਾਇਆ ਸੀ। ਉਸਦਾ ਰੰਗ ਬੀ ਕ੍ਰਿਸ਼ਨ (ਕਾਲਾ) ਸੀ। ਯਥਾ-'ਕਾਰੋ ਬਰਨ ਬਸਤ੍ਰ ਜਿਸ ਢਾਰੇ' (ਦੇਖੋ ਰਾਸ ੧੦ ਅੰਸੂ ੩੮ ਅੰਕ ੩੩)

(ਅ) ਕ੍ਰਿਸ਼ਜ+ਨ-ਜੋ ਕਦੇ ਲਿੱਸੇ ਨਹੀਂ ਹੁੰਦੇ, ਕਿਸੇ ਅੱਗੇ ਹਾਰ ਨਹੀਂ ਖਾਂਦੇ, ਇਸ਼ਾਰਾ ਉਸੇ ਝੀਵਰ ਸਿੱਖ ਦੀ ਜਿੱਤ ਵੱਲੋ ਹੈ, ਜਿਸਤੋਂ ਪੰਡਤ ਨੂੰ ਹਾਰ ਦਿਵਾਈ ਸੀ। [ਸੰਸ:, ਕ੍ਰਿਸ਼]।

ਕ੍ਰਿਸ਼ਨ=ਖੇਤੀ [ਸੰਸ: ਕ੍ਰਿਸ਼ਿ=ਖੇਤੀ]।

ਮੇਘਦ=ਮੇਘ+ਦ=ਬੱਦਲ ਦੇਣ ਵਾਲੇ। ਮੀਂਹ ਵਸਾਉਣ ਵਾਲੇ।

ਜਿਸ਼ਨ=ਇੰਦ੍ਰ। [ਸੰਸ:, ਜਿਸ਼੍ਣੁ]

**ਅਰਥ**-ਸ਼੍ਰੀ ਹਰਿ ਕ੍ਰਿਸ਼ਨ ਜੀ ਪੂਰਨ ਸਤਿਗੁਰੂ ਹਨ, ਪਾਪਾਂ (ਰੂਪੀ) ਕਾਰੇ ਬਨ ਨੂੰ (ਦਾਹ ਕਰਨ ਲਈ) ਅਗਨੀ (ਸਮਾਨ ਹਨ); ਪਰਮਾਤਮਾ ਦਾ ਰੂਪ ਹਨ, ਜਿਨ੍ਹਾਂ ਦੇ ਦਾਸ ਨੂੰ (ਕਦੇ) ਹਾਰ ਨਹੀਂ; ਭਗਤੀ (ਰੂਪੀ) ਖੇਤੀਆਂ ਨੂੰ ਬਰਖਾ ਦੇਕੇ ਇੰਦ੍ਰ (ਸਮਾਨ ਪਾਲਣਹਾਰ ਹਨ)।

**ਭਾਵ**-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਅੱਠਵੇਂ ਸਤਿਗੁਰਾਂ ਦਾ ਨਾਮ ਹੈ। ਹਰਿ ਕ੍ਰਿਸ਼ਨ ਦਾ ਅਰਥ ਹੈ ਸੁਨਹਿਰੀ ਝਾਂਵਲੇ ਵਾਲੇ, ਸਾਂਵਲੇ ਸਲੋਨੇ ਰੰਗ ਵਾਲੇ। ਦੂਸਰਾ ਅਰਥ ਹੈ ਭਗਤਾਂ ਦੇ ਦਿਲਾਂ ਨੂੰ ਖਿੱਚ ਲੈਣ ਵਾਲੇ ਹਰਿ=(ਪਰਮਾਤਮਾ ਸਰੂਪ)। ਐਸੇ ਸਤਿਗੁਰੂ ਜੀ ਪੂਰਨ ਸਨ ਚਾਹੇ ਉਨ੍ਹਾਂ ਦੀ ਸਰੀਰਕ ਉਮਰਾ ਛੋਟੀ ਸੀ, ਪਰ ਗੁਰੂ ਜੋਤ ਪੂਰਨ ਰੂਪਤਾ ਕਰਕੇ ਉਨ੍ਹਾਂ ਵਿਚ ਪਰਜਲਤ ਸੀ। ਰੋਗੀਆਂ ਨੂੰ ਰਾਜ਼ੀ ਕਰਦੇ ਸਨ, ਰੋਗ ਪਾਪਾਂ ਦਾ ਫਲ ਹਨ। ਪਾਪ ਦਗਧ ਹੋਣ ਤਾਂ ਰੋਗ ਦੂਰ ਹੁੰਦੇ ਹਨ। ਇਸ ਕਰਕੇ ਕਵਿ ਜੀ ਉਨ੍ਹਾਂ ਨੂੰ 'ਪਾਪਾਂ ਰੂਪੀ ਕਾਲੇ ਬਨ ਨੂੰ ਦਗਧ ਕਰਨੇ ਵਾਲੀ ਅਗਨੀ' ਆਖਦੇ ਹਨ। ਦਿੱਲੀ ਜਾਂਦਿਆਂ ਇਕ ਵਿਦਜਾ ਅਭਿਮਾਨੀ ਪੰਡਤ ਦਾ ਮਾਨ ਹਰਨ ਵਾਸਤੇ ਉਸਦੇ ਤਰਕ ਕਰਨੇ ਪਰ ਸਤਿਗੁਰੂ ਜੀ ਨੇ ਇਕ ਅਨਪੜ੍ਹ ਸਿੱਖ ਦੇ ਸਿਰ ਹੱਥ ਧਰਕੇ ਪੰਡਤ ਜੀ ਨਾਲ ਚਰਚਾ ਵਿਚ ਹਰਾਕੇ ਉਸਨੂੰ ਭਗਤੀ ਮਾਰਗ ਤੇ ਪਾਕੇ ਤਾਰਿਆ ਸੀ, ਉਸ ਸਾਖੀ ਵਲ ਇਸ਼ਾਰਾ ਕਰਕੇ ਕਵਿ ਜੀ ਕਹਿੰਦੇ ਹਨ ਕਿ ਆਪਦੇ ਦਾਸਾਂ ਨੂੰ ਕਦੇ ਹਾਰ ਨਹੀਂ। ਅਥਵਾ ਆਪ(ਕ੍ਰਿਸ਼ਨ=ਸਰੂਪ) ਪ੍ਰਮਾਤਮਾ ਰੂਪ ਹਨ ਤੇ(ਦਾਸ ਜਿਸ ਕ੍ਰਿਸ਼ਨ=)ਦਾਸ ਜਿਨ੍ਹਾਂ ਦੇ (ਦ੍ਵਾਪਰ ਦੇ ਅਵਤਾਰ) ਸ੍ਰੀ ਕ੍ਰਿਸ਼ਨ (ਤੁੱਲ ਜੋਗੀ ਤੇ ਗਿਆਨੀ ਹਨ)*। ਅੰਤ ਵਿਚ ਕਹਿੰਦੇ ਹਨ ਕਿ ਆਪ ਇੰਦ੍ਰ ਸਮਾਨ ਹਨ ਜੋ ਖੇਤੀਆਂ ਨੂੰ ਪਾਣੀ ਦੇਕੇ ਪਾਲਦਾ ਹੈ, ਸ੍ਰੀ ਗੁਰੂ ਜੀ ਸਿਖੀ ਰੂਪੀ ਖੇਤੀ ਨੂੰ ਮੇਹਰ ਦਾ ਮੀਂਹ ਪਾਕੇ ਪਾਲਦੇ ਹਨ। ਇਸ ਤੁਕ ਵਿਚ ਇਕ ਸ਼ਲੇਖ

---

*ਇਸ ਅਰਥ ਦੀ ਪੁਸ਼ਟੀ ਭਾਈ ਨੰਦ ਲਾਲ ਜੀ ਦੇ ਤੌਸੀਫੋ ਸਨਾ ਤੋਂ ਭੀ ਹੁੰਦੀ ਹੈ ਜਿਥੇ ਲੱਖਾਂ ਸ੍ਰੀ ਕ੍ਰਿਸ਼ਨ ਤੇ ਸ੍ਰੀ ਰਾਜਾ ਰਾਮ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਧੂੜ ਚੁੰਮਣ ਵਾਲੇ ਦੱਸਿਆ ਹੈ [ਦੇਖੋ 'ਤੌਸੀਫੋ ਸਨਾ' ਸਲਤਨਤ ਦਹਮ]।

ਅਰਥ ਨਾਲ ਹੋਰ ਸੈਨਤ ਬੀ ਜਾਪਦੀ ਹੈ। ਯੋਗ ਮਾਰਗ ਵਿਚ ਜਦੋਂ ਕਲੇਸ਼ ਕਰਮ ਦੀ ਨਵਿਰਤੀ ਹੋ ਜਾਂਦੀ ਹੈ ਸਤਜ ਅਸਲ ਹੋ ਦਿਸਦਾ ਹੈ, ਉਸ ਨੂੰ 'ਧਰਮ ਮੇਘਾ' ਸਮਾਧੀ ਕਹਿੰਦੇ ਹਨ। ਕਵਿ ਜੀ ਕਹਿੰਦੇ ਹਨ ਕਿ ਜਿਵੇਂ ਇੰਦ੍ਰ ਖੇਤੀਆਂ ਨੂੰ ਮੇਘ ਦਾਤਾ ਹੈ ਤਿਵੇਂ ਗੁਰੂ ਹਰਿ ਕ੍ਰਿਸ਼ਨ ਜੀ ਭਗਤਾਂ ਨੂੰ 'ਧਰਮ ਮੇਘਾ ਸਮਾਧੀ ਦੇ ਦਾਤੇ' ਹਨ। ਭਾਵ ਇਹ ਕਿ ਨਾਮ ਦਾਨ ਦੇਕੇ ਮੁਕਤੀ ਤਕ ਅਪੜਾ ਦੇਂਦੇ ਹਨ ਤੇ ਓਹ ਫੇਰ ਆਪ ਜਪਣ ਅਵਰਾਂ ਨੂੰ ਜਪਾਵਣ ਹਾਰ ਹੋਕੇ, 'ਕਾਹੂ ਫਲ ਕੀ ਇਛਾ ਨਹੀਂ ਬਾਛੈ' ਦੇ ਵਿਚ ਕੇਵਲ ਵਸਦੇ ਹਨ।

## ੧੧. ਇਸ਼੍ਟ ਗੁਰੂ—ਸ੍ਰੀ ਗੁਰੂ ਤੇਗ ਬਹਾਦਰ ਜੀ—ਮੰਗਲ।

**ਸੈਯਾ॥ ਹਾਦਰ ਹੋਤਿ ਜਹਾਂ ਸਿਮਰੇ ਸੁਖ ਸਾਗਰ ਜਾਂਹਿ ਪਿਖੇ ਸੁਰ ਸਾਦਰ।**
**ਸਾਦ ਰਚੇ ਇਕ ਆਤਮ ਗਯਾਨ ਬਡ਼ੀ ਬਿਖ਼ਿਯਾਤਪ ਕੋ ਬਡ ਬਾਦਰ।**
**ਬਾਦਰਹੈ ਸਿੱਖ ਹ੍ਵੈ ਨਰ ਸੋ ਜਿਨਿਜਾਨਨੋ ਨਹੀਂ ਜੁ ਇਹੀਜਗ ਕਾਦਰ।**
**ਕਾ ਦਰਹੈ ਜਮਕੋ ਤਿਨ ਜੀਵਨਿ ਅੰਤ ਭਜੈਂ ਗੁਰ ਤੇਗਬਹਾਦਰ॥੧੬॥**

[ਹਾਦਰ=ਹਾਜ਼ਰ, ਪ੍ਰਤੱਖ ਹੋਣਾਂ। ਮੌਜੂਦ ਹੋ ਜਾਣਾਂ। [ਅਰਬੀ—ਹਾਜ਼ਿਰ]
ਪਿਖੇ=ਦੇਖਣ ਨਾਲ, ਦਰਸ਼ਨ ਕਰਨ ਨਾਲ। ਸੁਰ=ਦੇਵਤੇ।
ਸਾਦਰ=ਸਹਤ ਆਦਰ ਦੇ, ਆਦਰ ਪੂਰਬਕ।
ਸਾਦ=ਸੁਆਦ। [ਸੰਸ:, ਸ੍ਵਾਦ]
ਬਿਖ਼ਿਯਾਤਪ=ਵਿਸ਼ਿਆਂ ਰੂਪੀ ਧੁੱਪ, ਵਿਸ਼ਿਆਂ ਰੂਪੀ ਤੱਪਸ਼।
[ਸੰਸ:, ਵਿਖ਼ਿਯ+ਆਤਪ]
ਬਾਦਰ=ਬੱਦਲ। [ਸੰਸ:, ਵਾਰਿਦ] ਭਾਵ ਰੱਖਯਕ। (ਅ) ਕਵਿ ਜੀ ਦਾ ਇਸ ਤੁਕ ਤੋਂ ਯੋਗ ਦਰਸ਼ਨ ਵਿਚ ਕਥੀ 'ਧਰਮ ਮੇਘਾ' ਸਮਾਧੀ ਵਲ ਬੀ ਇਸ਼ਾਰਾ ਹੋ ਸਕਦਾ ਹੈ ਕਿ ਆਪ ਪੂਰਨ ਪਦ ਤੇ ਇਸਥਿਤ ਹਨ ਤੇ ਉਨ੍ਹਾਂ ਦਾ ਵਜੂਦ ਵਿਸ਼ੇਸ਼ ਕਰਕੇ ਆਤਮ ਗਯਾਨ ਦਾਨ ਕਰ ਰਿਹਾ ਹੈ।
ਬਾਦ=ਬ੍ਰਿਥਾ। ਸੱਖਣਾ। [ਸੰਸ:, ਵਾਦ]
ਕਾਦਰ=ਕੁਦਰਤ ਵਾਲਾ। ਹੁਕਮ ਰੱਖਣ ਵਾਲਾ [ਅਰਬੀ, ਕਾਦਰ]।
ਕਾ ਦਰ=ਕਾ। ਦਰ=ਕੀ ਦਰ ਹੈ, ਕੀ ਡਰ ਹੈ। (ਅ) ਕਾ ਦਰ = ਦਰ=ਦਰਵਾਜਾ, ਕਾ=ਕੀਹ, ਭਾਵ (ਜਮ ਦੇ) ਦਰਵਾਜੇ ਨਾਲ ਕੀਹ (ਵਾਸਤਾ)। ਜੀਵਨਿ=ਜੀਵਾਂ ਨੂੰ।]

**ਅਰਥ**—(ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ) ਜਿੱਥੇ ਯਾਦ ਕਰੋ (ਉੱਥੇ ਹੀ) (ਪ੍ਰਤੱਖ ਆ) ਹਾਜ਼ਰ ਹੁੰਦੇ ਹਨ, ਸੁਖਾਂ ਦਾ ਸਮੁੰਦਰ (ਐਸੇ ਹਨ ਕਿ ਉਹਨਾਂ ਦੇ) ਦਰਸ਼ਨ ਕਰਨ ਨਾਲ ਦੇਵਤੇ ਆਦਰ ਨਾਲ (ਮਿਲਦੇ ਹਨ)।

(ਆਪ) ਇਕ ਆਤਮ ਗਯਾਨ ਦੇ ਸੁਆਦ ਵਿਚ ਰਚੇ ਹੋਏ ਹਨ (ਤੇ ਜਗਯਾਸੂਆਂ ਨੂੰ)ਵਿਸ਼ਯ ਰੂਪੀ ਕਰੜੀ ਧੁੱਪ ਤੋਂ(ਰੱਖ੍ਯਾ ਕਰਨ ਲਈ)ਵੱਡ ਬੱਦਲ ਸਮਾਨ ਹਨ।

(ਹਾਂ,) ਉਹ ਨਰ ਸਿੱਖ ਹੋਕੇ ਬੀ ਸੱਖਣੇ ਰਹੇ ਹਨ, ਜਿਨ੍ਹਾਂ ਨੇ ਨਹੀਂ ਜਾਣਿਆਂ ਕਿ ਇਹੀ ਜਗਤ ਦੇ ਕਾਦਰ ਹਨ।

(ਹਾਂ) ਉਨ੍ਹਾਂ ਜੀਵਾਂ ਨੂੰ ਜਮ ਦਾ ਕੀ ਡਰ ਹੈ ਜਿਨ੍ਹਾਂ ਨੇ ਅੰਤ (ਸਮੇਂ) ਗੁਰੂ ਤੇਗਬਹਾਦਰ ਜੀ ਨੂੰ ਭਜਿਆ ਹੈ।

**ਹੋਰ ਅਰਥ**—੧. ਸੁਖਾਂ ਦੇ ਸਮੁੰਦਰ ਜੀ ਨੂੰ ਜਿੱਥੇ ਯਾਦ ਕਰੀਏ ਉਥੇ ਹੀ ਹਾਜ਼ਰ ਹੁੰਦੇ ਹਨ, ਜਿਨ੍ਹਾਂ ਦਾ ਦਰਸ਼ਨ ਦੇਵਤੇ ਆਦਰ (ਸਤਿਕਾਰ) ਨਾਲ ਕਰਦੇ ਹਨ।

੪. ਓਹਨਾਂ ਜੀਵਾਂ ਨੂੰ ਯਮਾਂ ਦੇ ਦਰਵਾਜੇ ਨਾਲ ਕੀ (ਵਾਸਤਾ ਹੈ) ਜਿਨ੍ਹਾਂ ਨੇ ਅੰਤ ਵੇਲੇ ਗੁਰੂ ਤੇਗ ਬਹਾਦਰ ਜੀ ਨੂੰ ਭਜਿਆ ਹੈ।

## ੧੨. ਇਸ਼੍ਰ ਗੁਰੂ—ਸ਼੍ਰੀ ਗੁਰੂ ਗੋਬਿੰਦ ਸਿੰਘ ਜੀ—ਮੰਗਲ।

ਸਵੈਯਾ

**ਤ੍ਰਾਣ ਕਰੈਂ ਨਿਜ ਦਾਸਨ ਕੀ ਭਵ ਬੰਧਨ ਤੋਰ ਦਦ ਨਿਰਬਾਣ।**
**ਬਾਣ ਕੁਦੰਡ ਪ੍ਰਚੰਡ ਧਰੇ ਗਜ ਸੁੰਡ ਮਨੋ ਭੁਜਦੰਡ ਪ੍ਰਮਾਣ।**
**ਮਾਣ ਨਿਮਾਣਨਿ ਹਾਨਿ ਅਰੀ ਗਣ ਬਾਣ ਸਦਾ ਜਿਨ ਆਯੁਧ ਪਾਣ।**
**ਪਾਣਿਪ ਹਿੰਦੁਨ ਗੋਬਿੰਦ ਸਿੰਘ ਗੁਰੂਬਰ ਬੀਰ ਧਰੈਂ ਅਤਿ ਤ੍ਰਾਣ ॥੧੭॥**

{ ਤ੍ਰਾਣ=ਰਖ੍ਯਾ, [ਸੰਸ:, ਤ੍ਰਾਣ] ਦਦੂ=ਦੇਂਦੇ ਹਨ, ਬਖਸ਼ਦੇ ਹਨ।
ਨਿਰਬਾਣ=ਮਾਇਆ ਤੇ ਅਤੀਤ ਅਵਸਥਾ। ਮੁਕਤੀ। ਪਰਮ ਪਦ। ਪਰਮ ਉੱਚ ਆਤਮ ਪਦ [ਸੰਸ:, ਨਿਰ੍ਵਾਣ]।
ਪ੍ਰਚੰਡ=ਤ੍ਰਿੱਖੇ। ਗਜ=ਹਾਥੀ। ਮਨੋ=ਮਾਨੋ।
ਭੁਜ=ਬਾਂਹਾਂ। ਦੰਡ=ਦੰਡ ਦੇਣ ਵਾਲੀਆਂ। (ਅ) ਡੰਡੇ ਵਰਗੀਆਂ, ਭਾਵ ਸਿੱਧੀਆਂ। ਪ੍ਰਮਾਣ=ਤੁੱਲਤਾ ਵਾਲੀਆਂ, ਵਰਗੀਆਂ। ਅਰੀਗਣ=ਸ਼ੱਤ੍ਰੂਆਂ ਦੇ ਸਮੂਹ।
ਬਾਣ=ਸੁਭਾਵ। ਆਯੁਧ ਪਾਣ=ਹਥ ਵਿਚ ਸ਼ਸਤ੍ਰ।
[ਸੰਸ:, ਆਯੁਧ=ਸ਼ਸਤ੍ਰ, ਪਾਣ=ਹੱਥ]
(ਅ) ਆ+ਯੁਧ+ਪਾਣ=ਵਿਸ਼ੇਸ਼ ਕਰਕੇ ਯੁੱਧ ਵਿਵਹਾਰ।
ਪਾਣਿਪ=ਪਾਣਪੱਤ, ਇੱਜ਼ਤ। ਟੇਕ, ਆਸਰਾ (ਅ) ਰੱਖ੍ਯਾ ਕਰਨ ਵਾਲੇ [ਸੰਸ: ਪਾ=ਰੱਖ੍ਯਾ ਕਰਨੀ]। (ੲ) ਦਸਤਗੀਰ, ਹੱਥ ਫੜਨ ਵਾਲੇ [ਸੰਸ: ਪਾਣਿ=ਹੱਥ+ਪਾ=ਫੜਨਾ]
ਤ੍ਰਾਣ=ਸੰਜੋਅ। ਕਵਚ। [ਸੰਸ:, ਤ੍ਰਾਣ=ਜੋ ਰੱਖ੍ਯਾ ਕਰੇ]
(ਅ) ਤ੍ਰਾਣ=ਬਲ [ਲਹਿੰਦਾ ਪੰ:, ਤ੍ਰਾਣ, ਪੰਜਾਬੀ ਤਾਣ] }

**ਅਰਥ**—ਅਰਥ ਚੌਥੀ ਤੁਕ ਤੋਂ ਟੁਰੇਗਾ:—ਸ਼੍ਰੀ ਗੋਬਿੰਦ ਸਿੰਘ ਜੀ ਗੁਰੂ ਹਨ, ਬੜੇ

ਸੂਰਬੀਰ ਹਨ, ਬੜੀ ਸੰਜੋਅ ਨੂੰ ਧਾਰਨ ਕਰਨ ਵਾਲੇ, (ਤੇ) ਹਿੰਦੀਆਂ ਦੀ ਇੱਜ਼ਤ ਹਨ।

ਆਪਣੇ ਦਾਸਾਂ ਦੀ (ਸਦਾ) ਰੱਖਯਾ ਕਰਦੇ ਹਨ (ਅਤੇ ਉਨ੍ਹਾਂ ਦੇ) ਭਵ ਬੰਧਨ ਤੋੜਕੇ ਨਿਰਬਾਣ (ਦੀ ਦਾਤ) ਬਖ਼ਸ਼ਦੇ ਹਨ;

ਧਨੁਖ ਤੇ ਤ੍ਰਿੱਖੇ ਬਾਣਾਂ ਨੂੰ ਧਾਰਨ ਕਰਨ ਵਾਲੇ ਹਨ, (ਦੁਸ਼ਟਾਂ ਨੂੰ) ਦੰਡ ਦੇਣ ਵਾਲੀਆਂ (ਉਨ੍ਹਾਂ ਦੀਆਂ) ਭੁਜਾਂ ਹਾਥੀ ਦੀ ਸੁੰਡ ਵਰਗੀਆਂ (ਬਲਵਾਨ) ਹਨ;

ਨਿਮਾਣਿਆਂ ਦਾ ਉਹ ਮਾਣ ਹਨ, ਵੈਰੀਆਂ ਦੇ ਸਮੂਹਾਂ ਨੂੰ ਹਾਨੀ ਦੇਣ ਵਾਲੇ ਹਨ; ਸੁਭਾਵ ਜਿਨ੍ਹਾਂ ਦਾ ਸਦਾ ਸ਼ਸਤ੍ਰ ਧਾਰੀ ਰਹਿਣ ਦਾ ਹੈ।

**ਹੋਰ ਅਰਥ**–੩. ਨਿਮਾਣਿਆਂ ਨੂੰ ਆਦਰ ਦੇਣਾ ਤੇ ਸ਼ਸਤ੍ਰ ਹੱਥੀਂ ਫੜਕੇ ਸ਼ੱਤ੍ਰੂਆਂ ਦਾ ਨਾਸ਼ ਕਰਨਾ ਇਹ ਜਿਨ੍ਹਾਂ ਦਾ ਸਦਾ ਤੋਂ ਸੁਭਾਵ ਹੈ।

੪. ਸ੍ਰੇਸ਼ਟ ਗੁਰੂ ਗੋਬਿੰਦ ਸਿੰਘ ਜੀ ਬੜੇ ਸੂਰਮੇਂ, ਹਿੰਦੂਆਂ ਦੇ ਦਸਤਗੀਰ ਬੜੇ ਬਲ ਨੂੰ ਧਾਰਨ ਵਾਲੇ ਹਨ।

ਕਬਿੱਤ ॥ **ਭੀਰ ਪਰੇ ਧੀਰ ਦੇ ਸਥੰਭ ਜੈਸੇ ਮਹਾਂ ਬੀਰ ਰੱਛਕ ਜਨੋਂ ਕੇ ਮਿਲੇ ਦੁਖਦ ਸਮਾਜ ਕੇ। ਏਕ ਸੰਗ ਬਿਘਨ ਤਰੰਗਚੈ ਉਤੰਗ ਉਠੈਂ ਤਹਾਂ ਗੁਰੂ ਆਨਿ ਬਨੈਂ ਕੇਵਟ ਜਹਾਜ ਕੇ। ਸਾਗਰ ਗੰਭੀਰ ਪਰ ਪ੍ਰੇਮ ਤੇ ਅਛੋਭ ਨਹਿ ਭਨਤਿ ਸੰਤੋਖ ਸਿੰਘ ਗੁਨ ਮਹਾਂਰਾਜਕੇ। ਦੈਯਾ ਰਾਜ ਤਾਜ ਕੇ ਬਿਧੈਯਾ ਸੁਖ ਸਾਜ ਕੇ ਰਖੈਯਾ ਦਾਸ ਲਾਜ ਕੇ ਕਰੈਯਾ ਕਵਿ ਕਾਜ ਕੇ ॥ ੧੯ ॥**

ਭੀਰ=ਭੀੜ, ਤੰਗੀ, ਔਖ, ਮੁਸ਼ਕਲ। ਧੀਰ=ਧੀਰਜ।
ਸਥੰਭ=ਥੰਮਾਂ। ਮੁਰਾਦ ਹੈ ਅਹਿੱਲਤਾ ਤੋਂ।
ਮਹਾਂਬੀਰ=ਬੜੇ ਬਹਾਦੁਰ। ਰੱਛਕ=ਰੱਖਯਾ ਕਰਨ ਵਾਲੇ।
ਦੁਖਦ=ਦੁਖਦਾਈ। ਸਮਾਜ=ਸਮੂਹ, ਇਕੱਠ।
ਦੁਖਦ ਸਮਾਜ–ਤੋਂ ਮੁਰਾਦ ਹੈ, ਦੁੱਖ ਦੇਣ ਵਾਲੇ ਸਾਮਾਨਾਂ ਦੇ ਸਮੂਹ।
ਤਰੰਗ ਚੈ=ਲਹਰਾਂ ਦੇ ਸਮੂਹ=[ਸੰਸ:, ਚਯ=ਸਮੂਹ]।
ਉਤੰਗ=ਉੱਚੇ ਉੱਚੇ।
ਕੇਵਟ=ਮਲਾਹ। ਗੰਭੀਰ=ਡੂੰਘੇ। ਡੂੰਘੇ ਪਾਣੀ ਅਡੋਲ ਹੁੰਦੇ ਹਨ, ਇਸ ਲਈ ਮੁਰਾਦ ਅਡੋਲ ਤੋਂ ਹੈ; ਪਦ-ਗੰਭੀਰ-ਕੇਵਲ ਪਾਣੀ ਦੇ ਡੂੰਘ ਵਾਸਤੇ ਨਹੀਂ ਵਰਤੀਂਦਾ, ਪਰ ਸੁਭਾਵ ਦੇ ਡੂੰਘਾ ਪਨ, ਅਡੋਲਤਾ, ਅਛੋਭਤਾ ਅਰਥਾਂ ਵਿਚ ਵੀ ਵਰਤੀਂਦਾ ਹੈ।
ਅਛੋਭ=ਜੋ ਦੁਖੇ ਨਾ। ਅਛੋਭ ਨਹਿ=ਜੋ ਅਛੋਭ ਨਾ

ਰਹਿ ਸਕੇ, ਜੋ ਦੁਖੇ। ਭਾਵ, ਦੂਸਰੇ ਦਾ ਦੁਖ ਦੇਖਕੇ ਦੁਖੀ ਹੋਵੇ। ਭਾਵ ਹਮਦਰਦੀ ਵਿਚ ਆਉਂਣਾ। ਭਨਤਿ=ਕਹਿੰਦਾ ਹੈ।
ਦ੍ਰੈਯਾ=ਦੇਣ ਵਾਲੇ, ਦਾਤੇ। ਬ੍ਰਿਧੈਯਾ=ਵਧਾਉਣ ਵਾਲੇ।
ਸਾਜ=ਸਮਾਨ। [ਫਾਰਸੀ, ਸਾਜ਼]

**ਅਰਥ**-(ਸ਼੍ਰੀ ਗੁਰੂ ਗੋਬਿੰਦ ਸਿੰਘ ਜੀ) ਦਾਸਾਂ ਨੂੰ ਭੀੜ ਆ ਪਈ ਤੇ ਧੀਰਜ ਦੇਕੇ ਥੰਭੇ ਵਾਂਙੂ (ਮਜ਼ਬੂਤ) ਕਰ ਦੇਂਦੇ ਹਨ, (ਅਤੇ ਜਦ ਉਨ੍ਹਾਂ ਨੂੰ) ਦੁਖਦਾਈ ਸਮਾਜ ਆ ਘੇਰਦੇ ਹਨ, (ਤਾਂ ਆਪ) ਮਹਾਂ ਬੀਰ ਰੱਛਕ (ਹੋ ਖੜੋਂਦੇ ਹਨ)।

(ਜਿਥੇ ਦਾਸਾਂ ਦੇ ਬੇੜੇ ਅਗੇ) ਬਿਘਨਾਂ ਦੇ ਤ੍ਰੰਗ ਇਕਵਾਰਗੀ ਹੀ ਉੱਚੇ ਉੱਚੇ ਉੱਠਣ ਲਗ ਜਾਣ ਓਥੇ ਗੁਰੂ ਜੀ ਜਹਾਜ ਦੇ ਮਲਾਹ ਆ ਬਣਦੇ ਹਨ।

ਸੰਤੋਖ ਸਿੰਘ (ਗੁਰੂ) ਮਹਾਰਾਜ ਦੇ ਗੁਣ (ਕਥਨ ਕਰਦਾ ਹੋਯਾ) ਕਹਿੰਦਾ ਹੈ ਕਿ (ਆਪ) ਸਮੁੰਦਰ ਵਾਂਙ ਅਡੋਲ ਹਨ, ਪਰ (ਜੀਕੂੰ ਸਮੁੰਦਰ ਪ੍ਰੇਮ ਤੋਂ ਅਛੋਭ ਹੈ ਤੀਕੂੰ ਗੁਰੂ ਜੀ) ਪ੍ਰੇਮ ਤੋਂ ਅਛੋਭ ਨਹੀਂ ਹਨ।

ਰਾਜ ਤਾਜ ਦੇ ਦਾਤੇ ਹਨ, ਸੁਖ ਦੇ ਸਾਮਾਨਾਂ ਦੇ ਵਧਾਉਣ ਹਾਰੇ ਹਨ, ਦਾਸਾਂ ਦੀ ਲਾਜ ਰੱਖਣ ਵਾਲੇ ਹਨ, ਤੇ ਕਵੀਆਂ ਦੇ ਕੰਮ ਸਵਾਰਣ ਵਾਲੇ ਹਨ।

**ਭਾਵ**-ਸਤਿਗੁਰੂ ਜੀ ਦੇ ਸਾਰੇ ਗੁਣ ਗਿਣਕੇ ਅੰਤਮ ਗੁਣ ਵਿਚ ਸਾਰੀ ਮੁਰਾਦ ਖੁਲ੍ਹਦੀ ਹੈ। ਕਵਿ ਜੀ ਹੁਣ ਨਵਾਂ ਪਾਤਸ਼ਾਹੀਆਂ ਦਾ ਇਤਿਹਾਸ ਲਿਖਣ ਲੱਗੇ ਹਨ, ਇਹ ਕੰਮ ਮਹਾਂ ਕਠਨ ਹੈ, ਤੇ ਆਪਦਾ ਚਿੱਤ ਅਪਨੀ ਅਸਮਰੱਥਾ ਤੋਂ ਡੋਲਦਾ ਹੈ, ਇਸ ਕਰਕੇ ਉਸ ਦੀ ਨਿਰਵਿਘਨ ਸਮਾਪਤੀ ਲਈ ਸਤਿਗੁਰ ਵੱਲ ਤਕਦੇ ਹਨ, ਤੇ ਦੱਸਦੇ ਹਨ ਕਿ ਉਹ ਮੁਸ਼ਕਲਾਂ ਵੇਲੇ, ਦੁੱਖਾਂ ਵੇਲੇ, ਆਸਾ ਦਾ ਜਹਾਜ ਡੁੱਬਣ ਵੇਲੇ ਦਾਸਾਂ ਨੂੰ ਬਹੁੜਦੇ ਹਨ। ਹੈਨ ਅਡੋਲ ਕਿਉਂਕਿ ਪੂਰਨ ਹਨ, ਪਰ ਪ੍ਰੇਮ ਦੀ ਸੁਰ ਜਦ ਕੰਨੀਂ ਪਵੇ ਤਾਂ ਦ੍ਰਵਦੇ ਹਨ, ਤਦ ਉਹ ਜ਼ਰੂਰ ਕਵੀ ਦੇ ਕਾਜ ਵਿਚ ਸਹਾਯਤਾ ਕਰਨਗੇ। ਉਹ ਦਾਸਾਂ ਦੀ ਲਾਜ ਰੱਖਣ ਵਾਲੇ ਹਨ, ਤੇ ਰਾਜ ਤਾਜ ਸੁਖ ਦੇ ਸਾਰੇ ਸਾਮਾਨਾਂ ਦੇ ਦੇਣ ਵਾਲੇ ਹਨ, ਤਾਂਤੇ ਮੇਰਾ ਕਾਰਜ ਜ਼ਰੂਰ ਨਿਰਵਿਘਨ ਸਿਰੇ ਚੜ੍ਹਾਉਣਗੇ।

'ਸਾਗਰ ਗੰਭੀਰ ਪਰ ਪ੍ਰੇਮ ਤੇ ਅਛੋਭ ਨਹਿ' ਵਿਚ ਕਵਿ ਜੀ ਦਾ ਸਾਗਰ ਦੀ ਪਰ-ਪੀੜਾ ਤੋਂ ਪੀੜਤਿ ਨਾ ਹੋਣ ਵਾਲੀ ਗੰਭੀਰਤਾ ਵਲ ਇਸ਼ਾਰਾ ਹੈ, ਜਦ ਕੋਈ ਮਨੁੱਖ ਜਾਂ ਬੇੜਾ ਡੁਬੇ ਉਨ੍ਹਾਂ ਦੇ ਦੁੱਖ ਦਾ ਉਸਨੂੰ ਕੋਈ ਛੋਭ ਨਹੀਂ ਹੁੰਦਾ; ਪਰ ਗੁਰੂ ਜੀ ਪਰ-ਪੀੜਾ ਦੇਖਕੇ ਦ੍ਰਵਦੇ ਹਨ। ਸਾਗਰ ਵਾਂਙੂ ਗੰਭੀਰ ਤਾਂ ਹਨ ਪਰ ਉਸ ਵਾਂਙੂ ਭਾਵਹੀਨ ਨਹੀਂ ਹਨ।

## ੧੩. ਇਸ੍ਟ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਸੈਯਾ॥ਇਕ ਜੋਤਿ ਉਦੋਤਕ ਰੂਪਦਸ਼ੋ ਸ਼ੁਭ, ਹੋਤਿ ਅੰਧੇਰ ਗੁਬਾਰ ਉਦਾਰਾ।
ਜਗ ਮੈਂ ਸੁ ਪ੍ਰਕਾਸ਼ ਚਹਯੋ ਕਰਿਬੇ ਉਪਦੇਸ਼ ਦਿਯੋ ਸਿੱਖ ਭੇ ਨਰ ਦਾਰਾ।
ਪਰਲੋਕ ਸਹਾਇ ਅਸ਼ੋਕ ਕਰੇ ਇਸ ਲੋਕ ਮੈਂ ਰਾਂਕ ਕਰੇ ਸਿਰਦਾਰਾ।
ਗੁਰ ਬ੍ਰਿੰਦਨ ਕੇ ਪਗ ਸੁੰਦਰ ਕੋ ਅਰਬਿੰਦ ਮਨੋ ਅਭਿਬੰਦ ਹਮਾਰਾ ॥੧੯॥

[ ਉਦੋਤਕ=ਪ੍ਰਕਾਸ਼ ਕਰਨ ਵਾਲੇ। ਪ੍ਰਕਾਸ਼ਕ। [ ਸਿਸ:, ਉਦਯੋਤ=ਪ੍ਰਕਾਸ਼। ਕ=ਕਰਨ ਵਾਲੇ]

ਅੰਧੇਰ=ਹਨੇਰਾ, ਭਾਵ ਉਸ ਜ਼ੁਲਮ ਤੋਂ ਹੈ ਜੋ ਪਰਜਾ ਦੇ ਉੱਤੇ ਹੁੰਦਾ ਸੀ। ਇਹ ਇਕ ਮੁਹਾਵਰਾ ਹੈ। ਹੁਣ ਤਕ ਬੀ ਜਦ ਕਿਤੇ ਜ਼ੁਲਮ ਹੋਵੇ ਤਾਂ ਕਹਿੰਦੇ ਹਨ–ਹਨ੍ਹੇਰ ਹੋ ਗਿਆ! ਕੋਈ ਜ਼ੁਲਮ ਕਰੇ ਤਾਂ ਕਹਿੰਦੇ ਹਨ–ਹਨ੍ਹੇਰ ਮਾਰਿਆ ਸੂ। [ਯਥਾ–'ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁਬਿਧਿ ਲੋਆ'। [ਭਾ: ਗੁਰ: ਵਾ: ੧ ਪੌ: ੨੨]

ਗੁਬਾਰ=ਗਰਦੇ ਦੇ ਉਭਾਰ ਹੋਣ ਨਾਲ ਜੋ ਹਨ੍ਹੇਰ ਪੈਂਦਾ ਹੈ। ਇਸ ਦੀ ਮੁਰਾਦ ਅੱਗਜਾਨ ਦੇ ਅੰਧਕਾਰ ਤੋਂ ਹੈ ਜੋ ਪਰਜਾ ਦੇ ਅੱਗਜਾਨੀ ਹੋਣ ਕਰਕੇ ਉਹਨਾਂ ਦੀਆਂ ਮੱਤਾਂ ਮਾਰ ਰਿਹਾ ਸੀ। [ਯਥਾ–'ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ'। [ਭਾ: ਗੁਰ: ਵ: ੧ ਪੌ: ੨੪]

ਉਦਾਰਾ=ਸਖੀ, ਬੜਾ। ਇਥੇ ਅਰਥ ਬੜਾ ਹੈ।

ਸੁ ਪ੍ਰਕਾਸ਼=ਸ੍ਰੇਸ਼ਟ ਪ੍ਰਕਾਸ਼, ਇਸ਼ਾਰਾ ਉਸ ਪੂਰਨ ਨਿਰੋਲ ਆਤਮ ਜੀਵਨ ਤੇ ਇਲਾਹੀ ਗਜਾਨ ਵੱਲ ਹੈ ਜੋ ਸਤਿਗੁਰਾਂ ਨੇ ਜਗਤ ਨੂੰ ਦਿੱਤਾ ਤੇ ਧੁਰੋਂ ਲੈਕੇ ਆਏ ਸਨ।

ਨਰ ਦਾਰਾ=ਨਰ=ਮਨੁਖ। ਦਾਰਾ=ਇਸਤ੍ਰੀ।

ਅਸ਼ੋਕ=ਸ਼ੋਕ ਰਹਤ, ਬੇਫਿਕਰ। ਰਾਂਕ=ਰੰਕ, ਕੰਗਾਲ।

ਬ੍ਰਿੰਦਨ=ਸਮੂਹ, ਸਾਰੇ। ਅਰਬਿੰਦ=ਕਮਲ।

ਅਭਿਬੰਦ=ਨਮਸਕਾਰ, ਬੜੇ ਅਦਬ ਵਾਲੇ ਨਮਸਕਾਰ ਤੋਂ ਮੁਰਾਦ ਹੈ। [ਸਿਸ:, ਅਭਿ+ਵੰਦ। ਵੰਦਨਾ=ਸਤਿਕਾਰ ( ਕਰਨਾ ), ਉਸਤਤੀ (ਕਰਨੀ), ਨਮਸਕਾਰ]

**ਅਰਥ**–(ਸਤਿਗੁਰਾਂ ਦੇ) ਦਸੋ ਹੀ ਸ਼ੁਭ ਸਰੂਪ ਇੱਕੋ ਜੋਤ ਦੇ ਪ੍ਰਕਾਸ਼ਕ ਹਨ, (ਜਗਤ ਵਿਚ ਜ਼ੁਲਮ ਦਾ) ਹਨੇਰਾ ਤੇ (ਅਗਜਾਨ ਦਾ) ਡਾਢਾ ਗੁਬਾਰ (ਦੇਖਕੇ) ਆਪ ਨੇ ਸੁਹਣਾ ਪ੍ਰਕਾਸ਼ ਕਰਨ ਦੀ ਚਾਹਨਾਂ (ਨਾਲ ਆਪਣੇ ਰੱਬੀ ਸੰਦੇਸ਼ੇ ਦਾ,) ਉਪਦੇਸ਼ ਦਿੱਤਾ (ਜਿਸ ਨਾਲ ਅਨੇਕਾਂ) ਮਰਦ ਤ੍ਰੀਮਤਾਂ ਸਿੱਖ ਬਣ ਗਏ।

(ਜਿਨ੍ਹਾਂ ਸਿੱਖਾਂ ਨੂੰ ਆਪ ਨੇ ) ਪ੍ਰਲੋਕ ( ਵਿਚ ਸੁਖ ਪਾਉਣ ਲਈ ) ਸਹਾਇਤਾ ਦੇ ਕੇ (ਅੱਗੇ ਦੇ ਫਿਕਰ ਤੋਂ) ਅਸ਼ੋਕ ਕਰ ਦਿੱਤਾ, ਤੇ ਇਸ ਲੋਕ ਵਿਚ (ਜੋ) ਕੰਗਾਲ (ਸਨ, ਉਹਨਾਂ) ਨੂੰ ਸਰਦਾਰ ਬਣਾ ਦਿੱਤਾ।

( ਐਸੇ ਪਿਆਰੇ ) ਸਾਰੇ ਸਤਿਗੁਰਾਂ ਦੇ ਕਮਲਾਂ ਵਰਗੇ ਸੁਹਣੇ ਚਰਨਾਂ ਤੇ ( ਸਚੇ ) ਦਿਲੋਂ ਸਾਡੀ ਨਮਸਕਾਰ ਹੋਵੇ।

**ਹੋਰ ਅਰਥ**–੧, ਦਸੋ ਸਤਿਗੁਰੂ ਜੋ ਇਕੋ ਜਯੋਤੀ ਦੇ (ਦਸ) ਸ਼ੁਭ ਰੂਪ ਹਨ ( ਓਦੋਂ ) ਪ੍ਰਗਟ

ਹੋਏ (ਜਦ ਜਗ ਵਿਚ) ਬੜਾ ਅੰਧੇਰ ਤੇ ਗੁਬਾਰ ਸੀ।

੨. ਆਪ ਜਗਤ ਵਿਚ ਸ੍ਰੇਸ਼ਟ ਪ੍ਰਕਾਸ਼ ਕਰਨਾ ਚਾਹੁੰਦੇ ਸਨ (ਇਸ ਕਰਕੇ ਆਪ ਨੇ ਆਪਣੇ ਰੱਬੀ ਸੰਦੇਸ਼ੇ ਦਾ) ਉਪਦੇਸ਼ ਦਿੱਤਾ (ਜਿਸ ਨਾਲ ਅਨੇਕਾਂ) ਮਰਦ ਤ੍ਰੀਮਤਾਂ ਸਿੱਖ ਬਣ ਗਏ।

ਭਾਵ—ਪਿਛੇ ਕਵੀ ਜੀ ਨੇ ਦਸਾਂ ਸਤਿਗੁਰਾਂ ਦੇ ਵਖੋ ਵੱਖ ਮੰਗਲ ਕੀਤੇ ਹਨ, ਹੁਣ ਦੱਸਦੇ ਹਨ ਕਿ ਉੱਪਰ ਜੋ ਪਵਿੱਤ੍ਰ ਦਸ ਨਾਮ ਸਤਿਗੁਰਾਂ ਦੇ ਕਹੇ ਹਨ ਇਹ ਨਾਮ ਭੀ ਦਸ ਹਨ, ਸ੍ਵਰੂਪ ਭੀ ਦਸ ਹਨ, ਜਗਤ ਦੀ ਵਰਤੋਂ ਵਿਚ ਭੀ ਵਖੋ ਵੱਖ ਵਰਤਾਰੇ ਕਰਦੇ ਸਨ, ਪਰ ਸਭ ਗੁਰੂ ਸਾਹਿਬਾਨ ਵਿਚ ਜੋਤੀ ਇੱਕੋ ਹੈਸੀ। ਇਹ ਓਹ ਪਰਮ ਗੁਝ ਗੁਰ ਸਿੱਖੀ ਦਾ ਭੇਤ ਹੈ ਜੋ ਆਪ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸਿਆ ਹੈ:—

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"

ਤਥਾ ਦਸਮ ਸਤਿਗੁਰੂ ਜੀ ਦਾ ਉਚਾਰਤਿ ਸ੍ਰੀ ਮੁਖਵਾਕ:—

ਨਾਨਕ ਅੰਗਦ ਕੋ ਬਪੁ ਧਰਾ ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ ॥ ਅਮਰਦਾਸੁ ਪੁਨਿ ਨਾਮੁ ਕਹਾਯੋ ॥ ਜਨ ਦੀਪਕ ਤੇ ਦੀਪ ਜਗਾਯੋ ॥ ੭ ॥..............ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥ ਅੰਗਦ ਅਮਰ ਦਾਸ ਪਹਿਚਾਨਾ ॥ ਅਮਰ ਦਾਸ ਰਾਮਦਾਸ ਕਹਾਯੋ ॥ ਸਾਧੁਨ ਲਖਾ ਮੂੜ ਨਹਿ ਪਾਯੋ ॥ ੯ ॥ ਭਿੰਨ ਭਿੰਨ ਸਭਹੂੰ ਕਰਿ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ ॥ ਜਿਨ ਜਾਨਾ ਤਿਨਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨ ਆਈ ॥ ੧੦ ॥ [ਬਚਿਤ੍ਰ ਨਾਟਕ ਧਿ: ੫]

ਇਸੇ ਭਾਵ* ਨੂੰ ਕਵੀ ਜੀ ਅੱਗੇ ਰਾਸ ੧ ਅੰਸੂ ੯ ਛੰਦ ੨੬, ੨੭ ਵਿਚ ਬੀ ਦੱਸਦੇ ਹਨ:—

'ਸਾਰਬ ਭੌਮ ਮਹਾ ਮਹਿਪਾਲਕ ਪੌਸ਼ਿਸ਼ ਪੂਰਬ ਕੀ ਤਜਿ ਕੈ।
ਸੁੰਦਰ ਔਰ ਨਵੀਨ ਧਰੇ ਤਨ, ਆਇ ਸਭਾ ਥਿਤ ਹ੍ਵੈ ਸਜਿਕੈ।'
'ਜੋਤਿ ਤੇ ਜੋਤਿ ਪ੍ਰਕਾਸ਼ ਰਹੀ ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ।
ਘਾਟ ਨ ਬਾਢ ਬਨੈ ਕਬਹੂੰ ਜੁਗ ਹੋਹਿੰ ਸਮਾਨ ਪ੍ਰਕਾਸ਼ ਬਿਸਾਲਾ।'

ਦਸੋਂ ਹੀ ਸਤਿਗੁਰੂ ਜ਼ੁਲਮ ਤੇ ਅੱਗਜਾਨ ਦੇ ਸਮੇਂ ਹੋਏ ਹਨ, ਪਰਜਾ ਅੱਗਜਾਨ ਵਿਚ ਸੀ, ਤੇ ਜ਼ਾਲਮਾਂ ਦੇ ਜ਼ੁਲਮ ਹੇਠ ਸੀ, ਇਸ ਜ਼ੁਲਮ ਨੂੰ ਅੰਧੇਰ ਕਹਿਣ ਦਾ ਮੁਹਾਵਰਾ ਹੈ ਤੇ ਸਤਿਗੁਰੂ ਜੀ ਨੇ ਆਪ ਇਸ ਅੰਧੇਰ ਦਾ ਰੂਪ ਦਸਿਆ ਹੈ ਜੋ ਤਦੋਂ ਵਰਤ ਰਿਹਾ ਸੀ। ਯਥਾ:—

ਕਲਿਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ੧ ॥ [ਵਾਰ ਮਾਝ ਮ: ੧

*ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖ ਨ ਕੋਈ ਸਕਦੀ ਆਚਰਜੇ ਆਚਰਜ ਦਿਖਾਇਆ।
ਕਾਇਆਂ ਪਲਟਿ ਸਰੂਪ ਬਣਾਇਆ। [ਭਾ: ਗੁ: ਵਾ: ੧ ਪਉੜੀ ੪੫

ਗੁਬਾਰ ਦਾ ਰੂਪ ਪਦ ਅਰਥਾਂ ਵਿਚ ਪਿਛਲੇਰੇ ਸਫੇ ਤੇ ਦੱਸ ਆਏ ਹਾਂ 'ਬਾਬਹੁ ਗੁਰੂ ਗੁਬਾਰ ਹੈ' ਅੱਗਯਾਨ ਦੂਰ ਕਰਨ ਵਾਲੇ ਗੁਰੂ ਦੀ ਅਣਹੋਂਦ ਤੋਂ ਗੁਬਾਰ ਸੀ।

ਅੰਧੇਰੇ ਦੀ ਨਿਵਿਰਤੀ ਲਈ ਪਹਿਲਾਂ ਉਪਦੇਸ਼ ਨਾਲ ਹੀ ਬਾਬਰ, ਲਾਜਵਰਦ, ਦੇਵਲੂਤ, ਆਦਿਕ ਹੁਕਮਰਾਨਾਂ ਨੂੰ ਦਰੁਸਤ ਕੀਤਾ ਜਦੋਂ ਔਰੰਗਜ਼ੇਬ ਵਰਗੇ ਉਪਦੇਸ਼ ਨਾਲ ਦਰੁਸਤ ਹੁੰਦੇ ਨਾ ਡਿੱਠੇ ਤਾਂ ਭਗੌਤੀ ਨਾਲ ਉਨ੍ਹਾਂ ਦੀ ਸੋਧ ਕੀਤੀ।

ਗੁਬਾਰ ਦੀ ਨਿਵਿਰਤੀ ਕਰਕੇ ਪਰਮਾ ਨੰਦ ਰੂਪ ਜੋ (ਅਸ਼ੋਕ ਪਦ ਹੈ) ਉਹ ਉਪਦੇਸ਼ ਦੁਆਰਾ ਗੁਰ ਸਿੱਖਾਂ ਨੂੰ ਦਾਨ ਕੀਤਾ ਭਾਵ ਅੰਧੇਰ ਨਿਵਿਰਤੀ ਤੋਂ ਲੋਕ ਸੁਖੀ ਕੀਤਾ ਤੇ ਗੁਬਾਰ ਦੂਰ ਕਰਕੇ ਪ੍ਰਲੋਕ ਦਾ ਸੁਖ ਦਿੱਤਾ।

ਅੰਧੇਰੇ (ਹਾਕਮਾਂ ਦੇ ਜ਼ੁਲਮ) ਤੇ ਗੁਬਾਰ (ਸਿਰਜਨਹਾਰ ਤੋਂ) ਵਿਮੁਖਤਾ ਦਾ ਫਲ ਭੋਗਦੇ ਪ੍ਰਾਣੀ ਲੋਕ ਦੁਖੀ ਤੇ ਪ੍ਰਲੋਕ ਕਸ਼ਟਾਤੁਰ ਹੋ ਰਹੇ ਸਨ। ਗੁਰੂ ਜਯੋਤੀ ਅਰਸ਼ਾਂ ਵਿਚ ਸੀ, ਜੋ ਗਯਾਨ ਪ੍ਰਕਾਸ਼* (ਸ਼ਬਦਿ ਪ੍ਰਕਾਸ਼)† ਗੁਰ ਪ੍ਰਕਾਸ਼‡ ਪ੍ਰਗਟ ਕਰਨ ਲਈ ਦਸੋਂ ਪਵਿੱਤ੍ਰ ਸ੍ਵਰੂਪਾਂ ਵਿਚ ਧਰਤੀ ਉਤੇ ਆਈ।

ਉਪਦੇਸ਼ (ਗੁਰਬਾਣੀ ਸ੍ਵਰੂਪ§) ਵਿਚ ਆਪਣਾ ਪ੍ਰਕਾਸ਼ ਪਾਉਂਦੀ ਜਿਨ੍ਹਾਂ ਪ੍ਰਾਣੀਆਂ ਦੇ ਅੰਦਰ ਪੁੱਜੀ ਓਹ ਸਿੱਖ ਕਹਿਲਾਏ, ਉਨ੍ਹਾਂ ਦੇ ਅੰਦਰੋਂ ਅੰਧੇਰ (ਜ਼ੁਲਮ ਕਰਨਾ ਤੇ ਜ਼ੁਲਮ ਹੇਠ ਸੁਰਤੋਂ ਹੀਣੇ ਹੋਣਾ) ਤੇ ਗੁਬਾਰ (ਅੱਗਯਾਨ) ਦੂਰ ਹੋ ਗਿਆ। ਸਤਿਗੁਰਾਂ ਦੀ ਮੇਹਰ ਨਾਲ ਨਾਮ ਤੇ ਬਾਣੀ ਨੇ ਅਗਯਾਨ ਦੂਰ ਕੀਤਾ ਤੇ ਸਤਿਗੁਰਾਂ ਦੀਆਂ ਕੁਰਬਾਨੀਆਂ ਤੇ ਪੰਥ ਵਿਚ ਬੀਰ ਰਸ ਭਰਕੇ ਘਾਲਾਂ ਘਾਲਣ ਨਾਲ ਜ਼ੁਲਮ ਦੂਰ ਹੋ ਗਿਆ, ਐਉਂ ਜੀਵ ਲੋਕ ਸੁਖੀ ਤੇ ਪ੍ਰਲੋਕ ਸੁਹੇਲੇ ਹੋ ਗਏ,ਜਿਸਦਾ ਇਸ਼ਾਰਾ ਕਵੀ ਜੀ ਨੇ ਪ੍ਰਲੋਕ ਸਹਾਇ ਤੇ ਰੰਕਾਂ ਤੋਂ ਰਾਜੇ ਦੇ ਅਰਥ ਵਿਚ ਕੀਤਾ ਹੈ।

## ੧੮. ਗੁਣ ਸ਼ੀਲ ਵਯਕਤੀਆਂ ਦਾ ਮੰਗਲ।

ਚੌਪਈ ॥

**ਗਨਪਤਿ ਆਦਿ ਬਿਘਨ ਕੇ ਹਰਤਾ। ਬ੍ਰਹਮਾਦਿਕ ਮੰਗਲ ਕੇ ਕਰਤਾ।**
**ਸੁਰ ਗੁਰ ਆਦਿ ਸੁਮਤਿ ਕੇ ਦਾਨੀ। ਬਾਲਮੀਕ ਆਦਿ ਕਵਿ ਬਾਨੀ॥੨੦॥**
**ਸ੍ਰੀ ਵਸਿਸ਼ਟ ਆਦਿਕ ਜੇ ਗਯਾਨੀ। ਇੰਦ੍ਰ ਆਦਿ ਦਾਯਕ ਰਜਧਾਨੀ।**
**ਆਦਿ ਅਗਸਤ ਤਪੀਸ਼ੁਰ ਸਾਰੇ। ਬ੍ਯਾਸ ਆਦਿ ਬੇਦਨਿ ਕੇ ਪਾਰੇ॥੨੧॥**

*ਬਲਿਆ ਗੁਰ ਗਿਆਨ ਅੰਧੇਰਾ ਬਿਨਸਿਆ।

†'ਸਬਦੁ ਦੀਪਕੁ ਵਰਤੈ ਤਿਹ ਲੋਇ' [ਧਨਾ: ਮ: ੩

ਤਥਾ:—'ਜਹ ਕਹ ਤਹ ਭਰਪੂਰ ਸਬਦੁ ਦੀਪਕਿ ਦੀਪਾਯਉ'। [ਸਵ: ਮ: ੩ ਕੇ

‡'ਗੁਰੁ ਦੀਪਕੁ ਤਿਹ ਲੋਇ' [ਵਾਰ ਮਾਝ ਮ: ੧

ਤਥਾ:—'ਬਲਿਓ ਚਰਾਗੁ ਅੰਧਾਰ ਮਹਿ' [ਸਵ: ਮ: ੫

§ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ [ਵਾ: ਭਾ: ਗੁ: ੧ ਪੌੜੀ ੩੮

ਤਥਾ:—ਗੁਰਬਾਣੀ ਇਸੁ ਜਗ ਮਹਿ ਚਾਨਣੁ। [ਸਿਰੀ: ਮ: ੩

ਆਦਿ ਜੁਧਿਸ਼ਟਰ ਧਰਮਗ ਭਾਰੇ । ਅਰਜਨ ਆਦਿ ਕ੍ਰਿਸ਼ਨ ਕੇ ਪਜਾਰੇ ।
ਰਾਮਚੰਦਆਦਿਕ ਮਿਰਜਾਦਿਕ।ਜਨਪ੍ਰਿਯ ਸ਼੍ਰੀ ਨਰਸਿੰਘ ਜਿ ਆਦਿਕ।੨੨।
ਸ਼੍ਰੀ ਘਨਸ਼ਜਾਮ ਆਦਿ ਰਸ ਗਜਾਤਾ । ਸ਼੍ਰੀ ਬਾਮਨ ਆਦਿਕ ਛਲ ਜਾਤਾ ।
ਦਸਰਥ ਆਦਿਕ ਪੂਰ ਪ੍ਰਤੱਗਜਾ। ਜੋਗ ਭੋਗ ਸਮ ਜਨਕ ਤਤੱਗਜਾ ॥੨੩॥
ਗੋਰਖ ਆਦਿ ਸਿੱਧ ਸਮੁਦਾਇ । ਆਦਿ ਕਬੀਰ ਭਗਤ ਸਮੁਦਾਇ* ।
ਬੁੱਢੇ ਆਦਿਕ ਗੁਰਕੇ ਸਿੱਖਜ । ਭਏ ਜੁ ਭੂਤ ਭਵਾਨ ਭਵਿੱਖਜ ॥ ੨੪ ॥
ਸਭਿ ਕੋ ਮੈਂ ਅਭਿਬੰਦਨ ਕਰਿਹੂੰ । ਕ੍ਰਿਪਾ ਕਰਹੁ ਗੁਰ ਸੁਜਸ ਉਚਰਿਹੂੰ ।
ਸੂਰਜ ਆਦਿ ਜਿ ਕਰਹਿਂ ਪ੍ਰਕਾਸ਼ਹਿਂ। ਚੰਦ ਆਦਿ ਜੋ ਸੀਤਲਰਾਸਹਿ ॥੨੫॥
ਨਾਰਦ ਆਦਿਕ ਪ੍ਰੇਮੀ ਜੇਈ । ਸਾਰਦ ਆਦਿਕ ਬਕਤਾ ਤੇਈ ।
ਚਤੁਰਸ਼ੇਸ਼ਆਦਿਕਬਡਕਹਿਯਤਿ†।ਹਨੁਮਤਆਦਿਦਾਸ ਜੋ ਲਹਿਯਤ†॥
੨੬॥ਸਭਿਕੇ ਪ੍ਰਥਮੈਂ ਨਾਮ ਸਿਮਰਿਊਂ।ਧਰ ਪਰ ਧਰਿਸਿਰ ਨਮੋਊਚਰਿਊਂ।
ਸਭਿ ਬਿਧਿ ਹੋਹਿਂ ਸਹਾਇਕ ਮੇਰੇ।ਬਿਘਨ ਬਿਨਾਸ਼ਹੁ ਰਹਿ ਮਮ ਨੇਰੇ॥੨੭॥

ਗਨਪਤਿ=ਗਣਾਂ ਦਾ ਪਤੀ, ਗਣੇਸ਼ । ਸ਼ਿਵ ਦਾ ਬੀ ਨਾਮ ਹੈ ।
ਆਦਿ=ਇਸਤੋਂ ਮੁਰਾਦ—ਆਦਿਕ—ਦੀ ਹੈ ਕਿਉਂਕਿ ਅਗੇ ਬ੍ਰਹਮਾ ਦੇ ਨਾਲ ਪਦ ਆਦਿਕ ਲਾਇਆ ਹੈ, ਵਸਿਸ਼ਟ ਰਾਮਚੰਦ ਨਾਲ ਪਦ ਆਦਿਕ ਹੈ, ਸੋ ਜਿੱਥੇ ਮਾਤ੍ਰਾਂ ਨੇ ਆਗਿਆ ਨਹੀਂ ਦਿੱਤੀ ਓਥੇ ਪਦ—ਆਦਿ—ਹੈ, ਜਿਥੇ ਦਿੱਤੀ ਹੈ ਉਥੇ—ਆਦਿਕ—ਪੂਰਾ ਦਿੱਤਾ ਹੈ । 'ਆਦਿ' ਨੂੰ 'ਆਦਿਕ' ਨਾ ਸਮਝਕੇ ਕਈ ਗਜਾਨੀ ਇਸਦਾ ਅਰਥ'ਆਦ ਸਮੇਂ ਤੋਂ ਲੈਕੇ'ਕਰਦੇ ਹਨ।
ਸੁਰ ਗੁਰ=ਦੇਵਤਿਆਂ ਦਾ ਗੁਰੂ—ਬ੍ਰਹਸਪਤ ।
ਰਜਧਾਨੀ=ਰਜਧਾਨੀ ਤੋਂ ਮੁਰਾਦ ਰਾਜ, ਵਿਭੂਤੀ, ਅਮੀਰੀ ।
ਪਾਰੇ=ਪਾਰੇ, ਜੋ ਪਾਰ ਪਾ ਲਵੇ, ਭਾਵ ਬੇਦਾਂ ਦੇ ਗਜਾਤਾ ।
(ਅ) ਪਾਰੇ ਨੂੰ ਪਜਾਰੇ ਦਾ ਸੰਖੇਪ ਬੀ ਸਮਝ ਲੈਂਦੇ ਹਨ ।
ਮਿਰਜਾਦਿਕ=ਮਿਰ੍ਜਾਦਾ ਵਾਲੇ, ਮਿਰ੍ਜਾਦਾ ਵਿਚ ਪੱਕੇ ।
ਜਨ ਪ੍ਰਿਯ=ਭਗਤਾਂ ਨੂੰ ਪਿਆਰ ਕਰਨੇ ਵਾਲੇ ।
ਘਨਸ਼ਜਾਮ=ਬੱਦਲ (ਸਮਾਨ) ਕਾਲਾ, ਇਕ ਨਾਮ ਹੈ ਕ੍ਰਿਸ਼ਨ ਜੀ ਦਾ ।
ਪ੍ਰਤੱਗਜਾ=ਇਕਰਾਰ, ਕੌਲ । ਤਤੱਗਜਾ=ਤੱਤ ਨੂੰ ਜਾਣਨ ਵਾਲੇ ।
ਸਮੁਦਾਇ=ਸਾਰੇ । ਭੂਤ=ਬੀਤ ਗਿਆ ਸਮਾਂ ।
ਭਵਾਨ=ਵਰਤਮਾਨ ਸਮਾਂ । ਭਵਿੱਖਜ=ਆਉਣ ਵਾਲਾ ਸਮਾਂ ।

*ਪਾ:—ਸਮੁਬਾਇ । †ਤੁਕਾਂਤ ਪਾਠਾਂਤ੍ਰ:—ਕਹੀਅਤਿ, ਲਹੀਅਤਿ ।

ਬੰਦਨ=ਨਮਸਕਾਰ, ਪ੍ਰਣਾਮ, (ਅ) ਕੀਰਤਿ ਕਰਨੀ, ਉਸਤਤਿ ਕਰਨੀ।
ਸੀਤਲ ਰਾਸਹਿ=ਜਿਨ੍ਹਾਂ ਦੀ ਰਾਸ਼ਿ ਠੰਢੀ ਹੈ, ਭਾਵ ਸੁਭਾਵ ਠੰਢਾ ਹੈ, ਰਾਸ ਨਾਮ ਲੀਲ੍ਹਾ ਦਾ ਬੀ ਹੈ, ਜੋ ਠੰਢੀ ਲੀਲ੍ਹਾ ਪਾਉਂਦਾ ਹੈ, ਭਾਵ ਜਿਸਦਾ ਪ੍ਰਕਾਸ਼ ਸੀਤਲ ਹੈ। (ਅ) ਰਾਸ=ਖਾਣ। ਸੀਤਲਤਾ ਦੀ ਖਾਣ।
ਸਾਰਦ=ਸਾਰਦਾ, ਸਰਸ੍ਵਤੀ।
ਬਕਤਾ=ਕਹਿਣ ਵਾਲਾ, ਵਯਾਖਯਾ ਕਰਨ ਵਾਲਾ। (ਅ) ਸਿੱਖਯਾਦਾਤਾ। (ੲ) ਵਕੀਹ (orator) ਮਨੋਹਰ ਵੱਖਯਾਨ ਕਰਨ ਵਾਲੇ।

**ਅਰਥ**—ਗਨਪਤ ਆਦਿਕ ਜੋ ਵਿਘਨਾ ਦੇ ਨਾਸ਼ ਕਰਨ ਵਾਲੇ (ਹੋਏ ਹਨ), ਬ੍ਰਹਮਾ ਆਦਿਕ ਜੋ ਖੁਸ਼ੀ ਦੇ ਕਰਨ ਵਾਲੇ (ਮੰਨੇ ਜਾਂਦੇ ਹਨ), ਬ੍ਰਹਸਪਤ ਆਦਿਕ ਸ੍ਰੇਸ਼ਟ ਬੁੱਧੀ ਦੇ ਦਾਤੇ, ਬਾਲਮੀਕ ਆਦਿਕ ਜੋ ਬਾਣੀ ਦੇ ਕਵਿ ਹੋਏ ਹਨ ॥ ੨੦ ॥ ਸ੍ਰੀ ਵਸਿਸ਼ਟ ਆਦਿਕ ਜੋ ਗਯਾਨੀ (ਹੋਏ ਹਨ), ਇੰਦ੍ਰ ਆਦਿਕ ਜੋ ਰਾਜਧਾਨੀ ਦੇ ਦੇਣ ਵਾਲੇ (ਹੋਏ ਹਨ), ਅਗਸਤ ਆਦਿਕ ਸਾਰੇ ਤਪੱਸਯਾ ਕਰਨ ਵਾਲੇ, ਵਯਾਸ ਆਦਿਕ ਵੇਦਾਂ ਦਾ ਪਾਰ ਲੈਣ ਵਾਲੇ (ਗਯਾਤਾ) ॥ ੨੧ ॥ ਜੁਧਿਸ਼ਟਰ ਆਦਿ ਭਾਰੇ ਧਰਮਾਤਮਾ, ਅਰਜਨ ਆਦਿਕ ਕ੍ਰਿਸ਼ਨ ਦੇ ਪਯਾਰੇ, ਮਿਰਜਾਦਾ ਵਿਚ ਪੱਕੇ ਰਾਮਚੰਦ ਆਦਿਕ, ਸ੍ਰੀ ਨਰਸਿੰਘ ਆਦਿਕ ਜੋ (ਪ੍ਰਹਿਲਾਦ ਜੈਸੇ) ਭਗਤਾਂ ਦੇ ਪਯਾਰੇ (ਹੋਏ ਹਨ) ॥ ੨੨ ॥ ਸ੍ਰੀ ਕ੍ਰਿਸ਼ਨ ਵਰਗੇ ਰਸਾਂ ਦੇ ਗਯਾਤਾ (ਭਾਵ ਕਲਾ ਕੌਸਲ ਵਿਚ ਪ੍ਰਬੀਨ), ਸ੍ਰੀ ਬਾਮਨ ਆਦਿਕ (ਦੈਂਤਾਂ ਨੂੰ) ਛਲਣਾ ਜਾਣਨ ਵਾਲੇ, ਦਸਰਥ ਆਦਿਕ ਬਚਨ ਦੇ ਪੂਰੇ, ਜਨਕ ਆਦਿਕ ਜੋਗ ਤੇ ਭੋਗ ਵਿਚ ਸਮ ਰਹਣ ਵਾਲੇ ਵੇਤਾ (ਹੋਏ ਹਨ) ॥ ੨੩ ॥ ਗੋਰਖ ਆਦਿਕ ਸਾਰੇ ਸਿੱਧ, ਕਬੀਰ ਆਦਿਕ ਸਾਰੇ ਭਗਤ, (ਭਾਈ) ਬੁੱਢੇ ਵਰਗੇ ਗੁਰੂ ਕੇ ਸਿੱਖ, ਜੋ ਪਿਛਲੇ ਸਮੇਂ ਹੋਏ, ਹੁਣ ਹਨ ਤੇ ਅਗੋਂ ਹੋਣਗੇ ॥੨੪॥ ਸਾਰਿਆਂ ਨੂੰ ਮੈਂ ਪ੍ਰਣਾਮ ਕਰਦਾ ਹਾਂ, ਮੇਰੇ ਤੇ ਕ੍ਰਿਪਾ ਕਰੋ, ਮੈਂ ਗੁਰੂ ਜੀ ਦਾ ਜਸ ਉਚਾਰਨ ਕਰਾਂ, ਸੂਰਜ ਆਦਿਕ ਜੋ ਪ੍ਰਕਾਸ਼ ਕਰਦੇ ਹਨ, ਚੰਦ੍ਰਮਾ ਆਦਿਕ ਜੋ ਠੰਢੀ ਰਾਸ਼ਿ ਵਾਲੇ ਹਨ ॥੨੫॥ ਨਾਰਦ ਆਦਿਕ ਜੋ ਪ੍ਰੇਮੀ ਹਨ। ਸਰਸ੍ਵਤੀ ਆਦਿਕ (ਜੋ) ਵਕਤਾ (ਹੋਏ ਹਨ), ਸ਼ੇਸ਼ਨਾਗ ਵਰਗੇ (ਜੋ) ਬੜੇ ਚਤੁਰ ਕਹੇ ਜਾਂਦੇ ਹਨ, ਹਨੂਮਾਨ ਵਰਗੇ ਜੋ ਦਾਸ (ਭਗਤ) ਸਮਝੇ ਜਾਂਦੇ ਹਨ ॥੨੬॥ ਸਾਰਿਆਂ ਦੇ ਮੈਂ ਪਹਿਲਾਂ ਨਾਮ ਯਾਦ ਕਰਦਾ ਹਾਂ, ਧਰਤੀ ਪਰ ਸਿਰ ਧਰ ਨਮਸਕਾਰ ਉਚਾਰਦਾ ਹਾਂ, ਮੇਰੇ ਸਭ ਤਰ੍ਹਾਂ ਸਹਾਈ ਹੋਵੋ, ਮੇਰੇ (ਕੰਮ ਵਿਚ ਪੈਣ ਵਾਲੇ) ਵਿਘਨਾਂ ਦਾ ਮੇਰੇ ਨੇੜੇ ਰਹਿਕੇ ਨਾਸ਼ ਕਰੋ।

**ਭਾਵ**—ਭਾਈ ਸੰਤੋਖ ਸਿੰਘ ਜੀ ਦੇ ਏਸ ਆਵਾਹਨ ਨੂੰ ਸਮਝਣ ਲਈ ਜ਼ਰਾ ਵਿਚਾਰ ਦੀ ਲੋੜ ਹੈ। ਉਨ੍ਹਾਂ ਦੇ ਸਮੇਂ ਜੋ ਖਯਾਲ ਨਹੀਂ ਸਨ ਉਨ੍ਹਾਂ ਦੀ ਸੰਭਾਵਨਾ ਕਰ

ਲੋਣੀ ਕਿ ਓਦੋਂ ਹੌਸਲਨ ਉਨ੍ਹਾਂ ਦੇ ਆਸ਼ਯ ਨੂੰ ਸਮਝਣ ਨਹੀਂ ਦੇਂਦੀ। ਉਸ ਸਮੇਂ ਸਿੱਖਾਂ ਵਿਚ ਇਸ਼ਟਪਤੀ ਅੱਜ ਤੋਂ ਬਹੁਤ ਵਧੀਕ ਤੇ ਅਸਲੀ ਸੀ, ਪਰ ਉਸ ਵਿਚ 'ਇਨਕਾਰ' ਪ੍ਰਧਾਨ ਨਹੀਂ ਸੀ, 'ਇਕਰਾਰ' ਵਿੱਚ ਹੀ ਓਹ ਆਪਣੇ ਵਿਸ਼੍ਵਾਸ਼ ਨੂੰ ਉੱਚਾ ਤੇ ਬੇਲਾਗ ਰਖਦੇ ਸਨ। ਅਰਥਾਤ ਆਪਣੇ ਸਤਿਗੁਰਾਂ ਨੂੰ ਸਭ ਤੋਂ ਉੱਚਾ ਸਮਝਦੇ ਸਨ ਅਰ ਓਹਨਾਂ ਵਿਚ ਆਪਣੀ ਭਾਵਨਾਂ ਪੂਰਨ ਭਗਤੀ ਤੇ ਸਿੱਖੀ ਦੀ ਧਾਰਨ ਕਰਦੇ ਸਨ, ਅਰ ਅਪਣੇ ਸਤਿਗੁਰਾਂ ਦੇ ਲਵੇ ਕਿਸੇ ਨੂੰ ਨਹੀਂ ਸਨ ਲਾਉਂਦੇ। ਪੂਰਨ ਪਤਿੱਬ੍ਰਤਾ ਸਮਾਨ ਪਤੀਬ੍ਰਤ ਭਾਵ ਵਾਂਙੂ ਇਸ਼ਟਪਤੀ ਸਤਿਗੁਰਾਂ ਵਿਚ ਰੱਖਦੇ ਸਨ, ਪ੍ਰੰਤੂ ਸੰਸਾਰ ਦੇ ਕਿਸੇ ਪੂਜਯ, ਕਿਸੇ ਮਤ ਦੇ ਵੱਡੇ, ਕਿਸੇ ਸਤਿਕਾਰੀ ਗਈ ਵਜਕਤੀ ਦੀ ਨਿੰਦਾ ਨਹੀਂ ਸਨ ਕਰਦੇ। ਸਭ ਵੱਡਿਆਂ ਦੇ ਵਿਚ ਭਲਿਆਈ ਦਾ ਕਿਸੇ ਨਾ ਕਿਸੇ ਅੰਸ਼ ਵਿਚ ਇਕਰਾਰ ਕਰਦੇ ਸਨ*। ਅਪਣੇ ਇਸ਼ਟ ਤੋਂ ਅਤ੍ਰਿਕਤ ਦੂਸਰਿਆਂ ਦੇ ਇਸ਼ਟ ਦਾ ਇਨਕਾਰ, ਨਿੰਦਾ ਤੇ ਖੰਡਨ ਨਹੀਂ ਸਨ ਕਰਦੇ। ਅਪਣੇ ਮਤ ਦੀ ਵਿਸ਼ੇਸ਼ਤਾ, ਅਪਣੇ ਇਸ਼ਟ ਦੀ ਬਜ਼ੁਰਗੀ, ਅਪਣੇ ਇਸ਼ਟ ਦਾ ਸਭ ਤੋਂ ਵਾਧਾ, ਸਭ ਤੋਂ ਉਚਿਆਈ ਨਿਰਭੈ ਕਹਿਦੇ ਸਨ। ਸਾਰਿਆਂ ਨੂੰ ਮੂਲੋਂ ਭੈੜਾ ਕਹਿਣਾ ਇਹ ਰਵਸ਼ ਹਿੰਦ ਵਿਚ ਪ੍ਰਾਟੇਸਟੈਂਟ ਈਸਾਈ ਲਿਆਏ, ਇਨ੍ਹਾਂ ਨੇ ਰਾਮ ਕ੍ਰਿਸ਼ਨ, ਹਿੰਦੂ ਦੇਵਤਾ ਤੇ ਮੁਸਲਮਾਨੀ ਪੈਗੰਬਰਾਂ ਦੇ ਔਗੁਣ ਛਾਂਟੇ। ਇਨ੍ਹਾਂ ਦੇ ਇਸ ਇਨਕਾਰ ਦੇ ਵਤੀਰੇ ਨੂੰ ਆਰਯਾ ਸਮਾਜ ਦੇ ਆਦਿ ਕਰਤਾ ਨੇ ਵਰਤਿਆ, ਤੇ ਇਸੇ ਦਾ ਛਾਂਦਾ ਹਿੱਸੇ ਪ੍ਰਤੀ ਹਿੰਦ ਦੇ ਦੂਸਰੇ ਮਤਾਂ ਨੇ ਬੀ ਲੈ ਲਿਆ। ਜੋ ਰਵਸ਼ ਕਿਤੇ ਹੱਦਾਂ ਦੇ ਅੰਦਰ ਤੇ ਕਿਤੇ ਬਾਹਰ ਬੀ ਗਈ ਹੈ। ਪਰ ਭਾਈ ਸੰਤੋਖ ਸਿੰਘ ਜੀ ਦੇ ਸਮੇਂ ਦੀ ਰਵਸ਼ ਭਿੰਨ ਸੀ। ਉਹੀ ਰਵਸ਼ ਅਸੀ ਇੰਗਲੈਂਡ ਦੇ ਪ੍ਰਸਿੱਧ ਲੇਖਕ ਤੇ ਧਰਮੱਗ੍ਯ ਪੁਰਸ਼ ਕਾਰਲਾਈਲ ਵਿਚ ਵੇਖਦੇ ਹਾਂ ਕਿ ਜਿਸਨੇ ਜਗਤ ਦੇ ਅੱਡ ਅੱਡ ਮਹਾਂ ਪੁਰਖਾਂ ਵਿਚ ਮੁਹੰਮਦ ਆਦਿ ਪੈਗੰਬਰਾਂ ਨੂੰ ਬੀ ਸ਼ਾਮਲ ਕੀਤਾ। ਇਨਕਾਰ ਦੀ ਰਵਸ਼ ਨੂੰ ਕੱਟ ਕੇ ਸਭਨਾਂ ਦੇ ਗੁਣਾਂ ਦੇ ਇਕਰਾਰ ਦਾ ਚਮਤਕਾਰ ਦੱਸਿਆ, ਪਰ ਅਪਣੇ ਇਸ਼ਟ ਦੇਵ ਨੂੰ ਇਨ੍ਹਾਂ ਮਹਾਂ ਪੁਰਖਾਂ ਦੀ ਸ਼੍ਰੇਣੀ ਤੋਂ ਉੱਚਾ ਰਖਿਆ ਤੇ ਇਨ੍ਹਾਂ ਦੇ ਗੁਣਾਨੁਵਾਦ ਵੇਲੇ ਬੀ ਉਸ ਦੇ ਗੁਣ ਕਥਨ ਨੂੰ ਉੱਚਾ ਅਕਹਿ ਵਿਚ ਲੈ ਗਿਆ। ਜੇ ਕਿਸੇ ਪੁੱਛਿਆ ਕਿ ਆਪਣੇ ਇਸ਼ਟ ਦੇਵ ਦਾ ਜ਼ਿਕਰ ਨਹੀਂ ਜੇ ਕੀਤਾ ਤਾਂ ਦੱਸਿਆ, ਕਿ ਓਹ ਸਰਬ ਉੱਚੀਆਂ ਵਜਕਤੀਆਂ ਤੋਂ ਉੱਚਾ ਤੇ ਅਕਹਿ ਪਦ ਵਿਚ ਹੈ। ਤਿਵੇਂ 'ਇਕਰਾਰ' ਵਿਚ ਰਹਿਕੇ ਇਸ਼ਟਪਤੀ ਵਾਲੇ ਭਾਈ ਸੰਤੋਖ ਸਿੰਘ ਜੀ ਨੇ ਇਨ੍ਹਾਂ ਚੌਪਈਆਂ ਤੋਂ ਪਹਿਲਾਂ ਅਪਣੇ ਇਸ਼ਟ ਦੇਵ ਨੂੰ ਪੂਰੀ ਤਰ੍ਹਾਂ ਮਨਾ ਲਿਆ ਹੈ। ਕਵਿ ਜੀ ਉਨ੍ਹਾਂ ਦੀ ਸ਼੍ਰੇਣੀ ਅਲੱਗ ਤੇ ਵੱਖਰੀ ਤੇ ਉਚੇਰੀ ਰੱਖ ਆਏ ਹਨ, ਏਥੇ ਆਕੇ ਅਪਣੀ ਵਾਕਫੀ ਦੀਆਂ ਸਾਰੀਆਂ ਗੁਣ ਸ਼ੀਲ ਵਜਕਤੀਆਂ ਨੂੰ ਯਾਦ ਕਰਦੇ ਹਨ,ਪਰ ਇਨ੍ਹਾਂ ਨੂੰ ਸਦਰਸ਼ਤਾ–ਭਾਈ ਬੁੱਢੇ–ਗੁਰੂ ਕੇ ਸਿੱਖ ਦੀ ਦੇਂਦੇ ਹਨ। ਸਪਸ਼ਟ ਐਉਂ ਹੈ ਕਿ ਕਵਿ ਜੀ ਇਨ੍ਹਾਂ ਨੂੰ ਨਿੰਦਦੇ ਨਹੀਂ, ਮਾੜੇ ਨਹੀਂ ਕਹਿੰਦੇ, ਇਨ੍ਹਾਂ ਦੇ ਗੁਣਾਂ ਦਾ ਇਕਰਾਰ ਕਰਦੇ ਹਨ, ਪਰ ਇਨ੍ਹਾਂ ਨੂੰ ਭਾਈ ਬੁੱਢੇ ਦੀ ਸ਼੍ਰੇਣੀ ਵਿਚ ਗਿਣਦੇ ਹਨ, ਜੋ ਉਨ੍ਹਾਂ ਦੇ ਇਸ਼ਟ ਦੇਵ ਦੇ ਸਿੱਖ ਹੋਏ ਹਨ। ਸੋ ਅਪਣੇ ਇਸ਼ਟ ਨੂੰ ਉੱਚਾ ਰਖਕੇ, ਇਨ੍ਹਾਂ ਸਾਰੇ ਗੁਣਵਾਨ ਪੁਰਖਾਂ ਨੂੰ, ਜਿਨ੍ਹਾਂ ਵਿਚ ਸ੍ਰੀ ਰਾਮਚੰਦ੍ਰ

*ਸਾਥ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ [ਸੂਹੀ ਛੰਤ ਮ: ੧

ਕ੍ਰਿਸ਼ਨ ਆਦਿ ਅਵਤਾਰ ਬੀ ਹਨ, ਆਪ ਦੂਸਰੇ ਦਰਜੇ ਦੀ ਅਰ ਅਪਣੇ ਗੁਰੂ ਦੇ ਪਰਮ ਉੱਚੇ ਸਿੱਖਾਂ ਦੀ ਸਦਰਸ਼ਤਾ ਦੇਂਦੇ ਹਨ। ਸਿੱਖਾਂ ਲਈ ਸਿੱਖਾਂ ਵਿਚ ਸਤਿਕਾਰ ਭਾਵ ਰੱਖਣਾ ਗੁਰ ਸਿੱਖੀ ਹੈ, ਫਿਰ ਭਾਈ ਬੁੱਢੇ ਵਰਗੇ ਬੀਤਰਾਗ, ਗੁਰ ਪ੍ਰੇਮੀ ਜੀਵਨ ਮੁਕਤ ਦਾ ਸਤਿਕਾਰ ਤਾਂ ਖਾਸ ਹੈ। ਇਸ ਕਰਕੇ ਕਵਿ ਭਾਈ ਸੰਤੋਖ ਸਿੰਘ ਜੀ ਸਭ ਨੂੰ ਗੁਰ ਸਿੱਖ ਯਾ ਗੁਰਮੁਖ ਸਮਝਕੇ ਸਤਿਕਾਰ ਨਾਲ ਯਾਦ ਕਰਦੇ ਤੇ ਸਤਿਕਾਰ ਦੇਂਦੇ ਹਨ।

**ਕਾਸ ਲਈ ?** ਅਪਣੀ ਕੱਲਜਾਨ ਵਾਸਤੇ ਨਹੀਂ, ਅਪਣੇ ਧਰਮ ਵਾਸਤੇ ਨਹੀਂ, ਪਰ ਗੁਰੂ ਜਸ ਦੇ ਮੰਦਰ ਦੀ ਉਸਾਰੀ ਵਿਚ ਉਨ੍ਹਾਂ ਨੂੰ ਵਡੇ ਗੁਰੂ ਸਿਖ ਤੁੱਲ ਸਮਝਕੇ ਸਹਾਇਤਾ ਮੰਗਦੇ ਹਨ। ਪ੍ਰਯੋਜਨ ਹੈ ਅਪਣੇ ਇਸ਼ਟ ਦੇਵ ਦੀ ਕੀਰਤੀ, ਉਸ ਵਿਚ ਮੰਗਦੇ ਹਨ ਸਹਾਇਤਾ ਇਨ੍ਹਾਂ ਤੋਂ, ਇਨ੍ਹਾਂ ਨੂੰ ਭਾਈ ਬੁੱਢੇ ਵਾਂਙੂ ਵੱਡਾ ਆਦਰ ਯੋਗ ਗੁਰਮੁਖ ਸਮਝਕੇ, ਕਿ ਮੇਰੀ ਮਦਦ ਕਰੋ ਜੋ ਮੈਂ ਗੁਰੂ ਜਸ ਉਚਰਾਂ ਤੇ ਮੇਰੇ ਵਿਘਨਾਂ ਦਾ ਨਾਸ਼ ਹੋਵੇ।

ਭਾਈ ਸੰਤੋਖ ਸਿੰਘ ਜੀ ਇਹ ਆਵਾਹਨ ਨਾ ਕਰਦੇ ਤਾਂ ਕੋਈ ਥੁੜ ਨਹੀਂ ਸੀ ਰਹਿ ਜਾਣੀ। ਭਾਈ ਨੰਦ ਲਾਲ ਜੀ ਤੇ ਭਾਈ ਗੁਰਦਾਸ ਜੀ ਨੇ ਐਸੀ ਰਵਸ਼ ਨਹੀਂ ਲਈ ਤੇ ਨਿਰਾ ਹੀ ਸਿੱਧੇ ਅਪਣੇ ਸਤਿਗੁਰਾਂ ਦੇ ਨਿਰੋਲ ਯਸ਼ ਵਿਚ ਰਹੇ ਹਨ। ਪਰ ਜਿਵੇਂ 'ਅਸ਼੍ਵਘੋਸ਼' ਨੇ ਨਿਰੋਲ ਬੁਧਮਤ ਵਿਚ ਯੋਗ ਮਾਰਗ ਦੇ ਖ਼ਯਾਲ ਜਾ ਗੁੰਦੇ ਸਨ ਤੇ ਬੁਧ ਮਤ ਦਾ 'ਮਹਾਂਯਾਨਾ' ਮਾਰਗ ਵੱਖਰਾ ਹੀ ਪੈਦਾ ਹੋ ਗਿਆ ਸੀ ਤਿਵੇਂ ਕਵਿ ਜੀ ਦੇ ਸਮੇਂ ਇਸ ਪ੍ਰਕਾਰ ਦੇ ਬ੍ਰਹਮਣੀ ਪ੍ਰਭਾਵ ਵਾਲੇ ਖਿਆਲ ਸਿੱਖੀ ਨਾਲ ਰਲ ਰਹੇ ਸਨ*, ਤੇ ਭਾਈ ਜੀ ਜੈਸੇ ਗੁਣੀਆਂ ਦੀ ਵਿੱਦਯਾ ਉਨ੍ਹਾਂ ਹੀ ਮੰਡਲਾਂ ਵਿਚ ਹੋਈ ਸੀ, ਇਸ ਕਰਕੇ ਐਸੇ ਖ਼ਯਾਲ ਉਨ੍ਹਾਂ ਤੋਂ ਅਨਜਾਣੇ ਪੈਂਦੇ ਸਨ, ਪਰ ਉਨ੍ਹਾਂ ਦੀ ਇਸ਼ਟਪਤੀ ਉਨ੍ਹਾਂ ਤੋਂ ਅਪਣੇ ਇਸ਼ਟ ਸਤਿਗੁਰਾਂ ਨੂੰ ਉੱਚਾ ਰਖਵਾਉਂਦੀ ਸੀ ਤੇ ਹਰ ਟਿਕਾਣੇ ਉਨ੍ਹਾਂ ਦੀ ਵਿਸ਼ਾਲਤਾ, ਉੱਚਤਾ ਤੇ ਪ੍ਰਾਗੱਲਭਤਾ ਤੋਂ ਵਿਸ਼ੇਸ਼ਤਾ ਦੇ ਜਾਂਦੀ ਸੀ। ਕਵਿ ਜੀ ਦੀ ਅਨਿੰਨ ਸਿੱਖੀ ਦੇ ਭਾਵ ਉਨ੍ਹਾਂ ਤੋਂ ਮਲੋ-ਮਲੀ ਪ੍ਰਗਟ ਹੁੰਦੇ ਸਨ ਤੇ ਓਹ ਕਦੇ ਕਿਸੇ ਹੋਰਸ ਨੂੰ ਅਪਣਾ ਇਸ਼ਟ ਨਹੀਂ ਸਨ ਮੰਨਦੇ।

ਦੇਖੋ ਰਾਸ ਤਿੰਨ, ਅੰਸੂ ੩੨, ਅੰਕ ੧੪ ਵਿਚ ਕਵਿ ਜੀ ਦੀ ਅਨਿੰਨਤਾਈ ਜਿੱਥੇ ਕਿ ਓਹ ਆਪ ਗਣਪਤਿ ਆਦਿਕਾਂ ਦਾ ਮੰਨਣਾਂ ਮਨ੍ਹੇ ਕਰਦੇ ਹਨ ਯਥਾ:–'ਗਣਪਤਿ ਆਦਿ ਪੰਚਾਂਗ ਮਨਾਇ। ਤਿਨ ਪਰ ਨਿਸ਼ਚਾ ਨਹੀਂ ਟਿਕਾਇ। ਸਿੱਖ ਅਨਿੰਨ ਭਗਤ ਹੈਂ ਮੇਰੋ। ਜੇ ਨ ਪ੍ਰਤੀਤ, ਲੇਹੁ ਅਬ ਹੇਰੋ' [ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦੋਂ ਏਹ ਵਾਕ ਕਵੀ ਜੀ ਨੇ ਲਿਖੇ ਹਨ]

ਫਿਰ ਦੇਖੋ–ਰਾਸ ੩, ਅੰਸੂ ੩੨ ਦਾ ਅੰਕ ੨੨. ਤੇ ੨੩:–

---

*ਜਿਵੇਂ ਇਕ ਪ੍ਰਸਿਧ ਸਿੱਖ ਸੰਪ੍ਰਦਾ ਦੀ ਨਿਰੋਲ ਤੇ ਅਨਿੰਨ ਸਿਖੀ ਵਿਚ ਕਿਸੇ ਸਮੇਂ ਵਸ਼ਿਸ਼ਟ ਆ ਰਲਿਆ ਤੇ ਇਸਨੇ ਨਿਰੋਲ ਭਗਤੀ, ਸੇਵਾ, ਆਪਾ ਨਿਵਾਰ ਪਰੋਪਕਾਰ ਦੇ ਵਿਚ ਸੁੱਕਾ ਵੇਦਾਂਤ ਰਲਾਉਣਾ ਅਰੰਭ ਦਿੱਤਾ ਸੀ।

'ਵਾਰ ਮਹੂਰਤ ਤਬ ਨਹਿੰ ਪੂਛਾ। ਬਿਨਾਂ ਖਰਚ ਤੇ ਮਨ ਨਹਿੰ ਛੂਛਾ। ਨਿਸ਼ਚਾ ਏਕ ਕਰਨ ਅਰਦਾਸ। ਨਿਤ ਜਾਨਹਿ ਜਹਿੰ ਕਹਿੰ ਗੁਰ ਪਾਸ। ਭਗਤ ਅਨਿੰਨ ਕਹਾਵਤਿ ਐਸੇ। ਗੁਰ ਬਿਨ ਅਪਰ ਨ ਮਾਨਹਿੰ ਕੈਸੇ'।

ਜੋ ਕੁਛ ਉਨ੍ਹਾਂ ਨੇ ਸਮੇਂ ਤੇ ਅਪਣੀ ਵਿੱਦਜਾ ਵਾਕਫੀ ਦੇ ਮੰਡਲ ਵਿਚ ਕੀਤਾ ਹੈ ਉਸਦਾ ਆਸ਼ਾ ਇਹੋ ਹੈ:—ਅਪਨੇ ਇਸ਼ਟਦੇਵ ਨੂੰ ਸੁਮੇਰੁ ਪਰਬਤ ਸਮਝਣਾ, ਦੂਸਰੇ ਬਜ਼ੁਰਗਾਂ ਦੀ ਨਿੰਦਾ ਨਾ ਕਰਨੀ, ਪਰ ਉਨ੍ਹਾਂ ਨੂੰ ਇਸ਼ਟਦੇਵ ਤੋਂ ਨੀਵੇਂ ਤੇ ਨਿਜ ਤੋਂ ਵਡੇਰੇ ਸਮਝਕੇ ਇਕਰਾਰ ਵਿਚ ਵਸਦਿਆਂ ਪਤਿਬ੍ਰਤ ਭਾਵ ਨਿਬਾਹੁਣਾ, ਜਿਵੇਂ ਕੁਲੀਨ ਪਤਿਬ੍ਰਤਾ—ਪਤੀ ਭਾਵਨਾ—ਪਤੀ ਬਿਨਾਂ ਕਿਸੇ ਵਿਚ ਨਹੀਂ ਧਾਰਦੀ, ਪਤੀ ਦੇ ਲਵੇ ਕਿਸੇ ਨੂੰ ਨਹੀਂ ਲਾਉਂਦੀ, ਅਪਣੇ ਪਤੀ ਤੋਂ ਛੁੱਟ ਜਗਤ ਵਿਚ ਕਿਸੇ ਨੂੰ ਮਰਦ ਨਹੀਂ ਸਮਝਦੀ। ਪਰ ਪਤੀ ਤੋਂ ਛੁੱਟ ਉਸਦੇ ਮਿੱਤ੍ਰਾਂ, ਸੰਬੰਧੀਆਂ, ਵਾਕਫਾਂ, ਹੋਰ ਸਾਕਾਂ ਸਨੇਹੀਆਂ ਕਿਸੇ ਦਾ ਅਨਾਦਰ ਤੇ ਅਪਮਾਨ ਬੀ ਨਹੀਂ ਕਰਦੀ*। ਫਿਰ ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਔਗੁਣਾਂ ਨੂੰ ਛਡਕੇ ਗੁਣਾਂ ਨੂੰ ਤੱਕ ਕੇ ਗੁਣ ਸਭ ਤੋਂ ਮੰਗ ਲਈਏ, ਨਿੰਦਾ ਨਾ ਕਰੀਏ ਪਰ ਧਿਆਨ ਸਦਾ ਗੁਰ ਮੂਰਤੀ ਅਪਣੇ ਇਸ਼ਟ ਦਸੋ ਸਤਿਗੁਰਾਂ ਵਿਚ ਰਖੀਏ, ਉਨ੍ਹਾਂ ਤੋਂ ਸਭ ਗੁਣੀ, ਅਵਤਾਰ, ਪੈਗੰਬਰ ਨੀਵੇਂ ਹਨ।

ਜੈਸੇ ਨੈਨ ਬੈਨ ਪੰਖ ਸੁੰਦਰ ਸ੍ਰਬੰਗ ਮੋਰ ਤਾਂ ਕੇ ਪਗ ਓਰ ਦੇਖਿ ਦੋਖ ਨਾ ਬਿਚਾਰੀਐ॥ ਸੰਦਲ ਸੁਗੰਧਿ ਅਤਿ ਕੋਮਲ ਕਮਲ ਜੈਸੇ ਕੰਟਕ ਬਿਲੋਕਿ ਨ ਅਉਗੁਨ ਉਰਧਾਰੀਐ॥ ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ॥ ਤੈਸੇ ਗੁਰ ਗਿਆਨ ਦਾਨ ਸਭਹੂੰ ਸੈ ਮਾਂਗਿ ਲੀਜੈ, ਬੰਦਨਾ ਸਕਲ ਭੂਤ, ਨਿੰਦਾ ਨ ਤਕਾਰੀਐ॥੩੯੯॥

ਭਾਈ ਸੰਤੋਖ ਸਿੰਘ ਜੀ ਨੇ ਇਥੇ ਜਿਨ੍ਹਾਂ ਗੁਣਵਾਨਾਂ ਨੂੰ ਯਾਦ ਕੀਤਾ ਹੈ, ਉਨ੍ਹਾਂ ਦੇ ਏਹ ਗੁਣ ਗਿਣੇ ਹਨ:—ਵਿਘਨ ਨਾਸ਼, ਮੰਗਲ, ਸੁਮਤਿ, ਕਵਿਤਾ, ਗਜ਼ਾਨ, ਰਾਜ—ਪ੍ਰਤਾਪ, ਤਪ, ਵਿਦ੍ਵਤਾ, ਧਰਮ ਪਜਾਰ, ਮਿਰ੍ਯਾਦਾ, ਦਾਸਾਂ ਤੇ ਮੇਹਰ, ਰਸ ਗਜ਼ਾਤ, ਫਲ ਨੂੰ ਸਮਝਣ ਦੀ ਜਾਚ, ਪ੍ਰਤੱਗਜਾ ਪੂਰਨ, ਤੱਤਗਜ਼ਾਨ, ਰਿਧੀ ਸਿਧੀ, ਭਗਤੀ, ਸਿੱਖੀ, ਜਲਾਲ ਵਾਲਾ ਪ੍ਰਕਾਸ਼, ਜਮਾਲ ਵਾਲਾ ਪ੍ਰਕਾਸ਼, ਭਗਤੀ ਵਾਲਾ ਪ੍ਰੇਮ, ਕਵਿਤਾ ਸਫੁਰਣ ਸੱਤਾ, ਚਤੁਰਤਾ, ਦਾਸਾ ਭਾਵ। ਇਨ੍ਹਾਂ ਸਾਰੇ ਗੁਣਾਂ ਦਾ ਆਪ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਅਪਣੇ ਗ੍ਰੰਥ ਵਿਚ ਕਥਨ ਕਰਨਾ ਪੈਣਾਂ ਹੈ, ਇਸ ਲਈ ਆਪ ਗੁਣਾਂ ਨੂੰ ਤੇ ਜਿਨ੍ਹਾਂ ਵਿਚ ਇਕ ਇਕ ਗੁਣ ਪ੍ਰਸਿੱਧ

*ਜੈਸੇ ਕੁਲਾ ਬਧੂ ਬੁਧਿਵੰਤਿ ਸਸੁਰਾਰ ਬਿਖੈ ਸਾਵਧਾਨ ਚੇਤਨ ਰਹੈ ਅਚਾਰ ਚਾਰਕੈ॥ ਸਸੁਰ ਦੇਵਰ ਜੇਠ ਸਕਲ ਕੀ ਸੇਵਾ ਕਰੈ ਖਾਨ ਪਾਨ ਗਜ਼ਾਨ ਜਾਨਿ ਪਤਿ ਪਰਵਾਰ ਕੈ॥ ਮਧੁਰ ਬਚਨ ਗੁਰੁ ਜਨ ਸੈ ਲਜਾ ਲਵੰਨਿ, ਸਿਹਜਾ ਸਮੈ ਸਪ੍ਰੇਮ ਪੂਰਨ ਭਤਾਰ ਕੈ॥ ਤੈਸੇ ਗੁਰਸਿਖ ਸਰਬਾਤਮ ਪੂਜਾ ਪ੍ਰਬੀਨ ਬ੍ਰਹਮ ਧਿਆਨ ਗੁਰ ਮੂਰਤਿ ਅਪਾਰਕੈ॥੩੯੫॥

ਹੋਇਆ ਹੈ ਉਨ੍ਹਾਂ ਨੂੰ ਇਨ੍ਹਾਂ ਚੋਪਈਆਂ ਵਿਚ ਲੈਂਦੇ ਹਨ ਤੇ ਉਨ੍ਹਾਂ ਤੋਂ ਉਨ੍ਹਾਂ ਗੁਣਾਂ ਦੀ ਯਾਚਨਾਂ ਕਰਦੇ ਹਨ। ਗੁਣਾਂ ਵਾਲੇ ਉਹਨਾਂ ਨੇ ਉਹੀ ਚੁਣਨੇ ਸਨ ਜੋ ਉਨ੍ਹਾਂ ਦੀ ਵਾਕਫੀ ਦੇ ਦਾਇਰੇ ਦੇ ਸਨ। ਆਪ ਯੂਨਾਨ, ਮਿਸਰ, ਜਾਪਾਨ, ਚੀਨ, ਅਰਬ, ਈਰਾਨ, ਜਰਮਨੀ, ਰੋਮ ਦੇ ਗੁਣਵਾਨਾਂ ਦੇ ਨਾਮ ਨਹੀਂ ਗਿਣ ਸਕਦੇ ਸਨ ਕਿ ਜਿਨ੍ਹਾਂ ਦੇ ਵਿਦ੍ਯਾ ਵਿੱਗ੍ਯਾਨ ਤੇ ਇਲਮ ਅਦਬ ਦੀ ਮੁਤਾਲਯਾ ਤੇ ਪੜ੍ਹਨ ਦਾ ਸਮਾਂ ਆਪ ਨੂੰ ਨਹੀਂ ਲੱਭਾ। ਆਪ ਹਿੰਦੀ ਤੇ ਸੰਸਕ੍ਰਿਤ ਦੇ ਜਾਣੂੰ ਸੇ, ਸੋ ਹਿੰਦੀ ਸੰਸਕ੍ਰਿਤ ਇਲਮ ਅਦਬ ਵਿਚੋਂ ਹੀ ਉਨ੍ਹਾਂ ਨੇ ਗੁਣਵਾਨ ਸੱਜਨ ਚੁਣਨੇ ਸਨ ਤੇ ਸ੍ਵਦੇਸ਼ ਦੇ ਗੁਣੀ ਹੀ ਲੈਣੇ ਸਨ। ਫਿਰ ਇਨਾਂ ਗੁਣੀਆਂ ਵਿਚੋਂ ਕਈਆਂ ਦੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਵਿਚ ਆਏ ਹਨ, ਜਿਥੇ ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਸ ਕਰਨ ਵਾਲੇ—ਗੁਣ ਗਾਇਨ ਕਰਨ ਵਾਲੇ—ਦਾ ਦਰਜਾ ਦਿੱਤਾ ਹੈ, ਸੋ ਕਵੀ ਜੀ ਆਪ ਗੁਰੂ ਸਾਹਿਬਾਂ ਦਾ ਇਤਿਹਾਸ ਤੇ ਜਸ ਵਰਣਨ ਕਰਨ ਲਗੇ ਹਨ, ਓਹਨਾਂ ਨੂੰ ਗੁਰ ਜਸ ਕਰਨ ਵਾਲੇ ਸਮਝ ਕੇ ਯਾਦ ਕਰਦੇ ਹਨ ਕਿ ਤੁਸੀਂ ਮੇਰੀ ਮਦਦ ਕਰੋ ਅਰ ਕਾਰਜ ਸਿਰੇ ਚੜ੍ਹਾਓ। ਉਨ੍ਹਾਂ ਨੂੰ ਅਪਣਾ ਇਸ਼ਟਦੇਵ ਤੇ ਪੂਜ੍ਯ ਨਹੀਂ ਮੰਨ ਰਹੇ, ਨਾ ਇਨ੍ਹਾਂ ਦੀ ਪੂਜਾ ਸਿੱਖਾਂ ਨੂੰ ਸਿਖਾਲ ਰਹੇ ਹਨ। ਸਿਖਾਂ ਨੂੰ ਤਾਂ ਕਵਿ ਜੀ ਇਹੋ ਮੱਤ ਦੇਂਦੇ ਹਨ:—

ਭੁਗਤ ਅਨਿੰਨ ਕਹਾਵਤ ਐਸੇ। ਗੁਰ ਬਿਨ ਅਪਰ ਨ ਮਾਨਹਿ ਕੈਸੇ।

[ਰਾਸ ੪, ਅੰਸੂ ੩੨, ਅੰਕ ੨੪

ਅਗਲੇ ਅੰਕ ੨੮ ਤੋਂ ਲੈ ੩੬ ਤਕ ਖਾਸ ਤੇ ਉਂਞ ਆਮ ਤੋਰ ਤੇ ਕਵੀ ਜੀ ਅਪਣੇ ਕੰਮ ਦੀ ਵਿਸ਼ਾਲਤਾ ਤੇ ਮੁਸ਼ਕਲ ਨੂੰ ਪ੍ਰਤੀਤ ਕਰਕੇ ਆਪ ਨੂੰ ਉਸਦੇ ਕੰਮ ਦੇ ਯੋਗ ਨਹੀਂ ਸਮਝਦੇ, ਇਸ ਲਈ ਅਪਣੀ ਸਹਾਯਤਾ ਦੀ ਲੋੜ ਗੁਪਤ ਸੰਸਾਰ ਤੋਂ ਰਖਦੇ ਹਨ ਤੇ ਭੌਂ ਭੌਂ ਕੇ ਜੋ ਬੀ ਲਿਖਦੇ ਹਨ ਉਸਦਾ ਸਾਰਅੰਸ਼ ਇਹੋ ਨਿਕਲਦਾ ਹੈ ਕਿ ਅਪਣੇ ਕਾਰਜ ਦੀ ਨਿਰਵਿਘਨ ਸਮਾਪਤੀ ਲਈ ਅਗੰਮ ਤੋਂ, ਗ਼ੈਬ ਤੋਂ, ਗੁਪਤ ਸੰਸਾਰ ਤੋਂ ਰੂਹਾਨੀ ਮਦਦ ਦੀ ਟੇਕ ਮੰਗਦੇ ਹਨ ਤੇ ਉਸੇ ਦਾ ਆਸਰਾ ਬੰਨ੍ਹਦੇ ਅਰ ਯਾਚਨਾਂ ਕਰਦੇ ਹਨ।

(ਅੱਗੋਂ ਦੁਹ ਮਿਲਵੇਂ ਮੰਗਲ ਕਰਦੇ ਹਨ)

## ੧੫. ਖ਼ਾਲਸਾ ਤੇ ਸਤਿਗੁਰੂ ਜੀ ਦੇ ਮਿਲਵੇਂ ਮੰਗਲ।

[ ਗੁਰਜਸ਼ ਕਥਨ ਲਈ ਅਪਣੀ ਅਸਮ੍ਰੱਥਤਾ ਪਰੰਤੂ ਤੀਬ੍ਰ ਇੱਛਾ ]

ਸੈਯਾ॥ ਸ਼੍ਰੀ ਗੁਰ ਕੋ ਜਸੁ ਸਾਗਰ ਰੂਪ ਉਜਾਗਰ ਹੈ ਸਭਿ† ਲੋਕਨ ਮਾਹੂੰ।
ਮੈਂ ਤੁਲਹਾ ਤ੍ਰਿਣ ਜਨੋਂ ਕਰਿਕੈ ਨਿਜ ਬੁੱਧਿ ਤੇ ਪਾਰ ਪਰਨੋ ਅਬਿਚਾਹੂੰ।

---

*ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਵਈਏ ਮਹਲੇ ਪਹਿਲੇ ਕੇ ਜਿਥੇ—ਬ੍ਰਹਮਾ, ਸ਼ਿਵ, ਇੰਦ੍ਰ, ਸਨਕਾਦਿ, ਪਰਸਰਾਮ, ਜਮਦਗਨਿ, ਅਕ੍ਰੂਰ, ਸ਼ੇਸ਼ਨਾਗ, ਨਵੇਂ ਨਾਥ, ਬਿਆਸ, ਜਨਕ, ਕਬੀਰ ਆਦਿ ਨਾਰਦ ਤੇ ਕਪਲ ਆਦਿਕ ਸਾਰੇ ਗੁਰ ਜਸ ਕਥਨ ਕਰਨ ਵਾਲੇ ਲਿਖੇ ਹਨ। †ਪਾ:—ਧਾਹੁ।

ਹੋਇ ਹੰਸੀ ਜਗ ਮੈਂ ਅਧਿਕਾਇ ਤਊ ਚਿਤ ਮੈਂ ਅਤਿਸ਼ੈ ਉਤਸਾਹੂ।
ਉਚ ਤਰੁ ਫਲ ਜਸੋਂ ਲਗਿ* ਸੁੰਦਰ ਵਾਮਨ ਹਾਥ ਪਸਾਰਤਿ ਤਾਹੂ ॥੨੮॥

{ ਤਰੁ=ਬ੍ਰਿੱਛ।
ਵਾਮਨ=ਬਉਨਾ, ਬਹੁਤ ਮਧਰੇ ਕੱਦ ਦਾ ਆਦਮੀ। }

ਅਰਥ-(ਇਹ ਗਲ ਕਿ) ਸ੍ਰੀ ਗੁਰੂ ਜੀ ਦਾ ਜਸ ਸਮੁੰਦ੍ਰ ਵਾਂਙੂ (ਅਥਾਹ ਤੇ ਬੇਕਿਨਾਰ) ਸਭ ਲੋਕਾਂ ਵਿਚ ਉਜਾਗਰ ਹੈ, ਮੈਂ ਹੁਣ ਅਪਣੀ ( ਤੁੱਛ ) ਬੁੱਧੀ ਨਾਲ ( ਮਾਨੋਂ ) ਕੱਖਾਂ ਦਾ ਤੁਲਹਾ ਬਨਾਕੇ ਪਾਰ ਪੈਣਾਂ ਚਾਹੁੰਦਾ ਹਾਂ, (ਭਾਵੇਂ ਮੇਰੇ ਇਸ ਨਿਮਾਣੇ ਯਤਨ ਉਤੇ) ਜਗਤ ਵਿਚ ਭਾਰੀ ਹਾਸੀ ਹੀ ਹੋਵੇ ਤਦ ਬੀ ਮੈਂ ਚਿਤ ਵਿਚ ਬਹੁਤ ਉਤਸਾਹਿਤ ਹੁੰਦਾ ਹਾਂ, ਜਿਵੇਂ ਉਚੇ ਬ੍ਰਿਛ ਨੂੰ ਸੁਹਣਾ ਫਲ ਲੱਗਾ (ਵੇਖਕੇ) ਬਾਉਨਾ ਹੱਥ ਉਸ ਵੱਲੇ ਪਸਾਰਦਾ ਹੈ (ਤੇ ਲੋਕਾਂ ਦੇ ਹਾਸੇ ਤੋਂ ਉਤਸਾਹ ਹੀਨ ਨਹੀਂ ਹੁੰਦਾ)।

[ਅਪਣੀ ਅਸਮ੍ਰੱਥਤਾ ਦਾ ਉਪਾਉ, ਗੁਰੂ ਦੀ ਟੇਕ, ਖਾਲਸਾ ਤੇ ਸਤਿਗੁਰਾਂ ਜੋਗ ਬੇਂਦਨਾ]

ਚੌਪਈ॥

ਸ੍ਰੀਗੁਰ ਸੁਜਸ ਰੁਚਿਰ ਮਨਿਮਾਨਿਕ। ਸਿੱਖੀ ਊਚਤਾ ਗਿਰਵਰ ਬਾਨਿਕ।
ਸਾਧਨ ਰੂਪ ਚਰਨ ਨਹਿਂ ਮੇਰੇ। ਅਹੌਂ ਪਿੰਗ ਕਿਮ ਚਢਿਵ ਉਤੇਰੇ ॥੨੯॥
ਨਿਜ ਮਤਿ ਕੋ ਸ਼ਿੰਗਾਰ ਬਨਾਵਨ। ਚਾਹਤਿ ਹੌਂ ਪਰੋਇ ਪਹਿਰਾਵਨ।
ਪ੍ਰੇਮ ਰੂਪ ਗੁਨ ਕਰੋਂ ਬੰਧਾਵਨ। ਲੋਕ ਪ੍ਰਲੋਕ ਸੁਹਾਵਨ ਪਾਵਨ ॥ ੩੦॥
ਗੁਰ ਕਰੁਨਾ ਅਸੁਵਾਰੀ ਪਾਇ। ਉਚਤਾ ਸਿੱਖੀ ਪਰ ਚਢਿ ਜਾਇ।
ਹੋਹਿ ਮਨੋਰਥ ਪੂਰਨ ਮੇਰਾ। ਗੁਰ ਪਦ ਸੇਵਉਂ ਸਾਂਝ ਸਵੇਰਾ ॥ ੩੧ ॥
ਯਾਂਤੇ ਅਹੇ ਭਰੋਸਾ ਮੋਹੀ। ਗ੍ਰਿੰਥ ਸੰਪੂਰਨ ਸਗਰੋ ਹੋਹੀ।
ਤੁਰਕਨ ਰਾਜ ਤੇਜ ਬਨ ਦਾਵਾ। ਏਕ ਬਾਰ ਕਰਿ ਛਾਰ ਮਿਟਾਵਾ ॥੩੨॥
ਸ਼੍ਰੀ ਨਾਨਕ ਨਰ ਤਾਰਨ ਹੇਤੁ। ਸਿੱਖੀ ਬੇਲ ਬੋਇ ਜਗ ਖੇਤ।
ਅਪਰ ਗੁਰੂ ਉਪਦੇਸ਼ ਜੁ ਬਾਰੀ। ਦੇ ਦੇ ਭਲੀ ਭਾਂਤਿ ਪ੍ਰਤਿਪਾਰੀ ॥ ੩੩ ॥
ਸਿਮਰਨ ਸੱਤਿਨਾਮ ਸੁ ਸੁਮਨਸਾ†। ਬ੍ਰਹਮ ਗ੍ਯਾਨ ਫਲ ਚਹਿ ਜਿਸੁ ਮਨਸਾ‡।
ਕਲਗ਼ੀਧਰ ਰਣ ਕਰਿ ਬਹੁ ਬਾਰਿ। ਅਨਿਕ ਜਤਨ ਤੇ ਸੋ ਪ੍ਰਤਿਪਾਰਿ ॥੩੪॥

[ ਰੁਚਿਰ=ਸੁੰਦਰ। ਮਣਿ=ਰਤਨ, ਕੋਈ ਬਹੁ ਮੁੱਲਾ ਰਤਨ, ਹੀਰਾ ਪੰਨਾ ਲਾਲ ਆਦਿਕ। ਮਾਣਿਕ=ਲਾਲ ਰੰਗ ਦਾ ਰਤਨ, ਜਿਸਨੂੰ ਲਾਲ ਬੀ ਕਹਿੰਦੇ ਹਨ।
ਗਿਰਵਰ=ਸ੍ਰੇਸ਼ਟ ਪਹਾੜ। ਪਹਾੜ। ਬਾਨਿਕ=ਬਾਉਂ। ]

*ਪਾ:-ਲਖਿ। †ਪਾ:-ਸੁਭ ਸੁਮਨਸ। ‡ਪਾ:-ਜਿ ਸੁਮਨਸ।

ਪਿੰਗ=ਪਿੰਗਲਾ। ਉਤੇਰੇ=ਉਪਰ, ਉਚੇਰੇ। ਗੁਨ=ਧਾਗਾ, ਡੋਰ
ਬੰਧਾਵਨ=ਬੰਨ੍ਹਕੇ। ਸੁਹਾਵਨ=ਸੁਹਾਵਣਾ, ਸੁਹਣਾ ਲੱਗਣ ਵਾਲਾ।
ਕਰੁਨਾ=ਕ੍ਰਿਪਾ। ਮੇਹਰ। ਦਾਵਾ=ਦਾਵਾਂਨਲ, ਓਹ ਅੱਗ ਜੋ ਬਨਾਂ ਨੂੰ ਸਾੜਦੀ ਹੈ। ਬਾਰੀ=ਬਾਰ, ਜਲ, ਪਾਣੀ। ਪਾਰੀ=ਪਾਲੀ।
ਸੁ ਸੁਮਨਸਾ=ਸੁ=ਸ੍ਰੇਸ਼ਟ। ਸੁਮਨਸਾ=ਫੁੱਲ। [ਸੰਸ:, ਸੁਮਨਸ:=ਫੁਲ। ਸੁਮਨਸਾ=ਵਡੇ ਫੁਲਾਂ ਵਾਲੀ ਚੰਬੇਲੀ, ਮੋਤੀਆ]। (ਅ) [ਸੰਸ:, ਸਮੁਨ੍ਨਜ:=ਪ੍ਰਾਪਤੀ।] ਭਾਵ ਬ੍ਰਹਮ ਗਜਾਨ ਦੀ ਪ੍ਰਾਪਤੀ ਰੂਪੀ ਫਲ ਜਿਸਿ ਨਾਲ ਚਾਹ ਸਾ (=ਸ਼ਾਂਤ) ਹੋ ਜਾਂਦੀ ਹੈ। (ੲ) ਚਹਿ+ਜਿ +ਸਮਨ ਸਾ:=ਸਾ ਚਹਿ ਜਿ ਸ਼ਮਨ=ਜਿਸਦੇ ਨਾਲ ਸ਼ਮਨ ਹੋ ਜਾਂਦੀ ਹੈ ਓਹ ਚਾਹਨਾ।
ਚਹਿ ਜਿਸ ਮਨਸਾ=ਜਿਸਨੂੰ ਮਨ ਚਾਹੇ, ਮਨੋ ਵਾਂਛਤ।
ਰਣਕਰਨਾ=ਜੁਧ ਕਰਨਾ।

**ਅਰਥ**—(ਪ੍ਰਸ਼ਨ) ਸ੍ਰੀ ਗੁਰੂ ਜੀ ਦਾ ਸ੍ਰੇਸ਼ਟ ਜਸ ਲਾਲ ਵਾਂਙੂ (ਇੱਕ) ਸੁੰਦਰ ਰਤਨ ਹੈ, ਜੋ ਸਿੱਖੀ (ਰੂਪੀ) ਪਹਾੜ ਦੇ (ਉੱਚੇ) ਥਾਂਈ (ਲੱਭਦਾ) ਹੈ, ਮੇਰੇ (ਪਾਸ) ਸਾਧਨ ਰੂਪੀ ਪੈਰ ਨਹੀਂ ਹਨ, ਮੈਂ (ਮਾਨੋ) ਪਿੰਗਲਾ ਹਾਂ ਉਪਰ ਕੀਕੂੰ ਚੜ੍ਹਾਂ* ॥ ੨੯ ॥ (ਪਰ ਮੈਂ ਇਹ) ਚਾਹੁੰਦਾ (ਜ਼ਰੂਰ ਹਾਂ ਕਿ) ਅਪਣੀ ਮਤਿ ਨੂੰ (ਗੁਰੂ ਜਸ ਰੂਪੀ ਲਾਲਾਂ ਦੇ ਮਣਕੇ) ਪ੍ਰੋ ਕੇ ਪਹਿਰਾਂਵਾ ਤੇ ਇਸਨੂੰ ਸ਼ਿੰਗਾਰ ਲਾ ਦਿਆਂ, ਪ੍ਰੇਮ ਰੂਪੀ ਧਾਗੇ ਵਿਚ (ਗੁਰੂ ਜਸ ਰੂਪੀ ਖਿੱਲਰੇ ਰਤਨਾਂ ਨੂੰ) ਬੰਨ੍ਹਕੇ, ਜੋ ਲੋਕ ਤੇ ਪ੍ਰਲੋਕ (ਦੋਹੀਂ ਥਾਂਈ) ਸੁਹਣਾ ਤੇ ਪਵਿੱਤ੍ਰ ਹੈ ॥ ੩੦ ॥

(ਉੱਤਰ) ਗੁਰੂ ਦੀ ਕ੍ਰਿਪਾਲਤਾ (ਰੂਪੀ) ਅਸਵਾਰੀ ਪ੍ਰਾਪਤ ਕਰਕੇ ਸਿੱਖੀ ਦੀ ਉੱਚਤਾ (ਜੋ ਪਰਬਤ ਰੂਪ ਹੈ) ਪਰ ਚੜ੍ਹ ਜਾਵੀਦਾ ਹੈ, (ਐਉਂ) ਮੇਰਾ ਮਨੋਰਥ ਪੂਰਨ ਹੋ ਜਾਏਗਾ, (ਜੋ) ਮੈਂ ਗੁਰੂ ਜੀ ਦੇ ਚਰਨਾਂ ਨੂੰ ਦਿਨੇ ਰਾਤ ਸੇਵਾਂ ॥ ੩੧ ॥ ਇਸ ਕਰਕੇ ਮੈਨੂੰ (ਹੁਣ) ਭਰੋਸਾ ਹੈ ਕਿ ਗ੍ਰੰਥ (ਮੇਰਾ) ਸਾਰਾ ਸੰਪੂਰਣ ਹੋ ਜਾਏਗਾ (ਹਾਂ, ਜਿਨ੍ਹਾਂ ਸਤਿਗੁਰਾਂ ਨੇ) ਤੁਰਕਾਂ ਦੇ ਰਾਜ ਦੇ ਤੇਜ ਰੂਪੀ (ਭਾਰੇ) ਬਨ ਨੂੰ ਦਾਵਾ ਅਗਨੀ (ਵਾਂਙੂ ਲੱਗਕੇ) ਇਕ ਵੇਰ ਤਾਂ ਸੁਵਾਹ ਕਰਕੇ ਮਿਟਾ ਦਿੱਤਾ ਹੈ, (ਮੈਨੂੰ ਭਰੋਸਾ ਹੈ ਕਿ ਓਹ ਮੇਰੇ ਕੰਮ ਵਿਚ ਪੈਣ ਵਾਲੇ ਵਿਘਨਾਂ ਦਾ ਤੇਜ ਹਰਿ ਲੈਣਗੇ) ॥ ੩੨ ॥ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਰਾਂ ਦੇ ਤਾਰਨੇ ਲਈ ਜਗਤ (ਰੂਪੀ) ਖੇਤ ਵਿਚ ਸਿੱਖੀ ਦੀ ਵੇਲ ਬੋਈ, ਦੂਸਰੇ (ਨੌਂ) ਸਤਿਗੁਰਾਂ ਨੇ (ਸਮੇਂ ਸਮੇਂ)

*ਅਹੋ—ਪਦ ਦਾ—ਅਹੌਂ—ਅਰਥ ਕਰੀਏ ਤਾਂ ਉੱਪਰਲਾ ਅਰਥ ਠੀਕ ਹੈ,—ਅਹੋ—ਪਾਠ ਕਰਕੇ ਫਿਰ ਅਰਥ ਐਉਂ ਲਗਦਾ ਹੈ—ਅਹੋ ਪਿੰਗ ਕਿਮ ਚਢਵਉ ਤੇਰੇ:—ਓਹ ਹੋ! ਮੈਂ ਤਾਂ ਪਿੰਗਲਾ ਹਾਂ (ਹੇ ਪਰਬਤ) ਤੇਰੇ ਉਪਰ ਕੀਕੂੰ ਚੜ੍ਹਾਂ ?

ਉਪਦੇਸ਼ (ਰੂਪੀ) ਜਲ ਦੇ ਦੇ ਕੇ ਓਹ (ਵਲ) ਚੰਗੀ ਤਰ੍ਹਾਂ ਪਾਲੀ, (ਉਸ ਵੇਲੇ ਨੂੰ) 'ਸਤਿਨਾਮ ਦਾ ਸਿਮਰਨ' (ਰੂਪੀ) ਸ੍ਰੇਸ਼ਟ ਫੁੱਲ ਪਿਆ, ਜਿਸ ਨੂੰ 'ਬ੍ਰਹਮ ਗਜਾਨ' (ਰੂਪੀ) ਮਨੋਵਾਂਛਤ ਫਲ (ਲੱਗਾ), ਜਿਸਨੂੰ ਸ੍ਰੀ ਕਲਗੀਧਰ ਜੀ ਨੇ ਕਈ ਵਾਰ ਜੰਗ ਰਚਕੇ ਅਨੇਕ ਜਤਨਾਂ ਨਾਲ (ਬਚਾਇਆ ਤੇ) ਪ੍ਰਤਿਪਾਲਿਆ।

[ਖ਼ਾਲਸਾ ਦਾ ਰੂਪਕ]

**ਪੰਥ ਖਾਲਸਾ ਸੁਰਤਰੁ ਬੋਵਾ। ਸਤਿਗੁਰ ਤਪ ਦ੍ਰਿਢ ਮੂਲ ਖਰੋਵਾ।**
**ਸਿਖ ਸੰਗਤਿ ਛਾਯਾ ਜਿਸ ਪਾਇ। ਦੁਹਿ ਲੋਕਨ ਸੁਖ ਕੋ ਉਪਜਾਇ॥੩੫॥**
**ਕਲਪ ਲਤਾ ਸਿੱਖੀ ਗੁਨ ਭੋਵਾ। ਤਿਸਕੋ ਆਸ੍ਰੈ ਦ੍ਰਿਢ ਇਹ ਹੋਵਾ।**
**ਸਭਿਹਿਨਿ ਕੋ ਅਭਿਬੰਦਨ ਕੈ ਕੈ। ਕਰੋਂ ਗ੍ਰਿੰਥ ਚਿੰਤਾ ਉਰ ਖ੍ਵੈ ਕੈ॥੩੬॥**

{ ਸੁਰਤਰੁ=ਕਲਪ ਬ੍ਰਿਛ।
ਕਲਪਲਤਾ=ਕਲਪਾ ਬੇਲ, ਜੀਕੂੰ ਕਲਪ ਬ੍ਰਿਛ ਹੈ ਤੀਕੂੰ ਕਵਿ ਜੀ ਨੇ ਕਲਪਲਤਾ ਦੀ ਸੰਭਾਵਨਾ ਕੀਤੀ ਹੈ।
ਭੋਵਾ=ਭਰਪੂਰ। ਕੈ ਕੈ=ਕਰਕੇ।
ਖ੍ਵੈਕੈ=ਖੈ ਕਰਕੇ, ਦੂਰ ਕਰਕੇ, ਨਾਸ਼ ਕਰਕੇ। }

**ਅਰਥ**-(ਇਸ ਸਿੱਖੀ ਰੂਪੀ ਵੇਲ ਦੀ ਦ੍ਰਿੜ੍ਹਤਾ ਲਈ ਕਲਗੀਧਰ ਜੀ ਨੇ) ਖਾਲਸਾ ਪੰਥ ਕਲਪ ਬ੍ਰਿਛ ਬੀਜਿਆ, ਜੋ ਸਤਿਗੁਰ ਦੇ ਤਪ (ਦੇ ਆਸਰੇ ਆਪਣੀਆਂ) ਜੜ੍ਹਾਂ ਤੇ ਦ੍ਰਿੜ ਖਲੋਤਾ ਹੈ, ਜਿਸ ਦੀ ਛਾਇਆ ਪਾਕੇ ਸਿੱਖ ਸੰਗਤਿ ਦੋਹਾਂ ਲੋਕਾਂ (ਦੇ ਵਿਚ) ਸੁਖ ਪੈਦਾ ਕਰ (ਸਕਦੀ) ਹੈ ॥੩੫॥ (ਤਾਂਤੇ ਹੁਣ ਰੂਪਕ ਇਹ ਹੈ ਕਿ ਸਾਰੇ ਇਲਾਹੀ) ਗੁਣਾਂ (ਨਾਲ) ਭਰਪੂਰ ਸਿੱਖੀ (ਇਕ) ਕਲਪ ਵੇਲ (ਵਾਂਙੂ) ਹੈ, (ਤੇ) ਇਹ (ਪੰਥ ਖਾਲਸਾ ਰੂਪ ਕਲਪ ਬ੍ਰਿਛ ਹੈ ਜੋ) ਤਿਸ (ਕਲਪ ਵੇਲ) ਦਾ ਦ੍ਰਿੜ੍ਹ ਆਸ੍ਰਾ (ਬਨ ਕੇ ਖੜਾ) ਹੋਇਆ ਹੈ, (ਤਾਂਤੇ ਇਸ ਖਾਲਸਾ ਰੂਪੀ ਕਲਪ ਬ੍ਰਿਛ ਨੂੰ ਜੋ ਸਰਬ ਗੁਣ ਸੰਪੰਨ ਸਿੱਖੀ ਵੇਲ ਨਾਲ ਪ੍ਰਫੁੱਲਤ ਤੇ ਵਿਹਸਤ ਖੜਾ ਹੈ, ਤੇ ਇਸ ਦੇ ਰਚਣਹਾਰ) ਸਾਰਿਆਂ (ਸਤਿਗੁਰਾਂ) ਨੂੰ ਮੈਂ ਮੱਥਾ ਟੇਕਕੇ ਗ੍ਰੰਥ ਦੀ ਰਚਨਾ ਕਰਦਾ ਹਾਂ, ਚਿੱਤ ਦੀ ਚਿੰਤਾ ਦੂਰ ਕਰਕੇ ॥੩੬॥

[ਕਲਗੀਧਰ ਨਮਸਕਾਰ]

ਦੋਹਰਾ ॥ **ਪੁਨਹੁ ਪੁਨਹੁ ਕਰਿ ਕਰਿ ਨਮੋ ਪਦ ਪੰਕਜ ਗੁਰ ਕੇਰ।**
**ਕਲਗੀਧਰ ਪਰਹਰਿ ਅਰਿਨਿ ਰੰਚ ਕਰੇ ਜਿਨ ਮੇਰੁ ॥੩੭॥**

{ ਪਰਹਰਿ=ਖੋ ਦੇਣਾ, ਨਾਸ਼ ਕਰਨਾ। ਅਰਿਨਿ=ਵੈਰੀਆਂ ਨੂੰ।
ਰੰਚ=ਰਤਾ ਕੁ, ਥੋੜਾ, ਛੋਟਾ, ਨਿੱਕਾ, ਤੁੱਛ। [ਸੰਸ:, ਨਜੰਚ=ਨਿੱਕਾ, ਨੀਂਵਾਂ]
ਮੇਰੁ=ਸੁਮੇਰ ਪਰਬਤ। ਕੋਈ ਉੱਚਾ ਪਹਾੜ, ਭਾਵ ਉੱਚਾ। ਬਲੀ।
[ਸੰਸ:, ਮੇਰੁ:] }

**ਅਰਥ**–ਸ਼੍ਰੀ ਗੁਰ ਕਲਗੀਧਰ ਜੀ ਦੇ ਚਰਨਾਂ ਕਵਲਾਂ ਪਰ ਮੈਂ ਬਾਰ ਬਾਰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ (ਪਰਜਾ ਤੇ ਧਰਮ ਦੇ) ਵੈਰੀਆਂ ਦੇ ਨਾਸ਼ ਕਰਨ (ਹਿਤ) ਤੁੱਛ ਜੀਵਾਂ ਨੂੰ (ਬਲਵਾਨ ਤੇ) ਉੱਚੇ ਕਰ ਦਿੱਤਾ।

[ਦਸਮ ਗੁਰ ਰੂਪਕ]

**ਕਬਿੱਤ॥ ਦੇਨ ਪ੍ਰਹਲਾਦ ਪ੍ਰਹਲਾਦ ਕੋ ਲਖਯੋ ਸੁ ਦੈਤ, ਦੈਤ ਕੋ ਬਿਦਾਰਿਬੇ ਕੋ ਰੂਪ ਨਰਸਿੰਘ ਕੋ। ਹਾਰ ਦੇ ਬਲੀਨ ਕੋ ਜੁਹਾਰ ਲੇ ਬਲੀਨ ਕੋ ਹਤਨ ਲੰਕ ਪਤਿ ਰਨ ਰਾਮ ਨਰਸਿੰਘ ਕੋ।ਕੁਪਿਤ ਕੁਪਤ ਪੁਰਿ ਕਰੇ ਹੈਂ ਕੁ ਪਤਿ ਕੂਟ, ਹੇਰਿ ਹਰਿ ਹਹਿਰੇ ਜਿਉਂ ਹੇਰਿ ਮ੍ਰਿਗ ਸਿੰਘ ਕੋ। ਤੈਸੇ ਤੇਜਤਰ ਤੇ ਤੁਰਕ ਤਰੁ ਤੋਰਨ ਕੋ ਜਗ ਮੈਂ ਜਨਮ ਭਯੋ ਸ਼੍ਰੀ ਗੁਬਿੰਦ ਸਿੰਘ ਕੋ॥੩੯॥**

ਪ੍ਰਹਲਾਦ=(ਖੁਸ਼ੀ) ਅਨੰਦ [ਸੰਸ:, ਪ੍ਰਹ੍ਲਾਦ]।
ਪ੍ਰਹਲਾਦ=ਇਕ ਭਗਤ ਦਾ ਨਾਮ ਜੋ ਹਿਰਨਕਸ਼ਜਪ ਦੈਂਤ ਦਾ ਪੁੱਤ੍ਰ ਸੀ, ਪਰ ਆਪ ਅਕਾਲ ਪੁਰਖ ਦਾ ਭਗਤ ਸੀ।
ਲਖਯੋ=ਦੇਖਕੇ। ਸੁ=ਚੰਗੇ, ਮੁਰਾਦ ਹੈ ਵੱਡੇ, ਬਹੁਤੇ।
ਦੈਤ=ਦੈਤ੍ਯ–ਕਸ਼ਟ। [ਸੰਸ:, ਧਾਤੂ–ਦੀ=ਕੱਟਣਾ।
ਦਿਤਿ=ਕੱਟਣ ਦੀ ਕ੍ਰਿਆ, ਭਾਵ ਦੁਖ, ਕਸ਼ਟ]।
ਦੈਤ=ਰਾਖਸ਼ (ਅ) ਦੇਂਦੇ ਸਨ।
ਬਿਦਾਰਿਬੇ=ਵਿਨਾਸ਼ ਕਰਣਾ। ਨਰ ਸਿੰਘ=ਨਰਸਿੰਹ ਅਵਤਾਰ।
ਬਲੀਨ=ਬਾਲੀ ਨੂੰ। ਬਾਲੀ ਕਿਸ਼ਕਿੰਧਾ ਦਾ ਬੰਦਰ ਰਾਜਾ ਸੀ, ਸੁਗ੍ਰੀਵ ਦਾ ਵਡਾ ਭਰਾ ਤੇ ਅੰਗਦ ਦਾ ਪਿਤਾ ਸੀ, ਇਸ ਨੂੰ ਰਾਮ ਜੀ ਨੇ ਮਾਰਿਆ ਸੀ। [ਬਾਲੀ+ਨ=ਨੂੰ]। (ਅ) ਬਲਵਾਨਾਂ ਨੂੰ।
ਜੁਹਾਰ=ਨਮਸਕਾਰ।
ਬਲੀਨ=ਸੁਗ੍ਰੀਵ [ਬਾਲੀ+ਈਨ=ਜੋ ਬਾਲੀ ਦੀ ਈਨ ਮੰਨੇ ਸੋ ਸੀ-ਸੁਗ੍ਰੀਵ] (ਅ) ਬਲਵਾਨਾਂ ਤੋਂ। (ੲ) ਰਾਖਸ਼। ਭਾਵ ਕੁੰਭਕਰਨ ਆਦਿਕ ਬਲੀਆਂ (ਰਾਖਸ਼ਾਂ) ਨੂੰ ਹਾਰ ਦਿੱਤੀ ਤੇ ਉਸੇ ਦੇ ਭਰਾ ਉਸੇ ਰਾਖਸ਼ ਜਾਤੀ ਦੇ ਵਿਭੀਖਨ ਤੋਂ ਅਪਣੀ ਪੂਜਾ ਕਰਵਾਈ।
ਲੰਕਾ ਪਤਿ=ਲੰਕਾ ਪਤੀ, ਰਾਵਨ। ਰਾਮ=ਰਾਮ ਚੰਦਰ ਜੀ।
ਨਰਸਿੰਘ=ਨਰ ਸ਼ੇਰ, ਸ਼ੇਰ ਨਰ, ਬਲੀ ਸ਼ੇਰ।
ਕੁਪਿਤ=ਗੁੱਸੇ ਹੋਏ। [ਸੰਸ:, ਕੁਪਿਤ]।
ਕੁਪਤ=ਪਦ–ਕੁਰੁਪਤਿ–ਦਾ ਸੰਖੇਪ ਹੈ। ਕੁਰੁ+ਪਤਿ=ਕੁਰੂ ਨਾਮੇਂ ਦੇਸ਼ ਦੇ ਰਾਜੇ। ਭਾਵ–ਕੋਰਵ। ਕੁਰੁ ਰਾਜ, ਕੁਰੂ ਰਾਜਾ, ਕੁਰੁਪਤਿ=ਦਰਯੋਧਨ ਦੀ ਬੀ ਅੱਲ ਹੈ ਜੋ ਕੋਰਵਾਂ ਦਾ ਸਰਦਾਰ ਸੀ। (ਅ) ਕੁਪੱਤੇ ਲੜਾਕੇ।

ਕੁਪਤਿ=ਕੁ+ਪਤਿ=ਪ੍ਰਿਥਵੀ ਦਾ ਪਤੀ=ਰਾਜਾ, ਭਾਵ ਕੰਸ।
[ ਸੰਸ: ਕੁ=ਪ੍ਰਿਥਵੀ। ਪਤਿ=ਸੁਆਮੀ, ਰਾਜਾ ] (ਅ) ਬੇਇੱਜ਼ਤ।
ਕਰੇ ਹੈ ਕੁਪਤਿ ਕੂਰ=ਕੀਤੇ ਹਨ ਕੂਰ ਪੁਰਖ ਬੇਇੱਜ਼ਤ।
ਕੂਰ=ਕ੍ਰੂਰ=ਖੋਟੇ, ਭੇਦਾਯਕ, ਜ਼ਾਲਮ। ਹੇਰਿ=ਵੇਖਿਕੇ।
ਹਰਿ=ਕ੍ਰਿਸ਼ਨ। ਹਹਿਰੇ=ਡਰੇ। ਮ੍ਰਿਗ=ਹਰਨ।
ਸਿੰਘ=ਸ਼ੇਰ। ਤੈਸੇ ਤੇਜ ਤਰ ਤੇ=ਤੈਸੇ ਤੇਜ ਤੇ ਤਰ।
ਮੁਰਾਦ ਹੈ:—ਨਰ ਸਿੰਘ ਰਾਮ ਕ੍ਰਿਸ਼ਨ ਵਾਂਙੂ ਹੈ, ਪਰ ਉਹਨਾਂ ਦੇ ਤੇਜ਼ ਤੋਂ ਵਧੀਕ ਤੇਜ ਵਾਲਾ ਹੈ।
ਤੁਰਕ ਤਰੁ=ਤੁਰਕ ਬ੍ਰਿੱਛ—ਮੁਰਾਦ ਹੈ ਤੁਰਕਾਂ ਦੇ ਰਾਜ ਰੂਪੀ ਬ੍ਰਿੱਛ ਨੂੰ।
ਜਨਮ=ਅਵਤਾਰ।

**ਅਰਥ**—ਪ੍ਰਹਲਾਦ (ਭਗਤ) ਨੂੰ ਵਡੇ ਕਸ਼ਟ ਵਿਚ ਦੇਖਕੇ (ਕਸ਼ਟ ਦੇਣ ਵਾਲੇ) ਦੈਂਤ ਦੇ ਨਾਸ਼ ਕਰਨੇ (ਅਰ ਪ੍ਰਹਲਾਦ ਨੂੰ) ਅਨੰਦ ਦੇਣੇ ਲਈ (ਜੈਸੇ) ਨਰ ਸਿੰਘ ਦਾ ਰੂਪ (ਹੋਇਆ ਸੀ,) ਬਾਲੀ ਨੂੰ ਹਾਰ ਦੇਕੇ, ਸੁਗ੍ਰੀਵ ਤੋਂ ਨਮਸਕਾਰ ਲੈਕੇ ਰਣ ਵਿਚ ਰਾਵਣ ਨੂੰ ਮਾਰਨ ਲਈ ਰਾਮ ਜੀਕੂੰ ਸ਼ੇਰ ਨਰ (ਸੀ,) ਜਿਵੇਂ (ਡਰਦੇ ਹਨ) ਸ਼ੇਰ ਨੂੰ ਵੇਖਕੇ ਮ੍ਰਿਗ (ਤਿਵੇਂ) ਡਰੇ ਸਨ (ਸਾਰੇ) ਕ੍ਰਿਸ਼ਨ ਨੂੰ ਵੇਖਕੇ (ਜਿਸ ਨੇ) ਕੌਰਵਾਂ ਤੇ ਕ੍ਰੋਧ ਕੀਤਾ (ਤੇ ਕੰਸ ਵਰਗੇ) ਰਾਜੇ ਨੂੰ ਨਾਸ਼ ਕੀਤਾ, ਤਿਵੇਂ (ਹੀ, ਪ੍ਰੰਤੂ) ਵਧੀਕ ਤੇਜ ਵਾਲਾ ਹੋਇਆ ਅਵਤਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ (ਇਸ) ਜਗਤ ਵਿਚ ਤੁਰਕਾਂ (ਦੇ ਰਾਜ ਰੂਪੀ) ਬ੍ਰਿੱਛ ਨੂੰ ਤੋੜਨ ਲਈ।

**ਭਾਵ**—ਇਸ ਵਿਚ ਬੀ ਸਤਿਜੁਗ ਦਾ ਨਰਸਿੰਘ, ਤ੍ਰੇਤੇ ਦਾ ਰਾਮ, ਦੁਆਪਰ ਦਾ ਕ੍ਰਿਸ਼ਨ ਤ੍ਰੈਏ ਅਵਤਾਰ ਗਿਣ ਕੇ ਤਿਨ੍ਹਾਂ ਦਾ ਉਪਕਾਰ ਗੁਣ ਕਥਨ ਕਰਕੇ ਆਪਣੇ ਇਸ਼ਟ ਨੂੰ ਉਨ੍ਹਾਂ ਦੇ ਉਪਕਾਰ ਨਾਲ ਸਦਰਸ਼ਤਾ ਦੇਂਦੇ ਹੋਏ ਕਵਿ ਜੀ ਆਪਣੇ ਇਸ਼ਟ ਦੇਵ ਨੂੰ ਉਨ੍ਹਾਂ ਤੋਂ 'ਤੇਜ ਤਰ' ਵਧੇਰੇ ਤੇਜ ਵਾਲਾ ਅਵਤਾਰ ਕਥਨ ਕਰਦੇ ਹੋਏ ਅਪਣੀ ਇਸ਼ਟਾਪਤੀ ਦਾ ਸਬੂਤ ਦੇਂਦੇ ਹਨ।

**ਹੋਰ ਅਰਥ**—੨. (ੳ) ਬਲੀਨ=ਰਾਖਸ਼ਸ। ਭਾਵ ਵਿਭੀਖਨ ਰਾਖਸ਼ ਤੋਂ ਨਮਸਕਾਰ ਲਈ ਕੁੰਭਕਰਨ ਆਦਿ ਰਾਖਸ਼ਾਂ ਨੂੰ ਹਾਰ ਦੇਕੇ। (ਅ) (ਰਾਜਾ ਜਨਕ ਦੀ ਸਭਾ ਵਿਚ ਧਨੁਖ ਤੋੜਕੇ) ਹਾਰ ਦਿਤੀ ਬਲੀ ਰਾਜਿਆਂ ਨੂੰ ਤੇ (ਜੁ+ਹਾਰ=) ਜੋ ਹਾਰ ਸੀ ਸੁਯੰਬਰ ਦਾ ਸੋ ਲੀਤਾ ਬਲੀਨ ਤੋਂ (ਸੀਤਾ ਤੋਂ। ਬਾਲੀ=ਕੰਨਿਆਂ, ਜਨਕ ਸੁਤਾ। ਨ=ਤੋਂ)। (ੲ) ਬਲਵਾਨਾਂ ਨੂੰ ਹਾਰ ਦੇਕੇ ਬਲਵਾਨਾਂ ਤੋਂ ਨਮਸਕਾਰ ਲੈਕੇ ਜਿਵੇਂ.........।

੩. ਤੀਜੀ ਤੁਕ ਦਾ ਅਰਥ ਬੀ ਕਈ ਗਿਆਨੀ ਦਸਮੇਂ ਸਤਿਗੁਰਾਂ ਵਲ ਲਾਉਂਦੇ ਹਨ:—'ਕ੍ਰੋਧੀ (ਵੈਰੀਆਂ) ਤੇ ਗੁੱਸਾ ਕਰਕੇ (ਉਹਨਾਂ ਨੂੰ ਕੀਤਾ) ਝੂਠਾ ਤੇ ਬੇ ਇੱਜ਼ਤ, (ਉਹ) ਹਰੀ (ਰੂਪ ਗੁਰੂ ਗੋਬਿੰਦ ਸਿੰਘ ਜੀ ਨੂੰ) ਦੇਖਕੇ ਹੁਣ (ਮਲੇਛ)

ਭਰਦੇ ਹਨ ਜਿਵੇਂ ਹਰਨ ਸ਼ੇਰ ਨੂੰ ਵੇਖਕੇ। ਤੀਜੀ ਤੁਕ ਦਾ ਅਰਥ ਕਈ ਪਹਾੜੀ ਰਾਜਿਆਂ ਵਲ ਲਾਉਂਦੇ ਹਨ ਜੋ ਪ੍ਰਕਰਣ ਵਿਰੁਧ ਹੈ। ਅਰਥ ਇਉਂ ਕਰਦੇ ਹਨ, (ਕੁ+ਪਤਿ=ਪਰਬਤ+ਪਤੀ ਭਾਵ ਪਹਾੜੀ ਰਾਜੇ।) ਗੁੱਸੇ ਹੋਕੇ ਪਹਾੜੀ ਰਾਜਿਆਂ ਪੁਰ ਉਹਨਾਂ ਨੂੰ ਕੂੜੇ ਕਰਕੇ ਬੇਪਤੇ ਕਰ ਦਿਤਾ, (ਸਤਿਗੁਰੂ ਨੂੰ) ਦੇਖਕੇ ਓਹ ਹੋਛੇ ਇਉਂ ਭੈ ਭੀਤ ਹੋਏ ਜਿਵੇਂ ਸ਼ੇਰ ਨੂੰ ਵੇਖਕੇ ਹਰਨ, ਅਥਵਾ ਕੂੜੇ ਪਹਾੜੀ ਰਾਜਿਆਂ ਨੂੰ ਗੁੱਸੇ ਹੋਕੇ ਬੇ ਪਤੇ ਕਰ ਦਿੱਤਾ।

[ਚਰਿੱਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ]

**ਸੈਯਾ॥ ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ, ਭਵ ਫੰਧਨ ਕੇ।**
**ਸੁਖ ਮੂਲ ਭਲੇ, ਅਨਕੂਲ ਢਲੇ, ਰਿਪੁ ਸੂਲ ਮਿਲੇ, ਅਘਕੰਦਨ ਕੇ।**
**ਸਿਖ ਪਾਠ ਹਿਲੇ, ਦੁਖ ਦੋਖ ਦਲੇ, ਕਰਿ ਕਾਜ ਚਲੇ ਸੁ ਅਨੰਦਨ ਕੇ।**
**ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ ਤੇਗ ਬਹਾਦਰ ਨੰਦਨ ਕੇ*॥੩੯॥**

ਰਸ ਬੀਰ=ਬੀਰ ਰਸ। ਜਨ=ਦਾਸ। ਭਵ=ਸੰਸਾਰ। ਜਨਮ।
ਭਲੇ=ਚੰਗੇ ਢੰਗ ਨਾਲ। ਸੁਹਣੀ ਤਰ੍ਹਾਂ।
ਅਨਕੂਲ=ਜੋ ਅਨੁਸਾਰ ਹੋਵੇ ਸੋ ਅਨਕੂਲ। ਜੋ ਸਦਾ ਹਿਤ ਕਰੇ ਸੋ ਅਨਕੂਲ। ਸੋ 'ਅਨਕੂਲ ਢਲੇ' ਦੇ ਦੋ ਭਾਵ ਹੋ ਸਕਦੇ ਹਨ। ( ੳ ) ਗੁਰੂ ਜੀ ਦਾਸਾਂ ਦੇ ਸਦਾ ਅਨਕੂਲ ਹਨ ਅਰ ਉਹਨਾਂ ਤੇ ਮੇਹਰ ਨਾਲ ਢਲੇ ਰਹਿੰਦੇ ਹਨ, ਭਾਵ ਦਾਸਾਂ ਦੇ ਸਦਾ ਹਿਤ ਵਿਚ ਹਨ। ( ਅ ) ਜੋ ਸਿਖ ਉਹਨਾਂ ਦੇ ਅਨੁਸਾਰੀ ਹਨ ਉਹਨਾਂ ਤੇ ਪਸੀਜਦੇ ਹਨ।
ਮਿਲੇ=ਮਿਲਾਉਣ ਵਾਲੇ, ਪਾਉਣ ਵਾਲੇ। (ਅ) ਰਿਪੁ ਸੂਲ ਮਿਲੇ=ਸ਼ੱਤ੍ਰੂ ਆਪੇ ਹੀ ਸੂਲੀ ਚੜ੍ਹੇ ਰਹਿੰਦੇ ਹਨ, ਅਥਵਾ ਪੀੜਤ ਹੁੰਦੇ ਜਾਂਦੇ ਹਨ।
ਅਘ=ਪਾਪ। ਕੰਦਨ=ਕੱਟਣ ਵਾਲੇ।
ਹਿਲੇ=ਹਿਲਣਾ, ਗਿੱਝਣਾ। ਪ੍ਰੇਮ ਵਾਲੇ ਹੋ ਜਾਣਾ। (ਅ) ਸਿਖ+ਪਾ+ਠਹਿਲੇ, ਇਉਂ ਪਾਠ ਕਰਕੇ ਇਹ ਅਰਥ ਭੀ ਕਰਦੇ ਹਨ-ਜੋ ਸਿੱਖ ਚਰਨਾਂ ਨੂੰ ਆਕੇ ਠਹਿਲੇ=ਠਹਿਕੇ ਅਰਥਾਤ ਲਗੇ,ਉਨ੍ਹਾਂ ਦੇ ਦੁਖ ਦੋਖ ਦਲ ਦਿੱਤੇ।
ਮਿੱਤ੍ਰ=ਮੈਤ੍ਰੀ ਵਾਲੇ, ਪਜਾਰ ਵਾਲੇ।
ਬਚਿਤ੍ਰ=ਅਨੋਖੇ, ਅਸਚਰਜ ਵਿਚ ਪਾ ਦੇਣ ਵਾਲੇ।
ਚਰਿੱਤ੍ਰਤਿ=ਚਰਿੱਤ੍ਰਾਂ ਵਾਲੇ ਹਨ।
ਤੇਗ ਬਹਾਦਰ ਨੰਦਨ ਕੇ=ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸਪੁੱਤ੍ਰ ਦਸਮ ਗੁਰੂ ਜੀ।

**ਅਰਥ**-ਬੀਰ ਰਸ ( ਨਾਲ ) ਭਰਪੂਰ ਹਨ, ( ਆਪਣੇ ) ਦਾਸਾਂ ਨੂੰ ਧੀਰਜ ( ਦਾਨ ) ਕਰਨ

*ਇਹ ਸੈਯਾ ਅੱਗੇ ਰੁਤ ੧ ਅੰਸੂ ੧ ਅੰਕ ੨੨ ਵਿਚ ਬੀ ਆਵੇਗਾ।

ਵਾਲੇ ਹਨ, (ਉਨ੍ਹਾਂ ਦੀਆਂ) ਅਨੇਕਾਂ ਪੀੜਾਂ ਤੇ ਸੰਸਾਰ ਦੇ ਫੰਧਿਆਂ ਨੂੰ ਦੂਰ ਕਰਨ ਵਾਲੇ ਹਨ। ਸੁਹਣੀ ਤਰ੍ਹਾਂ (ਨਾਲ ਸਾਰੇ) ਸੁਖਾਂ ਦਾ ਮੂਲ ਹਨ, ਅਨਕੂਲ ਹਨ (ਤੇ ਦਾਸਾਂ ਉਤੇ) ਪਸੀਜਣ ਵਾਲੇ ਹਨ। (ਪ੍ਰਜਾ ਦੇ) ਵੈਰੀਆਂ ਨੂੰ ਪੀੜਾ ਵਿਚ ਪਾਉਣ ਵਾਲੇ ਤੇ ਪਾਪਾਂ ਨੂੰ ਪੁੱਟ ਸੁੱਟਣ ਵਾਲੇ ਹਨ। (ਜੋ) ਸਿੱਖ (ਬਾਣੀ ਦੇ) ਪਾਠ ਦੇ ਪ੍ਰੇਮੀ ਹੋ ਗਏ ਹਨ, (ਉਹਨਾਂ ਦੇ) ਦੋਖਾਂ ਦੇ ਦੁੱਖਾਂ ਨੂੰ ਦਲ ਸਿੱਟਣ ਵਾਲੇ ਹਨ (ਤੇ ਉਨ੍ਹਾਂ ਦੇ ਕਿਰਤ) ਕਾਰਜ ਅਨੰਦ ਨਾਲ ਸੁਆਰ ਦਿੰਦੇ ਹਨ, ਭਾਵੇ ਪਿਆਰ ਵਾਲੇ ਪਵਿੱਤ੍ਰ ਤੇ ਅਸਚਰਜ ਚਰਿੱਤ੍ਰਾਂ ਵਾਲੇ ਹਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਪੁੱਤ੍ਰ (ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ)।

ਸੈਯਾ ॥ [ਸਤਿਗੁਰਾਂ ਦੀ ਕਥਾ]

**ਥਿਤਿਦਾ ਚਿਤਕੀ,ਨਿਤਦਾ ਬਿਤਕੀ, ਹਿਤਦਾ ਕਿਤਕੀ,ਸੁਨਿਹੰਤ ਜਰੀ।**
**ਸ਼ਰਧਾ ਗੁਰ ਕੀ ਸੁਧਿਦਾ ਉਰਕੀ, ਹਰਿਤਾ ਜੁਰਕੀ, ਸੁਖ ਪੁੰਜ ਜਰੀ।**
**ਸਭਿ ਸਾਰ ਮਥਾ, ਘ੍ਰਿਤ ਲੀਨ ਜਥਾ, ਇਹ ਚਾਰੁ ਕਥਾ, ਅਜਰਾਨਜਰੀ।**
**ਗੁਨ ਬ੍ਰਿੰਦ ਗੁਬਿੰਦ ਮ੍ਰਿਗਿੰਦ ਮੁਕੰਦ ਅਨੰਦਕ ਚਾਰੁ ਜਰਾਉਜਰੀ*॥੪੦॥**

ਥਿਤਿ=ਟਿਕਾਉ, ਠਾਹਰ। [ਸੰਸ:, ਸ੍ਥਿਤਿ]
ਨਿਤ ਦਾ ਬਿਤ ਕੀ=ਨਿਤ ਬਿਤ ਕੀ ਦਾ=ਨਿਤ ਗੁਣ ਵਾਲੇ ਧਨ ਦੀ ਦਾਤੀ, ਭਾਵ ਨਾਮ ਧਨ ਦੀ ਦਾਤੀ। (ਅ) ਸਦਾ ਦੇਣ ਵਾਲੀ ਹੈ ਦੌਲਤ ਦੀ, ਭਾਵ ਸੰਸਾਰਕ ਪਦਾਰਥਾਂ ਦੀ। [ਸੰਸ:, ਨਿਤ੍ਯ। ਵਿਤ੍ਤ]।
ਹਿਤ ਦਾ ਕਿਤਕੀ=ਹਿਤ ਕਿਤ ਕੀ ਦਾ=ਕੀਰਤਨ ਭਗਤੀ ਦੀ ਦਾਤੀ। [ਸੰਸ:, ਕ੍ਰਿਤਿ, ਧਾਤੂ ਹੈ=ਕੀਰਤਿ ਕਰਨੀ]। (ਅ) ਹਿਤ ਦਾ=ਪ੍ਰੇਮ ਦਾਤੀ। ਕਿਤ ਦਾ=ਅਰੋਗਤਾ ਦੀ ਦਾਤੀ। ਕਿਤਕੀ=ਅਰੋਗਤਾ ਕਰਨ ਵਾਲੀ। [ਸੰਸ:, ਕਿਤ੍–ਧਾਤੂ ਹੈ=ਚਕਿਤਸਾ ਕਰਨੀ]।
ਹੰਤ=ਅਹੰਤਾ। ਜਰੀ=ਸਾੜਨ ਵਾਲੀ। ਸੜ ਜਾਂਦੀ ਹੈ।
ਸੁਧਿਦਾ=ਸੁੱਧਤਾ ਦਾਤੀ, ਸਫਾਈ ਦੇਣ ਵਾਲੀ। ਉਰ=ਦਿਲ ਦੀ।
ਜੁਰ=ਤਾਪ, ਮੁਰਾਦ ਤ੍ਰੈ ਤਾਪਾਂ ਤੋਂ ਹੈ।
ਸੁਖ ਪੁੰਜ ਜਰੀ=ਸੁਖਾਂ ਦੇ ਸਮੂਹ ਤੋਂ ਬਣਿਆਂ ਜ਼ਰੀਬਾਦਲਾ ਹੈ [ਫਾ:, ਜ਼ਰੀ =ਸੋਨੇ ਦੀਆਂ ਤਾਰਾਂ ਤੋਂ ਬਣੀ ਸ਼ੈ, ਜ਼ਰੀ ਬਾਦਲਾ]।
(ਅ) ਜਰੀ=ਜੜੀ=ਜੜੀ ਬੂਟੀ, ਭਾਵ ਔਸ਼ਧੀ।
ਸੁਖ ਪੁੰਜ ਜਰੀ=ਸਾਰੇ ਸੁਖਾਂ ਦੀ ਦਵਾਈ ਹੈ।
ਮਥਾ=ਰਿੜਕਕੇ। ਘ੍ਰਿਤ=ਘਿਉ। ਚਾਰੁ=ਸੁੰਦਰ।

*ਇਹ ਸੈਯਾ ਬੀ ਅੱਗੇ ਜਾਕੇ ਰੁੱਤ ਪਹਿਲੀ ਅੰਸੂ ੧ ਅੰਕ ੨੩ ਵਿੱਚ ਆਵੇਗਾ।

ਅਜਰਾ=ਜੋ ਕਦੇ ਕੁਮਲਾਵੇ ਭਾਵ ਵਿਗੜੇ ਨਹੀਂ। ਸਦਾ ਇਕ ਰਸ ਰਹੇ।
ਨ ਜਰੀ=ਜਿਸ ਨੂੰ ਬੁਢਾਪਾ ਨਾ ਆਵੇ। (ਅ) ਅਜਰ ਨੂੰ ਜਰ (ਲੈਣਾ ਸਿਖਾਲਣ ਵਾਲੀ)। (ੲ) ਇਹ ਕਥਾ ਅਜਰ ਵਸਤੂ ਨਹੀਂ, ਜਰੀ ਜਾਣ ਵਾਲੀ ਹੈ, ਅਰਥਾਤ ਇਸ ਨੂੰ ਸੁਣਕੇ ਸ਼੍ਰੋਤਾ ਇਸਨੂੰ ਆਪਣੇ ਅੰਦਰ ਸਮਝੇਗਾ ਤੇ ਕ੍ਰਿਤਾਰਥ ਹੋਵੇਗਾ। (ਸ) ਇਸਨੂੰ ਜਰਨਗੇ ਅਜਰ ਨੂੰ ਜਰ ਲੈਣ ਦੇ ਸੁਭਾਵ ਵਾਲੇ (ਪ੍ਰੇਮੀ)। (ਹ) ਅਜਰਾ=ਜੰਗਾਲ ਤੋਂ ਰਹਿਤ। ਨਜਰੀ=ਨਜਰੋਂ ਲੰਘਿਆ, ਪਰਖਿਆ ਹੋਇਆ। (ਕ) ਅਜਰ=ਮੁੱਲ। ਅਨਜਰੀ=ਬੇਕੀਮਤ ਅਮੋਲਕ। [ਅ:, ਅਜਰ=ਉਜਰਤ, ਕੀਮਤ।]
ਚਾਰੁ=ਸੁੰਦਰ। (ਅ) ਗਹਿਣਾ। ਅਨੰਦਕ ਚਾਰੁ ਜਰਾਉ ਜਰੀ=ਅਨੰਦ ਦਾਇਕ ਗਹਿਣੇ ਦੀ ਜੜਤ ਜੜੀ ਹੈ।
ਜਰਾਉ=ਜੜਤ। ਜਰੀ=ਜੜੀ ਹੋਈ ਹੈ।

**ਅਰਥ**—(ਸਤਿਗੁਰਾਂ ਦੀ ਕਥਾ) ਚਿੱਤ ਨੂੰ ਟਿਕਾਉ ਦੇਣ ਵਾਲੀ, ਨਿੱਤ ਧਨ (ਨਾਮ) ਦੀ ਦਾਤੀ ਹੈ, ਕੀਰਤਨ ਭਗਤੀ ਦੀ ਦਾਤੀ ਹੈ (ਤੇ ਜਿਸਦੇ) ਸੁਣਨ ਨਾਲ ਹਉਮੈਂ ਸੜ ਜਾਂਦੀ ਹੈ। ਸਤਿਗੁਰਾਂ (ਦੇ ਚਰਨਾਂ ਵਿਚ) ਸ਼ਰਧਾ (ਅਤੇ) ਰਿਦੇ ਨੂੰ ਸੁੱਧਤਾ ਦੇਣ ਵਾਲੀ ਹੈ, (ਤ੍ਰੈਆਂ) ਤਾਪਾਂ ਦੇ ਹਰਨ ਵਾਲੀ ਸਾਰੇ ਸੁਖਾਂ ਦੀ ਔਖਧੀ ਹੈ। ਇਸ (ਸਤਿਗੁਰਾਂ ਦੀ) ਸੁੰਦਰ ਕਥਾ (ਵਿਚ) ਸਾਰਾ ਤੱਤ ਰਿੜਕਕੇ (ਲੈ ਲੀਤਾ ਗਿਆ ਹੈ) ਜਿਵੇਂ ਘਿਉ (ਕੱਢ) ਲਈਦਾ (ਹੈ), ਇਹ (ਕਥਾ ਹੈ) ਇਕ ਰਸ ਰਹਿਣ ਵਾਲੀ ਤੇ ਕਦੇ ਬੁੱਢੀ ਨਾਂ ਹੋਣ ਵਾਲੀ* (ਸ੍ਰੀ ਗੁਰੂ) ਗੋਬਿੰਦ ਸਿੰਘ ਮੁਕਤੀ ਦਾਤੇ ਦੇ ਸਾਰੇ ਗੁਣਾਂ (ਰੂਪੀ ਰਤਨਾਂ) ਦੇ (ਮਾਨੋ) ਅਨੰਦ ਦਾਇਕ ਗਹਿਣੇ ਦੀ ਜੜਤ ਜੜੀ ਹੈ।

**ਭਾਵ**—ਇਸ ਵਿਚ ਕਵਿ ਜੀ ਨੇ ਉਸ ਕਥਾ ਦੇ ਗੁਣ ਦੱਸੇ ਹਨ ਜੋ ਓਹ ਲਿਖਦੇ ਆਏ ਤੇ ਅੱਗੋਂ ਲਿਖਣਗੇ। ਦਸ ਗੁਰੂ ਸਾਹਿਬ ਜੀ ਹਨ ਤੇ ਦਸ ਹੀ ਗੁਣ ਆਪ ਨੇ ਕਥਾ ਦੇ ਏਥੇ ਕਥਨ ਕੀਤੇ ਹਨ। ਅੱਠ ਗੁਣ ਪਹਿਲੀਆਂ ਦੋ ਤੁਕਾਂ ਵਿਚ ਹਨ, ਨਾਵਾਂ ਤੀਸਰੀ ਵਿਚ ਤੇ ਦਸਵਾਂ ਚੌਥੀ ਵਿਚ। ਇਸ ਤੋਂ ਇਹ ਬੀ ਸਮਝ ਪੈਂਦੀ ਹੈ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਨੂੰ ਇਕੋ ਹੀ ਕਥਾ ਕਹਿ ਰਹੇ ਹਨ। ਗੁਣ ਜੋ ਗਿਣੇ ਹਨ ਏਹ ਹਨ:—

---

*ਘ੍ਰਿਤ ਦਾ ਰੂਪਕ—ਅਜਰਾ ਨਜਰੀ=ਦੇ ਅਰਥਾਂ ਨੂੰ ਬੰਨ੍ਹ ਦੇਂਦਾ ਹੈ। ਦੁੱਧ ਦਹੀਂ ਮੱਖਣ ਛੇਤੀ ਖਰਾਬ ਹੁੰਦੇ ਹਨ, ਪਰ ਘਿਉ ਖਰਾਬ ਨਹੀਂ ਹੁੰਦਾ, ਤਿਵੇਂ ਇਹ ਕਥਾ ਜਰਾ (ਬੁਢੇਪੇ) ਨੂੰ ਪ੍ਰਾਪਤ ਨਹੀਂ ਹੁੰਦੀ। ਦੂਸਰੇ, ਘਿਉ ਐਵੇਂ ਖਾਧਾ ਪਚਦਾ ਘੱਟ ਹੈ, ਪਰ ਇਹ ਕਥਾ (ਅਜਰਾ+ਨ=) ਅਜਰ ਨਹੀਂ, ਨਾ ਪਚਣੇ ਵਾਲੀ ਨਹੀਂ, ਸਗੋਂ ਜਰੀ—ਪਚਣ ਵਾਲੀ ਹੈ, ਭਾਵ ਸਭ ਨੂੰ ਸੁਖਾਵੇਗੀ।

੧. ਚਿੱਤ ਨੂੰ ਟਿਕਾਉਣ ਵਾਲੀ।
੨. ਨਿੱਤਜਾਫਨ ਦੀ ਦਾਤੀ।
੩. ਕੀਰਤ (ਭਗਤੀ) ਦੀ ਦਾਤੀ।
੪. ਅਹੰ ਨੂੰ ਸਾੜਨ ਵਾਲੀ।
੫. ਸਤਿਗੁਰਾਂ ਵਿਚ ਸ਼ਰਧਾ ਦੀ ਦਾਤੀ।
੬. ਦਿਲ ਦੀ ਸ਼ੁੱਧੀ ਦੀ ਦਾਤੀ।
੭. ਤ੍ਰੈ ਤਾਪ ਹਰਤਾ (ਦੁਖ ਨਾਸ਼ਕ)।
੮. ਸੁੱਖਾਂ ਦੀ ਦਵਾਈ ਰੂਪ।
੯. ਅਜਰ ਨੂੰ ਪਚਾ ਦੇਣ ਵਾਲੀ।
੧੦. ਬ੍ਰਿੰਦ ਗੁਨਾਂ ਦੀ ਦਾਤੀ, ਵਿਸ਼ੇਸ਼ ਕਰਕੇ 'ਆਨੰਦਦਾਯ' ਮੁਕਤੀ ਦੀ ਦਾਤੀ।

ਏਹ ਦਸੇ ਗੁਣ ਦਸਾਂ ਗੁਰੂ ਸਾਹਿਬਾਂ ਵਿਚ ਹਨ ਤੇ ਉਨ੍ਹਾਂ ਦੀ ਕਥਾ ਇਨ੍ਹਾਂ ਦੀ ਦਾਤੀ ਹੈ।

[ ਖਾਲਸਾ–ਕਲਪ ਬ੍ਰਿੱਛ ਦੇ ਰੂਪਕ ਵਿਚ ]

**ਕਬਿੱਤ ॥ ਸ੍ਰੀ ਗੁਰੂ ਜਗਤ ਪਤਿ ਜਗਤ ਸਦਨ ਮਾਂਝ ਹਿੰਦਵਾਨ ਅਜਰ ਬਿਰਾਜਬੇ ਕੀ ਲਾਲਸਾ।ਸੁਰਤਨ ਬੀਜ ਤੇ ਅੰਕੂਰ ਭਯੋ ਮਹਾਂ ਜੁੱਧ ਅੰਮ੍ਰਿਤ ਕੋ ਦੇਨਿ ਤੁਚਾ ਬ੍ਰੱਧਤਿ ਨਿਰਾਲਸਾ। ਸਦਗੁਨ ਦਲ ਤੇ ਸਦਲ ਭਏ ਭੂਪ ਡਾਲ, ਭਜਨ ਕੁਸਮ ਫਲ ਗਯਾਨ ਤਤਕਾਲਸਾ। ਪਰ ਮਤ ਕਾਲਸਾ ਦਰਿੱਦ੍ਰ ਖਲ ਦਾਲਸਾ ਪ੍ਰਤਾਪ ਰਿਪੁ ਘਾਲਸਾ ਕਲਪਤਰੁ ਖਾਲਸਾ ॥੪੧॥**

ਪਤਿ=ਮਾਲਕ। (ਅ) ਪਤ=ਇੱਜ਼ਤ। ਸਦਨ=ਘਰ।
ਹਿੰਦਵਾਨ=ਹਿੰਦ ਦੇ ਓਹ ਵਾਸੀ ਜੋ ਹਿੰਦ ਨੂੰ ਅਪਨਾ ਵਤਨ ਅਪਣੇ ਧਰਮ ਅਸਥਾਨਾਂ ਦਾ ਥਾਉਂ ਮੰਨਦਾ ਤੇ ਪੁਰਾਤਨ ਸ੍ਵਦੇਸ਼ੀ ਸੱਭਯਤਾ ਦਾ ਮਾਣ ਰਖਦਾ ਹੈ। ਹਿੰਦੀ ਯਾ ਹਿੰਦੂ।
ਅਜਰ=ਜਿਸਨੂੰ ਬੁਢੇਪਾ ਨਾ ਆਵੇ। ਸਦਾ ਪ੍ਰਫੁਲਤ। ਮੁਰਾਦ ਹੈ ਜਿਸਦਾ ਤੇਜ, ਪ੍ਰਤਾਪ ਤੇ ਹਸਤੀ ਸਦਾ ਰਹੇ। (ਅ) ਅਜਰ ਦਾ ਅਰਥ ਵਿਹੜਾ ਬੀ ਹੈ, ਉਹ ਬੀ ਏਥੇ ਲਾਉਂਦੇ ਹਨ।
ਬਿਰਾਜਬੇ=ਵਸਾਉਣਾ। ਵਸਦੀ ਰਖਣਾ।
ਲਾਲਸਾ=ਇੱਛਾ, ਚਾਹਨਾ। ਤੁਚਾ=ਚਮੜਾ, ਛਾਲ। ਬ੍ਰਿੱਛ ਦੇ ਮੁੱਢ ਉਤੇ ਜੋ ਛਾਲ ਹੁੰਦੀ ਹੈ ਉਸ ਨੂੰ ਤੁਚਾ ਆਖਦੇ ਹਨ। [ਸੰਸ:, ਤ੍ਵਚ] ਬ੍ਰੱਧਤਿ=ਵਧਦਾ ਹੈ।
ਨਿਰਾਲਸਾ=ਨਿਰ+ਆਲਸਾ=ਆਲਸ ਤੋਂ ਹੀਣਤਾ। ਸ਼ੀਘ੍ਰਤਾ, ਛੇਤੀ।
ਸਦਗੁਣ=ਸ੍ਰੇਸ਼ਟ ਗੁਣ, ਦੈਵੀ ਗੁਣ, ਸਤਿ ਸੰਤੋਖ ਆਦੀ।
ਦਲ=ਪੱਤੇ। ਸਦਲ=ਸ+ਦਲ। ਸ=ਸਮੇਤ। ਦਲ=ਫੌਜ } ਫੌਜਾਂ ਸਮੇਤ।
ਤਤਕਾਲ ਸਾ=ਛੇਤੀ ਹੋਣ ਵਾਲਾ। ਗਯਾਨ ਤਤ ਕਾਲਸਾ=ਓਹ ਗਯਾਨ ਜੋ ਤੁਰਤ ਹੋ ਜਾਵੇ। ਕਵੀ ਜੀ ਦਾ ਭਾਵ, ਜਿਸਨੂੰ ਭਜਨ ਰੂਪੀ ਫੁਲ ਪੈ ਰਿਹਾ ਹੈ, ਉਸਨੂੰ ਗਯਾਨ ਫਲ ਛੇਤੀ ਪੈਂਦਾ ਹੈ।
ਪਰ ਮਤ=ਪਰਾਯਾ ਮਤ=ਓਹ ਮਤ ਜੋ ਪਰਮੇਸ਼ਰ ਨੂੰ ਓਪਰਾ ਕਰ ਦੇਵੇ।

(ਅ) ਓਹ ਮਤ ਜੋ ਵਿਦੇਸ਼ ਤੇ ਓਪਰੇ ਲੋਕਾਂ ਤੋਂ ਆਯਾ ਹੋਵੇ ।
ਕਾਲਸਾ=ਕਾਲ ਵਰਗਾ, ਮੌਤ ਸਮਾਨ । ਖਲ=ਦੁਸ਼ਟ ।
ਦਾਲਸਾ=ਦਲਨ ਵਾਲਾ ।
ਪ੍ਰਤਾਪ=ਤੇਜ । ਪ੍ਰਤਾਪ ਰਿਪੁ=ਵੈਰੀਆਂ ਦੇ ਤੇਜ ਨੂੰ (ਅ) ਪ੍ਰ=ਪ੍ਰਜਾ (ਪ੍ਰਜਾ ਦਾ ਸਿਖੇਪ) । ਤਾਪ=ਕਲੇਸ਼ । ਪ੍ਰਤਾਪ ਰਿਪੁ=ਪ੍ਰਜਾ ਨੂੰ ਕਲੇਸ਼ ਦੇਣ ਵਾਲੇ ਵੈਰੀਆਂ ਨੂੰ ।
ਘਾਲਸਾ=ਘਾਲਣ ਵਾਲਾ, ਨਾਸ਼ ਕਰਤਾ । ਕਲਪ ਤਰੁ=ਕਲਪ ਬ੍ਰਿੱਛ ।

**ਅਰਥ**—(ਖਾਲਸਾ ਰੂਪੀ ਕਲਪ ਬ੍ਰਿੱਛ ਦੀ ਉਤਪਤੀ ਆਦਿ ਦਾ ਰੂਪਕ ਬੰਨ੍ਹਦੇ ਹਨ:—) ਜਗਤ ਦੇ ਮਾਲਕ ਸ੍ਰੀ ਗੁਰੂ (ਗੋਬਿੰਦ ਸਿੰਘ ਜੀ) ਨੂੰ ਜਗਤ (ਰੂਪੀ) ਘਰ ਵਿਚ ਹਿੰਦੀਆਂ ਨੂੰ ਸਦਾ ਪ੍ਰਫੁੱਲਤ ਵਸਾਉਣ ਦੀ 'ਲਾਲਸਾ' (ਸਫੁਰਣ) ਹੋਈ, (ਇਸ ਫੁਰਨੇ ਤੋਂ) 'ਸੂਰਮਤਾ' (ਦਾ ਬੀਜ ਬਣਿਆਂ, ਇਸ ਬੀਜ ਤੋਂ) ਮਹਾਂ ਜੱਧ (ਰੂਪੀ) ਅੰਗੂਰ ਫੁੱਟਿਆ (ਜੋ) ਅੰਮ੍ਰਿਤ ਦੇ ਦੇਣ ਨਾਲ ਛੇਤੀ ਹੀ ਛਾਲ (ਸਮੇਤ ਪੋੜ ਹੋ) ਵਧਿਆ, (ਇਸ ਨੂੰ) ਸੂਸ਼ ਦੈਵੀਗੁਣ (ਰੂਪੀ) ਪੱਤੇ ਪਏ ਤੇ 'ਦਲਾਂ ਸਮੇਤ ਰਾਜੇ' ਡਾਲ (ਲੱਗੇ), ਬੰਦਗੀ ਦਾ ਇਸ ਨੂੰ ਫੁੱਲ ਤੇ ਸ਼ੀਘਰ ਪ੍ਰਾਪਤ ਹੋਣ ਵਾਲਾ ਗਜਾਨ (ਇਸ ਨੂੰ) ਫਲ (ਪਿਆ), ਇਹ ਖਾਲਸਾ (ਰੂਪੀ) ਕਲਪ ਬ੍ਰਿੱਛ (ਹੁਣ ਇਨ੍ਹਾਂ ਗੁਣਾਂ ਵਾਲਾ ਲਹਿ ਲਹਿ ਕਰ ਰਿਹਾ ਹੈ); ਪਰਾਏ (ਵਾਹਿਗੁਰੂ ਵਿਮੁਖ) ਮਤਾਂ ਨੂੰ ਮੌਤ ਵਾਂਙੂ ਹੈ, ਦਲਿੱਦ੍ਰ ਤੇ ਦੁਸ਼ਟਾਂ ਨੂੰ ਨਾਸ਼ ਕਰਨ ਵਾਲਾ ਹੈ, (ਤੇ ਪ੍ਰਜਾ ਦੇ) ਵੈਰੀਆਂ ਦੇ ਪ੍ਰਤਾਪ ਨੂੰ ਨਸ਼ਟ ਕਰਨ ਵਾਲਾ ਹੈ ।

**ਹੋਰ ਅਰਥ**—ਜਗਤ ਦੇ ਮਾਲਕ ਸ਼੍ਰੀ ਗੁਰੂ (ਗੋਬਿੰਦ ਸਿੰਘ ਜੀ) ਨੂੰ ਜਗਤ ਘਰ ਦੇ ਵੇਹੜੇ (ਹਿੰਦੁਸਤਾਨ) ਵਿਚ (ਖਾਲਸਾ ਕਲਪ ਬ੍ਰਿਛ) ਲਾਉਣ ਦੀ ਇੱਛਾ ਹੋਈ । ਪਰੰਤੂ ਇਹ ਅਰਥ ਸਾਰਵ ਭੌਮਿਕ ਖਾਲਸਾ ਧਰਮ ਨੂੰ ਹਿੰਦੁਸਤਾਨ ਵਿਚ ਮਹਿਦੂਦ ਕਰਦਾ ਹੈ ।

[ਖਾਲਿਸੇ ਦੇ ਤੇਜ ਦਾ ਰੂਪਕ]

**ਕਬਿੱਤ॥ਪਾੜ੍ਹੇ ਸੇ ਪਠਾਨ ਹੋਤਿ ਸਸੇ ਸੂਬੇ ਊਕਸੇ ਨਾ ਕਾਬਲੀ ਕੁਰੰਗ ਆਗੇ ਠਹਿਰ ਸਕੈ ਨਹੀਂ । ਰੋਝ ਰਜਪੂਤ ਹੈ ਝੰਖਾੜ ਸੇ ਮਲੇਛ ਬਹੁ ਬਿਚਰੇ ਬਰਾਹ ਜਨੋਂ ਬਲੋਚ ਕਹੋ ਜਕੈ ਨਹੀਂ।ਮੁਗ਼ਲ ਮਤੰਗ ਮਾਰ ਗਾਜਤਿ ਸੰਤੋਖ ਸਿੰਘ ਸੱਯਦ ਸਯਾਲ ਹ੍ਵੈ ਸਮੁਖ ਸੋ ਤਕੈ ਨਹੀਂ । ਤੁਰਕਨ ਤੇਜ ਤਾਮਾ ਤੌ ਲਗ ਤਰੋ ਈ ਤਰੈ ਖਾਲਸਾ ਸਰੂਪ ਸਿੰਘ ਜੌ ਲਗ ਛਕੈ ਨਹੀਂ ॥ ੪੨ ॥**

ਪਾੜ੍ਹੇ=ਇਕ ਪ੍ਰਕਾਰ ਦਾ ਚਿੱਟੇ ਚਿੜ੍ਹਾਂ ਵਾਲਾ ਹਿਰਨ ।
ਸਸੇ=ਸਹਿਆ । [ਸੰਸ:, ਸ਼ਸ਼ਿਨ੍]
ਸੂਬਾ=ਮੁਸਲਮਾਨਾਂ ਦੇ ਵੇਲੇ ਦੇ ਇਕ ਮਿਥੇ ਇਲਾਕੇ ਦਾ ਹਾਕਮ ।
ਊਕਸੈ=ਨਿਕਲਦੇ ਨਹੀਂ, ਉਭਰਦੇ ਨਹੀਂ, ਉਭਾਸਰਦੇ ਨਹੀਂ ।
ਕਾਬਲੀ=ਕਾਬਲ ਵਾਸੀ, ਮੁਰਾਦ ਹੈ ਅਫ਼ਗਾਨ ਤੋਂ ।

ਕੁਰੰਗ=ਹਰਨ, ਬਦਾਮੀ ਰੰਗ ਦਾ ਹਰਨ।
ਰੋਝ=ਨੀਲ ਗਾਇ। ਝੰਖਾੜ=ਬਾਰਾਂ ਸਿੰਗਾ, ਜਿਸ ਦੇ ਸਿਰ ਦੇ ਸਿੰਗ ਝਾੜ ਦਾਰ ਯਾ ਝਾੜੀ ਵਾਂਙੂ ਹੋਣ।
ਬਰਾਹ=ਸੂਰ। ਕਯੋ=ਕਿਯੋ, ਕਿਹੁ=ਕੁਛ। ਜ਼ਰਾ ਬੀ।
ਜਕੇ=ਹਠ ਕਰ ਸੱਕਣਾ, ਤੱਗ ਸੱਕਣਾ, ਅੜ ਸੱਕਣਾ।
ਮਤੰਗ=ਹਾਥੀ।
ਸਯਾਲ=ਗਿੱਦੜ। [ਸੰਸ:, ਸ਼੍ਰਿਗਾਲ। ਪ੍ਰਾਕ੍ਰਿਤ, ਸਿਆਲ]।
ਤਕੈ=ਤੱਕ ਨਹੀਂ ਸਕਦੇ।
ਤਾਮਾ=ਉਹ ਮਾਸ ਜੋ ਸ਼ਿਕਾਰੀ ਜਾਨਵਰਾਂ ਨੂੰ ਖਾਣ ਲਈ ਦੇਂਦੇ ਹਨ।
ਤਰੋ ਈ ਤਰੈ=ਸਲਾਮਤ ਹੈ, ਤਰ ਬਤਰ ਦਿੱਸਦਾ ਹੈ।
ਛਕੈ ਨਹੀਂ=ਖਾਂਦਾ ਨਹੀਂ, (ਖਾਲਸੇ ਦਾ ਬੋਲਾ ਹੈ: ਛਕਣਾ=ਖਾਣਾ)।

**ਅਰਥ**-ਖਾਲਸੇ ਨੂੰ ਸ਼ੇਰ ਦੇ ਰੂਪਕ ਵਿਚ ਵਰਣਨ ਕਰਦੇ ਹਨ:-

(ਸ਼ੇਰ ਸਰੂਪ ਖਾਲਸੇ ਦੇ ਅੱਗੇ) ਪਠਾਣ ਪਾੜ੍ਹੇ ਵਾਂਙੂ (ਢਿੱਲੇ) ਹੋ ਜਾਂਦੇ ਹਨ, (ਤੇ) ਸੂਬੇ ਸਹੇ (ਵਾਂਙੂ ਐਸੇ ਦਬਕਦੇ ਹਨ ਕਿ) ਉਕਸਦੇ ਹੀ ਨਹੀਂ, (ਤੇ) ਕਾਬਲੀ (ਅਫ਼ਗਾਨ) ਹਿਰਨ (ਵਾਂਙੂ) ਅੱਗੇ ਠਹਿਰ ਹੀ ਨਹੀਂ ਸਕਦੇ। ਰਾਜਪੂਤ (ਰਾਜੇ) ਰੋਝ ਵਾਂਙੂ (ਤੇ ਹੋਰ) ਬਥੇਰੇ ਮਲੇਛ (ਨਵਾਬ) ਝੰਖਾੜ (ਵਾਂਙ ਦਬਕੇ ਹੋਏ) ਵਿਚਰਦੇ ਹਨ, ਬਲੋਚ (ਤਾਂ) ਸੂਰਾਂ ਵਾਂਙੂ ਕੁਛ ਅੜ ਹੀ ਨਹੀਂ ਸਕਦੇ। ਸੰਤੋਖ ਸਿੰਘ (ਕਹਿੰਦਾ ਹੈ ਕਿ ਖਾਲਸਾ ਰੂਪੀ ਸ਼ੇਰ) ਮੁਗ਼ਲ (ਰੂਪੀ) ਹਾਥੀ ਨੂੰ ਮਾਰਕੇ (ਤਾਂ ਖੂਬ) ਗੱਜਦਾ ਰਿਹਾ ਹੈ, ਸੱਯਦ ਗਿੱਦੜ (ਹੋ ਰਹੇ ਹਨ) ਓਹ ਤਾਂ ਸਾਹਮਣੇ ਬੀ ਨਹੀਂ ਤੱਕ ਸਕਦੇ, (ਹੁਣ ਤਾਂ) ਤੁਰਕਾਂ ਦੇ ਤੇਜ (ਰੂਪੀ ਤਨ ਦਾ) ਮਾਸ ਤਦ ਤਕ ਹੀ ਸਲਾਮਤ ਹੈ ਜਦ ਤਕ ਕਿ ਸ਼ੇਰ ਰੂਪੀ ਖਾਲਸਾ ਇਸ ਨੂੰ ਖਾਂਦਾ ਨਹੀਂ।

**ਭਾਵ**-ਕਵਿ ਜੀ ਇਹ ਉਸ ਵੇਲੇ ਲਿਖ ਰਹੇ ਹਨ ਜਿਸ ਵੇਲੇ ਪੰਜਾਬ ਵਿਚ ਸਿੱਖ ਸਲਤਨਤ ਸੀ, ਮਿਨਦਾਬ ਵਿਚ ਸਿੱਖ ਰਿਆਸਤਾਂ, ਸਰਦਾਰੀਆਂ ਤੇ ਜਾਗੀਰਾਂ ਜੋਬਨਾਂ ਵਿਚ ਸਨ। ਆਪ ਬੀ ਕੈਂਥਲ ਦੀ ਰਿਆਸਤ ਵਿਚ ਬੈਠੇ ਸਨ। ਖਾਲਸਾ ਆਪਣੇ ਆਦਰਸ਼ ਵਿਚ ਕਿ ਦੇਸ਼ ਨੂੰ ਯਵਨ ਰਾਜ ਤੋਂ ਸਾਫ ਕਰਨਾ ਹੈ, ਕਾਮਯਾਬ ਹੋ ਰਿਹਾ ਸੀ, ਉਸ ਵੇਲੇ ਦਾ ਉਹਨਾਂ ਦਾ ਇਹ ਕੁਛ ਲਿਖਣਾ ਉਸ ਵੇਲੇ ਦੀ ਹਾਲਤ ਦੀ ਤਸਵੀਰ ਦੱਸਣੀ ਹੈ ਕਿ ਸਾਰੇ ਲੋਕ ਖਾਲਸੇ ਦਾ ਤੇਜ ਮੰਨਦੇ ਸਨ। ਦਿੱਲੀ ਦੇ ਤਖ਼ਤ ਪਰ ਨਾਮਧ੍ਰੀਕ ਮੁਗ਼ਲ ਪਾਤਸ਼ਾਹ ਸੀ ਤੇ ਕਿਤੇ ਕਿਤੇ ਕੋਈ ਨਵਾਬ ਤੇ ਪਹਾੜੀ ਰਾਜੇ ਸਨ ਜੋ ਸਭ ਸਿੱਖਾਂ ਤੋਂ ਦਬਕਦੇ ਸਨ। ਅੰਗਰੇਜ਼ਾਂ ਦਾ ਵਧਣਾ ਉਹਨਾਂ ਦੀ ਆਪਣੀ ਰਿਆਸ਼ਤ ਕੈਂਥਲ ਦਾ ਤਬਾਹ ਹੋ ਜਾਣਾ, ਪੰਜਾਬ ਦੀ ਸਿੱਖ ਸਲਤਨਤ ਦਾ ਗ਼ਰਕ ਹੋ ਜਾਣਾ, ਖਾਨਾ ਜੰਗੀ ਤੇ ਡੋਗਰਾ ਗਰਦੀ ਨਾਲ ਸਿੱਖਾਂ ਦਾ ਆਪਣੇ ਤੇਜ ਨੂੰ ਆਪ ਡੋਬ ਲੈਣਾ, ਇਹ ਹੋਣੀਆਂ ਅਜੇ ਵਰਤੀਆਂ ਨਹੀਂ ਸਨ, ਜਦੋਂ ਸ੍ਰੀ ਗੁਰ ਪ੍ਰਤਾਪ ਸੂਰਜ ਅਰੰਭਿਆ

ਹੈ, ਅਜੇ ਮਹਾਰਾਜਾ ਰਣਜੀਤ ਸਿੰਘ ਜੀ ਪੰਜਾਬ ਵਿਚ ਜੀਉਂਦੇ ਸਨ, ਇਸ ਕਰਕੇ ਸਮੇਂ ਦਾ ਰੂਪਕ ਬੰਨ੍ਹ ਕੇ ਖਾਲਸੇ ਨੂੰ ਅਗਲੇ ਛੰਦ ਵਿਚ ਸਰਬ ਸ਼ਿਰੋਮਣਿ ਲਿਖਦੇ ਹਨ।

[ ਪੰਥ ਸ਼ਿਰੋਮਣਤਾ ]

ਦੋਹਰਾ ॥ **ਸਰਬ ਸ਼ਿਰੋਮਣਿ ਖਾਲਸਾ ਰਚਯੋ ਪੰਥ ਸੁਖਦਾਇ।**
**ਇਕ ਬਿਨ ਗੰਦੋ ਧੂਮ ਤੇ ਜਗ ਮੈਂ ਅਧਿਕ ਸੁਹਾਇ* ॥੪੩॥**

**ਅਰਥ**–(ਸਤਿਗੁਰ ਜੀ ਨੇ ਇਹ) ਖਾਲਸਾ ਪੰਥ ਸਾਰਿਆਂ ਤੋਂ ਸ਼ਿਰੋਮਣੀ (ਅਤੇ ਸਾਰਿਆਂ ਨੂੰ) ਸੁਖ ਦੇਣ ਵਾਲਾ ਰਚਿਆ ਹੈ ਜੋ ਜਗਤ ਵਿਚ (ਸਾਰਿਆਂ ਤੋਂ) ਸੁਹਣਾ ਲਗ ਰਿਹਾ ਹੈ (ਇਕ ਹੋਰ ਵਾਧਾ ਇਹ ਹੈ ਕਿ ਸਾਰਾ ਜਗਤ) ਗੰਦੇ ਧੂੰਏ (ਨੂੰ ਲਗ ਪਿਆ ਹੈ ਪਰ ਇਹ) ਇਕੋ (ਕੌਮ ਹੈ ਜੋ ਇਸ ਤੋਂ) ਬਿਨਾ ਹੈ।

**ਭਾਵ**–ਪੰਜਾਬ ਖਾਸ ਵਿਚ ਸਿੱਖ ਸਲਤਨਤ ਅਪਣੇ ਤੇਜ ਵਿਚ ਹੈਸੀ ਜੋ ਅੱਸੀ ਹਜ਼ਾਰ ਫੌਜ ਮੈਦਾਨ ਜੰਗ ਵਿਚ ਇਕ ਦਮ ਲਿਆ ਸਕਦੀ ਸੀ ਤੇ ਸਤਲੁਜ ਪਾਰ ਕਿਤਨੇ ਛੋਟੇ ਮਹਾਰਾਜੇ ਤੇ ਰਾਜੇ ਬਣੇ ਤੇ ਸਰਦਾਰੀਆਂ ਤੇ ਜਗੀਰਦਾਰ ਘਰਾਣੇ ਅੱਖਾਂ ਦੇ ਸਾਮ੍ਹਣੇ ਹਨ ਤੇ ਵਧ ਰਿਹਾ ਤੇਜ ਕਵਿ ਜੀ ਨੂੰ ਦਿੱਸ ਰਿਹਾ ਹੈ ਕਿ ਖਾਲਸਾ ਸਰਬ ਸ਼ਿਰੋਮਣਿ ਹੈ, ਤੇਜ ਪ੍ਰਤਾਪ ਬਾਹੂ ਬਲ ਕਰਕੇ,ਨਾਲ ਹੀ ਬੰਦਗੀ ਭਜਨ ਗੁਰਸਿੱਖੀ ਦੇ ਜੀਵਨ ਕਰਕੇ ਉਸ ਨੂੰ ਸਰਬਦਾ ਸੁਖਦਾਈ ਕਹਿੰਦੇ ਹਨ। ਅਪਣੇ ਸਰੀਰਕ ਬਲ ਚੜ੍ਹਦੀਆਂ ਕਲਾ ਦੇ ਜਜ਼ਬੇ ਤੇ ਆਨ ਬਾਨ ਵਾਲੀ ਸ਼ਾਨ ਦੇ ਸਰੀਰਕ ਰੂਪ ਰੰਗ ਚੜ੍ਹਤ ਬੜ੍ਹਤ ਵਿਚ ਭੀ ਸਭ ਤੋਂ ਸੁਹਣਾ ਦਿਦਾਰੀ ਹੈ। ਪੱਛਮੀ ਲੋਕ, ਗੰਦਾ ਧੂਆਂ (ਬਿਖਿਆ, ਤਮਾਕੂ) ਏਥੇ ਲਿਆਏ, ਹਿੰਦੂ ਮੁਸਲਮਾਨ ਸਭ ਇਸ ਨੇ ਜਿੱਤ ਲਏ, ਪਰ ਖਾਲਸੇ ਨੇ ਇਸ ਨੂੰ ਨਾ ਛੋਹਿਆ, ਇਸ ਦਾ ਨਾ ਛੁਹਣਾ ਬੀ ਖਾਲਸੇ ਦੇ ਬਲ ਪ੍ਰਾਕ੍ਰਮ ਤੇ ਉੱਦਮ ਦਾ ਕਾਰਣ ਹੈਸੀ, ਪਰ ਇਸ ਤੋਂ ਬਹੈਸੀਅਤ ਕੌਮ ਬਚਣਾ ਬੀ ਇਕ ਸ਼ਿਰੋਮਣੀ ਗਲ ਹੈ।

[ਪੰਥ ਜੋਗ ਨਮਸਕਾਰਾਂ]

ਸੋਰਠਾ ॥ **ਸ਼੍ਰੀ ਸਤਿਗੁਰ ਕੋ ਰੂਪ ਜਗਹਿ ਜੋਤਿ ਜਾਹਰ ਜਗਤ।**
**ਪੁੰਜ ਸੁ ਪੰਥ ਅਨੂਪ ਕਰਿ ਬੰਦਨ ਰਚਿਬੋ ਲਗਤਿ ॥੪੪॥**

{ ਜਗਹਿ=ਜਗ ਰਹੀ ਹੈ। ਅਨੂਪ=ਜਿਸ ਵਰਗਾ ਹੋਰ ਨਹੀਂ ਸੁੰਦਰ। }

**ਅਰਥ**– ਅਨੂਪਮ ਤੇ ਸ੍ਰੇਸ਼ਟ (ਖਾਲਸਾ) ਪੰਥ ਸਾਰਾ ਸ਼੍ਰੀ ਸਤਿਗੁਰ ਜੀ ਦਾ ਸਰੂਪ ਹੈ, (ਜਿਸ ਦੀ) ਜੋਤ ਜ਼ਾਹਿਰਾ ਜਗਤ ਵਿਚ ਜਗ ਰਹੀ ਹੈ, (ਉਸ ਨੂੰ ਹੁਣ) ਬੰਦਨਾ ਕਰਕੇ (ਮੈਂ ਗੁਰ ਪ੍ਰਤਾਪ ਸੂਰਜ ਗ੍ਰੰਥ) ਰਚਣ ਲਗਾ ਹਾਂ।

**ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮੰਗਲਾ ਚਰਨ ਬਰਨਨੰ' ਨਾਮ ਪ੍ਰਥਮੋ ਅੰਸੂ ॥ ੧ ॥**

**ਅਰਥ**–ਸ਼੍ਰੀ ਗੁਰ ਪ੍ਰਤਾਪ ਸੂਰਜ (ਨਾਮੇਂ) ਗ੍ਰੰਥ ਦੀ ਪਹਿਲੀ ਰਾਸ ਦੇ ਪਹਿਲੇ ਅਧਯਾਯ ਦੀ ਸਮਾਪਤੀ ਹੈ, ਜਿਸ ਦਾ ਨਾਮ 'ਮੰਗਲਾ ਚਰਨਾਂ ਦਾ ਵਰਣਨ' ਹੈ ॥ ੧ ॥

*ਇਹ ਛੰਦ ਅਗੇ ਰੁਤ ੫ ਅੰਸੂ ੩੮ ਅੰਕ ੬ ਵਿਚ ਵੀ ਆਵੇਗਾ।

## ਅੰਸੂ ੨

[ ਕਵਿ ਜੀ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਮੁੱਢ ਕਿਵੇਂ ਬੱਝਾ। ]

ਦੋਹਰਾ॥ ਸ਼੍ਰੀ ਗੁਰ ਨਾਨਕ ਸੌਂ ਮਿਲਯੋ ਬਾਲਿਕ ਰੂਪ ਸੁਜਾਨ। ਕ੍ਰਿਪਾ ਪਾਇ ਤਤਕਾਲ ਹੀ ਪ੍ਰਾਪਤਿ ਭਾ ਬ੍ਰਹਮਗਯਾਨ ॥ ੧ ॥ ਚੌਪਈ ॥ ਜਿਸ ਕੀ ਬਾਤੈਂ ਸੁਨਿ ਬੁਧਿਵਾਰੀ। ਸ਼੍ਰੀ ਜਗ ਗੁਰ ਇਮਿ ਗਿਰਾ ਉਚਾਰੀ। 'ਬਾਲਿਕ ਤੇਰੀ ਬੈਸ ਦਿਸਾਵਤਿ। ਬੁੱਢੇ ਸਮ ਮੁਖ ਵਾਕ ਅਲਾਵਤਿ' ॥ ੨ ॥ ਇਤਨੇ ਮਹਿ ਤਿਸਕੇ ਪਿਤ ਮਾਤਾ। ਆਇ ਗਏ ਖੋਜਤਿ ਨਿਜ ਤਾਤਾ। ਕਹਤਿ ਭਏ 'ਹਮਰੋ ਸੁਤ ਆਵਾ। ਤਿਸ ਦੇਖਿਨਿ ਕੋ ਮਨ ਲਲਚਾਵਾ' ॥ ੩ ॥ ਸਿੱਖਨ ਕਹਯੋ 'ਸੁ ਅੰਤਰ ਬੈਸਾ'। ਜਾਇ ਨਿਹਾਰਯੋ ਅਤਿ ਬ੍ਰਿਧ ਜੈਸਾ। ਬਿਸਮ ਰਹਯੋ ਕਛ ਕਹਯੋ ਨ ਜਾਈ। ਚਹਿਤਿ ਲਿਜਾਯੋ, ਸੰਗਿ ਨ ਜਾਈ ॥ ੪ ॥ ਪੁਨਿ ਦੰਪਤਿ ਨੇ ਏਵ ਬਿਚਾਰਾ।–ਜਰਾ ਗ੍ਰਸਯੋ ਤਨ ਜਿਹ ਸੁ ਕੁਮਾਰਾ।ਅਬਿ ਕਹਾ ਕਾਰਜ ਆਇ ਹਮਾਰੇ। ਸਰਬ ਰੀਤਿ ਤੇ ਸਿਥਲਯੋ[1] ਭਾਰੇ–॥ ੫ ॥ ਕਹਿ ਬਹੁ ਰਹੇ ਨ ਚਾਲੇ ਸੰਗਿ। 'ਰਹਿਨ ਦੇਹੁ ਇਹ ਭਾ ਬ੍ਰਿਧ ਅੰਗ'। ਐਸੇ ਕਹਿ ਕਰਿ ਗਮਨੇ ਧਾਮ। ਤਬਿ ਕਹਿ[2] ਬੁੱਢਾ ਪ੍ਰਗਟਯੋ ਨਾਮ ॥੬॥ ਗੁਰ ਘਰ ਮਹਿਂ ਅਜ਼ਮਤਿ ਯੁਤਿ ਭਾਰਾ। ਬੋਹਿਥ ਸਮ ਜਗ ਤਾਰਨਿਹਾਰਾ। ਅਜਰ ਜਰਨ ਮਹਿਂ ਧੀਰ ਮਹਾਨਾ। ਅਪਰ ਨ ਜਾਂਕੇ ਭਯੋ ਸਮਾਨਾ ॥ ੭ ॥ ਸ਼੍ਰੀ ਨਾਨਕ ਤੇ ਰਹਯੋ ਪਿਛਾਰੀ। ਸ਼੍ਰੀ ਅੰਗਦ ਕੇ ਚਰਨ ਮਝਾਰੀ। ਪੁਨ ਸ਼੍ਰੀ ਅਮਰਦਾਸ ਕੀ ਸੇਵਾ। ਸੰਗੀ[3] ਰਾਮਦਾਸ ਗੁਰਦੇਵਾ ॥੮॥ ਪੁਨ ਸ਼੍ਰੀ ਅਰਜਨ ਕੇ ਢਿਗ ਰਹਯੋ। 'ਭਾਈ' ਪਦ ਕੋ ਤਬਿ ਤੇ ਲਹਯੋ। ਜਿਨਕੋ ਬਚਨ ਅਟਲ ਜਗ ਭਯੋ। ਸ਼੍ਰੀ ਗੁਰ ਹਰਿ ਗੋਬਿੰਦ ਜਨਮਯੋ ॥੯॥ ਪਾਤਿਸ਼ਾਹਿ ਖਸ਼ਟਨਿ ਲੌ ਦੇਹਿ। ਜੀਵਤਿ ਰਹਯੋ ਗਯਾਨ ਕਹੁ ਗੇਹੁ[4]। ਅਨਿਕ ਨਰਨਿ ਕਉ ਕੀਨ ਉਧਾਰਾ। ਸੱਤਿਨਾਮ ਉਪਦੇਸ਼ ਉਦਾਰਾ ॥ ੧੦ ॥ ਸ਼੍ਰੀ ਗੁਰ ਨਾਨਕ ਸਭਿ ਤੇ ਆਦੀ[5]। ਪਾਛੇ ਜੋ ਟਿੱਕੇ* ਗੁਰ ਗਾਦੀ। ਸਭਿਹਿਨਿ ਕਹੁ ਬੁੱਢਾ ਨਿਜ ਹਾਥ। ਦੇਤੋ ਰਹਯੋ ਤਿਲਕ ਸ਼ੁਭ ਮਾਥ ॥ ੧੧ ॥ ਪੀਛੇ ਸੰਤਤਿ[6] ਤਿਸਹੀ ਰੀਤਿ। ਸਤਿਗੁਰ ਸਾਥ ਰਹਤਿ ਭੇ ਨੀਤਿ। ਤੀਨ ਕਾਲ ਕੇ ਗਯਾਤਾਵਾਨ। ਪ੍ਰਗਟ ਹੋਤਿ ਭੇ ਸਗਲ ਜਹਾਨ॥੧੨॥ਸਤਿਗੁਰ ਕੋ ਸ਼੍ਰੀ ਮਤਿ[7] ਬਰ ਸਾਗਰ[8]।

[1]ਕਮਜ਼ੋਰ ਹੋਇਆ ਹੈ। [2]ਤਦ ਤੋਂ। [3]ਨਾਲ ਰਿਹਾ। [4]ਗਯਾਨ ਦਾ ਘਰ। [5]ਪਹਿਲੇ। [6]ਸੰਤਾਨ (ਬਾਬੇ ਬੁੱਢੇ ਜੀ ਦੀ)। [7]ਸੰਪ੍ਰਦਾ, ਪੰਥ। [8]ਸਮੁੰਦਰ (ਸਮਾਨ)। *ਪਾਃ–ਉਨ ਪੀਛੇ ਜੁ ਟਿਕੇ।

ਇਨ ਕੁਲ ਉਪਜਯੋ ਰਤਨ ਉਜਾਗਰ[1] । ਦਰਸ ਪਰਸ ਪਾਰਸ ਸਮ ਪੱਯਤਿ। ਮੂਢਿ ਲੋਹ ਬੁਧਿ ਹੇਮ[2] ਬਨੱਯਤਿ ॥ ੧੩ ॥ ਜਿਨ ਕੋ ਅਦਬ ਰਾਖਿ ਗੁਰ ਆਪੁ। ਤਿਨ ਕਹੁ ਸਮਤਾ ਕਿਸਕੀ ਜਾਪੁ। ਗਯਾਨ ਅਨੰਦ ਸਾਗਰ ਕੇ ਮੀਨ। ਆਠਹੁੰ ਜਾਮ ਰਹਤਿ ਸਮ ਲੀਨਿ ॥ ੧੪ ॥ ਗੁਰ ਘਰ ਕੀ ਨਿਤ ਸੇਵਾ ਠਾਨਤਿ। ਅਪਰ ਮਨੋਰਥ ਮਨ ਨਹਿਂ ਆਨਤਿ। ਤ੍ਰਿਣ ਛਿਤ ਕੀ[3] ਬਹੁ ਰਹਿ ਰਖਵਾਰੀ। ਹਰਖਤਿ ਗੁਰੂ ਹੁਕਮ ਅਨੁਸਾਰੀ॥੧੫॥ ਅਸ ਭਾਈ ਬੁੱਢਾ ਗੁਰਦਾਸ[4]। ਮਹਿਮਾ ਕਹਿ ਨ ਸਕੇ ਕਵਿ ਤਾਸ[5]*। ਸੱਤਜ ਬਾਕ ਬਰ ਸ੍ਰਾਪ ਜੁ ਦੀਨਸਿ। ਅੰਗੀਕਾਰ ਸਤਿਗੁਰੂ ਕੀਨਸਿ ॥੧੬॥ ਇਹ ਸਭਿ ਕਥਾ ਅਗਾਰੀ ਬਰਨੌਂ[6]। ਜਿਸ ਪ੍ਰਕਾਰ ਇਨ ਕੋ ਆਚਰਨੌ[7]। ਸਰਬ ਭਾਂਤਿ ਕੀ ਸ਼ਕਤਿ ਬਿਸਾਲਾ। ਜਿਮ ਚਾਹਸਿ ਤਿਮ ਕਰਣੇ ਵਾਲਾ ॥ ੧੭ ॥ ਅਨਿਕ ਭਾਂਤਿ ਕੇ ਬਿਘਨਹੁ ਪਾਇ। ਨਹਿ ਜਿਨ ਕੀਨਸ ਕਬਹੁੰ ਲਖਾਇ। ਧਰਨੀ ਸਮ ਜਿਹ ਧੀਰਜ ਧਾਰੀ† । ਪੌਨਪੀਰ[8] ਤੇ ਟਰੇ ਨ ਟਾਰੀ ॥੧੮॥ ਤਿਸ ਕਉ ਬੰਸ ਸੁ ਤਾਲ[9] ਮਨਿੰਦ। ਉਪਜਯੋ ਰਾਮਕੁਇਰ ਅਰਬਿੰਦ[10]। ਦਸਮੇ ਪਾਤਿਸ਼ਾਹਿ ਬਰ ਬੀਰ। ਤਿਨਹੁ ਪਾਦ ਪੰਕਜ ਕੇ ਤੀਰ ॥੧੯॥ ਮਧੁਪ ਮਨਿੰਦ[11] ਅਨਦ ਮਕਰੰਦ। ਤਜਯੋ ਨ ਪਾਸਿ ਮੁਕੰਦ ਬਿਲੰਦ। ਸ੍ਰੀ ਗੁਰ ਤੇਗ਼ ਬਹਾਦਰ ਪਾਛੇ। ਦੀਨਸਿ ਤਿਲਕ ਦਸਮ ਗੁਰ ਆਛੇ ॥ ੨੦ ॥ ਕਲਗ਼ੀ ਜਿਗਾ ਜਰਾਉਨ ਜਰੀ[12]। ਇਨ ਤੇ ਲੇ ਸਤਿਗੁਰ ਸਿਰ ਧਰੀ।ਆਯੁਧ ਦਏ ਆਦਿ ਸ਼ਮਸ਼ੇਰ।ਲੇ ਕਰਿ ਧਾਰੇ ਗੁਰ ਸਮ ਸ਼ੇਰ[13] ॥ ੨੧ ॥ ਦਸ ਪਤਿਸ਼ਾਹਿਨ ਕੇ ਨਿਤਿ ਸੰਗੀ। ਸਤਿਗੁਰ ਕ੍ਰਿਤਿ[14] ਕੋ ਚਿਤ ਚਹਿ ਚੰਗੀ। ਜਗ ਮਹਿ ਬਹੁ ਸਿੱਖੀ ਬਿਸਤਾਰੀ । ਅਨਿਕ ਨਰਨ ਕਹੁ ਕੀਨ ਉਧਾਰੀ॥੨੨॥ਜਥਾ ਚੱਕ੍ਰਵੈ‡ਅਧਿਪਤਿ[15]ਆਗੇ।ਮੰਤ੍ਰੀ[16] ਰਹੈਂ ਸੁਮਤਿ ਮਹਿਂ ਲਾਗੇ। ਤਿਮ ਸਤਿਗੁਰ ਘਰ ਕੇ ਇਹ ਭਏ[17] । ਅਤਿ ਸ਼ੋਭਾ ਸਿੱਖੀ ਕਹੁ ਦਏ ॥ ੨੩ ॥ ਸਦਗੁਨ[18] ਕੇ ਇਹ ਕੋਸ਼[19] ਬਿਸਾਲੇ। ਭੇ ਪ੍ਰਾਪਤਿ[20]

[1]ਪ੍ਰਸਿੱਧ। [2]ਮੂਰਖ ਨੂੰ ਬੁਧਿਵਾਨ ਜਿਵੇਂ ਲੋਹੇ ਨੂੰ ਸੋਨਾ। [3]ਘਾਹ ਤੇ ਭੋਂ ਦੀ। [4]ਗੁਰਾਂ ਦਾ ਦਾਸ। [5]ਤਿਸਦੀ। [6]ਵਰਣਨ ਕਰਾਂਗਾ। [7]ਕਰਤੱਬਜ। [8]ਪੀੜਾ (ਰੂਪੀ) ਪੌਣ। [9]ਸਰੋਵਰ। [10]ਕਵਲ। [11]ਭੌਰੇ ਵਾਂਙੂ। [12]ਜੜਤਾਂ ਨਾਲ ਜੜੀ ਹੋਈ। [13]ਸ਼ੇਰ ਤੁਲਜ (ਬਲੀ)। [14]ਸੇਵਾ। [15]ਚੱਕ੍ਰਵਰਤੀ ਰਾਜਾ [ ਸੰ:, ਚਕ੍ਰਵਰ੍ਤੀ । ਪ੍ਰਾ: ਚਕਵਈ, ਹਿੰਦੀ ਚਕ੍ਵੈ, ਚਕ੍ਰਵੈ ]। [16]ਵਜ਼ੀਰ। [17]ਭਾਵ ਵਜ਼ੀਰ। [18]ਸ੍ਰੇਸ਼ਟ ਗੁਣਾਂ। [19]ਖਜ਼ਾਨਾਂ। [20]ਪ੍ਰਾਪਤ ਹੋਏ। *ਪਾ:-ਮਹਿਮਾ ਕਵਨ ਕਹਿ ਸਕੈ ਤਾਸ। †ਪਾ:-ਧਰਨੀਧਰ ਸਮ ਧੀਰਜ ਧਾਰੀ। ‡ਪਾ:-ਚੱਕ੍ਰ ਵ੍ਹੈ।

ਜੋ ਇਨ ਮਗ ਚਾਲੇ। ਸ਼੍ਰੀ ਸਤਿਗੁਰ ਦਸਮੇ ਪਤਿਸ਼ਾਹੂ। ਗਮਨ ਕੀਨ ਜਬਿ ਸਚਖੰਡ ਮਾਂਹੂ ॥ ੨੪ ॥ ਪੰਥ ਖਾਲਸਾ ਉਤਪਤਿ ਕਰਿਕੈ। ਰਾਜ ਤੇਜ ਕੋ ਛੱਤ੍ਰ ਸੁ ਧਰਿਕੈ। ਤੁਰਕ ਤੇਜ ਦ੍ਰਿਢ ਤਰੂ[੧] ਉਖਾਰਾ* । ਹਿੰਦੂ ਧਰਮ ਰਾਖ੍ਯੋ ਪ੍ਰਤਿਪਾਰਾ ॥ ੨੫ ॥ ਭਾਈ ਰਾਮਕੁਇਰ ਤਬ ਰਹੇ। ਰਾਮਦਾਸ† ਕੇ ਗ੍ਰਾਮ ਜੁ ਲਹੇ। ਤਹਾਂ ਬਿਰਾਜਤਿ ਦਿਵਸ ਬਿਤਾਏ। ਕੇਤਿਕ ਸਿੰਘ ਤਿਨਹੁੰ ਢਿਗ ਆਏ ॥ ੨੬ ॥ ਸਾਹਿਬ ਸਿੰਘ ਆਦਿਕ ਬੁਧਿਵਾਨ। ਜਿਨਕੇ ਸਤਿਗੁਰ ਪਦ ਕੋ ਧ੍ਯਾਨ। ਕਥਾ ਗੁਰੁਨ ਕੀ ਸੁਨਿਬੋ ਚਾਹਤਿ। ਸੁਨਿ ਸੁਨਿ ਗੁਨ ਕੋ ਰਿਦਾ ਉਮਾਹਤਿ ॥੨੭॥ ਸ਼੍ਰੀ ਗੁਰਬਖਸ਼-ਸਿੰਘ‡ ਕੇ ਪਾਸ। ਸਭਿ ਸਿੰਘਨ ਕੀਨਸਿ ਅਰਦਾਸ। 'ਮਹਿਦ[੨] ਪ੍ਰਸੰਗ ਗੁਰਨ ਕੇ ਜੇਤੇ। ਕਰੁਨਾ ਕਰਹੁ ਉਚਾਰਹੁ ਤੇਤੇ ॥ ੨੮ ॥ ਸਭਿ ਸਿਖ ਸੰਗਤਿ ਸੁਨਿਬੇ ਚਾਹਤਿ। ਸਤਿਗੁਰ ਗੁਨ ਕੋ ਮਹਾਂ ਉਮਾਹਤਿ। ਚੰਦ੍ਰ ਬਦਨ ਤੇ ਸੁਧਾ ਸਮਾਨਾ। ਪ੍ਰਗਟ ਕਰਹੁ ਪੀਵਹਿਂ ਪੁਟ ਕਾਨਾ[੩] ॥੨੯॥ ਕਮਲ ਬਦਨ ਮਕਰੰਦ ਬਚਨ ਹੈਂ। ਮਧੁਪ[੪] ਸਿੰਘ ਅਭਿਲਾਖਤਿ ਮਨ ਹੈਂ'। ਭਾਈ ਰਾਮ-ਕੁਇਰ ਸੁਨਿ ਸ਼੍ਰੌਨਿ। ਕਹ੍ਯੋ ਚਹਤਿ ਗੁਰ ਗੁਨ ਸੁਖ ਭੌਨ ॥ ੩੦ ॥ ਇਹ ਪ੍ਰਸੰਗ ਸੁਨਿ ਸ਼੍ਰੋਤਾ ਸਾਰੇ। ਮਿਲਿ ਸੰਤੋਖ ਸਿੰਘ ਨਿਕਟਿ ਉਚਾਰੇ। 'ਰਾਮ ਕੁਇਰ ਕੀ ਪੂਰਬ ਕਥਾ। ਹਮਹਿਂ ਸੁਨਾਵਹੁ ਹੋਈ ਜਥਾ ॥੩੧॥ ਕਿਮ ਗੁਰ ਨਿਕਟਿ ਰਹੇ ਸੁਖ ਪਾਇ। ਕੇ ਗੁਰਬਖਸ਼ਸਿੰਘ‡ ਕਿਸ ਭਾਇ। ਕਹਹੁ ਚਰਿੱਤ੍ਰ ਪ੍ਰਿਥਮ ਇਨ ਕੇਰਾ। ਪੁਨ ਉਚਰਹੁ ਇਤਿਹਾਸ ਬਡੇਰਾ' ॥ ੩੨ ॥ ਕਵਿ ਇਮ ਸੁਨਿ ਸ਼੍ਰੋਤਨਿ ਤੇ ਬਾਨੀ। ਰਾਮਕੁਇਰ ਕੀ ਕਥਾ ਬਖਾਨੀ। ਕੁਛਕ ਚਰਿੱਤ੍ਰ ਕਹੌਂ ਤਿਨ ਕੇਰਾ। ਪਠਤਿ ਸੁਨਤਿ ਸੁਖ ਦੇਤਿ ਘਨੇਰਾ ॥ ੩੩ ॥ ਮਨ ਵਾਂਛਤਿ ਫਲ ਪ੍ਰਾਪਤਿ ਹੋਵੈ। ਸੰਚਤਿ ਪਾਪ[੫] ਸਭਿਨਿ ਕੋ ਖੋਵੈ। ਬਿਮਲ[੬] ਮਤੀ ਹੁਇ ਲਹਿ ਸੁਖਧਾਮ। ਲਿਵ ਲਾਗੇ ਸਿਮਰਨ ਸਤਿਨਾਮ ॥ ੩੪ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪ੍ਰਥਮ ਰਾਸੇ 'ਇਤਿਹਾਸ ਕਥਨ' ਪ੍ਰਸੰਗ ਬਰਨਨੰ ਨਾਮ ਦੁਤਿਯੋ ਅੰਸੂ ॥ ੨ ॥

---

੧ਪੱਕਾ ਬ੍ਰਿੱਛ। ੨ਬੜੇ। ੩ਕੰਨਾਂ ਰੂਪੀ ਡੋਨਿਆਂ ਨਾਲ ਪੀਵੀਏ। ੪ਭੌਰੇ। ੫ਇਕੱਠੇ ਹੋਏ ਹੋਏ ਪਾਪ। ੬ਉੱਜਲ। *ਪਾ:-ਤਰੁ ਮੂਲ ਉਖਾਰਾ।

†ਇਹ ਪਿੰਡ ਰਾਵੀ ਦੇ ਨੇੜੇ ਅੰਮ੍ਰਿਤਸਰ ਦੇ ਜ਼ਿਲੇ ਵਿਚ ਉਤਰ ਰੁਖ ਨੂੰ ਹੈ।

‡ਸਾਹਿਬ ਰਾਮਕੌਰ ਜੀ ਦਾ ਨਾਮ ਜੋ ਅੰਮ੍ਰਿਤ ਛਕ ਕੇ ਰਖਿਆ ਗਿਆ ਸੀ।

## ੩. [ਭਾਈ ਰਾਮਕੁਇਰ ਪ੍ਰਸੰਗ]

ਦੋਹਰਾ॥ ਹਸਤਾਮਲਕ[੧] ਸਮਾਨ ਉਰ ਜਿਨ ਕੇ ਦਿਢਿ ਬ੍ਰਹਮਗਯਾਨ। ਸ਼੍ਰੀ ਬੁੱਢਾ ਸਾਹਿਬ ਭਯੋ ਨਮੋ ਬੰਦਿ ਕਰਿ ਪਾਨ॥੧॥ ਚੌਪਈ॥ ਗੁਰ ਸਿੱਖੀ ਕੀ ਅਵਧਿ ਅਧਾਰਾ[੨]। ਜਿਮ ਸਭਿ ਜਲ ਕੀ ਸਿੰਧੁ ਅਪਾਰਾ। ਮਾਰਤੰਡ[੩] ਜਿਮ ਤੇਜ ਪ੍ਰਚੰਡਹਿ[੪]।ਜਥਾ ਅਖੰਡਲ[੫]ਭੂਤਲ ਖੰਡਹਿ[੬]*॥੨॥ਜਥਾ ਛਿਮਾ ਕੀ ਛੋਣੀ[੭] ਅਹੈ।ਬਾਯੂ ਮਹਿਦ ਬੇਗ ਕੀ ਲਹੈ[੮]।ਸਹਨ ਸ਼ੀਲ ਸੌਂਦਰਜ ਸੂਰਤਾ। ਪ੍ਰਭੁ ਬਿਸ਼ਨ ਹੈ ਸਭੈ ਪੂਰਤਾ[੯]॥੩॥ ਸੁ ਪ੍ਰਕਾਸ਼[੧੦] ਕੀ ਅਵਧਿ ਮਯੰਕਾ[੧੧]। ਜਥਾ ਦੁਰਗ[੧੨] ਕੀ ਦੀਰਘ ਲੰਕਾ। ਨਾਗਨਿ ਸ਼ੇਸ਼, ਬਾਸ਼ਕੀ ਸਰਪਨਿ[੧੩]। ਤਨ ਹੰ ਤਜਿਨਿ ਹੋਤਿ ਸਭਿ ਅਰਪਨਿ[੧੪]॥੪॥ਲਿਖਨਿ ਬਿਖੈ ਜਿਮਿ ਅਵਧਿ ਗਜਾਨਨ[੧੫]। ਜੋਗੀ ਸਭਿਹਿਨਿ ਕੀ ਪੰਚਾਨਨ[੧੬]। ਸੈਨਾਪਤਿ ਕੀ ਅਵਧਿ ਖੜਾਨਨ[੧੭]।ਰਚਨਾ[੧੮]ਰਚਨਨ ਮਹਿਂ ਚਤੁਰਾਨਨ[੧੯]॥੫॥ਤਿਮਿ ਬੁੱਢਾਸਾਹਿਬ ਬ੍ਰਹਮ ਗਯਾਨੀ। ਸਿੱਖੀ ਕੇ ਅਧਾਰ ਗੁਨ ਖਾਨੀ। ਤਿਨ ਕੋ ਸੁਜਸੁ ਕਹਾਂ ਲੌ ਕਹੀਐ। ਜੀਵਨ ਮੁਕਤਿ ਅਵਸਥਾ ਲਹੀਐ॥੬॥ ਤਿਨ ਕੋ ਪੁਤ੍ਰ ਨਾਮ ਕਹਿਂ-ਭਾਨਾ-। ਜਿਨ ਜਾਨਯੋ ਮੀਠੋ ਗੁਰ ਭਾਣਾ। ਪਿਤਾ ਸਮਾਨ ਗਯਾਨ ਮਹਿਂ ਪੂਰਾ। ਕਾਮਾਦਿਕ ਰਿਪੁ ਹਤੇ ਬਿਸੂਰਾ[੨੦]॥੭॥ ਤਿਸ ਕੋ ਪੁਤ੍ਰ ਨਾਮ ਕਹਿਂ-ਸ੍ਰਵਣ[੨੧]-। ਸ੍ਰਵਨ ਸੁਣਯੋ ਜਸੁ ਜਿਹ[੨੨] ਸਮ ਸ੍ਰਵਣ[੨੩]। ਸਤਿਗੁਰ

---

[੧]ਹੱਥ ਤੇ ਧਰੇ ਆਂਵਲੇ ਵਾਂਙੂ। [੨]ਅਵਧੀ=ਉੱਚੀ ਤੋਂ ਉੱਚੀ (ਸਿੱਖੀ ਦਾ) ਆਧਾਰ=ਆਸਰਾ। (ਅ) ਭਾਵ ਗੁਰਸਿਖੀ ਦਾ ਆਧਾਰ ਸਿੱਖ ਹੈ, ਪਰ ਸਿਖਾਂ ਦੀ ਅਵਧੀ ਭਾਈ ਬੁੱਢਾ ਜੀ ਹਨ। [੩]ਸੂਰਜ। [੪]ਤ੍ਰਿੱਖੇ ਤੇਜ (ਦੀ ਅਵਧੀ ਹੈ)। [੫]ਇੰਦ੍ਰ। [੬]ਪ੍ਰਿਥਵੀ ਨੂੰ ਖੰਡਹਿ(ਵਡੇ ਕਰਨ ਵਾਲਿਆਂ ਭਾਵ ਰਾਜਿਆਂ ਦੀ ਅਵਧੀ) ਹੈ। [੭]ਧਰਤੀ। [੮](ਜਿਵੇਂ) ਮਹਿਦ ਵਾਯੂ (ਤ੍ਰਿੱਖੀ ਅਨ੍ਹੇਰੀ) ਵੇਗ ਦੀ (ਅਵਧੀ) ਹੈ। [੯]ਪ੍ਰਭੂ ਬਿਸ਼ਨ ਵਿਚ ਸਹਨ ਸ਼ੀਲ ਸੁੰਦਰਤਾ, ਸੂਰਮਤਾ ਦੀ ਪੂਰਤੀ (ਅਵਧੀ) ਹੈ। [੧੦]ਠੰਢੇ ਪ੍ਰਕਾਸ਼ (ਜਮਾਲ) ਦੀ। [੧੧]ਚੰਦ੍ਰਮਾ। [੧੨]ਕਿਲ੍ਹਿਆਂ। [੧੩]ਸੱਪਾਂ (ਦੀ ਅਵਧੀ) ਸ਼ੇਸ਼ਨਾਗ ਤੇ ਬਾਸ਼ਕ ਨਾਗ। (ਅ) ਨਾਗਾਂ ਦੀ ਅਵਧੀ ਵਾਸ਼ਕ ਨਾਗ ਤੇ ਸੱਪਾਂ (ਦੀ ਅਵਧੀ) ਸ਼ੇਸ਼ਨਾਗ। [੧੪]ਤਨ ਦਾ ਹੰਕਾਰ ਛੱਡਣ ਵਿਚ ਸਭਿ ਕੁਛ ਅਰਪਨ ਹੋ ਜਾਵੇ, ਭਾਵ ਅਰਪਨ ਦੀ ਅਵਧੀ ਹੰਤਾ ਦਾ ਤਯਾਗ ਹੈ। [੧੫]ਗਣੇਸ਼। [੧੬]ਜੋਗੀਆਂ ਸਾਰਿਆਂ ਦੀ (ਅਵਧੀ) ਸ਼ਿਵਜੀ। [੧੭]ਸ਼ਾਮਕਾਰਤਕ (ਸ਼ਿਵ ਜੀ ਦਾ ਪੁੱਤ੍ਰ)। [੧੮]ਸ੍ਰਿਸ਼ਟੀ। [੧੯]ਬ੍ਰਹਮਾ। [੨੦]ਦੁਖੀ ਕਰਕੇ। [੨੧]'ਸਰਵਣ' ਨਾਮ ਸੀ। [੨੨]ਜਿਸ ਦਾ ਜਸ ਕੰਨੀਂ ਸੁਣਿਆਂ ਹੈ। [੨੩]ਸਰਵਣ (ਭਗਤ ਦੇ) ਵਰਗਾ।

*ਪਾ:-ਭੂਤਿ ਅਖੰਡਹਿ।

ਸਿੱਖੀ ਕਹੁ ਬਡ ਭਾਰਾ। ਸਰਬ ਸਹਾਰਯੋ ਭਾ ਜਗ ਭਾਰਾ ॥੮॥ ਤਿਨ ਕੇ ਉਪਜਯੋ ਪੁੱਤ੍ਰ–ਜਲਾਲ–।ਗੁਰ ਪਗ ਪ੍ਰੇਮ ਰੰਗ ਚਢਿ ਲਾਲ[੧]।ਬਹੁਸਿੱਖਯਨ ਕਹੁ ਗੁਰਮਤਿ ਦੀਨਸਿ। ਮਿਲੇ ਪਹੁੰਚ ਨਰ ਮੁਕਤੀ ਕੀਨਸ* ॥੯॥ ਤਿਸਕੋ ਪੁੱਤ੍ਰ ਨਾਮ ਕਹਿਂ–ਝੰਡਾ–। ਜਿਸ ਕੋ ਜਸ ਜਾਹਰ ਜਿਮਿ ਝੰਡਾ[੨]। ਬ੍ਰਹਮਾਂਕਾਰ ਬ੍ਰਿੱਤਿ ਇਕ ਰਸ ਮੈਂ। ਜਿਸ ਕੇ ਨਹੀਂ ਅਨਿਕਤਾ ਦ੍ਰਿਸ਼ ਮੈਂ[੩] ॥੧੦॥ ਇਨ ਤੇ ਸੁਤ–ਗੁਰਦਿੱਤਾ–ਹੋਵਾ।ਗੁਰ ਸਿੱਖੀ ਜਿਨਿ ਮਾਰਗ ਜੋਵਾ। ਅੰਤ ਸਮੈ ਪਦ ਪਰਮ ਪਹੂੰਚਾ।ਬ੍ਰਹਮਗ੍ਯਾਨ ਮਹਿਂ ਜਿਸ ਮਨ ਰੂਚਾ[੪]॥੧੧॥ –ਰਾਮਕੁਇਰ–ਉਪਜਯੋ ਤਿਹ ਨੰਦ[੫]।ਜੀਵਨ ਮੁਕਤਿ ਸੁ ਜੁਗਤਿ ਅਨੰਦਾ। ਨੇਤਿ ਨੇਤਿ ਜਿਸ ਬੇਦ ਬਤਾਵੈ। ਨਿਤਿ ਅਖੰਡ ਤਿਸ ਪਦ ਲਿਵ ਲਾਵੈ॥੧੨॥ਤੁਰੀ ਅਵਸਥਾ[੬]ਚਿੱਤ ਅਰੂੜ੍ਹਾ[੭]।ਬਿਨ ਸਤਿਗੁਰ ਜੋ ਸਭਿਕਹੁ ਗੂੜ੍ਹਾ[੮]। ਬਾਲਕ ਸਮਤਾ ਬੇਦ ਜੁ ਕਹੈ[੯]। ਤਿਸ ਮਹਿ ਸਦਾ ਬਰਤਤੋ ਰਹੈ ॥੧੩॥ ਕੁਛਕ ਚਰਿੱਤ੍ਰ ਕਹੌਂ ਤਿਸ† ਕੇਰਾ। ਜਥਾ ਸਰੂਪ ਸੁਭਾਉ ਭਲੇਰਾ। ਹੁਤੀ ਥੂਲਤਾ[੧੦] ਤਨ ਸਭਿ ਥਾਨਨ[੧੧]। ਲੰਬੋਦਰ[੧੨] ਲਿਹੁ ਪਰਖ ਗਜਾਨਨ[੧੩] ॥੧੪॥ ਸਹਿਜ ਸੁਭਾਇਕ ਬੋਲਨ ਬਨੈ।ਬੁਰਾ ਕਿ ਭਲਾ ਫੁਰੈ[੧੪] ਤਤਛਿਨੈ। ਇਕਦਿਨ ਇਕ ਰਾਹਕ[੧੫]ਘਰ ਮਾਂਹੀ।ਬਹੁਨਰਕੋ ਭੋਜਨ ਕਿਯ ਖਨਾਹੀ[੧੬] ॥੧੫॥ ਰਾਮਕੁਇਰ ਕੇ ਢਿਗ ਲੇ ਗਏ। ਪਾਇਸ[੧੭] ਸਿਤਾ[੧੮] ਘ੍ਰਿੱਤ ਇਕ ਮਏ। ਜਾਇ ਅਗਾਰੀ ਥਾਲ ਟਿਕਾਯਵ। ਰੁਚਿ ਸੋਂ ਸ੍ਵਾਦਲ ਕਰਿ ਕਰਿ ਖਾਯਵ ॥੧੬॥ ਪੁਨਹਿ ਪਾਨ ਕਰਿ ਸੀਤਲ ਪਾਨੀ। ਰਾਹਕ ਸੋਂ ਤਬਿ ਬੋਲਯੋ ਬਾਨੀ। 'ਨੀਕੋ ਭੋਜਨ ਕਰਿਕੈ ਲਯਾਇਵ। ਕਾਰਨ ਕਵਨ ? ਸੁ ਦੇਹੁ ਸੁਨਾਇਵ' ॥੧੭॥ ਹਾਥ ਜੋਰਿ ਤਿਨ ਕਹਯੋ ਬੁਝਾਈ। 'ਹੁਤੋ ਖਨਾਹ ਭੋਜਨ ਸਮੁਦਾਈ। ਅੱਗ੍ਰ ਆਪ ਕੇ ਪੂਰਬ ਲਯਾਯੋ।ਪਾਇਸ ਸਿਤਾ ਘ੍ਰਿੱਤ ਜੋ

---

[੧]ਗੂੜ੍ਹਾ। [੨]ਨਿਸ਼ਾਨ ਵਾਂਙੂ (ਉਜਾਗਰ)। [੩]ਦ੍ਰਿਸ਼=ਜਗਤ ਵਿਚ ਨਾਨਾਪਨ ਨਹੀਂ ਭਾਸਦਾ, ਇਕੋ ਬ੍ਰਹਮ ਹੀ ਭਾਸਦਾ ਹੈ। (ਅ) ਨਿਗਾਹ ਵਿਚ। [੪]ਲੱਗਿਆ। [੫]ਸਪੁੱਤ੍ਰ। [੬]ਚੌਥੀ ਭੂਮਕਾ। [੭]ਇਸਥਿਤ ਹੋਇਆ। [੮]ਗੁੱਝਾ। [੯]ਭਾਵ—ਵੇਦ ਤੁਰੀਆ ਨੂੰ ਬਾਲਕ ਅਵਸਥਾ ਦੀ ਤੁੱਲਤਾ ਦੇਂਦਾ ਹੈ। [੧੦]ਮੋਟਾਈ। [੧੧]ਸਭ ਥਾਵਾਂ ਵਿਚ। [੧੨]ਲੰਮਾ ਸੀ ਪੇਟ। [੧੩]ਗਨੇਸ਼ (ਵਤ)। [੧੪]ਫੁਰਦਾ ਸੀ, ਭਾਵ ਸੱਚ ਹੋ ਜਾਂਦਾ ਸੀ। [੧੫]ਜ਼ਿਮੀਂਦਾਰ। [੧੬]ਬਰਸੀ ਮੋਏ ਦੀ। [੧੭]ਖੀਰ। [੧੮]ਖੰਡ।

*ਪਾ:–ਲੀਨਸ। †ਪਾ:–ਤਿਨਿ।

ਖਾਯੋ'॥੧੮॥ਅਧਿਕ ਪ੍ਰਸੰਨ ਹੋਇ ਬਚ ਕਹਯੋ। 'ਤਿਸ ਮਹਿਂ ਸ੍ਵਾਦ ਹਮਹਿ ਬਹੁ ਲਹਯੋ। ਯਾਂਤੇ ਖਸਾਹ ਗ੍ਰਾਮ ਮੈਂ ਨੀਤ। ਹੋਵਹਿ,ਦੇ ਅਹਾਰ ਸ਼ੁਭ ਹੀਤ' ॥੧੯॥ ਬਾਕ ਬਦਨ ਤੇ ਏਵ ਬਖਾਨਾ।ਸਹਿਜ ਸੁਭਾਇਕ ਬ੍ਰਿਤੀ ਸਮਾਨਾ। ਤਿਸ ਦਿਨ ਤੇ ਮ੍ਰਿਤੁ ਨਰ ਹੁਇ ਏਕ। ਗਮਨੈ ਜਮ ਪੁਰਿ ਜਬਹਿ ਅਨੇਕ ।੨੦। ਪਰਯੋ ਗ੍ਰਾਮ ਮਹਿਂ ਰੌਰਾ ਤਬਿਹੂੰ'ਕਹਾਂ ਭਯੋ ?' ਮਿਲਿ ਭਾਖੈਂ ਸਭਿ ਹੂੰ। 'ਕੌਨ ਗ੍ਰਾਮ ਨੇ ਦੋਸ਼ ਕਮਾਯੋ। ਜਿਸਤੇ ਦੁਖਦ ਸਮਾਂ ਅਸ ਆਯੋ' ॥ ੨੧ ॥ ਸਭਿ ਮਹਿਂ ਤਿਸ ਰਾਹਕ ਨੇ ਕਹਯੋ। 'ਸੁਨਹੁ ਹੇਤੁ ਮੈਂ ਇਕ ਅਸ ਲਹਯੋ। ਖਸਾਹ ਭਯੋ ਜਿਸ ਦਸੋਸ ਹਮਾਰੇ। ਕਰਿਕੈ ਪਾਇਸ ਸਿਤਾ ਅਹਾਰੇ ॥੨੨॥ ਨੀਕੇ ਥਾਲ ਬਿਸਾਲ ਪੁਰਾਯੋ[1]। ਰਾਮਕੁਇਰ ਭਾਈ ਕਹੁ ਖ੍ਵਾਯੋ। ਸਹਿਜ ਸੁਭਾਇਕ ਮੁਖ ਤੇ ਪ੍ਰਾਹੀ[2] ।–ਹੋਵਹੁ ਗ੍ਰਾਮ ਬਿਖੈ ਨਿਤ ਖਸਾਹੀ–॥ ੨੩ ॥ ਤਿਨ ਕੋ ਬਾਕ ਹੇਤੁ ਮ੍ਰਿਤੁ ਕੇਰਿ[3]। ਕਰਿ ਉਪਚਾਰ ਲੇਹੁ ਬਰ[4] ਫੇਰ'। ਸੁਨਿ ਸਭਿ ਲੋਕਨ ਜਾਨੀ ਜਬਿਹੂੰ। ਭੋਜਨ ਭਲੋ ਬਨਾਯਹੁ ਤਬਿਹੂੰ ॥੨੪॥ ਭਾਉ ਅਧਿਕ ਤੇ ਲੈ ਕਰਿ ਗਏ। ਜਿਸ ਅਸਥਾਨ ਬਿਰਾਜਤਿ ਭਏ। ਤਿਨੈ ਠਾਨਿ ਅਚਵਾਇ ਅਹਾਰਾ। ਨਾਨਾ ਰਸ ਮੈਂ ਸ੍ਵਾਦ ਉਦਾਰਾ ॥ ੨੫ ॥ ਹਾਥ ਜੋਰਿ ਠਾਂਢੇ ਢਿਗ ਰਹੇ।ਅਚਿ[5] ਭੋਜਨ ਭਾਈ ਬਚ ਕਹੇ।'ਕਿਸ ਕਾਰਨ ਤੇ ਰੁਚਿਰ ਅਹਾਰਾ। ਕਰਿ ਅਚਵਾਇਵ[6] ? ਸ੍ਵਾਦ ਉਦਾਰਾ' ॥੨੬॥ ਰਾਹਕ ਸੁਨਤਿ ਗਿਰਾ ਮੁਖ ਪ੍ਰਾਹੀ। 'ਸ਼ਾਦੀ ਹੁਤੀ ਗ੍ਰਾਮ ਕੇ ਮਾਂਹੀ। ਯਾਂਤੇ ਰੁਚਿਰ ਅਹਾਰ ਅਚਾਵਾ। ਤੁਮਤੇ ਚਾਹਤਿ ਸੁਖ ਉਪਜਾਵਾ' ॥ ੨੭ ॥ ਬਿਹਸ[7] ਕਹਯੋ ਉੱਤਮ ਬਰ ਤਿਨੈ। 'ਭੋਜਨ ਅਚਯੋ ਸ੍ਵਾਦ ਕੇ ਸਨੈ। ਯਾਂਤੇ ਗ੍ਰਾਮ ਬਿਖੈ ਨਿਤ ਸ਼ਾਦੀ।ਹੁਇ ਆਗੈ ਨਿਤ* ਕਰਹੁ ਅਬਾਦੀ' ॥੨੮॥ ਸੁਨਿ ਕੈ ਸਭਿਨਿ ਨਮੋ ਕਿਯ ਔਨ[8]। ਮ੍ਰਿਤਕਨਿ ਮਨਹੁ ਅਮੀ ਪਿਯ ਸ਼੍ਰੌਨ[9]। ਹਰਖਤਿ ਭਏ ਮ੍ਰਿਤੂ ਡਰੁ ਬੀਤਾ। ਹੋਨਿ ਲਗੀ ਸ਼ਾਦੀ ਮੁਦ ਚੀਤਾ ॥ ੨੯ ॥ ਇਸ ਪ੍ਰਕਾਰ ਸ੍ਰੀ ਮੁਖ ਤੇ ਜੈਸੇ। ਨਿਕਸਹਿ ਫੁਰਹਿ ਸੁ ਤਤਛਿਨ ਤੈਸੇ। ਟਹਿਲ ਕਰਨ ਮਹਿਂ ਰਾਮਾ ਦਾਸੁ। ਨਿਤਿਪ੍ਰਤਿ ਸੇਵਤਿ ਰਹੇ ਸੁ ਪਾਸ ॥੩੦॥ ਸੰਗਤਿ ਬਡੀ ਭੇਟ ਕਹੁ ਲਯਾਵੈ। ਦਰਸ਼ਨ ਪਰਸਹਿ ਚਰਨ ਮਨਾਵੈ। ਬਾਂਛਤ ਪਾਇ ਕਰਹਿਂ

[1]ਭਰਿਆ। [2]ਕਹਿਆ ਸੀ। [3]ਉਨ੍ਹਾਂ ਦਾ ਵਾਕ ਕਾਰਨ ਹੈ (ਇਨ੍ਹਾਂ) ਮੌਤਾਂ ਦਾ। [4]ਵਰ। [5]ਛਕਕੇ। [6]ਖੁਲਾਇਆ। [7]ਹੱਸ ਕਰਿਕੇ। [8]ਨਮਸਕਾਰ ਕੀਤੀ ਪ੍ਰਿਥਵੀ ਤੇ। [9]ਮਾਨੋਂ ਮੁਰਦਿਆਂ ਨੇ ਅੰਮ੍ਰਿਤ ਕੰਨਾਂ (ਨਾਲ) ਪੀਤਾ। *ਪਾ:–ਅਰੁ।

ਅਰਦਾਸ। ਦਰੋਸ ਪਰਬ[1] ਕੇ ਪਹੁੰਚਹਿਂ ਪਾਸ ॥ ੩੧ ॥ ਦੋਹਰਾ ॥ ਜੋ ਬੁੱਢੇ ਰਮਦਾਸਕੋ[2] ਗ੍ਰਾਮ ਬਿਦਤਿ[3] ਬਹੁ ਦੇਸ਼।ਤਹਾਂ ਕਰਤਿ ਬਿਸਰਾਮ[4] ਕਹੁ ਤਿਨ ਕਹੁ ਬੰਸ ਅਸ਼ੇਸ਼[5]॥੩੨॥ ਚੌਪਈ॥ ਸੰਗਤਿ ਬ੍ਰਿੰਦ ਜਪਤਿ ਗੁਰ ਨਾਮ। ਪੂਜਤਿ ਪਾਵਨ ਪੂਜਤਿ ਕਾਮ[6]। ਦਰਬ ਹਜ਼ਾਰਨ ਹੀ ਅਰਪਾਵੈਂ। ਲੇਹਿਂ ਦਾਸ ਸਭਿ ਕਾਰ ਚਲਾਵੈਂ॥੩੩॥ ਕਾਜ ਕਦਾਚਿਤ ਕੋ ਇਕ ਪੂਛੈ। ਸਹਿਜ ਸੁਭਾਇ ਕਹੈਂ ਉਰ ਸੂਛੈ[7]।ਬ੍ਰਿਤੀ ਜਗਤ ਦਿਸ਼ ਕਬਹੁਂ ਕਿ ਆਵੈ। ਨਤੁ[8] ਅੱਦ੍ਵੈਤ[9] ਬਿਖੈ ਲਿਵ ਲਾਵੈ॥੩੪॥ਬ੍ਰਿਤੀ ਅਖੰਡ ਰਾਤਿ ਦਿਨ ਏਕ। ਅਚਲ ਗਯਾਨ ਮਹਿਂ ਜਲਧਿ ਬਿਬੇਕ[10]। ਜਬਿ ਭੋਜਨ ਕਰਿਬੇ ਕਹੁ ਲਾਗੈਂ। ਜਾਵਦ ਥਾਲ ਧਰਨੋ ਰਹਿ ਆਗੈ॥੩੫॥ ਤਾਵਦ ਅਚਨੋ ਜਾਹਿਂ ਪੁਨਿ ਕਹੈਂ। 'ਭੋ ਰਾਮਾ! ਤੂੰ ਕਿਸ ਥਲ ਅਹੈਂ।ਆਵਹੁ ਪਾਸ ਪਰਖ ਕਰਿ ਕਹੋ। ਅਚਹਿਂ ਅਹਾਰ ਜੁ ਨਿਤ ਤੂੰ ਲਹੋ[11] ॥ ੩੬ ॥ ਦੋਹਰਾ ॥ ਤ੍ਰਿਪਤਿ ਭਏ ਰਮਦਾਸ ਕੇ ਪਿਖਹੁ ਕਿ ਤ੍ਰਿਪਤੇ ਨਾਂਹਿ ?'। ਸੁਨਿ ਰਾਮਾ ਸੇਵਕ ਤਬੈ ਹੇਰਹਿ ਹੁਇ ਕਰਿ ਪਾਹਿ ॥ ੩੭ ॥ ਚੌਪਈ ॥ ਊਪਰ ਉਦਰ ਹਾਥ ਕਹੁ ਫੇਰਹਿ।ਨਿਤ ਸਮ ਊਚੋ ਹੋਵਤਿ ਹੇਰਹਿ।ਕਹੈ ਬੰਦਿ ਕਰ:- 'ਤ੍ਰਿਪਤੇ[12] ਅਬੈ। ਨਿਤਿ ਸਮ ਭੋਜਨ ਕੀਨਸਿ ਸਬੈ' ॥੩੮॥ ਪੁਨ ਜਲ ਪਾਨ ਕਰਹਿਂ ਕਰ ਧੋਇ। ਪਰਮਹੰਸ ਇਸ ਬਿਧਿ ਰਹਿਂ ਸੋਇ। ਕਬਿ ਤਨ ਸੁਧਿ[13], ਕਬਹੂ ਨਹਿਂ ਹੋਇ। ਬੋਲਹਿਂ ਕਬਹਿ ਬੁਲਾਏ ਕੋਇ ॥ ੩੯ ॥ ਕਬਹੂੰ ਬਸਤ੍ਰ ਸੰਭਾਰਤਿ ਦਾਸ। ਊਪਰ ਕੋ ਪਹਿਰਾਇ ਸੁ ਪਾਸ। ਅੰਤਰ ਮੁਖੀ ਬ੍ਰਿੱਤਿ ਨਿਤ ਰਾਖੈਂ। ਬੋਲਤਿ ਜਬਿ ਬਿਨਤੀ ਬਹੁ ਭਾਖੈਂ ॥੪੦॥ ਦੀਰਘ ਕੇਸ ਭੌਂਹ[14] ਦੁਹ ਕੇਰੇ। ਦੀਰਘ ਪਲਕਹਿ ਕਬਹਿ ਉਘੇਰੇਂ[15]। ਨਾਂਹਿ ਤ ਮੁੰਦ੍ਰਿਤ[16] ਰਹਤਿ ਬਿਲੋਚਨ। ਕਰਹਿਂ ਦਾਸ ਕੀ ਸੋਚ ਬਿਮੋਚਨ[17] ॥੪੧॥ ਦਾਸ ਲਖਹਿਂ ਨਿਤਿ ਕੋ ਬਿਵਹਾਰਾ। ਸਦਾ ਕਰਾਵਹਿਂ ਤਿਸੀ ਪ੍ਰਕਾਰਾ। ਆਮਦ ਖਰਚ ਸੰਭਾਰਨਿ ਕਰੈਂ। ਦੇਨਿ ਲੇਨਿ ਨਿਜ ਇੱਛ ਬਿਚਰੈਂ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਭਾਈ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਤ੍ਰਿਤਿਯੋ ਅੰਸੂ ॥ ੩ ॥

---

[1]ਤਿਉਹਾਰ। [2]ਬਾਬੇ ਬੁੱਢੇ ਜੀ ਦਾ ਰਮਦਾਸ ਕੇ ਪਿੰਡ ਹੈ। [3]ਪ੍ਰਗਟ ਹੈ। [4]ਭਾਵ ਵਸਦੇ ਹਨ। [5]ਸਾਰੀ ਉਲਾਦ। [6]ਕਾਮਨਾਂ ਪੂਰਨ ਹੁੰਦੀਆਂ ਹਨ। [7]ਪਵਿੱਤ੍ਰ ਚਿਤ। [8]ਨਹੀਂ ਤਾਂ। [9]ਪਰਮਾਤਮਾ ਵਿਚ ਆਤਮਾ ਦੇ ਲੀਨ ਹੋਏ ਰਹਿਣ ਦੀ ਦਸ਼ਾ। [10]ਗਿਆਨ ਸਮੁੰਦ੍ਰ (ਵਾਹਿਗੁਰੂ) ਦੇ ਗਿਆਨ ਵਿਚ ਅਚੱਲ। [11]ਤੂੰ ਦੇਖਦਾ ਹੈਂ। [12]ਰੱਜ ਗਏ ਹੋ। [13]ਤਨ ਦੀ ਸੋਝੀ ਹੋਵੇ। [14]ਲੰਬੇ ਵਾਲ ਭਰਵੱਟਿਆਂ ਦੇ। [15]ਕਦੇ ਕਦੇ ਖੋਲਣ। [16]ਬੰਦ। [17]ਨਾਸ਼।

## ੪. [ਭਾਈ ਰਾਮਕੁਇਰ ਜੀ ਪ੍ਰਸੰਗ]

ਦੋਹਰਾ ॥ ਇਕ ਰਸ ਬ੍ਰਿਤੀ ਅਖੰਡ ਰਹਿ ਬ੍ਰਹਮ ਗ੍ਯਾਨ ਕੇ ਮਾਂਹਿ । ਆਇ ਕਦਾਚਿਤ ਜਗਤ ਦ੍ਰਿਸ਼ ਰਹਤਿ ਦਾਸ ਬਹੁ ਪਾਹਿ॥੧॥ ਚੌਪਈ॥ ਏਕ ਸਮੈ ਤੁਰਕਨ ਕੀ ਸੈਨਾ । ਆਇ ਪਰੀ ਲੂਟਨ ਕਹੁ ਐਨਾ[1] । ਬਸਤ੍ਰ ਬਿਭੂਖਨ ਬਾਸਨ[2] ਭਾਰੇ। ਤੁਰੰਗ,ਧੇਨੁ[3],ਮਹਿਖੀ[4] ਗਨ ਸਾਰੇ ॥੨॥ ਦੇਗ,ਕਰਾਹੇ*,ਬਡ ਬਰਟੋਹੇ[5]। ਅੰਨ[6] ਬਹੁਤ ਸਭਿ ਲੀਨਸਿ ਖੋਹੇ। ਦਾਸ ਉਪਾਇ ਕਰਤਿ ਬਹੁ ਰਹੇ।'ਕਸੋਂ ਜਬਰੀ ਤੁਮ ਠਾਨਤਿ ਅਹੇ'॥੩॥ਕਹਿ ਬਹੁ ਰਹੇ ਨ ਮਾਨੀ ਕਾਹੂ। ਛੀਨ ਲੀਨਿ ਸਭਿ ਵਥੁ†ਘਰ ਮਾਂਹੂ।ਬੈਠੇ ਰਾਮਕੁਇਰ ਜਹਿਂ ਭਾਈ।ਜਾਇ ਨਿਕਟਿ ਸੁਧਿ ਦੇਤਿ ਸੁਨਾਈ ॥੪॥ ਸੁਨਿ ਕਰਿ ਮਨ ਮਹਿਂ ਕਛੂ ਨ ਆਨੈ। ਨਹਿਂ ਦਾਸਨ ਸੋਂ ਬਾਕ ਬਖਾਨੈ। ਕਈ ਹਜ਼ਾਰਨ ਕੋ ਧਨ ਗਯੋ।ਘਰ ਮਹਿਂ ਨਹੀਂ ਪਦਾਰਥ ਰਹਯੋ॥੫॥ਲੇਕਰਿ ਸਕਲ ਤੁਰਕ ਕੀ ਸੈਨਾ।ਜਾਇ ਪਹੂੰਚੀ ਅਪਨੇ ਐਨਾ[1] । ਲਵਪੁਰਿ ਕੋ ਸੂਬਾ ਇਕ ਹੁਤੋ । ਸੋ ਜਾਨਤਿ ਸਭਿ ਬਿਧਿ ਇਨ ਮਤੋ[7] ॥ ੬ ॥ ਮਹਿਮਾ ਮਹਾਂ ਪਛਾਨਹਿ ਸੋਇ। ਸੁਖ ਦੁਖ ਮੈਂ ਇਕ ਰਸ ਨਿਤਿ ਹੋਇ। ਹਰਖ ਸ਼ੋਕ ਨਹਿਂ ਜਿਨਕੇ ਲੇਸ਼। ਇਨ ਕਉ ਲਖਹਿ ਮਹਾਂ ਦਰਵੇਸ਼ ॥ ੭ ॥ ਇਹ ਸੁਧਿ ਪਹੁੰਚੀ ਤਿਸਕੇ ਪਾਸਿ ।–ਲਿਯੋ ਲੂਟਿ ਰਮਦਾਸ ਅਵਾਸ[8]–। ਤਤਛਿਨ ਅਸੁ ਅਰੂੜ੍ਹ ਕਰਿ ਆਵਾ[9] । ਲਵਪੁਰਿ ਤੇ ਤੂਰਨ ਹੀ ਧਾਵਾ ॥੮॥ ਕੁਛਕ ਸੈਨ ਆਈ ਜਿਹ ਸਾਥ। ਬਹੁਤ ਬਿਸੂਰਤਿ ਸੁਨਿ ਕਰਿ ਗਾਥ[10]। ਰਾਮਦਾਸ ਕੇ ਪਹੁੰਚਯੋ ਗ੍ਰਾਮ। ਨਗਨ ਪੈਰ ਹੁਇ ਪ੍ਰਵਿਸ਼ਯੋ ਧਾਮ ॥ ੯ ॥ ਬੈਠੇ ਰਾਮਕੁਇਰ ਢਿਗ ਗਯੋ। ਹਾਥ ਜੋੜਿ ਨੰਮ੍ਰੀ ਬਹੁ ਭਯੋ। ਚਰਨ ਸਪਰਸ਼ਨ ਕਰਿ ਕਰ ਸੰਗ[11]। ਬੰਦਨ ਕੀਨਿ ਤ੍ਰਸਤਿ[12] ਮਨ ਭੰਗ[13] ॥ ੧੦ ॥–ਮੁਖ ਤੇ ਸ੍ਰਾਪ ਦੇਹਿਂ ਕਛੁ ਨਾਂਹੀ–। ਖਰਯੋ ਰਹਯੋ ਡਰ ਧਰਿ ਉਰ ਮਾਂਹੀ । ਸਹਜਿ ਸੁਭਾਇ ਰਹੇ ਸੋ ਬੈਸੇ। ਤਿਸਕੋ ਬਾਕ ਨ ਭਾਖਯੋ ਕੈਸੇ ॥ ੧੧ ॥ ਜਬਹਿ ਖਾਨ ਜਾਨੀ ਮਨ ਮਾਂਹਿ ।–ਬਿਨਾਂ ਬੁਲਾਏ ਬੋਲਹਿਂ ਨਾਂਹਿ–। ਬਹੁਤ ਦੀਨਤਾ ਸਾਥ ਬਖਾਨੀ। 'ਮੋਹਿ ਬਿਖ਼ਬਰੀ ਤੇ

---

[1]ਘਰ। [2]ਬਰਤਨ। [3]ਘੋੜੇ, ਗਊਆਂ। [4]ਮੱਝੀਆਂ। [5]ਵਲਟੋਹੇ। [6]ਅਨਾਜ। [7]ਇਨ੍ਹਾਂ ਦੇ ਸੁਭਾਉ ਨੂੰ। [8]ਰਮਦਾਸ ਕਿਆਂ ਦੇ ਘਰ। ( ਅ ) ਰਮਦਾਸ ਗ੍ਰਾਮ ਦੇ ਘਰ। [9]ਘੋੜੇ ਤੇ ਸਵਾਰ ਹੋਕੇ ਆਇਆ। [10]ਵਾਰਤਾ। [11]ਕਰਕੇ ਹੱਥਾਂ ਨਾਲ। [12]ਡਰਦਿਆਂ। [13]ਢੱਠੇ ਮਨ।

*ਪਾ:—ਕਰਨ ਕੇ।   †ਪਾ:—ਵਸਤੁ।

ਕ੍ਰਿਤ ਠਾਨੀ[1] ॥ ੧੨ ॥ ਭਈ ਅਵੱਗਯਾ ਅਧਿਕ ਤੁਮਾਰੀ। ਤੁਰਕ ਅਜਾਨ ਨ ਕੀਨਿ ਚਿਨਾਰੀ[2]। ਮਿਲਿ ਮੂਰਖ ਇਕਠੇ ਹੁਇ ਆਏ। ਜਿਨਹੁੰ ਅਖਾਜ ਖਾਜ ਲਖਿ ਪਾਏ ॥੧੩॥ ਲੂਟੇ ਗ੍ਰਾਮ ਰੁ ਧਾਮ[3] ਤੁਮਾਰੇ। ਸਭਿ ਸਜਾਇ ਕੇ ਉਚਿਤ ਬਿਚਾਰੇ। ਆਪ ਕ੍ਰਿਪਾ ਕਰਿਕੈ ਫੁਰਮਾਵਉ। ਗਈ ਵਸਤੁ ਜੋ ਸਗਲ ਬਤਾਵਉ ॥ ੧੪ ॥ ਕਰਿ ਕਰਿ ਕੈਦ ਸਭਿਨਿ ਕੋ ਲੇਵੌਂ। ਜੋ ਕੁਛ ਗਈ ਕਹਹੁ ਸੋ ਦੇਵੌਂ। ਅਪਨੀ ਸ਼ਰਨਿ ਪਰਯੋ ਮੁਝ ਜਾਨਿ। ਛਿਮਾ ਕਰਹੁ ਅਪਰਾਧ ਮਹਾਨ' ॥ ੧੫॥ ਸੁਨੇ ਖਾਨ ਕੇ ਬਾਕ ਸੁ ਕਾਨਿ। ਦੀਨ ਮਨਾ[4] ਜਯੋਂ ਕਰਤਿ ਬਖਾਨ। ਊਚੇ ਮੁਖ ਕਰਿ ਨੈਨ ਉਘਾਰੇ। ਪਿਖੇ ਤੁਰਕ ਗਨ ਖਰੇ ਅਗਾਰੇ ॥ ੧੬ ॥ ਬ੍ਰਿੰਦ ਤੁਰੰਗ ਮਤੰਗਨਿ ਬਾਹਰ। ਉਠਤਿ ਸ਼ਬਦ ਸੁਨਿਯਤਿ ਗਨ ਜ਼ਾਹਰ। ਖਾਨ ਦਿਸ਼ਾ ਅਵਲੋਕਨ ਕੀਨ। ਬੋਲਯੋ ਰਾਮ-ਕੁਇਰ ਪਰਬੀਨ ॥ ੧੭ ॥ 'ਹਮਰੋ ਕਛੂ ਨ ਕਿਤ ਤੇ ਗਯੋ। ਤੁਮ ਕੈਸੇ ਬੂਝਤਿ ਕਸ ਥਯੋ'। ਗਯਾਨ ਅਰੂਢ ਬ੍ਰਿੱਤਿ ਕੋ ਜਾਨਿ। ਪੁਨਿ ਬੋਲਯੋ ਲਵ-ਪੁਰਿ ਪਤਿ ਖਾਨ[5] ॥੧੮॥ 'ਤੁਰਕ ਸੈਨ ਜਬਿ ਚਢਿ ਕਰਿ ਆਈ। ਵਸਤੁ ਤੁਮਾਰ ਲੂਟੀ ਸਮੁਦਾਈ। ਸੋ ਸਗਰੀ ਮੁਝ ਦੇਹੁ ਬਤਾਇ। ਤਿਨ ਤੇ ਲੈ ਦੇਵੌਂ ਪਹੁੰਚਾਇ ॥੧੯॥ ਰਾਵਰਿ ਮਹਿਮਾ ਤੇ ਅਨਜਾਨਿ। ਕਰੀ ਅਵੱਗਯਾ ਮੂਢ ਮਹਾਨ'। ਭਨਤਿ ਖਾਨ ਕੇ ਇਸ ਬਿਧਿ ਬੈਨ। ਬਾਜਨ[6] ਕੀ ਦਿਸ ਥੇ ਤਬ ਨੈਨ ॥ ੨੦ ॥ ਤਿਨ ਕਹੁ ਦੇਖਤਿ ਬਾਕ ਬਖਾਨਾ। 'ਹਮਰੇ ਬਾਜ਼ ਹੁਤੇ ਇਸ ਥਾਨਾ। ਲੇ ਗਮਨਤਿ[7] ਨਿਤਿ ਬ੍ਰਿੱਤ ਅਖੇਰੀ[8]। ਇਨਕੀ ਰੇਸ਼ਮ ਡੋਰ ਲਮੇਰੀ ॥ ੨੧ ॥ ਆਡੇ[9] ਇਨ ਬੈਠਨਿ ਕੇ ਜੋਇ। ਸੋ ਲੁਟਿ ਗਏ ਨ ਦਿਖਿਯਤਿ ਕੋਇ। ਆਡੇ ਡੋਰਾਂ ਦੇਹੁ ਮੰਗਾਇ। ਜੇ ਤੁਮਰੇ ਕਹਿਬੇ ਮਹਿਂ ਆਇ' ॥ ੨੨ ॥ ਸੁਨਤਿ ਖਾਨ ਬਿਗਸਯੋ ਬਿਸਮਾਯੋ।–ਦੇਖਹੁ ਕਸ[10] ਮਨ ਕੁਛ ਨਹਿਂ ਲਯਾਯੋ। ਲਾਖਹੁੰ ਕਾ ਧਨ ਘਰ ਤੇ ਗਯੋ। ਰਿਦੇ ਬਿਕਾਰ ਨ ਤਿਸ ਤੇ ਭਯੋ ॥ ੨੩ ॥ ਦ੍ਰਿਸ਼ਟਿ ਅਗਾਰੀ ਜੋ ਨਹਿਂ ਪਾਈ। ਸੋ ਲੁਟਿ ਗਈ ਰਿਦੇ ਇਮਿ ਆਈ। ਅਪਰ ਵਸਤੁ ਕੀ ਸੁਧਿ ਨਹਿ ਜਾਨੀ। ਬ੍ਰਿੱਤਿ ਸਮਾਨਿ[11] ਮਹਿਦ ਬ੍ਰਹਮਗਯਾਨੀ–॥ ੨੪ ॥ ਮਹਿਮਾ ਮਹਾਂ ਜਾਨਿ

[1]ਕੰਮ ਕੀਤਾ ਹੈ (ਤੁਰਕਾਂ ਨੇ)। [2]ਪਛਾਣ। [3]ਪਿੰਡ ਤੇ ਘਰ (ਗ੍ਰਾਮ–ਅਰੁ–ਧਾਮ)। [4]ਨਿੰਮ੍ਰਤਾ ਵਾਲੇ ਮਨ ਨਾਲ। [5]ਸੂਬਾ। [6]ਬਾਜ਼ ਨਾਮੇ ਪੰਛੀ। [7]ਲੈ ਜਾਂਦੇ ਸੀ। [8]ਸ਼ਿਕਾਰ ਨੂੰ। [9](ਬਾਜ਼ਾਂ ਦੇ ਬੈਠਣ ਦੇ) ਔਡੇ। [10]ਕਿਸੇ ਤਰ੍ਹਾਂ ਬੀ। [11]ਇਕ ਤੁੱਲ ਬ੍ਰਿਤੀ ਹੈ।

ਕਰਿ ਖਾਨ। ਬੰਦਿ ਪਾਨ ਜੁਗ[1]*ਕਰਤਿ ਬਖਾਨਾ'ਕ੍ਰਿਪਾ ਠਾਨਿ ਮੁਝ ਸਾਥ ਚਲੀਜੈ। ਲਵਪੁਰਿ[2] ਕੇਤਿਕ ਦਿਵਸ ਬਸੀਜੈ ॥ ੨੫ ॥ ਜਬਿ ਇੱਛਾ ਪੁਨਿ ਹੁਇ ਹਟਿ ਆਵਹੁ। ਕਦਮ ਆਪਨੇ ਮੁਝ ਘਰ ਪਾਵਹੁ'। ਇੱਤਜਾ- ਦਿਕ ਬਹੁ ਬਿਨੈ ਉਚਾਰਿ । ਲੇ ਸੰਗ ਚਲਨੋ ਹੋਇ ਅਸਵਾਰ ॥ ੨੬ ॥ ਦੋਹਰਾ॥ ਬਿਨ ਲਗਾਮ ਅਸੁ ਬਲੀ ਪਰ ਰਾਮਕੁਇਰ ਆਰੂੜ੍ਹ। ਇਕ ਦਿਸ਼ ਕਰਿ ਦੋਨਹੁ ਚਰਨ ਬੈਠਨੋ ਜਿਸ ਮਤਿ ਗੂੜ੍ਹ ॥ ੨੭ ॥ ਚੌਪਈ ॥ ਦੇਖਿ ਤੁਰਕ ਗਨ ਬਿਸਮੈ ਭਏ। ਇਕ ਦਿਸ਼ ਚਰਨ ਅਡੁਲ[3]ਗਤਿ[4]ਲਏ। ਰਾਮਾ- ਦਾਸ ਸਾਥ ਤਬਿ ਖਾਨ । ਬੂਝਨ ਲਾਗਯੋ ਮਨ ਹੈਰਾਨ ॥ ੨੮ ॥ 'ਕਿਮ ਅਰੂਢ[5] ਇਹ ਭਏ ਤੁਰੰਗ[6]। ਗਿਰ ਨ ਪਰਹਿਂ ਹੁਇ ਭੰਗ ਨ ਅੰਗ[7]। ਨਹਿਂ ਲਗਾਮ ਮੁਖ ਦੀਨਸਿ ਯਾਹੂ[8]। ਦਿਖਿਯਤਿ ਬਲੀ ਮਹਾਂ ਇਹ ਬਾਹੂ[9]' ॥ ੨੯ ॥ ਤਬਿ ਰਾਮੇ ਨੇ ਸਕਲ ਬਤਾਈ। 'ਇਹ ਨਿਤਿ ਐਸੇ ਕਰਤਿ ਚਢਾਈ। ਬਿਨਾ ਲਗਾਮ ਭਜਾਵਹਿਂ ਘੋਰਾ[9]। ਕਰਹਿਂ ਅਖੇਰ ਬ੍ਰਿਤਿ ਚਹੁੰ ਓਰਾ ॥ ੩੦ ॥ ਦੁਇ ਦਿਸ਼ ਜਾਂਘ ਕਬਹਿਂ ਲਟਕੰਤੇ। ਨਾਂਹਿ ਤ ਇਕ ਦਿਸ਼ ਚਰਨ ਕਰੰਤੇ'। ਬਿਸਮਹਿ ਖਾਨ ਬਾਤ ਸੁਨਿ ਕਰਿਕੇ। ਉਰ ਮਹਿਂ ਸੰਸੈ ਰਹਯੋ ਬਿਚਰਿ ਕੇ ॥ ੩੧ ॥ ਤਿਮਹੀ ਚਢੇ ਆਇ ਲਵਪੁਰਿ ਮੈਂ। ਡੇਰਾ ਦੀਨਸਿ ਸੁੰਦਰ ਘਰ ਮੈਂ। ਸਰਵ ਭਾਂਤਿ ਕੀ ਸੇਵ ਕਰਾਈ। ਲੂਟੀ ਵਸਤੁ ਜੋ ਸਭਿ ਫਿਰਵਾਈ ॥ ੩੨ ॥ ਜਹਿਂ ਜਹਿਂ ਗਈ ਸਹੀ ਕਰਿ[10] ਸਾਰੀ । ਲਈ ਮੰਗਾਇ ਖਾਨ ਬਲਿ ਭਾਰੀ। ਗ੍ਰਾਮ ਬਿਖੈ ਸੋ ਦਈ ਪੁਚਾਇ। ਅਪਰਾਧਨਿ ਕੋ[11] ਦਈ ਸਜਾਇ ॥੩੩॥ ਹਿਤ ਪਰਖਨ[12] ਕੇ ਪੁਨਿ ਬਿਧਿ ਠਾਨੀ। ਖਾਨ ਮਹਾਂ ਮਤਿ ਮਾਨ ਬਿਨਾਨੀ[13]। ਇਕ ਬੜਵਾ[14] ਤਿਹ ਖਰੀ ਤਵੇਲੇ। ਜਿਸ ਪਰ ਚੜ੍ਹਨੋ ਅਧਿਕ ਦੁਹੇਲੇ ॥ ੩੪ ॥ ਅਤਿ ਅੜੀਅਲ[15] ਨਹਿਂ ਚਲਹਿ ਅਗਾਰੇ। ਹਤੇ ਕਸਾ ਬਹੁ ਪੁਸ਼ਤ ਨਿਕਾਰੇ[16]। ਚਰਖੀ ਫਿਰਿ

[1]ਦੋਵੇਂ ਹਥ ਜੋੜਕੇ। [2]ਲਾਹੌਰ। [3]ਅਡੋਲ। [4]ਚਾਲ। [5]ਅਸਵਾਰ। [6]ਘੋੜੇ ਤੇ। [7]ਟੁੱਟੇ ਨਾ ਕੋਈ ਅੰਗ। [8]ਜਿਸ ਦੇ। [9]ਘੋੜਾ। [ਡਿੰਗਲ ਭਾਸ਼ਾ—ਬਾਹ=ਘੋੜਾ]। [10]ਪਛਾਣਕੇ। [11]ਪਾਪੀਆਂ ਨੂੰ। [12]ਪਰੀਖਯਾ ਕਰਨ ਲਈ। [13]ਮਾਨ ਤੋਂ ਬਿਨਾਂ। [14]ਘੋੜੀ। [15]ਅੜੀਅਲ=ਉਹ ਘੋੜਾ ਜੋ ਇਕ ਥਾਂ ਅੜ ਖੜੋਵੇ ਤੇ ਅੱਗੇ ਨਾ ਟੁਰੇ।

[16] ਹਤੇ ਕਸਾ= ਪੁਸ਼ਤ ਨਿਕਾਲਨਾਂ= } ਘੋੜੇ ਨੂੰ ਰਾਨ ਨਾਲ ਦਬਾ ਕੇ ਜਾਂ ਕੱਸ ਕੇ ਅੱਡੀ ਲਾਇਆਂ, (ਹਤੇ=) ਚਾਬੁਕ ਮਾਰ ਕੇ ਚਲਾਉਣ ਦਾ ਜਤਨ ਕੀਤਾ ਜਾਵੇ ਤਾਂ ਉਹ ਪੁਸ਼ਤ ਨਿਕਾਲਦੇ ਹਨ, ਅਰਥਾਤ ਪਿਛਲੀਆਂ ਦੋਹਾਂ ਲੱਤਾਂ ਨਾਲ ਹਵਾ ਵਿਚ ਦੁਲੱਤੇ ਮਾਰਦੇ ਹਨ।

*ਪਾ:—ਕਰ ।

ਗੇਰਹਿ[੧] ਅਸਵਾਰ । ਫਾਂਧਤਿ ਬੱਕ੍ਰਨ[੨] ਦੇਹਿ ਸੰਭਾਰ ॥੩੫॥ ਭਾਜ ਚਲਹਿ ਤਬ ਅਟਕਹਿ ਨਾਂਹੀ । ਮੁਹਿਤਾਲੀ[੩] ਬਹੁ ਐਬਨ ਮਾਂਹੀ॥ ਖਾਨ ਤੁਰੰਗਨਿ ਸੋ ਮੰਗਵਾਈ । ਅਰਪੀ ਰਾਮਕੁਇਰ ਕੈ ਤਾਈਂ ॥ ੩੬ ॥ ਹਾਥ ਜੋਰਿ ਕਰਿ ਬਿਨਤੀ ਠਾਨੀ । 'ਲੇਹੁ ਉਪਾਇਨ ਬੜਵਾ ਆਨੀ । ਇਸ ਪਰ ਆਪ ਅਰੂਢਨ ਹੋਵਹੁ । ਫਿਰਹੁ, ਅਖੇਰ ਚਲਹੁ ਮਗ, ਜੋਵਹੁ[੪] ॥ ੩੭ ॥ ਐਸੀ ਰੀਤਿ ਭਾਵਨਾ ਮੇਰੀ । ਇਸ ਥਲ ਤੇ ਚਢਿ ਕਰਿ ਇਕ ਬੇਰੀ । ਪ੍ਰਥਮ ਕਰਹੁ ਲਵਪੁਰਿ ਕੀ ਸੈਲ । ਪੁਨ ਨਿਜ ਗ੍ਰਾਮ ਗਮਹੁ ਸਭਿ ਗੈਲ[੫] ॥ ੩੮ ॥ ਮਾਰਗ ਚਲੇ ਜਾਹੁ ਦਿਨ ਸਾਰੇ । ਉਤਰੋ ਸੰਧ੍ਯਾ ਸਦਨ ਮਝਾਰੇ' । ਇਮ ਕਹਿ ਅਰਪ ਉਪਾਇਨ ਦੀਨਿ । ਕਿਤਿਕ ਦਰਬ ਅਰੁ ਬਸਤ੍ਰ ਨਵੀਨ ॥ ੩੯ ॥ ਅਧਿਕ ਭਾਉ ਤੇ ਰੁਖ਼ਸਦ ਕਰੇ[੬] । ਹੇਰਿ ਹੇਰਿ ਅਚਰਜ ਉਰ ਧਰੇ । ਤਿਸ ਬੜਵਾ ਕਉ ਤਬਿਹੀ ਲਯੋ । ਸੁੰਦਰ ਜ਼ੀਨ ਜਿਸੀ ਪਰ ਪਯੋ ॥ ੪੦ ॥ ਗਹਿ ਲਗਾਮ ਤਤਕਾਲ ਉਤਾਰਾ[੭] । ਭੇ ਸ੍ਰੀ ਰਾਮਕੁਇਰ ਅਸਵਾਰਾ । ਸਹਿਜ ਸੁਭਾਇਕ ਸੋ ਗਮਨਾਈ[੮] । ਚਲੀ ਬੀਥਕਾਂ[੯] ਮਨਹੁਂ ਪਢਾਈ[੧੦] ॥ ੪੧ ॥ ਅਨਿਕ ਜਤਨ ਤੇ ਜੋ ਨਹਿਂ ਚਾਲਤਿ । ਮਨ ਅਨੁਸਾਰ ਪਾਇ ਸੋ ਡਾਲਤਿ[੧੧] । ਇਕ ਦਿਸ਼ ਦੋਨਹੁ ਚਰਨ ਕਰੇ ਹੈਂ । ਹੇਰਤਿ ਪੁਰਿ ਨਰ* ਹਰਖ ਭਰੇ ਹੈਂ ॥ ੪੨ ॥ ਗਰੀ ਬਜ਼ਾਰ ਬਿਲੋਕਤਿ ਆਏ । ਜਹਾਂ ਖਾਨ ਕੇ ਸਦਨ ਸੁਹਾਏ । ਮਹਾਂ ਸਮ੍ਰਿੱਧਿ[੧੨] ਨਗਰ ਮਹਿਂ ਪੂਰੀ । ਅਨਿਕ ਪ੍ਰਕਾਰਨਿ ਰਚਨਾ ਰੂਰੀ ॥੪੩॥ ਜਹਿਂ ਕਹਿਂ ਨਰਨਿ ਭੀਰ ਸਮੁਦਾਏ । ਭੂਖਨ ਬਸਤ੍ਰ ਪਹਿਰ ਹਰਿਖਾਏ । ਪੁਨਹਿ ਖਾਨ ਨਿਜ ਬੈਠਕ ਮਾਂਹਿ । ਲੇ ਪ੍ਰਵਿਸ਼ਯੋ ਉਤੰਗ ਬਡ ਜਾਂਹਿ[੧੩] ॥ ੪੪॥ ਊਚਹਿ ਖਰੇ ਹੋਇ ਦਿਖਰਾਯੋ । ਨਿਜ ਘਰੁ ਅਰੁ ਸਭਿ ਨਗਰ ਸੁਹਾਯੋ । ਸਭਿਨਿ

[੧]ਚਰਖੀ ਫਿਰ=ਵਾਗ ਤੇ ਚੜ੍ਹ ਇਕੋ ਥਾਂ ਚਕਰ ਲਾਉਂਦੇ ਰਹਿਣਾ ਤੇ ਸਵਾਰ ਨੂੰ ਡੇਗਣ ਦੀ ਕੋਸ਼ਸ਼ ਕਰਨੀ । [੨]ਫਾਂਧਤਿ ਬੱਕ੍ਰ=ਚਲਦਿਆਂ ਹੋਇਆਂ ਅਚਾਨਕ ਸੱਜੇ ਯਾ ਖੱਬੇ ਨੂੰ ਟੇਢ ਦੇਕੇ ਕੁੱਦ ਜਾਣਾ ਜਿਸ ਨਾਲ ਸਵਾਰ ਆਸਨ ਉਖੜਕੇ ਡਿੱਗ ਪੈਂਦਾ ਹੈ । [੩]ਆਪ ਮੁਹਾਰੀ, ਮੂੰਹ ਜ਼ੋਰ । [੪]ਭਾਵ (ਇਸਤੇ ਚੜ੍ਹਕੇ) ਫਿਰੋ=ਸੈਰ ਕਰੋ, (ਅਖੇਰ ਚਲਹੁ=)ਸ਼ਿਕਾਰ ਨੂੰ ਜਾਓ, (ਚਲਹੁ ਮਗ=) ਸਫਰ ਕਰੋ, ( ਇਉਂ ਇਸ ਨੂੰ ਜੋਵੋ=) ਦੇਖੋ, ਪਰਖੋ । [੫]ਸਾਰਾ ਰਸਤਾ । [੬]ਵਿਦਾ ਕੀਤੇ । [੭]ਲਗਾਮ ਉਤਾਰ ਦਿੱਤੀ । [੮]ਚਲੀ । [੯]ਗਲੀਆਂ ਵਿਚ । [੧੦]ਮਾਨੋ ਸਿਖਾਈ ਹੋਈ ਸੀ । [੧੧](ਭਾਈ ਜੀ ਦੀ) ਇੱਛਾ ਮੂਜਬ ਪੈਰ ਨੂੰ ਸੁੱਟਦੀ ਹੈ । [੧੨]ਸਮੱਗ੍ਰੀ । [੧੩]ਉੱਚੀ ਸੀ ਜੋ ਬੜੀ ।

*ਪਾ:-ਪੁਰ ਕੇ ।

ਬਿਲੋਕਤਿ ਬੋਲੇ ਬਾਨੀ। ਭਾਈ ਰਾਮਕੁਇਰ ਬ੍ਰਹਮ ਗਯਾਨੀ॥ ੪੫॥
ਦੋਹਰਾ॥'ਸੁਨਹੁ ਖਾਨ! ਰਾਮਦਾਸ ਕੇ ਗ੍ਰਾਮ ਉਜਾਰਯੋ ਲੂਟ। ਵਸਤੁ ਖਸੋਟੀ ਸਭਿਨਿ ਤੇ, ਗਨ ਮਨੁਜਨ[੧] ਕਹੁ ਕੂਟ॥ ੪੬॥ ਚੌਪਈ॥ ਸੋ ਸਗਰੀ ਤੁਮ ਨੇ ਫਿਰਵਾਈ[੨]। ਹਮਰੋ ਗ੍ਰਾਮ ਬਸਹਿ ਪੁਨਿ ਆਈ। ਤੁਮਰੋ ਨਗਰ ਜੁ ਬਸਹਿ ਬਿਲੰਦ। ਅਰ ਊਚੇ ਘਰ ਸੈਲ ਮਨਿੰਦ[੩]॥੪੭॥ ਇਹ ਜਬਿ ਲੂਟੇ ਜਾਹਿੰ ਉਜਾਰੇ। ਕੌਨ ਫਿਰਾਵਹਿ ਵਸਤੂ ਸਾਰੇ? ।ਕਰਹਿ ਕੌਨ ਇਨ ਕੀ ਰਖਵਾਰੀ?। ਕਹਾਂ ਬਸਹਿ ਇਹੁ ਨਗਰੀ ਸਾਰੀ?'॥੪੮॥ਸੁਨਤਿ ਖਾਨ ਕਹਿ'ਇਹ ਕਯਾ ਆਪ?। ਦੇਤਿ ਮੋਹਿ ਅਰ ਪੁਰਿ ਕੋ ਸ੍ਰਾਪ'। [੪]"ਹਮ ਤੇ ਸਹਿਜ ਸੁਭਾਇਕ ਬੂਝੈ[੫]?। ਤੁਮ ਕੋ ਸ੍ਰਾਪ ਕੁਤੋ ਇਹ ਸੂਝੈ॥੪੯॥-ਮਹਾਂ ਨਗਰ ਇਹ ਉਜਰੈ ਸਾਰਾ। ਕਹਾਂ ਬਸਹਿ-,ਹਮ ਏਵ ਉਚਾਰਾ। ਹਮਰੀ ਵਸਤੁ ਤੁਮਹਿੰ ਫਿਰਵਾਈ। ਤੁਮਰੀ ਲੁਟੇ ਕਹਾਂ ਕਰ ਆਈ[੬]"॥ ੫੦॥ ਸੁਨਤਿ ਖਾਨ ਪੁਨਿ ਤੂਸ਼ਨਿ ਰਹਿਓ*।ਤ੍ਰਾਸ ਧਰੇ ਉਰ ਕੁਛ ਨਹਿੰ ਕਹਿਓ। ਨਿਕਸੇ ਵਹਿਰ ਅਰੂਢਨ ਭਏ। ਪਹੁੰਚਨ ਹਿਤ ਨਿਜ ਗ੍ਰਾਮ ਸਿਧਏ॥੫੧॥ ਸਨੇ ਸਨੇ ਮਾਰਗ ਚਲਿ ਪਰੇ।ਸਕਲ ਵਸਤੁ ਲੇ ਸੇਵਕ ਤੁਰੇ। ਕਹਯੋ ਖਾਨ ਨੇ'ਰਹੀਅਹਿ ਸੰਗ। ਬੜਵਾ[੭] ਤੇਜ ਕੁਚਲਨਿ[੮] ਕੁਢੰਗ'॥ ੫੨॥ ਤਿਨ ਪੀਛੈ ਅਪਨੇ ਜਨੁ ਕੇਈ। ਪਠਿਬੋ ਕਰੈ[੯] ਕਹਯੋ ਸੰਗ ਤੇਈ। 'ਦੂਰ ਦੂਰ ਤੁਮ ਦੇਖਤਿ ਜਾਓ। ਗਿਰਹਿਂ ਕਿ ਨਹੀਂ ਖ਼ਬਰ ਸਭਿ ਲਯਾਓ'॥ ੫੩॥ ਜਬ ਲਗਾਮ ਬਿਨ ਚਢਿ ਕਰ ਚਾਲੇ। ਅਚਰਜ ਮਾਨਯੋ ਖਾਨ ਬਿਸਾਲੇ। ਨਮਸਕਾਰ ਕਰਿ ਘਰ ਕੋ ਗਯੋ। ਸ਼ਰਧਾ ਵਿਢਿ ਠਾਨਤਿ ਸੁਖ ਲਯੋ॥੫੪॥ ਲਵਪੁਰਿ ਤੇ ਨਿਕਸੇ ਮਗ ਪਰੇ। ਚਲਹਿ ਤੁਰੰਗਨਿ[੧੦] ਹੁਇ ਅਨੁਸਰੇ[੧੧]। ਜਥਾ ਚਲਾਵਨਿ ਮਨਮਹਿੰ ਠਾਨੈ।ਸੁਖਦਾ ਗਮਨਹਿ[੧੨] ਤਥਾ ਮਹਾਨੈ।੫੫। ਪਠੇ ਖਾਨ ਜਨ ਦੇਖਨ ਜੇਈ। ਚਿਤ ਪਹਿਚਾਨਤਿ ਭੇ ਬਿਧਿ ਤੇਈ। ਸਭਿਨਿ ਦੇਖਿਤੇ ਤਬਹਿ ਭਜਾਈ।ਪੌਨ ਗੌਨ ਕੋ ਕਰਿ ਪਿਛਵਾਈ[੧੩]॥੫੬॥ ਜਾਤਿ ਗਰਦ ਅਵਲੋਕਨ ਕਰਿਈ। ਨਹਿੰ ਬੜਵਾ ਕੋ ਅੰਗ ਨਿਹਰਿਈ। ਅਧਿਕ ਸ਼ੀਘ੍ਰਤਾ ਧਰਿ ਇਮ ਦੌਰੀ। ਹੇਰਿ ਹੇਰਿ ਨਰ ਮਤਿ ਭਈ ਬੌਰੀ॥

---

[੧]ਸਾਰੇ ਮਨੁੱਖਾਂ ਨੂੰ। [੨]ਮੋੜਕੇ ਲੈ ਦਿੱਤੀਆਂ ਹਨ। [੩]ਪਰਬਤ ਵਰਗੇ। [੪]ਭਾਈ ਰਾਮਕੁਇਰ ਜੀ ਬੋਲੇ। [੫]ਪੁਛਿਆ। [੬]ਕਿਵੇਂ (ਤੈਨੂੰ) ਪ੍ਰਾਪਤ ਹੋਵੇਗੀ। [੭]ਘੋੜੀ। [੮]ਖੋਟੀ ਚਾਲ ਵਾਲੀ। [੯]ਭੇਜੇ। [੧੦]ਘੋੜੀ। [੧੧]ਅਨੁਸਾਰ ਹੋਕੇ। [੧੨]ਸੁਖ ਨਾਲ ਟੁਰਦੀ ਹੈ। [੧੩]ਵਾਯੂ ਦੇ ਵੇਗ ਨੂੰ ਪਿੱਛੇ ਛੱਡ ਗਈ।

*ਪਾ:-ਗਯੋ।

੫੭ ॥ ਪਹੁੰਚੇ ਕੇਤੀ ਦੂਰ, ਟਿਕਾਈ[1]। ਪੁਨ ਨਰ ਗਨ ਕਹੁ ਸੋ ਦ੍ਰਿਸ਼-
ਟਾਈ। ਇਕ ਦਿਸ਼ ਚਰਨ ਕਿਏ ਅਸਵਾਰੀ। ਹੇਰਿ ਹੇਰਿ ਸਭਿ ਬੇਦਨ
ਧਾਰੀ ॥ ੫੮ ॥ ਸਹਿਜ ਸੁਭਾਇਕ ਮਾਰਗ ਸਾਰੇ। ਉਲੰਘਿ ਪਹੁੰਚਿ ਨਿਜ
ਗ੍ਰਾਮ ਮਝਾਰੇ। ਉਤਰ ਪਰੇ ਅਪਨੇ ਘਰ ਰਹੇ। ਦੇਸ਼ ਅਨਿਕ ਮਾਨਤਿ
ਜਿਸ ਅਹੇ ॥੫੯॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਰਾਮਕੁਇਰ'
ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥ ੪ ॥ ੫. [ਗੁਰ ਪ੍ਰਤਾਪ ਸੂਰਜ ਦਾ ਮੁੱਢ ਕਿਵੇਂ ਬੱਝਾ]।
ਦੋਹਰਾ॥ ਰਾਮਕੁਇਰ ਇਸ ਭਾਂਤਿ ਭ੍ਰਾ ਢਿਗ ਦਸਮੇ ਪਾਤਿਸ਼ਾਹ। ਬਹੁਤ
ਬਾਰਤਾ ਤਬਿ ਕਰੀ ਆਗੈ ਸੁਨੀਐ ਤਾਂਹਿ ॥੧॥ਚੌਪਈ॥ ਇਸਕੀ ਕਹੀ
ਕਿਤਿਕ ਗੁਰ ਕਥਾ। ਸਰਬ ਸੁਨਾਵੋਂ ਮਮ ਮਤਿ ਜਥਾ[2]। ਮੰਨੀ ਸਿੰਘ ਭੁਏ
ਬੁਧਿਵਾਨ। ਤਿਨਹੁ ਬ੍ਰਿਤੰਤ ਜੁ ਕੀਨਿ ਬਖਾਨ॥੨॥ ਇਸ ਸ਼ੁਭ ਗ੍ਰੰਥ ਬਿਖੈ
ਮੈ ਕਹੌਂ। ਸ਼੍ਰੀ ਗੁਰ ਸੁਜਸੁ ਜਹਾਂ ਤੇ ਲਹੌਂ। ਤਹਿਂ ਤੇ ਕਰੋਂ ਬਟੋਰਨ[3] ਸਾਰੇ।
ਕਿਤਿਕ ਸੁਨੀ ਸਿੱਖਨ ਮੁਖ ਦ੍ਵਾਰੇ॥੩॥ ਸੋ ਸਭਿ ਇਸ ਮੈ ਲਿਖੋਂ ਬਨਾਈ।
ਛੰਦ ਬੰਦ ਕਰਿ ਸੁੰਦਰਤਾਈ। ਕਿਤ ਕਿਤ ਅਪਰ[4] ਥਾਨ ਗੁਰ ਕਥਾ। ਸੋ
ਮੈਂ ਰਚੋਂ ਦੇਖਿ ਹੌਂ ਜਥਾ॥੪॥ ਸ਼੍ਰੀ ਗੁਰ ਕੋ ਇਤਿਹਾਸ ਜਗਤ ਮਹਿਂ। ਰਲ
ਮਿਲਿ ਰਹਯੋ ਇਕ ਥਲ[5] ਸਭਿ ਨਹਿਂ। ਜਿਮ ਸਿਕਤਾ[6] ਮਹਿਂ ਕੰਚਨ[7]
ਮਿਲੈ। ਬੀਨ[8] ਛਾਂਵਲਾ[9] ਲੇ ਛਿਹ ਭਲੈ ॥੫॥ ਤਥਾ ਜਗਤ ਤੇ ਮੈਂ ਚੁਨਿ
ਲੇਊਂ। ਕਥਾ ਸਮਸਤ[10] ਸੁ ਲਿਖ ਕਰਿ ਦੇਊਂ। ਬਾਨੀ ਸਫਲ ਕਰਨ ਕੇ
ਕਾਰਨ। ਕਰਿ ਹੌਂ ਸਤਿਗੁਰ ਸੁਜਸ ਉਚਾਰਨਿ ॥੬॥ ਜਿਮ ਦਧਿ[11] ਬਿਖੈ
ਘ੍ਰਿਤ ਮਿਲ ਰਹੈ। ਕਰਹਿ ਮਥਨ[12] ਨੀਕੇ ਸੁਭ ਲਹੈ। ਤਿਮ ਜਗ ਮਹਿਂ
ਕਰ ਬਾਦ ਬਿਬਾਦੂ[13]। ਗੁਰ ਜਸੁ ਸੰਚੌਂ[14] ਦੇ ਅਹਿਲਾਦੂ[15] ॥ ੭ ॥ ਜਥਾ
ਉਦਧਿ ਮਥਿ[16] ਰਤਨ ਨਿਕਾਸੇ। ਵਹਿਰ ਭਏ ਜਗ ਮਹਿਦ ਪ੍ਰਕਾਸ਼ੇ।
ਤਿਮਿ ਸਤਿਗੁਰ ਕੋ ਸੁਜਸੁ ਨਿਕਾਸ਼ੌਂ। ਸਭਿ ਤੇ ਸੁਨਿ ਇਕ ਥਾਨ ਪ੍ਰਕਾਸ਼ੌਂ
॥ ੮ ॥ ਪੂਰਬ ਮੈਂ ਸ਼੍ਰੀ ਨਾਨਕ ਕਥਾ। ਛੰਦਨ ਬਿਖੈ ਰਚੀ ਮਤਿ ਜਥਾ*।
ਰਹਯੋ ਚਾਹਿਤੋਂ†ਗੁਰਨਿ[17] ਬ੍ਰਿਤਾਂਤ। ਨਹਿਂ ਪਾਯੋ ਤਿਸਤੇ ਪਸ਼ਚਾਤ ॥੯॥

[1](ਘੋੜੀ) ਖੜੀ ਕੀਤੀ। [2]ਜੈਸੀ ਹੈ। [3]ਇਕੱਠੂ। [4]ਹੋਰ। [5]ਇਕ ਥਾਂ। [6]ਰੇਤਾ। [7]ਸੋਨਾ। [8]ਚੁਣ। [9]ਨਿਆਰੀਆ। [10]ਸਾਰੀ। [11]ਦਹੀਂ। [12]ਰਿੜਕਣ ਨਾਲ। [13]ਬਾਦ, ਵਾਦ=ਗੁਰਜਸ ਦਾ ਵਿਸਤਾਰ ਸਹਿਤ ਵਰਣਨ, ਤੇ ਵਿਵਾਦ=ਵਿਰੋਧੀ ਪੁਰਖਾਂ ਦੇ ਕਥਨ ਦਾ ਯੁਕਤੀ ਸਹਿਤ ਖੰਡਨ। [14]ਕੱਠਾ ਕਰਾਂਗਾ। [15]ਪ੍ਰਸੰਨਤਾ ਦੇ ਦੇਣ ਵਾਲਾ (ਗੁਰੂ ਜਸ)। [16]ਸਮੁੰਦਰ ਰਿੜਕ ਕੇ। [17]ਭਾਵ ਬਾਕੀ ਨਵਾਂ ਗੁਰਾਂ ਦਾ। *ਸ੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਮੁਰਾਦ ਹੈ।

ਪਰਾਲਬਧ ਕਰਿ ਕਿਤਿ ਕਿਤਿ ਰਹੇ। ਚਿਤ ਮਹਿਂ ਗੁਰ ਜਸੁ ਰਚਿਬੋ ਚਹੇ†। ਕਰਮ ਕਾਲ[੨] ਤੇ ਕੈਂਥਲ ਆਏ। ਥਿਤ ਹੁਇ ਜਪੁਜੀ ਅਰਥ ਬਨਾਏ॥ ੧੦॥ ਪੁਨਿ ਸਿੰਜੋਗ ਹੋਇ ਅਸ ਗਯੋ। ਰਾਮ ਚਰਿਤ ਕੋ ਮਨ ਹੁਲਸਯੋ। ਬਾਲਮੀਕ ਕ੍ਰਿਤ ਕਥਾ ਸੁਨੀ ਜਬਿ। ਛੰਦਨਿ ਬਿਖੇ ਰਚੀ ਤਬ ਹਮ ਸਬਿ॥ ੧੧॥ ਰਾਮ ਕਥਾ ਪਾਵਨ ਬਿਸਤਾਰੀ[੩]। ਸੁਨਿ ਸਭਿ ਨੀਕੀ ਰੀਤਿ ਉਤਾਰੀ‡। ਸੁੰਦਰ ਬਨਯੋ ਰਮਾਇਨ ਮਹਾਂ। ਤਤਛਿਨ ਲਿਖਿ ਲੀਨਸਿ ਜਹਿਂ ਕਹਾਂ§॥੧੨॥ ਪੁਨ ਬਿਦਾਂਤ ਕੋ ਗ੍ਰੰਥ ਮਹਾਨ। ਉਪਨਿਸ਼ਧਨਿ ਕੋ ਜਹਿਂ ਬੱਖਯਾਨ। ਆਤਮ ਕੋ ਪੁਰਾਨ ਜਿਸ ਨਾਮੁ[੪]। ਸਕਲ ਬਨਾਯੋ ਸੋ ਅਭਿਰਾਮ॥ ੧੩॥ ਬਹੁਤ ਬਰਖ ਬੀਤੇ ਜਬ ਲਹੇ। ਗੁਰ ਜਸੁ ਰਚਨਿ ਚਾਹਤੇ ਰਹੇ। ਉਰ ਅਭਿਲਾਖਾ ਨਿਤਿ ਕੀ ਮੇਰੀ। ਸਤਿਗੁਰ ਕ੍ਰਿਪਾ ਦ੍ਰਿਸ਼ਟਿ ਕਰਿ ਹੇਰੀ॥੧੪॥ ਭਯੋ ਅਚਾਨਕ ਸੋਚੇ ਆਈ। ਸਰਬ ਗੁਰਨਿ ਕੋ ਜਸੁ ਸਮੁਦਾਈ। ਚਾਹਤਿ ਭਏ ਆਪ ਗੁਰ ਜਬਹੂੰ। ਭਾ ਸੋਚੈ ਦਸ ਗੁਰ ਜਸ ਸਭਿਹੂੰ¶॥੧੫॥ ਹੇਰਿ ਉਮੰਗ ਮੋਹਿ ਮਨ ਆਈ। ਕਰਨ ਲਗਯੋ ਇਹ ਗ੍ਰੰਥ ਸੁਹਾਈ। ਰਾਮਕੁਇਰ ਕੇ ਮੁਖ ਤੇ ਕਥਾ। ਬਰਨੌਂ ਸਭਿ ਮੈਂ ਹੋਈ ਜਥਾ॥ ੧੬॥ ਸ੍ਰੀ ਗੁਰੁ ਗੋਬਿੰਦ ਸਿੰਘ ਕ੍ਰਿਪਾਲਾ। ਗਏ ਦੇਸ਼ ਤ੍ਯਜਿ ਇਹ ਜਿਸ ਕਾਲਾ। ਮਿਲਯੋ ਤਬਹਿ ਬਿਛੁਰਨ ਨਹਿਂ ਚਹਯੋ। 'ਨਿਤਿ ਦਰਸ਼ਨ ਕਰਿਹੌਂ' ਬਚ ਕਹਯੋ॥੧੭॥ ਇਸਕੇ ਮਨਕੀ ਸਤਿਗੁਰ ਜਾਨ। ਕ੍ਰਿਪਾ ਧਾਰਿ ਇਮ ਕੀਨਿ ਬਖਾਨ। 'ਚਢਹੁ ਅਖੇਰ[੫] ਦਰਸ ਤਹਿਂ ਪੈਹੋ। ਅਪਨੀ ਇੱਛਾ ਪੂਰ ਕਰੈਹੋ'॥੧੮॥ ਪੁਨਿ ਘਰ ਗਯੋ ਅਨੰਦ ਮਹਿਂ ਮਗਨ। ਕਲਗ਼ੀਧਰ ਕੀ ਲਾਗੀ ਲਗਨ[੬]। ਸ੍ਰੀ ਸਤਿਗੁਰ ਪਹਿ ਬਿਛੁਰਯੋ ਜਬ ਤੇ। ਚਢਹਿ ਅਖੇਰ[੭] ਨੇਮ ਕਰਿ ਤਬਿ ਤੇ॥ ੧੯॥ ਗਮਨਹਿ ਵਹਿਰ ਜਾਇ ਉਦਿਆਨ। ਦਰਸਹਿ ਸਤਿਗੁਰ ਕ੍ਰਿਪਾ ਨਿਧਾਨ। ਜਾਵਦ[੮] ਨਹਿ ਸਰੀਰ ਕਹੁ ਤ੍ਯਾਗਯੋ। ਤਾਵਦ ਇਸੀ ਨੇਮ ਮਹਿਂ ਲਾਗਯੋ॥ ੨੦॥

---

[੨]ਭਾਵ ਕਰਮ ਤੇ ਸਮੇਂ ਦੀ ਗਤੀ ਨਾਲ। [੩]ਫੈਲਾਈ। [੪]ਜਿਸ ਵਿਚ ਉਪਨਿਖਦਾਂ ਦੀ ਵ੍ਯਾਖ੍ਯਾ ਹੈ ਤੇ 'ਆਤਮ ਪੁਰਾਨ' ਨਾਮ ਹੈ ਜਿਸ ( ਗ੍ਰੰਥ ) ਦਾ। [੫]ਸ਼ਿਕਾਰ ਚੜ੍ਹਿਆ ਕਰੋ। [੬]ਸਿੱਕ। [੭]ਸ਼ਿਕਾਰ ਨੂੰ। [੮]ਜਦ ਤਕ।

†ਪਾ:-ਰਚਯੋ ਚਾਹ ਨੇ। ‡ਪਾ:-ਉਚਾਰੀ। §ਇਸ ਗ੍ਰੰਥ ਦੇ ਉਤਾਰੇ ਬੜੀ ਛੇਤੀ ਹੋਏ, ਚੁਨਾਂਚਿ ੧੮੯੧ ਦੇ ਆਰੰਭ ਵਿਚ ਇਹ ਗ੍ਰੰਥ ਮੁੱਕਾ ਸੀ, ਤੇ ੧੦ ਵੈਸਾਖ ੧੮੯੨ ਨੂੰ ਮੁੱਕਾ ਇਕ ਉਤਾਰਾ ਸਾਡੇ ਦੇਖਣ ਵਿਚ ਆਇਆ ਹੈ। ¶ਵਿਸਥਾਰ ਪ੍ਰਸਤਾਵਨਾ ਵਿਚ ਹੈ।

ਵਹਿਰ ਅਖੇਰਬ੍ਰਿਤਿ ਕੋ ਜਾਵੈ[੧]। ਕਲਗ਼ੀਧਰ ਕੋ ਦਰਸ਼ਨ ਪਾਵੈ। ਅਵ-
ਚਲ ਨਗਰ* ਗਏ ਗੁਰ ਜਬੈ । ਸੱਚਖੰਡ ਪ੍ਰਾਪਤਿ ਭੇ ਤਬੈ ॥ ੨੧ ॥
ਮੱਦ੍ਰ ਦੇਸ਼[੨] ਮਹਿੰ ਤਿਨ ਤੇ ਪਾਛੈ। ਰਹੇ ਜੁ ਸਿੰਘ ਰਹਿਤ ਮਹਿੰ ਆਛੈ[੩]। ਸੋ
ਇਨ ਕੇ ਦਰਸ਼ਨ ਕਹੁ ਗਏ। ਹਾਥ ਜੋਰਿ ਕਰਿ ਬੰਦਤਿ ਭਏ॥ ੨੨ ॥
ਰਹੇ ਨਿਕਟਿ ਗੁਰ ਸੁਜਸੁ ਉਚਾਰਤਿ।ਉਰ ਮਹਿੰ ਪਰਮ ਪ੍ਰੇਮ ਕਹੁ ਧਾਰਤਿ।
'ਦੇਖਹੁ ਕਹਾਂ ਚਲਿਤ ਕਰਿ ਗਏ[੪] । ਰਣ ਮਹਾਨ ਘਮਸਾਨਨ[੫] ਕਏ
॥੨੩॥ਲਾਖਹੁੰ ਸ਼ੱਤ੍ਰਨ ਕਉ ਸੰਘਰਿਕੈ[੬]। ਪੰਥ ਖਾਲਸਾ ਉਤਪਤਿ ਕਰਿ ਕੈ।
ਹਤਿ ਭੇ ਚਾਰਿਹੁੰ ਸਾਹਿਬਜ਼ਾਦੇ। ਤਊ ਜੁੱਧ ਮਾਂਹਿ ਬਹੁ ਅਹਿਲਾਦੇ[੭] ॥
੨੪ ॥ ਲੇਸ਼ ਮਾਤ੍ਰ ਜਿਨਿ ਮੋਹ ਨ ਹੋਯੋ। ਮਹਾਂ ਬੀਰ ਸ਼ੱਤ੍ਰਨ ਘਰ ਖੋਯੋ।
ਜਨੌਂ ਚਿਤ ਚਹਤਿ ਕਰਤਿ ਤਤਕਾਲਾ ।ਤਊ ਚਲੇ ਜਿਮ ਨਰ ਗਨ
ਚਾਲਾ ॥ ੨੫ ॥ ਜਿਨ† ਮਹਿੰ[੮] ਅਤਿ ਉਤਸਾਹਿ ਥਿਰਯੋ ਹੈ। ਆਗੇ
ਅਸ ਕਿਨਹੂੰ ਨ ਕਰਯੋ ਹੈ। ਅਧਿਪਤਿ[੯] ਅਧਿਕ[੧੦] ਨੁਰੰਗਾ ਭਯੋ। ਸਭਿ
ਦੇਸ਼ਨਿ ਕਹੁ ਰਾਜਾ ਥਯੋ ॥ ੨੬ ॥ ਦ੍ਵੈ ਬਿੰਸਤ ਲਛ‡ ਸੈਨਾ[੧੧] ਸੰਗ ।
ਦਸ ਹਜ਼ਾਰ ਤੋਪੈਂ ਗੜ੍ਹਭੰਗ[੧੨]। ਅਰੁ ਪੰਚਾਸ ਹਜ਼ਾਰ ਜਮੂਰੇ[੧੩] । ਅਰਨੌਨ
ਕੋ ਕੀਨਸਿ ਸਭਿ ਚੂਰੇ ॥ ੨੭ ॥ ਅਪਰ[੧੪] ਸੈਨ ਜੋ ਰਾਜਨ ਕੇਰੀ। ਗਨੈ
ਕੌਨ ਸੰਗ ਚਲਹਿ ਘਨੇਰੀ। ਜਿਸਕੋ ਤੇਜ ਸਹੈ ਨਹਿੰ ਕੋਊ। ਸਕਲ ਮਿਲੈਂ
ਬੰਦੈਂ ਕਰ ਦੋਊ ॥ ੨੮ ॥ ਤਿਹ ਸੋਂ[੧੫] ਅਰਿਕੈ ਕਰਨ ਲਰਾਈ । ਸਿੰਘ
ਅਲਪ[੧੬] ਲੇ ਸੰਗ ਸਹਾਈ। ਗੁਰ ਬਿਨ ਸਮਰਥ ਅਪਰ ਨ ਲਹੀਏ। ਤਿਸ
ਕਲਗ਼ੀਧਰ ਕੇ ਗੁਨ ਕਹੀਏ ॥ ੨੯ ॥ ਅਸ ਤੁਰਕਨ ਕੀ ਜਰਾਂ ਉਖਾਰੀ।

---

[੧]ਸ਼ਿਕਾਰ ਕਰਨ ਨੂੰ ਜਾਵੇ। [੨]ਪੰਜਾਬ। (ਅ) ਪੁਰਾਣਾਂ ਮੂਜਬ ਰਾਵੀ ਤੇ ਜੇਹਲਮ ਦੇ ਵਿਚਕਾਰਲਾ ਦੇਸ਼। [੩]ਚੰਗੇ। [੪]ਭਾਵ ਦਸਮੇਂ ਗੁਰੂ ਜੀ। [੫]ਜੁੱਧ। [੬]ਮਾਰ ਕੇ। [੭]ਪ੍ਰਸੰਨ ਰਹੇ। [੮]ਭਾਵ ਗੁਰਾਂ ਵਿਚ। [੯]ਪਾਤਸ਼ਾਹ। [੧੦]ਬੜਾ। [੧੧]ਬਾਈ ਲਖ ਫੌਜ। [੧੨]ਕਿਲ੍ਹੇ ਤੋੜਨ ਵਾਲੀਆਂ। [੧੩]ਛੋਟੀ ਤੋਪ। [੧੪]ਹੋਰ। [੧੫]ਭਾਵ ਐਸੇ ਬਲਵਾਨ ਪਾਤਸ਼ਾਹ ਨਾਲ। [੧੬]ਥੋੜੇ ਜਿੰਨੇ।

*ਇਹ ਗੁਰੂ ਦਸਮੇਂ ਪਾਤਸ਼ਾਹ ਦੀ ਦਾ ਦੇਹੁਰਾ ਤੇ ਸਿੱਖਾਂ ਦਾ ਨਿਵਾਸ ਸਥਾਨ ਹੈ, ਦੱਖਣ ਦੇਸ਼ ਰਿਆਸਤ ਨਿਜ਼ਾਮ ਵਿਚ ਨਾਂਦੇੜ ਸ਼ਹਿਰ ਦੇ ਲਾਗੇ ਹੈ। †ਪਾਃ—ਰਨ।

‡ਇਹ ਉਸ ਦੀ ਸੈਨਾਂ ਦੀ ਗਿਣਤੀ ਸਿੰਘਾਂ ਨੇ ਉਸ ਵੇਲੇ ਦੀ ਲੋਕ ਪ੍ਰਸਿਧ ਗਿਣਤੀ ਕਹੀ ਹੈ, ਛਾਵਣੀਆਂ ਵਿਚ ਰਹਿਣ ਵਾਲੀ ਬੀ, ਘੋੜ ਚੜ੍ਹੇ, ਹਾਥੀ ਸਵਾਰ, ਤੋਪਖਾਨੇ ਵਾਲੇ ਬੀ ਤੇ ਜੋ ਅੱਗੇ ਪਿਛੇ ਘਰੀਂ ਵਸਦੇ ਸਨ, ਪਰ ਜੰਗ ਵੇਲੇ ਸੱਦੇ ਤੇ ਆ ਸ਼ਾਮਲ ਹੁੰਦੇ ਸਨ ਓਹ ਸਾਰੇ। ਉਸ ਸਮੇਂ ਹਥਿਆਰ ਹਰ ਕੋਈ ਰੱਖ ਸਕਦਾ ਸੀ, ਜਿਸ ਕਰਕੇ ਹਥਿਆਰ ਵਰਤਣਾ ਬੇ-ਗਿਣਤ ਲੋਕ ਜਾਣਦੇ ਸਨ, ਤੇ ਪਾਤਸ਼ਾਹੀ ਹੋਕਰੇ ਤੇ ਅਣੇਕਾਂ ਆ ਆ ਕਠੇ ਹੋ ਜਾਂਦੇ ਸਨ।

ਕੀਨ ਰਾਜ ਬਹੁ ਪੁਸ਼ਤਨਿ[1] ਭਾਰੀ। ਦੀਰਘ[2] ਦੁਰਗ[3] ਮਵਾਸ[4] ਬਡੇਰੇ। ਹੋਇ ਛਾਰ ਸੋ ਪਰਹਿਂ ਨ ਹੇਰੇ ॥ ੩੦ ॥ ਭਾਈ ਰਾਮਕੁਇਰ ਤੁਮ ਲਹੋ। ਸਰਬ ਰੀਤਿ ਸੋਂ ਸਮਰਥ ਅਹੋ। ਕਰਹੁ ਲਿਖਾਵਨਿ ਗੁਰ ਕੀ ਕਥਾ। ਪੋਥੀ ਸੁਨੀ ਸੁਨਾਵਹੁ ਤਥਾ* ॥੩੧॥ ਪ੍ਰਥਮੈ ਅਸ਼ਟ ਗੁਰਨ ਕੀ ਕਥਾ। ਕਰਹੁ ਸੁਨਾਵਨਿ ਭੇ ਜਗ ਜਥਾ। ਜਿਮਿ ਚਰਿੱਤ੍ਰ[5] ਬਰ ਅਨਿਕ ਪ੍ਰਕਾਰੇ। ਕਰਿ ਨਰ ਸਿੱਖ੍ਯ ਸਮੂਹ ਉਧਾਰੇ ॥ ੩੨ ॥ ਪਾਛੇ ਸੰਗਤਿ ਸਿੱਖ ਸਮਾਜੂ[6]। ਪੰਥ ਖਾਲਸਾ ਸਿੰਘਨ ਰਾਜੂ। ਪਠਿਬੇ ਤੇ ਗੁਰ ਕੋ ਜਸੁ ਜਾਨੈਂ। ਸੁਮਤਿਵੰਤ ਬਹੁ ਭਾਂਤ ਬਖਾਨੈਂ ॥੩੩॥ ਹੁਇ ਗੁਰ ਸਿੱਖਨ ਕੀ ਕੱਲ੍ਯਾਨ। ਅਪਰ ਧਰਹਿਂ ਸ਼ਰਧਾ ਸੁਨਿ ਕਾਨ। ਸਭਿਹਿਨਿ ਪਰ ਤੁਮਰੋ ਉਪਕਾਰ। ਸੁਨਿ ਸੁਨਿ ਲੈਂ ਗੁਰਮਤਿ ਕੋ ਧਾਰ' ॥੩੪॥ ਸਭਿ ਸਿੰਘਨ ਕੀ ਬਿਨਤੀ ਸੁਨਿਕੈ। ਭਾਈ ਰਾਮਕੁਇਰ ਸ਼ੁਭ ਗੁਨਿਕੈ। ਸਾਹਿਬ ਸਿੰਘ ਲਿਖਾਰੀ ਲਾਇਵ। ਸਭਿ ਸਤਿ-ਗੁਰ ਕੀ ਕਥਾ ਲਿਖਾਇਵ† ॥੩੫॥ ਅਪਰ ਸਿੰਘ ਸੁਨਿਬੇ ਗਨ ਲਾਗੇ।

[1]ਪੀੜ੍ਹੀਆਂ ਤਕ। [2]ਵਡੇ। [3]ਕਿਲੇ। [4]ਰੱਖ੍ਯਾ ਦੇ ਥਾਉਂ (ਅ) ਆਕੀ। [5]ਭਾਵ ਦਸਮ ਗੁਰੂ ਜੀ ਦੇ ਸ੍ਰੇਸ਼ਟ ਚਰਿੱਤ੍ਰ ਕਹੋ, ਕਿਉਂਕਿ ਰਾਸ ੧, ਅੰਸੂ ੮, ਛੰਦ ੩੯ ਵਿਚ 'ਨੌ ਗੁਰ ਕੀ ਸਭਿ ਕਥਾ ਬਖਾਨੋ' ਕਿਹਾ ਹੈ। [6]ਸਾਰੇ। *ਪਾ:—ਗੁਪਤ ਪ੍ਰਗਟ ਜੇਤਿਕ ਹੈ ਜਥਾ।

†ਇਹ ਪੋਥੀ ਜੋ ਭਾਈ ਗੁਰਬਖਸ਼ ਸਿੰਘ (ਰਾਮਕੌਰ) ਜੀ ਨੇ ਰਚੀ ਤੇ ਸਾਹਿਬ ਸਿੰਘ ਜੀ ਨੇ ਲਿਖੀ ਰਮਦਾਸ ਦੇ ਖਾਨਦਾਨ ਵਿਚ ਰਹੀ। ਜਦੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਿਆ ਜਾਣ ਲੱਗਾ ਤਦ ਕੈਂਥਲ ਦੇ ਰਾਜਾ ਉਦਯ ਸਿੰਘ ਜੀ ਨੇ ਮਹਾਰਾਜਾ ਪਟਿਆਲਾ ਦੀ ਰਾਹੀਂ ਏਹ ਪੋਥੀ ਰਮਦਾਸ ਤੋਂ ਮੰਗਵਾਈ। ਪਟਿਆਲੇ ਤੇ ਰਮਦਾਸ ਦੇ ਖਾਨਦਾਨਾਂ ਦੀ ਰਿਸ਼ਤੇਬੰਦੀ ਸੀ। ਮਹਾਰਾਜਾ ਆਲਾ ਸਿੰਘ ਜੀ ਦੀ ਪੁੱਤ੍ਰੀ ਬੀਬੀ ਪਰਧਾਨ, ਜੋ ਵਿੱਦਯਾ ਦੀ ਬੜੀ ਕਦਰਦਾਨ ਤੇ ਸਾਧੂ ਬ੍ਰਿਤੀ ਵਾਲੀ ਸੀ, ਭਾਈ ਰਾਮਕੌਰ ਜੀ ਦੇ ਸਪੁੱਤ੍ਰ ਭਾਈ ਮੋਹਰਸਿੰਘਜੀ ਨਾਲ ਵਿਆਹੀ ਹੋਈ ਸੀ। ਭਾਈ ਸੰਤੋਖ ਸਿੰਘ ਜੀ ਨੂੰ ਗੁਰੂ ਇਤਿਹਾਸ ਦਾ ਪਹਿਲਾ ਖਜ਼ਾਨਾ (ਜੋ ਇਕ ਖ਼ਾਕੇ ਵਾਂਞੂ ਜਾਪਦਾ ਹੈ ਕਿ ਹੋਸੀ) ਰਮਦਾਸ ਤੋਂ ਲੱਭਾ ਸੀ, ਇਸੇ ਕਰਕੇ ਸੂਰਜ ਪ੍ਰਕਾਸ਼ ਦੀ ਕਥਾ ਆਪ ਨੇ ਉਹਨਾਂ ਦੇ ਮੁਖਾਰਬਿੰਦ ਤੋਂ ਲਿਖੀ ਹੈ। ਇਹ ਪੋਥੀ ਮੁੜਕੇ ਰਮਦਾਸ ਨਹੀਂ ਗਈ। ਜਦੋਂ ਕੈਂਥਲ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਕੀਤਾ ਗਿਆ ਹੈ ਤਾਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਉਥੇ ਲੁੱਟ ਪਈ ਸੀ। ਸ਼ੱਕ ਹੁੰਦਾ ਹੈ ਕਿ ਮਹਾਰਾਜਾ ਉਦਯ ਸਿੰਘ ਦੇ ਮਹਿਲਾਂ ਦੀ ਲੁੱਟ ਵਿਚ ਏਹ ਸਾਮਾਨ ਪੁਸਤਕਾਲਯ ਵਿਚੋਂ ਤਬਾਹ ਹੋਏ ਹਨ। ਸ਼੍ਰੋਤ ਪੈਂਦੀ ਹੈ ਕਿ ਉਤਾਰਾ ਕਿਤੇ ਹੈ, ਪਰ ਖੋਜ ਕਰਦਿਆਂ ਅਜੇ ਸਾਨੂੰ ਨਹੀਂ ਲੱਭਾ। ਪਰ ਸਾਰੇ ਦਸ ਗੁਰਾਂ ਦੇ ਇਤਿਹਾਸ ਇਸ ਵਿਚ ਬੀ ਨਹੀਂ ਹੋਣੇ ਕਿਉਂਕਿ ਕਵਿ ਜੀ ਕਹਿੰਦੇ ਹਨ ਕਿ ਕਿਸੇ ਇਕ ਥਾਵੇਂ ਸਾਰੇ ਹਾਲਾਤ ਨਹੀਂ ਮਿਲਦੇ; ਯਥਾ:—ਸ਼੍ਰੀ ਗੁਰ ਕੇ ਇਤਿਹਾਸ ਜਗਤ ਮਹਿਂ। ਰਲ ਮਿਲ ਰਹਯੋ ਏਕ ਥਲ ਸਭ ਨਾਂਹਿ।

([illegible] ਅੰਸੂ ਦਾ ਅੰਕ ੫)

ਸ੍ਰੀ ਗੁਰ ਕੇ ਗੁਣ ਸੋਂ ਅਨੁਰਾਗੇ[1]। ਜੁਗ ਲੋਕਨ ਮਹਿਂ ਦੇ ਕੱਲਯਾਨ। ਮਹਾਂ ਮਹਾਤਮ ਸੁਨਿਬੇ ਕਾਨ ॥ ੩੬ ॥ ਸੁਤ ਬਿਤ ਆਦਿਕ ਕੀ ਸੁਖਦਾਤਾ। ਕਸ਼ਟ ਕਾਟਿਬੇ ਦੇ ਬ੍ਰਹਮਗਯਾਤਾ। ਉਰ ਸ਼ਰਧਾ ਧਰਿ ਸੁਨੈ ਸੁਨਾਵੈ[2]। ਗੁਰ ਸਹਾਇ ਤੇ ਮੁਕਤੀ ਪਾਵੈ ॥ ੩੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਕਥਾ ਹੋਣ ਪ੍ਰਸੰਗ ਬਰਨਨੰ' ਨਾਮ ਪੰਚਮੋ ਅੰਸੂ॥ ੫ ॥

## ੬. [ਬਾਬਾ ਸ੍ਰੀ ਚੰਦ, ਲਖਮੀ ਚੰਦ, ਵੇਦੀ ਵੰਸ, ਤੇ ਉਦਾਸੀਆਂ ਦਾ ਪ੍ਰਸੰਗ]

ਦੋਹਰਾ ॥ ਸੁਨਿਕੈ ਸਿੰਘਨਿ ਸਭਿਨਿ ਤੇ ਪਰਉਪਕਾਰ ਬਿਸਾਲ। ਨੌਂ ਸਤਿਗੁਰੁ ਇਤਿਹਾਸ ਜਸ ਉਰ ਬਿਚਾਰ ਤਿਸ ਕਾਲ ॥ ੧ ॥ ਚੌਪਈ ॥ ਭਾਈ ਰਾਮਕੁਇਰ ਸਵਧਾਨ। ਕਹਿਨਿ ਲਗੇ ਗੁਰ ਕਥਾ ਮਹਾਨ। ਜਿਸਕੇ ਪਠਤਿ ਸੁਨਤਿ ਮਨ ਪਾਵਨ। ਚਾਰ ਪਦਾਰਥ ਦੈ ਮਨ ਭਾਵਨ[3]* ॥ ੨ ॥ ਅਪਰ ਮਹਾਤਮ ਕਹਾਂ ਸੁ ਕਹੀਏ। ਉੱਤਮ ਸਿੱਖੀ ਕਹੁ ਪਦ ਲਹੀਏ। ਸ੍ਰੋਤਾ ਹੋਤਿ ਭਏ ਸਵਧਾਨ। ਸ੍ਰਵਨ ਕਰਨ ਲਾਗੇ ਰੁਚਿ ਠਾਨਿ[4] ॥੩॥ ਭਾਈ ਰਾਮ ਕੁਇਰੋ ਵਾਚ ॥ ਚੌਪਈ ॥ ਪ੍ਰਥਮ ਚਰਨ ਕਲਿ[5] ਕਾਲ ਬਿਸਾਲਾ। ਜਹਿਂ ਤਹਿਂ ਲਾਗੇ ਕਰਨਿ ਕੁਚਾਲਾ। ਮਤ ਬਿਸਤਰੇ[6] ਅਨੇਕ ਕੁਚਾਲੇ। ਨਹਿਂ ਸਿਮਰਹਿਂ ਸਤਿਨਾਮ ਸੁਖਾਲੇ ॥ ੪ ॥ ਕੇਤਿਕ ਮਤ[7] ਗਿਨੀਏ ਜਗ ਭਏ। ਤਨਕ[8] ਸਿੱਧਿ[9] ਲਹਿ ਪੰਥ ਚਲਏ। ਪਰਮੇਸੁਰ ਕੋ ਨਹਿਂ ਪਹਿਚਾਨੈ। ਅਪਰ ਬਿਧਿਨਿ ਉਪਦੇਸ਼ ਬਖਾਨੈ ॥ ੫॥–ਪੂਰਬ[10] ਜੁਗਨ ਬਿਖੈ ਤਪ ਜੱਗਯ। ਕਰਿ ਕਰਿ ਸਾਧਨ ਭਏ ਤਤੱਗਯ[11]। ਕਲਿ ਮਹਿਂ ਸ਼ਕਤਿ ਹੀਨ ਨਰ ਰਹੇ। ਕਿਸ ਪ੍ਰਕਾਰ ਮੁਕਤੀ ਕਹੁ ਲਹੇਂ–॥ ੬ ॥ ਕਰਤਾ ਪੁਰਖ ਬਿਚਾਰਨ ਕੀਨ। ਜਾਨੇ–ਕਲਿ ਮਹਿਂ ਜੀਵ ਜਿ ਦੀਨ[12]। ਸੱਤਿਨਾਮ ਸਿਮਰਹਿਂ ਸੁਖ ਹੋਇ। ਇਸ ਬਿਨ ਆਨ ਉਪਾਇ ਨ ਕੋਇ ॥ ੭ ॥ ਆਪ ਜਾਇ ਕਰ ਸੁਮਤਿ ਬਤਾਵੌਂ। ਪਰੇ ਕੁਮਗ[13] ਤੇ ਸੁਮਗ ਚਲਾਵੌਂ। ਮੋ ਬਿਨ ਸਰੈ ਕਾਰ ਇਹੁ ਨਾਂਹੀ–। ਯਾਂਤੇ ਨਰ ਤਨ ਧਰਿ ਜਗ ਮਾਂਹੀ। ॥ ੮ ॥ ਘਰ ਕਾਲੂ ਕੇ ਜਨਮੇ ਆਈ। ਜਨਨੀ ਤ੍ਰਿਪਤਾ ਪਿਖਿ ਹਰਖਾਈ। ਅਲਪ ਬੈਸ ਮਹਿਂ ਸੁੰਦਰ ਬੇਸ[14]। ਜਹਿਂ ਕਹਿਂ ਦੇਤਿ ਭਏ ਉਪਦੇਸ਼।

[1]ਗੁਣਾਂ ਵਿਚ ਪ੍ਰੇਮੀ ਹੋਏ। [2](ਜੋ ਕੋਈ) ਸੁਣੇ ਸੁਣਾਵੇ। [3]ਮਨ ਦੀ ਕਾਮਨਾ ਦੇਣ ਵਾਲੀ। [4]ਪ੍ਰੀਤ ਧਾਰ ਕੇ। [5]ਕਲਿਜੁਗ। [6]ਫੈਲ ਗਏ। [7]ਮਜ਼ਹਬ। [8]ਥੋੜੀ। [9]ਸਿੱਧੀ। [10]ਪਹਿਲੇ। [11]ਬ੍ਰਹਮ ਗਿਆਨੀ। [12]ਦੁਖੀ। [13]ਬੁਰੇ ਰਾਹ। [14]ਸੁਹਣਾ ਰੂਪ। *ਪਾ:–ਕਰਿ ਹੈ ਪਾਵਨ।

੯ ॥ 'ਸੱਤਿਨਾਮ ਕੋ ਸਿਮਰਨ ਕਰਨੋ। ਸਨੈ ਸਨੈ ਤਨ ਅਹੀਂ[1] ਬਿਸਰਨੋ।
ਭਾਣਾ ਪਰਮੇਸ਼ੁਰ ਕਹੁ ਜੈਸੇ। ਹੁਇ ਪ੍ਰਸੰਨ ਅਨੁਸਾਰੀ ਤੈਸੇ' ॥ ੧੦ ॥
ਇਸ ਪ੍ਰਕਾਰ ਕੋ ਦੇ ਉਪਦੇਸ਼। ਅਨਿਕ ਨਰਨਿ ਕੇ ਕਟੇ ਕਲੇਸ਼।ਮੂਲੇ ਕੀ
ਤਨੁਜਾ ਬਡਭਾਗਨਿ। ਸ੍ਰੀ ਗੁਰ ਮਹਿਲਾ[2] ਮਹਾਂ ਸੁਹਾਗਨਿ[3] ॥ ੧੧ ॥
ਤਿਸ ਤੇ ਪੁੱਤ੍ਰ ਭਏ ਜੁਗ[4] ਧੀਰ। ਬ੍ਰਹਮਗਯਾਨ ਮਹਿਂ ਅਚਲ ਗੰਭੀਰ।
ਜੇਠੋ[5] ਭਾ ਸ੍ਰੀ ਚੰਦ ਉਦਾਰਾ। ਨਹਿਂ ਗ੍ਰਿਹਸਤ ਮਗ[6] ਅੰਗੀਕਾਰਾ ॥੧੨
॥ ਰਹੈ ਬ੍ਰਿਤੀ ਨਿਤ ਜੋਗ ਅਰੂੜਾ। ਇਕ ਰਸ ਮੈਂ ਆਸ਼ੈ ਜਿਸ ਗੂੜ੍ਹਾ।
ਜਿਨਕੋ ਛੁਯੋ ਬਿਕਾਰ ਨ ਕੋਇ। ਜਤੀ ਪੁਰਸ਼ ਭੀਸ਼ਮ ਸਮ[7] ਸੋਇ ॥
੧੩ ॥ ਲਖਮੀਦਾਸ ਅਨੁਜ[8] ਤਿਨ ਭਯੋ। ਮਗ ਗ੍ਰਿਹਸਤ ਜਿਨ ਧਾਰਨਿ
ਕਯੋ। ਗਯਾਨ ਬਿਖੈ ਜੁਗ[9] ਭ੍ਰਾਤ ਸਮਾਨ। ਸ੍ਰੀ ਨਾਨਕ ਕੇ ਪੁਤ੍ਰ ਸੁਜਾਨ ॥
੧੪ ॥ ਧਰਮ ਚੰਦ ਪੋਤ੍ਰਾ ਪੁਨ ਭਯੋ। ਜਿਸਤੇ ਬੰਸ਼ ਬੇਦੀਯਨ ਬਯੋ।
ਇਕ ਦਿਨ ਕਰਿ ਅਖੇਰ ਕਹੁ[10] ਆਏ[11]। ਸ਼ਸ਼ਿ[12] ਹਤਿ[13] ਅਸੁ[14] ਦੁਹ-
ਦਿਸ਼ਿ ਲਰਕਾਏ[15] ॥੧੫॥ ਸਿਰੀਚੰਦ ਨੇ ਅਨੁਜ[8] ਨਿਹਾਰਾ। ਕ੍ਰਿਪਾ ਜੁਗਤ
ਹੁਇ ਬਾਕ ਉਚਾਰਾ। 'ਦਿਨ ਪ੍ਰਤਿ ਅਨਿਕ ਜੀਵ ਕਹੁ ਘਾਵੈਂ[16]। ਇਹ
ਲੇਖਾ ਦੇਨੋ ਬਨਿ ਆਵੈ' ॥ ੧੬ ॥ ਕਹਜੋ ਭ੍ਰਾਤ ਕੋ ਨਹੀਂ ਸਹਾਰਾ। ਗਯੋ
ਸਦਨ ਮੈਂ ਕੀਨਸਿ ਤਯਾਰਾ। ਅਪਨ ਭਾਰਜਾ ਲੇ ਸੁਤ ਸੰਗ। ਧਾਰਿ
ਸ਼ੀਘ੍ਰਤਾ ਚਢਜੋ ਤੁਰੰਗ ॥੧੭॥ ਆਇ ਭ੍ਰਾਤ ਸੋਂ ਭਨਜੋ ਜਨਾਇ। 'ਲੇਖਾ
ਦੇਨਿ ਅਬਹਿ ਹਮ ਜਾਇ'। ਸੁਨਤਿ ਸਿਰੀ ਚੰਦ ਰਿਦੈ ਬਿਚਾਰਾ। ਧਰਮ-
ਚੰਦ ਕੋ ਪਕਰਿ ਉਤਾਰਾ ॥੧੮॥–ਹਮ ਤੇ ਨਹਿਂ ਗ੍ਰਿਹਸਤ ਕੋ ਕਰਿਹੀਂ।
ਰਹੈ ਬੰਸ ਇਸ ਤੇ ਜਗ ਬਿਰਿਹੀ–। ਸਹਤ ਭਾਰਜਾ ਗਯੋ, ਨ ਆਯੋ।
ਅਵਲੋਕਤਿ ਨਰ ਗਨ ਬਿਸਮਾਯੋ ॥੧੯॥ ਧਰਮਚੰਦ ਤੇ ਚਾਲਜੋ ਬੰਸ।
ਸਭਿ ਬੇਦੀ ਊਜਲ ਜਿਮ ਹੰਸ।ਸਿਰੀਚੰਦ ਬਯ ਭਈ ਬਿਸਾਲਾ। ਜਗ ਮਹਿਂ
ਦੇਹਿ ਧਰੀ ਚਿਰਕਾਲਾ ॥੨੦॥ਸਦਾ ਜੋਗ ਰਸ ਭੋਗਨਿ ਕਰਤੇ। ਜਗਤ
ਬਾਸ਼ਨਾ ਨਹਿਂ ਮਨ ਬਰਤੇ। ਜਹਾਂਗੀਰ ਜਬ ਭਾ ਤੁਰਕੇਸ਼[17]। ਸੁਨਿਕੈ

---

[1]ਹੰਕਾਰ। [2]ਇਸਤਰੀ। [3]ਸ੍ਰੇਸ਼ਟ ਸੁਹਾਗ ਵਤੀ। [4]ਦੋ। [5]ਬੜਾ। [6]ਗ੍ਰਿਹਸਤ ਮਾਰਗ। [7]ਭੀਖਮ ਵਾਂਙੂ। [8]ਛੋਟਾ ਭਿਰਾ। [9]ਦੋਵੇਂ। [10]ਸ਼ਿਕਾਰ ਕਰਕੇ। [11]ਭਾਵ ਲਖਮੀ ਚੰਦ ਜੀ। [12]ਸਿਹੇ, ਖ਼ਰਗੋਸ਼। [13]ਮਾਰ ਕੇ। [14]ਘੋੜੇ ਦੇ। [15]ਲਮਕਾਏ। [16]ਮਾਰਦੇ ਹੋ। [17]ਤੁਰਕਾਂ ਦਾ ਬਾਦਸ਼ਾਹ।

ਇਨਿ ਕੋ ਸੁਜਸੁ ਬਿਸ਼ੇਸ਼ ॥ ੨੧ ॥ ਕਈ ਬਾਰ ਨਿਜ ਮਨੁਜ ਪਠਾਏ। ਬਿਨੈ ਠਾਨਿਕੈ ਨਿਕਟ ਬੁਲਾਏ। ਕਰਾਮਾਤ ਕੋ ਚਾਹਤਿ ਦੇਖਾ। ਕੌਤਕ ਜਿਸਕੇ ਰਿਦੈ ਬਿਸ਼ੇਖਾ ॥ ੨੨ ॥ ਗੋਦੜੀਆ[1] ਸੇਵਕ ਰਹਿ ਨਾਲੇ। ਤਿਸਕੇ ਕੰਧ ਚਢਹਿਂ ਜਬ ਚਾਲੇਂ। ਨਾਂਹਿ ਤ ਟਿਕੇ ਰਹੈਂ ਨਿਜ ਥਾਨ। ਸਦਾ ਲ-ਗਾਏ ਰਾਖਹਿਂ ਧਯਾਨ॥੨੩॥ਤਿਸ ਪਰ ਚਢਿ ਲਵਪੁਰੀ[2]ਸਿਧਾਰੇ। ਸਨੈ ਸਨੈ ਤਹਿਂ ਪਹੁੰਚ ਸੁਖਾਰੇ। ਇਕ ਦਿਨ ਡੇਰਾ ਤਹਾਂ ਟਿਕਾਏ। ਪੁਨ ਤੁਰਕੇਸ਼ੁਰ ਨਿਕਟਿ ਬੁਲਾਏ ॥੨੪॥ ਜਨ ਗੋਦੜੀਏ ਪਰ ਆਰੂਢਿ[3]। ਪਹੁੰਚੇ ਤਹਿਂ ਆਸ਼ੈ ਜਿਨ ਗੂਢ। ਪਹੁੰਚ ਤੀਰ ਜਬਿ*ਸਨਮੁਖ[4]ਦੀਖਾ। ਤਹਿਂ ਉਤਰੇ ਤਨ ਸ਼ੰਭੁ[5] ਸਰੀਖਾ† ॥੨੫॥ ਤਨ ਪਰ ਕੀ ਖਿੰਥਾ[6] ਸੁ ਉਤਾਰੀ। ਧਰੀ ਤਹਾਂ ਜਹਿਂ ਪਰਹਿ ਨਿਹਾਰੀ[7]।ਬਿਰਧ ਅਵਸਥਾ ਤਬਿ ਚਲਿ ਗਏ। ਸਾਦਰ ਬੋਲ ਬਿਠਾਵਤਿ ਭਏ॥੨੬॥ ਕਰਨੇ ਪਰਸਪਰ ਬਾਕ ਬਿਲਾਸ। ਉੱਤਰ ਉਚਿਤ ਦਿਯੋ ਤਿਸ ਪਾਸ। ਪੁਨ ਤੁਰਕੇਸ਼ ਬਿਲੋਕਨ ਕਰੀ। ਖਿੰਥਾ ਬਹੁ ਕੰਪਤਿ ਜਹਿਂ ਧਰੀ ॥੨੭॥ ਇਤ ਉਤ ਚਲਹਿ, ਉਠਹਿ, ਗਿਰ ਧਰਨੀ[8]। ਕਬਿ ਇਕਠੀ ਕਬਿ ਹੋਇ ਪਸਰਨੀ[9]। ਕਬਿ ਊਚੇ ਹੁਇ ਲੇ ਅੰਗਰਾਈ[10]। ਕਬਹਿ ਜੰਭਾਈ ਕੀ ਸਮਤਾਈ[11] ॥ ੨੮ ॥ ਕੰਪਤਿ ਖਿੰਥਾ ਪਿਖਿ ਬਿਸਮਾਯੋ। ਹਿਤ ਬੂਝਨ ਤੁਰਕੇਸ਼ ਅਲਾਯੋ। 'ਤਰੈ ਗੋਦਰੀ ਕਜਾ ਤਜਿ ਆਏ?।ਇਤ ਉਤ ਹੋਤਿ ਬਿਕੁਲ ਅਕੁਲਾਏ[12]'।੨੯।ਸੁਨਤਿ ਕਹਨੋ ਸ੍ਰੀ ਨਾਨਕ ਨੰਦ। 'ਦਰ-ਵੇਸ਼ਨ ਕੇ ਖਯਾਲ ਬਿਲੰਦ।ਇਨਕੋ ਅੰਤ ਲੈਨ ਭਲ ਨਾਂਹੀ।ਨੀਕੀ ਜਿਤਕ ਸੇਵ ਬਨ ਜਾਹੀ ॥੩੦॥ ਕੋਈ ਕਿਮਿ ਬਰਤੇ ਕਿਮਿ ਹੋਇ। ਨਿਤ ਖ਼ੁਦਾਇ ਕੇ ਸਨਮੁਖ ਹੋਇ'।ਜਹਾਂਗੀਰ ਨੇ ਪੁਨਹ ਬਖਾਨਾ।'ਮੋਹਿ ਦਿਖਾਵਹੁ ਕ੍ਰਿਪਾ-ਨਿਧਾਨਾ ॥੩੧॥ ਅਚਰਜ ਬਰਤਤਿ ਹੈ ਮਨ ਮੇਰੇ। ਖਿੰਥਾ ਕੰਪਤਿ ਪਰਿਹੀ ਹੇਰੇ। ਅਪਰ ਨਹੀਂ ਕਛੁ ਜਾਨਨੋ ਜਾਇ। ਕਜਾ ਇਸ ਬਿਖੇ ਰਹਨੋ ਦੁਖ ਪਾਇ' ॥੩੨॥ ਸਿਰੀਚੰਦ ਜੀ ਤਬਹਿ ਬੁਲਾਯੋ। 'ਆਵਹੁ ਖਿੰਥਾ ਮਹਿਂ ਜੁ ਟਿਕਾਯੋ[13]। ਤੁਰਕੇਸ਼ੁਰ ਕੋ ਅਪਨੋ ਆਪ। ਕਰਹੁ ਦਿਖਾਵਨ ਸਹਤ ਪ੍ਰਤਾ-

[1]ਸੇਵਕ ਦਾ ਨਾਮ। [2]ਲਾਹੌਰ। [3]ਅਸਵਾਰ ਹੋਕੇ। [4]ਸਾਹਮਣੇ। [5]ਸ਼ਿਵ ਜੀ ਵਰਗਾ। [6]ਗੋਦੜੀ। [7]ਜਿੱਥੋਂ ਦਿਖਾਈ ਦਿੰਦੀ ਰਹੀ। [8]ਧਰਤੀ ਤੇ ਡਿੱਗ ਪੈਂਦੀ ਹੈ। [9]ਫੈਲ ਜਾਵੇ। [10]ਆਕੜਾਂ ਲਵੇ। [11]ਉਬਾਸੀਆਂ ਲੈਣ ਵਾਙੂ (ਕਰਦੀ ਹੈ)। [12]ਬਿਆਕੁਲ ਹੋ ਦੁਖੀ ਹੋ ਰਿਹਾ ਹੈ। [13]ਹੇ ਗੋਦੜੀ ਵਿਚ ਟਿਕਾਏ ਗਏ! ਆਓ। *ਪਾ:-ਜਹਾਂਗੀਰ ਜਬ। †ਪਾ:-ਸ਼ੰਭ ਸਰੀਖਾ।

ਪ'॥੩੩॥ਹੁਤੋ ਗੋਦਰੀ ਮਹਿਂ ਜੁਰ[1] ਭਾਰਾ। ਸ੍ਰੀ ਗੁਰ ਸੁਤ ਨੇ ਜਬਹਿ ਹਕਾਰਾ
। ਜਹਾਂਗੀਰ ਕਹੁ ਆਨਿ ਚਢ੍ਯੋ ਹੈ। ਸ਼ੁਸ਼ਕ ਭਯੋ ਮੁਖ[2], ਕੰਪ[3] ਬਢ੍ਯੋ ਹੈ
॥ ੩੪॥ ਤਨ ਰੁਮੰਚੁ[4] ਲੋਚਨ ਭੇ ਲਾਲ। ਤਪਤ੍ਯੋ ਪੀਰਾ ਬਢੀ ਬਿਸਾਲ।
ਹਾਡ ਵੇਰਨੀ[5] ਸਿਰ ਮੈਂ ਬਿਰਥਾ[6]। ਭਯੋ ਬਿਹਾਲ ਮ੍ਰਿਤਕ ਹੁਇ ਜਥਾ ॥
੩੫॥ਹਾਥ ਜੋਰਿ ਕਹਿ'ਮੁਹਿ ਨ ਦਿਖਾਵੋ। ਮਹਾਂ ਦੁਖਦ ਕੋ ਸ਼ੀਘ੍ਰ ਹਟਾਵੋ।
ਨਾਂਹਿ ਤ ਪ੍ਰਾਨ ਹਾਨ ਹੁਇਂ ਮੇਰੇ।ਤੁਮ ਸਮਰਥ ਸਭਿ ਰੀਤਿ ਬਡੇਰੈ'॥੩੬॥
ਬਿਨੈ ਸੁਨਤਿ ਗੁਰ ਪੁੱਤ੍ਰ ਉਚਾਰਾ। 'ਹਟ ਪ੍ਰਵਿਸ਼ਹੁ ਤਿਸ ਖਿੰਥ ਮਝਾਰਾ'।
ਤਿਸਤੇ ਉਤਰ ਗਯੋ ਤਤਕਾਲਾ। ਲਗੀ ਹਲਨ ਗੋਦਰੀ ਬਿਸਾਲਾ ॥੩੭॥
ਜਹਾਂਗੀਰ ਸੋ ਪੁਨਹਿਂ ਸੁਨਾਇਵ। 'ਇਹ ਜੁਰ[1] ਹਮਰੇ ਤਨ ਹਿਤ ਆਇਵ
। ਚਢੇ ਤਾਪ ਕੇ ਹਮ ਚਲਿ ਆਇ। ਤੁਮ ਸੋਂ ਬੋਲਨ ਹਿਤ ਤਜਿ ਥਾਏਂ
॥੩੮॥ਚਢੇ ਤਾਪ ਕੇ ਸੁਨਿਬੋ ਕਹਿਬੋ। ਹੋਤਿ ਨ ਨੀਕੇ,ਤਨਕੋ ਦਹਿਬੋ[7]।ਹਮ
ਅਬ ਜਾਤਿ ਸੁ ਲੇਹਿਂ ਸੰਭਾਰੇ'।ਤੁਰਕੇਸ਼ੁਰ ਸੁਨਿ ਅਚਰਜ ਧਾਰੇ॥੩੯॥ਹਿਤ
ਰੁਖ਼ਸਦ[8] ਬਹੁ ਭੇਟ ਮੰਗਾਈ। ਗੁਰ ਸੁਤ ਲਈ ਨ,ਤਜਿ ਤਿਸ ਥਾਈਂ।ਲੇ
ਖਿੰਥਾ ਸੇਵਕ ਪਰ ਚਢੇ। ਤੁਰਕੇਸ਼ੁਰ ਕੇ ਸੰਸੇ ਕਢੇ ॥੪੦॥ ਜਾਇ ਆਪਨੇ
ਥਾਂਨ ਬਿਰਾਜੇ।ਸਿਰੀਚੰਦ ਰਸ ਜੋਗ ਜੁ ਪਾਗੇ[9]।ਖਟ ਪਤਸ਼ਾਹੀ ਲਗਿ ਜਗ
ਰਹੇ। ਅਧਿਕ ਆਰਬਲ ਤਨਕੀ ਲਹੇ ॥ ੪੧ ॥ ਸ੍ਰੀ ਗੁਰ ਹਰਿਗੁਬਿੰਦ ਕੇ
ਨੰਦ[10]। ਸ੍ਰੀ ਬਾਬਾ ਗੁਰਦਿੱਤਾ ਚੰਦ। ਤਿਨਹੁ ਜਾਇ ਕਰਿ ਸੀਸ ਨਿਵਾਵਾ।
ਬਿਨੈ ਠਾਨਿ ਬਹੁ ਭਾਵ ਬਧਾਵਾ[11] ॥੪੨॥ਕੁਲਹਿ[12] ਉਤਾਰ ਤਬਹਿ ਨਿਜ
ਸਿਰ ਤੇ। ਤਿਨਕੇ ਸੀਸ ਧਰੀ ਨਿਜ ਕਰ ਤੇ। ਅਪਨ ਸਥਾਨ ਥਾਪ ਕਰਿ
ਆਪ।ਕਰਤਿ ਭਏ ਦੀਰਘ ਪਰਤਾਪ ॥ ੪੩ ॥ ਸ੍ਰੀ ਬਾਬਾ ਗੁਰਦਿੱਤਾ ਵੇਰ।
ਸਰਬ ਰੀਤਿ ਤੇ ਭਏ ਬਡੇਰ। ਇਨ ਕੇ ਸਿਖ ਭੇ ਚਾਰ ਅਗਾਰੀ। ਜਿਨਹੁ
ਬੈਠਿ ਕੀਨਸਿ ਤਪ ਭਾਰੀ ॥੪੪॥ ਦੋਹਰਾ॥ਬਾਲੂ ਹਸਨਾ,ਫੂਲ ਪੁਨਿ, ਗੋਂਦਾ
ਅਰੁ ਅਲਮਸਤ।ਮੁੱਖ[13]ਉਦਾਸੀ ਇਹ ਭਏ ਬਹੁਰੋ ਸਾਧ ਸਮਸਤ[14]॥੪੫॥
ਚੌਪਈ ॥ ਤਿਨ ਤੇ ਬਿਦਤਯੋ[15] ਪੰਥ ਉਦਾਸੀ। ਲਾਖਹੁਂ ਭਏ ਕਰਹਿਂ ਤਪ
ਰਾਸੀ। ਸ੍ਰੀ ਨਾਨਕ ਕੇ ਅਸ ਜੁਗ ਨੰਦਨ[16]। ਕਵਿ ਸੰਤੋਖ ਸਿੰਘ ਠਾਨਤਿ

---

[1]ਤਾਪ। [2]ਮੂੰਹ ਸੁੱਕ ਗਿਆ। [3]ਕਾਂਬਾ। [4]ਲੂੰ ਕੰਡੇ ਹੋ ਗਏ। [5]ਹਡ ਭੰਨਣੀ। [6]ਪੀੜਾ। [7]ਸਾੜਾ ਹੁੰਦਾ ਹੈ। [8]ਵਿਦੈਗੀ। [9]ਰੱਤੇ ਹੋਏ। [10]ਸਪੁੱਤ੍ਰ। [11]ਪ੍ਰੇਮ ਵਧਾਇਆ। [12]ਲੰਮੀ ਟੋਪੀ। [13]ਮੁਖੀਏ। [14]ਸਾਰੇ। [15]ਪ੍ਰਗਟਿਆ। [16]ਦੋਵੇਂ ਸਪੁੱਤਰਾਂ ਨੂੰ।

ਬੈਦਨ ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਨਾਨਕ ਪ੍ਰੱਸ਼੍ਨ ਪ੍ਰਸੰਗ' ਬਰਨਨੰ ਨਾਮ ਖਸ਼ਟਮੋ ਅੰਸੂ ॥ ੬ ॥

## ੭. [ਗੁਰ ਪਰਨਾਲੀ]।

*ਦੋਹਰਾ॥ਪੰਦ੍ਰਹਿ ਸਤ ਖਟ ਬੀਸ ਸੈਂ ਜਨਮ ਗੁਰੂ ਮਹਾਰਾਜ॥ਸੱਤ੍ਰਹ ਸੰਮਤਿ ਛਿਤਿ ਰਹੇ[1] ਅਨਿਕ ਗਰੀਬ ਨਿਵਾਜ ॥੧॥ ਚੌਪਈ॥ ਘੋਰ ਘਾਮ ਭਵ ਜੀਵ ਦੁਖਾਰੇ[2]। ਸ਼ਸ਼ਿ ਸਮ[3] ਉੱਦਜਤਿ[4] ਕਰੇ ਸੁਖਾਰੇ॥ਕੋਇ ਨ ਜਿਨਕੇ ਅਰਨੋ[5] ਅਗਾਰੀ॥ਭਏ ਨੰਮ੍ਰਿ ਅਜ਼ਮਤਿ ਧਰਿ ਭਾਰੀ ॥੨॥ ਜਿਤਕ ਸ਼ਕਤਿ ਜੁਤਿ ਭੇ ਸਭਿ ਤਾਰੇ। ਰਵਿ ਸਮ ਉਦੈ ਛਪੇ ਤਬਿ ਸਾਰੇ। ਪੰਦ੍ਰਹ ਸਤ ਛਿਆਨਵੇਂ[6] ਮਾਂਹੂ। ਮਾਸ ਅਸੌਜ ਸਰਦ ਰੁਤਿ ਤਾਂਹੂ ॥ ੩ ॥ ਕ੍ਰਿਸ਼ਨਾ[7] ਦਸਮੀ ਪਿਤਰਨ ਦਿਨਕੀ। ਪ੍ਰਭੁ ਬਿਕੁੰਠ ਗਏ ਸਹਿ ਤਨ ਕੀ[8]। ਐਰਾਵਤੀ ਕੂਲ ਅਭਿ-ਰਾਮ[9]॥ਤਹਿੰ ਕਰਤਾਰ ਪੁਰਾ ਕਿਯ ਗ੍ਰਾਮ॥੪॥ਗੁਰੂ ਬਸਤ੍ਰ ਕੋ ਲੇ ਸਸਕਾਰ॥ ਨਾਮ ਦੇਹੁਰਾ ਬਿਦਤਿ[10]ਉਦਾਰਾ[11]॥ਤਿਸ ਗਾਦੀ ਗੁਰ ਅੰਗਦ ਬੈਸੇ॥ਪੋਸ਼ਸ਼ ਅਪਰ ਪਹਿਰ ਨ੍ਰਿਪ ਜੈਸੇ॥੫॥ਤੇਹਣ ਕੁਲ ਮਹਿੰ ਫੇਰੂ ਨਾਮ॥ ਪੁੰਨਜਾਤਮ[12] ਸੁਸ਼ੀਲ ਸੁਚਧਾਮ[13]। ਸਾਧ੍ਵੀ[14]ਦਯਾਕੌਰ ਬਰ ਦਾਰਾ[15]। ਜਿਨਕੇ ਸੁਕ੍ਰਿਤ ਕੋ ਨਹਿੰ ਪਾਰਾ[16]॥੬॥ਗ੍ਰਾਮ ਹਰੀ ਕੇ[17] ਧਾਮ ਬਸੰਤੇ। ਨਿਸਿ ਬਾਸੁਰ ਹਰਿਹਰਿ ਸਿਮਰੰਤੇ। ਸ਼੍ਰੀ ਗੁਰ ਅੰਗਦ ਜਨਮੇ ਜਿਨਕੇ। ਕਹਿੰ ਲੌ ਕਹੌਂ ਮਹਾਤਮ ਤਿਨ ਕੇ॥੭॥ਜਨਮ ਹਰੀ ਕੇ ਗ੍ਰਾਮ ਭਯੋ ਹੈ। ਆਨ ਥਾਨ ਪੁਨ ਬਸਨ ਕਿਯੋ ਹੈ। ਪੰਦ੍ਰਹਿ ਸਤ ਸਤਾਹਠਾ[18]ਸੰਮਤ[19]†।ਫੇਰੂ ਸੁਤ ਜਨਮਨੋ ਗੁਰੁ ਸੰਮਤ[20] ॥੮॥ ਪਹੁੰਚੇ ਸ਼੍ਰੀ ਨਾਨਕ ਕੀ ਸ਼ਰਨੀ। ਸੇਵਾ ਬਿਖੇ ਨੀਕ ਕਰਿ ਕਰਨੀ। 'ਜਉ ਤਉ ਪ੍ਰੇਮ ਖੇਲਨ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ'

---

[1]ਸੱਤਰ (੭੦) ਸਾਲ ਧਰਤੀ ਤੇ ਰਹੇ। [2]ਭਯਾਨਕ (ਤ੍ਰਿਸ਼ਨਾ ਰੂਪੀ) ਤਪਤ ਨਾਲ ਸੰਸਾਰ ਦੇ ਜੀਵ ਦੁਖੀ ਸਨ। [3]ਚੰਦਰਮਾਂ ਵਾਙੂ। [4]ਪ੍ਰਗਟ ਹੋਕੇ। [5]ਅੜਿਆ। [6]—੧੫੯੬। [7]ਅੰਨ੍ਹੇਰੇ ਪੱਖ ਦੀ। [8]ਸਮੇਤ ਸਰੀਰ ਦੇ। [9]ਰਾਵੀ ਦੇ ਸੁੰਦਰ ਕੰਢੇ। [10]ਪ੍ਰਗਟ ਹੈ। [11]ਸ੍ਰੇਸ਼ਟ। [12]ਪਵਿੱਤਰ ਆਤਮਾ ਵਾਲੇ। [13]ਪਵਿੱਤ੍ਰਤਾ ਦਾ ਘਰ। [14]ਪਤਿਬ੍ਰਤਾ। [15]ਸ੍ਰੇਸ਼ਟ ਇਸਤਰੀ। [16]ਪੁੰਨਾਂ ਦਾ ਪਾਰਾਵਾਰ ਨਹੀਂ ਸੀ। [17]ਪਿੰਡ ਦਾ ਨਾਮ ਹੈ। [18]—੧੫੬੭। [19]ਸਾਲ ਬਿਕ੍ਰਮੀ [ਸੰਸ:, ਸੰਵਤ੍]। [20]ਤੁੱਲਜ [ਸੰਸ:,ਸੰਮਿਤ=ਤੁੱਲਜ, ( ਅ) ਸਮਮਤ=ਪ੍ਰੇਮੀ, ਪਿਆਰਾ। ( ੲ ) ਸਮਮਤਿ=ਇਕ ਮਨ ਵਾਲਾ, ਆਸ਼ੇ ਅਨੁਕੂਲ]।

*ਬਾਜ਼ੇ ਲਿਖਤੀ ਨੁਸਖਿਆਂ ਵਿਚ ਅਗਲੇ ਹਰ ਅੰਸੂ ਦੇ ਆਦਿ ਵਿਚ 'ਭਾਈ ਰਾਮ ਕੌਰ ਵਾਚ' ਪਾਠ ਆਉਂਦਾ ਹੈ, ਇਹ ਪਾਠ 'ਰਾਮ ਕਉਰ', 'ਰਾਮ ਕੁਇਰ' ਆਦਿ ਹਨ, ਪਰ ਭਾਵ ਇਕੋ ਵਯਕਤੀ ਤੋਂ ਹੈ।

†ਸ਼੍ਰੀ ਗੁਰੂ ਜੀ ਦਾ ਅਵਤਾਰ ਸੰਮਤ ੧੫੬੧ ਦਾ ਸਿੱਧ ਹੁੰਦਾ ਹੈ।

॥ ੯ ॥ ਇਮ ਕਹਿਬੋ ਜਿਨਿ ਸਫਲ ਕਿਯੋ ਹੈ। ਅਤਿ ਰਿਝਾਇ ਸ੍ਰੀ ਗੁਰੂ ਲਿਯੋ.ਹੈ। ਜਿਨਹੁੰ ਨ ਅਜ਼ਮਤ ਕਹੂੰ ਜਨਾਈ। ਅਜਰ ਜਰਨ ਧ੍ਰਿਤ ਛਿਤਿ ਸਮਤਾਈ॥ ੧੦ ॥ ਜਿਨਕੇ ਗੁਨ ਕਹੁ ਬਰਨੈ ਕੌਨ। ਬਾਨੀ ਸ਼ੇਸ਼ ਦੇਖ ਰਹਿਂ ਮੌਨ[1]। ਖੀਵੀ[2] ਸਤੀ ਭਾਰਜਾ ਹੋਈ। ਭਏ ਆਤਮਜ ਤਿਸਤੇ ਦੋਈ॥ ੧੧ ॥ ਨਾਮ ਦਾਸੁ*, ਅਰੁ ਦਾਤਾ† ਦੂਵਾ[3]‡। ਜਿਨ ਕੇ ਰਿਦੈ ਗਿਆਨ ਦਿਵ ਹੂਵਾ। ਦ੍ਵਾਦਸ਼ ਬਰਖ ਟਿਕੇ ਗੁਰ ਗਾਦੀ[4]। ਖਸ਼ਟ ਮਾਸ ਨੌ ਦਿਨ ਅਹਿਲਾਦੀ[5]॥੧੨॥ਸੋਲਹਿ ਸਤ ਨੌ[6] ਸੰਮਤ ਔਰ। ਚੌਥ ਚੇਤ ਸੁਦਿ ਨਰ ਸਿਰਮੌਰ[7]। ਤਨ ਕਉ ਤਜਿ ਬੈਕੁੰਠ ਸਿਧਾਰੇ।ਸ੍ਰੀ ਗੁਰ ਅਮਰ ਤਖਤ ਬੈਠਾਰੇ ॥ ੧੩ ॥ ਦੋਹਰਾ ॥ ਗ੍ਰਾਮ ਖਡੂਰ ਕੁਵਿੰਦ[8]ਘਰ ਤਹਿਂ ਸਿਸਕਾਰੀ[9] ਦੇਹਿ। ਅਬ ਲੌ ਖਰਯੋ ਕਰੀਰ ਤਰੁ ਕਿਲਕ ਲਗਯੋ ਪਗ ਜੇਹ[10]॥੧੪॥ਚੌਪਈ॥ ਬਾਸਰਕੇ ਇਕ ਗ੍ਰਾਮ ਸੁ ਨਾਮੂ। 'ਤੇਜੋ ਮੱਲ' ਬਸਹਿ ਕਰਿ ਧਾਮੂ। ਰੂਪਕੌਰ ਦਾਰਾ[11] ਤਿਸ§ਕੇਰੀ। ਤਪਸਾ[12]ਕੀਨਸਿ ਜਿਨਹੁੰ ਬਡੇਰੀ ॥੧੫॥ ਜਿਸ ਕੋ ਫਲ ਬਿਦਤਯੋ ਅਸ ਆਇ। ਜਨਮਯੋ ਸੁਤ ਸ਼ੁਭ ਗੁਨ ਸਮੁਦਾਇ। ਸ੍ਰੀ ਗੁਰ ਅਮਰਦਾਸ ਬਰ ਨਾਮੂ। ਬ੍ਰਹਮਗਯਾਨ ਨਿਸ਼-ਚਲ ਕੇ ਧਾਮੂ ॥੧੬॥ ਗੁਰ ਅੰਗਦ ਸੇਵੇ ਇਸ ਰੀਤਿ। ਸੁਨ ਹੁਇ ਹੁਇ ਬਿਸਮਤਿ[13]ਚੀਤ। ਜਬਹਿ ਬਹੱਤ੍ਰ ਬਰਖ ਬਯ[14]ਭਈ। ਤਬਹਿ ਆਇ ਗੁਰ ਸੇਵਾ ਲਈ॥੧੭॥ ਦ੍ਵਾਦਸ਼ ਸੰਮਤ ਕਰਿ ਸਸੂਖਾ[15]। ਮੁਰਯੋ ਨ ਮਨ ਕਬਿ, ਰਹਯੋ ਅਦੂਖਾ[16]।ਬੈਸ ਚੁਰਾਸੀ ਸੰਮਤ ਜਬੈ[17]=। ਤਖਤ ਜਗਤ ਗੁਰਤਾ[18] ਟਿਕ ਤਬੈ ॥ ੧੯ ॥ ਕਰਯੋ ਪ੍ਰਕਾਸ਼ਨ ਅਪਨੋ ਆਪਿ। ਕਹੀ ਪੈਜ ਅਪਨੀ

[1]ਸਰਸ੍ਵਤੀ ਤੇ ਸ਼ੇਸ਼ਨਾਗ ਦੇਖਕੇ ਚੁਪ ਚਾਪ ਰਹਿ ਜਾਂਦੇ ਹਨ। [2]ਨਾਮ ਹੈ ਗੁਰੂ ਅੰਗਦ ਜੀ ਦੇ ਮਹਿਲਾਂ ਜੀ ਦਾ। [3]ਦੂਜਾ। [4]ਭਾਵ ਗੁਰੂ ਅੰਗਦ ਦੇਵ ਜੀ। [5]ਅਨੰਦ ਦੇਣ ਵਾਲੇ। [6]—੧੬੦੯। [7]ਸ਼੍ਰੋਮਣੀ। [8]ਜੁਲਾਹੇ ਦਾ। [9]ਦਾਹ ਕੀਤਾ। [10]ਜੇਹੜਾ ਕਿੱਲਾ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਲੱਗਾ ਸੀ। [11]ਸੁਪਤਨੀ। [12]ਤਪੱਸਯਾ। [13]ਹੈਰਾਨ ਹੁੰਦਾ ਹੈ ਚਿਤ। [14]ਆਯੂ। [15]ਬਾਰਾਂ ਸਾਲ ਸੇਵਾ ਕਰਕੇ। [ਸੰਸਃ, ਸ਼ੁਸ਼੍ਰਖਾ]। [16]ਦੁਖਾਂ ਤੋਂ ਰਹਿਤ (ਅ) ਅਦੂਸ਼ਤ, ਭਾਵ ਨਿਰਵਿਘਨ ਲਗਾ ਰਿਹਾ। [17]ਅਵਸਥਾ ੮੪= ਸਾਲ ਦੀ ਜਦ ਹੋਈ। [18]ਗੁਰਿਆਈ।

*ਪਾঃ—ਦਾਸੂ। †ਪਾঃ—ਦਾਤੂ।

‡ਸ੍ਰੀ ਗੁਰੂ ਅੰਗਦ ਦੇਵ ਜੀ ਦੇ ਘਰ ਇਕ ਸਪੁੱਤ੍ਰੀ ਬੀ ਸੀ, ਇਸ ਭਗਤੀ ਭਾਵਨਾ ਵਾਲੀ ਪਵਿੱਤ੍ਰਾਤਮਾ ਦਾ ਨਾਮ ਬੀਬੀ ਅਮਰੋ ਸੀ, ਦੇਖੋ ਇਸੇ ਰਾਸ ਦਾ ਅੰਸੂ ੧੫, ਅੰਕ ੧।

§ਪਾঃ—ਜਿਨ।

ਕਹੁ ਥਾਪਿ ।-ਜਬ ਲਗਿ ਜਗ ਹਮਰੋ ਤਨ ਰਹੈ । ਸੁਤਮ੍ਰਿਤੁ[੧] ਮਾਤ ਪਿਤਾ ਨਹਿਂ ਲਹੈਂ[੨]-॥ ੧੯ ॥ ਦ੍ਵੈ ਬਿੰਸਤ ਦਿੱਲੀ ਉਮਰਾਵ[੩] । ਤਿਤੇ ਸਿੱਖ ਮੰਜੀ ਸੁ ਬਿਠਾਵ। ਕੌਨ ਕੌਨ ਗੁਨ ਤਿਨ ਕੇ ਭਨੀਅਹਿ। ਜਲ ਤਰੰਗ ਰਜ[੪] ਕਨ[੫] ਸਮ ਗਨੀਅਹਿ* ॥ ੨੦ ॥ ਰਾਮੋ ਨਾਮ ਭਾਰਜਾ[੬] ਅਹੈ।ਜਿਸ ਉਰ ਪਤਿਬ੍ਰਿਤਿ ਬਾਸਾ ਲਹੈ। ਦ੍ਵੈ ਸੁਤ ਜਿਸਤੇ ਜਨਮਤਿ ਭਏ। ਮੋਹਨ ਨਾਮ ਮੋਹਰੀ ਥਏ ॥੨੧॥ਉਪਜੀ ਸੁਤਾ ਨਾਮ ਜਿਸ ਭਾਨੀ†।ਅਪਰ ਨ ਪਿਖੀਅਹਿ ਜਾਂਹਿ ਸਮਾਨੀ[੭]। ਅੱਪ੍ਰਮਾਨ[੮] ਬਰ ਭਾਗ ਮਹਾਨਾ। ਜਿਸ ਕੋ ਪਿਤਾ ਗੁਰੂ ਜਗ ਮਾਨਾ॥੨੨॥ਪੁਨਿ ਭਰਤਾ ਨੇ ਗੁਰਤਾ ਪਾਈ। ਜਿਨਹੁ ਉਧਾਰੇ ਨਰ ਸਮੁਦਾਈ। ਪੁਨਹ ਜਗਤ ਕੋ ਗੁਰ ਸੁਤ ਭਯੋ। ਸੁਜਸੁ ਪ੍ਰਕਾਸ਼ ਦਸਹੁੰ ਦਿਸ਼ ਕਯੋ॥੨੩॥ਯਾਂਤੇ ਬਹੁ ਬਡਭਾਗਾ ਭਾਨੀ। ਜਹਿਂ ਕਹਿਂ ਪ੍ਰਗਟ ਨਾਮ ਜਗ ਜਾਨੀਂ । ਸ੍ਰੀ ਗੁਰ ਅਮਰ ਪੁੱਤ੍ਰ ਬਡ ਮੋਹਨ। ਦੇਵ ਬਧੂ ਜਿਸੁ ਕਰਹਿਂ ਨ ਮੋਹਨ[੯] ।੨੪। ਸਿਰ ਤੇ ਨਗਨ ਰਹੈ ਉਨਮੱਤਜ[੧੦]। ਰਿਦੇ ਗਯਾਨ ਦ੍ਰਿਢ ਚੇਤਨ ਸੱਤਜ। ਕਬਿ ਜੁਗ ਹਾਥਨ[੧੧] ਕਰਹਿ ਅਹਾਰੇ। ਰਹੈ ਇਕਾਂਤ ਏਕ ਚੌਬਾਰੇ‡॥੨੫॥ਨੰਮ੍ਰਿ ਭਯੋ ਨਹਿਂ ਕਿਸਹਿ ਅਗਾਰੀ। ਅਹੈਬ੍ਰਹਮ ਉਰ ਮਹਿਂ ਦ੍ਰਿਢ ਭਾਰੀ। ਅਨੁਜ ਮੋਹਰੀ ਸੁਮਤਿ ਮਹਾਨੋ।ਪਿਤਾ ਬਾਕ ਸਾਦਰ[੧੨] ਜਿਨ ਮਾਨੇ ॥੨੬॥ਦੋਹਰਾ॥ ਜਗ ਸਾਗਰ ਕੋ ਤਾਰਬੇ ਸਗਰੀ ਸੰਗਤਿ ਪਾਰ। ਭਯੋ ਮੋਹਿਰੀ[੧੩]ਮੋਹਰੀ[੧੪]ਠਾਨਿ ਮਹਾਂ ਉਪਕਾਰ।੨੭। ਚੌਪਈ। ਦ੍ਵੈ ਬਿੰਸਤ[੧੫] ਸੰਮਤ ਹ੍ਵੈ ਇਕਰਸ। ਪੰਚ ਮਾਸ ਅਰੁ ਦਿਵਸ ਇਕਾਦਸ਼। ਗੁਰਤਾ ਗਾਦੀ ਕੀਨਿ ਅਬਾਦੀ।ਗਨ ਉਰ ਦਈ ਗਯਾਨ ਕੀ ਸ਼ਾਦੀ[੧੬]॥੨੮॥ਸੋਲਹਿ ਸਤ ਇਕਤੀਸਾ[੧੭] ਫੇਰ। ਭਾਦੋਂ ਸੁਦਿ ਪੂਰਨਮਾ[੧੮] ਹੇਰ। ਤਨ ਕੋ ਤਜਿ ਬੈਕੁੰਠ ਸਿਧਾਰੇ। ਹਮ ਸੇ ਜਿਨ ਬਹੁ ਪਤਿਤ ਉਧਾਰੇ ॥੨੯॥ ਇਕਸੌ ਖਸ਼ਟ[੧੯]ਬਰਖ

[੧]ਪੁੱਤਰ ਦੀ ਮੌਤ। [੨]ਨਾ ਵੇਖਣ। [੩]ਬਾਈ ਸੂਬੇ ਦਿੱਲੀ ਦੇ ਪਾਤਸ਼ਾਹ ਦੇ ਸਨ। [੪]ਮਿੱਟੀ ਦੇ। [੫]ਕਿਣਕੇ। [੬]ਮਹਿਲਾ। [੭]ਤੁੱਲ। [੮]ਬਿਅੰਤ। [੯]ਅਪੱਛਰਾਂ ਬੀ ਜਿਸ ਨੂੰ ਮੋਹ ਨਹੀਂ ਸੀ ਸਕਦੀਆਂ। [੧੦]ਮਸਤ। [੧੧]ਦੁਹੀਂ ਹਥੀਂ। [੧੨]ਸਹਿਤ ਆਦਰ। [੧੩]ਆਗੂ। [੧੪]ਨਾਮ ਗੁਰੂ ਜੀ ਦੇ ਛੋਟੇ ਬੇਟੇ ਦਾ। [੧੫]ਬਾਈ ਸਾਲ। [੧੬]ਸਮੂਹ ਸਿੱਖਾਂ ਦੇ ਰਿਦੇ ਵਿਚ ਗਿਆਨ ਦੀ ਖੁਸ਼ੀ ਦਿੱਤੀ। [੧੭]-੧੬੩੧। [੧੮]ਪੂਰਨਮਾਸ਼ੀ। [੧੯]-੧੦੬। *ਪਾ:-ਜਨੀਅਹਿ। ਭਨੀਅਹਿ।

†ਭਾਨੀ ਜੀ ਦੀ ਇਕ ਹੋਰ ਭੈਣ ਬੀ ਸੀ ਜਿਨ੍ਹਾਂ ਦਾ ਨਾਮ 'ਦਾਨੀ' ਬੀਬੀ ਜੀ ਸੀ।

‡ਇਹ ਚੁਬਾਰਾ ਹੁਣ ਤਕ ਗੋਇੰਦਵਾਲ ਵਿਚ ਹੈ।

ਬਧ ਲਹੀ।ਸੰਮਤ ਖਸ਼ਟ[1] ਔਰ ਥੀ ਰਹੀ।ਗੁਰਤਾ ਸਹਿਤ ਦਈ ਹਰਖਾਇ।
ਸ਼੍ਰੀਗੁਰ ਰਾਮਦਾਸ ਬੈਠਾਇ ॥੩੦॥ ਲਵਪੁਰਿ ਮਹਿੰ ਛੱਤ੍ਰੀ ਹਰਿਦਾਸ। ਮਹਾਂ
ਸੁਸ਼ੀਲ ਸੁਕ੍ਰਿਤਨ ਰਾਸ[2] । ਖੇਮ ਕੁਇਰ ਜਿਸ ਕੇ ਘਰ ਦਾਰਾ । ਹਿਤ ਕਰਿ
ਨਿਤਿ ਪਤਿਬ੍ਰਤਿ ਪ੍ਰਤਿਪਾਰਾ[3] ॥੩੧॥ ਤਿਨ ਤੇ ਉਤਪਤਿ ਭੁਇ ਸੁ ਨੰਦ।
ਸ਼੍ਰੀ ਗੁਰ ਰਾਮਦਾਸ ਕੁਲਚੰਦ । ਭਏ ਜੁ ਕੁਲ ਭੱਲਜਨ ਕੇ ਭੂਖਨ[4] ।
ਭ੍ਰਾਨੀ ਤਿਨ ਕੀ ਸੁਤਾ ਅਦੂਖਨ[5] ॥੩੨॥ ਸੋਢੀ ਬੰਸ ਚੰਦ[6] ਕਹੁ ਬਨਾਹੀ।
ਰਹੀ ਜੁ ਬਹੁ ਪਿਤ ਕੇ ਢਿਗ ਚਾਹੀ। ਗੋਇੰਦਵਾਲ ਪੁਰੀ ਬੱਖ੍ਯਾਤੀ[7]।ਤਹਾਂ
ਬਸਤਿ ਬੀਤੇ ਦਿਨ ਰਾਤੀ॥੩੩॥ਤੀਨ ਪੁੱਤ੍ਰ ਉਪਜੇ ਤਿਨ ਕੇਰੇ। ਸ੍ਰੀ ਅਰ-
ਜਨ, ਪ੍ਰਿਥੀਆ ਸੁ ਬਡੇਰੇ । ਤ੍ਰਿਤਿਯੇ ਮਹਾਂਦੇਵ ਜਿਹ ਨਾਮ। ਮਹਾਂਗੰਭੀਰ[8]
ਧੀਰ ਅਭਿਰਾਮ॥੩੪॥ਸ਼੍ਰੀ ਗੁਰ ਰਾਮਦਾਸ ਜਗ ਭਾਯੋ। ਗੁਨ ਅਨੇਕ ਜੁਤਿ
ਤ੍ਰਖਤ ਸੁਹਾਯੋ। ਸੰਮਤ ਖਸ਼ਟ ਇਕਾਦਸ਼ ਮਾਸ। ਦਿਵਸ ਅਸ਼ਟ ਦਸ
ਸ਼੍ਰੀ ਸੁਖ ਰਾਸ* ॥੩੫॥ ਗੁਰਤਾ ਗਾਦੀ ਪਰ ਥਿਤਿ ਰਹੇ। ਜਿਨਤੇ ਅਨਿਕ
ਦਾਸ ਗਤਿ ਲਹੇ। ਸੋਲਹ ਸਤ ਅਠਤੀਸਾ ਸਾਲ। ਭਾਦੋਂ ਸੁਦੀ ਤੀਜ ਗੁਰ
ਦਯਾਲ॥੩੬॥ਤਜਿ ਸਰੀਰ ਬੈਕੁੰਠ ਪਧਾਰੇ।ਸ਼੍ਰੀ ਅਰਜਨ ਜੀ ਤਖਤਬਿਠਾਰੇ
। ਪੁਨ ਸੋਢਿਨਿ ਕੁਲ ਮਹਿੰ ਗੁਰਿਆਈ। ਹੋਤਿ ਭਈ ਗੁਰ ਦਸਮੇ ਤਾਈਂ ॥
੩੭॥ਪੰਚਮ ਪਾਤਿਸ਼ਾਹ ਜਬਿ ਭੁਏ।ਤਾਲ ਸੁਧਾਸਰ ਤਬਿ ਨਿਰਮਏ[9]।ਬੀੜ
ਗ੍ਰੰਥਸਾਹਿਬ ਕੀ ਹੋਈ।ਜਿਸ ਪਠਿਕੈ[10]ਗਤਿ ਲਹਿ ਸਭਿ ਕੋਈ॥੩੮॥ਗੰਗਾ
ਨਾਮ ਭਾਰਜਾ ਬਨਾਹੀ।ਸਾਧ੍ਵੀ[11]ਕੇ ਗੁਨ ਸਭਿ ਜਿਸ ਮਾਂਹੀ।ਨੰਦਨ ਉਪਜਯੋ
ਇਕ ਕੁਲ ਚੰਦ। ਬਡ ਧਨੁਧਰਿ[12] ਸ਼੍ਰੀ ਹਰਿ ਗੋਬਿੰਦ ॥੩੯॥ ਧੀਰ ਧਰਮ-
ਧ੍ਵਜ ਸ਼੍ਰੀ ਗੁਰ ਅਰਜਨ।ਬਿਸਤੀਰਤਿ[13]ਜਿਤ ਕਿਤ ਜਸੁ ਅਰਜੁਨ[14]। ਜਗ
ਕਰਤੱਬਯ ਕਰੇ ਸ਼ੁਭ ਭਾਰੇ। ਭਗਤਿ ਬਿਥਾਰਿ[15] ਅਨਿਕ ਜਨ ਤਾਰੇ ॥
੪੦॥ਬਿੰਸਤ ਚਤੁਰ ਬਰਖ ਨਵ ਮਾਸ। ਇਕ ਦਿਨ ਊਪਰ ਸ਼੍ਰੀ ਸੁਖਰਾਸ[16]।
ਗੁਰਤਾ ਲਹਿ ਸਰੀਰ ਕਉ ਧਾਰਾ। ਪੁਨਹਿ ਚਹਯੋ ਸਚਖੰਡ ਸਿਧਾਰਾ॥੪੧॥

---

[1]ਛੇ ਬਰਸ। [2]ਪੁੰਨਾਂ ਦੀ ਖਾਣ। [3]ਪਾਲਿਆ। [4]ਭੱਲਿਆਂ ਦੀ ਕੁਲ ਦੇ ਗਹਿਣੇ, ਭਾਵ ਗੁਰੂ ਅਮਰ ਦਾਸ ਜੀ। [5]ਪਵਿੱਤਰ। [6]ਭਾਵ ਸ਼੍ਰੀ ਗੁਰੂ ਰਾਮਦਾਸ ਜੀਨਾਲ। [7]ਪ੍ਰਗਟ। [8]ਨਿਰਹੱਲ। [9]ਅੰਮ੍ਰਿਤਸਰ ਤਦੋਂ ਰਚਿਆ। [10]ਪੜ੍ਹਕੇ। [11]ਪਤਿਬ੍ਰਤਾ। [12]ਧਨੁਖ ਧਾਰੀ। [13]ਫੈਲਿਆ। [14]ਉੱਜਲ। [15]ਵਿਸਤੀਰਨ ਕਰਕੇ। [16]ਸੁਖਾਂ ਦੀ ਖਾਣ।

*ਪਾ:—ਸ੍ਰੀ ਸੁਖ ਰਾਸ।

ਦੋਹਰਾ ॥ ਖੋੜਸ ਸਤ ਤ੍ਰੈਸਠ[1] ਅਧਿਕ ਜੇਸ਼ਟ[2] ਮਾਸ ਮਹਾਨ। ਸੁਦੀ ਚੌਥ ਦਿਨ ਮਹਿਂ ਗੁਰੂ ਕੀਨ ਬਿਕੁੰਠ ਪਯਾਨ ॥ ੪੨ ॥ ਇਤ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਗੁਰੂ ਪਰਨਾਲੀ[3]' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

੮. [ਗੁਰ ਪਰਨਾਲੀ]

ਚੌਪਈ ॥ ਪੁਨ ਸ਼੍ਰੀ ਹਰਿ ਗੋਬਿੰਦ ਗੁਰੁ ਹੋਏ। ਪ੍ਰਭੁ[4] ਪੀਰੀ ਅਰੁ ਮੀਰੀ ਦੋਏ। ਜਨਮ ਲੀਨ ਜਹਿਂ ਗ੍ਰਾਮ ਵਡਾਲੀ।ਬਲੀ ਮਹਿਦ[5] ਤਨ ਡੀਲ[6] ਬਿਸਾਲੀ॥ ੧॥ਦਾਰਾ ਤੀਨ*ਸੁਸ਼ੀਲਾ[7] ਬਨਾਹੀ। ਇਕ ਦਮੋਦਰੀ ਦੁਤਿ ਮਰਵਾਹੀ। ਨਾਮ ਨਾਨਕੀ ਤ੍ਰਿਤਿਯਾ ਕੇਰਾ। ਮਨ ਸਿਮਰਤਿ ਜਿਨ ਅਨੰਦ ਘਨੇਰਾ॥ ੨ ॥ ਪੰਚ ਪੁਤ੍ਰ ਇਨ ਤੇ ਉਤਪੱਤਾ। ਜੇਠੋ ਸ਼੍ਰੀ ਬਾਬਾ ਗੁਰਦਿੱਤਾ। ਸੂਰਜ ਮਲ ਅਰੁ ਅਨੀਰਾਇ ਭਨਿ। ਅਟਲਰਾਇ ਬ੍ਰਹਮਗਯਾਨ ਸਭਿਨਿ ਮਨ ॥੩ ॥ ਪੰਚਮ ਭੇ ਸ਼੍ਰੀ ਤੇਗਬਹਾਦਰ† । ਨਿਕਟ ਬਿਠਾਵਹਿਂ ਜਿਨ ਪਿਤ ਸਾਦਰ[8]। ਸ਼੍ਰੀ ਗੁਰ ਹਰਿਗੁਬਿੰਦ ਸਮ ਸ਼ੇਰ[9]।ਹਤੇ ਤੁਰਕਗਨ ਗਹਿ ਸ਼ਮਸ਼ੇਰ ॥੪॥ਗਨ ਦਾਸਨ ਕੇ ਕਾਰ ਸੁਧਾਰੇ। ਜਗ ਮਹਿਂ ਕੀਰਤਿ ਬਹੁ ਬਿਸਤਾਰੇ।ਇਕਤ੍ਰਿੰਸਤ ਸੰਮਤ[10] ਦਸ ਮਾਸ। ਖਟਦਿਨ ਗੁਰਤਾ ਥਿਤਿ ਸੁਖਰਾਸ ॥੫॥ ਸੋਲਹਿ ਸਤ ਪਚਾਨਵੇ[11] ਸਾਲਾ। ਚੇਤ ਪੰਚਮੀ ਸੁਦੀ ਕ੍ਰਿਪਾਲਾ।ਸੱਚਖੰਡ ਕੋ ਤਬਹਿ ਪਧਾਰੇ। ਸ਼੍ਰੀ ਹਰਿਰਾਇ ਤਖਤ ਬੈਠਾਰੇ ॥੬॥ ਸ਼੍ਰੀ ਬਾਬਾ ਗੁਰਦਿੱਤਾ ਰੂਪ[12]। ਬਨਾਹੀ ਨੈਤੀ[13]‡ ਨਾਮ ਅਨੂਪ। ਦ੍ਵੈ ਸੁਤ ਇਨਤੇ ਉਤਪਤਿ ਹੋਏ। ਸ਼੍ਰੀ ਹਰਿਰਾਇ ਧੀਰ ਮਲ ਦੋਏ ॥੭॥ ਟਿਕਨੇ ਪਿਤਾਮੇ[14] ਤੇ ਗੁਰ ਪੋਤਾ। ਦੀਨ ਦੁਨੀ ਥੰਭਿ ਭਾਰ ਖਲੋਤਾ । ਕੀਰਤ ਪੁਰਿ ਮਹਿ ਜਨਮੁ ਭਯੋ ਹੈ। ਸ਼੍ਰੀ ਹਰਿਰਾਇ ਗੁਰੂ ਸੁ ਥਿਯੋ ਹੈ ॥ ੯ ॥ ਬਹੁ ਦਾਸਨ ਕੋ ਕਰਿ ਬਖਸ਼ੀਸ਼। ਹੁਤੇ ਰੰਕ[15] ਜੇ ਭਏ ਮਹੀਸ਼[16]। ਬਨਾਹੀ ਮਹਿਲਾ ਅਸ਼ਟ§ ਮਹਾਨੀ। ਕਿਸ਼ਨ ਕੁਇਰ, ਕੋਟਿ

---

[1]–੧੬੬੩। [2]ਜੇਠ। [3]ਸ਼ਜਰਾ, ਬੰਸਾਵਲੀ। [4]ਮਾਲਕ। [5]ਮਹਾਂਬਲੀ। [6]ਕੱਦ। [7]ਸੁਸ਼ੀਲ ਸੁਭਾਵ ਵਾਲੀਆਂ। [8]ਸਹਿਤ ਆਦਰ। [9]ਸ਼ੇਰ ਵਾਂਗ। [10]ਇਕੱਤੀ ਸਾਲ। [11]–੧੬੯੫। [12]ਰੂਪਵਾਨ=ਸੁੰਦਰ। [13]ਨਾਮ ਹੈ ਬੀਬੀ ਦਾ। [14]ਦਾਦੇ ਤੋਂ। [15]ਕੰਗਾਲ। [16]ਰਾਜੇ।

*ਵੇਖੋ ਰਾਸ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦੇ ਵਿਆਹਾਂ ਪਰ ਟੂਕ।

†ਛੇਵੇਂ ਗੁਰਾਂ ਦੀ ਇਕ ਸਪੁੱਤ੍ਰੀ ਬੀਬੀ ਵੀਰੋ ਜੀ ਬੀ ਸੀ।

‡ਪਾ:—ਨੱਤੀ।

§ਇਹ ਗੈਣਤੀ ਬੀ ਗ਼ਲਤ ਹੈ, ਵਿਸ਼ੇਸ਼ ਵੇਖੋ ਸ਼੍ਰੀ ਗੁਰੂ ਹਰਿਰਾਇ ਜੀ ਦੇ ਪ੍ਰਸੰਗ ਵਿਚ ਰਾਸ ੧੦ ਅੰਸੂ ੧੩ ਅੰਕ ੯ ਤੇ ਰਾਸ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ।

ਕੱਲ੍ਯਾਨੀ ॥੯॥ਤੋਖੀ, ਅਪਰ ਅਨੋਖੀ ਨੀਕੀ[1]।ਰਾਮਕੁਇਰ*, ਅਰੁ ਨਾਮ ਲਡੀਕੀ। ਸਪਤਮਿ ਹੈ ਸ੍ਰੀਪ੍ਰੇਮਕੁਮਾਰੀ। ਅਸ਼ਟਮ ਚੰਦਕੁਇਰ ਸੁਖਕਾਰੀ† ॥ ੧੦ ॥ ਦ੍ਵੈ ਸੁਤ ਸ੍ਰੀ ਹਰਿਰਾਇ ਉਪਾਏ। ਰਾਮਰਾਇ ਹਰਕ੍ਰਿਸ਼ਨ ਸੁਹਾਏ। ਜਗ[2] ਜਨਮੇ ਕੀਰਤਿਪੁਰਿ ਮਾਂਹੀ।ਬ੍ਰਿਧੇ ਸਰੀਰ ਸੁਖਦ ਬਲ ਤਾਂਹੀ[3]॥੧੧॥ ਸੰਮਤ ਤ੍ਰੈ ਬਿੰਸਤ[4] ਖਟ ਮਾਸ । ਦਿਵਸ ਚਤੁਰ ਦਸ ਲੈ ਸੁਖਰਾਸ[5]। ਗੁਰਤਾ ਗਾਦੀ ਪਰ ਥਿਤਿ ਰਹੇ। ਸ੍ਰੀ ਹਰਿਰਾਇ ਦਾਸ ਦੁਖ ਦਹੇ॥੧੨॥ ਸੰਮਤ ਸੱਤ੍ਰਹ ਸਤ ਅਸ਼ਟਾਦਸ਼[6]। ਕਾਤਕ ਵਦਿ ਨਵਮੀ ਮਹਿ ਸੁਖ ਬਸਿ। ਸ੍ਰੀ ਹਰਿ ਕ੍ਰਿਸ਼ਨ ਤਖਤ ਗੁਰਿਆਈ।ਬੈਠੇ ਸਿਸੁ[7]ਅਤਿ ਬੈਸ ਸੁਹਾਈ॥੧੩॥ ਦਿੱਲੀ ਮਹਿਂ ਗਮਨੇ ਕਿਸਿ ਹੇਤ । ਤਹਿਂ ਤਨ ਤ੍ਯਾਗਨੋ ਕ੍ਰਿਪਾਨਿਕੇਤ । ਜੁਗ ਸੰਮਤ[8] ਅਰੁ ਪੰਚ ਮਹੀਨੇ। ਦਿਨ ਉਨੀਸ ਗੁਰਤਾ ਪਦ ਕੀਨੇ॥੧੪॥ ਦੋਹਰਾ ॥ ਸੰਮਤ ਸੱਤ੍ਰਾ ਸੈ ਬਿਤੇ ਊਪਰ ਬੀਸਰੁਏਕ[9]। ਚੇਤ ਸੁਦੀ ਚੌਦਸ ਦਿਵਸ਼ ਸ੍ਰੀ ਗੁਰੁ ਜਲਧਿ ਬਿਬੇਕ[10] ॥ ੧੫ ॥ ਚੌਪਈ॥ਏਕ ਜਾਮ ਖਟ ਘਟੀ ਬਿਤਾਏ। ਨਿਸਾ[11] ਬਿਖੇ ਸ੍ਰੀ ਗੁਰੂ ਸਮਾਏ।'ਬਾਬਾ'ਕਹਨੋ'ਬਕਾਲੇ ਮਾਂਹਿ[12]'। ਸਤਿਗੁਰ ਤੇਗ ਬਹਾਦਰ ਤਾਂਹਿ ॥ ੧੬ ॥ ਅਰਪਤਿ ਭਏ ਤਿਨਹਿ ਗੁਰਿ- ਆਈ। ਤਖਤ ਬਿਰਾਜੇ ਸਿਖ ਸੁਖਦਾਈ[13] । ਸ੍ਰੀ ਗੁਰ ਹਰਿ ਗੋਬਿੰਦ ਕੇ ਨੰਦ[14] । ਸੋਢੀ ਬੰਸ਼ ਗਗਨ[15] ਕੇ ਚੰਦ ॥ ੧੭ ॥ ਮਾਤ ਨਾਨਕੀ ਜਿਨ ਕੀ ਜਾਨਿ।ਜਨਮ ਸੁਧਾਸਰ ਪੁਰਿ ਕੇ ਥਾਨਿ।ਸ੍ਰੀ ਗੁਜਰੀ ਮਹਿਲਾ ਸ਼ੁਭ ਬਨਾਹੀ। ਤਪ ਕੋ ਤੇਜ ਪੁੰਜ ਜਿਨ ਮਾਂਹੀ॥੧੮॥ ਤਿਨ ਕੇ ਪੁੱਤ੍ਰ ਭਏ ਬਡ ਸੂਰੇ। ਦੇਗ ਤੇਗ ਦੁਹੂਅਨ ਕੇ‡ਪੂਰੇ। ਜਿਨ ਧਰਿ ਕਲਗੀ ਸ਼ੱਤ੍ਰ ਬਿਦਾਰੇ[16] । ਤੁਰਕ ਪਹਾਰੀ ਅਰੇ ਸੁ ਮਾਰੇ ॥੧੯॥ ਇਮ ਸ੍ਰੀ ਤੇਗ ਬਹੱਾਦਰਭਏ।ਦਾਸ ਅਨੇਕ ਉਧਾਰਨ ਕਏ। ਸੰਮਤ ਦਸ ਅਰ ਸਪਤ ਮਹੀਨਾ।ਦਿਨ ਇਕੀਸ ਗੁਰਤਾ ਪਦ ਲੀਨਾ॥ ੨੦ ॥ ਤਨ ਤ੍ਯਾਗਨ ਕੋ ਸਮੋ ਸੁ ਪਾਇ। ਤੁਰਕੇਸ਼ੁਰ

---

[1]ਸ੍ਰੇਸ਼ਟ। [2]ਦੋਵੇਂ। [3]ਸੁਖ ਦਾਤੇ ਸਰੀਰ ਵਡੇ ਹੋਏ ਓਸੇ ਥਾਂ ( ਭਾਵ ਕੀਰਤਪੁਰ ਵਿਚ)। [4]੨੩ । [5]ਭਾਵ ਗੁਰੂ ਜੀ। [6]–੧੭੧੮। [7]ਬਾਲਕ ( ਅਵਸਥਾ )। [8]ਦੋ ਸਾਲ। [9]–੧੭੨੧। [10]ਗਿਆਨ ਦੇ ਸਮੁੰਦਰ। [11]ਰਾਤ੍ਰੀ । [12]ਬਾਬਾ ਬਕਾਲੇ ਵਿਚ ਹੈ (ਸਤਿਗੁਰੂ ਤੇਗ ਬਹਾਦਰ ਜੀ)। [13]ਸਿੱਖਾਂ ਨੂੰ ਸੁਖ ਦੇਣ ਵਾਲੇ ( ਗੁਰੂ ਤੇਗ ਬਹਾਦਰ ਜੀ )। [14]ਸਪੁੱਤਰ। [15]ਅਕਾਸ਼। [16]ਵੈਰੀ ਨਾਸ਼ ਕੀਤੇ।

*ਪਾ:–ਚੰਦ ਕੁਇਰ, ਜੋ ਅਸ਼ੁਧ ਜਾਪਦਾ ਹੈ।

†ਪਾ:–ਸੁਖਿਆਰੀ।

‡ਪਾ:–ਮੇਂ।

ਸਿਰ ਦੋਸ਼ ਚਢਾਇ। ਹਿੰਦਵਾਨੇ ਕੀ ਰਾਖਨ ਕਾਨ[1]। ਦਿਯੋ ਸੀਸ ਜਨੁ ਕਰਿਕੈ ਦਾਨ ॥ ੨੧ ॥ ਸੰਮਤ ਸੱਤ੍ਰਾ ਸਹਸ ਬਤੀਸ[2]। ਮੰਗਸਿਰ[3]* ਸੁਦੀ ਪੰਚਮੀ ਬੀਸ†। ਸੁਰਗੁਰ[4] ਦਿਵਸ ਜਾਮ ਜੁਗ[5] ਆਵਾ। ਊਪਰ ਘਟਿਕਾ ਏਕ ਬਿਤਾਵਾ ॥ ੨੨ ॥ ਸਤਿਗੁਰ ਤੇਗ ਬਹਾਦਰ ਰਾਇ। ਦਿੱਲੀ ਪੁਰ ਮਹਿਂ ਮਿਸ ਦਿਖਰਾਇ।ਤਨ ਕੋ ਤ੍ਯਾਗ ਬਿਕੁੰਠ ਸਿਧਾਰੇ। ਦੇਵਨ 'ਜੈ ਜੈ' ਸ਼ਬਦ ਉਚਾਰੇ ॥੨੩ ॥ ਅੰਧ ਧੁੰਧ[6] ਜਗ ਖਰਭਰ[7] ਪਰਯੋ‡। ਤੁਰਕਨ ਬਿਖੈ ਤ੍ਰਾਸ ਬਹੁ ਕਰਯੋ।'ਹਾਇ ਹਾਇ' ਸਭਿ ਕਰਿ ਨਰ ਨਾਰੀ। ਤੁਰਕੇਸ਼ੁਰ ਕੋ ਦੈਂ ਬਹੁ ਗਾਰੀ ॥੨੪॥ ਤਿਸ ਦਿਨ ਤੇ ਉੱਤਮ ਨਰ ਜਾਨਾ।–ਹਤਿ ਭਾ ਰਾਜ ਤੇਜ ਤੁਰਕਾਨਾ[8]–।ਦਿੱਲੀ ਪੁਰਿ ਕੋ ਤ੍ਯਾਗਿ ਨੁਰੰਗਾ।ਬਾਹਰ ਨਿਕਸਿ ਰਹ੍ਯੋ ਡਰ ਸੰਗਾ॥੨੫॥ ਪ੍ਰਵਿਸ਼੍ਯੋ ਪੁਰਿ ਨ ਆਇਕੈ ਸੋਯੋ।ਬਡ ਪਾਪੀ ਨਿਜ ਸਭਿ ਕਿਛ ਖੋਯੋ।ਸਤਿਗੁਰੁ ਕੋ ਕਰਿਕੈ ਅਪਰਾਧੂ।ਹੋਯੋ ਸ਼੍ਰੀਹਤਿ ਦੁਸ਼ਟ ਅਸਾਧੂ[9] ॥੨੬॥ ਜਿਮ ਰਾਵਨ ਦੀਰਘ ਮਦ ਮਾਨੀ[10]। ਛਲ ਬਲ ਤੇ ਸੀਤਾ ਹਰਿ ਆਨੀ[11]। ਕਰਿ ਰਘੁਬਰ ਕੋ ਦੋਸ਼ ਮਲੀਨਾ[12]। ਸਕਲ ਸਮਾਜ ਨਾਸ਼ ਕਰਿ ਲੀਨਾ॥ ੨੭॥ਪਤਿਸ਼ਾਹਤਿ ਬਹੁਪੁਸ਼ਤਨ ਕੇਰੀ[13]।ਸਭਿ ਜਗਦ੍ਰੋਹੀ ਫਿਰਹਿ ਘਨੇਰੀ। ਸੁਰਪਤਿ[14] ਸਮ ਐਸ਼੍ਵਰਜ ਪ੍ਰਕਾਸ਼ਾ। ਗੁਰੂ ਦ੍ਰੋਹ ਤੇ ਕੀਨਸਿ ਨਾਸ਼ਾ ॥੨੮॥ ਸ਼੍ਰੀ ਗੁਰ ਤੇਗ ਬਹਾਦਰ ਪਾਛੈ। ਸ਼੍ਰੀ ਗੋਬਿੰਦਸਿੰਘ ਭੇ ਗੁਰ ਆਛੈ। ਸ਼੍ਰੀਗੁਜਰੀ ਤੇ ਜਨਮ ਲਿਯੋ ਹੈ। ਪੁਰਿ ਪਟਨੇ ਮਹਿਂ ਖੇਲ ਕਿਯੋ ਹੈ ॥ ੨੯ ॥ ਬ੍ਰਿਧਯੋ[15]

---

[1]ਲਾਜ। [2]–੧੭੩੨। [3]ਮੱਘਰ। [4]ਵੀਰਵਾਰ। [5]ਦੋਪਹਿਰਾ। [6]ਹਨੇਰੀ ਤੇ ਅੰਧਕਾਰ। [7]ਘਬਰਾਹਟ। [8]ਉੱਤਮ ਪੁਰਸ਼ਾਂ ਨੇ ਜਾਣ ਲਿਆ ਕਿ ਹੁਣ ਤੁਰਕਾਂ ਦੇ ਰਾਜ ਦਾ ਤੇਜ ਨਾਸ਼ ਹੋਇਆ। [9]ਅਸਾਧ ਦੁਸ਼ਟ (ਔਰੰਗਜੇਬ) ਆਪਣੀ ਵਿਭੂਤੀ ਨੂੰ (ਆਪ) ਤਬਾਹ ਕਰਨੇ ਵਾਲਾ ਹੋਇਆ। [10]ਮਦ ਵਿਚ ਮੱਤਿਆ ਹੋਇਆ। [11]ਹਰਿਕੇ ਲੈ ਆਂਦੀ। [12]ਰਾਮਚੰਦ ਦਾ ਅਪਰਾਧ ਕਰਕੇ (ਮੈਲਾ=) ਪਾਪੀ ਹੋ ਗਿਆ ਤੇ। [13]ਪੀੜ੍ਹੀਆਂ ਵਾਲੀ। [14]ਇੰਦ੍ਰ। [15]ਵਧਿਆ।

*ਪਾঃ–ਮਗਸਰ। †ਪਾঃ–ਬੀਸ। ਸ਼ਾਯਦ ਬੀਸ ਤੋਂ ਮੁਰਾਦ ਵੀਹ ਪ੍ਰਵਿਸ਼ਟੇ ਦੀ ਹੋਵੇ, ਪਰ ਬਾਰਵੀਂ ਰਾਸ ਵਿਚ ਕਵਿ ਜੀ 'ਮੱਘਰ ਪੰਚਮੀ ਸੁਦੀ ਪਛਾਨਹੁ' ਹੀ ਤਾਰੀਖ ਦੇਂਦੇ ਹਨ। (ਅ) ਬੀਸ=ਵੀਸ ਵਿਸਵੇ, ਭਾਵ ਨਿਸ਼ਚਿਤ। ‡ਗੁਰੂ ਜੀ ਦੇ ਸੀਸ ਦੇਣ ਪਰ ਦਿੱਲੀ ਵਿਚ ਹਨੇਰੀ ਚੱਲੀ, ਅੰਧਕਾਰ ਛਾਇਆ, ਦਿਨ ਵੇਲੇ ਤਾਰੇ ਦਿੱਸੇ, ਪ੍ਰਿਥਵੀ ਕੰਬੀ, ਤਵਾਰੀਖ ਮੁਹੀਤ ਆਜ਼ਮ ਤੇ ਸੈਰੁਲ ਮੁਤਾਖ਼ਰੀਨ ਦੇ ਕਰਤਾ ਮੁਸਲਮਾਨਾਂ ਨੇ ਭੀ ਇਹ ਲਿਖਿਆ ਹੈ, ਵੇਖੋ ਤਵਾਰੀਖ ਖਾਲਸਾ ਸਫਾ ੧੪੧੬।

ਸਰੀਰ ਬਹੁਰ ਚਲਿਆਇ।ਮਦ੍ਰਦੇਸ਼[੧]ਨਿਰਖੇ* ਹਰਖਾਏ[੨]।ਤੀਨਭਾਰਜਾ† ਜਿਨ ਘਰ ਹੋਈ। ਨਾਮ ਅਜੀਤੋ ਦੀਰਘ[੩] ਸੋਈ ॥੩੦॥ ਪੁੱਤ੍ਰ ਤੀਨ ਉਪਜੇ ਬਲ ਭਾਰੀ। ਮਨਹੁੰ ਅਗਨਿ ਤੀਨਹੁੰ[੪] ਤਨ ਧਾਰੀ। ਅਪਰ ਸੁੰਦਰੀ ਨਾਮ ਪਛਾਨੋ। ਸ਼ੁਭ ਮਤਿ ਪਤਿਬ੍ਰਤ ਧਰਮ ਨਿਧਾਨੋ[੫] ॥ ੩੧ ॥ ਤਿਸਕੇ ਸੁਤ ਅਜੀਤ ਸਿੰਘ ਹੋਵਾ। ਬਹੁ ਰਿਪੁ ਹਤਿ[੬] ਜੋ ਰਨ ਮਹਿ ਸੋਵਾ[੭]‡। ਤੀਸਰ ਸਾਹਿਬ ਦੇਵੀ ਦਾਰਾ। ਤਾਂਹਿ ਖਾਲਸਾ ਪੁੱਤ੍ਰ ਅਪਾਰਾ ॥੩੨॥ ਇਮ ਸਾਹਿਬ ਦਸਮੇ ਪਤਿਸ਼ਾਹੂ। ਤੁਰਕਨ ਸੌਂ ਰਣ ਕਰਿ ਉਤਸਾਹੂ। ਅਨਿਕ ਪ੍ਰਕਾਰਨ ਕੀਨ ਅਖਾਰੇ। ਕਰਿ ਪੁਰਸ਼ਾਰਥ[੮] ਕੋ ਰਿਪੁ ਮਾਰੇ ॥ ੩੩ ॥ ਪੰਥ ਖਾਲਸਾ ਉਤਪਤਿ ਕਰਿਕੈ। ਤੁਰਕ ਤੇਜ ਕੀ ਜੜ੍ਹਾਂ ਉਖਰਿਕੈ। ਬਰਖ ਬਤੀਸ ਇਕਾਦਸ਼ ਮਾਸ। ਜਗ ਮਹਿੰ ਕੀਨਸਿ ਧਰਮ ਪ੍ਰਕਾਸ਼ ॥੩੪॥ ਸਿੱਖਨ ਅਨੇ-ਕਨਿ ਕੋ ਗਤਿ[੯]ਦੀਨੀ। ਦੁਖ ਤੇ ਬਚੇ ਸ਼ਰਨ ਜਿਨ ਲੀਨੀ। ਸੱਤ੍ਰਹ ਸਹਸ ਪੈਸਠਾ[੧੦]ਊਪਰ।ਕਾਤਿਕ ਸ਼ੁਦਿ ਪੰਚੈ ਦਿਨ ਸੁਰਗੁਰ[੧੧]॥੩੫॥ਰਹੀ ਜਾਮਨੀ ਜਾਮ ਸਵਾ ਜਬਿ[੧੨]। ਸੱਚਿਖੰਡ ਪਹੁੰਚੇ ਸ੍ਰੀ ਗੁਰ ਤਬਿ। ਅਵਿਚਲ ਨਗਰ ਨਾਮ ਸ਼ੁਭ ਥਾਨ।ਭਯੋ ਦੇਹੁਰਾ ਜੋਤਿ ਮਹਾਨ॥੩੬॥ਸ੍ਰੀ ਹਰਿਰਾਇ ਪਾਇ§ ਗੁਰਿਆਈ।ਤਬਹੁ ਨੁਰੰਗੇ ਦਿੱਲੀ ਪਾਈ।ਪਤਿਸ਼ਾਹਿਤ ਕਹੁ ਮਾਲਕ ਭਯੋ। ਰਾਜ ਤੇਜ ਜਿਨ ਬਡ ਬਿਰਧਯੋ[੧੩]॥੩੭॥ਬਹੁਤਨਿ ਕੈ[੧੪]ਕਰਿਕੈ ਅਪਰਾਧੂ॥ ਮਹਾਂ ਕੁਕਰਮਿ, ਕਸ਼ਟ ਦੇ ਸਾਧੂ[੧੫]।ਗੁਰ ਘਰ ਸੋਂ ਬਹੁ ਦ੍ਰੋਹ ਕਮਾਵਾ।ਕਰਨੋ ਅਕਰਮ ਦੁਸ਼ਟ ਦੁਖ ਪਾਵਾ ॥ ੩੮ ॥ ਸੁਨਿ ਸਭਿ ਸਿੰਘ ਪ੍ਰਸੰਨ ਮਹਾਨਾ। ਹਾਥ ਜੋਰਿ ਕੈ ਬਾਕ ਬਖਾਨਾ। ਨੌ ਗੁਰ ਕੀ ਸਭਿ ਕਥਾ ਬਖਾਨੋ। ਤੁਮ ਸਰ-ਬੱਗਜ ਸਰਬ ਹੀ ਜਾਨੋ ॥ ੩੯ ॥ ਇਹ ਸਭਿ ਪ੍ਰਥਮੇ ਕਥਾ ਸੁਨੱਯੈ। ਗੁਰੁ

---

[੧]ਵੇਦਕ ਸਮੇਂ ਵਿਚ ਪੱਛਮ ਵਲ ਕਸ਼ਯਪ ਸਾਗਰ ਦੇ ਦੱਖਣ ਦਾ ਦੇਸ਼। ਪੁਰਾਣਾਂ ਅਨੁਸਾਰ ਰਾਵੀ ਤੇ ਜੇਹਲਮ ਦਾ ਵਿਚਲਾ ਦੇਸ਼। ਪਰੰਤੂ ਹਿੰਦੀ ਲਿਖਤਾਂ ਵਿਚ ਭਾਵ ਪੰਜਾਬ ਤੋਂ ਹੈ, ਜਿਸ ਵਿਚ ਓਹ ਅੰਬਾਲਾ, ਲੁਦਿਹਾਣਾ, ਫੀਰੋਜ਼ਪੁਰ, ਜਮਨਾ ਉਰਾਰਲਾ ਹਿੱਸਾ ਸ਼ਾਮਲ ਸਮਝਦੇ ਹਨ। [੨]ਦੇਖਿਆ ਤੇ ਖੁਸ਼ ਹੋਏ। [੩]ਵੱਡੀ। [੪]ਤਿਨਿ ਅਗਨੀਆਂ ਨੇ। [੫]ਖਜ਼ਾਨਾਂ। [੬]ਸ਼ਤ੍ਰੂ ਨਾਸ਼ ਕਰਕੇ। [੭]ਯੁੱਧ (ਭੂਮਕਾ) ਵਿਚ ਸੁੱਤਾ। [੮]ਬਲ। [੯]ਮੁਕਤੀ। [੧੦]—੧੭੬੫। [੧੧]ਵੀਰਵਾਰ। [੧੨]ਸਵਾ ਪਹਿਰ ਜਦੋਂ ਰਾਤ ਰਹੀ। [੧੩]ਵਧਾਇਆ। [੧੪]ਬਹੁਤਿਆਂ ਦਾ। [੧੫]ਕਸ਼ਟ ਦੇਣ ਵਾਲਾ ਭਲਿਆਂ ਪੁਰਸ਼ਾਂ ਨੂੰ। *ਪਾ:—ਬਿਲਸੇ। †ਤਿਨ ਵਿਆਹਾਂ ਪਰ ਵਿਚਾਰ ਰਾਸ਼ਿ ੪ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ ਵਿਚ ਦਿੱਤੀ ਗਈ ਹੈ। ‡ਪਾ:—ਜੋਵਾ। §ਪਾ:—ਪਾਸ।

ਚਰਿੱਤ੍ਰ ਕੀਨੋ,ਸਮਝੱਧੈ। ਜਨੋਂ ਜਨੋਂ ਭਏ ਕਹੋ ਸਭਿ ਕਥਾ। ਗੁਰੂ ਪ੍ਰਸੰਗ ਸੁਨਾਵਹੁ ਜਥਾ ॥ ੪੦ ॥ ਸੁਨੀ ਖਾਲਸੇ ਕੀ ਇਮਿ ਬਾਨੀ। ਸ੍ਰੀ ਗੁਰਬਖਸ਼ ਸਿੰਘ ਮਨ ਮਾਨੀ[੧]। ਕਥਾ ਸੁਨਾਵਨਿ ਲਾਗਯੋ ਸੋਈ। ਨੌ ਸਤਿਗੁਰ ਕੀ ਜਿਮਿ ਜਿਮਿ ਹੋਈ॥੪੧॥ਦੋਹਰਾ॥ਸੁਨਤਿ ਭਯੋ ਤਬਿ ਖਾਲਸਾ ਸ੍ਰੀ ਗੁਰੁ ਜਸੁ ਕੋ ਸ਼੍ਰੌਨ[੨]। ਪਠਹਿ ਸੁਨਹਿ ਮਨ ਮਹਿਂ ਗੁਨਹਿ ਪੂਰਹਿ ਕਾਮਨਾ ਤੌਨ[੩]॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਗੁਰ ਪਰਨਾਲੀ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

## ੯. [ਗੁਰੂ ਅੰਗਦ ਜੀ ਦੀ ਕਥਾ। ਖਡੂਰ ਵਿਚ ਛੁਪਣਾ ਤੇ ਪ੍ਰਗਟ ਹੋਣਾ]

ਦੋਹਰਾ ॥ ਏਕੋ ਰੂਪ ਸੁ ਦਸਮ ਗੁਰੁ ਪਾਰਬ੍ਰਹਮ ਆਨੰਦ। ਪਦ ਅਰਬਿੰਦ ਮੁਕੰਦ ਬਰ ਬੰਦੌਂ ਦ੍ਵੈ ਕਰ ਬੰਦ ॥੧॥ ਸੈਯਾ॥ ਸ੍ਰੀ ਗੁਰ ਨਾਨਕ ਪੂਰਨ ਤੇ ਗੁਰਤਾ ਗੁਰੁ ਅੰਗਦ ਨੇ ਜਬਿ ਪਾਈ। ਧਯਾਨ ਰਿਦੈ ਗੁਰ ਮੂਰਤਿ ਕੋ ਠਹਿਰਾਇ ਲਿਯੋ ਜਬ ਦੀਨ ਬਿਦਾਈ[੪]। ਬੇ ਬਸ ਹ੍ਵੈ ਬਿਛਰਯੋ ਗੁਰਤੇ ਅਸ਼ਟਾਂਗ[੫]ਕਰੀ ਮੁਖ ਕੌ ਰਜ[੬] ਲਾਈ।ਨੀਰ ਬਿਲੋਚਨ[੭]ਭੂਰ[੮]ਬਿਮੋਚਤਿ[੯]ਸੋਚਤਿ ਪ੍ਰੇਮ ਮਹਾਂ ਉਮਗਾਈ[੧੦] ॥ ੨ ॥ ਜੀਵ ਸ਼ਰੀਰ ਮਨੋ ਬਿਛਰਯੋ ਬਿਰਹਾਕੁਲ[੧੧]ਤੇ ਉਰ ਬਯਾਕੁਲ ਭਾਰੇ।–ਬੋਲਬ[੧੨]ਨਾਹਿ ਬਨੈ ਗੁਰ ਅੱਗ੍ਰਜ–ਸੰਕਟ ਤੂਸ਼ਨਿ ਠਾਨਿ ਸਹਾਰੇ। ਆਇਸੁ ਮਾਨਿਬੋ ਧਰਮ ਧਰਯੋ,ਤਜਿ ਨਾਂਹਿ ਸਕੈਂ,ਨਹਿਂ ਬਾਕ ਉਚਾਰੇ।ਹੋਇ ਬਿਦਾ ਤਤਕਾਲ ਚਲੇ ਨਿਜ ਗ੍ਰਾਮ ਖਡੂਰ ਕੇ ਪੰਥ ਪਧਾਰੇ ॥੩॥ ਆਵਤਿ ਹੈਂ ਚਿਤ ਮੈਂ ਚਿਤਵੰਤਤਿ[੧੩]–ਸ੍ਰੀ ਗੁਰ ਰੂਪ ਸੁਭਾਉ ਕ੍ਰਿਪਾਲਾ। ਦੀਨ ਪੈ ਦਯਾਲ, ਪਛਾਨਤਿ ਘਾਲ ਕੋ,ਸੇਵਕ ਕੇ ਬਸਿ ਪ੍ਰੇਮ ਬਿਸ਼ਾਲਾ।ਚਾਹਤਿ ਹੈਂ ਪ੍ਰਸਥਾਨ ਬਿਕੁੰਠ ਕੋ ਮੋਹਿ ਬਡਾਈ ਦੈ ਕੀਨਿ ਨਿਰਾਲਾ।ਸੰਕਟ ਬਯੋਗ[੧੪] ਕੁ ਮੋਹਿ ਬਧਯੋ,ਬਸ ਨਾਂਹਿ ਚਲੈ ਤਿਨ ਕੇ ਬਚ ਨਾਲਾ–॥ ੪॥ ਸ੍ਰੀ ਗੁਰ ਅੰਗਦ ਬੀਚ ਖਡੂਰ ਕੇ ਆਇ ਪ੍ਰਵੇਸ਼ ਭਏ ਨਿਜ ਥਾਈਂ।ਮੌਨ ਧਰੇ ਨਹਿਂ ਕੌਨ ਮਿਲੈਂ,ਬਿਚ ਭੌਨ ਬਰੇ ਪਿਖ ਮਾਈ ਭਿਰਾਈ। ਬੂਝਤਿ ਸ੍ਰੀ ਗੁਰ ਨਾਨਕ ਕੀ ਸੁਧ'ਕੌਨ ਸੇ ਥਾਨ ਤਜੇ ਸੁਖਦਾਈ?। ਕਯੋਂ

[੧]ਮੰਨ ਲਈ। [੨]ਕੰਨੀਂ। [੩]ਉਸ ਦੀ। [੪](ਗੁਰ ਨਾਨਕ ਜੀ ਨੇ) ਜਦੋਂ ਕਰਤਾਰ ਪੁਰੋਂ ਵਿਦਾਇਗੀ ਦਿੱਤੀ। [੫]ਡੰਡੌਤ। [੬]ਧੂੜੀ। [੭]ਨੇਤ੍ਰਾਂ ਤੋਂ। [੮]ਬਹੁਤਾ। [੯]ਛੁਟਦਾ ਹੈ। [੧੦]ਬੜੇ ਉਮਾਹ ਵਿਚ ਪ੍ਰੇਮ ਨੂੰ ਹੀ ਸੋਚਦੇ ਹਨ। (ਅ) ਗੁਰੂ ਜੀ ਦੇ ਸ੍ਵਰੂਪ ਨੂੰ (ਸੋਚਿਤ=) ਚੇਤੇ ਕਰਕੇ ਬੜਾ ਪ੍ਰੇਮ ਉਮਗਦਾ ਹੈ। [੧੧]ਵਿਛੋੜੇ ਦੀ ਆਕੁਲਤਾ (ਦੁਖ) ਤੋਂ (ਅ) ਸਾਰੇ (ਭਾਵ ਵਡੇ) ਵਿਛੋੜੇ ਤੋਂ। [੧੨]ਬੋਲਣਾ। [੧੩]ਚਿਤਵਦੇ ਹੋਏ। [੧੪]ਵਿਛੋੜੇ ਦਾ ਦੁੱਖ।

ਤੁਮ ਕੋਠਰੀ ਆਨਿ ਥਿਰੇ ਮਨ ਭੰਗ[1] ਅਹੈ ਮੁਖ ਨਾ ਬਿਕਸਾਈ?' ॥ ੫ ॥ ਤੂਸ਼ਨਿ ਠਾਨਿ ਭਨ੍ਯੋ ਕੁਛ ਨਾਂਹਿਨ, ਆਨਨ ਦੀਰਘ ਸ੍ਵਾਸ ਭਰ੍ਯੋ। ਲੋਚਨ ਨੀਰ ਬਿਮੋਚਤਿ, ਸੋਚਤਿ, ਲੋਚਤਿ ਹੈਂ ਚਿਤ ਮੇਲ ਕਰ੍ਯੋ। ਐਸ ਦਸ਼ਾ ਪਿਖਿ ਜਾਨੀ ਰਿਦੇ ਤਿਨ–ਸ਼੍ਰੀ ਗੁਰ ਨਾ ਇਸ ਲੋਕ ਥਿਰ੍ਯੋ। ਆਪਨੇ ਧਾਮ ਬਿਕੁੰਠ ਗਏ ਇਨ ਬਜੋਗ[2] ਭਯੋ ਦੁਖ ਦੀਹ ਧਰ੍ਯੋ–॥੬॥ ਫੇਰ ਭਿਰਾਈ ਨੇ ਬੂਝਨ ਕੀਨਸਿ'ਸ਼੍ਰੀ ਗੁਰ ਕੋ ਪਰਲੋਕ ਭਯੋ?'।ਯੌ ਸੁਨਿਕੈ ਗੁਰਅੰਗਦ ਨੇ ਤਬਿ ਤਾਂਹੀ ਕੇਸੰਗ ਬਖਾਨ ਕਯੋ।'ਮੋਹਿ ਕਛੂ ਨਹਿੰ ਭਾਵਤਿਹੈ,ਦਿਖਿਬੇ ਸੁਨਿਬੇ ਚਿਤ ਖੇਦ ਬਿਧੋ[3]। ਅੰਤਰਿ ਹੋਇ ਇਕੰਤ ਨਿਰੰਤਰ ਬੈਠ੍ਯੋ ਚਹੌਂ ਇਹੁ ਮੇਰੋ ਹਿਯੋ[4] ॥ ੭ ॥ ਜ੍ਯੋਂ ਬਿਸਫੋਟ[5] ਪਕ੍ਯੋ ਦੁਖ ਦੇਤਿ ਹੈ ਚੋਟ ਲਗੇ ਪੁਨ ਹ੍ਵੈ ਅਧਿਕਾਈ। ਤਿਉਂ ਬਿਵਹਾਰ, ਬਿਲੋਕਨਿ, ਬੋਲਨਿ, ਸ਼੍ਰੌਨ ਸੁਨੈ ਮੁਝ ਹ੍ਵੈ ਬਿਕੁਲਾਈ[6]।ਕੋਠੜੀਕੋ ਦਰ ਸੋ ਚਿਨ ਦੇਹੁ[7],ਕਹੋ ਕਿਸ ਪਾਸ ਨ, ਕੈਸੇ ਬਤਾਈ[8]। ਮੋ ਪਰ ਯੌਂ ਉਪਕਾਰ ਕਰੋ ਬਿਚ ਬੈਠਿ ਰਹੌਂ ਜਿਮਿ ਹ੍ਵੈ ਨ ਲਖਾਈ[9]' ॥ ੮ ॥ ਬੂਝਨਿ ਕੀਨ ਭਿਰਾਈ ਨੇ ਫੇਰ 'ਇਕੰਤ ਰਹੋ ਥਿਤ ਹ੍ਵੈ ਇਸ ਥਾਈਂ।ਕ੍ਯੋਂ ਦਰ ਕੋ ਚਿਨਵਾਵਤਿ ਹੋ,ਇਹ ਬਾਤ ਬਨੈ ਨਹਿੰ,ਸੰਕਟ ਪਾਈ'। ਸ਼੍ਰੌਨ ਸੁਨੇ ਤਿਸ ਤੇ ਕਿਯ ਤੂਸ਼ਨਿ[10] ਫੇਰ ਨਹੀਂ ਕੁਛ ਬਾਨੀ ਅਲਾਈ।ਬੈਠਿ ਰਹੇ ਜੁਗ ਲੋਚਨਮੂੰਦ,ਮਨੋ ਸ਼ਿਵਮੂਰਤਿ ਧ੍ਯਾਨ ਲਗਾਈ[11] ॥ ੯ ॥ ਸ਼੍ਰੀ ਗੁਰ ਕੋ ਰੁਖ਼ ਜਾਨਿ ਤਬੈ ਦਰ ਕੋ ਚਿਨਿ[12] ਕੀਨੋ ਹੈ ਬੰਦ ਭਿਰਾਈ। ਫੇਰ ਕਰ੍ਯੋ ਇਕ ਸਾਰ ਭਲੇ ਬਹੁ ਪੰਕ[13] ਲਗਾਇ ਕੈ ਕੀਨ ਲਿਪਾਈ। ਕੋਇ ਨ ਜਾਨਿ ਸਕੈ ਦਰੁ ਕੋ ਇਸ ਭਾਂਤਿ ਕਿਯੋ ਜਿਮਿ ਸ਼੍ਰੀ ਗੁਰ ਭਾਈ[14]। ਬੀਤਿ ਗਏ ਇਸਿ ਰੀਤ ਛਿਮਾਸ ਅਲੋਪ ਭਏ, ਨਹਿੰ ਕਾਹੂ ਲਖਾਈ॥੧੦॥ ਬੁੱਢੇ* ਆਦਿਕਜੇ ਗੁਰ ਕੇ ਸਿਖ ਹੋਤਿ ਭਏ ਇਕਠੇ ਸਮੁਦਾਇ। ਸ਼੍ਰੀ ਗੁਰੁ ਮੂਰਤਿ ਡੀਠ[15] ਨ ਆਵਤਿ ਸੋ ਭਟਕੰਤਿ ਰਿਦੇ ਮੁਰਝਾਏ। ਕੀਨ ਬਿਚਾਰ ਭਲੇ ਸਭਿ ਹੂੰ ਮਿਲਿ,'ਆਪ ਗੁਰੂ ਬਹੁ ਬਾਰ ਬਤਾਇ।–ਮੇਰੋ ਸਰੂਪ ਪਿਖੋ ਤਨ ਅੰਗਦ, ਭੇਦ ਨਹੀਂ ਇਕ ਮੇਕ ਬਨਾਏ॥ ੧੧ ॥ ਮੋਕਹੁ

---

[1]ਢੱਠਾ ਹੋਇਆ। [2]ਵਿਛੋੜਾ। [3]ਦੁਖ ਹੁੰਦਾ ਹੈ। [4]ਮੇਰਾ ਜੀ ਕਰਦਾ ਹੈ। [5]ਫੋੜਾ [ ਸੰਸਃ ਵਿਸ੍ਫੋਟ ]। [6]ਵਿਆਕੁਲਤਾ। [7]ਬੰਦ ਕਰ ਦੇਹੁ। [8](ਕੋਈ, ਕਿਵੇਂ ਪਿਆ ਪੁੱਛੇ। [9]ਪਤਾ ਨਾ ਲੱਗੇਜਿਵੇਂ। [10]ਚੁੱਪ ਕੀਤੀ। [11]ਮਾਨੋਂ ਸ਼ਿਵ ਦੀ ਮੂਰਤੀ ਧਿਆਨ ਲਾਈ ਬੈਠੀ ਹੈ, ਭਾਵ ਅਚੱਲ ਸਮਾਧੀ ਤੇ ਹੈ। [12]ਚਿਣ ਕੇ। [13]ਗਾਰਾ। [14]ਚਾਹਿਆ ਸੀ। [15]ਨਜ਼ਰ। *ਪਾः–ਬੁੱਢਿ ਤਿ। ਬੁੱਢੇ ਤੇ।

ਸੇਵਨਿ ਚਾਹਤਿ ਜੋ ਗੁਰ ਅੰਗਦ ਸੇਵਹੁ ਪ੍ਰੇਮ ਕਰੇ–'। ਬੁੱਢੇ ਕਹ੍ਯੋ 'ਨਿਜ
ਥਾਨ ਸਥਾਪ੍ਯੋ ਹੈ ਤਾਂਹਿ ਸਰੀਰ ਮੈਂ ਆਪ ਬਰੇ[1] । ਖੋਜਹੁ ਕੌਨ ਸਥਾਨ
ਅਹੈ'' ਸੁਨਿ ਕੈ ਸਿਖ ਕੇਤਿਕ ਗ੍ਰਾਮ ਫਿਰੇ।ਪ੍ਰੇਮ ਤੇ ਚੌਂਪ ਬਧੀ ਹਿਤ ਹੇਰਨਿ,
ਪ੍ਰੇਰਨ ਕੀਨ ਪ੍ਰਮੋਦ ਧਰੇ[2]॥੧੨॥ਦੋਹਰਾ॥ ਮਿਲਿ ਕਰਿ ਸਭਿਨਿ ਬਿਚਾਰਿਓ
–ਗ੍ਰਾਮ ਖਡੂਰ ਮਝਾਰ। ਨਿਕਟਿ ਭਿਰਾਈ ਹੋਹਿੰਗੇ,ਅਪਰ[3]ਨ ਸੁਨੀਏ ਸਾਰ
–॥੧੩॥ ਸੈਯਾ॥ ਬੁੱਢੇ ਤੇ ਆਦਿਕ ਜੇ ਸਮੁਦਾਇ ਗਏ ਸਭਿ ਸਿੱਖ ਖਡੂਰ
ਮਝਾਰੀ।ਮਾਈ ਭਿਰਾਈ ਕੇ ਪਾਸ ਮਿਲੇ ਸਗਰੇ ਕਰ ਜੋਰਿ ਨਮੋ ਪਗ ਧਾਰੀ।
ਬੂਝਨ ਕੀਨਿ:–'ਕਹਾਂ ਗੁਰ ਅੰਗਦ? ਹੇਰਨ ਕੇ ਹਿਤ ਚਾਹਿ ਹਮਾਰੀ । ਹ੍ਵੈ
ਸਫਲੌ ਸਭਿ ਕੋ ਇਤਿ ਆਵਨਿ, ਪਾਵਨ ਪਾਵਨ* ਲੇਹਿਂ ਨਿਹਾਰੀ[4]' ॥
੧੪॥ਸ੍ਰੌਨ ਸੁਨੇ ਸਭਿਕੇ ਬਚਨਾ,ਨਹਿਂ ਬਾਕ ਕਹ੍ਯੋ ਤਿਨ ਸੰਗ ਭਿਰਾਈ[5]।
ਮੌਨ ਕਰੇ ਮੁਖਬੈਠਿ ਰਹੀ,ਬਿਚ ਭੌਨ ਥਿਰੇ ਸਿਖ ਜੋ ਸਮੁਦਾਈ।ਜਾਨਿ ਗਏ
ਮਨ ਮਾਂਹਿ ਤਬੈ,–ਗੁਰਅੰਗਦ ਜੀ ਕਿਤ ਹੈਂ ਇਸਥਾਈਂ–। ਫੇਰਕਰੀ
ਬਿਨਤੀ ਕਰ ਜੋਰਿਕੈ.'ਮਾਈ ਜੀ!ਸ੍ਰੀ ਗੁਰ ਦੇਹੁ ਬਤਾਈ'॥੧੫॥ਬੈਨ ਕਹ੍ਯੋ
ਨਹਿ ਭੈ ਕਰਿਕੈ,ਸਭਿਹੂ ਮਿਲਿ ਬਾਤ ਬਿਚਾਰਨਿ ਠਾਂਨੀ।–ਸ੍ਰੀਗੁਰ ਅੰਗਦ
ਕੀ ਬਰਜੀ[6] ਮਰਜੀ ਬਿਨ ਕਯੋਂ ਸੁ ਬਤਾਇ ਨਿਸ਼ਾਨੀ–। ਬੁੱਢੇ ਨਿਹਾ-
ਰਨ ਕੀਨ ਇਤੈ ਉਤ ਕੋਠੜੀ ਦੇਖਿ ਚਹੂੰਦਿਸ਼ਿ ਜਾਨੀ।–ਬੰਦ ਇਹੀ ਦਰ
ਜਾਨ੍ਯੋ ਪਰੈ ਗੁਰੁ ਹੋਇਂ ਤੁ ਹੋਇਂ ਥਿਰੇ ਇਸ ਥਾਨੀ[7]–॥ ੧੬॥ ਫੇਰ ਮਿਲੇ
ਸਭਿ ਸੋਂ ਨਿਰਨੈ ਕਰਿ 'ਹੈਂ ਨਿਸ਼ਚੇ ਇਸ ਕੋਠੜੀ ਮਾਂਹੀ'। ਬੰਦਨ ਠਾਨਿ
ਭਨੀ ਬਿਨਤੀ'ਮਮ ਨਾਮ ਬੁਢਾ ਲਖਿ ਆਯੋ ਇਹਾਂ ਹੀ। ਸ੍ਰੀ ਗੁਰ ਨਾਨਕ
ਦੀਨ ਮੁਝੇ ਬਰ,–ਮੈਂ ਜਹਿਂ ਹੋਵੌਂ ਪਛਾਨੈਂ ਤਹਾਂ ਹੀ। ਸੰਗਤਿ ਮੇਰੀ ਸਦੀਵ
ਕਰੋ ਜੋਈ ਰੂਪ ਧਰੋਂ ਗੁਪਤੈ ਤੁਵ ਨਾਂਹੀ[8]–॥੧੭॥ਆਪ ਅਲੋਪ ਭਏ ਜਬਿ
ਤੇ ਤਬਤੇ ਬਹੁ ਬ੍ਯਾਕੁਲ ਦੇਖੇ ਬਿਨਾ। ਆਨਿ ਭਏ ਤੁਮ ਗੋਪ ਇਹਾਂ,ਕਿਤ
ਸੰਗਤਿ ਜਾਇ ਅਧੀਰ ਮਨਾ ।ਖੋਜਿ ਫਿਰੇ ਬਹੁ ਚਿੰਤ ਕਰੇ,ਨਹਿ ਦੇਖਤਿ
ਭੇ ਕਿਸ ਥਾਨ ਜਨਾ[9]। ਆਵਹੁ ਬਾਹਿਰ ਰੂਪ ਦਿਖਾਵਹੁ ਸੇਵਹਿਂ ਸਿੱਖ
ਅਨੰਦ ਘਨਾ' ॥੧੮॥ ਯੌਂ ਕਹਿ ਬੁੱਢੇ ਨੇ ਆਪਨੈ ਹਾਥ ਉਖਾਰਿ, ਚਿਨ੍ਯੋ

[1]ਵੜੇ। [2]ਅਨੰਦ ਨਾਲ ਪ੍ਰੇਰੇ (ਘੱਲੇ) ਹੋਏ (ਭਾਈ ਬੁੱਢੇ ਦੇ)। [3]ਹੋਰਥੇ। [4]ਪਵਿੱਤ੍ਰ ਚਰਨਾਂ ਨੂੰ ਦੇਖ ਲਈਏ। [5]ਭਿਰਾਈ ਨੇ। [6]ਵਰਜੀ ਹੋਈ ਹੈ। [7]ਇਸ ਥਾਂ ਵਿਚ। [8]ਕਿਉਂਕਿ ਤੁਸੀਂ ਸਦਾ ਮੇਰੀ ਸੰਗਤ ਕਰਦੇ ਹੋ, ਜੋ ਰੂਪ ਮੈਂ ਧਾਰਾਂ, ਤੁਹਾਥੋਂ ਲੁਕਿਆ ਨਹੀਂ ਰਹੇਗਾ। [9]ਕਿਸੇ ਥਾਂ ਨਹੀਂ ਦਿੱਸੇ ਸਿੱਖਾਂ ਨੂੰ।

*ਪਾ:–ਪਾਵਨ ਪਾਦ ਸੁ।

ਦਰ[1] ਖੋਲਨਿ ਕੀਨਾ। ਬੈਠੇ ਸਮਾਧਿ ਅਗਾਧਿ[2] ਕਰੇ ਕਵਲਾਸ ਕੇ ਊਪਰ ਸ਼ੰਭੁ ਅਸੀਨਾ[3]। ਸ਼ਾਂਤਿ ਬ੍ਰਿਤੀ, ਸਮੁਦਾਇ ਰਿਖੀਕ ਅਚੰਚਲ[4] ਹੈਂ, ਇਕ ਰੂਪ ਬਿਲੀਨਾ[5]। ਹੋਰਿ ਸਭੈ ਕਰ ਜੋਰਿ[6] ਖਰੇ, ਅਭਿਬੰਦਨ ਠਾਨਹਿਂ[7] ਹੋਇ ਪ੍ਰਸੀਨਾ[8]॥੧੯॥ 'ਨਾਂਹਿ ਸਮਾਧਿ ਅਗਾਧਿ ਛੁਟੀ' ਪੁਨਿ ਮਾਈ ਭਿਰਾਈ ਕੇ ਸਾਥ ਕਹੈਂ:–'ਆਪ ਕਹੋ ਜਿਮਿ ਬਾਹਰ ਆਵਹਿਂ,ਦੀਨਦਿਆਲ ਕੀ ਬਾਨਿ ਅਹੈ'। ਕੀਨ ਸਭੈ ਬਿਨਤੀ ਕਰ ਜੋਰਿ 'ਕਰੋ ਕਰੁਨਾ ਗਨ ਸਿੱਖਨ ਚਹੈਂ। ਬੈਠਿ ਸਿੰਘਾਸਨ ਜਯੋਂ ਕਮਲਾਸਨ[9], ਦੇਹੁ ਦਿਦਾਰ ਕਲੁਖ ਦਹੈਂ[10]॥੨੦॥ ਦਾਸ ਉਧਾਰਨ ਕੋ ਇਸ ਕਾਰਨ ਆਪ ਗੁਰੂ ਨੇ ਦਈ ਗੁਰ ਗਾਦੀ। ਸੋ ਅਬ ਕਾਰਜ ਕਯੋਂ ਨ ਕਰੋ ਪਰਮਾਰਥ ਕੇ ਹਿਤ ਸਿੱਖਨ ਅਬਾਦੀ।ਦਾਸਨਿ ਕੋ ਉਪਦੇਸ਼ ਬਤਾਵਹੁ ਨਾਮ ਜਪਾਵਹੁ ਜੋ ਪਰਮਾਦੀ[11]। ਸੰਗਤਿ ਬ੍ਰਿੰਦ ਕੀ ਪੰਗਤਿ ਮੈਂ ਥਿਤਿ ਹੋਇ ਕਰੀਜਹਿ ਮੰਗਲ ਸ਼ਾਦੀ[12]॥ ੨੧॥ ਦਾਸਨ ਕੀ ਬਿਨਤੀ ਸੁਨਿਕੈ ਗਿਨਤੀ ਤਜਿ ਆਨ ਸੁ ਬਾਹਰ ਆਇ।ਪੀਤ ਹੈ ਰੰਗ, ਸੁ ਦੂਬਰੇ ਅੰਗ, ਉਮੰਗ ਮਹਾਂ ਗੁਰ ਜਯੋਂ ਦਰਸਾਏ[13]। ਦੇਖਤਿ ਭੇ ਤਿਨਿ[14] ਦਾਸਨ ਕੋ ਗੁਰ ਨਾਨਕ ਪਾਸ ਜੁ ਥੇ ਸਮੁਦਾਇ।ਪ੍ਰੇਮ ਪ੍ਰਵਾਹਿ[15] ਬਧਯੋ ਉਰ ਮੈਂ ਉਚਰਯੋ ਤਬਿ ਏਕ ਸ਼ਲੋਕ ਬਨਾਇ॥ ੨੨॥

ਸ੍ਰੀ ਮੁਖਵਾਕ ॥ ਮ: ੨ ॥

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ੨ ॥

ਸੈਯਾ॥ਸ੍ਰੀ ਮੁਖ ਤੇ ਇਮ ਬੋਲਿ ਪ੍ਰਭੁ ਸਭਿ ਬੀਚ ਗੁਰੂ ਤਬਿ ਬੈਠਿ ਗਏ। ਜੋ ਸਿੱਖ ਹੈਂ ਸਮੁਦਾਇ ਤਹਾਂ ਤਿਨ ਦੇ ਦਰਸ਼ਨ ਪਰਸੰਨ ਕਏ*।ਧੀਰਜ ਦੀਨ 'ਭਜੋ ਸਤਿਨਾਮੁ',ਰਹੇ ਤਿਸ ਧਾਮੁ, ਅਹਾਰ[16] ਖਏ।ਦਾਸ ਲਗੇ ਪਗ ਸੇਵਨ

[1]ਬੰਦ ਦਰਵਾਜ਼ਾ। [2]ਡੂੰਘੀ। [3](ਮਾਨੋ) ਕੈਲਾਸ਼ ਪਰਬਤ ਤੇ ਸ਼ਿਵਜੀ ਇਸਥਿਤ ਹੋਏ ਹਨ। [4]ਇੰਦ੍ਰੀਆਂ ਚੰਚਲਤਾ ਤੋਂ ਰਹਿਤ ਹਨ। [5]ਲਿਵਲੀਨ। [6]ਹਥ ਜੋੜ। [7]ਨਮਸਕਾਰ ਕਰਦੇ ਹਨ। [8](ਤਾਂ ਜੋ) ਪ੍ਰਸੰਨ ਹੋਣ। [9]ਬ੍ਰਹਮਾ। [10]ਪਾਪ ਨਾਸ਼ ਹੋਣ। [11]ਭੁੱਲੇ ਹੋਏ ਜੋ ਹਨ। [12]ਅਨੰਦ ਮੰਗਲ। [13](ਭਾਵੇਂ) ਰੰਗ ਪੀਲਾ ਤੇ ਅੰਗ ਲਿੱਸੇ ਸਨ (ਤਦ ਬੀ ਸਿੱਖਾਂ ਨੂੰ ਜਦੋਂ) ਦਰਸ਼ਨ ਹੋਏ ( ਤਾਂ ਬੜੀ ) ਉਮੰਗ ਚੜ੍ਹ ਗਈ ( ਕਿਉਂਕਿ ) ਮਹਾਂ ਗੁਰ ( ਭਾਵ ਗੁਰ ਨਾਨਕ ) ਵਰਗੇ (ਗੁਰੂ ਜੀ) ਨਜ਼ਰ ਆਏ। (ਅ) ਰੰਗ ਪੀਲਾ ਤੇ ਅੰਗ ਲਿੱਸੇ ਹਨ, (ਪਰ) ਮਹਾਂ ਉਮੰਗ ਹੋਈ ਜਦੋਂ ਗੁਰੂ ਜੀ ਦੇ ਦਰਸ਼ਨ ਹੋਏ। [14](ਗੁਰੂ ਅੰਗਦ ਜੀ ਨੇ) ਡਿੱਠਾ। [15]ਪ੍ਰੇਮ ਦੀ ਲਹਿਰ। [16]ਪ੍ਰਸ਼ਾਦਿ। *ਪਾ:–ਭਏ।

ਕੋ,ਅਹੰਮੇਵ[੧]ਬਿਨਾ ਗੁਰਦੇਵ ਥਿਏ।੨੩॥ਜੋ ਸਿਖ ਸੇਵਕ ਸ਼੍ਰੀ ਗੁਰੁ ਨਾਨਕ ਸੋ ਸੁਨਿਕੈ ਸਭਿ ਆਵਤਿ ਹੈਂ। 'ਗਾਦੀ ਲਈ ਗੁਰਤਾ[੨] ਗੁਰ ਅੰਗਦ ਸੋ ਬਿਦਤੇ[੩]' ਸੁਨਿ ਪਾਵਤਿ ਹੈਂ। ਦੇਖਤਿ ਜੋਤਿ ਮਹਾਂ ਮੁਖ ਜਾਗਤਿ[੪],ਜਨੌਂ ਨਟ ਸਾਂਗ ਬਨਾਵਤਿ ਹੈਂ। ਏਕ ਹੀ ਬੇਖ ਅਨੇਕ ਧਰੇ ਸਭਿ ਲੋਕਨ ਕੋ ਬਿਰਮਾਵਤਿ ਹੈਂ[੫] ॥੨੪॥ ਗੁਰਤਾ ਰਥ ਪੈ ਗੁਰ ਸੂਰਜ ਦੂਸਰ ਮਾਸ[੬] ਬਿਤੇ ਤਨ ਰਾਜਤਿ ਹੈਂ[੭]। ਮੋਹਿ ਅੰਧੇਰ ਕੋ ਦੂਰ ਕਰੈਂ ਅਘ ਚੋਰ[੮] ਸ਼ਿਤਾਬ ਹੀ ਭਾਜਤਿ ਹੈਂ।ਬ੍ਰਿੰਦ ਖਿਰੇ ਅਰਬਿੰਦ ਮਹਾਂ ਸਿਖ[੯],ਪੇਚਕ ਨਿੰਦਕ[੧੦]ਲਾਜਤਿ ਹੈਂ।ਹੋਤਿ ਪ੍ਰਕਾਸ਼ ਚਹੂੰ ਦਿਸ਼ ਮੈਂ ਤਿਮ ਗਯਾਨ ਰਿਦੇ ਉਪਰਾਜਤਿ ਹੈਂ[੧੧] ॥੨੫॥ਸਾਰਬਭੌਮ[੧੨]ਮਹਾਂ ਮਹਿਪਾਲਕਿ[੧੩] ਪੋਸ਼ਿਸ਼[੧੪] ਪੂਰਬ[੧੫] ਕੀ ਤਜਿ ਕੈ। ਸੁੰਦਰ ਔਰ ਨਵੀਨ ਧਰੈ ਤਨ,ਆਇ ਸਭਾ ਥਿਤਿ ਹ੍ਵੈ ਸਜਿ ਕੈ। ਸ਼੍ਰੀ ਗੁਰ ਤਯੋਂ ਧਰਿ ਦੂਸਰੁ ਰੂਪ ਬਿਰਾਜਤਿ,ਸਿੱਖ ਸੁਖੀ ਜਜਿਕੈ[੧੬]। ਸੇਵਕ ਏਕ ਹੀ ਜਾਨਤਿ ਹੈਂ ਗਨ[੧੭] ਨਿੰਦਕ ਨੀਚ ਰਹੈਂ ਲਜਿਕੈ[੧੮] ॥੨੬॥ ਜੋਤਿ ਤੇ ਜੋਤਿ ਪ੍ਰਕਾਸ਼ ਰਹੀ ਜਿਮ ਲਾਗੇ ਮਸਾਲ ਤੇ ਦੂਜੀ ਮਸਾਲਾ। ਘਾਟ ਨ ਬਾਢ ਬਨੈ ਕਬਹੂੰ ਜੁਗ[੧੯] ਹੋਇ ਸਮਾਨ[੨੦] ਪ੍ਰਕਾਸ਼ ਬਿਸਾਲਾ। ਆਨਿ ਸੁਨੈਂ ਉਪਦੇਸ਼ ਕਿਤੇ ਨਰ ਜਾਗਿ ਉਠੇ ਜਿਨ ਭਾਗ ਸੁ ਭਾਲਾ[੨੧]।ਸ਼੍ਰੀ ਗੁਰ ਨਾਨਕ ਕੋ ਨਿਤ ਹੀ ਚਿਤਵੰਤਿ ਰਹੈਂ ਬਡ ਰੂਪ ਕ੍ਰਿਪਾਲਾ[੨੨]॥੨੭॥ ਚੌਪਈ॥ ਬੁੱਢੇ ਸੋਂ ਗੋਸ਼ਟ ਨਿਤਿ ਠਾਨੈ। 'ਸ਼੍ਰੀ ਸਤਿਗੁਰ ਕੇ ਚਲਿਤ[੨੩] ਮਹਾਨੈ। ਜਨਮ ਆਦਿ ਅਬ ਲਗਿ ਜੋ ਜਾਨੈ। ਸੋ ਸਭਿ ਰੀਤੀ ਭਲੇ ਬਖਾਨੈ[੨੪]' ॥੨੮॥ ਤਬਿ ਬੁੱਢਾ ਬੋਲਯੋ ਸੁਖ ਪਾਇ।'ਐਸੋ ਏਕ ਪੁਰਖ ਲਖਿ ਜਾਇ[੨੫]। ਬਾਲਾ ਜਾਟ ਵਸਹਿ ਤਲਵੰਡੀ। ਤਿਨਿ ਬਿਲਾਸ[੨੬] ਦੇਖਯੋ ਨਵਖੰਡੀ[੨੭] ॥ ੨੯॥ ਰਹਯੋ ਸੰਗਿ ਸਤਿਗੁਰ ਕੇ ਸਦਾ।ਸੋ ਤੁਮ ਦਰਸ ਆਇ ਹੈ ਜਦਾ।ਤਿਸਿ ਤੇ ਸੁਨਹੁ ਸਕ-

[੧]ਹੰਕਾਰ। [੨]ਗੁਰਿਆਈ। [੩]ਓਹ (ਗੁਰੂ ਅੰਗਦ ਜੀ) ਪ੍ਰਗਟ ਹੋਏ ਹਨ। [੪]ਦੇਖਦੇ ਹਨ (ਕਿ ਓਹੋ) ਮਹਾਨ ਜੋਤ (ਗੁਰ ਨਾਨਕ ਦੀ) ਮੁਖੜੇ ਤੇ ਜਾਗਦੀ ਹੈ। [੫]ਮੋਂਹਦੇ ਹਨ। [੬]ਮਹੀਨਾ। [੭]ਬਿਰਾਜ ਰਹੇ ਹਨ। [੮]ਪਾਪ ਰੂਪੀ ਚੋਰ। [੯]ਸਮੂਹ ਕਵਲਾਂ ਰੂਪੀ ਸਿੱਖ ਮਹਾਂ ਖਿੜੇ। [੧੦]ਉੱਲੂ ਰੂਪੀ ਨਿੰਦਕ। [੧੧]ਉਤਪਤ ਕਰਦੇ ਹਨ। [੧੨]ਸਾਰੀ ਪ੍ਰਿਥਵੀ ਦਾ ਚੱਕ੍ਰਵਰਤੀ [ਸੰਸਃ, ਸਾਰ੍ਵ ਭੌਮ]। [੧੩]ਵੱਡਾ ਰਾਜਾ। [੧੪]ਪੋਸ਼ਾਕ। [੧੫]ਪਹਿਲੀ। [੧੬]ਸਿੱਖ ਸੁਖੀ ਹੁੰਦੇ ਨੇ ਪੂਜ ਕੇ। [੧੭]ਸਮੂਹ। [੧੮]ਸ਼ਰਮਾ ਕੇ। [੧੯]ਦੋਵੇਂ। [੨੦]ਇਕੋ ਜਿਹੀ। [੨੧]ਮੱਥੇ ਦੇ ਸ੍ਰੇਸ਼ਟ ਭਾਗ। [੨੨]ਭਾਵ, ਸ਼੍ਰੀ ਗੁਰੂ ਅੰਗਦ ਸਾਹਿਬ ਜੀ। [੨੩]ਚਰਿੱਤਰ। [੨੪]ਚੰਗੀ ਤਰ੍ਹਾਂ ਕਹੇ। [੨੫]ਜਾਣਿਆ ਜਾਂਦਾ ਹੈ। [੨੬]ਕੌਤਕ। [੨੭]ਨਵਾਂ ਖੰਡਾਂ ਦਾ।

ਲ ਬਿਰਤੰਤਾ। ਜਥਾ ਚਰਿੱਤ੍ਰ ਕੀਨ ਭਗਵੰਤਾ[1]॥੩੦॥ਏਵਬਿਚਾਰਤਿ ਬਾਲਾ ਆਯੋ। ਗੁਰ ਪ੍ਰਸੰਗ ਤਿਨ ਸਕਲ ਸੁਨਾਯੋ। ਸੋ ਹਮ ਪੂਰਬਿ[2] ਹੀ ਕਹਿ ਆਏ। ਛੰਦ ਚੌਪਈ ਬੰਦ ਬਨਾਏ ॥ ੩੧ ॥ ਸ੍ਰੀ ਬਾਬਾ ਨਾਨਕ ਜੀ ਜੈਸੇ। ਕਰੇ ਪ੍ਰਸੰਗ ਸੁਨੇ ਸਭਿ ਤੈਸੇ। ਨਿਸ ਦਿਨ ਪ੍ਰੇਮ ਲਗਯੋ ਤਿਨ ਕੇਰਾ। ਸਿਮਰਹਿਂ ਸਤਿਗੁਰ ਸੰਝ ਸਵੇਰਾ ॥੩੨॥ ਸੁਨੀ ਜੰਨਮ ਸਾਖੀ ਗੁਰ ਸਾਰੀ। ਕੁਛ ਬਿਰਾਗ ਤੇ ਧੀਰਜ ਧਾਰੀ। ਜਿਨ ਸਿੱਖਨ ਕੇ ਭਾਗ ਬਿਸਾਲਾ। ਸੇਵਹਿਂ, ਬਾਨੀ ਸੁਨਹਿਂ ਰਸਾਲਾ ॥ ੩੩ ॥ ਤਊ ਗੁਰੂ ਅੰਗਦ ਇਸ ਰੀਤਾ। ਬੋਲਹਿਂ ਅਲਪ, ਨ ਠਾਨਹਿਂ ਪ੍ਰੀਤਾ । ਬਾਲਿਕ ਦਸ਼ਾ ਬਿਖੈ ਨਿਤਿ ਰਹੈਂ। ਹਰਖ ਸ਼ੋਕ ਜਿਨ ਲੇਸ਼ ਨ ਅਹੈ ॥ ੩੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਪ੍ਰਗਟ ਹੋਨ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥ ੯ ॥

੧੦ [ਗੁਰੂ ਜੀ ਦੀ ਨਿੱਤ ਕ੍ਰਿਯਾ। ਸਿੱਧਾਂ ਦਾ ਮੇਲ ਤੇ ਹੁਮਾਯੂੰ ਦਾ ਆਉਣਾ]

ਦੋਹਰਾ ॥ ਨਿਤਪ੍ਰਤਿ ਸ੍ਰੀ ਸਤਿਗੁਰੂ ਇਹ ਬਿਧਿ ਕਰਤਿ ਉਚਾਰ*।ਸੁਨਤਿ ਉਚਾਰਤਿ ਸਿੱਖ ਕੋ ਭਉਜਲ ਕਰਿ ਹੈਂ ਪਾਰ ॥੧॥ ਚੌਪਈ ॥ ਜਾਮ ਜਾਮਨੀ ਜਾਗ੍ਰਨ ਹੋਇ। ਸਿਹਜਾ ਤਜਹਿਂ ਸੈਨ ਕੀ[3]ਜੋਇ। ਕਰਹਿਂ ਸੌਚ, ਪੁਨ ਧੋਵਹਿ ਪਾਵਨ[4]। ਪਾਵਨ ਹੋਨੰ†, ਕਰਹਿਂ ਰਦਧਾਵਨ[5] ॥ ੨ ॥ ਬਹੁਰ ਬਦਨਅਰਬਿੰਦ ਪਖਾਰੈਂ।ਸੀਤਲ ਨੀਰ ਸ਼ਨਾਨ ਸੁਧਾਰੈਂ।ਨਿਜ ਅਨੰਦ ਮੈਂ ਨਿਸ਼ਚਲ ਹੋਇ।ਲਗਿ ਸਮਾਧਿ ਨਿਰਵਿਕਲਪ ਜੋਇ ॥ ੩ ॥ ਭਈ ਪ੍ਰਾਤਿ ਸੂਰਜ ਜਬਿ ਨਿਕਸਹਿ।ਕਮਲ ਬਿਲੋਚਨ ਸੁੰਦਰ ਬਿਕਸਹਿਂ।ਪ੍ਰਥਮ ਦ੍ਰਿਸ਼ਟਿ ਜਿਸ ਪਰ ਤਬਿ ਪਰੈ। ਰੋਗੀ ਰੋਗ ਦੁਖੀ ਦੁਖ ਹਰੈ।੪।ਆਧਿ ਬਯਾਧਿ ਬਾਧਾ ਜੋ ਪਾਵੈ ॥ ਜਾਨਿ ਸਮੋ ਆਗੇ ਚਲਿਆਵੈ।ਬਯਾਕੁਲ ਹੋਹਿ ਪੀਰ ਤੇ ਜੋਈ।ਦ੍ਰਿਸ਼ਟਿ ਪਰੇ ਸੁਖ ਪਾਵੈ ਤੋਈ ॥੫॥ ਭਈ ਜਗਤ ਮੈਂ ਬਿਦਤ ਸੁ ਬਾਤੀ[6]। ਆਇ ਅਨੇਕ ਖਰੇ ਹੁਇਂ ਪ੍ਰਾਤੀ।ਸੰਕਟ ਨਸ਼ਟਹਿ,ਸਦਨ ਸਿਧਾਰਹਿਂ।ਜਹਿਂ ਕਹਿਂ ਸ੍ਰੀ ਗੁਰ ਸੁਜਸ ਬਿਥਾਰਹਿਂ[7] ॥ ੬ ॥ ਬਹੁਰ ਰਬਾਬੀ ਕਿਰਤਨ ਗਾਵੈਂ। ਸੁਨਹਿਂ ਬੀਰ

---

[1]ਭਾਵ ਗੁਰ ਨਾਨਕ ਦੇਵ ਜੀ ਨੇ। [2]ਪਹਿਲੇ (ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ)। [3]ਸੋਣ ਦੀ। [4]ਭਾਵ ਹੱਥ ਪੈਰ। [5]ਦੰਦਾਂ ਨੂੰ ਸਾਫ ਕਰਨਾ (ਦਾਤਣ ਕਰਨਾ)। [6]ਵਾਰਤਾ। [7]ਫੈਲਾਵਨ।

*ਇਥੇ ਪਾਠ 'ਆਚਾਰ' ਠੀਕ ਜਾਪਦਾ ਹੈ ਕਿਉਂਕਿ ਅਗਲੀ ਤੁਕ ਵਿਚ ਦਸਦੇ ਹਨ ਕਿ ਗੁਰੂ ਕੀਆਂ ਇਨ੍ਹਾਂ ਕਰਨੀਆਂ ਦੀ ਕਥਾ ਜੋ ਸਿੱਖ ਸੁਣਦਾ ਤੇ ਕਰਦਾ ਹੈ ਉਸਨੂੰ ਆਪ ਭਉਜਲ ਤੋਂ ਪਾਰ ਕਰਨਗੇ। ਫਿਰ ਚੌਪਈ ਤੋਂ ਗੁਰੂ ਜੀ ਦੀ ਨਿਤ ਕ੍ਰਿਯਾ ਅਰੰਭਦੇ ਹਨ। ਪਰ ਲਿਖਤੀ ਤੇ ਛਾਪੇ ਦੇ ਨੁਸਖਿਆਂ ਵਿਚ ਪਾਠ-ਉਚਾਰ-ਹੀ ਦਿੱਤਾ ਹੈ

†ਪਾ:-ਹੋਇ।

ਸੰਗਤਿ ਹਰਖਾਵੈਂ।ਬੈਠੇ ਰਹੈਂ ਸਿੰਘਾਸਨ ਫੇਰ।ਸਿਖ ਸੰਗਤਿ ਸਭਿ ਦਰਸ਼ਨ ਹੇਰਿ॥੭॥ਦੋਹਰਾ॥ ਸ੍ਰੀ ਗੁਰ ਨਾਨਕ ਕੀ ਸਦਾ ਚਰਚਾ ਕਰਤਿ ਉਦਾਰ*। ਜਥਾ ਚਰਿੱਤ੍ਰ ਪਵਿੱਤ੍ਰ ਬਹੁ ਜਗ ਬਚਿੱਤ੍ਰ ਬਿਸਤਾਰ[1] ॥੮॥ ਚੌਪਈ॥ ਅਪਰ ਨ ਚਰਚਾ ਕੋਈ ਹੋਇ।.ਜਗ ਕਾਰਜ ਕੀ ਜੇਤਿਕ ਜੋਇ। ਸੂਪਕਾਰ[2] ਕਰਿ ਤਯਾਰ ਅਹਾਰੂ। ਸਭਿ ਰਸ ਪਾਕਹਿ,ਸ੍ਵਾਦ ਉਦਾਰੂ ॥੯॥ ਜਬਿ ਸੁਧਿ ਦੇਹਿ ਆਨ ਕਰਿ ਸੋਈ।'ਸ੍ਰੀਗੁਰ ਜੀ ਭਈਪਾਕ[3]ਰਸੋਈ'। ਉਠਿ ਕ੍ਰਿਪਾਲ ਤਿਹਿ ਸੰਗ ਸਿਧਾਰੈਂ।ਸਖਾ ਸਿੱਖ ਸੇਵਕ ਲੇ ਸਾਰੈ॥੧੦॥ਚਤੁਰਬਰਨ ਤਹਿੰਸਮਸਰ[4] ਬੈਸਹਿਂ।ਜੈਸੇ ਰੰਕ,ਰਾਵ ਭੀ ਤੈਸਹਿਂ।ਮਾਟੀ ਕੇ ਬਾਸਨ[5]ਹੁਇੰ ਸਾਰੇ। ਪੱਤ੍ਰਨ ਮਹਿਂ ਅਰ ਲੇਹਿਂ ਅਹਾਰੇ॥੧੧॥ਜੋ ਚੌਂਕੇ ਮਹਿਂ ਅਚਹਿ ਰਸੋਈ।ਗੁਰੂ ਸਮੀਪ ਜਾਇ ਨਹਿਂ ਸੋਈ।ਪੰਕਤਿ ਬੀਚ ਬੈਠਿ ਗੁਰ ਖਾਹਿਂ। ਏਕ ਸਮਾਨ ਅਸਨ[6] ਅਚਵਾਹਿਂ॥੧੨॥ ਪਾਇਸੁ[7]†ਹੋਵਹਿ ਬੀਚ ਰਸੋਈ‡। ਸੀਤ ਪ੍ਰਸ਼ਾਦਿ[8]ਖਾਹਿ ਸਭਿ ਕੋਈ। ਪੁਨ ਜਲ ਪਾਨ ਚੁਰੀ ਕਰਿ ਲੇਹਿਂ। ਉਠੇਹਿਂ ਗੁਰੂ ਪੁਨ ਏਵ ਕਰੰਹਿਂ ॥ ੧੩ ॥ ਗ੍ਰਾਮ ਬਾਲਕੇ ਲੇਹਿਂ ਬੁਲਾਇ। ਹਰਖ ਸ਼ੋਕ ਜਿਨ ਹੋਇ ਨ ਕਾਇ।ਤਿਨ ਸੋਂ ਮਿਲਿਕਰਿ ਖੇਲਹਿਂ ਖੇਲ।ਹੋਹਿਂ ਪ੍ਰਸੰਨ ਮਿਲਹਿਂ ਸਿਸ

---

[1]ਜਿਸ ਤਰ੍ਹਾਂ ਗੁਰੂ ਜੀ ਦੇ ਪਵਿਤ੍ਰ ਚਰਿੱਤ੍ਰਾਂ ਦਾਂ ਖੂਬਸੂਰਤ ਫੈਲਾਉ ਸੀ। [2]ਰਸੋਈਆ। [3]ਪੱਕ ਗਈ। [4]ਇਕੋ ਜਿਹੇ। [5]ਭਾਂਡੇ। [6]ਭੋਜਨ। [7]ਖੀਰ। [8]ਸੀਤ ਪ੍ਰਸ਼ਾਦ=ਕਿਰਤ ਪ੍ਰਸ਼ਾਦ=ਥੋੜਾ ਜਿਹਾ ਪ੍ਰਸ਼ਾਦ। ਖਾਲਸਈ ਬੋਲੇ ਵਿਚ ਖਾਣੇ ਨੂੰ ਕਹਿੰਦੇ ਹਨ, ਕਿਉਂਕਿ ਖਾਸ ਵਹਿਗੁਰੂ ਦੀ ਮੇਹਰ ਨਾਲ ਪ੍ਰਾਪਤ ਹੁੰਦਾ ਹੈ, ਸੀਤ ਪ੍ਰਸ਼ਾਦ ਦਾ ਅਰਥ ਹੈ ਥੋੜਾ ਜਿਹਾ ਬਾਂਟਾ ਜੋ ਖਾਣੇ ਵਿਚੋਂ ਮਿਲੇ। ਜਾਪਦਾ ਹੈ ਕਿ ਇਥੇ ਪਾਠ 'ਮਾਸ' ਹੀ ਸੀ ਤੇ ਲੰਗਰ ਵਿਚ ਬਣਦਾ ਸੀ, ਪੰਕਤਿ ਵਿਚ ਛਕਣ ਵਾਲੇ ਥੋੜਾ ਥੋੜਾ ਲੈਂਦੇ ਸਨ। ਗੁਰੂ ਅਮਰ ਦੇਵ ਜੀ ਨੇ ਪ੍ਰੀਖ੍ਯਾ ਜਦ ਕੀਤੀ ਹੈ ਤਾਂ ਇਹੋ ਸੀ ਕਿ ਮੇਰੇ ਅੱਗੇ ਮਾਸ ਨਾ ਰੱਖ੍ਯਾ ਜਾਵੇ। ਪਰ ਜੇ ਅਸਲ ਪਾਠ ਪਾਇਸੁ ਸੀ, ਤਦ ਅਚਰਜ ਨਹੀਂ ਕਿ ਏਥੇ ਪਾਠ ,ਕਸ਼ੀਰ ਪ੍ਰਸ਼ਾਦਿ' ਹੋਵੇ ਕਿ ਖੀਰ ਰਿਝਦੀ ਸੀ ਤੇ ਖੀਰ ਦਾ ਛਾਂਦਾ ਸਭ ਕਿਸੇ ਨੂੰ ਮਿਲਦਾ ਸੀ। ਹਰ ਹਾਲ ਵਿਚ ਮਾਸ ਵਿਹਤ ਯਾ ਅਵਿਹਤ ਦਾ ਝਗੜਾ ਸਿਖ ਧਰਮ ਵਿਚ ਦੂਸਰੇ ਮਤਾਂ ਵਾਂਙੂ ਨਹੀਂ, ਇਸ ਕਰਕੇ ਪੱਖ ਵਾਦੀਆਂ ਨੂੰ ਝਗੜਨ ਦੀ ਲੋੜ ਨਹੀਂ। (ਅ) ਗੁਰੂ ਜੀ ਦੇ ਛਕੇ ਵਿਚੋਂ ਛਾਂਦਾ। *ਪਾ:-ਉਚਾਰ।

†ਇਕ ਨੁਸਖੇ ਵਿਚ ਪਾਠ ਸੋਧਕੇ 'ਮਾਸ ਸੁ' ਲਿਖਿਆ ਹੈ, ਇਕ ਵਿਚ ਲਿਖਾਰੀ ਦਾ ਲਿਖਿਆ 'ਮਾਸ ਸੁ' ਹੈਸੀ, ਪਰ ਹੜਤਾਲ ਲਾਕੇ 'ਪਾਇਸੁ' ਬਨਾਯਾ ਹੋਇਆ ਹੈ।

‡ਟਿੱਕੇ ਦੀ ਵਾਰ ਵਿਚ ਬੀ ਲਿਖਿਆ ਹੈ-ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

ਮੇਲ[1]॥੧੪॥ਪਹਿਰ ਤੀਸਰੋ ਏਵ ਬਿਤਾਵਹਿਂ।ਪਹਿਲਵਾਨ ਤਬਿ ਗੁਰੂ ਬੁਲਾ-ਵਹਿਂ। ਮਿਲਹਿਂ ਆਇ ਬਹੁ ਪਰਹਿ ਅਖਾਰਾ। ਭਿਰਹਿਂ[2] ਆਪ ਮਹਿਂ ਬਲ ਧਰਿ ਭਾਰਾ ॥ ੧੫ ॥ ਕਹਿ ਕਹਿ ਤਿਨਹੁ ਭਿਰਾਵਨ[3] ਠਾਨਹਿਂ। ਕੁਸ਼ਤੀ ਕਰਤਿ ਜੀਤਿ ਕਿਹ ਹਾਨੈ[4]। ਜਾਮ ਦਿਵਸ ਕੇ ਰਹੇ ਬਹੋਰੀ। ਸ਼੍ਰੀ ਗੁਰਦੇਵ ਤਜਹਿਂ ਤਿਸ ਠੌਰੀ ॥ ੧੬ ॥ ਸਭਾ ਬਿਖੈ ਸ਼ੁਭ ਆਸਨ ਬੈਸੇਂ। ਮੁਨਿ ਗਨਿ ਸਹਤ ਸ਼ੰਭੁ[5] ਹੁਇ ਜੈਸੇ। ਚਹੁੰ ਦਿਸ਼ ਪਰਵਾਰਤਿ[6] ਸਿਖ ਆਇ। ਰੁਚਿਰ ਰਬਾਬੀ ਰਾਗਨਿ ਗਾਇਂ ॥੧੭॥ ਸਕਲ ਪ੍ਰੇਮ ਕਰਿ ਸੁਨਹਿਂ ਸੁ ਦਾਸ। ਜਿਨ ਤੇ ਬ੍ਰਿੰਦ[7]ਬਿਕਾਰ ਬਿਨਾਸ਼। ਸੰਧਯਾ ਸਮੈਂ ਸੁ ਹੋਇ ਇਕੰਤ। ਨਿਜ ਸਰੂਪ ਮਹਿਂ ਲੈ[8] ਭਗਵੰਤ ॥ ੧੮ ॥ ਬੈਠਹਿਂ ਏਕਾਕੀ ਇਕ ਜਾਮ। ਪੁਨ ਪ੍ਰਯੰਕ ਪਰ ਕਰਹਿਂ ਅਰਾਮ। ਇਸ ਪ੍ਰਕਾਰ ਨਿਸ ਦਿਵਸ ਬਿਤਾਵਹਿਂ। ਸਿੱਖਜਨ ਤੇ ਸਤਿਨਾਮੁ ਜਪਾਵਹਿਂ॥੧੯॥ਆਪਨ ਢਿਗ ਮਾਯਾ ਵਿਵਹਾਰ। ਜ਼ਿਕਰ ਨ ਹੋਨ ਦੇਹਿਂ ਕਿਸਿ ਵਾਰ[9]।ਹਰਖ ਸੋਗ ਜੇਤਿਕ ਬਿਧਿ ਨਾਨਾ।ਇਨਕੋ ਸਿੱਖਨ ਨ ਕਰਹਿਂ ਬਖਾਨਾ ॥੨੦॥ ਇਕ ਰਸ ਬ੍ਰਿਤਿ ਸਮਾਨ ਜਿਨ ਕੇਰੀ।ਰਾਗ ਨ ਦ੍ਵੈਸ਼, ਮਿੱਤ੍ਰ ਨਹਿਂ ਬੈਰੀ। ਸਦਾ ਅਨੰਦ ਪ੍ਰੇਮ ਰਸ ਪਾਗੇ। ਸ਼੍ਰੀ ਨਾਨਕ ਜਸ ਸੋਂ ਨਿਤਿ ਲਾਗੇ ॥੨੧॥ ਗੋਰਖ ਆਦਿ ਸਿੱਧਨ ਬਡ ਪੂਰੇ। ਇਕ ਦਿਨ ਕਰਿ ਬਿਚਾਰ ਸਭਿ ਰੂਰੇ।-ਸ਼੍ਰੀ ਨਾਨਕ ਗਾਦੀ ਪਰ ਜੌਨ। ਕੈਸੋ ਅਹੈ ਬਿਲੋਕਹਿਂ ਤੌਨ॥੨੨॥ਆਪ[10]ਸੁ ਹੁਤੇ ਮਹਿਦ ਮਹਿਯਾਨ[11]।ਕਰਿ ਦਿਗਬਿਜੈ[12]ਪੁਜੇ[13] ਸਭਿ ਥਾਨ। ਪੀਰ ਨ ਮੀਰ ਅਰਜੋ ਨਹਿਂ ਆਗੇ। ਹਾਰ ਸਰਬ ਚਰਨੀ ਤਿਨ ਲਾਗੇ-॥੨੩॥ ਇਮਿ ਬਿਚਾਰਿ ਸਭਿ ਹੀ ਚਲਿ ਆਏ। ਸਤਿਗੁਰੁ ਕੋ ਨਿਜ ਦਰਸ ਦਿਖਾਏ। ਗੋਰਖ, ਭਰਥਰਿ,ਚਰਪਟ ਸਾਥਿ। ਗੋਪੀਚੰਦ,ਸੁ ਈਸ਼ੁਰ ਨਾਥ॥੨੪॥ ਆਏ ਸਤਿਗੁਰੁ ਲੈਨਿ ਪ੍ਰਤੱਗਜਾ[14]।ਪਾਇ ਪ੍ਰਤੀਤ ਭਰਮ ਉਰ ਭੱਗਜਾ। ਸ਼੍ਰੀ ਅੰਗਦ ਸਿੰਘਾਸਨ[15]ਬੈਸੇ।ਆਇ ਕਹੀ'ਆਦੇਸ਼ ਅਦੇਸ਼'॥੨੫॥ ਤਿਨਿ ਕੇ ਮਨ ਕੀ ਸਭਿ ਗੁਰ ਜਾਨੀ। ਸਾਦਰ ਮਧੁਰ ਭਾਖਿ ਕਰਿ ਬਾਨੀ। ਬੈਠਾਰੇ ਆਸਨ ਸ਼ੁਭ ਦਏ। ਗੋਰਖ ਆਦਿ ਪ੍ਰਸੰਨ ਮਨ ਭਏ॥੨੬॥ ਕਹਿਂ

---

[1]ਲੜਕਿਆਂ ਦੇ ਨਾਲ ਮਿਲਕੇ। [2]ਘੁਲਦੇ ਹਨ। [3]ਘੁਲਾਵਣਾ। [4]ਹਾਰ ਹੋਵੇ। [5]ਸਮੂਹ ਮੁਨੀਆਂ ਸਮੇਤ ਸ਼ਿਵਜੀ। [6]ਉਦਾਲੇ ਆ ਬੈਠਦੇ ਹਨ। [7]ਸਾਰੇ। [8]ਲੀਨ ਹੁੰਦੇ ਹਨ। [9]ਕਿਸੇ ਵੇਲੇ। [10]ਭਾਵ ਗੁਰੂ ਨਾਨਕ ਜੀ। [11]ਬੜਿਆਂ ਤੋਂ ਬੜੇ। [12]ਹਰ ਪਾਸੇ ਜੈ ਕਰਕੇ। [13]ਪੂਜੇ ਗਏ। [14]ਪ੍ਰੀਖ੍ਯਾ [ਸੰਸ: ਪ੍ਰਤਿੱਗਜਾ=ਪ੍ਰਣ, ਪ੍ਰਤਿ=ਪਰਸਪਰ। ਗਜਾ=ਜਾਣਨਾ]। [15]ਗੱਦੀ।

'ਅਸ਼ਟਾਂਗਹਿ ਜੋਗ ਮਹਾਤਮ[1]। ਬਿਨਾ ਜੋਗ ਨਹਿੰ ਨਿਰਮਲ ਆਤਮ। ਪ੍ਰਿਥਮ ਸਕਲ ਜੇ ਭਏ ਮਹਾਨਾ।ਕਰਿ ਕਰਿ ਜੋਗ ਸੁ ਪਾਯੋ ਗਯਾਨਾ॥੨੭॥ ਤੁਮ ਕਲਿਜੁਗ ਮਹਿ ਭੇ ਅਵਿਤਾਰ। ਗੁਰਤਾ ਗਾਦੀ ਬੈਠਿ ਉਦਾਰ। ਜੋਗ ਜੁਗਤਿ ਨਹਿੰ ਪੰਥ ਤੁਮਾਰੇ। ਕਿਸ ਪ੍ਰਕਾਰ ਸਿਖ ਕਰਹੁ ਉਧਾਰੇ? ॥੨੮॥ ਬਿਨਾ ਜੋਗ ਸਿਧਿ[2] ਹਾਥ ਨ ਆਵਤਿ। ਬਿਨਾ ਜੋਗ ਬਿੱਗਯਾਨ[3] ਨ ਪਾਵਤਿ। ਗਯਾਨੀ ਸੰਤ ਅਨਿਕ ਜਗ ਭਏ। ਜੋਗ ਸਾਧ ਸੁ ਪਰਮਪਦ[4] ਲਏ' ॥ ੨੯ ॥ ਸੁਨਿ ਸ੍ਰੀ ਅੰਗਦ ਆਸ਼ੈ ਤਾਂਹੀ। ਕਹਨਿ ਲਗੇ 'ਅਬਿ ਸਮਾਂ ਸੁ ਨਾਹੀਂ। ਭਗਤਿ ਜੋਗ ਹੈ ਮਤੋ ਹਮਾਰਾ। ਸਿੱਧਾਂ ਸਰਬ ਰਹੈਂ ਦਰਬਾਰਾ[5]॥੩੦॥ ਆਤਮ ਗਯਾਨ ਭਗਤਿ ਹੀ ਦੇਤਿ। ਭਗਤਿ ਕਰਤਿ ਸਭਿ ਹੀ ਸੁਖ ਲੇਤਿ। ਨਾਮ ਆਸ਼ਰੈ ਜੋਗ ਤੁਮਾਰਾ। ਸੋ ਸਤਿਨਾਮ ਹਮਹੁੰ ਕੋ ਪਯਾਰਾ॥੩੧॥ਤਨ ਸਾਧਨ ਹਿਤ ਜੋਗ ਕਮਾਵਹੁ। ਪੁਨ ਮਨ ਜੀਤਹੁ ਨੀਠ[6] ਟਿਕਾਵਹੁ। ਸਿੱਧਿ[7] ਆਇ ਤਬਿ ਠਾਂਢੀ ਹੋਇ। ਤਿਨ ਸੋਂ ਪਰਚੋ ਤੁਮਰੋ ਜੋਇ ॥ ੩੨ ॥ ਬੈਸ[8] ਬਧਾਵਨ ਆਦਿਕ ਰਾਚੇ। ਜਗ ਦਿਖਰਾਇ ਮਾਨ ਕੋ ਜਾਂਚੇ। ਯਾਂਤੇ ਰਹੇ ਅਨਾਤਮ[9] ਮਾਂਹੀ। ਬ੍ਰਹਮਾਤਮ[10] ਕੋ ਜਾਨਹੁ ਨਾਂਹੀ ॥ ੩੩ ॥ ਜੋਗ ਜੁਗਤਿ ਤੇ ਛੂਛੇ ਰਹੇ। ਆਤਮ ਕੋ ਰਸ ਨਾਂਹਿਨ ਲਹੇ। ਜਿਮ ਸ੍ਰੀ ਨਾਨਕ ਜੋਗ ਬਖਾਨਾ। ਸੋ ਹਮ ਕਰਹਿੰ ਸੁਨਹੁ ਤੁਮ ਕਾਨਾ:- ॥ ੩੪ ॥

ਸ੍ਰੀ ਮੁਖਵਾਕ–ਸੂਹੀ ਮਹਲਾ ੧ ਘਰੁ ੭

ੴ ਸਤਿਗੁਰ ਪ੍ਰਸਾਦਿ ॥

ਜੋਗੁ ਨ ਖਿੰਥਾ[11] ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ[12] ॥ ਜੋਗੁ ਨ ਮੁੰਦੀ[13] ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ[14] ॥ ਅੰਜਨ[15] ਮਾਹਿ ਨਿਰੰਜਨਿ[16] ਰਹੀਐ ਜੋਗੁ ਜੁਗਤਿ ਇਵ ਪਾਈਐ ॥ ੧ ॥ ਗਲੀ[17] ਜੋਗੁ ਨ ਹੋਈ ॥ ਏਕ ਦ੍ਰਿਸਟਿ[18] ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥ ੧ ॥ ਰਹਾਉ ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ[19] ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੨ ॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ[20] ਵਰਜਿ

---

[1]ਫਲ। [2]ਸਿੱਧੀ। [3]ਪੂਰਾ ਗਯਾਨ। [4]ਪੂਰਨ ਪਦਵੀ (ਮੁਕਤੀ)। [5]ਸਿਧੀਆਂ ਸਭ ਦਰਬਾਰ ਵਿਚ (ਹਾਜ਼ਰ) ਰਹਿੰਦੀਆਂ ਹਨ। [6]ਮਸਾਂ ਮਸਾਂ। [7]ਸਿੱਧੀਆਂ। [8]ਉਮਰਾ। [9]ਜੋ ਆਤਮਾ ਨਹੀਂ ਹੈ। [10]ਬ੍ਰਹਮ ਤੇ ਆਤਮਾ ਨੂੰ। ਬ੍ਰਹਮ ਜੋ ਸਰਬ ਦਾ ਆਤਮਾ ਹੈ। [11]ਗੋਦੜੀ ਪਹਿਨਣ ਨਾਲ। [12]ਸੁਆਹ ਮਲਿਆਂ। [13]ਮੁੰਦਰਾ। [14]ਨਾਦ ਵਜੌਣ ਨਾਲ। [15]ਮਾਇਆ ਰੂਪੀ ਸੁਰਮਾਂ (ਕਾਲਖ)। [16]ਮਾਯਾ ਰਹਤ। [17]ਗਲੀਂ ਕਰਨ ਨਾਲ। [18]ਨਜ਼ਰ। [19]ਸਮਾਧੀ। [20]ਦੌੜ ਰਹੇ ( ਮਨ ਨੂੰ )।

ਰਹਾਈਐ[1] ॥ ਨਿਝਰੁ ਝਰੈ[2] ਸਹਜ ਧੁਨਿ ਲਾਗੈ ਘਰ ਹੀ ਪਰਚਾ[3] ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥ ੪ ॥ ੧ ॥ ੮ ॥

ਚੌਪਈ ॥ ਸੁਨਹੁ ਨਾਥ ਹਮਰਾ ਇਹ ਜੋਗ। ਪਾਇ ਪ੍ਰਮਾਤਮ ਜਾਇ ਵਿਯੋਗ॥ਸਹਜ ਜੋਗ ਸੰਤਨਿ ਮਤਿ ਐਸੋ॥ਸੰਸੈ ਭਰਮ ਨ ਕੀਜੈ ਕੈਸੇ ॥੩੫॥

ਸ੍ਰੀ ਮੁਖਵਾਕ:–ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਉ ॥੧॥'

ਚੌਪਈ ॥ ਇਮਿ ਸੁਨਿ ਸਿੱਧ ਭਏ ਸੁ ਪ੍ਰਸੰਨ। 'ਸ੍ਰੀ ਨਾਨਕ ਤੁਮ ਰੂਪ ਸੁ ਧੰਨ। ਉਚਿਤ[4] ਜਾਨਿ ਤੁਮ ਕੋ ਦਈ ਗਾਦੀ। ਸਿੱਖ ਉਧਾਰਹੁ ਕਰਿ ਅਹਿਲਾਦੀ'॥੩੬॥ਕਰਿ ਆਦੇਸ਼ ਅਦੇਸ਼ ਚਲੇ ਹੈਂ। ਉੱਤਰ ਲੇਕਰਿ ਕਹਤਿ – 'ਭਲੈ ਹੈਂ। ਸ੍ਰੀ ਨਾਨਕ ਕਲਿਜੁਗ ਮਹਿਂ ਭਾਰੇ। ਧਰਿ ਅਵਤਾਰ ਅਧਿਕ ਨਰ ਤਾਰੇ'॥੩੭॥ ਮਾਰਗ ਸਕਲ ਸਰਾਹਤਿ[5] ਗਏ। 'ਉਚਿਤ ਲਖੇ ਨਿਜ ਬਲ ਥਿਤਿ ਕਿਏ'। ਇਮਿ ਸ੍ਰੀ ਅੰਗਦ ਉੱਤਰ ਦੀਨੇ। ਸਿਖ ਚਹੁੰ ਦਿਸ਼, ਬਿਚ ਆਪ ਅਸੀਨੇ ॥ ੩੮ ॥ ਇਸ ਪ੍ਰਕਾਰ ਕੁਛ ਦਿਵਸ ਬਿਤਾਏ। ਦਿਨ ਪ੍ਰਤਿ ਬਿਦਤਹਿਂ ਜਗ ਅਧਿਕਾਏ। ਦਿੱਲੀ ਕਾ ਹੁਮਾਊ* ਭਾ ਸ਼ਾਹੂ। ਭਯੋ ਰਾਜ ਬਡ ਸਭਿ ਜਗ ਮਾਂਹੂ ॥ ੩੯ ॥ ਦ੍ਵੈ ਭ੍ਰਾਤਾ ਪਠਾਨ ਬਡ ਸੂਰੇ। ਬਡ ਉਮਰਾਵ ਸੁ ਕੀਨ ਹਦੂਰੇ। ਬਿਗਰ ਪਰੇ ਦਿੱਲੀ ਪਤਿ ਸੰਗ[6]। ਗਰਬ ਠਾਨਿ ਚਾਹਤਿ ਭੇ ਜੰਗ ॥ ੪੦ ॥ ਏਕ ਸਲੇਮ ਸ਼ਾਹਿ ਤਿਸ ਨਾਮ†। ਸ਼ੇਰ ਸ਼ਾਹ ਦੂਸਰ ਬਲਧਾਮ[7]। ਆਕੀ ਦੁਰਗ ਪ੍ਰਯਾਗ[8] ਕਰਿ ਲੀਨਾ। ਸਕਲ ਸਮਾਜ ਜੁੱਧ ਕੋ ਕੀਨਾ ॥ ੪੧ ॥ ਸੁਨਿ ਹੁਮਾਊ ਨੇ ਕੀਨਿ ਚਢਾਈ।–ਮੋ ਪੈ ਸੈਨਾ

---

[1]ਰੋਕੀ ਰੱਖੀਏ। [2]ਇਕ ਰਸ ਝੜਦਾ ਹੈ (ਬ੍ਰਹਮਾ ਨੰਦ)। [3]ਉਪਦੇਸ਼ (ਅ) ਵਿਸ਼ੇਖ ਗਿਆਨ, ਮੇਲ, [ਸੰਸ:, ਪਰਿਚਯ]। [4]ਯੋਗ। [5]ਸਲਾਹੁੰਦੇ। [6]ਭਾਵ ਹੁਮਾਯੂੰ ਨਾਲ। [7]ਸੂਰਮਾ। [8]ਅਲਾਹਾਬਾਦ।

*ਹੁਮਾਯੂੰ–ਪਾਤਸ਼ਾਹ। ਇਹ ਬਾਬਰ ਦਾ ਪੁੱਤ੍ਰ ਤੇ ਅਕਬਰ ਦਾ ਪਿਤਾ ਸੀ।

†ਸ਼ੇਰ ਸ਼ਾਹ ਦੇ ਦੋ ਭਰਾ ਸਨ, ਇਕ ਦਾ ਨਾਮ ਨਿਜ਼ਾਮ ਸੀ ਤੇ ਦੂਸਰੇ ਦਾ ਸੁਲੇਮਾਨ। ਇਸ 'ਸਲੇਮ' ਤੋਂ ਮੁਰਾਦ ਸੁਲੇਮਾਨ ਦੀ ਜਾਪਦੀ ਹੈ। ਸ਼ੇਰਸ਼ਾਹ ਦੇ ਮਰਨ ਪਿਛੋਂ ਉਸ ਦਾ ਦੂਸਰਾ ਪੁੱਤਰ ਜਲਾਲ ਨਾਮੇ ਗੱਦੀ ਤੇ ਬੈਠਾ ਸੀ,ਇਸ ਨੇ ਆਪਣਾ ਖਿਤਾਬ 'ਸਲੇਮ' ਰਖਿਆ ਸੀ।

ਬਹੁ ਸਮੁਦਾਈ॥ਤਿਨ ਕੇ ਨਿਕਟਿ ਅਲਪ ਹੀ ਅਹੋਹਤੋਂ ਕਿ ਬਾਂਧੇਂ ਚਢਿ- ਇਮਿ ਚਹੇ ॥ ੪੨ ॥ ਪਹੁੰਚਿ ਪ੍ਰਯਾਗ ਜੰਗ ਕੋ ਠਾਨਾ। ਦੁਹਿਦਿਸ਼ਿ ਬਾਜੇ ਬਜੇ ਮਹਾਂਨਾ। ਨਿਕਸੇ ਤਬਿ ਪਠਾਨ ਦ੍ਵੈ ਭਾਈ। ਲਸ਼ਕਰ[1] ਮਿਲਤੇ ਮਚੀ ਲਰਾਈ ॥ ੪੩ ॥ ਤਬਹਿ ਪਠਾਨਿ ਗਹੀ ਕਿਰਪਾਨੈਂ। ਭੁਇ ਸਮੁਖ ਗਨ ਸੁਭਟਨਿ ਹਾਨੈ[2]। ਕਹੌਂ ਕਹਾਂ ਲਗ ਜੁੱਧ ਅਖਾਰਾ। ਲੋਥੈਂ ਬਿਥਰੀ ਧਰਾ ਮਝਾਰਾ ॥ ੪੪ ॥ ਜਬਹਿ ਬਿੰਦ ਤਰਵਾਰੈਂ ਚਾਲੀ। ਰੰਗ ਭੂਮਿਕਾ[3] ਪਸਰੀ ਲਾਲੀ। ਪਾਤਿਸ਼ਾਹਿ ਕੋ ਲਸ਼ਕਰ ਭਾਗਾ। ਨਹੀਂ ਪਠਾਨਨਿ ਕੋ ਲਿਯ ਆਗਾ[4] ॥ ੪੫ ॥ ਤਛਾਮੁੱਛ[5] ਤਰਵਾਰਨਿ ਕਰਿਕੈ। ਕਾਇਰ ਭਜੇ ਨ ਹੇਰਤਿ ਫਿਰਿਕੈ। ਤਬ ਹੁਮਾਊਂ ਰਜਧਾਨੀ ਤਜਾਗੇ। ਲਸ਼ਕਰ ਮਰਜੋ ਚਲਜੋ ਤਬ ਭਾਗੇ ॥੪੬॥ ਦਿੱਲੀ ਆਇ ਪਠਾਨਨਿ ਛੀਨੀ। ਅਪਨੀ ਦੋਹੀ ਫੇਰਨਿ ਕੀਨੀ। ਬਜਾਕੁਲ ਹ੍ਵੈ ਹੁਮਾਊਂ ਤਬ ਕਹਜੋ। ਸੇਵਕ ਨਿਜ ਨਜ਼ੀਕ ਜੋ ਲਹਜੋ ॥੪੭॥ 'ਸ਼੍ਰੀ ਨਾਨਕ ਕੋ ਸੇਵਕ ਪੂਰਾ। ਹੈ ਕਿ ਨਹੀਂ ਗਾਦੀ ਪਰ ਰੂਰਾ[6]। ਤਿਹ ਸੋਂ ਕਰਹਿਂ ਮੇਲ ਹਮ ਜਾਈ। ਮਮ ਪਿਤ ਬਾਬਰ ਤਹਿਂ ਤੇ ਪਾਈ ॥੪੮॥ ਕਹੀ[7]-ਪੁਸ਼ਤ ਲੌਂ[8]-ਫੁਰਜੋ ਨ ਬੈਨਾ। ਬੂਝਹਿਂ ਤਿਹ ਸੋਂ ਜਿਹ ਉਰ ਭੈ ਨਾ'। ਤਬ ਵਜ਼ੀਰ ਨੇ ਕਹਾ ਸੁਨਾਈ। 'ਗੁਰ ਅੰਗਦ ਬੈਠਜੋ ਤਿਨ ਥਾਈਂ ॥ ੪੯ ॥ ਆਰਫ਼ ਕਾਮਲ ਵਲੀ ਵਿਲਾਇਤ[9]। ਮਿਲ ਮਕਸੂਦ, ਚਲਹੁ ਇਹ ਸਾਇਤ[10]।ਭਲੋ ਵਿਚਾਰ ਆਪਿ ਨੇ ਕੀਨੋ। ਬੂਝਹੁ ਤਿਨ ਇਹ ਪਦ[11] ਜਿਨ ਦੀਨੋ'॥੫੦॥ਸੁਨਤਿ ਖਡੂਰ ਹੁਮਾਊਂ ਆਯੋ। ਸ਼੍ਰੀ ਅੰਗਦ ਜੀ ਜਹਾਂ ਸੁਹਾਯੋ।ਸੰਗ ਬਾਲਕਨਿ ਖੇਲਤਿ ਬੈਸੇ।ਹਰਖ ਸ਼ੋਕ ਜਿਨ ਮਹਿਂ ਨਹਿਂ ਕੈਸੇ॥੫੧॥ ਬੰਦਨ ਠਾਨਿ ਹੁਮਾਊਂ ਖਰਜੋ। ਤਿਸ ਦਿਸ਼ਿ ਰੁਖ਼ ਗੁਰੁ ਨੈਕ ਨ ਕਰਜੋ[12]।ਪਰਚਤਿ ਰਹੇ ਬਾਲਕਨਿ ਸਾਥਿ। ਸਭਿ ਘਟ ਕੀ ਜਾਨਤਿ ਜਗ

---

[1]ਫੌਜ। [2]ਸਨਮੁਖ ਸਮੂਹ ਸੂਰਮਿਆਂ ਨੂੰ ਮਾਰਨ ਲਈ। [3]ਜੰਗ ਭੂਮੀ ਤੇ। [4]ਪਠਾਣਾਂ ਦੇ ਹਰੋਲ ਦੀ ਬੀ ਛਾਪ ਨਾ ਲਿਆ ਸਕੇ। ਤੁਰਕੀ ਵਿਚ ਹਰਾਵਲ ਫੌਜ ਦੇ ਮੋਹਰੀ ਦਸਤੇ ਨੂੰ ਕਹਿੰਦੇ ਹਨ। [5]ਟੋਟੇ ਟੋਟੇ ਕਰਕੇ। [6]ਸੁਹਣਾ। [7]ਆਖੀ ਸੀ। [8]ਪੀੜ੍ਹੀਆਂ ਤਕ। [9]ਆਰਿਫ=ਰਬ ਨੂੰ ਪਛਾਣਨ ਵਾਲਾ, ਬ੍ਰਹਮ ਗਜਾਨੀ। ਕਾਮਲ=ਪੂਰਨ। ਵਲੀ=ਰਬ ਦਾ ਸਮੀਪੀ, ਮਿੱਤ੍ਰ। ਵਿਲਾਯਤ= ਸਾਈਂ ਦੀ ਸਮੀਪਤਾ। (ਅ) ਵਿਲਾਯਤ=ਦੇਸ਼, ਮੁਰਾਦ ਅਕਸਰ ਅਫਗਾਨਿਸਤਾਨ, ਤੁਰਕਿਸਤਾਨ, ਈਰਾਨ ਆਦਿਕ ਤੋਂ ਹੁੰਦੀ ਸੀ, ਭਾਵ ਹੈ ਕਿ ਦੂਰ ਦੇਸ਼ਾਂ ਵਿਚ ਵਲੀ ਪ੍ਰਸਿੱਧ ਹਨ। [10]ਮੁਰਾਦ ਮਿਲ ਜਾਏਗੀ ਏਸੇ ਘੜੀ ਚਲੋ। [11]ਮੁਰਾਤਬਾ। [12]ਰਤਾ ਧਿਆਨ ਨਾ ਕੀਤਾ।

ਨਾਥ॥੫੨॥ਤਬ ਹਮਾਊਂ ਮਨ ਕੋਪ ਬਿਸ਼ੇਖਾ।–ਨਹਿੰ ਇਸ ਨੇ ਮੇਰੀ ਦਿਸ਼ ਦੇਖਾ। ਦ੍ਵੈ ਘਟਿਕਾ ਮੈਂ ਠਾਂਢੋ ਰਹਯੋ। ਕਛੁ ਪ੍ਰਭਾਵ[੧] ਨ ਮਨ ਮਹਿਂ ਲਹਯੋ॥ ੫੩ ॥ ਗਯੋ ਰਾਜ ਮੈਂ ਹੋਯੋ ਦੀਨ। ਪਾਸ ਖਰੋ ਇਨਿ ਕੀਨਿ ਨ ਚੀਨ[੨]। ਉਚਿਤ ਮਾਰਿਬੋ[੩]–ਰਿਦੇ ਬਿਚਾਰਿ। ਧਰਯੋ ਹਾਥ ਕਬਜ਼ੇ ਤਲਵਾਰ[੪] ॥੫੪॥ –ਹਤੌਂ ਖੈਂਚ ਕਰਿ–ਉਰ ਮਹਿਂ ਠਾਨਹਿ।–ਤਬਿ ਮੋਕਹੁ ਇਹੁ ਸ਼ਾਹੁ ਪਛਾਨਹਿ–। ਉਦੈ ਭਯੋ[੫] ਐਂਚਨ[੬] ਕੋ ਜਬੈ।ਮੁਸ਼ਟ ਸੰਗ ਕਰਿ ਚਿਮਟਯੋ ਤਬੈ[੭]॥ ੫੫॥ਇਤ ਉਤ ਹੋਤਿ ਨ,ਰਹਯੋ ਹਿਲਾਇ।ਸਾਰੋ ਬਲ ਹਾਰਯੋ ਸੁ ਲਗਾਇ। ਪੁਨ ਮੂਰਖ ਪਛੁਤਾਵਨ ਲਾਗਾ।–ਕਰਯੋ ਖੋਟ ਮੈਂ ਹੁਤੋ ਅਭਾਗਾ–॥੫੬॥ਤਬਿ ਸ਼੍ਰੀ ਅੰਗਦਿ ਕਰਿ ਉਤ[੮] ਨੈਨ। ਦੀਨ ਭਯੋ ਪਿਖਿ ਉਚਰੇ ਬੈਨ।'ਸ਼ੇਰਸ਼ਾਹ ਸੋਂ ਕਛੁ ਨ ਬਸਾਯੋ[੯]।ਖੜਗ ਹਤਨ ਹਮ ਪਰ ਚਲਿ ਆਯੋ॥੫੭॥ਕਾਇਰ ਭਯੋ ਭਾਜ ਕਰਿ ਆਵਾ। ਹਮਹਿ ਸੂਰਤਾ[੧੦] ਚਹੈਂ ਦਿਖਾਵਾ'। ਤਬਿ ਹੁਮਾਉਂ ਬਹੁ ਬਿਨਤੀ ਠਾਨੀ।'ਛਿਮਹੁ ਗੁਰੂ ਮੈਂ ਬਡ ਅਨਜਾਨੀ॥੫੮॥ ਸ਼੍ਰੀ ਨਾਨਕ ਥੇ ਜ਼ਾਤਿ ਖ਼ੁਦਾਇ। ਤਿਨ ਕੀ ਬਖ਼ਸ਼ਿਸ਼ ਹੋਤਿ ਬਿਲਾਇ[੧੧]। ਇਹ ਕਨਾ ਕਾਰਨ ? ਬੂਝਨ ਆਵਾ। ਤੁਮ ਸੌਂ ਉਨ ਕੌ ਭੇਦ ਨ ਪਾਵਾ*' ॥੫੯॥ ਸ਼੍ਰੀ ਅੰਗਦ ਸੁਨਿਕੈ ਕਹਿ ਬਾਨੀ।'ਕਛੁ ਬਿਅਦਲੀ† ਕੀਨਿ ਮਹਾਨੀ।ਯਾਂਤੇ ਭਯੋ ਤੋਹਿ ਤ੍ਰਿਸਕਾਰਾ[੧੨]। ਅਬਿ ਜੇ ਧਰਤਿ ਨ ਕਰ ਤਰਵਾਰਾ[੧੩] ॥ ੬੦ ॥ ਤੌ ਪਤਿਸ਼ਾਹਿਤਿ ਅਬਿਹੀ ਪਾਵਤਿ। ਦਰਸ਼ਨ ਕੌ ਫਲ ਅਨੰਦ ਬਧਾਵਤਿ। ਜਾਇ ਵਿਲਾਇਤ[੧੪] ਅਬਿ ਫਿਰ ਆਵੋ।ਛਤ੍ਰ ਤਖਤ ਦਿੱਲੀ ਪੁਨ ਪਾਵੋ'॥੬੧॥ ਸੁਨਿ ਇਮ ਗਯੋ ਵਿਲਾਇਤ ਥਾਨ। ਤਹਿਂ ਤੇ ਲਸ਼ਕਰ ਲੀਨਿ ਮਹਾਨ।

---

[੧]ਪਾਤਸ਼ਾਹੀ ਰੋਅਬ ( ਅ ) ਮਾਨ। [੨]ਪਛਾਣਿਆਂ ਭੀ ਨਹੀਂ। [੩]ਮਾਰਣ ਦੇ। [੪]ਤਲਵਾਰ ਦੀ ਮੁੱਠ ਤੇ। [੫]ਤਿਆਰ ਹੋਇਆ। [੬]ਖਿੱਚਣ ਲਈ। [੭]( ਤਲਵਾਰ ਦੀ ) ਮੁੱਠ ਨਾਲ ਤਦੋਂ ਹੱਥ ਚਿਮਟ ਗਿਆ। [੮]ਉਧਰ। [੯]ਵੱਸ ਨਾ ਚਲਿਆ। [੧੦]ਬਹਾਦਰੀ। [੧੧]ਬਿਤੀਤ ਹੋਣ ਲਗੀ ਹੈ। [੧੨]ਨਿਰਾਦਰੀ। [੧੩]ਹੁਣ ਜੇ ਆਪਣਾ ਹੱਥ ਤਲਵਾਰ ਤੇ ( ਸਾਡੇ ਮਾਰਨ ਲਈ ) ਨਾ ਧਾਰਦਾ। [੧੪]ਅਫ਼ਗਾਨਿਸਤਾਨ, ਤੁਰਕਸਿਤਾਨ, ਈਰਾਨ ਆਦਿ ਤੋਂ ਮੁਰਾਦ ਹੈ।

*ਪਾ:–ਤੁਮ ਮੈਂ ਉਨਮੈਂ ਭੇਦ ਨ ਪਾਵਾ।

†ਇਸ ਤੋਂ ਸਪਸ਼ਟ ਹੈ ਕਿ ਸ਼੍ਰੀ ਗੁਰੂ ਨਾਨਕ ਜੀ ਦੀ ਅਸੀਸ-ਇਨਸਾਫ ਦੀ ਸ਼ਰਤ ਉੱਤੇ ਸੀ।

ਹਿੰਦੁਸਤਾਨ ਕਰੀ ਸਰ[੧]ਆਇ*।ਖਾਨ ਨਾਮ ਸਭਿਹਿਨਿ ਮਰਿਵਾਇ॥੬੨॥ ਦੋਹਰਾ ॥ ਸਤਿਗੁਰ ਬੇਪਰਵਾਹੁ ਨਿਤ ਰਾਗ ਦ੍ਵੈਸ਼[੨] ਚਿਤ ਨਾਂਹਿ। ਕਰਹਿਂ ਭਾਵਨਾ[੩] ਪਾਇਂ ਤਿਮਿ ਜੋ ਨਰਚਲਿ ਢਿਗ ਜਾਹਿਂ॥੬੩॥ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਹੁਮਾਉ' ਪ੍ਰਸੰਗ ਬਰਨਨੰ ਨਾਮ ਦਸ਼ਮੋਂ ਅੰਸੂ ॥੧੦॥

੧੧. [ਭਾਈ ਜੀਵਾ, ਗੁੱਜਰ ਲੁਹਾਰ, ਨਾਈ ਧਿੰਙਾ, ਪਾਰੋ ਜੁਲਕਾ ਪ੍ਰਸੰਗ]।

ਦੋਹਰਾ ॥ ਅਬਿ ਸ਼੍ਰੀ ਗੁਰ ਅੰਗਦ ਨਿਕਟਿ ਸਿੱਖ ਭੁਏ ਜੋ ਆਇ। ਕਹੌਂ ਕਥਾ ਨਿਰਧਾਰ ਕਰਿ[੪] ਸੁਨਹੁ ਸੰਤ ਚਿਤ ਲਾਇ ॥ ੧ ॥ ਚੌਪਈ ॥ ਸੇਵਕ ਰਹੈ ਪਾਸ ਇਕ ਜੀਵਾ। ਸੇਵਹਿ ਸ਼ਰਧਾ ਧਰੇ ਸਦੀਵਾ। ਦਧਿ[੫] ਸੋਂ ਖਿਚਰੀ ਕਰਿ ਕੈ ਤਯਾਰਿ। ਲਯਾਇ ਅਚਾਵਤਿ[੬] ਅਪਰ ਅਹਾਰ[੭]† ॥ ੨ ॥ ਇਕ ਦਿਨ ਘਟੀ ਚਾਰ ਦਿਨ ਰਹਯੋ। ਗੁਰ ਸੋਂ ਹਾਥ ਜੋਰ ਬਚ ਕਹਯੋ। 'ਆਜ ਚਲਤਿ ਹੈ ਬਾਯੁ ਅੰਧੇਰੀ।ਹਟਹਿ ਨਹੀਂਨਿਰਨੈ ਕਰਿਹੇਰੀ॥੩॥ਬਡੀ ਨਿਸਾ ਬੀਤੇ ਹਟਿ‡ਜਾਇ।ਅਬ ਤੌ ਬਹਿਤ ਮਹਾਂ ਰਜ ਛਾਇ[੮]। ਬਾਕ ਆਪ ਕੋ ਹੋਵੈ ਜਬੈ। ਮਿਟਹਿ ਅੰਧੇਰੀ ਰਜ[੯] ਸੋਂ ਸਬੈ॥੪॥ ਕਰਿ ਲੇਵੋਂ ਮੈਂ ਤੁਰਤ ਅਹਾਰਾ। ਤੁਮਹਿ ਅਚਾਵੌਂ ਬਿਬਿਧਿ ਪ੍ਰਕਾਰਾ। ਬਹੁਰੋ ਚਲਹਿ ਜਥਾ ਅਬਿ ਅਹੈ'। ਸ੍ਰੀ ਅੰਗਦ ਸੁਨਿ ਤਿਸਤੇ ਕਹੈਂ ॥੫॥ 'ਐਸੋ ਨਹੀਂ ਮਨੋਰਥ ਕਰੀਅਹਿ। ਜਿਸ ਤੇ ਮਹਾਂ ਦੋਸ਼ ਸਿਰ ਧਰੀਅਹਿ। ਪਰਮੇਸੁਰ ਜੋ ਬਾਯੁ ਬਹਾਈ। ਇਸ ਤੇ ਬਹੁ ਕਾਰਜ ਨਿਬਹਾਈ[੧੦] ॥ ੬ ॥ ਸਰਿਤਾਪਤਿ[੧੧] ਮਹਿਂ ਅਨਿਕ ਜਹਾਜਾ।ਨਰਨਿ ਹਜ਼ਾਰਹੁਂ ਲਾਦਿ ਸਮਾਜ[੧੨]।ਬਹੁ ਬਿਵਹਾਰ ਕਰਹਿਂ ਹਿਤ-ਰੋਜ਼ੀ। ਦੀਪਨਿ ਗਮਨਹਿਂ[੧੩],ਲਾਹਾ ਖੋਜੀ ॥ ੭॥ ਬਹੁਤ ਦਿਵਸ ਕੇ ਟਿਕਿ ਸੋ ਰਹੇ। ਅਬਿ ਚਲਾਇ ਬਾਯੂ ਇਂਹੁ ਲਹੇ§। ਹਿਤ ਅਹਾਰ ਕੇ ਕਰਹਿਂ ਕਮਾਈ।ਤਿਸਮਿਸ[੧੪] ਦੇਤਿ ਤਿਨਹੁਂ ਜਗਰਾਈ[੧੫]॥੮॥ਧਰਤੀ ਜਹਾਂ ਤਾਂਬ੍ਰ[੧੬]

---

[੧]ਫਤੇ ਕੀਤੀ। [੨]ਮੋਹ ਤੇ ਵੈਰ। [੩]ਜੇਹੀ ਇੱਛਾ। [੪]ਨਿਰਨੈ ਕਰਕੇ। [੫]ਦਹੀਂ। [੬]ਖੁਲਾਉਂਦਾ। [੭]ਭਾਵ ਖਿਚੜੀ ਤੋਂ ਵੱਖਰੇ ਹੋਰ ਖਾਣੇ। ਅੱਗੇ ਅੰਗ ਪੰਜ ਵਿਚ 'ਬਿਬਿਧ ਪ੍ਰਕਾਰਾ' ਲਿਖਿਆ ਹੈ। [੮]ਬਹੁਤ ਮਿੱਟੀ ਛਾ ਰਹੀ ਹੈ। [੯]ਧੂੜੀ। [੧੦]ਸਰਨੇ ਹਨ। [੧੧]ਸਮੁੰਦਰ। [੧੨]ਸਮਿੱਗ੍ਰੀ। [੧੩]ਟਾਪੂਆਂ ਨੂੰ ਜਾਂਦੇ ਹਨ। [੧੪]ਇਸ ਬਹਾਨੇ। [੧੫]ਈਸ਼ਵਰ। [੧੬]ਤਾਂਬੇ।

*ਹਮਾਯੂੰ ਲਾਹੌਰ ਤੋਂ ਸਿੰਧ ਹੁੰਦਾ ਹੋਇਆ ਫਾਰਸ ਪਹੁੰਚਾ, ਓਥੇ ਕਈ ਬਰਸ ਰਹਿਕੇ ਫੇਰ ਆਕੇ ਉਸ ਨੇ ਹਿੰਦ ਪਠਾਣਾਂ ਤੋਂ ਫਤਹ ਕੀਤਾ। ਈਸਵੀ ਸੰਨ ੧੫੪੦ ਵਿਚ ਹਮਾਯੂੰ ਹਾਰਿਆ ਤੇ ੧੫੫੬ ਈਸਵੀ ਸੰਨ ਵਿਚ ਫੇਰ ਜਿੱਤਿਆ ਸੀ।

†ਪਾ:-ਅਪਰ ਅਪਾਰ। ਭਾਵ ਸ੍ਰੀ ਗੁਰੂ ਜੀ ਨੂੰ। ‡ਪਾ:-ਮਿਟ। §ਪਹਿਲੇ ਸਮੇਂ ਜਹਾਜ ਇਕ ਖਾਸ ਰੁਖ ਉੱਤੇ ਹਵਾ ਦੇ ਚੱਲ ਪੈਣ ਨਾਲ ਹੀ ਚੱਲਿਆ ਕਰਦੇ ਸਨ।

ਕੀ ਅਹੈ। ਲਾਖਹੁੰ ਬਿਸੀਅਰਿ[੧] ਤਿਸ ਬਲ ਰਹੈਂ।ਤਿਨ ਹਿਤ ਧੂਲ[੨]ਜਾਇ ਤਿਸ ਦੇਸ਼। ਨਿਜ ਕੁੰਡਲ[੩] ਮਹਿਂ ਲੇਤ ਅਸ਼ੇਸ਼[੪] ॥ ੯ ॥ ਤਿਸ ਕੋ ਖਾਇ ਨਿਬਾਹੈਂ ਕਾਲ[੫]। ਆਪੋ ਅਪਨੀ ਲੇਤਿ ਸੰਭਾਲ। ਲਾਖਹੁੰ ਅਹੈਂ ਛੁਧਾਤੁਰ[੬] ਸੋਈ। ਪ੍ਰਭੁ ਪਹੁੰਚਾਇ ਪਾਲਿ ਹੈ ਤੇਈ[੭] ॥ ੧੦ ॥ ਇਸਤੇ ਆਦਿਕ ਕਾਜ ਬਿਸਾਲ[੮]। ਕਰਹਿ ਪ੍ਰਮੇਸੁਰ ਬਾਯੂ ਨਾਲ। ਅਬਿ ਜੇ ਕਹਿ ਕਰਿ ਪੌਨ ਮਿਟਾਵੈਂ। ਬਿਗਰਹਿ ਕਾਜ ਛੁਧਿਤਿ[੯] ਰਹਿ ਜਾਵੈਂ ॥੧੧॥ ਪ੍ਰਭੁ ਸਰਬੱਗਜ਼ ਸਫਲ ਕ੍ਰਿਤ[੧੦]ਧਰੈ। ਕਰਾ ਅਲਪੱਗਜ਼[੧੧]ਤਰਕਨਾ[੧੨]ਕਰੈ। ਲਾਖਹੁੰ ਜੀਵਨਿ ਕੌ ਸੰਤਾਪ। ਮੇਟਹਿ ਪੌਨ,ਦੋਸ਼ ਲੇਂ ਆਪਿ?॥੧੨॥ਇਹ ਮਨਮੁਖਕੀ ਰੀਤਿ ਪਛਾਨੈ। ਹੁਵਤਿ ਮਿਟਾਇ ਕਿ ਤਰਕ ਬਖਾਨੈ[੧੩]। ਜਥਾ ਕਰਹਿ ਪ੍ਰਭੁ ਪਿਖ ਹਰਖੀਤੇ[੧੪]। ਨਹਿ ਤਰਕਹਿਂ, ਕਹਿ ਕੈ ਨ ਮਿਟੈਤੇ॥੧੩॥ਸੋ ਗੁਰਮੁਖ ਸੁਖ ਪ੍ਰਾਪਤਿ ਹੋਇ। ਸੰਕਟਿ ਸਹੈ ਨ ਲੋਕਹੁੰ ਦੋਇ। ਤੂੰ ਕਰਿਬੇ ਚਿਤ ਚਹਤਿ ਅਹਾਰੇ। ਘਟੀ ਚਾਰ ਕਰਿ ਲੇਹੁ ਪਿਛਾਰੇ॥੧੪॥ਹਟਹਿ ਨ ਜੇ,ਪ੍ਰਭਾਤਿ ਕਰਿ ਲੀਜੈ। ਧਰਹੁ ਨ ਚਿੰਤਾ, ਆਨੰਦ ਕੀਜੈ। ਸਤਿਗੁਰੁ ਅਰ ਪ੍ਰਭੁ[੧੫] ਜਥਾ ਰਜਾਇ।ਤਿਸ ਪਰ ਰਾਜੀ ਰਹਿਨ ਸਦਾਇ॥੧੫॥ਮੁੱਖ੍ਯ ਧਰਮ ਸਿੱਖੀ ਕੋ ਏਹੀ। ਜੋ ਧਾਰਹਿ ਸਿਖ ਗੁਰੂ ਸਨੇਹੀ। ਜਿਮ ਪਤਿੱਬ੍ਰਤਾ ਇਸਤ੍ਰੀ ਲੱਛਨ। ਪਤਿ ਆਗ੍ਯਾ ਮਹਿਂ ਸੁਖੀ ਬਿਚੱਛਨ[੧੬] ॥ ੧੬ ॥ ਪ੍ਰਭੁ ਆਗ੍ਯਾ ਮਹਿਂ ਤਥਾ ਸਦੀਵਾ। ਰਹੁ ਰਾਜ਼ੀ ਬਨਿ ਗੁਰਮੁਖ ਜੀਵਾ। ਜਪ ਤਪ ਬਰਤ ਦਾਨ ਫਲ ਸਾਰੇ। ਇਸਤੇ ਪ੍ਰਾਪਤਿ ਹੋਇਂ ਸੁਖਾਰੇ ॥ ੧੭ ॥ ਸਿਮਰਹੁ ਸੱਤਿਨਾਮ ਕਰਿ ਪ੍ਰੀਤਿ। ਤਜਾਗਹੁ ਤਨਹੰਤਾ ਇਮੁ ਨੀਤਿ।ਬ੍ਰਹਮਗ੍ਯਾਨ ਤਬਿ ਪਾਇ ਸੁਖੇਨ। ਜਨਮ ਮਰਨ ਪੁਨ ਬਨਹਿ ਕਦੇ ਨ* ॥ ੧੮ ॥ ਸੁਨਿ ਜੀਵੇ ਤਬ ਬੰਦਨ ਕਰੀ। ਸਤਿਗੁਰੁ ਸੀਖ ਭਲੀ ਉਰ ਧਰੀ। ਕੇਇਕ ਦਿਨ ਮਹਿਂ ਗ੍ਯਾਨੀ ਹੋਵਾ। ਏਕਹੁ ਰੂਪ ਸਰਬ ਮਹਿਂ ਜੋਵਾ[੧੭] ॥ ੧੯ ॥ ਜੀਵਤਿ ਰਹਸੋ ਕਰੀ

---

[੧]ਸੱਪ। [੨]ਧੂੜ। [੩]ਲਪੇਟ(ਅ)ਮੁਖ। [੪]ਸਾਰੀ। [੫]ਵਕਤ ਲੰਘਾਉਂਦੇ ਹਨ। [੬]ਭੁੱਖ ਨਾਲ ਦੁਖੀ। [੭]ਉਨ੍ਹਾਂ ਨੂੰ। [੮]ਬੜੇ ਕੰਮ। [੯]ਭੁੱਖੇ। [੧੦]ਉਹ ਕਰਨੀ ਜਿਸ ਵਿਚ ਲਾਭ ਹੈ। [੧੧]ਭਾਵ ਜੀਵ। [੧੨]ਹੁੱਜਤਾਂ। [੧੩]ਹੁੰਦੀ ਨੂੰ (ਚਾਹੇ ਕਿ ਇਹ) ਮਿਟ ਜਾਵੇ ਯਾ ਹੁੱਜਤ ਕਰੇ (ਕਿ ਇਹ ਕਿਉਂ ਹੁੰਦੀ ਹੈ)। [੧੪]ਪ੍ਰਸੰਨ ਹੁੰਦੇ ਹਨ। [੧੫]ਪ੍ਰਮਾਤਮਾਂ ਦੀ। [੧੬]ਸਿਆਣੀ। [੧੭]ਦੇਖਿਆ।

*ਤਾਤਪਰਯ ਸਤਿਗੁਰਾਂ ਦਾ ਸਾਰੀਕਥਾ ਤੋਂ 'ਹੁਕਮਿ ਰਜਾਈ ਚਲਣਾ' ਤੋਂ ਹੈ,ਵ੍ਯਾਖ੍ਯਾ ਸਿਖਾਂ ਦੀ ਭਗਤ ਮਾਲ ਦੀਆਂ ਹਨ।

ਗੁਰ ਸੇਵਾ। ਤਨ ਤਜਿ ਲੈ ਹੁਇ ਬ੍ਰਹਮ ਅਭੇਵਾ[1]।

ਗੁੱਜਰ ਨਾਮ ਸੁ ਜਾਤਿ ਲੁਹਾਰ। ਚਲਿ ਆਯਹੁ ਗੁਰੂ ਕੇ ਦਰਬਾਰ॥੨੦॥ ਬੰਦਨ ਕਰਿ ਬੈਠ੍ਯੋ ਗੁਰ ਪਾਸਿ। ਦਰਸ਼ਨ ਦੇਖਿ ਕਰੀ ਅਰਦਾਸ। 'ਸੁਨਹੁ ਗੁਰੂ ਜੀ ਹੇਤ ਅਹਾਰ। ਦਿਨ ਸਗਰੇ ਹਮ ਠਾਨਹਿਂ ਕਾਰ ॥ ੨੧ ॥ ਫਸੇ ਗ੍ਰਿਹਸਤਿ ਪਾਇ ਨ ਅਵਿਕਾਸ਼[2]। ਸੇਵਾ ਕਰਹਿਂ ਰਹਹਿ ਤੁਮ ਪਾਸ। ਹਮਰੋ ਭੀ ਕਿਮ ਹੁਇ ਕੱਲਯਾਨ। ਜਨਮ ਮਰਨ ਦਾ[3] ਬੰਧਨਿ ਹਾਨਿ' ॥ ੨੨ ॥ ਸੁਨਿ ਸਤਿਗੁਰ ਕੀਨਸਿ ਉਪਦੇਸ਼। 'ਇਕ ਚਿਤ ਜਪੁਜੀ ਪਠਹੁ ਹਮੇਸ਼। ਜੇਤਿਕ ਵਾਰ ਪਠ੍ਯੋ[4] ਨਿਤ ਜਾਇ। ਪਠਤਿ ਰਹਹੁ[5] ਦੀਰਘ ਫਲ ਪਾਇ ॥ ੨੩ ॥ ਪਿਖਹੁ ਗ਼ਰੀਬ ਕਾਜ ਕਰਿ ਦੀਜੈ। ਨਹਿਂ ਤਿਸ ਨਿਕਟ ਮਜੂਰੀ ਲੀਜੈ। ਜਪੁਜੀ ਅਰਥ ਬਿਚਾਰਨ ਕਰੋ। ਸ੍ਵਾਸ ਸ੍ਵਾਸ ਅੰਤਰ ਨਿਤਿ ਧਰੋ* ॥ ੨੪ ॥ ਗੁਰੂ ਨਮਿੱਤ ਕਰਹੁ ਜੁਤਿ ਪ੍ਰੀਤਿ† । ਦਯਾ ਕਰਹੁ ਦੀਨਨਿ[6] ਪਰ ਨੀਤਿ। ਜੋ ਅਪਨੀ ਕਛੁ ਕਰਹੁ ਕਮਾਈ। ਗੁਰ ਹਿਤ ਦਿਹੁ ਦਸਵੰਧ ਬਨਾਈ ॥ ੨੫ ॥ ਸਾਧਿਕ ਸਿੱਖ[7] ਅਇ ਜੋ ਡੇਰੇ। ਕਰਹੁ ਸੇਵ ਧਰਿ ਪ੍ਰੇਮ ਘਨੇਰੇ'। ਸੁਨਿ ਉਪਦੇਸ਼ ਰਿਦੇ ਤਿਨ ਧਾਰਾ। ਜਿਮ ਗੁਰੂ ਕਹ੍ਯੋ ਕਰਹਿ ਤਿਮ ਕਾਰਾ ॥ ੨੬ ॥ ਗ੍ਰਿਹਸਤੀ ਭਗਤ ਹੁਤੇ ਤਿਸ ਗ੍ਰਾਮ। ਤੁਹਮਤ[8] ਦੇ ਕਰਿ ਤਿਨਕੇ ਨਾਮ। ਗਹਿ ਕਰ ਪਾਇਨ ਪਾਇ ਸੁ ਬੇਰੀ। ਕਾਰਾਗ੍ਰਿਹਿ[9] ਮਹਿ ਦੀਨਸਿ ਗੇਰੀ ॥੨੭॥ ਕਿਤਿਕ ਦਿਵਸ ਹੁਇ ਪ੍ਰਭੂ ਸਹਾਇ। ਕਿਸ ਬਿਧਿ ਤੇ ਦੀਨੇ ਨਿਕਸਾਇ[10]। ਅਰਧਿ ਰਾਤਿ ਮਹਿਂ ਸੋ

---

[1]ਅਭੇਦ। [2]ਸਮਾਂ, ਵਿਹਲ। [3]ਦੇਣ ਵਾਲੇ। [4]ਪੜ੍ਹਿਆ। [5]ਪੜ੍ਹਦੇ ਰਹੋ। [6]ਗ਼ਰੀਬਾਂ। [7]ਸਾਧਨਾਂ ਕਰਨ ਵਾਲੇ ਸਿਖ। (ਅ) ਸਾਧ ਯਾਂ ਸਿੱਖ। [8]ਤੁਹਮਤ=ਝੂਠੀ ਊਜ। ਭਾਵ (ਰਾਜੇ ਨੇ) ਊਜ ਲਾਕੇ ਉਨ੍ਹਾਂ ਭਗਤ ਗ੍ਰਿਹਸਤੀਆਂ ਨੂੰ। ਅੰਕ ੩੦ ਤੋਂ ਰਾਜੇ ਦਾ ਪਤਾ ਲਗਦਾ ਹੈ। [9]ਕੈਦਖਾਨੇ। [10]ਓਹ ਕੈਦਖਾਨੇ ਤੋਂ ਕੱਢ ਦਿਤੇ ਕਿਸੇ ਤਰ੍ਹਾਂ।

*ਏਥੇ ਦੋ ਪਿਛਲੀਆਂ ਤੁਕਾਂ ਦਾ ਪਾਠ ਦੋ ਨੁਸਖਿਆਂ ਵਿਚ ਹੋਰਵੇਂ ਬੀ ਹੈ:—

੧. ਅਨਾਥਨ ਕੋ ਕਰੀਏ ਬਹੁ ਮਾਨ। ਤਿਹ ਉਧਰਨ ਕੀ ਰੀਤ ਪਛਾਨਿ।

੨. ਸਾਧ ਅਭ੍ਯਾਗਤ ਕੀ ਜੋ ਸੇਵਾ। ਦੁਖੀਏ ਕੋ ਕਾਰਜ ਲਖਿ ਲੇਵਾ।

†ਇਸ ਵਿਚ ਗੁਰੂ ਆਦਰਸ਼ ਸੇਵਾ ਦਾ ਦੱਸਿਆ ਹੈ ਕਿ ਸੇਵਾ ਉਪਕਾਰ ਜੋ ਭਲੇ ਕੰਮ ਕਰੋ ਗੁਰੂ ਜੀ ਵਿਚ ਪ੍ਰੀਤ ਰਖਕੇ ਗੁਰੂ ਨਮਿੱਤ ਕਰੋ। ਇਸ ਤਰ੍ਹਾਂ ਨਾ ਆਪਣੇ ਮਨ ਵਿਚ ਅਹੰਕਾਰ ਆਵੇਗਾ, ਨਾ ਜਿਨ੍ਹਾਂ ਤੇ ਉਪਕਾਰ ਕੀਤਾ ਹੈ, ਓਹਨਾਂ ਦੀ ਮੇਲ ਦਾ ਬੋਝ ਪਵੇਗਾ। ਜੋ ਸ਼ੁਭ ਕਰਮ ਸਿਖ ਕਰੇ ਗੁਰੂ ਅਰਪਨ ਕਰਕੇ ਕਰੇ।

ਚਲਿ ਆਏ। ਸ੍ਰਿੰਖਲ[1] ਤਿਨ ਕੇ ਪਾਇਨ[2] ਪਾਏ ॥ ੨੮ ॥ ਗੁੱਜਰ ਨਾਮ ਲੁਹਾਰ ਅਵਾਸ। ਆਇ ਕਹਯੋ ਤਿਨ ਇਸਕੇ ਪਾਸ। 'ਪ੍ਰਭੁ ਨਮਿੱਤ ਦਿਹੁ ਬੰਧਨ ਕਾਟਿ। ਤੁਝ ਕੋ ਹੋਇ ਨ ਜਮ ਕੀ ਬਾਟ' ॥ ੨੯ ॥ ਸੁਨਿ ਕਰਿ ਸੁਕਚਯੋ[3] ਰਿਦੇ ਬਿਸਾਲਾ।–ਜੇ ਮੁਝ ਜਾਨ ਲੇਹਿ ਮਹਿਪਾਲਾ[4]। ਗਹਿ ਲੈਹੈ ਸਗਰੋ ਪਰਵਾਰਾ।ਜ਼ਾਲਮ ਬਡੋ ਕਰਾਵਹਿ ਮਾਰਾ–॥੩੦॥ ਤ੍ਰਾਸ ਪਾਇ ਕਰਿ ਬਹੁਰ ਬਿਚਾਰਾ।–ਗੁਰ ਮੁਝ ਪ੍ਰਤਿ ਉਪਦੇਸ਼ ਉਚਾਰਾ। ਪ੍ਰਭੁ ਨਮਿੱਤ ਕਾਰਜ ਕਰਿ ਦੀਜੈ। ਨਹੀ ਬਿਲੰਬ ਕਿਸੀ ਬਿਧਿ ਕੀਜੈ॥ ੩੧ ॥ ਸੋ ਨਹਿੰ ਛੋਡੋਂ,ਹੋਇ ਸੁ ਹੋਇ।ਸੰਤ ਕਹੇ ਲੋਕਨ ਸੁਖ ਦੋਇ[5]–। ਇਮ ਬਿਚਾਰਿ ਕਰਿ ਬਿਲਮ ਨ ਕੀਨ। ਉਠਿ ਤਤਕਾਲ ਕਾਟ ਕਰਿ ਦੀਨ ॥ ੩੨॥ ਆਸ਼ਿਖ[6] ਦੇਤਿ ਗਏ ਨਿਜ ਦੇਸ਼। ਉਪਜਯੋ ਇਸਕੇ ਗਯਾਨ ਵਿਸ਼ੇਸ਼।

ਇਕ ਨਾਈ ਧਿੰਙਾ ਚਲਿ ਆਯੋ। ਸ੍ਰੀ ਅੰਗਦ ਪਗ ਸੀਸ ਨਿਵਾਯੋ ॥੩੩॥ਬੈਠਿ ਗਯੋ ਢਿਗ ਸਿਖ ਗਨ ਹੇਰੇ। ਕਰਹਿੰ ਪਰਸਪਰ ਸੇਵ ਘਨੇਰੇ। ਤਿਨ ਮਹਿੰ ਮਿਲਿ ਸੇਵਾ ਕਹੁ ਲਾਗਯੋ। ਭਲੀ ਜਾਨਿ ਕਰਿ ਉਰ ਅਨੁ-ਰਾਗਯੋ[7] ॥੩੪॥ ਤਪਤ ਨੀਰ ਕਰਿਵਾਇ ਸ਼ਨਾਨ। ਵਸਤ੍ਰ ਪਖਾਰਹਿ ਮਲ ਕਰਿ ਹਾਨ[8]। ਚਰਨ ਚਾਂਪ, ਹਾਂਕਤਿ ਹੈ ਬਾਯੁ[9]। ਬਾਸਨ ਧੋਵੈ ਮਾਂਝ ਬਨਾਯੁ[10]॥੩੫॥ ਕਬਿ ਕਬਿ ਗੁਰ ਕੀ ਸੇਵਾ ਪਾਇ। ਮਹਾਂ ਪ੍ਰੇਮ ਤੇ ਕਰਹਿ ਬਨਾਇ। ਇਕ ਦਿਨ ਸ੍ਰੀ ਅੰਗਦ ਕੇ ਪਾਸ। ਹਾਥ ਜੋਰਿ ਕੀਨੀ ਅਰਦਾਸ ॥ ੩੬ ॥ 'ਸ੍ਰੀ ਸਤਿਗੁਰ ਮੁਝ ਦਿਹੁ ਉਪਦੇਸ਼ੁ। ਜਿਸਤੇ ਮਿਟਹਿੰ ਕਲੇਸ਼ ਅਸ਼ੇਸ਼ੁ[11]'।ਸੁਨਿ ਸ੍ਰੀ ਮੁਖ ਤੇ ਤਬਿ ਫੁਰਮਾਯੋ। 'ਗੁਰੂ ਗੋਰ[12] ਮਹਿੰ ਸੋ ਚਲਿ ਆਯੋ ॥ ੩੭ ॥ ਹੁਇ ਮੁਰੀਦ[13] ਮੁਰਦੇ ਮਾਨਿੰਦ। ਅੰਗ ਨ ਕੋ ਹਾਲਤਿ ਬਿਨ ਜਿੰਦ[14]। ਤਿਮ ਮੁਰੀਦ ਆਦਿਕ ਹੰਕਾਰਾ[15]।ਤਯਾਗ ਦੇਤਿ ਏ ਸਕਲ ਬਿਕਾਰਾ ॥ ੩੮ ॥ ਗੁਰੂ ਗੋਰ ਮਹਿੰ ਜਾਇ ਸਮਾਇ। ਹੁਇ ਮੁਰੀਦ ਮੁਰਦਾ

---

[1]ਸੰਗਲ। [2]ਪੈਰਾਂ ਵਿਚ। [3]ਸੰਕੋਚ ਕੀਤਾ ਭਾਵ ਡਰਿਆ। [4]ਰਾਜਾ। [5]ਸੰਤਾਂ ਦੇ ਕਹੇ ਨੂੰ (ਕਮਾਉਣ ਨਾਲ) ਦੋਹਾਂ ਲੋਕਾਂ ਦਾ ਸੁਖ ਹੁੰਦਾ ਹੈ। [6]ਅਸੀਸ। [7]ਪ੍ਰੇਮ ਵਿਚ ਆਇਆ। [8]ਮੈਲ ਨੂੰ ਨਾਸ਼ ਕਰਕੇ। [9]ਮੁਠੀ ਚਾਂਪੀ ਕਰਦਾ ਹੈ ਝੱਲਦਾ ਹੈ, ਵਾਯੂ ( ਭਾਵ ਪੱਖਾ )। [10]ਮਾਂਜ ਬਣਾ ਕੇ। [11]ਸਾਰੇ। [12]ਕਬਰ। [13]ਚੇਲਾ। [14](ਜਿਵੇਂ) ਜਿੰਦ ਤੋਂ ਬਿਨਾ ਕੋਈ ਅੰਗ ਨਹੀਂ ਹਿੱਲਦਾ (ਮੁਰਦੇ ਦਾ)। [15]ਹੰਕਾਰ ਆਦਿਕ (ਸਾਰੇ ਵਿਕਾਰ)।

ਜਿਸਿ ਭਾਇ*। ਦੇਖਿ ਜਾਤ ਅਪਨੀ ਭਾ ਸੈਨ[1]। ਕਰੀ ਸੇਵ ਸੰਤਨ ਕੀ ਰੈਨ ॥੩੯॥ ਪ੍ਰੇਮ ਪਰਖ ਕਰਿ ਸ੍ਰੀ ਭਗਵਾਨ। ਬਨੇ ਸੈਨ ਕੇ ਰੂਪ ਸੁਜਾਨ। ਰਾਜੇ ਕੋ ਇਸ ਰੀਤਿ ਰਿਝਾਯੋ[2]।ਬਖਸ਼ੀ ਤਬਿ ਕਵਾਇ[3] ਹੁਲਸਾਯੋ† ॥੪੦॥ ਤਿਸਕੇ ਸਮ ਸੰਤਨ ਕੀ ਸੇਵਾ। ਕਰਹੁ ਸਦਾ ਰੀਝਹਿੰ ਗੁਰਦੇਵਾ'। ਸੁਨਿ ਉਪਦੇਸ਼ ਕਮਾਵਨਿ ਕੀਨਿ। ਧਰਯੋ ਪ੍ਰੇਮ ਸਿੱਖੀ ਪਦ ਲੀਨਿ ॥੪੧॥ ਸਭਿ ਕੁਟੰਬ ਕੋ ਭਯੋ ਉਧਾਰ। ਜਿਮ ਕਾਸ਼ਟ ਸੰ[4] ਲੋਹੇ ਪਾਰ।

ਪਾਰੋ ਜੁਲਕਾ ਨਾਮ ਸੁ ਆਯੋ। ਸੁਨਿ ਜਸ ਕੋ ਮਿਲਿਬੇ ਲਲਚਾਯੋ॥ ੪੨॥ਨਮਸਕਾਰ ਕਰਿ ਬੈਠਯੋ ਪਾਸਿ। ਹਾਥ ਜੋਰਿ ਕੀਨਸਿ ਅਰਦਾਸਿ। 'ਸ੍ਰੀ ਗੁਰ ਪਰਮਹੰਸ ਹੁਇ ਕੌਨ ?। ਲੱਛਨ ਮੋਹਿ ਸੁਨਾਵਹੁ ਤੌਨ[5] ॥੪੩॥ ਸੁਨੇ ਨਾਮ ਅਰ ਰੂਪ ਨਿਹਾਰੇ।ਨਹਿੰ ਵਿਸ਼ੇਸ਼ ਤੇ ਹਮ ਨਿਰਧਾਰੇ। ਤੁਮ ਤੇ ਸੁਨਹਿੰ ਜਥਾਰਥ ਜਾਨੈ। ਕੋ ਗੁਨ ਤੇ ਤਿਨ ਅਧਿਕ ਬਖਾਨੈ?'॥੪੪॥ ਸ੍ਰੀ ਅੰਗਦ ਸੁਭ ਮਤਿ ਜੁਤਿ ਹੇਰਾ[6]। ਹਿਤ ਉਪਦੇਸ਼ ਕਹਯੋ ਤਿਸ ਬੇਰਾ। 'ਪਰਮਹੰਸ ਕੇ ਸੁਨੀਅਹਿ ਲੱਛਨ। ਸੁਨਿ ਜੋ ਧਰਹਿ ਸੁ ਮਨੁਜ ਬਿਚੱਛਨ[7]॥੪੫॥ ਹੰਸ ਜਿ ਮਾਨ ਸਰੋਵਰ ਰਹੈਂ। ਮੁਕਤਾ[8] ਕਰਹਿੰ ਅਹਾਰ ਜਿ ਲਹੈਂ।ਮਿਲਿ ਇਕ ਰੂਪ ਹੋਤ ਪਯ[9] ਪਾਨੀ। ਤਿਨ ਕੇ ਆਗੇ ਧਰਿਯ ਜਿ ਆਨੀ ॥ ੪੬ ॥ ਪਯ ਤੇ ਜਲ ਕੋ ਕਰਹਿੰ ਨਿਰਾਲਾ। ਸਾਰ ਅਸਾਰ ਪਿਖਹਿੰ ਤਤਕਾਲਾ। ਤਜਹਿੰ ਅਖਿਲ ਜਲ[10] ਪਯ ਕੋ ਖਾਂਹਿ।ਉਡਹਿੰ ਬਿਦੇਸ਼ਨਿ ਦੇਸ਼ਨ ਜਾਂਹਿ[11] ॥ ੪੭ ॥ ਪਰਮਹੰਸ ਤਿਨ ਤੇ ਅਧਿਕਾਇ[12]। ਮੁਕਤਾ ਮੁਕਤੀ[13] ਚਹਤਿ ਸਦਾਇ। ਮਾਨਸ ਗੁਰੁ ਸਬਦ ਕੇ ਮਾਂਹੀ[14]। ਲੇਤਿ ਅਹਾਰ ਅਪਾਰ‡

---

[1]ਦੇਖ ! ਤੇਰੀ ਜਾਤ ਵਿਚ (ਅੱਗੇ ਇਕ) ਸੈਣ ਨਾਮੇ ਭਗਤ ਹੋਇਆ ਹੈ। [2]ਮੋਹਿਤ ਕੀਤਾ। [3]ਪੋਸ਼ਾਕ [ਅ: ਕਬਾ]। [4]ਕਾਠ ਨਾਲ। [5]ਤਿਸਦੇ। [6]ਸ੍ਰੇਸ਼ਟ ਮੱਤ ਦੇ ਸਹਿਤ ਦੇਖਕੇ। [7]ਜੋ ਧਾਰਨ ਕਰੇ ਓਹ ਮਨੁੱਖ ਸਿਆਣਾ ਹੈ। [8]ਮੋਤੀ। [9]ਦੁੱਧ ਤੇ। [10]ਸਾਰਾ ਪਾਣੀ। [11]ਉੱਡ ਕੇ ਦੇਸ਼ਾਂ ਪ੍ਰਦੇਸ਼ਾਂ ਨੂੰ ਜਾਂਦੇ ਹਨ। [12]ਵੱਧ। [13]ਕਲਿਆਨ ਰੂਪੀ ਮੋਤੀ। [14]ਮਾਨ ਸਰੋਵਰ ਰੂਪੀ ਗੁਰਾਂ ਦੇ ਸ਼ਬਦ ਵਿਚ। (ਅ) ਸ਼ਬਦ ਅਰਥਾਤ ਜਗਤ ਵਿਚ ਗੁਰੂ ਰੂਪੀ ਮਾਨ ਸਰੋਵਰ ਵਿਚੋਂ।

*ਮੁਰਦਾ ਹੋਣ ਤੋਂ ਮੁਰਾਦ ਮਰ ਜਾਣ ਦੀ ਨਹੀਂ, ਨਾ ਨਿਕਾਰਾ ਹੋਣ ਦੀ ਹੈ, ਪਰੰਤੂ ਪੂਰਨ ਸੱਤ ਨੂੰ ਸਮਝਣ ਤੇ ਦੱਸੇ ਮਾਰਗ ਤੇ ਟੁਰਨ ਵਿਚ ਆਪਣੇ ਅੜਬਪੁਣੇ, ਹੰਕਾਰ, ਆਪਣੀ ਰਾਇ ਦੇ ਅਭਿਮਾਨ ਨੂੰ ਛੱਡਣ ਤੋਂ ਮੁਰਾਦ ਹੈ।

†ਪਾ:-ਬਖਸ਼ਿਸ਼ ਕਰੀ ਰਿਦਾ ਹੁਲਸਾਯੋ। ‡ਪਾ:-ਅਧਾਰ।

ਰਹਾਂਹੀ[1]॥੪੮॥ਦੇਹਿ ਆਤਮਾ ਮਿਲਿ ਇਕ ਭਈ।ਬਿਨ ਬਿਚਾਰਿ ਕਿਨ ਨਹਿਂ ਲਖਿ ਲਈ।ਤਿਨਕੌਪ੍ਰਿਥਮੈ ਹੋਤਿ ਬਿਚਾਰ।ਦਿਨਪ੍ਰਤਿ ਦੇਹਿ ਨ ਰਹਿ ਇਕ-ਸਾਰ॥੪੯॥ਪ੍ਰਥਮ ਨ ਹੁਤੀ ਭਵਿੱਖ੍ਯ ਨ ਰਹੈ[2]।ਮੱਧ੍ਯ ਕੁਤੋ[3]ਸਾਚੀ ਤਿਸੁਕਹੈ। ਪੁਨ ਜੜ੍ਹ ਹੈ ਕੁਛ ਨਾਹਿਨ ਛਾਨੀ[4]। ਨਿਤ ਦੁਖ ਰੂਪ ਲੇਹਿ ਮਨ ਜਾਨੀ॥ ੫੦॥ ਸੱਤਿ ਆਤਮਾ ਨਿਰਨੈ ਕਰਹਿ। ਪੂਰਬ ਹੁਤੋ[5],ਦੇਹਿ ਬਹੁ ਧਰਹਿ। ਅਬਿ[6] ਪ੍ਰਤੱਖ ਅਰੁ ਰਹੈ ਭਵਿੱਖ[7]। ਯਾਂ ਤੇ ਸੱਤਿ ਲਖਹਿ ਗੁਰੁ ਸਿੱਖ॥੫੧॥ ਬਹੁਰ ਆਤਮਾ ਚੇਤਨ ਜਾਨਹਿਂ। ਜਿਹ ਸਬੰਧ ਤਨ ਚੇਤਨ ਠਾਨਹਿਂ[8]। ਫਰਕਾਵਨ ਚਖ ਆਦਿ ਰਿਖੀਕੇ[9]। ਜਿਸ ਬਿਨ ਹੋਤਿ ਨਹੀ ਲਖਿ ਨੀਕੇ ॥੫੨॥ ਪੁਨ ਆਤਮ ਕੋ ਰੂਪ ਅੰਨਦ। ਪਰਖਤਿ ਭਲੇ ਸਦਾ, ਬਿਨ ਦੂੰਦ। ਬਿਸ਼ਯਨ ਬਿਖੈ ਅਨੰਦ ਕਲਪੰਤ।ਇਹੁ ਮਮ ਰੂਪ ਨ,ਅੱਗ੍ਯ ਲਖੰਤ[10]॥ ੫੩॥ਪਰਮਹੰਸ ਸੋ ਕਹੀਅਹਿ ਰੂਪ:–ਸਤਿ,ਚੇਤਨ,ਆਨੰਦ ਅਨੂਪ। ਤਨ ਤੇ ਨ੍ਯਾਰੋ ਜਾਨਹਿਂ ਐਸੇ। ਮੰਦਿਰ ਬਿਖੈ ਬਸਹਿ ਕੋ ਜੈਸੇ ॥੫੪॥ ਤਿਸ ਕੋ ਅਪਨੋ ਰੂਪ ਪਛਾਨਹਿ।ਤਨ ਹੰਤਾ[11] ਨਿਰਨੈ ਕਰਿ ਹਾਨਹਿ। ਸਮ ਮੰਦਿਰ ਕੇ ਜਾਨਹਿ ਨ੍ਯਾਰੋ। ਜੀਰਣ[12] ਹੋਇ ਤ੍ਯਾਗ ਪਧਾਰੋ ॥੫੫॥ ਤਨ ਆਤਮ ਸ਼ਮਸਰ ਪਯ ਪਾਨੀ[13]। ਕਰਹਿ ਜੁ ਨਰ ਹੁਇ ਹੰਸ ਸਮਾਨੀ। ਤਿਨ ਕੋ ਪਰਮਹੰਸ ਹੈ ਨਾਮੁ। ਪਾਵਹਿਂ ਬ੍ਰਹਮ ਗ੍ਯਾਨ ਅਭਿਰਾਮੁ ॥ ੫੬ ॥ ਤਨ ਤੇ ਨ੍ਯਾਰੋ ਜਬਿ ਮਤਿ ਧਰੈਂ। ਰਸੁ ਬਿਸ਼ਯਨ ਹਿਤ ਪਾਪ ਨ ਕਰੈਂ। ਜਲ ਤੇ ਕਮਲ ਰਹੈ ਨਿਰਲੇਪੁ। ਲਿਪਹਿ ਨ ਕਿਮਿ ਹੁਇਂ ਬ੍ਰਿੰਦ ਵਿਖੇਪੁ[14] ॥ ੫੭॥

[1](ਮਾਨ ਸਰੋਵਰ ਵਿਚੋਂ ਮੁਕਤੀ ਰੂਪੀ ਮੋਤੀ ਦਾ) ਭੋਜਨ ਲੈਂਦੇ ਹਨ ਤੇ ਉਸ ਦੇ ਵਿੱਚੇ ਰਹਿੰਦੇ ਹਨ। [ਅਪਾਰ=ਜੋ ਪਾਰ ਨਹੀਂ, ਭਾਵ ਵਿੱਚੇ] (ਅ) ਭਾਵ ਪਰਮੇਸ਼ੁਰ ਵਿਚ ਰਹਿਣਾ (ਇਹ) ਅਹਾਰ ਲੈਂਦੇ ਹਨ [ਅਪਾਰ=ਪਾਰ ਤੋਂ ਰਹਤ, ਬ੍ਰਹਮ]। [2]ਨਹੀਂ ਸੀ ਅਤੇ ਨਾਂ ਹੀ ਅਗਾਂਹ ਨੂੰ ਰਹੇਗੀ। [3]ਵਿਚਕਾਰ ਕੌਣ। [4]ਕੋਈ ਛੁਪਾ ਨਹੀਂ। [5]ਪਹਿਲੇ ਸੀ (ਆਤਮਾ)। [6]ਹੁਣ। [7]ਅਗਾਂਹ ਨੂੰ। [8]ਜਿਸ ਦੇ ਸੰਬੰਧ ਹੋਣ ਕਰਕੇ ਤਨ ਚੇਤਨ ਹੁੰਦਾ ਹੈ। [9]ਅੱਖ ਆਦਿ ਇੰਦ੍ਰਿਆਂ ਦਾ ਫੁਰਕਣਾ। [10]ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰਦਾ ਹੈ ਤੇ 'ਇਹ ਮੇਰਾ ਰੂਪ ਨਹੀਂ' ਅੱਗ੍ਯਾਨੀ (ਇਹ ਗਲ) ਨਹੀਂ ਲਖਦਾ।–ਨ–ਦੇਹੁਰੀ ਦੀਪਕ ਹੈ। ( ਅ ) ਅੱਗ੍ਯਾਨੀ ਇਹ ਗਲ ਨਹੀਂ ਸਮਝਦਾ ਕਿ ਅਨੰਦ ਤਾਂ ਮੇਰਾ ਸ੍ਵੈ ਸਰੂਪ ਹੈ, ਮੈਂ ਜੁ ਵਿਸ਼ਿਆਂ ਵਿਚ ਅਨੰਦ ਦੀ ਕਲਪਨਾ ਕਰ ਰਿਹਾ ਹਾਂ (ਇਹ ਝੂਠੀ ਹੈ)। [11]ਹੰਕਾਰ। [12]ਪੁਰਾਣਾ। [13]ਪਾਣੀ ਤੋਂ ਦੁੱਧ ਵਾਂਙੂ ਜੋ ਤਨ ਤੋਂ ਆਤਮਾ ਨੂੰ (ਜੁਦਾ ਕਰ ਸਕੇ)। [14]ਕਿਵੇਂ ਬੀ ਲਿਪਾਇਮਾਨ ਨਹੀਂ ਹੁੰਦਾ, ਭਾਵੇਂ ਕਿੰਨੇ ਵਿਖੇਪ (ਦੁਖ) ਹੋਣ [ਸੰਸ:, ਵਿਕਸ਼ੇਪ=ਘਬਰਾ, ਬ੍ਰਿਤੀ ਦਾ ਖਿੰਡਾਉ]।

ਸੂਰਜ ਕੀ ਦਿਸ਼ ਹੈ ਤਿਨਿ ਧ੍ਯਾਨ । ਛੁਵੈ ਨ ਜਲ ਰੇਚਕ ਭਰਿ ਆਨਿ ।
ਪਰਮਹੰਸ ਤਿਮਿ ਜਗ ਮਹਿਂ ਰਹੈ । ਆਤਮ ਧ੍ਯਾਨ ਸਦਾ ਉਰ ਲਹੈ॥੫੮॥
ਤਨ ਕੇ ਸੁਖ ਦੁਖ ਜਬਿ ਪਰਿ ਜਾਇਂ[੧]।ਤਿਨ ਤੇ[੨] ਹਰਖ ਨ ਸੋਗ ਕਦਾਇ।
ਬਰਤੈ ਗ੍ਯਾਨੀ ਸਮ ਅੱਗ੍ਯਾਨੀ । ਜਾਨਹਿਂ ਜਗ ਕੋ ਸੁਪਨ ਸਮਾਨੀ[੩]॥੫੯
॥ ਬੰਧਨਿ ਹੋਤ ਨਹੀ ਪੁਨ ਤਾਹੂੰ । ਰਹੈ ਸਮਾਇ ਬ੍ਰਹਮ ਕੇ ਮਾਹੂੰ' । ਸੁਨੀ
ਸੀਖ ਪਾਰੋ ਹਰਖਾਯੋ । ਲਗਾ ਬਿਚਾਰਨਿ ਮਨ ਸੁਖ ਪਾਯੋ ॥੬੦॥ ਕਿਤਿਕ
ਕਾਲ ਗੁਰ ਅੰਗਦ ਸੇਵ । ਪੁਨ ਭੇ ਅਮਰਦਾਸ ਗੁਰਦੇਵ । ਤਿਨ ਢਿਗ
ਬਨ੍ਯੋ ਸੁ ਬ੍ਰਹਮ ਗਿਆਨੀ । ਆਗੇ ਕਰਿ ਹੈਂ ਕਥਾ ਬਖਾਨੀ ॥ ੬੧ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਜੀ ਸਿਖਾਂ ਪ੍ਰਤਿ ਉਪਦੇਸ਼'
ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥ ੧੧ ॥

## ੧੨. [ਮੱਲੂ ਸ਼ਾਹੀ, ਕਿਦਾਰੀ, ਦੀਪਾ, ਨਰਾਇਣ ਦਾਸ, ਬੂਲਾ ਪ੍ਰਸੰਗ]

ਦੋਹਰਾ॥ਮੱਲੂ ਸ਼ਾਹੀ ਆਇ ਕਰਿ ਸ੍ਰੀ ਅੰਗਦ ਕੇ ਪਾਸ । ਕਰਿ ਬੰਦਨ ਬੈਠ੍ਯੋ
ਨਿਕਟਿ ਬਿਨਤੀ ਕੀਨਿ ਪ੍ਰਕਾਸ਼॥੧॥ਚੌਪਈ॥'ਸ੍ਰੀਗੁਰ! ਮੈ ਕਾਰਨ ਕੱਲ੍ਯਾਨ[੪]
। ਆਯੋ ਸੁਨਿ ਤੁਮ[੫] ਸੁਜਸੁ ਮਹਾਨ । ਕੀਜਹਿ ਅਬਿ ਅਪਨੋ ਉਪਦੇਸ਼ ।
ਜਿਸਤੇ ਬਿਨਸਹਿਂ ਸਕਲ ਕਲੇਸ਼॥੨॥ ਕਰਤਿ ਚਾਕਰੀ ਮੁਗ਼ਲਨਿ ਕੇਰੀ ।
ਕਰੌਂ ਜੀਵਕਾ ਤਹਾਂ ਘਨੇਰੀ । ਹਲਤਿ ਪਲਤਿ ਮੁਖ ਊਜਲ ਰਹੈ । ਅਸੁ
ਕਰਨੀ ਕੋ ਮਮੁ ਚਿਤ ਚਹੈ' ॥ ੩ ॥ ਸੁਨਿਕਰਿ ਸ਼ਰਧਾ ਪਿਖ ਕਰਿ ਭਾਰੇ ।
ਸ੍ਰੀਅੰਗਦੁ ਗੁਰੁ ਬਾਕ ਉਚਾਰੇ।'ਭਾਈ ਮੱਲੂ ਰਿਦੇ ਬਿਚਾਰਹੁ। ਦੇਹ ਅਨਿੱਤ
ਸਦਾ ਨਿਰਧਾਰਹੁ॥੪॥ ਸੋ ਤੌ ਮ੍ਰਿਤਕ ਜਾਨਿ ਹੀ ਲੀਜੈ । ਇਸ ਹਿਤ ਚਿਤ
ਨਹਿਂ ਸ਼ੰਸਾ ਕੀਜੈ। ਆਤਮ ਸਦਾ ਸਾਚ ਹੀ ਜਾਨੋ। ਕਿਸ ਕੋ ਮਾਰ੍ਯੋ ਮਰਹਿ,
ਨ ਮਾਨੋ[੬] ॥ ੫ ॥ ਪਾਵਕ ਦਾਹ ਕਰਤਿ ਨਹੀ ਤਿਸੈ । ਜਲ ਨ ਡੁਬਾਇ
ਸਕਹਿ ਨਿਜ ਬਿਸੈ[੭] । ਸ਼ਸਤ੍ਰਨਿ ਤੇ ਨਹਿਂ ਛੇਦ੍ਯੋ[੮] ਜਾਇ। ਜਿਸਿ ਕੋ
ਪੌਨ ਨ ਸਕਹਿ ਡੁਲਾਇ* ॥ ੬ ॥ ਕਾਲ ਬਿਨਾਸ਼ਕ ਸਭਿਨਿ ਬਿਸਾਲਾ ।
ਆਤਮ ਅਹੈ ਕਾਲ ਕੋ ਕਾਲਾ[੯]।ਜਗ ਕੋ ਲਖਿਕੈ ਸੁਪਨ ਸਮਾਨੈ। ਵਰਣ[੧੦]

[੧]ਆ ਬਣਨ, ਆ ਪੈਣ । [੨]ਭਾਵ ਸੁਖ ਦੁਖ ਤੇ । [੩]( ਪਰੰਤੂ ਗਿਆਨੀ ) ਜਾਣਦਾ ਹੈ ਜਗਤ ਨੂੰ ਸੁਪਨੇ ਸਮਾਨ । [੪]ਮੈਂ (ਆਪਣੀ) ਮੁਕਤੀ ਵਾਸਤੇ । [੫]ਆਪ ਦਾ । [੬]ਨਾ ਮੰਨੋ ਕਿ ਕਿਸੇ ਦੇ ਮਾਰਿਆਂ ਇਹ (ਆਤਮਾ) ਮਰੇਗਾ।(ਅ) ਮੰਨੋ ਕਿ ਮਾਰਿਆਂ ਨਹੀਂ ਮਰੇਗਾ। [੭]ਬਿਖੇ=ਵਿਚ । [੮]ਕੱਟਿਆ । [੯]ਕਾਲ ਦਾ ਨਾਸ਼ ਕਰਨ ਵਾਲਾ, ਭਾਵ ਆਤਮਾ ਅਕਾਲ ਹੈ । [੧੦]ਜਾਤ ।

*ਪਾ:—ਉਠਾਇ ।

ਆਸ਼੍ਰਮਨਿ ਕ੍ਰਿਯਾ ਸੁ ਠਾਨੈ* ॥੭॥ ਬ੍ਰਹਮਗ੍ਯਾਨ ਕੌ ਨਿਤਿ ਅੱਭ੍ਯਾਸਹਿ। ਤਨ ਹੰਤਾ ਲਖਿ ਝੂਠਿ ਬਿਨਾਸਹਿ। ਇਮਿ ਹੀ ਕ੍ਰਿਸ਼ਨ ਕੀਨ ਉਪਦੇਸ਼†। ਅਰਜਨ ਧਾਰ੍ਯੋ ਰਿਦੇ ਬਿਸ਼ੇਸ਼ ॥ ੮ ॥ ਵਰਣ ਧਰਮ ਰਣ ਕਰਹੁ ਮਹਾਨੇ। ਆਤਮ ਸਾਚ ਕੂੜ ਤਨ ਜਾਨੇ। ਦੀਜਹਿ ਦਾਨ ਸੁਕਰਮ[1] ਕਰੀਜਹਿ। ਤਨ ਬਿਨਸਨ ਨਹਿਂ ਸੰਸਾ ਕੀਜਹਿ ॥੯॥ ਦੇਸ਼,ਕਾਲ,ਵਸਤੂ ਮਿਲ ਤੀਨ। ਤਬ ਹੁਇ ਕਾਯਾਂ ਪ੍ਰਾਨ ਬਿਹੀਨ। ਪੂਰਨ ਬਯ ਕੌ[2] ਸਮਾਂ ਸੁ ਆਵਹਿ। ਜਿਸ ਥਲ ਦੇਹਿ ਗਿਰਹਿ ਸੋ ਪਾਵਹਿ[3] ॥੧੦॥ ਤ੍ਰਿਤੀਏ ਜਿਸ ਤੇ ਹੋਵਨਿ ਘਾਤ[4]। ਬ੍ਯਾਧਿ ਕਿ ਆਯੁਧਾਦਿ ਮਿਲਿ ਜਾਤਿ[5]। ਇਨ ਤੀਨਹੁ ਬਿਨ ਇਕਠੇ ਹੋਇ। ਪ੍ਰਾਨ ਹਾਨ ਕਿਮਿ ਨਹਿਂ ਕਿਸ ਜੋਇ[6] ॥੧੧॥ ਬਿਨ ਤ੍ਰੈ ਮਿਲੇ ਕਾਲ ਰਖ-ਵਾਰੇ। ਮਰਤਿ ਨਹੀਂ ਨੀਕੇ ਨਿਰਧਾਰੇ। ਜੇ ਕਰਿ ਜੁੱਧ ਆਨਿ ਕਿਤ ਪਰੈ। ਅਲਪ ਕਿ ਬਹੁਤੇ‡ ਨਹੀਂ ਬਿਚਰੈ ॥੧੨॥ ਪੀਠ ਨ ਦੇਹਿ ਸਮੁਖਿ ਰਿਪੁ[7] ਰਹੈ। ਨਿਰਭੈ ਸ਼ਸਤ੍ਰ ਬਹੈ ਜਸ ਲਹੈ। ਜਗ ਮਹਿਂ ਪ੍ਰਾਪਤਿ ਬ੍ਰਿੰਦ ਪਦਾਰਥ। ਲੇ ਸਤਿਸੰਗਤਿ ਲਾਇ ਸਕਾਰਥ ॥੧੩॥ ਜੇ ਰਣ ਮਹਿਂ ਸਨਮੁਖ ਮ੍ਰਿਤੁ ਪਾਵੈ[8]। ਸੁਰਗ ਨਿਸੰਸੈ[9] ਸੂਰ ਸਿਧਾਵੈ। ਇਮ ਦ੍ਵੈ ਲੋਕਨਿ ਉੱਜਲ ਆਨਨਿ[10]। ਕਰਿ ਕੱਲ੍ਯਾਨ ਏਵ ਨਿਜ ਪ੍ਰਾਨਨਿ' ॥੧੪॥ ਮੱਲੂ ਸ਼ਾਹੀ ਸੁਨਿ ਉਪਦੇਸ਼ੁ। ਬਰ-ਤਣ ਲਾਗ੍ਯੋ ਤਥਾ ਹਮੇਸ਼ੁ। ਵੰਡ ਖਾਇ ਨਿਜ ਧਰਮ ਵਿਚਾਰੈ। ਆਤਮ ਤਨ ਸੱਤਾਸਤ ਧਾਰੈ[11] ॥੧੫॥ ਇਕ ਸਿਖ ਆਯੋ ਨਾਮ ਕਿਦਾਰੀ। ਸਤਿਗੁਰ ਆਗੈ ਬਿਨੈ ਉਚਾਰੀ। 'ਕਾਮ ਕ੍ਰੋਧ ਮਹਿਂ ਜਲਤੋ ਜਗਤ। ਮੋਹਿ ਉਬਾਰਹੁ

[1]ਸ੍ਰੇਸ਼ਟ ਕਰਮ। [2]ਆਯੂ ਦੇ ਪੂਰੇ ਹੋਣ ਦਾ। [3]ਜਿਸ ਥਾਵੇਂ ਗਿਰਨਾ (ਮਰਨਾ) ਹੈ ਦੇਹ ਉਹ ਥਾਂ ਪ੍ਰਾਪਤਿ ਕਰ ਲੈਂਦਾ ਹੈ। [4]ਜਿਸ ਨਾਲ ਨਾਸ਼ ਹੋਣਾ ਹੈ। [5]ਦੁੱਖ ਕਿ ਸ਼ਸਤ੍ਰ ਆਦਿਕ ( ਉਹ ) ਮਿਲ ਜਾਂਦਾ ਹੈ। [6]ਕਿਸੇ ਦੇ ਪ੍ਰਾਣਾਂ ਦੀ ਹਾਨੀ ਨਹੀਂ ਦੇਖੀ। [7]ਸਾਹਮਣੇ ਵੈਰੀ ਦੇ। [8]ਸਾਹਮਣੇ ਮਰ ਜਾਵੇ। [9]ਬਿਨਾਂ ਸ਼ੱਕ ਦੇ। [10]ਮੁਖ ਉੱਜਲੇ। [11]ਆਤਮਾ ਨੂੰ ਸੱਤ ਤੇ ਤਨ ਨੂੰ ਅਸੱਤ ਨਿਸ਼ਚੇ ਕਰੇ।

*ਜੋ ਕੰਮ ਕਿਸੇ ਦਾ ਕਰਨਾ ਧਰਮ ਹੈ, ਉਸ ਵਿਚ ਬ੍ਰਹਮ ਗ੍ਯਾਨ ਦਾ ਅਭਿਆਸ ਜਾਰੀ ਰਖੇ। ਤਦੋਂ ਵਰਣਾਂ ਦੀ ਵੰਡ ਮੂਜਬ ਕੰਮ ਕਰਦੇ ਸਨ, ਹੁਣ ਆਪੋ ਆਪਣੀ ਚੋਣ ਮੂਜਬ ਕਰਦੇ ਹਨ। ਕਵਿ ਜੀ ਦੀ ਮੁਰਾਦ ਕੇਵਲ ਇਹ ਹੈ ਕਿ ਕਾਰ ਕਰਦਿਆਂ ਬ੍ਰਹਮ ਗ੍ਯਾਨ ਵਿਚ ਰਹੇ। ਅੰਕ ੯ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਮੁਰਾਦ ਨਿਰਣ ਯਾ ਕਿੱਨੇ ਤੋਂ ਹੈ। ਆਸ਼੍ਰਮ ਬਰਨ ਦੀ ਵੰਡ ਦਾ ਖੰਡਨ ਅੱਗੇ ਅੰਸੂ ੧੩ ਅੰਕ ੧੫, ੧੬, ਤੇ ੧੭ ਵਿਚ ਕਵਿ ਜੀ ਆਪ ਹੀ ਦੱਸਦੇ ਹਨ।

†ਗੁਰੂ ਜੀ ਦੇ ਉਪਦੇਸ਼ ਆਪਣੇ ਅਨੁਭਵ ਦੇ ਹਨ। ਅਨੁਭਵੀ ਸ਼ਾਸਤ੍ਰਾਂ ਦਾ ਮੁਥਾਜ ਨਹੀਂ ਹੁੰਦਾ। ਉਸ ਦਾ ਗਿਆਨ ਸੁਤੇ ਸੰਪੂਰਨ ਗ੍ਯਾਨ ਹੁੰਦਾ ਹੈ। ਦ੍ਰਿਸ਼ਟਾਂਤ ਮਾਤ੍ਰ ਤੋਂ ਭਾਵ ਲੇਣਾ ਚਾਹੀਏ।

‡ਪਾ:—ਥੋਰੇ।

ਕਰਿ ਨਿਜਿ ਭਗਤ॥੧੬॥ਤ੍ਰਾਸ ਪਾਇ ਮੈ ਸ਼ਰਨਿ ਤਿਹਾਰੀ। ਆਨਿ ਪਰਯੋ ਦਿਹੁ ਆਸਰ[1] ਭਾਰੀ'। ਸੁਨਿਕੈ ਸ਼੍ਰੀ ਅੰਗਦ ਤਿਸ ਕਹਯੋ। 'ਸਕਲ ਬਿਕਾਰਨ ਤੇ ਜਗ ਦਹਯੋ ॥ ੧੭॥ ਜਿਮ ਦੌਂ[2] ਲਗਯੋ ਮਹਾਂ ਸਭਿ ਬਨ ਕੋ। ਵਾਂਧ ਜਾਤਿ ਮ੍ਰਿਗ ਕਰਿ ਬਲ ਤਨ ਕੋ । ਮਹਾਂ ਤਪਤਿ ਤੇ ਸਲਿਤਾ ਮਾਂਹੀ। ਜਾਇ ਪ੍ਰਵੇਸ਼ਹਿ ਸੁਖ ਬਹੁ* ਪਾਹੀ[3] ॥ ੧੮ ॥ ਤਿਮਿ ਜਗ ਜਲਤਿ ਦੇਖਿ ਕਰਿ ਤਜਾਗੇ॥ਮਿਲਿ ਸਤਿਸੰਗਤਿ ਸੇਵਾ ਲਾਗੇ॥ ਸਕਲ ਬਿਕਾਰਨਿ ਤਪਤ ਬਿਨਾਸ਼ੇ†। ਸੀਤਲਤਾ ਗੁਰ ਸ਼ਬਦ ਪ੍ਰਕਾਸ਼ੇ ॥੧੯॥ ਗੁਰਬਾਣੀ ਕੋ ਕਰਤਿ ਬਿਚਾਰਨਿ।ਗਜਾਨ ਸੀਤ ਲਹਿ ਮੋਹ ਨਿਵਾਰਨ[4]।ਸੁਨਿ ਕਰਿ ਗੁਰ ਉਪਦੇਸ਼ ਕਿਦਾਰੀ। ਦ੍ਰਿੜ ਕੀਨਸਿ ਉਰ ਬਹੁ ਨਿਰਧਾਰੀ ॥੨੦॥ ਦੀਪਾ ਅਪਰ ਨਰਾਇਣ ਦਾਸ।ਬੂਲੇ ਸਹਿਤ ਆਇ ਗੁਰ ਪਾਸ।ਬੰਦਨ ਕਰਿ ਭਾਖੀ ਅਰਦਾਸੁ। 'ਜਨਮ ਮਰਣ ਦੁਖ ਦੇਹੁ ਬਿਨਾਸ਼ੁ' ॥ ੨੧ ॥ ਸ੍ਰੀ ਅੰਗਦ ਉਪਦੇਸ਼ ਬਤਾਯੋ।'ਕਰਹੁ ਭਗਤਿ ਜੋ ਇਮਿ ਉਰ ਭਾਯੋ'।ਕਹਿਨ ਲਗੇ'ਹਮ ਭਗਤਿ ਨ ਜਾਨਹਿਂ। ਕਿਮ ਸਰੂਪ ਕੈਸੇ ਕਰਿ ਠਾਨਹਿਂ' ॥੨੨॥ ਸ਼੍ਰੀ ਗੁਰ ਬਰਨਨ ਕੀਨ ਸਿਖਾਈ[5]। 'ਬ੍ਰਹਮ ਸਵਲ ਮਾਯਾ ਜਗ ਜਾਈ[6]। ਹੁਕਮ ਪ੍ਰਮੇਸ਼ੁਰ ਕੋ ਤਿਨ ਪਾਯੋ[7]।ਅਪਨੇ ਮਹਿਂ ਸਭਿ ਜਗ ਭਰਮਾਯੋ॥੨੩॥ਬਹੁਰ ਪ੍ਰਭੂਨੇ ਚਤੁਰ ਉਪਾਏ[8]। ਜਿਨ ਤੇ ਮਿਲਹਿ ਮੋਹਿ ਕਹੁ[9] ਆਏ। ਇਕ ਬੈਰਾਗ ਜੋਗ ਅਰੁ ਗਜਾਨ। ਚਉਥੀ ਉਪਜੀ ਭਗਤਿ ਮਹਾਂਨ ॥੨੪॥ ਗਜਾਨ,ਵਿਰਾਗ,ਜੋਗ, ਸ਼ੁਭ ਤੀਨ।ਪੁਰਖ ਰੂਪ[10] ਇਨਕੋ ਮਨ ਚੀਨ।ਮਾਯਾ ਲੇ ਇਨ ਕੋ ਭਰਮਾਇ। ਬਡੇ ਜਤਨ ਤੇ ਉਬਰਯੋ ਜਾਇ ॥ ੨੫॥ ਭਗਤਿ ਅਹੈ ਪਤਿੱਬ੍ਰਤਾ ਨਾਰੀ। ਇਸ ਪਰ ਨਹਿਂ ਮਾਯਾ ਬਲੁਭਾਰੀ।ਇਸਤ੍ਰੀ ਕੋ ਇਸਤ੍ਰੀ ਨ ਭ੍ਰਮਾਵੈ।ਧਰਹਿ ਭਗਤਿ ਤਿਸ ਪ੍ਰਭੂ ਮਿਲਾਵੈ ॥ ੨੬ ॥ ਮਾਯਾ ਨਟਨੀ ਚਾਤੁਰ ਛਲ ਤੇ[11]। ਸਭਿਨਿ ਭ੍ਰਮਾਇ ਲੇਤਿ ਨਿਜ ਬਲ ਤੇ'। ਸੁਨਿ ਸਿੱਖਨ ਬੂਝੇ ਗੁਰ[12] ਫੇਰ। 'ਇਨ ਚਤਰਨਿ ਕੋ ਰੂਪ ਬਡੇਰ ॥੨੭॥ ਕਰਿ ਬਰਨਨਿ ਸਭਿ ਦਿਹੁ ਸਮੁ-

[1]ਆਸ਼੍ਰਾ [2]ਦਾਵਾ ਅਗਨੀ। [3]ਬੜਾ ਪਾਉਂਦਾ ਹੈ। [4]ਗਿਆਨ ਦੀ ਠੰਢ ਪ੍ਰਾਪਤ ਹੁੰਦੀ ਹੈ ਤੇ ਮੋਹ (ਦੀ ਤਪਤ) ਦੂਰ ਹੋ ਜਾਂਦੀ ਹੈ। [5]ਸਿੱਖਯਾ। [6]ਮਾਇਆ ਸਬਲ ਬ੍ਰਹਮ ਨੇ ਜਗ ਉਤਪਤਿ ਕੀਤਾ। [7]ਤਿਸ (ਮਾਇਆ) ਨੇ। [8]ਚਾਰ (ਭਾਵ ਚਾਰ ਸਾਧਨ ਮੁਕਤੀ ਦੇ)। [9]ਮੈਨੂੰ (ਭਾਵ ਪਰਮੇਸ਼ੁਰ ਨੂੰ)। [10]ਏ ਪੁਲਿੰਗ ਹੋਣ ਕਰਕੇ ਮਰਦ ਹੈਨ, ਮਾਇਆ ਇਸਤ੍ਰੀ ਲਿੰਗ ਹੈ। [11]ਛਲ ਕਰਨ ਵਿਚ ਮਾਇਆ ਨਟਨੀ ਵਾਂਙੂ ਚਤੁਰ ਹੈ। [12]ਪੁੱਛਿਆ ਗੁਰੂ ਜੀ ਤੋਂ।

*ਪਾ:—ਬਲ। †ਪਾ:—ਸਕਲ ਵਿਕਾਰ ਨਿਤਪ੍ਰਤਿ ਨਾਸੇ।

ਝਾਇ। ਜਿਸ ਤੇ ਹਮ ਪ੍ਰਾਪਤ ਹੁਇ ਜਾਇਂ। ਜਨਮ ਮਰਨ ਕੋ ਬਹੁਰਿ ਨ ਪਾਇਂ। ਅਨਦ ਰੂਪ ਮਹਿਂ ਰਹੈਂ ਸਮਾਇ' ॥੨੮॥ ਤਬਿ ਸ਼੍ਰੀ ਅੰਗਦ ਬਹੁਰ ਉਚਾਰਾ। 'ਇਕ ਬਿਰਾਗ ਹੈ ਉਭੈ ਪ੍ਰਕਾਰਾ[1]। ਇਕ ਮਨ ਕੋ ਇਕ ਤਨ ਕੋ ਹੋਤਿ।ਬਡਿਭਾਗਨਿ ਕੇ ਰਿਦੈ ਉਦੋਤਿ[2] ॥੨੯॥ ਸਕਲ ਪਦਾਰਥ ਤਯਾਗਨ ਕਰੈ। ਧਨ,ਬਨਿਤਾ[3], ਸੁਤ ਸਭਿ ਪਰਹਰੈ। ਹਠਿ ਕਰਿ ਬਾਹਰਿ ਕੋ[4]ਤਜਿ ਦੇਤਿ।ਰਹੈ[5] ਵਾਸ਼ਨਾ ਰਿਦੇ ਨਿਕੇਤਿ[6]॥੩੦॥ ਦੂਸਰ ਬ੍ਰਹਮ ਲੋਕ[7] ਲੌ ਸਾਰੇ। ਬਾਇਸ ਬਿਸ਼ਟਾ ਸਮ ਨਿਰਧਾਰੇ[8]। ਰਿਦੇ ਵਾਸ਼ਨਾ ਕਨੌਂਹੁ ਨ ਧਰੈ।ਸੁਪਨਿ ਸਮਾਨ ਜਾਨਿ ਪਰਹਰੈ॥੩੧॥ ਪਾਇ ਪਦਾਰਥ ਪਰਾਲਬਧ ਤੇ। ਭੋਗਤਿ ਹੈਂ ਪਰ ਮਨ ਨਹਿਂ ਬੰਧਤੇ[9]। ਨਿਜ ਸਰੂਪ ਵਿਖਿ ਬ੍ਰਿਤੀ ਲਗਾਵੈਂ। ਬਿਸ਼ਯ ਬਾਸ਼ਨਾਤੇ ਉਲਟਾਵੈਂ॥੩੨॥ਤਥਾਜੋਗ ਭੀਦੋਇ ਪ੍ਰਕਾਰ।ਇਕਤੌ ਕਸ਼ਟਜੋਗ ਉਰਧਾਰਿ।ਯਮ,ਨੇਮਾਦਿ ਅਸ਼ਟ ਹੈਂ ਅੰਗ। ਸਕਲ ਕਹੇ ਬਹੁ ਵਧੇ ਪ੍ਰਸੰਗ* ॥੩੩॥ਦੂਸਰ ਰੂਪ ਸੁਨਹੁ ਤਿਸ ਭੇਤ। ਰੋਕ ਵਾਸ਼ਨਾ ਤੇ ਮਨ ਲੇਤਿ। ਸਤਿ-ਗੁਰ ਸ਼ਬਦ ਸਦੀਵ ਬਿਚਾਰੈ। ਜੀਵ ਬ੍ਰਹਮ ਇਕਤਾ ਨਿਰਧਾਰੈ॥ ੩੪ ॥ ਆਤਮ ਬਿਖੈ ਜੁਟੀ ਬ੍ਰਿਤ ਰਹੈ।ਸ੍ਰੇਸ਼ਟ ਪਰਮ ਜੋਗ ਇਹ ਕਹੈ।ਵਾਸਤਵ[10] ਨਿਜ ਸਰੂਪ ਕੋ ਜਾਨੈ। ਇਸ ਕੋ ਗਯਾਨੀ ਗਯਾਨ ਬਖਾਨੈ ॥੩੫॥ ਚਉਥੀ ਭਗਤਿ ਰੂਪ ਸੁਨਿ ਲੇਹੁ। ਕਲੀ ਕਾਲ ਇਹ ਮੁੱਖ ਲਖੇਹੁ[11]। ਵਾਹਿਗੁਰੂ ਕੀਜਹਿ ਨਿਜ ਸ੍ਵਾਮੀ। ਸਕਲ ਸ਼ਕਤਿ ਯੁਤਿ ਅੰਤਰਜਾਮੀ ॥ ੩੬ ॥ ਆਪ ਬਨਹਿ ਦਾਰਾ[3] ਪ੍ਰਭੁ ਕੇਰੀ। ਪਤੀਬ੍ਰਤਾ ਕੀ ਰੀਤਿ ਬਡੇਰੀ। ਤਨ ਮਨ ਧਨ ਸਭਿ ਅਰਪਹਿ† ਪਤਿ ਕੋ। ਪਯਾਰੋ ਪਰਮ ਪ੍ਰੇਮ ਕਰਿ‡ ਚਿਤ ਕੋ ॥ ੩੭॥ ਪਤਿ ਰਜਾਇ ਮਹਿ ਰਾਜ਼ੀ ਰਹੈ।ਬਿਛੁਰੇ,ਨਿਤਿ ਮਿਲਿਬੇ ਕਹੁ ਚਹੈ।ਯਾਵਤ ਮਿਲਹਿ ਨ,ਰਚਹਿ ਉਪਾਈ[12]।ਅਹੇ ਸੁਖਦ ਪਤਿ ਬਿਨ ਦੁਖਦਾਈ॥੩੮॥ ਦੀਰਘ ਸ੍ਵਾਸ ਪਰੀ ਮੁਖ ਪੀਰੀ। ਅੱਸ਼੍ਰ ਬਹਹਿਂ, ਧਰਹਿ ਨਹਿਂ ਧੀਰੀ। ਜੋ ਤਿਸ ਪਤਿ ਕੀ ਬਾਤ ਸੁਨਾਵੈ। ਸੇਵਾ ਕੈਰਹਿ ਪ੍ਰੇਮ ਕੋ ਲਾਵੈ॥੩੯॥ਪਤਿ

---

[1]ਦੋਇ ਤਰ੍ਹਾਂ ਦਾ। [2]ਪ੍ਰਗਟ ਹੁੰਦਾ ਹੈ। [3]ਇਸਤ੍ਰੀ। [4]ਬਾਹਰ ਦੇ (ਪਦਾਰਥ)। [5]ਟਿਕੀ ਰਹਿੰਦੀ ਹੈ। [6]ਘਰ ਰੂਪੀ ਰਿਦੇ ਵਿਚ। [7]ਬ੍ਰਹਮਾਂ ਦਾ ਲੋਕ। [8]ਭਾਵ ਕਾਂ ਦੇ ਵਿਸ਼ਟਾ ਤੁੱਲ ਜਾਣੇ। [9]ਮਨ ਕਰਕੇ ਬੰਧਾਇਮਾਨ ਨਹੀਂ ਹੁੰਦੇ। [10]ਯਥਾਰਥ। [11]ਸ੍ਰੇਸ਼ਟ ਜਾਣੋਂ। [12]ਜਦ ਤਕ ਨਾ ਮਿਲੇ ਉਪਾਉ ਕਰੇ।

*ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਸਾਰਾ ਦੱਸ ਆਏ ਹਨ, ਦੇਖੋ ਪੂਰਬਾਰਧ ਅਧ੍ਯਾਯ ੪੮।

†ਪਾ:-ਸੌਂਪਹਿ।

‡ਪਾ:-ਪਯਾਰੋ ਪਰਮੇਸਰ ਕਰਿ।

ਪਰਮੇਸੁਰ ਪ੍ਰੇਮ ਪਛਾਨੈ। ਮਿਲਹਿ ਪ੍ਰਿਯਾ[1] ਸੋਂ ਰਲੀਆ ਠਾਨੈ*। ਤਿਨਕੇ ਬਸਿ ਹੁਇ ਵਿਰਹਿ[2] ਪਿਛਾਰੀ।ਇਮਿ ਹਰਿਭਗਤਿ ਲੇਹੁ ਉਰ ਧਾਰੀ'॥੪੦॥ ਸੁਨਿ ਸਤਿਗੁਰ ਕੇ ਬਾਕ ਸੁਹਾਏ।ਤੀਨਹੁ ਭਗਤਿ ਭਏ ਸੁਖ ਪਾਏ। ਸਤਿ-ਸੰਗਤਿ ਕੀ ਸੇਵਾ ਲਾਗੇ। ਪ੍ਰੇਮ ਪ੍ਰਮੇਸੁਰ ਕੋ ਮਨੁ ਜਾਗੇ॥੪੧॥ ਮੱਲੂ ਸ਼ਾਹੀ ਆਦਿਕ ਸਾਰੇ। ਸ੍ਰੀ ਅੰਗਦ ਕੇ ਰਹੇ ਦੁਆਰੇ। ਸ੍ਰੀ ਗੁਰੂ ਅਮਰਦਾਸ ਢਿਗ ਰਹੈਂ। ਕਰਿ ਸਿੱਖੀ ਕੋ ਸ਼ੁਭ ਗਤਿ ਲਹੈਂ॥੪੨॥ਇਨ ਸੋਂ ਮਿਲੇ ਅਪਰ ਸਿੱਖ ਹੋਏ।ਸਤਿਗੁਰੁ ਜਸ ਕੋ ਰਿਦੇ ਪਰੋਏ।ਬਡੇ ਭਾਗ ਜਿਨ ਕੇ ਜਗ ਜਾਗੇ।ਗੁਰ ਮਿਲਿ ਪ੍ਰਭੁ ਪ੍ਰੇਮ ਮਹਿਂ ਪਾਗੇ[3]॥੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿਖਜਨਿ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ॥ ੧੨॥

## ੧੩. [ਹਰੀਕੇ ਦਾ ਚੌਧਰੀ, ਖਡੂਰ ਦਾ ਮਦ ਪਾਨੀ ਚੌਧਰੀ ਤੇ ਸਿਖ ਚੋਰ ਪ੍ਰਸੰਗ]

ਦੋਹਰਾ॥ਇਕ ਬੇਰ ਸ੍ਰੀ ਗੁਰ ਗਏ ਗ੍ਰਾਮ ਹਰੀਕੇ† ਥਾਨ। ਪ੍ਰਿਥਮ ਬਾਸ ਤਹਿਂ ਕੁਛ ਕਿਯੋ[4] ਪਹੁੰਚੇ ਮੇਲੀ ਜਾਨਿ॥ ੧॥ ਚੌਪਈ॥ ਡੇਰਾ ਕਰਜੋ ਗ੍ਰਾਮ ਤਿਸ ਜਾਇ। ਜਿਨ ਕੇ ਸੰਗ ਸਿੱਖ ਸਮੁਦਾਇ। ਸੁਨਿ ਸੁਨਿ ਮਹਿਮਾ ਨਰ ਬਿਸ-ਮਾਏ।'ਸ੍ਰੀ ਨਾਨਕ ਗਾਦੀ ਇਨ ਪਾਏ'॥੨॥ਮੇਲੀ ਹੁਤੇ ਮਿਲੇ ਸਭਿ ਆਇ। ਕਰਿ ਬੰਦਨ ਬੈਠੇ ਸਮੁਦਾਇ। ਹੁਤੇ ਹਰੀ ਕੇ ਤਹਿਂ ਸਰਦਾਰਾ। ਤਿਨ ਭੀ ਸੁਨਿ ਕਰਿ ਸੁਜਸ ਉਦਾਰਾ[5] ॥੩॥ 'ਕਰਮਾਤਿ ਸਾਹਿਬ ਗੁਰ ਭਏ। ਪੂਰਬ ਬਸਤਿ ਹੁਤੇ[6], ਜੋ ਗਏ'। ਮਿਲਨਿ ਹੇਤੁ ਸੋ ਭੀ ਚਲਿ ਆਯੋ। ਸੁਧਿ ਹਿਤ ਮਾਨਵ ਪ੍ਰਥਮ ਪਠਾਯੋ॥੪॥ ਸ੍ਰੀ ਅੰਗਦ ਤਿਨ ਕੀ ਗਤਿ ਜਾਨੀ।–ਅਧਿਕ ਪਦਾਰਥ ਤੇ ਬਡ ਮਾਨੀ[7]–। ਯਾਂਤੇ 'ਏਕ ਪੀਘੁਰਾ[8] ਲਜਾਵੋ। ਤਿਸ ਬੈਠਨਿ ਕੇ ਹੇਤ ਡਸਾਵੋ' ॥ ੫ ॥ ਦਾਸ ਆਨਿ ਤਤਕਾਲ ਬਿਛਾਵਾ। ਇਤਨੇ ਮਹਿਂ ਚਲਿ ਕਰਿ ਸੋ ਆਵਾ। ਕੇਤਿਕ ਸੰਗ ਲੋਕ ਤਹਿਂ ਆਏ। ਸਭਿਨਿ ਦੇਖਿਕੈ ਸੀਸ ਨਿਵਾਏ ॥੬॥ ਤਿਨ ਮਹਿਂ ਮਾਨੀ ਜੋ ਸਰਦਾਰਾ ਨਹੀਂ ਪੀਘੁਰੇ ਦਿਸ਼ਿ ਪਗ ਧਾਰਿ[9]। ਸ੍ਰੀ ਗੁਰ ਤਰੇ ਪ੍ਰਯੰਕ[10] ਨਿਹਾਰਾ।–ਤਰੇ ਨ ਬੈਠੌਂ–ਇਮ ਜਿਯ ਧਾਰਾ॥ ੭ ॥ ਜਾਇ ਸਿਰ੍ਹਾਨੇ ਕੀ ਦਿਸ਼ ਬੈਠਾ। ਸਰਦਾਰੀ ਕੇ ਮਾਨ

[1]ਪਿਆਰੀ ਨਾਲ। [2](ਪਰਮੇਸ਼ੁਰ) ਫਿਰਦਾ ਹੈ। [3]ਰਪ ਗਏ। [4]ਪਹਿਲੇ ਕੁਛ (ਸਮਾਂ ਗੁਰੂ ਜੀ) ਓਥੇ ਵਾਸਾ ਕਰ ਆਏ ਹੋਏ ਸਨ। [5]ਬੜਾ। [6]ਪਹਿਲੇ ਜੋ ਇੱਥੇ ਵਸਦੇ ਹੁੰਦੇ ਸਨ। [7]ਭਾਵ ਸ਼ਾਹੂਕਾਰ ਹੋਣ ਕਰਕੇ ਹੰਕਾਰੀ ਹੈ। [8]ਪੀੜ੍ਹਾ, ਮੂੜ੍ਹਾ। [9]ਚਰਨ ਨਾ ਰਖੇ। [10]ਪਲੰਘ।

*ਪਾঃ–ਮਾਰੈ। †ਨਾਂਗੇ ਦੀ ਸਰਾਂ (ਮੁਕਤਸਰ) ਦੇ ਕੋਲ ਇਹ ਹਰੀਕੇ ਪਿੰਡ ਹੈ।

ਅਮੇਠਾ[1] । ਮੂਰਖ ਨਹਿੰ ਜਾਨੀ ਬਡਿਆਈ ।–ਮੈਂ ਸਰਦਾਰ–ਲਖਹਿ ਗਰ-
ਬਾਈ[2]॥੮॥ਸ੍ਰੀ ਗੁਰ ਪਿਖਿ ਤੂਸ਼ਨ ਹੀ ਠਾਨੀ।ਮੇਲੀ ਜਾਨਿ ਨ ਕਛੂ ਬਖਾਨੀ।
ਬੈਠਿ ਘਰੀ ਘਰ ਗਮਨਯੋ ਮੂਢ। ਮਹਿਮਾ ਲਖੀ ਨ ਗੁਨ ਗਨ ਗੂਢ॥੯॥
ਪੀਛੇ ਸਿੱਖਜਨ ਗੁਰੁ ਸੰਗਿ ਕਹਯੋ। 'ਇਹੁ ਤੌ ਅਤਿ ਮੂਰਖ ਹੀ ਲਹਯੋ।
ਉਚਿਤ ਅਵਨਿ ਪਰ ਬੈਠਨਿ ਇਹਾਂ।ਪੁਨ ਨ ਪੰਘੂਰੇ ਕੀਦਿਸ਼ਲਹਾਂ[3]॥੧੦॥
ਬਰਜਤਿ ਬਰਜਤਿ[4] ਜਾਇ ਸਿਰਾਨੇ। ਬੈਠਯੋ, ਕੁਛ ਨਅਦਾਇਬ[5] ਜਾਨੇ'।
ਸੁਨਿ ਸ੍ਰੀ ਅੰਗਦ ਸਹਿਜ ਸੁਭਾਇ*। ਬਾਕ ਬਖਾਨਯੋ ਸਭਿਨਿ ਸੁਨਾਇ।
੧੧॥ 'ਪਲੰਘ ਪੰਘੂਰਾ ਕਛੂ ਨ ਰਹਯੋ।ਅਬਿ ਤੇ ਇਨ ਕੋ ਸਭਿਕਿਛੁ ਦਹਯੋ[6]।
ਕਰਨਿ ਬਿਅਦਬੀ ਬਡਿਅਨਿ ਕੇਰੀ। ਨਾਸ਼ ਦੇਤਿ ਕਰਿ ਬਡਿਹੁੰ ਬਡੇਰੀ
॥੧੨॥ਬਡਿਅਨਿ ਕੌ ਠਾਨਹਿਂ ਸਨਮਾਨਾ।ਸੋ ਜਾਨਹੁ ਇਹੁ ਹੋਇ ਮਹਾਨਾ[7]।
ਤਬਿ ਤੇ ਘਟਤਿ ਘਟਤਿ ਘਟਿ ਗਇਓ।ਨਹਿਂ ਉਕਸੇ[7]ਸੁ ਬਿਨਾਸ਼ੀ[8]ਭਇਓ॥੧੩॥
ਇਸ ਪ੍ਰਕਾਰ ਗੁਰ ਫੇਰਾ ਪਾਇ। ਬਹੁਰ ਖਡੂਰ ਬਿਰਾਜੇ ਆਇ। ਸ੍ਰੀ
ਅੰਗਦ ਨਿਤ ਬੇ ਪਰਵਾਹ। ਨੀਰ ਕਮਲ ਸਮ ਲੇਪ ਨ ਕਾਹਿ॥੧੪॥ ਬੁਰੀ
ਭਲੀ ਕੁਛ ਸੁਨਹਿਂ ਨ ਕਹੈਂ।ਅਪਨੇ ਪਰਚੇ ਮਹਿਂ ਨਿਤ ਰਹੈਂ।ਆਸ਼੍ਰਮ ਬਰਨ
ਰੀਤਿ ਜੋ ਧਰਿਹੀਂ। ਸੋ ਗੁਰੁ ਸੰਗਤਿ ਕੋ ਨਹਿਂ ਕਰਿਹੀਂ ॥ ੧੫ ॥ ਇਕ
ਸਮਾਨ ਆਸ਼੍ਰਮ ਅਰੁ ਧਰਮ। ਸ੍ਰੀ ਗੁਰ ਕੇ ਇਨਿ ਤੇ ਨਿਹਭਰਮ[9]।ਮਾਟੀ ਕੇ
ਬਾਸਨ ਕੋ ਦੇਖਿ।ਮਿਲਹਿਂ ਨ ਕਰਮ ਜੁ ਕਰਤਿ ਵਿਸ਼ੇਖ[10]॥੧੬॥ਪ੍ਰੇਮਭਗਤਿ
ਪਰਮੇਸ਼ੁਰ ਕੇਰੀ। ਉਪਦੇਸ਼ਹਿਂ ਇਹ ਮੁਖਯ ਬਡੇਰੀ। ਲੋਕ ਬੇਦ ਕੁਲ ਕਰਮ
ਪ੍ਰਚਾਰਾ। ਕਰਹਿਂ ਨਹੀਂ ਅਰ ਭੈ ਨਹਿਂ ਧਾਰਾ ॥ ੧੭॥ ਯਾਂਤੇ ਲੋਕ ਸਮੀਪ
ਨ ਆਵੈਂ।ਦੇਖਿ ਦੂਰ ਤੇ ਸੀਸ ਨਿਵਾਵੈਂ। ਸੰਗਤਿ ਕਰਹਿਂ ਨ ਬੈਠਹਿਂ ਪਾਸਿ।
ਸੁਨਹਿਂ ਨ ਬਚਨ ਭਾਗ ਘਟ ਜਾਸ[11]॥੧੮॥ਸ੍ਰੀ ਨਾਨਕ ਕੀ ਸੰਗਤਿ ਜੇਈ।
ਦੂਰ ਦੂਰ ਤੇ ਆਵਹਿ ਤੇਈ। ਦਰਸ਼ਨ ਪਰਸਹਿਂ ਬਾਂਛਤਿ[12]ਪਾਵੈਂ। ਬਹੁਰ
ਆਪਨੇ ਸਦਨ ਸਿਧਾਵੈਂ ॥ ੧੯ ॥ ਹੁਤੋ ਚਉਧਰੀ ਤਿਸੀ ਗਿਰਾਉਂ । ਭਾਉ

[1]ਨਾਲ ਆਕੜਿਆ । [2]ਹੰਕਾਰ ਕਰਕੇ ਸਮਝਿਆ ਕਿ 'ਮੈਂ ਸਰਦਾਰ ਹਾਂ'। [3]ਪੰਘੂੜੇ ਵੱਲ ਨਾ ਡਿੱਠੋ ਸੂ । [4]ਵਰਜਦਿਆਂ, ਰੋਕਦਿਆਂ। [5]ਅਦਬ। [6]ਦਾਹ ਹੋ ਜਾਏਗਾ। [7]ਉੱਚੇ ਨਾ ਹੋਏ। [8]ਨਾਸ਼। [9]ਭਾਵ ਆਸ਼੍ਰਮ ਅਰ ਧਰਮਾਂ ਤੋਂ ਸ੍ਰੀ ਗੁਰੂ ਜੀ ਨਿਹਭਰਮ ਸਨ। [10]ਭਾਵ ਕਰਮਕਾਂਡੀ ਨਹੀਂ ਮਿਲਦੇ ਸਨ। [11]ਜਿਨ੍ਹਾਂ ਦੇ ਭਾਗ ਘੱਟ ਹਨ। [12]ਮਨਇੱਛਤ।

*ਇਸ ਦਾ ਮਤਲਬ ਹੈ ਕਿ ਸ੍ਰਾਪ ਵਾਂਙੂ ਗੁੱਸੇ ਵਿਚ ਆਕੇ ਨਹੀਂ ਕਿਹਾ, ਸਹਿਜ ਸੁਭਾ ਬੇਅਦਬੀ ਦਾ ਫਲ ਜੋ ਮਿਲਣਾ ਹੈ ਸੋ ਦੱਸਿਆ, ਵਾਹਿਗੁਰੂ ਅਪਣੇ ਦੀ ਬੇਅਦਬੀ ਨਹੀਂ ਸਹਾਰਦਾ।

ਭਗਤਿ ਕੋ ਲਖਹਿ ਨ ਨਾਉਂ । ਨਿਤਾਪ੍ਰਤੀ ਬਹੁਤੋ ਮਦਪਾਨੀ[1] । ਸਭਿ ਕੋ ਬਕਹਿ ਖੋਟਿ ਬਡਿ ਬਾਨੀ ॥੨੦॥ ਮਿਰਗੀ ਰੋਗ ਹੁਤੋ ਤਿਸ ਭਾਰੀ।ਬ੍ਯਾ-ਕੁਲ ਕਰਹਿ ਉਠਹਿ ਜਿਸ ਬਾਰੀ । ਏਕ ਦਿਵਸ ਤਿਸ ਕੇ ਮਨ ਆਈ । ਸੁਨਿ ਪਿਖਿ ਸ਼੍ਰੀ ਅੰਗਦ ਬਡਿਆਈ ॥ ੨੧ ॥ ਤਬਿ ਸਮੀਪ ਗੁਰ ਕੇ ਚਲਿ ਆਯੋ। ਅਪਨੋ ਸਰਬ ਬ੍ਰਿਤਾਂਤ ਸੁਨਾਯੋ । 'ਆਪ ਤਪਾ ਜੀ ਪਰਮ ਕ੍ਰਿਪਾਲੁ । ਸਭਿ ਭਾਖਹਿਂ ਤੁਮ ਸੁਜਸੁ ਬਿਸਾਲ॥੨੨॥ਰੋਗ ਅਧਿਕ ਮੇਰੇ ਤਨ ਮਾਂਹੀ । ਕਰਹੁ ਕ੍ਰਿਪਾ ਜਿਮ ਇਹੁ ਮਿਟ ਜਾਹੀ । ਤਬਿ ਪ੍ਰਤੀਤ ਉਰ ਮੋਕਹੁ ਆਵੈ । ਜਿਮਿ ਇਹੁ ਕੀਰਤਿ ਬ੍ਰਿੰਦ ਸੁਨਾਵੈਂ[2]' ॥ ੨੩ ॥ ਸੁਨਿ ਕ੍ਰਿਪਾਲੁ ਇਹੁ ਬਾਕ ਬਖਾਨਾ । 'ਜੇਕਰਿ ਤ੍ਯਾਗ ਦੇਹਿਂ ਮਦਪਾਨਾ । ਮਿਰਗੀ ਬਹੁਰ ਨ ਉਠਹਿ ਕਦਾਈ । ਤਨ ਅਰੋਗ ਤੇਰੋ ਹੁਇ ਜਾਈ ॥ ੨੪ ॥ ਜੇ ਆਇਸੁ ਉਲੰਘਹਿਂ ਕਿਤ ਕਾਲਾ । ਕਰਹਿਂ ਪਾਨ ਮਦ,ਹੋਇਂ ਨ ਟਾਲਾ। ਤਬਿ ਮਿਰਗੀ ਹੋਵਹਿ ਤਨ ਆਨਿ । ਜਿਸ ਤੇ ਬਿਨਸ ਜਾਹਿਂ ਤਵ ਪ੍ਰਾਨ' ॥ ੨੫ ॥ ਸੁਨਿ ਬੰਦਨ ਕਰਿ ਸਦਨ ਸਿਧਾਰਾ । ਤ੍ਯਾਗ ਦੀਨ ਮਦ ਪਾਨ ਕੁਢਾਰਾ[3] । ਰੋਗ ਮ੍ਰਿਗੀ ਕੋ ਭਯੋ ਬਿਨਾਸਾ । ਸਦਾ ਅਰੋਗੀ ਹੋਇ ਹੁਲਾਸਾ ॥ ੨੬ ॥ ਚਿਰੰਕਾਲ ਸੁਖ ਭੋਗਨੇ ਪੀਨਾ । ਮਨ ਕਠੋਰ ਨਹਿਂ ਕੀਨ ਪਤੀਨਾ । ਭੂਲ ਗਯੋ ਜੜ੍ਹ ਗੁਰ ਕੇ ਬੈਨਿ । ਪਤਾ ਨਿਹਾਰਿ ਲੀਨ ਭੀ ਨੈਨ[4] ॥ ੨੭ ॥ ਇਕ ਦਿਨ ਸ਼੍ਯਾਮ[5] ਘਟਾ ਘੁਮੰਡਾਈ। ਭਈ ਠੰਢ ਬੂੰਦੈਂ ਬਰਖਾਈ। ਚਲਹਿ ਬਾਯੁ ਸੁਖ ਦੇਵਨ ਹਾਰੀ । ਮਧੁਰ ਮਧੁਰ ਗਰਜਤਿ ਘਟ ਕਾਰੀ[6] ॥ ੨੮ ॥ ਤਬ ਹੀ ਮਦਰਾ ਲੀਨ ਮੰਗਾਈ । ਉਮਗ੍ਯੋ ਰਿਦਾ ਰਹ੍ਯੋ ਨਹਿਂ ਜਾਈ । ਕਰ੍ਯੋ ਪਾਨ ਮੁਖ ਨੁਕਲ[7] ਮੰਗਾਇ । ਖਾਵਤਿ ਚਢ੍ਯੋ ਅਮਲ[8] ਉਰ ਛਾਇ ॥ ੨੯ ॥ ਜਾਇ ਅਰੂਢ੍ਯੋ[9] ਬਹੁਰ ਅਟਾਰੀ । ਪਿਖਿਨ ਬਹਾਰ ਬਰਖਤੋ ਬਾਰੀ[10]।ਗੁਰ ਦਿਸ਼ ਊਚੇ ਕਹ੍ਯੋ ਪੁਕਾਰਾ।ਕਰਿ ਮਦਪਾਨ ਭਯੋ ਮਤਵਾਰਾ[11]॥੩੦॥'ਤਪਾ! ਹਟਾਯੋ ਹੁਕਮ ਤੁਮਾਰਾ । ਬੂੰਦੈਂ ਬਰਖਤਿ, ਬਡੀ ਬਹਾਰਾ। ਰਹ੍ਯੋ ਨ ਜਾਹਿ ਮੋਹਿ ਤੇ ਕੈਸੇ । ਪਾਵਤਿ ਅਤਿ ਪ੍ਰਮੋਦ ਮੈਂ ਐਸੇ' ॥੩੧॥ ਸ਼੍ਰੀ ਅੰਗਦ ਸੁਨਿ

---

[1]ਸ਼ਰਾਬ ਪੀਣ ਵਾਲ । [2]ਭਾਵ, ਸਿੱਖ ਸਾਰੇ ਆਪ ਦਾ ਜਸ ਜਿਵੇਂ ਸੁਣਾਉਂਦੇ ਹਨ । [3]ਸ਼ਰਾਬ ਪੀਣ ਦੀ ਖੋਟੀ ਚਾਲ । [4]ਪਤੀਆ ਅੱਖੀਂ ਦੇਖ ਬੀ ਲਿਆ । [5]ਕਾਲੀ । [6] ਕਾਲੀ ਘਟਾ । [7]ਨੁਕਲ=ਸ਼ਰਾਬ ਦੇ ਪਿੱਛੋਂ ਮੂੰਹ ਸੁਆਰਨ ਲਈ ਕੋਈ ਖਾਣ ਦੀ ਚੀਜ਼ [ਅ:–ਨੁਕ਼ਲ] । [8]ਨਸ਼ਾ । [9]ਚੜ੍ਹ ਗਿਆ । [10]ਬਰਸਦੇ ਜਲ ਦੀ ਬਹਾਰ । [11]ਮਸਤ ।

ਬਿਕਸੇ ਤਬੈ।'ਕਹ੍ਯੋ ਸੁਚੇਤ[1] ਹੋਹੁ ਤੂੰ ਅਬੈ। ਛੁਟਿ ਮਿਰਗੀ ਆਈ ਦਿਸ਼ ਤੋਹਿ*।ਹੁਕਮ ਹਟਾਵਨਿ ਕੀਨਸਿ ਮੋਹਿ ॥ ੩੨ ॥ ਬਾਂਧੀ ਹੁਤੀ ਹੁਕਮ ਕੀ ਏਹੀ। ਹੁਕਮ ਨ ਰਹ੍ਯੋ ਟਿਕਹਿ ਕਬਿ ਕੇਹੀ'। ਤਤਛਿਨ ਉਠੀ[2] ਚੌਧਰੀ ਜੋਇ। ਗਿਰ੍ਯੋ ਅਟਾਰੀ ਤੇ ਉਥਲਾਇ[3] ॥੩੩॥ ਸੀਸ ਧਰਾ ਪਰ† ਲਾਗ੍ਯੋ ਜਬੈ। ਫੂਟ੍ਯੋ ਨਿਕਸਿ ਮੀਝ[4] ਤਿਹ ਤਬੈ। ਤਤਛਿਨ ਮਰ੍ਯੋ ਮੁਗਧ ਦੁਖ ਪਾਇ। ਲਿਯੋ ਸਬੰਧਨਿ‡ ਦਿਯੋ ਜਲਾਇ ॥ ੩੪ ॥ ਸੋਰਠਾ ॥ ਸਤਿਗੁਰ ਸੋਂ ਉਪਹਾਸ[5] ਕਰੈ ਗਰਬ ਧਰਿ ਮੂਢ ਮਤਿ। ਤਤਛਿਨ ਹੋਹਿ ਬਿਨਾਸ਼ ਪਰਹਿ ਨਰਕ ਮਰਿਕੈ ਅਗਤਿ[6]॥੩੫॥ਚੌਪਈ॥ ਇਕ ਸੇਵਕ ਸੰਗਤਿ ਕੇ ਮਾਂਹਿ। ਕਹ੍ਯੋ ਨ ਮਾਨਹਿਂ ਸੇਵਹਿ ਨਾਂਹਿ। ਕਿਸੂ ਕੇ ਕਹੇ ਟਹਿਲ ਨਹਿਂ ਕਰੇ। ਚਿਰੰਕਾਲ ਤਿਨ ਅਸ ਬੁਧਿ ਧਰੇ॥੩੬॥—ਜੋ ਗੁਰ ਕਹਹਿਂ ਕਾਜ ਸੋ ਕਰਿਹੋਂ। ਆਨ ਬਾਕ ਕੋ ਕਾਨ ਨ ਧਰਿਹੋਂ—। ਚਿਰੰਕਾਲ ਬੀਤ੍ਯੋ ਤਹਿਂ ਰਹੇ। ਇਕ ਦਿਨ ਸ਼੍ਰੀ ਬੁੱਢੇ ਬਚ ਕਹੇ ॥ ੩੭ ॥ 'ਗੁਰ ਸੰਗਤਿ ਮਹਿਂ ਭਲੇ ਰਹਾਵਨਿ। ਭਜਨ ਟਹਿਲ ਕਰਿ ਕਾਲ ਬਿਤਾਵਨਿ। ਬੈਠੇ ਦੇਹਿ ਕਾਜ ਕਿਸ ਆਇ। ਛੁਹੈ ਨ ਕੋਈ[7] ਮ੍ਰਿਤੁ ਜਬ ਪਾਇ' ॥ ੩੮ ॥ ਕਹਨਿ ਲਗ੍ਯੋ 'ਗੁਰ ਬਾਕ ਕਹੈਂ ਜਿਮਿ। ਟਹਲ ਕਰੌਂ ਤਿਸ ਕਾਲ ਭਲੇ ਤਿਮ। ਕਹ੍ਯੋ ਅਪਰ ਕੋ ਮਾਨੌਂ ਨਾਂਹੀ। ਯਹਿ ਨਿਸ਼ਚੈ ਮੇਰੇ ਮਨ ਮਾਂਹੀ' ॥ ੩੯ ॥ ਬਹੁਰ ਤਿਸੈ ਬੀਤਾ

---

[1]ਹੁਸ਼ਿਆਰ। [2]ਭਾਵ ਮਿਰਗੀ ਉਠੀ। [3]ਉਲਟ ਕੇ। [4]ਮਿੱਝ। [5]ਹਾਸੀ, ਮਖੌਲ। [6]ਬੇਗਤ। [7]ਭਾਵ ਦੇਹ ਨੂੰ ਕੋਈ ਨਹੀਂ ਛੂੰਹਦਾ।

*ਹਰੀਕੇ ਦੇ ਚੌਧਰੀ ਦੀ ਅਵੱਗਯਾ ਤੇ ਖਡੂਰ ਦੇ ਚੌਧਰੀ ਦੀ ਮਦਪਾਨ ਤੋਂ ਮਿਰਗੀ ਦਾ ਮੁੜ ਪੈਣਾਂ ਤੇ ਉਸ ਦਾ ਡਿਗ ਕੇ ਮਰਨਾ ਉਨ੍ਹਾਂ ਦੇ ਕੁਕਰਮਾਂ ਦੇ ਦੰਡ ਹਨ, ਸਤਿਗੁਰੂ ਜੀ ਦੇ ਚਿੱਤ ਕੋਈ ਖੋਭ ਹੋਇਆ ਤਾਂ ਗੁੱਸਾ ਆਇਆ ਤੇ ਦੰਡ ਦੀ ਸ਼ਕਲ ਫੁਰੀਏਹ ਭਾਵ ਉਨ੍ਹਾਂਦੇ ਸਦਾ ਅਛੋਭ ਸੁਭਾਵ ਦੇ ਵਿਰੁੱਧ ਹਨ। ਇਸੇ ਲਈ ਕਵੀ ਜੀ ਨੇ ਪਿੱਛੇ ਇਸੇ ਅੰਸੂ ਦੇ ਅੰਕ ੧੧ ਵਿਚ ਕਿਹਾ ਹੈ ਕਿ 'ਸੁਨ ਸ਼੍ਰੀ ਅੰਗਦ ਸਹਿਜ ਸੁਭਾਇ।' ਤੇ ਹੁਣ ਆਖ ਰਹੇ ਹਨ, 'ਸ਼੍ਰੀ ਅੰਗਦ ਸੁਨਿ ਬਿਕਸੇ ਤਬੈ' ਤੇ ਅੱਗੇ ਚੱਲਕੇ ਅੰਸੂ ੨੩ ਵਿਚ ਜੋ ਤਪੇ ਨੂੰ ਗੁਰੂ ਅਮਰ ਦਾਸ ਜੀ ਨੇ ਉਸ ਦੀ ਕਰਨੀ ਦਾ ਫਲ ਭੁਗਾਇਆ ਹੈ ਤਿਸ ਤੇ ਗੁਰੂ ਅੰਗਦ ਦੇਵ ਜੀ ਉਨ੍ਹਾਂ ਨਾਲ ਉਦਾਸ ਹੋਕੇ ਮੂੰਹ ਹੀ ਨਹੀਂ ਸਨ ਦਿਖਾਲਦੇ ਤੇ ਵਾਕ ਬੀ ਇਹੋ ਕਹੇ ਨੇ:—'ਸਤਿਗੁਰ ਕੋ ਘਰ ਹੈ ਨਿਤ ਨੀਵਾ॥ ਹੋਨ ਹੰਕਾਰ ਥਾਨ ਨਹਿ ਥੀਵਾ॥' ਦੂਸਰੇ ਇਹ ਆਤਮ ਸੱਤਯਾ ਦੇ ਕੌਤਕ ਹਨ। ਹੁਕਮ ਨਾਲ ਹਟੀ ਸੀ, ਹੁਕਮ ਟੁਟਦਿਆਂ ਆ ਗਈ। ਹਰੀਕੇ ਚੌਧਰੀ ਦੀ ਕਥਾ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

†ਪਾ:—ਪਗ। ‡ਪਾ:—ਸੰਬੰਧੀ।

ਚਿਰਕਾਲ । ਇਕ ਦਿਨ ਬੋਲ੍ਯੋ ਸ਼੍ਰੀ ਗੁਰੁ ਨਾਲਿ । 'ਬਹੁਤ ਦਿਵਸ ਕੋ ਮੈਂ ਅਭਿਲਾਖੀ । ਨਿਜ ਮੁਖ ਤੇ ਕਛੁ ਸੇਵ ਨ ਭਾਖੀ' ॥ ੪੦ ॥ ਕਰ੍ਯੋ ਬਾਕ ਤਬ ਬੇਪਰਵਾਹਿ । 'ਅਗਨਿ ਜਰਹੁ ਇਹੁ ਸੇਵਾ ਆਹਿ' । ਸੁਨਿ ਤਬਿ ਗਮਨ੍ਯੋ ਬਨ ਕੇ ਮਾਂਹੀ । ਲਕਰੀ ਕਰੀ ਬਟੋਰਨਿ[1] ਤਾਂਹੀ ॥੪੧॥ ਅਗਨਿ ਪ੍ਰਜੁਲਤ[2] ਹੇਰਿ ਕਰਿ ਡਰ੍ਯੋ। ਗੁਰ ਬਚ ਪਰਿ ਨਹਿਂ ਨਿਸ਼ਚੌ ਕਰ੍ਯੋ।ਇਕ ਤਸਕਰ[3] ਚੋਰੀ ਕੋ ਮਾਲ । ਲੀਯੇ ਜਾਤ ਆਯੋ ਤਿਸ ਕਾਲ ॥ ੪੨ ॥ ਪਿਖਿ ਅਚਰਜ ਕੋ ਪੂਛਨ ਕਰ੍ਯੋ।'ਇਹ ਕ੍ਯਾ ਕਰਤਿ ਇਹਾਂ ਤੈ ਖਰ੍ਯੋ ?'।'ਗੁਰ ਕੋ ਬਚ ਮੋ ਕਹੁ'ਤਿਨ ਕਹ੍ਯੋ। '–ਜਰੋ ਅਗਨਿ–ਅਬ ਜਾਇ ਨ ਦਹ੍ਯੋ[4]' ॥ ੪੩॥ ਤਿਸ ਕੋ ਗਰਬ ਬਿਨਾਸ਼ਨਿ ਹੇਤ । ਬੋਲ੍ਯੋ ਤਸਕਰ ਹੋਇ ਸੁਚੇਤ। 'ਮੈਂ ਕਲਮਲ ਕੀਨੇ ਸਮੁਦਾਇ। ਇਹਾਂ ਜਰੇ ਤੇ ਸਭਿ ਮਿਟ ਜਾਇਂ॥੪੪॥ ਮੋ ਤੇ ਦਰਬ ਸਰਬ ਅਬ ਲੇਵੋ। ਸ਼੍ਰੀਗੁਰ ਬਾਕ ਮੋਲ ਮੁਝ ਦੇਵੋ'। ਸੁਨਿ ਕੈ ਧਨ ਲੀਨਸਿ ਲਲਚਾਇ। ਤਬ ਤਸਕਰ ਤਨ ਦੀਨ ਜਲਾਇ ॥੪੫॥ ਸੁਰ ਪੁਰਿ[5] ਤੇ ਬਿਬਾਨ ਚਲਿ ਆਵਾ। ਸਾਦਰ ਕਹਿ ਕੈ ਤੁਰਤ ਚਢਾਵਾ। ਸੁਖ ਅਨੰਤ ਮਹਿਂ ਜਾਇ ਰਹ੍ਯੋ ਹੈ। ਗੁਰ ਬਚ ਤੇ ਅਘ ਦੇਹਿ[6] ਦਹ੍ਯੋ ਹੈ॥ ੪੬॥ਲੋਭ ਧਾਰਿ ਸਿਖ ਗਮਨ੍ਯੋ ਘਰਕੋ।ਗਹ੍ਯੋ ਨਰਨ ਤਿਸ ਲਖਿ ਤਸਕਰ ਕੋ[7] । ਕੋਟਵਾਰ[8] ਕੇ ਕਰ੍ਯੋ ਅਗਾਰੀ। ਤਿਨ ਦੇਖਤਿ ਹੀ ਗਿਰਾ ਉਚਾਰੀ ॥ ੪੭ ॥ 'ਛੀਨ ਲੇਹੁ ਤਿਸ ਕੋ ਸਭਿ ਮਾਲ।ਫਾਂਸੀ ਦੇਹੁ ਜਾਇ ਤਤਕਾਲ'। ਹੁਕਮ ਮਾਨਿ ਫਾਂਸੀ ਤਿਸ ਦੀਨਾ। ਮੂਰਖ ਮਰ੍ਯੋ ਧਰਮ ਤੇ ਹੀਨਾ ॥੪੮॥ ਗੁਰੂ ਬਚਨ ਪਰ ਜਿਹ ਪਰਤੀਤਿ। ਤਿਸਹਿ ਮਿਲਹਿ ਊਚੋ ਪਦ ਨੀਤਿ। ਤਜਹਿ ਬਾਕ ਧਰਿ ਲੋਭ ਬਿਸਾਲ।। ਪਾਵਹਿ ਨਰਕ ਤੁਰਤ ਹੁਇ ਕਾਲ[9]। ੪੯ ॥ ਦੋਹਰਾ ॥ ਗੁਰੂ ਸੰਤ ਤੇ ਲਾਭ ਤਿਹ ਗੁਰਮੁਖ ਦ੍ਰਿੜ ਮਤਿ ਜੋਇ। ਮਨਮੁਖ ਚੰਚਲ ਸਿੱਖ ਕੋ ਸਿੱਖੀ ਉਲਟੀ ਹੋਇ ॥੫੦॥ ਮਹਿਮਾ ਸਤਿਗੁਰ ਬਚਨ ਕੀ ਦੇਖਹੁ ਪੁੰਨ ਪ੍ਰਮਾਨ[10]। ਬਿਮੁਖ ਭਯੋ ਸਿਖ ਫਾਂਸ ਤਿਸ ਤਸਕਰ ਸ੍ਵਰਗ ਮਹਾਨ ॥ ੫੧ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖ ਤਸਕਰ' ਪ੍ਰਸੰਗ ਬਰਨਨੰ ਨਾਮ ਤ੍ਰੈਦਸ਼ਮੋ ਅੰਸੂ ॥ ੧੩ ॥

---

[1]ਇਕੱਠੀ। [2]ਜਲਦੀ ਹੋਈ।[3]ਚੋਰ। [4]ਸੜਿਆ ਨਹੀਂ ਜਾਂਦਾ। [5]ਦੇਵਤਿਆਂ ਦੀ ਪੁਰੀ।[6]ਪਾਪੀ ਦੇਹ। [7]ਕੋਈ ਚੋਰ ਜਾਣ ਕੇ। [8]ਕੋਤਵਾਲ। [9]ਮੌਤ। [10]ਭਾਵ ਪ੍ਰਤੱਖਜ।

## ੧੪. [ਸ੍ਰੀ ਗੁਰ ਅਮਰ ਦਾਸ ਜੀ ਦੀ ਮੁੱਢਲੀ ਕਥਾ]

ਨਿਸਾਨੀ ਛੰਦ॥ ਸੰਗ ਬਾਲਿਕਨਿ ਖੇਲਹੀਂ ਨਿਤਿ ਗੁਰੂ ਕ੍ਰਿਪਾਲਾ॥ ਹਰਖ ਸ਼ੋਕ ਨਹਿਂ ਜਿਨਹੁਂ ਕੇ ਇਕਰਸ ਸਭਿ ਕਾਲਾ। ਦੀਨਬੰਧੁ ਤਾਰਨ ਤਰਨ ਸਿੱਖੀ ਬਿਦਤਾਇ। ਜਗੇ ਭਾਗ ਜਿਨ ਨਰਨਿ ਕੇ ਚਰਨੀ ਲਪਟਾਇ ॥ ੧ ॥ ਕਰੋਂ ਨਿਰੂਪਨ ਅਬਿ ਕਥਾ ਭੱਲਜਨ ਕੁਲ ਟੀਕਾ[1] । ਆਇ ਮਿਲੇ ਜਿਸ ਰੀਤਿ ਸੋਂ ਸੇਵਨ ਕਿਯ ਨੀਕਾ॥ਇਕ ਬਾਸੁਰ ਕੇ*ਗ੍ਰਾਮ ਹੈ ਤਹਿਂ ਬਸਹਿ ਨਿਕੇਤੀ। ਤੇਜੋ ਛੱਤ੍ਰੀ† ਭਾਗ ਬਡ ਨਿਸ ਦਿਨ ਪ੍ਰਭੁ ਚੇਤੀ[2] ॥ ੨॥ ਭਲੇ ਕਰਮ ਮਹਿਂ ਪ੍ਰੀਤਿ ਉਰ ਭੱਲਜਨ[3] ਕੁਲ ਮਾਂਹੀ। ਧੀਰਜ ਧਰਮ ਬਿਸ਼ਾਲ ਜਿਹ ਅੌਗੁਨ ਚਿਤ ਨਾਂਹੀ। ਤਿਨਕੇ ਸੁਤ ਉਤਪਤਿ ਭਏ ਸ੍ਰੀ ਅਮਰ ਬਡੇਰੇ॥ਅਪਰ ਭਏ ਪੁਨ ਤੀਨ ਸੁਤ ਹਰਖਤਿ ਭਾ ਹੇਰੇ ॥੩॥ਖੇਤੀ ਕ੍ਰਿਤਿ ਕੋ ਸੁਤ ਕਰਹਿਂ ਤੇਜੋ ਸੁਖ ਪਾਵੈ॥ਬੈਠਿ ਰਹਹਿ ਸਿਮਰਹਿ ਪ੍ਰਭੁ ਭਗਤੀ ਚਿਤ ਲਾਵੈਂ। ਬਯਾਹ ਕਰੇ ਸਭਿ ਸੁਤਨਿ ਕੇ[4] ਪਿਖਿ ਸਹਿਤ ਸੁਨੂਖਾ[5]॥ਉਰ ਮਹਿਂ ਅਧਿਕ ਪ੍ਰਮੋਦ[6] ਹੀ ਬਡ ਭਾਗ ਅਦੂਖਾ[7]॥੪॥ਆਪੋ ਅਪਨੇ ਕਾਜ ਮਹਿਂ ਚਾਰਹੁਂ ਸੁਤ ਲਾਗੇ॥ ਬੀਤ ਗਯੋ ਚਿਰ ਕਾਲ ਹੀ ਪੌਤ੍ਰ ਪਿਖਿ ਆਗੇ। ਅਮਰਦਾਸ ਨਿਜ ਬਾਸ[8] ਮਹਿਂ ਚਿਰਕਾਲ ਬਿਤਾਵਾ। ਇਕ ਦਿਨ ਰਿਦੈ ਬਿਚਾਰਿਓ–ਹੁਇ ਬੈਸ ਬਿਹਾਵਾ ॥੫॥ ਦੋਹਰਾ ॥ ਕਰਤਿ ਬਨਜ ਫੇਰੋ ਫਿਰਹਿਂ ਧਰਮ ਸਹਿਤ ਕ੍ਰਿਤਿ ਠਾਨਿ। ਹੁਇ ਅਦੋਸ਼ ਜਿਮਿ ਜੀਵਕਾ[9] ਨਿਰਬਾਹਤਿ ਗੁਜ਼ਰਾਨ ॥ ੬ ॥ ਨਿਸਾਨੀ ਛੰਦ॥ ਕਰਹਿਂ ਅਬਹਿ ਸ਼ੁਭ ਕਰਮ ਕੋ ਸੁਖ ਹੁਇ ਪਰਲੋਕੈ। ਨਾਂਹਿਤ ਰਾਗ ਰੁ ਦ੍ਵੈਸ਼[10]‡ ਮਹਿਂ ਲਹਿ ਹਰਖ ਰੁ ਸ਼ੋਕੈ[11]। ਦੇਯ ਦਮਾਮਾ ਆਨਿ ਜਮ ਕਛੁ ਹ੍ਵੈ ਨ ਉਪਾਈ। ਪਛੁਤਾਵਹਿਂ ਨਿਜ ਸਿਰ ਧੁਨਹਿਂ ਬਯ ਬਾਦ[12] ਬਿਤਾਈ ॥ ੭ ॥ ਤੀਰਥ ਕੈ ਤਪਸਾ ਕਰਹਿਂ ਅਬ ਸਮੋ ਹਮਾਰਾ। ਤਰੁਨ[13] ਅਵਸਥਾ ਇਹ ਬਨਹਿ, ਬ੍ਰਿਧ ਤਨ ਬਲ ਹਾਰਾ–। ਇਤਯਾਦਿਕ ਤਰਕਤਿ[14] ਰਿਦੈ ਪੁਨ ਨਿਸ਼ਚੈ ਕੀਨਾ॥–ਸੇਵਨਿ ਗੰਗਾ ਕੋ ਕਰਹਿਂ ਕਲਿ ਮਹਿਂ ਅਘ ਛੀਨਾ॥੮॥ਖਸ਼ਟ ਮਾਸ ਕੋ ਪੁਨ ਕਰਯੋ ਬਾਹਨ ਬਿਨੁ ਚਾਲੇ[15]। ਸੁਰ-

[1]ਭਾਵ ਗੁਰੂ ਅਮਰ ਦਾਸ ਜੀ ਦੀ। [2]ਸਿਮਰਦੇ। [3]ਭੱਲੇ, ਖੱਤ੍ਰੀਆਂ ਦੀ ਇਕ ਜਾਤ ਹੈ। [4]ਸਪੁੱਤ੍ਰਾਂ ਦੇ। [5]ਨੂੰਹਾਂ ਦੇ। [6]ਅਨੰਦ ਹੁੰਦਾ ਹੈ। [7]ਦੁਖਾਂ ਤੋਂ ਰਹਿਤ ਹੈ। [8]ਘਰ। [9]ਜਿਵੇਂ ਪਾਪ ਤੋਂ ਬਿਨਾਂ ਰੋਜ਼ੀ ਤੁਰੇ। [10]ਮਿੱਤ੍ਰਾਈ ਅਰ ਵੈਰ। [11]ਪ੍ਰਸੰਨਤਾ ਤੇ ਅਫਸੋਸ। [12]ਵਿਅਰਥ ਆਯੂ ਗੁਆਈ। [13]ਜਵਾਨੀ। [14]ਦਲੀਲਾਂ ਕਰਦਿਆਂ। [15]ਸਵਾਰੀ ਬਿਨਾਂ ਭਾਵ ਪੈਦਲ ਜਾਵੇ।

*ਸ੍ਰੀ ਅੰਮ੍ਰਿਤਸਰ ਜੀ ਤੋਂ ਪੰਜ ਛੇ ਮੀਲ ਤੇ ਹੈ। †ਪਾਃ–ਖੱਤ੍ਰੀ। ‡ਪਾਃ–ਦ੍ਵੈਖ।

ਸਰਿ[1] ਨੀਰ ਸ਼ਨਾਨਹੀ ਧਰਿ ਹਰਖ ਬਿਸਾਲੇ[2]। ਰਿਦੇ ਕਾਮਨਾ ਹੀਨ ਹੁਇ ਪੂਜਹਿਂ ਥਿਤ ਤੀਰਾ। ਚੰਦਨ ਚਰਚਤਿ[3] ਕੁਸਮ[4] ਗਨ ਅਰਪਹਿਂ ਉਰ ਧੀਰਾ ॥ ੯ ॥ ਦੇਵਹਿਂ* ਧੂਪ ਸੁ ਨੰਮ੍ਰਿ ਹੁਇ ਜਲ ਡਾਲਿ ਪਤਾਸੇ। ਬਰਤ ਕਰਹਿਂ ਤਿਸ ਕੂਲ[5] ਪਰ ਰਹਿ ਕਰ ਉਪਵਾਸੇ[6]। ਅਧਿਕ ਭਾਉ ਧਰਿ ਜਾਤਿ ਹੈਂ ਜੈਕਾਰ ਉਚਾਰੇ। ਇਸੀ ਰੀਤਿ ਨਿਸ਼ਕਾਮ ਹੀ ਬਹੁਬਾਰ ਪਧਾਰੇ[7] ॥ ੧੦ ॥ ਚੌਪਈ ॥ ਅਤਿ ਪਵਿੱਤ੍ਰ ਜਾਤ੍ਰਾ ਕੋ ਕਰੈਂ। ਸਰਬ ਬਿਕਾਰ ਰਿਦੈ ਪਰਿਹਰੈਂ। ਕਾਮ ਨ ਕ੍ਰੋਧ ਨ ਲੋਭ ਨ ਧਾਰੈਂ। ਸੁਚ ਸੰਜਮ ਕੇ ਸਾਥ ਸਿਧਾਰੈਂ ॥੧੧॥ ਖ਼ਸ਼ਟ ਮਾਸ ਬੀਤੇ ਜਬਿ ਜਾਵੈਂ। ਗ੍ਰਿਹ ਭੀ ਬੈਠੇ ਸੁਰ-ਸਰਿ ਧਯਾਵੈਂ। ਉਨਬਿੰਸਤੀ ਬਾਰ[8] ਗਏ ਜਬਿ। ਦੇਹ ਜਰਜਰੀ ਭੂਤ[9] ਭਈ ਤਬਿ॥੧੨॥ਚਲਹਿਂ ਚਰਨ[10]ਸਿਮਰਨ ਕੋ ਕਰਿਤੇ। ਊਚੇ ਜਯ ਜਯ-ਕਾਰ ਉਚਰਿਤੇ। ਬਹੁਰ ਬੀਸਵੀਂ ਬਾਰਿ ਪਧਾਰੇ। ਮਿਹੜਾ[11] ਗ੍ਰਾਮਿਕ ਪੰਥ ਮਝਾਰੇ॥੧੩॥ਬਸਹਿ ਬਿੱਪ੍ਰ ਇਕ ਤਹਿਂ ਅਵਿਦਾਤਿ[12]।ਹੁਤੋ ਸਾਰਸੁਤ ਭੰਬੀ ਜਾਤਿ[13]।ਦੁਰਗਾ ਨਾਮ ਭਨਹਿਂ ਤਿਸ ਕੇਰਾ। ਕਰਹਿਂ ਜਾਤਰੀ ਤਹਾਂ ਬਸੇਰਾ॥੧੪॥ਆਵਤਿ ਜਾਤਿ ਪਾਇਂ ਬਿਸਰਾਮਾ। ਸਾਦਰ ਕਰਹਿ ਉਤਾਰਨ ਧਾਮਾ[14]। ਤਹਾਂ ਗਏ ਸ੍ਰੀ ਅਮਰ ਸੁਜਾਨਾ। ਪੰਥ ਤਪਤ ਭਾਨੁਜ ਮੱਧਯਾਨਾ[15] ॥੧੫॥ ਥਿਰੇ[16] ਦੁਪਹਿਰਾ ਹੋਤ ਬਿਤਾਵਨਿ। ਪੌਢਿ ਰਹੇ ਜਿਨ ਕੀਰਤਿ ਪਾਵਨ। ਬਿੱਦਯਾ ਪਠਯੋ ਸੁ ਬਿੱਪ੍ਰ ਬਿਸ਼ੇਖ਼ਾ। ਸਾਮੁੰਦ੍ਰਿਕ[17] ਭੀ ਤਿਸਨੇ ਦੇਖਾ ॥੧੬॥ ਸੁੰਦਰ ਪਦ ਅਰਬਿੰਦ ਨਿਹਾਰਾ[18]। ਜਿਨਕੇ ਹੁਤੋ† ਸੁ ਪਦਮ ਅਕਾਰਾ[19]।

---

[1]ਗੰਗਾ। [2]ਬੜੇ ਖੁਸ਼ ਹੋਕੇ ਨ੍ਹਾਉਂਦੇ ਹਨ। [3]ਛਿੜਕਦੇ ਹਨ। [4]ਫੁੱਲ। [5]ਕੰਢੇ। [6]ਨਿਰਾਹਾਰ। [7]ਕਈ ਵੇਰ ਗਏ। [8]ਉਨੀਵੀਂ ਵਾਰ। [9]ਭਾਵ ਬ੍ਰਿੱਧ। [10]ਪੈਰੀਂ ਤੁਰਕੇ ਜਾਣ। [11]ਇਕ ਪਿੰਡ ਦਾ ਨਾਮ। [12]ਸ੍ਰੇਸ਼ਟ, ਮਸ਼ਹੂਰ। [13]ਬ੍ਰਾਹਮਣਾਂ ਦਾ ਇਕ ਗੋਤ੍ਰ, ਸੰਭਾਵਨਾ ਹੈ ਕਿ ਜਿਨ੍ਹਾਂ ਦੇ ਵਡੇ ਸਰਸ੍ਵਤੀ ਨਦੀ ਦੇ ਕਿਨਾਰੇ ਕਦੇ ਵਸਦੇ ਸਨ ਸੋ ਸਾਰਸ੍ਵਤ। [14]ਘਰ ਉਤਾਰਾ ਦੇਵੇ। [15]ਦੁਪਹਿਰ ਦੇ ਸੂਰਜ ਦੀ ਧੁੱਪ ਕਰਕੇ ਰਾਹ ਤਪ ਰਿਹਾ ਸੀ। [16]ਟਿਕੇ। [17]ਸਰੀਰ ਦੇ ਚਿਨ੍ਹਾਂ ਤੋਂ ਮਨੁੱਖ ਦੇ ਸ਼ੁਭ ਅਸ਼ੁਭ ਦੀ ਵਿਚਾਰ ਦੱਸਣ ਵਾਲੀ ਵਿਦਯਾ। [18]ਚਰਨ ਕਮਲ ਤੱਕਿਆ। [19]ਜਿਨ੍ਹਾਂ ਦੇ (ਚਰਨਾਂ ਵਿਚ) ਕਵਲ ਦਾ ਚਿੰਨ੍ਹ ਸੀ।

*ਪਾ:-ਖੇਵਹਿਂ। ਧੁਖਵਹਿਂ।

†ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਦੇ ਸੱਜੇ ਹਥ ਵਿਚ ਭੀ ਕੰਵਲ ਦਾ ਚਿੰਨ੍ਹ ਲਿਖਿਆ ਹੈ, ਯਥਾ-'ਬਾਰਿਜੁ ਕਰਿ ਦਾਹਿਣੈ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਪਿਖਯੋ ਦੂਰ ਤੇ ਪੁਨ ਢਿਗ ਆਯੋ। ਨੀਕੀ ਰੀਤਿ ਬਹੁਰ ਦਰਸਾਯੋ ॥੧੭॥ ਰਿਦੇ ਬਿਚਾਰਹਿ ਤਰਕ[1] ਅਨੇਕਾ।–ਇਹ ਉੱਤਮ ਲੱਛਨ ਪਗ ਏਕਾ। ਸ੍ਰੀਪਤਿ ਬਿਸ਼ਨੁ ਭਏ ਅਵਤਾਰਾ[2]। ਕਿਧੌਂ ਚੱਕ੍ਰਵਰਤੀ ਨ੍ਰਿਪ ਭਾਰਾ ॥੧੮॥ ਇਨ ਦੋਇਨ ਬਿਨ ਅਪਰ ਨ ਕੋਊ। ਪਦਮ ਰੇਖ ਇਮਿ ਧਾਰਹਿ ਦੋਊ–। ਪੌਢੇ ਸੁਪਤ ਰਹੇ ਤਹਿੰ ਜਾਵਦਿ। ਰਹਯੋ ਬਿਚਾਰਤਿ ਦਿਜਬਰ ਤਾਵਦਿ ॥੧੯॥ ਨਿਸਾਨੀ ਛੰਦ ॥ ਜਾਗਿ ਉਠੇ ਸ੍ਰੀ ਅਮਰ ਜੀ ਚਲਿਬੇ[3] ਕਰਿ ਤਯਾਰੀ। ਬਿੱਪ੍ਰ ਨਿਕਟ ਬੈਠਤਿ ਭਯੋ ਦੇਖਤਿ ਹਿਤ ਧਾਰੀ।ਲਗੇ ਦੇਨਿ ਤਬ ਦੱਛਨਾ[4] "ਦਿਜ ਜੂ ਇਹ ਲੀਜੈ। ਸਾਧ ਸਾਧ ਤੁਝ ਕੋ ਅਹੈ ਇਮਿ ਹੀ ਨਿਤਿ ਕੀਜੈ ॥੨੦॥ ਉਤਰਹਿੰ ਸੰਗੀ ਰੀਗ ਕੇ ਪਾਵੈਂ ਬਿਸਰਾਮਾ। ਪਾਵਨ ਕੋ ਪਾਵਨ ਕਰਹਿਂ ਪਾਵਨ ਹੁਇ ਧਾਮਾ[5]"।ਬਿੱਪ੍ਰ ਦੀਨਬਨਿ ਬਿਨੈ ਭਨਿ[6] "ਮੈਂ ਅਬਿ ਨਹਿਂ ਲੇਊਂ। ਜਬਿ ਸਮ੍ਰੱਥ ਹੋਵਹੁ ਮਹਾਂ ਤਬਿ ਲੇਨਿ ਕਰੇਊਂ॥੨੧॥ਅਬਿ ਮੁਝ ਸੋਂ ਕਹਿ ਦੀਜੀਅਹਿ–ਬਾਂਛਤ ਹਮ ਦੈ ਹੈਂ–। ਤਬਿ ਚੇਤਹੁ ਇਸ ਸਮੈਂ ਕੋ ਹਮ ਆਨਿ ਮਿਲੈ ਹੈਂ"। ਸੁਨਿ ਸ੍ਰੀ ਅਮਰ ਬਖਾਨਿਓਂ 'ਕੈਸੇ ਤੁਵ ਜਾਨੀ। ਕੈਸੇ ਐਸ਼੍ਵਰਜ ਹੋਇ ਹੈ ਕਰਿ ਸਕਲ ਬਖਾਨੀ' ॥੨੨॥ ਦਿਜ ਭਾਖਯੋ 'ਤੁਮ ਪਦ ਪਦਮ ਪਦਮਾਪਤਿ ਜੈਸੇ[7]। ਅਤਿ ਉੱਤਮ ਲੱਛਨ ਇਹੀ ਫਲ ਲਧੋ ਨ ਕੈਸੇ!। ਤਊ ਅਗਾਰੀ ਹੋਹਿਗੋ,ਪ੍ਰਭੁ ਜੋਤਿ ਮਿਲੈਹੈ।ਚੱਕ੍ਰਵਰਤਿ ਰਾਜਾ ਕਿਧੌਂ ਕਿਸ ਕਾਲ ਬਨੈ ਹੈ ॥੨੩॥ ਨਿਰਸੰਸੈ ਮਮ ਬਾਰਤਾ ਨਿਸ਼ਚੈ ਕਰਿ ਲੀਜੈ। ਐਸ਼੍ਵਰਜ ਹੋਇ ਤ ਜਾਚਿਹੌਂ*ਤਬਹੂੰ ਤੁਮ ਦੀਜੈ'।ਸੁਨਿ ਪ੍ਰਸੰਨ ਚਿਤ ਅਤਿ

---

[1]ਦਲੀਲਾਂ। [2]ਵਿਸ਼ਨੂੰ ਦਾ ਅਵਤਾਰ ਹੈਨ ਏਹ। [3]ਚਲਣੇ। [4]ਭੇਟ। [5]ਚਰਨਾਂ ਨੂੰ ਪਾਉਣਾ ਕਰਦੇ ਹਨ (ਯਾਤ੍ਰੀ ਤਾਂਤੇ) ਪਵਿੱਤ੍ਰ ਹੋ ਜਾਂਦਾ ਹੈ ਘਰ (ਤੁਸਾਡਾ)। [6]ਬੇਨਤੀ ਕੀਤੀ। [7]ਵਿਸ਼ਨੂੰ ਵਰਗਾ ਕਮਲ (ਚਿਨ੍ਹ) ਤੁਸਾਡੇ ਚਰਨਾਂ ਵਿਚ ਹੈ। *ਪਾਃ–ਤਬ ਹੀ ਚਹੌਂ।

[ਪਿਛਲੇ ਪੰਨ ਦੀ ਬਾਕੀ ਟੂਕ]

ਸਿਧਿ ਸਨਮੁਖ ਮੁਖੁ ਜੋਵੈ ॥ [ਸਵਃ ਮਃ ੩ ਕੇ]' ਇਸੇ ਤਰ੍ਹਾਂ ਪੰਚਮ ਸਤਿਗੁਰੂ ਜੀ ਭੀ ਉਚਾਰਦੇ ਹਨ 'ਮੇਰੇ ਹਾਥਿ ਪਦਮੁ ਆਗਨਿ ਸੁਖ ਬਾਸਨਾ ॥ [ਡੁਨਹੇ ਮਃ ੫]' ਇਥੇ ਚਰਨਾਂ ਵਿਚ ਭੀ ਪਦ.. ਕਿਹਾ ਹੈ ਸੋ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਅਮਰ ਦੇਵ ਜੀ ਦੇ ਸਫਲ ਸ਼ਰੀਰ ਵਿਚ ਦੋਨੋਂ ਥਾਂ ਪਦਮ ਸੀ, ਇਸੇ ਲਈ ਆਪ ਗੁਰ 'ਅਵਤਾਰ ਹੈਨ। ਸ੍ਰੀ ਕ੍ਰਿਸ਼ਨ ਜੀ ਦੇ ਕੇਵਲ ਚਰਨਾਂ ਵਿਚ ਹੀ ਪਦਮ ਸੀ ਯਥਾ–'ਚਰਣ ਕਮਲ ਵਿਚ ਪਦਮ ਹੈ ਝਿਲਮਿਲ ਝਲਕੇ ਡਾਂਗੀ ਤਾਰੇ।' [ਵਾਰ ਭਾਃ ਗੁਃ ੧੦–੨੪]

ਭੁਏ, 'ਹੋਵਹੁ ਬਚ ਸਾਚਾ। ਮਿਲਹੁ ਹਮੈਂ ਤਬਿ ਆਨਿਕੈ ਲਿਹੁ ਜੋ ਕਰਿ ਜਾਚਾ' ॥ ੨੪ ॥ ਕਹਿ ਦਿਜ ਸੋਂ ਮਾਰਗ ਚਲੇ ਆਵਨਿ ਕੋ ਧਾਮਾ। ਇਕ ਬ੍ਰਹਮਚਾਰੀ ਬੇਸ ਮਹਿਂ ਜਿਹ ਮਤਿ ਅਭਿਰਾਮਾ। ਮਿਲਯੋ ਸੰਗ ਸ਼੍ਰੀ ਅਮਰ ਕੋ ਕਿਯ ਬਚਨ ਬਿਲਾਸਾ।ਚਲਤਿ ਪੰਥ ਸ਼ੁਭ ਕਥਾ ਪ੍ਰਭੁ ਬਹੁ ਭਾਂਤਿ ਪ੍ਰਕਾਸ਼ਾ ॥ ੨੫ ॥ ਸਰਬ ਦਿਵਸ ਸੰਗੀ ਰਹੇ ਉਤਰੇ ਇਕ ਥਾਨਾ। ਗਮਨੇ ਬਹੁਰ ਪ੍ਰਭਾਤਿ ਕੋ ਹਿਤ ਦੁਹੂੰਅਨਿ* ਠਾਨਾ।ਜਾਵਦਿ ਆਏ ਸਦਨ ਨਿਜ ਤਾਵਦਿ ਰਹਿ ਸੰਗਾ[1]। ਖਾਨ ਪਾਨ ਇਕਠੋ ਕਰਹਿਂ ਸਿਮਰਤਿ ਉਰ ਗੰਗਾ ॥ ੨੬ ॥ ਘਰ ਅਪਨ ਸ਼੍ਰੀ ਅਮਰ ਜੂ ਆਨਯੋ ਬ੍ਰਹਮਚਾਰੀ। ਸਾਦਰ ਖਾਨ ਰੁ ਪਾਨ ਕੋ ਦੀਨਸਿ ਹਿਤ ਧਾਰੀ। ਭਈ ਨਿਸਾ ਹਿਤ ਸੈਨ ਕੇ ਊਪਰ ਆਰੂਢੇ। ਕਰਹਿਂ ਪਰਸਪਰ ਬਾਰਤਾ ਅੰਤਰਗਤਿ ਗੂਢੇ[2] ॥੨੭॥ ਕਿਸ ਪ੍ਰਸੰਗ ਪਰ ਬਾਰਤਾ ਬੋਲਯੋ ਬ੍ਰਹਮ ਚਾਰੀ।'ਗੁਰੂ ਤੁਮਾਰੋ ਕਵਨਹੈ ਕਿਮ ਦੀਖਯਾਧਾਰੀ[3]?'।ਸੁਨਿ ਸ਼੍ਰੀ ਅਮਰ ਬਖਾਨਿਓ 'ਗੁਰੁ ਮੋਹਿ ਨ ਪਾਯੋ। ਖੋਜ ਰਹਯੋ ਅਭਿਲਾਖ ਸੋਂ ਕੋ ਦ੍ਰਿਸ਼ਟਿ ਨ ਆਯੋ ॥੨੮॥ਨਹਿਂ ਦੀਖਯਾ ਕਿਸ ਕੀ ਲਈ,ਮੈਂ ਕਰੀ ਨ ਸੇਵਾ। ਅਬਿ ਲਗ ਬਾਂਛਤ ਹੌਂ ਰਿਦੈ ਕਰਿਹੌਂ ਗੁਰ ਦੇਵਾ'। ਸੁਨਤਿ ਦੁਖਯੋ ਅਤਿ ਚਿਤ ਬਿਖੈ, ਬੋਲਯੋ ਬ੍ਰਹਮਚਾਰੀ। 'ਤਪ ਤੀਰਥ ਬ੍ਰਤਿ ਘਾਲ ਬਡ ਭੀ ਬਿਫਲ[4] ਹਮਾਰੀ ॥੨੯॥ਮਹਾਂ ਸ਼੍ਰਮਤਿ[5]ਹੁਇ ਮੈਂ ਕਰੇ ਸਭਿ ਬਾਦਿ ਗਵਾਏ। ਭਯੋ ਅਚਾਨਕ ਸਾਥ ਤੁਮ' ਇਮਿ ਕਹਿ ਪਛੁਤਾਏ । 'ਨਿਗੁਰੇ ਕੋ ਸੰਗੀ ਭਯੋ ਕਿਯ ਖਾਨ ਰੁ ਪਾਨਾ। ਪੁੰਨ ਅਕਾਰਥ ਸਭਿ ਭਏ,ਮੁਝ ਚਿੰਤ ਮਹਾਂਨਾ ॥ ੩੦ ॥ ਬ੍ਰਿੱਧ ਹੋਤਿ ਲੌ ਇਮ ਰਹੇ[6] ਨਹਿ ਗੁਰੂ ਬਨਾਯੋ ! । ਮਹਾਂ ਕਰਮ ਖੋਟਾ ਕਿਯੋ ਮਨਮਤਿ ਬਿਰਮਾਯੋ'। ਚਿਤ ਮਹਿਂ ਅਤਿ ਰਿਸ ਕਰਤਿ ਹੀ ਉਠਿ ਮਾਰਗ ਲੀਨਾ। ਅਮਰਦਾਸ ਪਸ਼ਚਾਤਿ ਤਿਸੁ ਪਛੁਤਾਵਨਿ ਕੀਨਾ ॥੩੧॥ ਅਪਰ ਸਰਬ ਹੀ ਸੁਧ ਗਈ ਇਕ ਹੀ ਲਿਵਲਾਗੀ ।–ਗੁਰੂ ਮਿਲਹਿਂ ਕਰਿ ਲੇਇ ਹੌਂ–ਇੱਛਾ ਬਹੁ ਜਾਗੀ । ਪ੍ਰਭੁ ਆਗੈ ਬਿਨਤੀ ਕਰੀ 'ਪੂਰਹੁ ਮਮ ਆਸਾ। ਦੀਨਬੰਧੁ ਹਰਿ ਦਯਾਨਿਧਿ ਲਖਿ ਦਾਸਨ ਦਾਸਾ ॥ ੩੨ ॥ ਗਾਂਵਰ ਕੇ ਪਦ ਪਦਮ ਤੇ ਨਿਕਸੀ ਸ਼ੁਭ ਗੰਗਾ। ਸੇਵੀ ਮੈਂ ਬਹੁ ਕਾਲ

[1]ਭਾਵ ਘਰ ਪਹੁੰਚਦੇ ਤਕ ਨਾਲ ਰਿਹਾ। [2]ਭਾਵ, ਦਿਲ ਦੀਆਂ ਗਾੜ੍ਹੀਆਂ ਗੱਲਾਂ। [3]ਤੇ ਕਿਵੇਂ [illegible] ਲਿਆ ਹੈ ? [4]ਬਿਅਰਥ। [5][illegible] ਗੁਰੂ ਹੀਣ ਰਿਹਾ।
[illegible]

ਲਗ ਨਿਸ਼ਕਾਮ ਉਮੰਗਾ। ਅਬਿ ਸਤਿਗੁਰ ਮੁਝ ਕੋ ਮਿਲੈ ਸਭਿ ਹੂੰ ਫਲ ਪਾਊਂ।ਅੰਤਰਜਾਮੀ ਸਰਬ ਕੇ, ਕਹਿ ਕਿਸਹਿ ਸੁਨਾਊਂ"॥੩੩॥ ਚਿੰਤਾ ਚਿਤ ਤੇ ਦੀਨ ਹੁਇ ਬਿਨਤੀ ਬਹੁ ਭਾਖੇ। ਦਿਵਸ ਨ ਬੀਤੇ ਦੁਖਦ ਬਹੁ ਉਰ ਗੁਰੁ ਅਭਿਲਾਖੇ। ਗੰਗਾ ਰਿਦੇ ਅਰਾਧਤੋ* 'ਹੇ ਭੀਸ਼ਮ ਮਾਤਾ[1] !। ਉੱਤਮ ਤੀਰਥ ਸਭਿਨਿਮਹਿੰ ਬਾਂਛਤ ਕੀ ਦਾਤਾ[2]॥੩੪॥ਬ੍ਰਹਮਲੋਕ ਤੇ ਜਤਨਕਰਿ ਭਾਗੀਰਥ ਆਨੀ[3]। ਸਾਠ ਹਜ਼ਾਰ ਉਧਾਰ ਕਰਿ ਇਹ ਕਥਾ ਮਹਾਨੀ।ਸੁਰ-ਮਾਨੀ, ਹਾਨੀ ਅਘਨਿ, ਜਾਨੀ ਤ੍ਰਿਹੁ ਲੋਕਾ[4]। ਸੁਖਦਾਨੀ,ਰਾਨੀ ਜਗਤਿ, ਤੁਵ ਬੇਗ ਅਰੋਕਾ[5] ॥੩੫॥ਕਰਹੁ ਸਫਲ ਮਮ ਕਾਮਨਾ ਗੁਰੁ ਦੇਹੁ ਮਿਲਾਈ'। ਇਸ ਪ੍ਰਕਾਰ ਬਿਨਤੀ ਭਨਹਿ ਬਹੁ ਬਿਧਿ ਬਡਿਆਈ। ਨਿਸਾ ਬਿਤੀ ਦਿਨ ਆਗਲੋ ਦੁਖ ਸਾਥ ਬਿਤਾਵਾ।ਖਾਨ ਪਾਨ ਕੁਛ ਨਹਿੰ ਰੁਚੀ ਬੈਰਾਗ ਉਪਾਵਾ ॥ ੩੬ ॥ ਬਹੁਰੁ ਭਈ ਜਬਿ ਜਾਮਨੀ ਸੋਚਤਿ ਚਿਤ ਜਾਗਾ। ਲਿਵ ਲਾਗਹਿ ਨਹਿੰ ਨੀਂਦ ਹੁਇ ਜਿਨ ਮਨ ਅਨੁਰਾਗਾ। ਸ੍ਰੀ ਪਰਮੇਸੁਰ ਸੁਰ-ਸੁਰੀ ਪਰਸੰਸਤਿ[6] ਦੋਊ। ਬਿਨੈ ਭਨਤਿ ਮਨ ਦੀਨ ਬਨਿ ਗੁਨ ਗਨ ਗਿਨਿ ਸੋਊ[7] ॥ ੩੭ ॥ ਨਾਉਂ ਥਾਉਂ ਬਿਨ ਰੂਪ ਕੇ ਸਤਿਗੁਰ ਕੋ ਧਯਾਵੈ। 'ਪੂਰਹੁ ਮੇਰੀ ਆਸ ਕੋ ਐਸੇ ਉਰ ਭਾਵੈ। ਸਰਬ ਥਾਨ ਸਭਿ ਕਾਲ ਮਹਿੰ ਸਤਿਗੁਰ ਹੈ ਬਯਾਪੇ। ਬਿਨਤੀ ਸੁਨਿਕੈ ਸ਼੍ਰੋਨ ਮੈਂ ਦਿਹੁ ਦਰਸ਼ਨ ਆਪੇ ॥ ੩੮ ॥ ਮੈਂ ਪਰਖਨ ਜਾਨਹੁ ਨਹੀਂ ਗੁਰ ਪੂਰਨ ਕੋਹੂ[8]। ਅਪਨੋ ਬਿਰਦ ਪਛਾਨਿ ਕੈ ਨਿਜ ਦਰਸ਼ਨ ਦੇਹੂ'। ਇਮਿ ਇਕ ਲਿਵ ਲਾਗੀ ਰਿਦੈ ਤਜਿ ਕਾਰਜ ਆਨਾ।ਖਾਨ ਪਾਨ ਨਿੰਦ੍ਰਾ ਨਹੀਂ ਦ੍ਰਿਗਨੀਰ ਚਲਾਨਾ॥੩੯॥ਦੀਰਘ ਸ੍ਵਾਸ ਉਸਾਰਿਤੋ[9] ਇਕ ਤੌ ਬ੍ਰਿਧ ਦੇਹੀ। ਗੰਗਾ ਆਵਤਿ ਜਾਤ ਮਗ ਬਲ ਬਿਨਾ ਅਛੇਹੀ[10] । ਪ੍ਰੇਮ ਅਧਿਕ ਚਿੰਤਾ ਬਹੁਤ ਉਰ ਮਹਿਦ

[1]ਗੰਗਾ ਦਾ ਇਕ ਨਾਮ ਹੈ, ਰਾਜਾ ਸ਼ਾਂਤਨੂ ਤੋਂ ਗੰਗਾ ਦੇ ਪੇਟੋਂ ਭੀਸ਼ਮ ਦਾ ਜਨਮ ਹੋਇਆ ਸੀ। [2]ਭਾਵ ਮਨ ਮੰਗੀ ਮੁਰਾਦ ਦੀ ਦਾਤੀ ਹੈਂ ਤੂੰ। [3]ਕਥਾ ਹੈ ਕਿ ਸੂਰਜਵੰਸੀ ਰਾਜਾ ਦਲੀਪ ਦੇ ਪੁੱਤ੍ਰ ਭਗੀਰਥ ਨੇ ਤਪੱਸਯਾ ਕਰਕੇ ਵੱਡਿਆਂ ਦੇ ਉਧਾਰ ਵਾਸਤੇ ਗੰਗਾ ਪ੍ਰਿਥਵੀ ਤੇ ਆਂਦੀ ਸੀ। [4]ਦੇਵਤਿਆਂ ਦੀ ਮੰਨੀ ਹੋਈ, ਨਾਸ਼ ਕਰਤਾ ਪਾਪਾਂ ਦੀ ਤੇ ਤਿੰਨਾਂ ਲੋਕਾਂ ਵਿਖੇ ਜਾਣੀ ਹੋਈ। [5]ਤੇਰਾ ਪ੍ਰਵਾਹ ਰੋਕਿਆ ਨਹੀਂ ਜਾਂਦਾ। [6]ਉਸਤਤਿ ਕਰਦੇ ਹਨ। [7]ਸਾਰੇ ਗੁਣ ਗਿਣਕੇ। [8]ਕੌਣ ਹੈ। [9]ਲੰਮੇ ਸਾਹ ਭਰਕੇ। [10]ਨਿਰੰਤਰ।

*ਇਹ ਗੰਗਾ ਆਦਿ ਦੀ ਉਸਤਤੀਆਂ ਪਹਿਲੇ ਖਿਆਲਾਂ ਅਨੁਸਾਰ ਹਨ, ਜਦੋਂ ਅਜੇ ਸਤਿਗੁਰੂ ਅੰਗਦ ਦੇਵ ਜੀ ਦੀ ਸ਼ਰਨ ਨੂੰ ਪ੍ਰਾਪਤਿ ਨਹੀਂ ਹੋਏ ਸਨ।

ਬਿਸੂਰਾ[੧]। "ਕੈ ਮਰਿਹੋਂ ਕੈ ਮਿਲਹਿ ਅਬਿ ਸ੍ਰੀ ਸਤਿਗੁਰ ਪੂਰਾ॥੪੦॥ ਧਿਕ ਜੀਵਨਿ ਸਤਿਗੁਰੁ ਬਿਨਾ ਕੁਛ ਸਰੈ ਨ ਕਾਜੂ। ਗੁਰ ਬਿਨ ਛਿਤਿ ਕੋ ਰਾਜ ਕਜਾ, ਧਿਕ ਸੁਰਪੁਰਿ[੨] ਰਾਜੂ। ਤਪ, ਤੀਰਥ, ਬਰਤ ਰੁ ਧਰਮ ਬਿਨ ਗੁਰ ਨਿਫਲਾਵੈਂ। ਗੁਰ ਬਿਨ ਲੋਕ ਪ੍ਰਲੋਕ ਕੇ ਸੁਖ ਸਕਲ ਨਸਾਵੈਂ॥੪੧॥ ਸਤਿ-ਗੁਰ ਪੂਰਾ ਜੇ ਮਿਲਹਿ ਦੇ ਨਿਜ ਉਪਦੇਸੂ। ਸਫਲ ਤਪਾਦਿਕ ਹੋਤਿ ਹੈਂ ਮਿਟ ਜਾਤਿ ਕਲੇਸੂ। ਕਰਮ ਹੀਨ ਇਮ ਮੈਂ ਰਹਨੋ ਅਬਿ ਸਤਿਗੁਰ ਪਾਊਂ। ਨਾਤੁਰ ਤਜਿ ਕੈ ਅੰਨ ਜਲ ਨਿਜ ਤਨ ਬਿਨਸਾਊਂ" ॥੪੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ' ਪ੍ਰਸੰਗ ਬਰਨਨੰ ਨਾਮ ਚੌਦਸ਼ਮੋਂ ਅੰਸੂ ॥ ੧੪ ॥

## ੧੫. [ਸ੍ਰੀ ਅਮਰਦਾਸ ਜੀ ਦਾ ਗੁਰ ਅੰਗਦ ਜੀ ਨਾਲ ਮਿਲਾਪ]

ਦੋਹਰਾ ॥ ਸ੍ਰੀ ਗੁਰ ਅੰਗਦ ਕੀ ਸੁਤਾ ਬੀਬੀ ਅਮਰੋ ਨਾਮ। ਭਗਤਿ ਧਾਰ ਬਪੁ ਆਪਨੋ[੩] ਉਪਜੀ ਸਤਿਗੁਰ ਧਾਮ॥੧॥ ਨਿਸਾਨੀ ਛੰਦ। ਅਨੁਜ[੪] ਹੁਤੋ ਸ੍ਰੀ ਅਮਰ ਕੋ ਤੇਜੋ ਕੇ ਤਾਤਾ[੫]। ਤਿਸ ਕੇ ਨੰਦਨ ਸੰਗ ਇਹੁ ਬਨਾਹੀ ਬਡਿ ਗਜਾਤਾ। ਬਿਦਾ ਹੋਇ ਪਿਤ ਪਾਸ ਤੇ ਸਸੁਰਾਰ ਬਸੇਤੀ[੬]। ਬਹੁਤ ਬਰਖ ਤਿਨ ਘਰ ਰਹੀ ਅਮਰੋ ਮਤਿਵੰਤੀ[੭] ॥੨॥ ਮਹਿਮਾ ਲਖੀ ਨ ਕਿਨਹੁ ਤਿਹ ਨਿਤਪ੍ਰਤਿ ਇਮ ਠਾਨੈ। ਗ੍ਰਿਹਿ[੮] ਧੰਧਾ ਸਭਿ ਦਿਨ ਕਰਹਿ ਤਿਨ ਆਇਸੁ ਮਾਨੈ। ਜਾਗਹਿ ਪਾਛਲ ਰਾਤਿ ਕੋ ਕਰਿ ਸ਼ੌਚ ਸ਼ਨਾਨਾ। ਸ੍ਰੀ ਨਾਨਕ ਬਾਨੀ ਪਠਹਿ ਕਰਿ ਪ੍ਰੇਮ ਮਹਾਨਾ ॥ ੩ ॥ ਤਿਸ ਨਿਸ ਉਠਿ ਸਤਿਗੁਰ ਸਿਮਰ ਮੱਜਨ ਕੋ ਠਾਨਾ।ਪਠਹਿ ਗੁਰੂ ਕੇ ਸ਼ਬਦ ਸ਼ੁਭ ਫਲਜਿਨਹੁ ਮਹਾਨਾ।ਦਧੀ[੯] ਬਿਲੋਵਤਿ ਸਹਜਿ ਸੋਂ, ਮੁਖ ਬੋਲਤਿ ਬਾਨੀ। ਹੁਇ ਪ੍ਰਸੰਨ ਕਰਿ ਪ੍ਰੇਮ ਸੋਂ ਨਿਜ ਬ੍ਰਿਤੀ ਟਿਕਾਨੀ ॥੪॥ ਨਿਜ ਘਰ ਪਰ ਸ੍ਰੀ ਅਮਰ ਜੀ ਚਿੰਤਾ ਗ਼ਲ-ਤਾਨੇ। ਜਾਗੇ ਸਗਲੀ ਜਾਮਨੀ ਪੁਨ ਪੁਨ ਪਛੁਤਾਨੇ। ਸਤਿਗੁਰ ਦਰਸ਼ਨ ਚਿਤਵਤੇ ਬਿਨਤੀ ਬਹੁ ਭਾਖੇ। ਜਾਮ ਨਿਸਾ ਤੇ ਧੁਨਿ[੧੦] ਪਰੀ ਸੁਨਿ ਮਨ ਅਭਿਲਾਖੇ॥੫॥ਸੁਨਨਿ ਲਗੇ ਮਨ ਰੋਕਿਕੇ ਸੁੰਦਰ ਗੁਰਬਾਨੀ।ਦ੍ਰੁਭਤਿ ਚੀਤ ਦਰਵਤਿ ਰਿਦਾ[੧੧], ਰੁਚਿ ਜਗੀ ਮਹਾਨੀ। ਤਹਿੰ ਤੇ ਉਠਿ ਹੁਇ ਨਿਕਟ ਤਿਹ, ਓਟਾ[੧੨] ਇਕ ਲੀਨਾ।-ਦੇਖਿ ਨ ਸੁਕਚਹਿ[੧੩] ਮੋਹਿ ਕੋ ਸ਼ੁਭਮਤੀ

---

[੧]ਬੜਾ ਝੂਰਦੇ ਹਨ। [੨]ਸੁਰਗ ਦਾ। [੩](ਮਾਨੋ) ਭਗਤੀ ਆਪਣਾ ਸਰੀਰ ਧਾਰਕੇ। [੪]ਛੋਟਾ ਭਾਈ। [੫]ਪੁੱਤਰ। [੬]ਸਹੁਰੇ ਵੱਸਦੀ ਸੀ। [੭]ਬੁਧਿਵਾਨ। [੮]ਘਰ ਦਾ। [੯]ਦਹੀਂ। [੧੦]ਭਾਵ ਬੀਬੀ ਦੇ ਸ਼ਬਦ ਪੜ੍ਹਨ ਦੀ ਧੁਨ। [੧੧]ਪੰਘਰਦਾ ਹੈ ਦਿਲ। [੧੨]ਓਹਲਾ। [੧੩]ਸੰਕੋਚ ਨਾ ਕਰੇ (ਅ) ਸ਼ਰਮਾਵੇ ਨਾ।

ਪ੍ਰਬੀਨਾ[1]-॥ ੬ ॥ ਛਪੇ ਸੁਨਤਿ ਗੁਰ ਸਬਦ ਕੋ ਥਿਤ[2] ਕੇਤਿਕ ਕਾਲਾ। ਪਢਤਿ ਰਹੀ ਅਮਰੋ ਤਬਹਿ ਪੁਨ ਭਯੋ ਉਜਾਲਾ। ਜਬਿ ਪ੍ਰਭਾਤਿ ਹੋਈ ਪਿਖੀ ਤਬਿ ਨਿਕਟ ਸਿਧਾਰਾ। ਬੂਝਨ ਲਾਗਯੋ[4]ਸ਼ਬਦ ਇਹ ਕਿਸ ਭਾਂਤਿ ਉਚਾਰਾ?॥੭॥ਹੇ ਪੁੱਤ੍ਰੀ! ਅਬਿ ਫੇਰ ਪਢਿ ਮੁਝ ਦੇਹੁ ਸੁਨਾਈ। ਮਰਯੋ ਹੁਤੋ ਮੈਂ, ਸੁਧਾ ਕੀ ਬੂੰਦੇਂ ਮੁਖ ਪਾਈ[3]। ਕਰਯੋ ਜਿਵਾਵਨ, ਸੁਖ ਦਿਯੋ, ਇਹ ਬਡ ਉਪਕਾਰਾ'।ਸੁਨਿ ਅਮਰੋ ਸੁਕਚਤਿ[4]ਕੁਛਕ ਗੁਰਸ਼ਬਦ ਉਚਾਰਾ॥੮॥

ਸ੍ਰੀ ਮੁਖਵਾਕ ॥ ਮਾਰੂ ਮਹਲਾ ੧ ਘਰੁ ੧ ॥

ਕਰਣੀ ਕਾਗਦੁ ਮਨੁ ਮਸਵਾਣੀ[5] ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥ ੧ ॥ ਚਿਤ ਚੇਤਸਿ ਕੀ ਨਹੀ ਬਾਵਰਿਆ[6] ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ॥ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥ ੨ ॥ ਕਾਇਆ ਆਰਣੁ[7] ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ ॥ ੩ ॥ਭਇਆ ਮਨੂਰੁ[8] ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ। ਏਕੁ ਨਾਮੁ ਅੰਮ੍ਰਿਤੁ ਓਹ ਦੇਵੈ ਤਉ ਨਾਨਕ ਤ੍ਰਿਸਟਸਿ[9] ਦੇਹਾ॥ ੪ ॥ ੩ ॥

ਨਿਸ਼ਾਨੀ ਛੰਦ ॥ ਸੁਨਿ ਕੇ ਸਤਿਗੁਰ ਸਬਦ ਕੋ ਮਨ ਭਯੋ ਹੁਲਾਸਾ।-ਮੋਹਿ ਦਸ਼ਾ ਅਸ ਅਬਿ ਅਹੈ ਜਿਮ ਸ਼ਬਦ ਪ੍ਰਕਾਸ਼ਾ[10]। ਤਰੁਨ ਅਵਸਥਾ ਬਿਤ ਗਈ ਬਿਰਧਾਪਨ ਪਾਵਾ।ਲੋਹਾ ਹੁਤੋ ਮਨੂਰ ਭਾ ਕਿਤ ਕਾਜ ਨ ਆਵਾ॥੯॥ ਲੋਹੇ ਕੋ ਪਾਰਸ ਛੁਵੈ ਕੰਚਨ ਹੁਇ ਜਾਈ। ਮਮ*ਮਨੂਰ ਕੋ ਗੁਰ ਮਿਲਹਿਂ ਸੁਧ ਕਰਹਿਂ ਬਨਾਈ।ਮਨਹੁ ਸਬਦ ਮੁਝ ਪਰ ਕਿਯੋ[11],ਅਸ ਦਸ਼ਾ ਸਰੀਰਾ -। ਇਮ ਬਿਚਾਰਿ ਬੂਝਤਿ ਭਏ ਆਸ਼ੈ ਗੰਭੀਰਾ[12] ॥ ੧੦ ॥ 'ਸ਼ਬਦਕਰਯੋ ਕਿਸਕੋ ਅਹੈ ਕਿਤ ਤੇ ਤੁਮ ਪਾਵਾ?।ਕਰਨਹਾਰਿ[13]ਅਬਿ ਹੈਕਿ ਨਹਿਂ?ਜਿਨ ਸ਼ੁਭ ਪਦ ਗਾਵਾ।ਸੁਨਤਿ ਰੋਮ ਹਰਖਨ ਭਯੋ[14],ਮਨ ਪ੍ਰੇਮ ਬੰਧਾਯੋ।ਮੇਰੇ ਹੇਤ ਉਧਾਰਿਬੇ ਇਹ ਰੁਚਿਰ ਬਨਾਯੋ'॥ ੧੧ ॥ ਸੁਨਿ ਬੀਬੀ ਅਮਰੋ ਕਹਯੋ 'ਸ੍ਰੀ ਨਾਨਕ ਪੂਰੇ। ਤਿਨਹੁ ਬਨਾਯੋ ਸ਼ਬਦ ਕੋ ਜਿਸ ਮਹਿਂ ਫਲ ਰੂਰੇ। ਅਪਰ

---

[1]ਭਾਵ ਬੀਬੀ ਅਮਰੋ। [2]ਖੜ੍ਹੋਕੇ। [3](ਤੂੰ) ਪਾਈਆਂ ਹਨ। [4]ਸ਼ਰਮਾਕੇ। [5]ਦਵਾਤ। [6]ਕਮਲਿਆ। [7]ਭੱਠੀ। [8]ਸੜਿਆ ਗਲਿਆ ਲੋਹਾ। [9]ਟਿਕੇ। [10]ਮੇਰੀ ਦਸ਼ਾ ਹੁਣ ਉਜੇਹੀ ਹੈ ਜੇਹੀ ਸ਼ਬਦ ਨੇ ਪ੍ਰਕਾਸ਼ ਕੀਤੀ ਹੈ। [11]ਮੇਰੀ (ਹਾਲਤ) ਤੇ ਰਚਿਆ ਹੈ। [12]ਭਾਵ ਸ੍ਰੀ ਅਮਰ ਜੀ। [13]ਰਚਣ ਵਾਲੇ। [14]ਲੂੰ ਖਿੜ ਗਏ।

*ਪਾ:-ਸਮ।

ਬਹੁਤ ਬਾਨੀ ਬਨੀ ਤਿਨ ਕੇ ਮੁਖ ਦ੍ਵਾਰਾ।ਜਿਸਕੇ ਪਠਿਬੇ ਪ੍ਰੇਮ ਤੇ ਭਉਜਲ ਨਿਸਤਾਰਾ ॥ ੧੨ ॥ ਸੁਨਹਿਂ ਪਠਹਿਂ ਮੇਰੋ ਪਿਤਾ ਮਨ* ਪ੍ਰੇਮ ਬਿਸਾਲਾ । ਗਾਇਂ ਰਬਾਬੀ ਤਿਨਹੁ ਢਿਗ ਥਿਤ ਦੋਨਹੁ ਕਾਲਾ।ਸ੍ਰੀ ਸਤਿਗੁਰੁ ਨਾਨਕ ਅਬੈ ਬੈਕੁੰਠ ਪਧਾਰੇ।ਨਿਜ ਸਥਾਨ ਨਿਜ ਜੋਤਿਦੇ ਮਮਪਿਤਾਬਿਠਾਰੇ॥੧੩॥ ॥ ਤਿਨਹੁੰ ਨਿਕਟ ਤੇ ਕੰਠ ਕਰਿ ਬਹੁ ਸੁਨਤਿ ਰਹੰਤੀ[1] । ਸਤਿਗੁਰ ਗਿਰਾ ਪ੍ਰਚਾਰ ਤਹਿਂ ਗਨ ਕਿਲਵਿਖ ਹੰਤੀ । ਸੇਵਤਿ ਸਿੱਖ ਅਨੇਕ ਹੈਂ ਜਿਨਕੇ ਵਡਭਾਗਾ । ਸਰਬ ਬਿਕਾਰਨਿ ਤ੍ਯਾਗਿ ਕੇ ਮਨ ਸਿਮਰਨ ਜਾਗਾ ॥੧੪॥ ਸੁਨਤਿ ਅਮਰ ਬੋਲੇ ਬਹੁਰ 'ਦੁਹਿਤਾ[2] ! ਸੁਨਿ ਲੀਜੈ। ਮੇਰੇ ਪਰ ਉਪਕਾਰ ਇਹੁ ਕਰੁਨਾ ਕਰਿ ਕੀਜੈ । ਲੇਹੁ ਸੰਗ ਤਹਿਂ ਕੋ ਚਲਹੁ ਦਿਹੁ ਮੋਹਿ ਮਿਲਾਈ। ਦਰਸ਼ਨ ਕੀ ਪਜਾਸਾ ਲਗੀ ਅਬ ਰਹ੍ਯੋ ਨ ਜਾਈ ॥੧੫॥ ਬ੍ਰਿੱਧ ਅਨਾਥ ਅਜਾਨ ਮੈਂ ਸਮਰਥ ਤੇ ਹੀਨਾ।ਮਰਤਿ ਮੋਹਿ ਜੀਵਾਇਹੈਂ ਹੇ ਸੁਤਾ ਪ੍ਰਬੀਨਾ[3] !" । ਸੁਨਿ ਅਮਰੋ ਨੇ ਪੁਨ ਭਨ੍ਯੋ'ਤੁਮ ਬ੍ਰਿੱਧ[4] ਹਮਾਰੇ। ਕਯੋਂ ਨਹਿਂ ਮਾਨੌਂ ਬੈਨ ਕੋ ਮੈਂ ਬਿਨਾ ਬਿਚਾਰੇ ॥੧੬॥ ਮੋਕਹੁ ਸਸੁਰ ਸਥਾਨ ਹੋ[5], ਸਮ ਪਿਤਾ ਬਿਚਾਰੌਂ । ਇਕ ਪਰੰਤੁ ਮੈਂ ਡਰਤਿ ਹੌਂ ਬਿਨ ਕਹੇ ਪਧਾਰੌਂ । ਪਿਤ ਸਤਿਗੁਰੁ ਕੋ ਅਦਬ ਸੋਂ ਦਰਸੋਂ ਦਰਸੰਨਾ[6] । ਤਿਨ ਰਜਾਇ ਮੈਂ ਨਿਤ ਰਹੌਂ,ਬਹੁ ਕਰੌਂ ਪ੍ਰਸੰਨਾ ॥੧੭॥ ਜਾਵੌਂ ਨਿਕਟ ਨ ਬਿਨ ਕਹੇ, ਬਿਨ ਬਿਦਾ ਨ ਆਵੌਂ । ਰਿਸਿ ਕਰਿ ਕੁਛ ਨਹਿਂ ਕਬਿ ਕਹੈਂ ਜਾਂਤੇ ਡਰਪਾਵੌਂ[7] । ਸੁਨਿ ਬੋਲੇ ਸ੍ਰੀ ਅਮਰ ਜੀ 'ਤੂੰ ਮਤਿ ਕਰਿ ਚਿੰਤਾ† । ਅੰਤਰਜਾਮੀ ਘਟਨ ਕੇ ਹੁਇਂ ਜੇ ਭਗਵੰਤਾ॥੧੮॥ ਤੌ ਨ ਕਰਹਿਂ ਮਨ ਭੰਗ ਕੋ,ਹੇਰਹਿਂ ਮਨ ਪ੍ਰੇਮਾ‡। ਦਾਸ ਜਾਨਿ ਢਿਗ ਰਾਖਿ ਹੈਂ ਦੇ ਹੈਂ ਮਗ ਛੇਮਾ"।ਬ੍ਰਿੱਧ ਬਿਨੈ ਸੁਨਿ ਦੀਨ ਕੀ ਅਮਰੋ ਕਰਿ ਤ੍ਯਾਰੀ । ਝੀਵਰ ਲੀਏ ਹਕਾਰਿ[8] ਕੇ ਚਢਿ ਕਰਿ ਅਸ-ਵਾਰੀ[9] ॥੧੯॥ ਚਲੇ ਪੰਥ ਸ਼ੁਭ ਸ਼ਗੁਨ ਤੇ ਸ਼ੁਭ ਬਹੀ ਸਮੀਰਾ[10]। ਪਰਖਤਿ, ਹਰਖਤਿ ਚਿੱਤ ਮਹਿਂ ਹੁਇ ਕਾਜ ਗਹੀਰਾ। ਸਨੇ ਸਨੇ ਮਾਰਗ ਚਲੇ,ਪਿਖਿ ਗ੍ਰਾਮ ਖਡੂਰਾ। ਬੀਬੀ ਅਮਰੋ ਤਬਿ ਕਹ੍ਯੋ'ਪਿਤ ਸਤਿਗੁਰ ਪੂਰਾ॥੨੦॥ਗ੍ਰਾਮ

---

[1]ਭਾਵ ਮੈਂ ਅਪਣੇ ਪਿਤਾ ਗੁਰੂ ਜੀ ਪਾਸੋਂ ਬਹੁਤ ਸੁਣਦੀ ਰਹਿੰਦੀ ਹਾਂ ਓਥੋਂ ਹੀ ਕੰਠ ਕੀਤਾ ਹੈ । [2]ਹੇ ਬੇਟੀ ! [3]ਸਿਆਣੀ । [4]ਵਡੇ । [5]ਸਹੁਰੇ ਦੀ ਥਾਂ । [6]ਦਰਸ਼ਨ ਦੇਖਦੀ ਹਾਂ । [7]ਕਲਜਾਨ ਦਾ ਡਰ । [8]ਬੁਲਾਇ ਲਏ । [9]ਭਾਵ ਡੋਲੇ ਤੇਂ ਹੈ । [10]ਪੌਣ । *ਪਾ—ਨਿਤ ।

†ਪਾਃ—ਮਤ ਕਰ ਚਿਤ ਚਿੰਤਾ । ‡ਪਾਃ—ਮਮ ਪ੍ਰੇਮਾ=ਮੇਰੇ ਪ੍ਰੇਮ ਨੂੰ ।

ਨਿਕਟਿ ਤੁਮ ਬੈਠੀਇ ਮੈਂ ਜਾਉਂ ਅਗਾਰੀ।ਪਿਖਿ ਸੁਭਾਵ ਸਤਿਗੁਰੂ ਕੋ ਪੁਨ ਲੇਹੁਂ ਹਕਾਰੀ[੧] । ਆਗਯਾ ਕਰਹਿਂ ਪ੍ਰਸੰਨ ਹੁਇ ਪੂਛੌਂ ਜਬਿ ਜਾਈ। ਮਿਲਹੁ ਬਹੁਰ,ਢਿਗ ਰਹਹੁ ਤਿਨ,ਲਖਿ ਚਲਹੁਰਜਾਈ'॥੨੧॥ਇਮਿਧੀਰਜਦੇਕਰਿ ਭਲੇ ਚਲਿ ਗਈ ਅਗਾਰੇ । ਪਿਤਾ ਸਾਥ ਹਿਤ ਕਰਿ ਮਿਲੀ ਬਡ ਸ਼ਰਧਾ ਧਾਰੇ। ਘਰ ਅੰਤਰ ਬੈਠੀ ਨਿਕਟ ਗੁਰੁ ਅੰਤਰਜਾਮੀ।ਕਹ੍ਯੋ'ਬੁਲਾਯੋ ਤੁਝ ਨਹੀਂ ਆਈ ਕਿਸਕਾਮੀ?॥੨੨॥ਬਨਹਿ ਨ ਆਵਨਿ ਬਿਨ ਭਨੇ ਕਯੋਂ ਚਲਿ ਕਰਿ ਆਏ?।ਜਿਨਹੁ[੨]ਸੰਗ ਆਨ੍ਯੋ ਹੁਤੋ ਤਿਸ ਕਯੋਂ ਨਹਿੰ ਲਯਾਏ'।ਕਹ੍ਯੋ ਜੋਰਿ ਕਰ 'ਜਾਇ ਮੈਂ ਆਨਹੁਂ ਅਬਿ ਪਾਸਾ। ਆਇਸੁ[੩] ਬਿਨੁ ਨਹਿਂ ਮਿਲਿ ਸਕਹਿਂ, ਬਹੁ ਧਰੇ ਹੁਲਾਸਾ[੪]' ॥ ੨੩ ॥ ਗਈ ਆਪ ਹੀ ਉਠਿ ਬਹੁਰ ਤਿਸ ਜਾਇ ਹਕਾਰਾ । ਰਿਦੇ ਅਨੰਦ ਬਿਲੰਦ ਧਰਿ ਪਹੁੰਚ੍ਯੋ ਦਰਬਾਰਾ।ਦਰਸ਼ਨ ਕੀਨਸਿ ਜਾਇ ਕੈ ਮੁਖ ਕਮਲ ਬਿਕਾਸ਼ਾ[੫]। ਰਾਗ ਦ੍ਵੈਸ਼ ਸੁਖ ਦੁਖ ਬਿਖੈ ਬ੍ਰਿਤਿ ਜਿਨਹੁ* ਉਦਾਸਾ ॥੨੪॥ ਲਖਿ ਸੰਸਾਰ ਸੰਬੰਧ ਕੋ ਹੁਇ ਸਤਿਗੁਰ ਠਾਂਢੋ।ਗਲ ਮਿਲਿਬੇ ਕਹੁ ਤਯਾਰ ਭੇ ਪਟ ਤੇ ਕਰ ਕਾਢੇ[੬]। ਚਰਨ ਗਹੇ ਸ੍ਰੀ ਅਮਰ ਤਬਿ ਬੰਦਨ ਕੋ ਠਾਨੀ। 'ਉਚਿਤ ਨਹੀਂ[੭] ਗਰ ਮਿਲਨ ਕੇ ਲਿਹੁ ਦਾਸ ਪਛਾਨੀ' ॥੨੫॥ ਕੁਸ਼ਲ ਛੇਮ[੮] ਸਭਿ ਪੂਛ ਕੈ ਨਿਜ ਨਿਕਟ ਬਿਠਾਯੋ। ਅਪਰ ਬਾਤ ਕੁਛ ਜਗਤ ਕੀ ਬੂਝਤਿ ਹਰਖਾਯੋ[੯]। ਕਿਤਿਕ ਸਮੋ ਬੀਤ੍ਯੋ ਜਬਹਿ ਬੈਠੇ ਗੁਰ ਪਾਸੂ। ਆਇ ਰਸੋਈਆ ਥਿਤਿ ਭਯੋ ਕੀਨਸਿ ਅਰ-ਦਾਸੂ॥੨੬॥ 'ਪ੍ਰਭੁ ਜੀ ਸਿੱਧ[੧੦] ਅਹਾਰ ਹਹਿ' ਸੁਨਿ ਉਠੇ ਕ੍ਰਿਪਾਲਾ। ਬੁੱਢੇ ਆਦਿਕ ਸਿੱਖ ਸਭਿ ਆਏ ਤਿਸ ਕਾਲਾ।ਪੰਕਤਿ ਬੈਠੀ ਮਿਲਿ ਤਬਹਿ ਗੁਰ ਬੀਚ ਸੁਹਾਏ । ਮਿਲਿ ਸੰਗਤਿ ਮਹਿਂ ਅਮਰ ਜੀ ਬੈਠੇ ਤਿਸ ਥਾਏਂ ॥੨੭॥ ਪਹਿਤ ਭਾਤ[੧੧]ਬਰਤ੍ਯੋ ਪ੍ਰਥਮ,ਪੁਨ ਆਮਿਖ[੧੨] ਆਵਾ।ਇਕ ਦਿਸ਼ਪੰਕਤਿ ਮਹਿ ਦਯੋ ਤਬ ਇਨ ਦਰਸਾਵਾ[੧੩]। ਬਹੁ ਗਿਲਾਨ[੧੪] ਠਾਨੀ ਰਿਦੈ ਇਮਿ ਕਰਤਿ ਬਿਚਾਰਾ।–ਮੈਂ ਆਮਿਖ ਖਾਯੋ ਨ ਕਬਿ ਕਰਿ ਅੰਨ[੧੫]

[੧]ਸੱਦ ਲਵਾਂਗੀ (ਤੁਸਾਂ ਨੂੰ)। [੨]ਜਿਸ ਨੂੰ। [੩]ਆਗ੍ਯਾ। [੪]ਭਾਵ ਸ੍ਰੀ ਅਮਰ ਦਾਸ ਜੀ ਮਿਲਨ ਦਾ ਹੁਲਾਸ ਬਹੁਤ ਰਖਦੇ ਹਨ। [੫]ਖਿੜ ਰਿਹਾ ਹੈ। [੬]ਕਪੜੇ ਦੀ ( ਬੁੱਕਲ ) ਤੋਂ ਹੱਥ ਬਾਹਰ ਕੱਢੇ। [੭]( ਮੈਂ ) ਜੋਗ ਨਹੀਂ। [੮]ਅਨੰਦ ਪ੍ਰਸੰਨਤਾ। [੯]ਪੁੱਛਦੇ ਹਨ ਪ੍ਰਸੰਨ ਹੋਕੇ। [੧੦]ਤਿਆਰ। [੧੧]ਦਾਲ ਚਾਵਲ। [੧੨]ਮਾਸ=ਮਹਾਂ ਪ੍ਰਸ਼ਾਦਿ। [੧੩]ਭਾਵ ਸ੍ਰੀ ਅਮਰ ਜੀ ਨੇ ਦੇਖਿਆ। [੧੪]ਸੂਗ। [੧੫](ਤੇ) ਕਰਦਾ ਹਾਂ ਅੰਨ ਦਾ ਅਹਾਰ। *ਪਾ:–ਇਨਹੁ।

ਅਹਾਰ॥੨੮॥ਪੰਕਤਿ ਮੈਂ ਅਬਿ ਬੈਠਗਾ ਕਿਮਿ ਹੋਹਿ ਬਚਾਊ। ਨਹਿਂ ਲੇਵੌਂ ਅਪਮਾਨਹੀ–ਕਯੋਂ ਬੈਠਯੋ ਆਊ[1]–।ਆਯੋ ਸਤਿਗੁਰ ਕਰਨ ਕੋ ਬਿਗਰਹਿ ਇਮਿ ਬਾਤੀ।ਸਿੱਖਯ ਨ ਕਰਿਹੈਂ ਮੋਹਿ ਕੋ,ਮਨ ਹਟਿ ਇਸ ਭਾਂਤੀ[2] ॥੨੯॥ ਅਪਰ ਜਤਨ ਅਬਿ ਕੋ ਨਹੀਂ ਜੇ ਅੰਤਰਜਾਮੀ। ਸੂਪਕਾਰ ਕੋ[3] ਬਰਜ ਹੈਂ ਆਪਹਿ ਗੁਰੁ ਸ੍ਵਾਮੀ। ਇਕ ਤੌ ਮੇਰੋ ਧਰਮ ਰਹਿ ਪੁਨ ਹੁਇ ਪਰਤੀਤਾ। ਜਗ ਤੇ ਕਰਹਿਂ ਉਧਾਰ ਮਮ ਸਰਬੱਗਯ ਪੁਨੀਤਾ[4]' ॥ ੩੦ ॥ ਇਮਿ ਕੀਨੋ ਸੰਕਲਪ ਕੋ ਸ੍ਰੀ ਗੁਰੁ ਨੈ ਜਾਨਾ।ਸੂਪਕਾਰ ਕੋ ਬਰਜਿਓ ਮੁਖ ਬਾਕ ਬਖਾਨਾ। 'ਪੰਕਤ ਮਹਿਂ ਜੋ ਨਵੇ ਨਰ ਤਿਸ ਦੇਹੁ ਅਹਾਰਾ। ਆਮਿਖ ਨਾਂਹਿ ਪਰੋਸੀਏ ਤਿਨ ਧਰਮ ਬਿਚਾਰਾ[5]' ॥ ੩੧ ॥ ਨਹੀਂ ਦਯੋ ਤਬਿ ਮਾਸ ਕੋ ਸਭਿ ਸੰਗਤਿ ਖਾਯੋ। ਤ੍ਰਿਪਤ ਭਏ ਪੰਕਤਿ ਉਠੀ ਜਲ ਪਾਨ ਕਰਾਯੋ।–ਮਮ ਮਨ ਕੀ ਗਤਿ ਗੁਰ ਲਖੀ–ਹਰਖਯੋ ਉਰ ਭਾਰੀ।–ਭਏ ਪੁੰਨ ਮੇਰੇ ਉਦੇ–ਬਹੁ ਕਰਤਿ ਬਿਚਾਰੀ ॥ ੩੨ ॥–ਅਬ ਇਨ ਤੇ ਆਛੋ ਗੁਰੂ ਕਤਹੁੰ ਨ ਦਰਸਾਵੈਂ। ਧੰਨ ਭਾਗ ਇਹੁ ਜੋ ਮਿਲੈਂ ਸਮ ਔਰ ਨ ਪਾਵੈਂ। ਸ੍ਰੀ ਪ੍ਰਭੁ ਸ੍ਰੀ ਗੰਗਾ ਸੁਨੀ ਮੈਂ ਬਿਨੈ ਜੁ ਕੀਨੀ।ਇਹੁ ਪੂਰਨਅਵਤਾਰ ਹੈਂ–ਸ਼ਰਧਾ ਧਰਿ ਲੀਨੀ॥੩੩॥ਕਰਿ ਭੋਜਨ ਬੈਠਯੋ ਵਹਿਰ ਏਕਾਕੀ ਹੋਵਾ। ਚਿਤਵਤਿ ਚਿਤ ਮਹਿਮਾ ਗੁਰੂ ਸੰਸੈ ਸਭਿ ਖੋਵਾ। ਨਿਸਾ ਬਿਤਾਈ ਪੁਨ ਦਿਵਸ ਭੋਜਨ ਭਾ ਤਯਾਰੀ। ਮਿਲਿ ਪੰਕਤਿ ਬੈਠਯੋ ਤਹਾਂ ਮਨ ਮੈਂ ਇਮ ਧਾਰੀ॥੩੪॥–ਸ੍ਰੀ ਗੁਰ ਸਦਾ ਸਰਬੱਗਯ ਹੈਂ ਸੰਸੈ ਕਿਛੁ ਨਾਂਹੀ। ਤਊ ਮੋਹਿ ਮਨ ਭਾਵਨੀ ਲਖਿ ਨਿਜ ਉਰ ਮਾਂਹੀ। ਸੀਤਪ੍ਰਸਾਦ ਸਰਬੋਤਮੀ ਬਿਨ ਜਾਚੇ ਮੋਹੀ।ਕ੍ਰਿਪਾ ਧਾਰਿ ਸੋ ਦੇਹਿਂ ਅਬਿ ਉਰ ਮਮ ਸੁਧ ਹੋਹੀ–॥੩੫॥ਇਮਿ ਚਿਤਵਤਿ ਭੋਜਨ ਕਰਯੋ ਸ੍ਰੀ ਗੁਰ ਨੈ ਜਾਨੀ[6] ਆਪ ਅਚਯੋ ਤ੍ਰਿਪਤਾਇਕੈ ਪੁਨ ਪੀਵਤਿ ਪਾਨੀ। ਪੀਛੈ ਉਚਰਯੋ ਦਾਸ ਕੋ 'ਜੋ ਬਚਯੋ ਅਹਾਰਾ। ਦੇਹੁ ਪੁਰਖੁ ਤਿਸ ਜਾਇ ਕਰਿ,ਚਹਿ ਰਿਦੈ ਉਦਾਰਾ' ॥ ੩੬ ॥ ਸੁਨਤਿ ਅਨੰਦ ਬਿਲੰਦ ਭਾ ਲੇ ਕਰਿ ਤਬ ਖਾਯੋ। ਨਿਸ਼ਚਲ

---

[1]ਨਾ ਲਵਾਂ ਤਾਂ ਅਪਮਾਨ ਹੋਵੇਗਾ, ਮੈਂ ਕਿਉਂ ਆ ਬੈਠਾ ( ਪੰਕਤ ਵਿਚ )।(ਅ) ਭਾਵ ਰਸੋਈਏ ਕਹਿਣਗੇ ਕਿ ਜੇ ਇਨ ਲੈਣਾ ਨਹੀਂ ਸੀ ਤਾਂ ਪੰਕਤ ਵਿਚ ਆ ਕਿਉਂ ਬੈਠਾ। [2]ਇਸ ਤਰ੍ਹਾਂ ਗੁਰੂ ਜੀ ਦਾ ਮਨ ਪਰੇ ਹਟ ਜਾਏਗਾ। [3]ਰਸੋਈਏ ਨੂੰ। [4]ਭਾਵ ਗੁਰੂ ਅੰਗਦ ਜੀ। [5]( ਉਸ ਨੇ ਮਾਸ ਨਾ ਖਾਣਾ) ਧਰਮ ਸਮਝਿਆ ਹੈ। [6]ਸ੍ਰੀ ਅਮਰ ਦਾਸ ਜੀ ਦੇ (ਦਿਲ ਦੀ) ਜਾਣ ਲਈ।

ਨਿਸ਼ਚੈਚਿਤ ਭਯੋ ਸਮਮੇਰੁਬਿਰਾਯੋ।ਭਈ ਸ਼ਾਂਤਿ,ਦੁਬਿਧਾ ਨਸੀ,ਮਨ ਤਹਾਂ ਟਿਕਾਵਾ। ਪਾਨਿ ਕਰਯੋ ਜਲ,ਧੋਇ ਕਰ,ਬਾਹਰ ਪੁਨ ਆਵਾ ॥੩੭॥ ਰਹਯੋ ਇਕੰਤ ਸੁ ਬੈਠਿ ਕਰਿ ਸਭਿ ਦਿਵਸ ਬਿਤਾਯੋ। ਭੋਜਨ ਕੋ ਜਬਿ ਸਮੋ ਹੁਇ ਤਬਿ ਅੰਤਰ ਆਯੋ । ਪੰਕਤਿ ਮਹਿਂ ਬੈਠਹਿ ਤਹਾਂ ਜੋ ਦੇਹਿਂ ਸੁ ਖਾਵੈ।ਪੁਨਹਿ ਇਕਾਕੀ ਹੋਇ ਕਰਿ ਪ੍ਰਭੁ ਗੁਨ ਮਨ ਲਾਵੈ ॥੩੮॥ ਚੌਪਈ ॥ ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਰਹਹਿ ਵਹਿਰ ਲੇ ਭੋਜਨ ਖਾਏ। ਸ੍ਰੀ ਅੰਗਦ ਪੁਨ ਨਹੀਂ ਬੁਲਾਯੋ। ਕਬਹੁੰ ਨ ਬਚ ਸ੍ਰੀ ਮੁਖ ਫੁਰਮਾਯੋ ॥ ੩੯ ॥ ਨਹਿਂ ਸੰਗਤਿ ਮਹਿਂ ਮਿਲਹਿ ਲਜਾਵਹਿ[1]* । ਮਿਲ ਕਰਿ ਤਹਿਂ ਅਹਾਰ ਕੋ ਖਾਵਹਿ। ਸ੍ਰੀ ਪਰਮੇਸੁਰ ਨਾਮ ਬਖਾਨੈ।-ਅਬਿ ਨ ਜਾਉਂ ਕਿਤ-ਦ੍ਰਿੜ ਨਿਤੁ ਠਾਨੈ॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸ੍ਰੀ ਅਮਰ ਮਿਲਨ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥ ੧੫ ॥

## ੧੬. [ਸ੍ਰੀ ਅਮਰਦਾਸ ਜੀ ਦੇ ਸੇਵਾ ਕਰਨ ਦਾ ਪ੍ਰਸੰਗ]

ਦੋਹਰਾ॥ਕਿਤਿਕ ਦਯੋਸ ਬੀਤੇ ਜਬੈ ਚਿਤ ਮਹਿਂ ਚਿਤਵਨ ਕੀਨ:- ਸੇਵਾ ਚਹੀਯੇ ਗੁਰੂ ਕੀ ਜਿਸ ਤੇ ਹੋਇੰ ਪ੍ਰਸੀਨ[2] ॥ ੧ ॥ ਸੈਯਾ ਛੰਦ ॥ ਬੇ ਪਰਵਾਹ ਗੁਰੂ ਹੈ ਜੱਦਨਪਿ[3] ਚਿੱਤ ਮੈਂ ਜਿਨ ਕੇ ਚਾਹ ਨ ਕੋਇ। ਤਦਪਿ ਦਾਸ ਨਿਜ ਧਰਮ ਬਿਚਾਰਹਿ ਸੇਵਾ ਕਰਹਿ ਭਾਉ ਮਨ ਭੋਇ[4] । ਪ੍ਰਿਥਮ ਜੁਗਨ ਮਹਿਂ ਤਪ ਕੋ ਤਾਪਹਿਂ ਛੁਧਾ ਪਿਪਾਸਾ ਸਹਿ ਕਰਿ ਸੋਇ। ਪੰਚਾਗਨਿ ਤਾਪਹਿਂ[5], ਜਲ ਪੈਠਹਿਂ[6],ਬਰਖਾ ਸਹਹਿਂ, ਨਗਨ ਤਨ ਹੋਇ ॥ ੨ ॥ ਏਕ ਚਰਨ ਪਰ ਠਾਂਢੇ ਹੋਵਤਿ,ਊਰਧਿ ਬਾਹੂ[7] ਕਿਤੇ ਰਹੰਤਿ। ਕੇ ਲਟਕਤਿ ਹੈਂ ਊਪਰ ਪਦ ਕਰਿ,ਚਹੈਂ ਪ੍ਰਸੰਨ ਹੋਹਿ ਭਗਵੰਤਿ। ਸੋ ਤਪ ਫਲ ਅਬ ਕਲੀ ਕਾਲ ਮਹਿਂ ਸਤਿ ਸੰਗਤਿ ਸੇਵਨ ਕਰਿਯੰਤਿ। ਜਲ ਢੋਵਨਿ ਅਰ ਲਕਰੀ ਲਯਾਵਨਿ, ਕਰਨ ਬੀਜਨੋ[8] ਪ੍ਰਭੁ ਸਿਮਰੰਤਿ[9]॥੩॥ਚਰਨ ਪਖਾਰਨਿ ਅੰਨਿ ਪਕਾਵਨਿ ਇੱਤਯਾਦਿ ਜੇਤਿਕ ਹੈਂ ਆਨਿ।ਮਿਲਿ ਸਤਿ ਸੰਗ ਕਰਨ ਜੋ ਸੇਵਾ ਅਧਿਕ ਤਪਨ[10] ਫਲ ਹੋਹਿ ਮਹਾਨ-। ਇਮਿ ਬਿਚਾਰਿ ਸ੍ਰੀ ਅਮਰ ਕਰਯੋ

---

[1]ਭਾਵ ਸ਼ਰਮ ਕਰਕੇ ਸੰਗਤ ਵਿਚ ਫਿਰਦਾ ਟੁਰਦਾ ਨਹੀਂ ( ਰੋਟੀ ਵੇਲੇ ਮਿਲਕੇ ਜਾ ਬੈਠਦਾ ਹੈ)। [2]ਪ੍ਰਸੰਨ ਹੋਣ। [3]ਭਾਵੇਂ। [4]ਪ੍ਰੇਮ ਮਿਲੇ ਮਨ ਨਾਲ । [5]ਪੰਜ ਧੂਣੀਆਂ ਤਾਉਂਦੇ । [6]ਜਲ ਪ੍ਰਵੇਸ਼ ਕਰਦੇ। [7]ਉੱਪਰ ਨੂੰ ਕਰਕੇ ਬਾਹਾਂ। [8]ਪੱਖਾ ਝੱਲਣਾ। [9]ਸਿਮਰਦਿਆਂ। [10]ਤਪਾਂ ਤੋਂ ਬੀ।

*ਪਾ:-ਸੰਗਤ ਮਹਿ ਮਿਲ ਕਰਿ ਤਬ ਜਾਵੈ।

ਉਰ-ਆਨੌਂ ਨੀਰ ਆਪਨੇ ਪਾਨ। ਨਿਤਿ ਸਤਿਸੰਗਤਿ ਦੇਵਨਿ ਠਾਨੈਂ*
ਅਰੁ ਸਤਿਗੁਰੁ ਤਨ ਕਰਹਿਂ ਸ਼ਨਾਨ-॥ ੪ ॥ ਮਿਲਿ ਸਿੱਖਜਨ ਮਹਿਂ
ਭਨਯੋ ਸਭਿਨਿ ਕੋ 'ਜਲ ਕੀ ਸੇਵਾ ਦਿਹੁ ਮੁਝ ਦਾਨ'। ਆਇਸੁ ਲੇ ਕਰਿ
ਕਲਸ[1] ਉਚਾਯਹੁ ਸਿਰ ਧਰਿ ਲਯਾਵਤਿ ਹੈਂ ਤਿਸ ਥਾਨ। ਦੇਤਿ ਰਸੋਈ ਮਹਿਂ
ਚਹਿ ਜੇਤਿਕ ਸਿੱਖਜਨ ਕੋ ਕਰਵਾਵਹਿਂ ਪਾਨ। ਮਨ ਨੀਵੇਂ ਕਰਿ ਸਾਦਰ
ਬੋਲਹਿਂ ਨਹਿਂ ਡੋਲੈਂ ਬੁਧਿ ਕੋ ਦ੍ਰਿੜ ਠਾਨਿ। ੫। ਸ਼੍ਰੀਅੰਗਦ ਜਬ ਜਾਮ ਜਾਮ-
ਨੀ[2] ਜਾਗਹਿਂ ਮੱਜਹਿਂ ਥਿਤ ਤਿਸੁ ਕਾਲ। ਤਬਿ ਤੇ ਆਗੇ ਹੀ ਉਠਿ ਕਰਿ
ਕੈ ਜਲ ਆਨਹਿ ਭਰਿ ਕਲਸ ਬਿਸਾਲ। ਅਧਿਕ ਪ੍ਰੀਤਕਰਿ ਸੇਵਾ ਠਾਨਹਿਂ
ਨਹਿਂ ਅਕੁਲਾਵਹਿਂ ਬਲਹਿ ਸੰਭਾਲ। ਪ੍ਰਥਮ ਸ਼ਨਾਨਹਿਂ, ਬਸਤ੍ਰ ਪਖਾ-
ਲਹਿਂ,ਪੁਨਹਿ ਸ਼ੁਸ਼ਕ ਕਰਿਬੇ ਹਿਤ ਡਾਲਿ ॥੬॥ ਪੁਨ ਇਕੰਤ ਹੁਇ ਸਭਿ
ਤੇ ਬੈਠਹਿਂ ਕਹਹਿਂ ਨ ਸੁਨਹਿ ਬਚਨ ਕਿਸਿ ਨਾਲਿ। ਸਤਿਗੁਰ ਮੂਰਤਿ
ਰਿਦੇ ਸਮਾਲਹਿਂ ਅਪਰ ਮਨੋਰਥ ਸਭਿ ਕੋ ਟਾਲਿ[3]। ਨਿਜ ਕੁਲ ਕੋ ਨਿਜ
ਗ੍ਰਿਹ ਕੋ ਤਜਿ ਕਰਿ ਨਹੀਂ ਜਾਇ ਪੁਨ ਕੀਨਿ ਸੰਭਾਲ[4]। ਨਰ ਉਪ-
ਹਾਸ ਕਰਨਿ ਸਭਿ ਲਾਗੇ 'ਬ੍ਰਿੱਧ ਹੋਇ ਕਿਆ ਕੀਨੀ ਢਾਲਿ[5]' ॥ ੭ ॥
ਸੰਮਤ ਗਯੋ ਬੀਤ ਜਬਿ ਇਸ ਬਿਧਿ, ਜੀਰਣ[6] ਬਸਤ੍ਰ ਧਰੇ ਤਨ ਮਾਂਹਿ।
ਸ਼੍ਰੀ ਅੰਗਦ ਸੇਵਾ ਕੇ ਤਤਪਰ ਅਪਰ ਮਨੋਰਥ ਹੋਹਿ ਨ ਕਾਹਿ। ਖਾਨ
ਪਾਨ ਨਿਰਬਾਹ ਦੇਹਿ ਹਿਤ ਛੁਧਾ ਪਿਪਾਸਾ ਬਹੁ ਬਿਰਧਾਹਿਂ[7]। ਤਬਿ ਕੁਛ
ਕਰਹਿਂ[8], ਪਹਿਰਬੇ ਪਟ ਕੀ ਸੁਧਿ ਬੁਧਿ ਕੌਨ ਕਰਹਿ? ਹੁਇ ਨਾਂਹਿ[9] ॥
੮ ॥ ਏਕ ਬਰਖ ਬੀਤਯੋ ਪਿਖਿ ਸਤਿਗੁਰ ਗਜ ਛੇਦਿਕ ਤਬ ਦੀਨ ਰੁਮਾਲ।
ਸੋ ਲੇਕਰਿ ਨਿਜ ਸੀਸ ਚਢਾਯੋ ਦ੍ਰਿਢ ਕਰਿ ਬਾਂਧਯੋ ਰਸਰੀ ਨਾਲ।
ਬਹੁਰ ਉਤਾਰਨਿ ਕੋ ਨਹਿਂ ਕੀਨਸਿ ਲਖਿ ਕਰਿ ਗੁਰੂ ਪ੍ਰਸਾਦਿ ਬਿਸਾਲ।
ਸੇਵਾ ਕਰਹਿਂ ਤਿਸੀ ਬਿਧਿ ਨਿਸਦਿਨ, ਜਲ ਆਨਹਿਂ ਚਹੀਅਹਿ ਜਿਸ

[1]ਘੜਾ। [2]ਪਹਿਰ ਰਾਤ ਰਹਿੰਦੀ। [3]ਸਾਰੇ ਸੰਕਲਪ ਦੂਰ ਕਰਕੇ। [4]ਮੁੜ ਜਾਕੇ ਨਹੀਂ ਸੰਭਾਲਿਆ। [5]ਚਾਲ। [6]ਪੁਰਾਣੇ। [7](ਜਦੋਂ) ਭੁਖ ਤ੍ਰੇਹ ਬਹੁਤ ਵਧੇ। [8]ਤਦੋਂ ਦੇਹ ਦੇ ਨਿਰਬਾਹ ਵਾਸਤੇ ਕੁਛ (ਅਹਾਰ) ਕਰਨ। [9]ਕਪੜੇ ਪਹਿਨਣ ਦੀ ਹੋਸ਼ (ਆਪ ਨੂੰ) ਹੁੰਦੀ ਨਹੀਂ (ਤੇ ਹੋਰ) ਕੌਣ ਲਵੇ ਖਬਰ। (ਅ) ਕਪੜੇ ਪਹਿਨਣ ਦੀ ਸੁਧ ਬੁਧ (ਖਬਰ ਲੈਣੀ) ਕੌਣ ਕਰੇ, (ਆਪ ਨੂੰ ਤਾਂ) ਹੈ ਹੀ ਨਹੀਂ (ਲੋੜ ਕਪੜੇ ਦੀ)।

*ਪਾ:-ਨਿਤ ਸਤਿਸੰਗਤਿ ਸੇਵਾ ਠਾਨੈ।

ਾਲ॥ ੯ ॥ ਬਰਖ ਬਹੱਤਰ* ਭਈ ਆਰਬਲ ਤਬਿ ਆਏ ਸਤਿਗੁਰ ਕੇ ਪਾਸਿ। ਨਿਬਲ ਸਰੀਰ, ਜਰਜਰੀ ਭੂਤ ਸੁ ਤਊ ਸੇਵ ਕੋ ਧਰਹਿੰ ਹੁਲਾਸਿ। ਆਲਸ ਤ੍ਯਾਗ ਕਰਤਿ ਉੱਦ੍ਯੋਗਹਿ[1] ਕਲਸ ਉਠਾਇ ਲ੍ਯਾਇੰ ਜਲ ਰਾਸਿ। ਨਿਜ ਤਨ ਕੀ ਅਰ ਘਰ ਕੁਟੰਬ ਕੀ ਸੁਧਿ ਭੂਲੀ ਕਰਿ ਗੁਰ ਨਿਰਜਾਸਿ[2]॥ ੧੦ ॥ ਤਨ ਕਰਿ ਕਰਹਿਂ ਕਾਰ ਸਭਿ ਸੇਵਾ ਮਨ ਕਰਿ ਗੁਰ ਕੋ ਸਦਾ ਸਮ੍ਹਾਲਿ। ਕੇਤਿਕ ਨਰ ਜਬਿ ਮਿਲਹਿਂ ਆਨਿ ਕਰਿ ਬੂਝਹਿਂ 'ਸਦਨ[3] ਆਪਨੇ ਚਾਲਿ[4]। ਨਿਜ ਬੰਧਪ[5] ਕੋ ਸੁਧ ਲਿਹੁ ਨੀਕੇ, ਕੁਟੰਬ ਮਿਲਹੁ ਤੁਝ ਚਹਤਿ ਬਿਸਾਲ। ਕਨੌਂ ਇਤ ਬੈਠਿ ਰਹਨੋ ਕ੍ਯਾ ਲੇਵਹਿਂ? ਸਭਿ ਬਿਧਿ ਸੰਕਟ ਸਹੈਂ ਕਰਾਲ'॥ ੧੧ ॥ ਤਿਨ ਸੋਂ ਕਹੈਂ 'ਨ ਹਮਰਾ ਕੋਈ ਹਮ ਕਿਸਹੂੰ ਕੇ ਨਹਿਂ ਕਿਸ ਕਾਲ। ਜਿਮਿ ਪ੍ਰਵਾਹ ਮੈਂ ਤ੍ਰਿਣ ਮਿਲਿ ਜਾਵਹਿਂ ਤਥਾ ਮੇਲਿ ਸਭਿ ਕੋ ਸਭਿ ਨਾਲ। ਉਤਰਨਿ ਪਾਰ, ਤਰੀ[6]† ਪਰ ਮੇਲਾ, ਪੁਨ ਬਿਛੁਰਹਿ, ਨਹਿਂ ਕਰਹਿ ਸੰਭਾਲ। ਆਇ ਪਾਹੁਨੋ ਨਿਸ ਬਿਸਰਾਮਹਿਂ[7], ਹੋਤਿ ਪ੍ਰਾਤਿ[8] ਮਾਰਗ ਕੋ ਚਾਲਿ[9]॥ ੧੨ ॥ ਅਬਿ ਮੇਰੇ ਸਤਿਗੁਰ ਹੈਂ ਸਭਿ ਕਿਛੁ, ਸਦਨ, ਕੁਟੰਬ, ਪਿਤਾ ਅਰੁ ਮਾਤ। ਇਹੀ ਸਹਾਇਕ ਹੋਹਿਂ ਅੰਤ ਕੋ, ਰਹਿ ਏਕਲ ਜਹਿਂ ਕੋਇ ਨ ਜਾਤਿ[10]। ਜੀਵਤਿ ਪ੍ਰਾਨ ਅਧਾਰ ਇਹੀ ਹੈਂ, ਬਿਨ ਪਗ ਦੇਖੇ ਕਛੁ ਨ ਸੁਹਾਤਿ'। ਇਮਿ ਸੁਨਿ ਲੋਕ ਪਧਾਨਹਿਂ ਘਰ ਕੋ, ਜਾਨਹਿਂ–ਭਯੋ ਨਿਲਾਇਕ ਗਾਤ[11]– ॥ ੧੩ ॥ ਕਰਤਿ ਸੇਵ ਨਿਸ ਦਿਨ ਸ੍ਰੀ ਗੁਰ ਕੀ ਅਹੰਮੇਵ ਤਜਿ ਕੈ ਸਭਿ ਰੀਤਿ। ਦਿਨ ਪ੍ਰਤਿ ਅਧਿਕ ਅਧਿਕ ਹੀ ਸੇਵਹਿ ਕਰਤਿ ਚੌਂਪ[12] ਅਤਿ ਉਪਜਤਿ ਚੀਤ। ਸੁਨਹਿਂ ਨ, ਭਨਹਿਂ ਨ ਆਨ ਬੈਨ, ਮਨ ਗਿਨਹਿ

---

[1]ਉੱਦਮ। [2]ਗੁਰੂ ਸਹੀ ਕਰਕੇ। [3]ਘਰ। [4]ਚੱਲ। [5]ਸੰਬੰਧੀਆਂ। [6]ਬੇੜੀ। [7]ਰਾਤ ਆਰਾਮ ਕਰਦਾ ਹੈ। [8]ਸਵੇਰਾ ਹੁੰਦਿਆਂ। [9]ਰਾਹ ਟੁਰ ਪੈਂਦਾ ਹੈ। [10]ਅੰਤ ਨੂੰ (ਜਦ) ਇਕੱਲਿਆਂ ਰਹਿ ਜਾਣਾ ਹੈ ਤੇ ਨਾਲ ਜਿੱਥੇ ਕਿਸੇ ਨਹੀਂ ਜਾਣਾ ਇਹੋ (ਗੁਰੂ) ਸਹਾਈ ਹੋਣਗੇ। [11]ਸਰੀਰ ਨਾਲਾਇਕ, ਭਾਵ ਦੇਹ ਰਹਿ ਚੁਕੀ ਹੈ। [ਸੰਸ:, ਗਾਤ੍ਰ=ਸਰੀਰ. (ਅ) ਇਹ ਨਲੈਕ (ਘਰਦਿਆਂ ਨਾਲ) ਗੁੱਸੇ ਹੋਕੇ (ਆ ਟਿਕਿਆ ਹੈ) [ਸੰਸ:, ਗਾਤ੍ਰ=ਗੁਸੈ]। [12]ਚਾਉ।

*ਸ੍ਰੀ ਭੱਟਾਂ ਨੇ ਸਵਈਆਂ ਵਿਚ ਲਿਖਿਆ ਹੈ, 'ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ' ਅਰਥਾਤ ਗੁਰੂ ਅਮਰਦੇਵ ਜੀ ੩੦+੧+੫+੩੫=੭੧ ਵਰਹੇ ਦੀ ਉਮਰ ਵਿਚ ਆਏ ਸਨ ਸੇਵਾ ਵਿਚ, ੧ ਵਰਹਾ ਬੀਤ ਗਿਆ ਹੈ ਹੁਣ, ਐਉਂ ੭੨ ਹੁੰਦੇ ਹਨ।

†ਪਾ:–ਤਰੀ।

ਨ ਗਿਨਤੀ ਕੁਛ ਬਿਪਰੀਤਿ[1]। ਤਨੁ ਮਨੁ ਅਰਪਯੋ[2] ਚਰਨ ਗੁਰੂ ਕੇ
ਇਸੀ ਖਯਾਲ ਮਹਿਂ ਪਰਮ ਅਤੀਤ ॥ ੧੪ ॥ ਪੁਨ ਸੰਮਤ ਦੂਸਰ ਭਾ
ਪੂਰਨਿ ਸ੍ਰੀ ਗੁਰ ਦੂਜੋ ਦੀਨ ਰੁਮਾਲਿ। ਬਖਸ਼ਿਸ਼ ਜਾਨੀ ਸ੍ਵਾਮੀ ਕਰ ਕੀ
ਸਿਰ ਪਰ ਬਾਂਧਿ ਲੀਨਿ ਤਤਕਾਲਿ। ਦ੍ਰਿੜ ਕਰਿ ਦਾਮ[3] ਜਿ ਉਤਰਹਿ
ਨਾਹਿਨ, ਸਿਥਲ ਹੋਹਿ ਪੁਨ ਲੇਹਿਂ ਸੰਭਾਲਿ। ਕਬਹੂੰ ਨਹੀਂ ਉਤਾਰ
ਨਿਹਾਰੀ ਭੀਜਹਿ ਕਈ ਬਾਰ ਜਲ ਨਾਲਿ ॥ ੧੫ ॥ ਬੈਸ ਘਟਤਿ ਨਿਤ,
ਪ੍ਰੇਮ ਬਧਤਿ ਚਿਤ, ਤਯੋਂ ਤਯੋਂ ਸੇਵਾ ਕਰਹਿਂ ਕ੍ਰਿਪਾਲੁ। ਨਰ ਉਪਹਾਸ[4]
ਜਿ ਠਾਨਹਿਂ ਮੂਰਖ, ਨਹਿਂ ਮਾਨਹਿਂ[5] ਕਰਿ ਮੌਨਿ ਬਿਸਾਲਿ। ਭਾਉ
ਭਗਤਿ ਮਹਿਂ ਜਾਗਹਿਂ* ਨਿਤਪ੍ਰਤਿ ਸੋਯੋ ਜੋ ਜਗ ਕੇ ਜੰਜਾਲਿ[6]। ਬਸਤ੍ਰ
ਫਟਤਿ ਤਨ ਦੁਰਬਲ ਹੋਯਹੁ ਗੁਰ ਅਨੁਰਾਗ ਧਰੇ ਰੰਗ ਲਾਲ ॥ ੧੬ ॥
ਤ੍ਰਿਤੀ ਬਰਖ ਮਹਿਂ ਸ੍ਰੀ ਗੁਰੁ ਅੰਗਦ ਤ੍ਰਿਤੀ ਡੇਢ ਗਜ ਦੀਨਹੁ ਚੀਰ।
ਨਹਿਂ ਬੋਲਹਿਂ ਤਿਹ ਸੰਗੁ ਕਬਹਿ ਕਛੁ ਬੈਠਹਿਂ ਦੂਰ ਕਿ ਹੋਵਹਿਂ ਤੀਰ।
ਹਾਥ ਚਰਨ ਜੁਗ ਭਏ ਬਿਬਰਨੇ[7] ਫਟੇ ਮਾਸ ਲਾਗੇ ਜਲ ਸੀਰ। ਤਊ
ਨ ਮਨ ਮਹਿਂ ਫੁਰੇ ਔਰ ਬਿਧਿ ਇਕ ਸੇਵਾ ਕੇ ਤਤਪਰ ਧੀਰ[8] ॥ ੧੭ ॥
ਜਾਮ ਜਾਮਨੀ ਜਾਗਹਿਂ, ਆਨਹਿਂ ਜਲ ਕੋ ਕਲਸ, ਕਰਾਇ ਸ਼ਨਾਨ।
ਚਰਨ ਪਖਾਰਹਿਂ, ਬਸਤ੍ਰ ਪਖਾਰਹਿਂ, ਪੁਨ ਪਰਮੇਸ਼ੁਰ ਸਿਮਰਨ ਠਾਨਿ।
ਬਹੁਤ ਦੇਗ ਹਿਤ ਨੀਰ ਘਟਾ ਭਰਿ ਚਹੀਅਹਿ ਜਿਤਿਕ ਤਿਤਕ ਦੇਂ ਆਨਿ।
ਸਮਧਾ[9] ਆਨਹਿਂ, ਜਾਰਨਿ ਠਾਨਹਿਂ, ਪੁਨ ਪੰਕਤਿ ਜੁਤ ਕਰਿਹੀਂ ਖਾਨ ॥
੧੮॥ ਪਾਤ੍ਰ ਸੁਧਾਰਹਿਂ[10] ਸਤਿਗੁਰ ਕੇ ਸਭਿ, ਗਰਮੀ ਬਿਖੈ ਸੁ ਹਾਂਕਹਿਂ†
ਪੌਨ। ਜਬਿ ਜਲ ਪਾਨ ਕਰਹਿਂ ਲੇ ਆਵਹਿਂ, ਸੇਜ ਸੁਧਾਰਹਿਂ ਹਿਤ ਗੁਰ
ਸੌਨ। ਚਰਨ ਅੰਗੂਠੇ ਮਹਿ ਬ੍ਰਿਣ[11] ਪਾਕੋ‡ ਨਿਜ ਆਨਨ ਮਹਿਂ ਰਾਖਹਿਂ

[1]ਕਿਸੇ ਉਲਟੀ ਗਲ ਦੀ ਕੁਛ ਗਿਣਤੀ (ਸੋਚ) ਨਹੀਂ ਕਰਦੇ। [2]ਭੇਟਾ ਕੀਤਾ। [3]ਰੱਸੀ ਨਾਲ। [4]ਠੱਠਾ। [5]ਪਰਵਾਹ ਨਹੀਂ ਕਰਦੇ। [6]ਭਾਉ ਭਗਤਿ ਵਿਚ ਨਿੱਤ ਜਾਗਦੇ ਹਨ ਤੇ ਜਗਤ ਦੇ ਜੰਜਾਲਾਂ ਵੱਲੋਂ ਸੌਂ ਗਏ ਹਨ। [7]ਹੋਰ ਰੰਗ ਦੇ। [8]ਧੀਰਜ ਧਾਰਕੇ। [9]ਲੱਕੜੀਆਂ। [10]ਭਾਂਡੇ ਮਾਂਜਣ। [11]ਫੋੜਾ। *ਪਾ:—ਜਗਤ। †ਪਾ:—ਹਾਂਕ ਹੈ।

‡ਇਹ ਗਲ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਫੋੜਾ ਸੀ, ਉਨ੍ਹਾਂ ਦੇ ਗੱਦੀ ਪਰ ਬੈਠਣ ਦੇ ਵਿਰੋਧੀ ਨਿੰਦਕਾਂ ਦੀ ਟੋਰੀ ਹੋਈ ਨਿੰਦਾ ਹੈ, ਜਿਸ ਨੂੰ ਨਾਵਾਕਫ ਪਰ ਪ੍ਰੇਮਾਧੀਨ ਸਿੱਖਾਂ ਨੇ ਸੁਹਣੇ ਅਰਥਾਂ ਵਿਚ ਲਾਉਣ ਦਾ ਜਤਨ ਕੀਤਾ ਹੈ। ਭਾਈ ਗੁਰਦਾਸ ਨੇ ਇਹ ਗਲ ਨਹੀਂ ਲਿਖੀ।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਭੌਨ। ਮੁਖ ਕੇ ਗਰਮ ਸ੍ਵਾਸ ਤੇ ਦੁਖ ਨਹਿਂ ਯਾਂਤੇ ਧਰਹਿਂ ਬੈਠ ਰਹਿਂ ਭੌਨ ॥੧੯॥ ਜਬ ਮੁਖ ਰੁਧਰ ਰਾਂਧਿ[1] ਕਿਛੁ ਆਵਹਿ ਤਿਸ ਕੋ ਥੂਕ ਦੇਹਿਂ ਧਰ ਡਾਰਿ[2]।–ਸੁਖ ਸੋਂ ਸੈਨ ਕਰਹਿਂ ਗੁਰ ਪੂਰੇ ਨਹਿਂ ਦੁਖ ਹੁਇ–ਇਮਿ ਰਿਦੇ ਬਿਚਾਰਿ। ਇੱਤ੍ਯਾਦਿਕ ਜਬਿ ਸੇਵ ਉਠਾਈ ਸੰਮਤ ਬੀਤ ਗਏ ਤਬ ਚਾਰ। ਚੌਥੋ ਦਿਯੋ ਰੁਮਾਲ ਬਹੁਰ ਤਬਿ ਸੋ ਭੀ ਲੀਨਹੁ ਸਿਰ ਪਰ ਧਾਰਿ ॥੨੦॥ ਪੰਚ ਬਰਖ ਮਹਿਂ ਪੰਚ ਦਿਯੋ ਗੁਰ, ਖਸ਼ਟ ਬਰਖ ਮਹਿਂ ਖਸ਼ਟੋਂ* ਦੀਨ। ਸੰਮਤ ਸਪਤਮ ਮਹਿਂ ਗੁਰ ਸੇਵਤਿ ਪਗ ਅੰਗੁਸ਼ਟ ਧਰਹਿਂ ਮੁਖ ਲੀਨ। ਭਯੋ ਕਛੁਕ ਪਰਕਾਸ਼ ਰਿਦੈ ਮਹਿਂ ਜਿਮ ਅਰਨੋਦੈ[3] ਹੋਤਿ ਨਵੀਨ। ਕਰਾਮਾਤ ਕੀ ਸ਼ਕਤਿ ਭਈ ਤਬਿ ਸਿੱਧਾਂ ਫੁਰਨ ਲਗੀ ਮਨ ਚੀਨ ॥੨੧॥ ਇਕ ਦਿਨ ਸ਼੍ਰੀ ਅੰਗਦ ਜੀ ਸੋਏ ਚਰਨ ਅੰਗੂਠ ਲੀਨ ਮੁਖ ਧਾਰਿ। ਰਾਂਧ† ਰੁਧਿਰ ਜੋ ਹੋਇ ਇਕੱਤ੍ਰ ਮੁਖ ਤੇ ਥੂਕ ਦੇਤਿ ਛਿਤਿ ਡਾਰਿ। ਪੁਨ ਆਨਨ ਮਹਿਂ ਧਾਰਹਿਂ ਸੁਖ ਹਿਤ ਪਾਇਂ ਨ ਸੰਕਟ ਗੁਰੂ ਉਦਾਰਿ। ਬੈਠੇ ਬੀਤਯੋ ਏਕ ਜਾਮਿ ਜਬਿ ਹਿਰਦੈ ਮਹਿਂ ਤਬਿ ਕੀਨ ਬਿਚਾਰਿ ॥੨੨॥ –ਮੋ ਮਹਿਂ ਸ਼ਕਤਿ ਕਾਮ ਕਿਸ ਆਵਹਿ ਗੁਰ ਸ਼ਰੀਰ ਤੇ ਜੋ ਦੁਖ ਪਾਇਂ। ਕਰੋਂ ਅਰੋਗ ਜੁ ਬ੍ਰਿਣ ਇਹ ਸੁਕਹਿ ਸਰਬ ਪ੍ਰਕਾਰ ਤਬਹਿ ਸੁਖ ਆਇ–।

[1]ਲਹੂ ਪਾਕ। [2]ਧਰਤੀ ਪਰ ਸੁੱਟ ਦੇਣ। [3]ਚੜ੍ਹਦੇ ਸੂਰਜ ਦਾ। *ਪਾ:–ਖਸ਼ਟ ਸੁ। †ਪਾ:–ਰੌਂਧ।

[ਪਿਛਲੇ ਪੰਨੇ ਦੀ ਬਾਕੀ ਟੂਕ]

ਮਹਿਮਾ ਪ੍ਰਕਾਸ਼ ਵਿਚ ਜੋ ਸ਼੍ਰੀ ਗੁ: ਪ੍ਰ:ਸੂ:ਗ੍ਰੰਥ ਤੋਂ ਤੀਹ ਬਰਸ ਤੋਂ ਵਧੀਕ ਪਹਿਲੋਂ ਦਾ ਗ੍ਰੰਥ ਹੈ ਇਹ ਵਾਰਤਾ ਨਹੀ ਦਿੱਤੀ, ਨਾਂ ਹੀ ਭੱਟਾਂ ਨੇ ਸਵਈਆਂ ਵਿਚ ਜ਼ਿਕਰ ਕੀਤਾ ਹੈ। ਬਲਕਿ ਇਹ ਗਲ ਪ੍ਰਸਿਧ ਹੈ ਕਿ ਸਵੇਰੇ ਜਿਸ ਰੋਗੀ ਉਤੇ ਓਹਨਾਂ ਦੀ ਨਜ਼ਰ ਪੈਂਦੀ ਸੀ ਉਹ ਅਰੋਗ ਹੋ ਜਾਂਦਾ ਸੀ। ਭੱਟ ਬੀ ਕਹਿੰਦੇ ਹਨ: ਯਥਾ–'ਜਾਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ'। ਇਸ ਰਾਸ ਦੇ ਅੰਸੂ ੧੦ ਦੇ ਅੰਕ ੪ ਤੇ ੫ ਵਿਚ ਇਹੋ ਗਲ ਕਵਿ ਜੀ ਆਪ ਦੱਸ ਆਏ ਹਨ। ਫਿਰ ਟਿੱਕੇ ਦੀ ਵਾਰ ਵਿਚ ਲਿਖਿਆ ਹੈ ਕਿ–'ਜੋਤਿ ਸਮਾਣੀ ਜੋਤਿ ਮਾਹਿ'। ਪੁਨਾ:–'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥' ਜਦ ਸ਼੍ਰੀ ਗੁਰੂ ਨਾਨਕ ਦੇਵ ਜੀ ਹੀ ਕਾਇਆ (ਦੇਹ) ਬਦਲੀ ਹੈ ਤਾਂ ਫਿਰ ਫੋੜੇ ਦੀ ਥਾਂ ਕਿੱਥੇ ਹੈ। ਫੇਰ ਭਾਈ ਗੁਰਦਾਸ ਜੀ ਲਿਖਦੇ ਹਨ–'ਜੋਤੀ ਜੋਤ ਮਿਲਾਇਕੇ ਸਤਿਗੁਰ ਨਾਨਕ ਰੂਪ ਵਟਾਯਾ..। ਕਾਯਾਂ ਪਲਟ ਸਰੂਪ ਬਣਾਯਾ। [ਵਾਰ ੧। ਪੌੜੀ ੪੫] ਤਥਾ:–'ਗੁਰੁ ਅੰਗਦ ਗੁਰੁ ਅੰਗ ਤੇ ਅੰਮ੍ਰਿਤ ਬ੍ਰਿਖ ਅੰਮ੍ਰਿਤ ਫਲ ਫਲਿਆ। [ਵਾਰ ੨੪। ਪੌੜੀ ੮]। ਏਹ ਸਾਰੇ ਪ੍ਰਮਾਣ ਆਪ ਦੇ ਸ਼ਰੀਰ ਨੂੰ ਗੁਰ ਨਾਨਕ ਵਰਗਾ ਅਰੋਗ ਪ੍ਰਗਟ ਕਰਦੇ ਹਨ। ਫੋੜੇ ਵਾਲੀ ਗਲ ਸੱਚ ਨਹੀਂ ਸਹੀ ਹੁੰਦੀ।

ਇਮਿ ਬਿਚਾਰਿ ਕਰਿ ਅਪਨ ਸ਼ਕਤਿ ਤੇ ਸਗਰੋ ਰੋਗ ਦੀਨ ਬਿਨਸਾਇ। ਭਏ ਅਰੋਗ ਅੰਗ ਸਭਿ ਸੁਧਰੇ ਦੇਖਤਿ ਬਿਸਮਤਿ ਹੁਇ ਹਰਖਾਇ॥ ੨੩ ॥ ਸ੍ਰੀ ਅੰਗਦ ਜੀ ਜਾਗ ਪਿਖਯੋ ਤਨ ਚਰਣ ਅੰਗੂਠੇ ਮਹਿਂ ਬ੍ਰਿਣ ਨਾਂਹਿ। ਅਪਰ ਸਰੀਰ ਅਰੋਗ ਭਯੋ ਸਭਿ ਬਹੁਰ ਬਿਲੋਕਯੋ ਬੈਠਯੋ ਪਾਹਿ। ਰਿਦੇ ਬਿਚਾਰਯੋ–ਕਯਾ ਇਹੁ ਹੋਯਹੁ ਸੁਪਤ[1] ਜਾਮ ਇਕ[2] ਰੋਗ ਬਿਲਾਹਿ[3]–। ਪੁਨ ਜਾਨਯੋ–ਸ੍ਰੀ ਅਮਰ ਕੀਨ ਇਮਿ ਕੁਛਕ ਸ਼ਕਤਿ ਹੋਈ ਇਨ ਮਾਂਹਿ–॥ ੨੪ ॥ 'ਸੁਨਿ ਪੁਰਖਾ ਤੈਂ ਕਯਾ ਇਹੁ ਕੀਨਸਿ ਜਰਾ[4] ਸ਼ਕਤਿ ਭੀ ਜਰੀ ਨ ਜਾਇ। ਤੀਨ ਲੋਕ ਪਤਿ ਸ੍ਰੀ ਗੁਰ ਨਾਨਕ ਇਸ ਤਨ ਕੋ ਤਿਨ ਸੀਸ ਨਿਵਾਇ। ਉਚਿਤ ਕਸ਼ਟ ਕੋ ਹੈ ਇਹ ਸਦਹੀ ਕਯੋਂ ਇਹੁ ਦੀਨੋ ਰੋਗ ਗਵਾਇ। ਅਬਿ ਤੇ ਬਹੁਰ ਨ ਕਰਹੁ ਦਿਖਾਵਨਿ ਕਿਸ ਅਸਥਾਨ ਕਿਛੁ ਹੁਇ ਜਾਇ॥ ੨੫ ॥ ਅਜਰ ਜਰਨ ਹੁਇ ਸੰਤਨਿ ਕੋ ਉਰ ਮਹਾਂ ਗੰਭੀਰ ਸੁ ਧੀਰ ਬਿਸਾਲ। ਸਿਰ ਲਗ ਦੇਤਿ ਦੇਰ ਨਹਿਂ ਲਾਵਹਿਂ, ਅਜ਼ਮਤ ਨਹਿਂ ਦਿਖਾਇਂ ਕਿਸਿ ਕਾਲ। ਐਸੇ ਕਰਹਿਂ ਬਧਤਿ[5] ਨਿਤ ਜਾਵਹਿ, ਕਿਸੁ ਜਨਾਵਹਿਂ ਰਹਹਿ ਨ ਪਾਲਿ[6]। ਸੀਖ ਧਰਹੁ ਦ੍ਰਿੜ ਨਹਿਨ ਬਿਸਾਰਹੁ, ਸਦਾ ਸਮਾਰਹੁ ਪ੍ਰਭੁ ਕ੍ਰਿਪਾਲ'॥ ੨੬ ॥ ਸੁਨਿ ਸ੍ਰੀ ਅਮਰ ਜੋਰਿ ਕਰ ਠਾਂਢੇ 'ਛਿਮਹੁ ਗੁਰੂ ਮੈਂ ਮਨਮਤਿ ਕੀਨਿ। ਨਹੀਂ ਰਜਾਇ ਆਪ ਕੀ ਬਰਤੀ ਅਬਿ ਮੈਂ ਕਰੌਂ ਸੀਖ ਜਿਮ ਦੀਨ। ਬਿਰਦ ਬਡੋ ਬਖਸ਼ਿੰਦ ਆਪ ਕੋ ਸਾਗਰ ਜਿਮ ਗੰਭੀਰ ਪ੍ਰਬੀਨ[7]। ਧੀਰ ਧਰਾ ਸੀ ਧਰਤਿ[8] ਸਦਾ ਤੁਮ, ਹਮ ਕਯਾ ਜਾਨਹਿਂ ਜੀਵ ਮਲੀਨ'॥ ੨੭॥ ਬਿਨਤੀ ਸੁਨਤਿ ਪ੍ਰਸੰਨ ਹੋਇ ਪ੍ਰਭੁ*ਬਖਸ਼ੇ 'ਕਰਹੁ ਨ ਐਸੇ ਫੇਰਿ'। ਨਿਜ ਸਰੀਰ ਪੁਨ ਤਥਾ ਬਨਾਯਹੁ ਚਰਣ ਅੰਗੂਠੇ ਬ੍ਰਿਣ[9] ਜੁ ਬਡੇਰ। ਰਾਂਧ ਰੁਧਰਚੋਵਤਿ† ਰਹਿ ਥੋਰੋ ਗੁਰ ਕੀ ਕਥਾ ਅਕਥ ਹੀ ਹੇਰਿ। ਕਿਸ ਮਹਿਂ ਸਮਰਥ ਜਾਨ ਸਕਹਿ ਕੋ ਸੁਰ ਨਰ ਬਿਸਮਤਿ ਸੁਮਤਿ ਬਡੇਰ‡॥ ੨੯ ॥ ਬਰਖ ਇਕਾਦਸ਼ ਸੇਵਾ ਕੀਨਸਿ ਦਿਏ ਰੁਮਾਲ ਇਕਾਦਸ਼ ਪਾਨਿ। ਸੋ ਸਗਰੇ ਸਿਰ ਪਰ ਕਰਿ ਬਾਂਧਨਿ ਰਸਰੀ[10] ਸੰਗ ਸੁ ਦ੍ਰਿੜਤਾ ਠਾਨਿ। ਬਡੋ ਮੁਕਟ ਤਿਨ

[1]ਸੁਤਿਆਂ। [2]ਇਕ ਪਹਿਰ (ਵਿਚ)। [3]ਰੋਗ ਦੂਰ ਹੋ ਗਿਆ। [4]ਥੋੜ੍ਹੀ। [5](ਸ਼ਕਤੀ) ਵਧਦੀ ਹੈ। [6]ਕਿਸੇ ਨੂੰ ਜਣਾਇਆਂ ਪੱਲੇ ਨਹੀਂ ਰਹਿੰਦੀ। [7]ਦਾਨੇ। [8]ਧਰਤੀ ਵਾਂਗ ਧੀਰਜ ਧਾਰਨ ਕਰਦੇ ਹੋ। [9]ਫੋੜਾ। [10]ਰੱਸੀ। *ਪਾঃ–ਕਰਿ। †ਪਾঃ–ਨਿਚੁਰਤਿ। ‡ਪਾঃ–ਘਨੇਰ।

ਕੋ ਤਬ ਹੋਯਹੁ ਦਿਨ ਪ੍ਰਤਿ ਭੀਗਹਿ ਨੀਰ ਮਹਾਨ। ਬਹੁ ਪਪੀਲਕਾ[੧] ਬਾਸਾ ਕੀਨਸ ਅਪਰ ਜੀਵ ਉਪਜੇ ਤਿਸ ਥਾਨ* ॥ ੨੯ ॥ ਜਬਿ ਕੇ ਦਏ ਸੀਸ ਪਰ ਬਾਂਧੇ ਬਹੁਰ ਨ ਤਰੇ ਉਤਾਰਨਿ ਕੀਨਿ। ਕਰਤਿ ਰਹਤਿ ਦਿਨ ਪ੍ਰਤਿ ਦ੍ਰਿੜ੍ਹ ਤਿਨ ਕੋ ਰੈਨ ਦਿਵਸ ਮਨ ਪ੍ਰੇਮ ਪ੍ਰਬੀਨਿ।ਅਪਰ ਬਾਸਨਾ ਰਹੀ ਨ ਕੋਊ ਚਰਨ ਕਮਲ ਸਿਮਰਤਿ ਹੁਇ ਲੀਨ। ਕਹਨਿ ਸੁਨਨ ਕਿਹ ਸੋਂ ਨਾ† ਕਰਹਿਂ ਕਬਿ, ਇਕ ਸੇਵਾ ਕੇ ਤਤਪਰ ਭੀਨਿ[੨] ॥ ੩੦ ॥ ਬਰਖ ਦ੍ਵਾਦਸ਼ੇ ਸੇਵਤਿ ਆਯਹੁ ਜੀਰਣ ਚੀਰ ਸਰੀਰ ਸੁ ਛਾਦਿ[੩]। ਪਗ ਮਹਿਂ ਭਈ ਬਿਵਾਈ[੪] ਫਟ ਕਰਿ,ਖਾਨ ਪਾਨ ਕੋ ਚਹੈ ਨ ਸਾਦਿ। ਜਲ ਸੋਂ ਭੀਜ ਹਾਥ ਤਿਸ ਬਿਧਿ ਭੇ, ਕਬਿ ਬੈਠਹਿਂ ਸੁਨਿ ਸ਼ਬਦ ਸੁ ਨਾਦਿ[੫]। ਘਾਲੀ ਘਾਲ[੬] ਅਧਿਕ ਜਬਿ ਐਸੇ ਦੇਖਤਿ ਸਿੱਖਯ ਹੋਹਿਂ ਬਿਸਮਾਦਿ ॥੩੧॥ 'ਮਧਰੋ ਡੀਲ ਸਰੀਰ ਅਲਪ[੭] ਇਨ, ਬਹੁਰ ਬ੍ਰਿੱਧ, ਬਲ ਨਹਿਂ ਜਿਨ ਮਾਂਹਿ। ਸ੍ਵੇਤ ਕੇਸ, ਤਨ ਚਰਮ ਸਿਥਲ ਬਹੁ, ਸੇਵਾ ਸਭਿ ਤੇ ਅਧਿਕ ਕਰਾਹਿਂ। ਚਰਨ ਅੰਗੂਠਾ ਨਿਸ ਮੁਖ ਰਾਖਤਿ, ਨਹਿਂ ਸੋਵਤਿ ਕਬਹੂ ਚਿਤ ਚਾਹਿ। ਜਾਮ ਜਾਮਨੀ ਤੇ ਜਲ ਆਨਹਿਂ ਗੁਰੂ ਸ਼ਨਾਨਹਿਂ ਪ੍ਰੇਮ ਉਮਾਹਿ ॥ ੩੨ ॥ ਸੀਤ ਉਸਨ[੮] ਬਰਖਾ ਬਡ ਹੋਵਤਿ ਸੇਵਹਿਂ ਇਕ ਸਮ ਜਾਨਹਿਂ ਨਾਂਹਿ[੯]। ਤਪ ਬਿਸਾਲ ਕਰ ਘਾਲ ਸੁ ਘਾਲਹਿਂ ਧੰਨ ਜਨਮ ਕਰਿ ਲੀਨਿ ਉਪਾਹਿ‡। ਤੱਦਪਿ ਰੁਖ਼ ਨਹਿਂ ਗੁਰ ਕਛੁ ਕਰਿ ਹੈਂ§ ਉਦਾਸੀਨ ਸੀ ਬ੍ਰਿਤੀ ਰਖਾਹਿਂ। ਨਿਕਟ ਬਿਠਾਇ ਨ ਬੋਲਹਿਂ ਬੂਝਹਿਂ, ਅਗਮ ਗੁਰੂ, ਗਤਿ ਲਖੀ ਨ ਜਾਹਿ' ॥੩੩॥ ਸਿਖ ਇਮ ਭਨਤਿ[੧੦], ਅਪਰ ਜੇ ਨਰ ਹੈਂ ਬਹੁ ਬਿਧਿ ਕੇ ਠਾਨਹਿਂ ਉਪਹਾਸ। 'ਘਰ ਤੇ

[੧]ਕੀੜੀਆਂ। [੨]ਭਿੱਜੇ ਹੋਏ। [੩]ਢਕਿਆ ਹੈ। [੪]ਬਿਆਈ। [੫]ਸ਼ਬਦ ਕੀਰਤਨ। [੬]ਕਮਾਈ। [੭]ਛੋਟਾ ਸਰੀਰ। [੮]ਠੰਢ ਗਰਮੀ, ਉਨ੍ਹਾਲ ਸਿਆਲ। [੯](ਠੰਢ ਗਰਮੀ ਬਰਖਾ) ਨੂੰ ਨਹੀਂ ਜਾਣਦੇ, ਪਰਵਾਹ ਨਹੀਂ ਕਰਦੇ। [੧੦]ਅੰਕ ੩੨ ਤੇ ੩੩ ਵਿਚ ਸਿਖ ਜਿਵੇਂ ਕਹਿੰਦੇ ਹਨ ਓਹ ਦੱਸਿਆ ਹੈ, ਤੇ ਜੋ ਲੋਕ ਹਾਸੀ ਕਰਦੇ ਹਨ ਉਹਨਾਂ ਦੀ ਗੱਲ ਅੱਗੇ ਦੱਸਣ ਲਗੇ ਹਨ।

*ਹਰ ਸਾਲ ਭੇਢ ਗਜ ਰੁਮਾਲ ਤੇ ਕਿਰਮ ਚੱਲਣ ਦੀ ਸਾਖੀ ਮਹਿਮਾਂ ਪ੍ਰਕਾਸ਼ ਵਿਚ ਹੈ, ਓਥੇ ਲਿਖਿਆ ਹੈ ਕਿ ਬਾਰਾਂ ਬਰਸ ਓਹੀ ਬਸਤਰ ਵਰਤਦੇ ਰਹੇ ਜੋ ਪਹਿਨੇ ਸੇਵਾ ਵਿਚ ਆਏ ਸੇ। ਇਹ ਕਿਰਮ ਚਲਣ ਵਾਲੀ ਗਲ ਬੀ ਉਨ੍ਹਾਂ ਹੀ ਨਿੰਦਕ ਲੋਕਾਂ ਦੀ ਚਲਾਈ ਹੋਈ ਜਾਪਦੀ ਹੈ। ਭੱਟਾਂ ਨੇ ਸਵਈਆਂ ਵਿਚ ਤੀਸਰੇ ਸਤਿਗੁਰਾਂ ਦੀ ਸੇਵਾ ਦਾ ਜ਼ਿਕਰ ਕੀਤਾ ਹੈ, ਪਰ ਇਹ ਬਾਤ ਸਪਸ਼ਟ ਯਾ ਇਸ਼ਾਰੇ ਨਾਲ ਬੀ ਨਹੀਂ ਦਿੱਤੀ ਹੈ। †ਪਾ:-ਸੋਨ।

‡ਪਾ:-ਲੀਨ ਉਮਾਹਿ। §ਪਾ:-ਤੱਦਪਿ ਗੁਰ ਰੁਖ ਨਹਿ ਕਛੁ ਇਸ ਦਿਸ਼ ॥

ਮਨਹੁ ਨਿਕਾਸਯੋ ਕਿਸਿ ਨੇ ਦਰਬ ਨਹੀਂ ਕਛ ਇਸਕੇ ਪਾਸ। ਗੁਰ ਨਿਰਾ-ਸਰੇ ਕੋ ਸੁ ਆਸਰਾ ਇਮ ਲਖਿ ਆਯਹੁ ਇਨਹੁ ਅਵਾਸ। ਟੂਕਰੇ ਖਾਨ ਰਹਯੋ ਪਰਿ ਕੈ ਇਹ, ਸਭਿ ਨੇ ਤ੍ਯਾਗਯੋ ਭਯੋ ਨਿਰਾਸ ॥ ੩੪ ॥ ਫਿਰਹਿ ਨਿਥਾਵਾਂ ਥਾਂਵ ਨ ਪਾਵਹਿ, ਅਹੈ ਨਿਮਾਨਾ ਮਾਨ ਨ ਕਾਇ। ਰੈਨਿ ਦਿਵਸ ਇਤ ਉਤ ਕੋ ਬਿਚਰਤਿ ਸਭਿ ਕੇ ਆਗੈ ਸੇਵ ਕਮਾਇ। ਇਕ ਅਹਾਰ ਕੋ ਅਚਵਨ ਕਰਿਹੀ ਅਵਰ ਵਸਤੁ ਕਿਛੁ ਹਾਥ ਨ ਆਇ। ਸਭਿ ਕੋ ਕਹਯੋ ਕਰੈ ਉਰ ਡਰਪਤਿ–ਨਹੀਂ ਨਿਕਾਸ ਦੇਹਿੰ ਇਸ ਥਾਇੰ–'॥ ੩੫ ॥ ਇਮਿ ਨਿੰਦਕ ਉਪਹਾਸ ਜੁਕਤਿ ਬਹੁ ਨਿੰਦਹਿੰ,ਬਿੰਦਹਿੰ ਨਹੀਂ ਗਵਾਰ[1]। ਦੀਨ ਦੁਨੀ ਕਾ ਪਾਤਸ਼ਾਹ ਹੁਇ ਜਿਸ ਕੇ ਸਮ ਕੋ ਹੈ ਨ ਉਦਾਰ। ਸਿੱਖਨਨਅਰੁ ਨਿੰਦਕ ਤੇ ਸੁਨਿ ਕਰਿ ਹਰਖ ਨ ਸ਼ੋਕ ਕਰਹਿੰ ਕਿਸ ਬਾਰ। ਇੱਕ ਸੇਵ ਕੇ ਤਤਪਰ ਹ੍ਵੈ ਕਰਿ ਗੁਰੂ ਅਰਾਧਹਿੰ ਸਰਬ ਪ੍ਰਕਾਰ* ॥ ੩੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ'ਸ੍ਰੀ ਅਮਰ ਸੇਵਾ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

### ੧੭. [ਸ੍ਰੀ ਅਮਰ ਦੇਵ ਜੀ ਨੂੰ ਵਰ ਦੀ ਬਖਸ਼ੀਸ਼]

ਦੋਹਰਾ ॥ ਇਸ ਪ੍ਰਕਾਰ ਸੇਵਾ ਕਰਹਿ ਹਰਖ ਸ਼ੋਕ ਉਰਿ ਤ੍ਯਾਗ। ਕਹਯੋ ਕਿਸੂ ਕੋ ਕਿਸੀ ਬਿਧਿ† ਧਰਹਿ ਨ ਮਨ ਬਡਭਾਗ ॥ ੧ ॥ ਨਿਸਾਨੀ ਛੰਦ ॥ ਘਟਾ ਸ਼੍ਯਾਮ ਇਕ ਨਿਸਾ ਮਹਿ ਪਸਰਯੋ ਅੰਧਕਾਰਾ। ਕੋ ਕੋ ਬਰਖੈ

---

[1]ਠੱਠੇ ਨਾਲ ਨਿੰਦਦੇ ਹਨ ਤੇ ਗਵਾਰ ਨਹੀਂ ਜਾਣਦੇ।

*ਸ੍ਰੀ ਪਾਵਨ ਅਮਰਦਾਸ ਜੀ ਦੀ ਘਾਲ ਤੇ ਗੁਰੂ ਸਾਹਿਬ ਜੀ ਦੀ ਦਿਸ ਰਹੀ ਬੇਪਰਵਾਹੀ ਤੋਂ ਪ੍ਰਸ਼ਨ ਉਠ ਖੜੋਂਦੇ ਹਨ ਕਿ ਕਿਉਂ ਬੇਪਰਵਾਹੀ ਹੈ ? ਕੀਹ ਇਸ ਸੇਵਾ ਮਾਤ੍ਰ ਨੇ ਸ੍ਰੀ ਅਮਰਦਾਸ ਜੀ ਨੂੰ ਗੁਰੂ ਬਨਾਉਣਾ ਹੈ ? ਕੀ ਗੁਰੂ ਅੰਗਦ ਜੀ ਦਾ ਇਸ ਸੇਵਾ ਨਾਲ ਕੁਛ ਸੰਵਰਦਾ ਹੈ ? ਉੱਤਰ ਇਹ ਹੈ ਕਿ ਗੁਰੂ ਜੀ ਬੇਪਰਵਾਹ ਨਹੀਂ ਹਨ। ਓਹ ਸ੍ਰੀ ਅਮਰਦਾਸ ਜੀ ਨੂੰ ਮਹਾਨ ਉੱਚ ਪਦਵੀ ਲਈ ਤਿਆਰ ਕਰ ਰਹੇ ਹਨ। ਸ੍ਰੀ ਅਮਰ ਦਾਸ ਜੀ ਧੁਰੋਂ ਗੁਰੂ ਹਨ, ਚਰਨਾਂ ਵਿਚ ਪਦਮ ਦਾ ਹੋਣਾਂ ਦੱਸਕੇ ਕਵਿ ਜੀ ਇਹ ਗੱਲ ਸੂਚਤ ਕਰ ਆਏ ਹਨ। ਗੱਲ ਇਹ ਹੈ ਕਿ ਜਗਤ ਵਿਚ ਝੂਠੇ ਗੁਰੂ ਤੇ ਝੂਠੇ ਸਿੱਖਾਂ ਦੀ ਪਰਪਾਟੀ ਨੇ ਸੱਚ ਤੇ ਅਸਲੀਅਤ ਗੁੰਮ ਕਰ ਦਿੱਤੀ ਸੀ, ਸੱਚੇ ਗੁਰੂ ਦਾ ਆਦਰਸ਼ ਤੇ ਸੱਚੇ ਸਿੱਖ ਦਾ ਆਦਰਸ਼ ਕਰਕੇ ਦਿਖਾਉਣਾ ਸੀ, ਇਸ ਲਈ ਸ੍ਰੀ ਅਮਰ ਦਾਸ ਜੀ ਵਾਹਿਗੁਰੂ ਜੀ ਪਰਮ ਕੌਤਕੀ ਵਲੋਂ ਸਿੱਖੀ ਦੇ ਨਾਟ ਵਿਚ ਰਖੇ ਗਏ ਸਨ। ਪਹਿਲਾਂ ਨੇਕ ਤਬੀਯਤ, ਧਰਮ ਦਾ ਝੁਕਾਉ, ਭਗਤੀ ਦੀ ਪਿਆਸ ਵਿਚ ਤੀਰਥ ਪਰਸਨ, ਫੇਰ ਗੁਰੂ ਦੀ ਪਜਾਸ, ਫਿਰ ਸੇਵਾ ਦੀ ਅਵਧੀ ਕਰਕੇ ਉਨ੍ਹਾਂ ਨੇ ਜਗਜਾਸਾ ਤੇ ਸਿਖੀ ਦੀ 'ਸਰਬ ਆਪਾ ਤਯਾਗ' ਮਿਸਾਲ ਕਾਯਮ ਕੀਤੀ, ਫੇਰ ਜੋ ਕੁਛ ਸਨ ਅਰਥਾਤ ਗੁਰੂ, ਸੋ ਹੋਕੇ ਫਿਰ ਗੁਰਿਆਈ ਦਾ ਆਦਰਸ਼ ਦਿਖਾਯਾ ਤੇ ਗੁਰੂ ਪਦ ਦੀ ਕਾਰ ਪੂਰੀ ਪੂਰੀ ਨਿਬਾਹੀ।

†ਪਾ:–ਕਿਸ ਬਿਧੀ।

ਬੂੰਦ ਧਰਿ ਕਰਦਮੁ[1] ਕਰਿ ਡਾਰਾ । ਸਰਦ ਕਾਲ ਪਾਲਾ ਪਰੇ ਤਨ ਸੂਕਚਹਿਂ ਸਾਰੇ। ਤੂਲ[2] ਤੁਲਾਈ ਕੈ ਅਗਨਿ ਸੀਤਹਿ ਨਿਰਵਾਰੇ[3] ॥ ੨ ॥ ਰਹੀ ਜਾਮ ਜਬ ਜਾਮਨੀ ਭਾ ਮੱਜਨ ਕਾਲਾ। ਚਲੇ ਕਲਸ ਲੇ ਹਾਥ ਮਹਿਂ ਆਲਸ ਕੋ ਟਾਲਾ। ਭਰਯੋ ਜਾਇ,ਸਿਰ ਪਰ ਧਰਯੋ, ਹਟਿ ਆਵਨ ਲਾਗੇ। ਸਨੇ ਸਨੇ[4] ਸ਼੍ਰੀ ਅਮਰ ਜੀ ਪਗ ਰਾਖਹਿਂ ਆਗੇ ॥੩॥–ਫਿਸਲਹਿ ਪਗ ਕਲਸਾ ਗਿਰਹਿ ਜਲ ਪਹੁੰਚਹਿ ਨਾਂਹੀ। ਟਰਹਿ ਸਮੋ ਇਸ਼ਨਾਨ ਕੋ–ਇਸ ਚਿੰਤਾ ਮਾਂਹੀ। ਧਰਮਸਾਲ ਕੇ ਪੰਥ ਮਹਿਂ ਘਰ ਹੁਤੋ ਜੁਲਾਹੇ[5]। ਗਿਰਯੋ ਨੀਰ ਤਿਨ ਤੇ ਤਹਾਂ ਕਰਦਮ ਬਹੁ ਤਾਂਹੇ ॥ ੪ ॥ ਮੰਦ ਮੰਦ ਬੂੰਦਨ ਗਿਰੈਂ ਪੁਨ ਪੰਕ ਸੁ ਧਾਂਤੋ[6]। ਅਧਿਕ ਅੰਧੇਰੋ ਹੁਇ ਰਹਯੋ ਮਗ ਲਖਯੋ ਨ ਧਾਂਤੇ। ਇਕ ਕਰੀਰ ਕੋ ਕਿਲਕ[7] ਤਹਿਂ ਛਿਤਿ ਗਡਯੋ ਜੁਲਾਹੇ।ਚੀਰ ਬੁਨਹਿਂ ਤਿਸ ਬਾਂਧਿ ਕਰਿ ਕੁੰਭਲ[8] ਪੁਨ ਮਾਂਹੇ ॥੫॥ ਆਇ ਜਬਿ ਸ਼੍ਰੀ ਅਮਰ ਤਹਿ ਪਗ ਕੀਲੇ ਲਾਗਾ। ਨਿਕਟ ਗਿਰੇ ਕੁੰਭਲ ਬਿਖੈ ਨਹਿਂ ਸੰਭਲਿ ਆਗਾ। ਕਲਸ ਬਚਾ-ਵਨਿ ਕਾਰਨੇ ਬਲ ਕੀਨ ਬਡੇਰਾ। ਨੀਰ ਨ ਗਿਰਨੇ ਦੀਨ ਤਿਸੁ ਥੰਭਯੋ ਤਿਸ ਬੇਰਾ ॥ ੬ ॥ ਨੀਠ ਨੀਠ[4] ਕਲਸਾ ਤਬਹਿ ਸਿਰ ਊਪਰ ਰਾਖਯੋ ।–ਮੱਜਨ ਕੋ ਨਹਿਂ ਬਿਲਮੁ ਹੁਇ ਗੁਰ ਦਿਸ਼–ਅਭਿਲਾਖਯੋ। ਪਰੀ ਜੁਲਾਹੀ ਸਦਨ ਮਹਿਂ ਅਰੁ ਹੁਤੋ ਜੁਲਾਹਾ। ਭਯੋ ਖੜਕ ਸੁਨਿ ਕੈ ਸ਼ਬਦ 'ਬਾਹਰ ਕੋ ਆਹਾ ? ॥੭॥ ਗਿਰਯੋ ਕੌਨ ਇਸ ਥਲ ਬਿਖੈ ਤਸਕਰ ਹੈ ਕੋਊ?। ਕਿਧੌਂ ਅਪਰ ਮਾਨਵ ਅਹੈ?ਉੱਤਰ ਦਿਹੁ ਸੋਊ'। ਸੁਨਯੋ ਜੁਲਾਹੇ ਕੋ ਭਨਯੋ ਸ਼੍ਰੀ ਅਮਰ ਬਤਾਯੋ। 'ਮੈਂ ਸਤਿਗੁਰ ਕੋ ਦਾਸ ਹੌਂ ਲੈਬੇ ਜਲ ਆਯੋ' ॥੮॥ 'ਕੌਨ ਦਾਸ ਇਸ ਕਾਲ ਮਹਿਂ ਪਾਲਾ ਅੰਧਕਾਰਾ। ਬੂੰਦਾਂ ਬਰਖਤਿ, ਘਨ[9] ਘਟਾ ਅਵਨੀ ਪਰ ਗਾਰਾ[10]'। ਸੁਨਤਿ ਜੁਲਾਹੀ ਨੇ ਭਨਯੋ 'ਔਰ ਨ ਅਸ ਕੋਊ। ਨਿਰਥਾਵਾਂ ਅਮਰੂ ਫਿਰਹਿ ਇਸ ਛਿਨ ਹ੍ਵੈ ਸੋਊ ॥ ੯ ॥ ਨਿਸ ਦਿਨ ਇਸਕੋ ਚੈਨ ਨਹਿਂ ਇਤ ਉਤ ਨਿਤ ਡੋਲੈ। ਖਾਇ ਪੇਟ ਨਿਤ* ਭਰਤਿ ਹੈ ਕਿਹ ਸੌਂ ਨਹਿਂ ਬੋਲੈ। ਕੁਲ ਗ੍ਰਿਹ ਤਜਿ ਉਪਹਾਸ ਸਹਿ[11] ਰਹਿ ਤਪੇ ਨਜੀਕਾ। ਜਗ ਕੀ ਲਾਜ ਨ ਕੁਛ ਕਰਹਿ ਕਹਿ ਬੁਰਾ ਕਿ ਨੀਕਾ' ॥ ੧੦ ॥ ਸੁਨਿ

---

[1]ਚਿੱਕੜ। [2]ਰੂਈਂ ਦੀ। [3]ਠੰਢ ਨੂੰ ਦੂਰ ਕਰਦੇ ਹਨ। [4]ਸਹਿਜੇ ਸਹਿਜੇ। [5]ਜੁਲਾਹੇ ਦਾ ਘਰ। [6]ਇਸ ਕਰਕੇ ਚਿੱਕੜ ਸੀ। [7]ਕਿੱਲਾ। [8]ਖੱਡੀ। [9]ਬੱਦਲ। [10]ਜ਼ਿਮੀਂ ਉਤੇ ਚਿਕੜ ਹੈ। [11]ਹਾਸੀ, ਠੱਠਾ ਸਹਾਰ ਕੇ।

*ਪਾ:–ਇਕ।

ਬੋਲੇ ਸ੍ਰੀ ਅਮਰ ਜੀ 'ਮੈਂ ਨਹੀਂ ਨਿਥਾਵਾਂ। ਸੇਵ੍ਯੋ ਸਤਿਗੁਰ ਸਭਿ ਬਡੇ
ਸ਼ੁਭ ਸ਼ੁਭਤਿ ਸੁਭਾਵਾ[1]। ਤੂੰ ਕਮਲੀ ਹੁਇ ਕਹਤਿ ਹੈਂ ਬੁਧਿ ਰਿਦੈ ਨ
ਕੋਈ। ਨਹੀਂ ਮਹਾਤਮ ਕੋ ਲਖ੍ਯੋ ਦਾਤਾ ਜਗ ਜੋਈ' ॥੧੧॥ ਇਮਿ
ਕਹਿ ਸਿਰ ਪਰ ਕਲਸ ਲੇ ਆਏ ਨਿਜ ਥਾਨਾ। ਆਗੇ ਸ੍ਰੀ ਅੰਗਦ ਗੁਰੂ
ਚਹਿ ਕਰ੍ਯੋ ਸ਼ਨਾਨਾ। ਚੌਕੀ ਪਰ ਤਬ ਖਰੇ ਥੇ ਸੁਨਿ ਸੈਨ ਬ੍ਰਿਤੰਤਾ।
ਅਤਿ ਧ੍ਰਿਤ[2] ਜਾਨੀ ਦਾਸ ਮਹਿ ਚਾਹਤਿ ਪਰਖੰਤਾ ॥ ੧੨ ॥ ਆਯੋ ਨਿਕਟ,
ਬਤਾਇ ਨਹਿੰ,ਲਗਿ ਸੇਵ ਸੁਜਾਨਾ। ਚਰਨ ਪਖਾਰੇ ਸੌਚ ਜੁਤਿ ਕਰਵਾਇ
ਸ਼ਨਾਨਾ। ਭਈ ਜੁਲਾਹੀ ਬਾਵਰੀ[3] ਤਿਨਕੇ ਬਚ ਭਾਖੇ। ਦਾਂਤਨ
ਕਾਟਤਿ,ਮੁਖ ਬਕਹਿ ਉਰ ਜਿਮੁ ਅਭਿਲਾਖੇ ॥ ੧੩ ॥ ਭਈ ਪ੍ਰਭਾਤੀ ਨਿਸ
ਬਿਤੀ ਸਤਿਗੁਰ ਸਭਿ ਜਾਨ੍ਯੋ। ਅਮਰਦਾਸ ਨਿਜ ਪਾਸ ਤਬਿ ਬੁਲਿਵਾਵਨ
ਠਾਨ੍ਯੋ। ਆਨਿ ਕਰੀ ਪਦ ਬੰਦਨਾ ਕਰ ਜੋਰਿ ਸੁ ਠਾਂਢੇ। ਅਵਲੋਕਤਿ ਹੈਂ
ਦਰਸ ਕੋ ਅਨੁਰਾਗ ਸੁ ਬਾਢੇ॥੧੪॥'ਕਹੁ ਬ੍ਰਿਤਾਂਤ ਸਭਿ ਰਾਤਿ ਕੋ ਕੈਸੇ ਕਰਿ
ਹੋਈ?।ਲ੍ਯਾਵਤਿ ਜਲ ਕੋ ਕਲਸ ਜਬ ਬੋਲ੍ਯੋ ਕਿਮ ਕੋਈ ?'।ਹਾਥ ਬੰਦਿ
ਬਿਨਤੀ ਭਨੀ 'ਤੁਮ ਅੰਤਰਜਾਮੀ। ਬਿਨਾ ਕਹੇ ਜਾਨੋ ਸਕਲ ਦਾਤਾ ਜਗ
ਸੁਾਮੀ ॥੧੫॥ ਕਛ ਦੁਰਾਉ[4] ਨਹਿੰ ਆਪ ਤੇ ਜੋ ਸਭਿ ਕਿਛੁ ਜਾਨੇ। ਮੈਂ ਡਰਪੌਂ
ਕੇ ਅਪਰ ਬਿਧਿ[5] ਨਹਿ ਜਾਇ ਬਖਾਨੇ'। ਸੁਨਿ ਕੈ ਸ੍ਰੀ ਅੰਗਦ ਤਬੈ ਬੁ-
ਲਵਾਇ ਜੁਲਾਹਾ। ਜੁਕਤਿ ਜੁਲਾਹੀ[6] ਆਇ ਸੋ ਥਿਤ ਭਾ ਗੁਰ ਪਾਹਾ[7] ॥
੧੬ ॥ ਦਰਸ਼ਨ ਕੀਨੇ ਸੁਧਿ[8] ਭਈ ਸਮ ਪ੍ਰਥਮ ਜੁਲਾਹੀ[9]। ਸ੍ਰੀ ਅੰਗਦ
ਬੂਝ੍ਯੋ ਤਬੈ 'ਸਚ ਕਹੁ ਹਮ ਪਾਹੀ।ਨਿਸ ਬ੍ਰਿਤਾਂਤ ਕਿਸ ਬਿਧਿ ਭਯੋ ਸਭਿ ਦੇਹੁ
ਸੁਨਾਈ।ਦੀਨ ਦੁਨੀ ਦੁਖ ਪਾਇੰ ਹੈਂ ਜੇ ਰਾਖਿ ਦੁਰਾਈ'।੧੭। ਸੁਨਤਿ ਜੁਲਾਹੇ
ਭੈ ਧਰ੍ਯੋ–ਇਨਕੇ ਬਚ ਸਾਚੇ। ਕਹੌਂ ਨ ਮੈਂ ਦੁਖ ਪਾਇ ਹੌਂ–ਇਮ ਲਖਿ
ਸਚੁ ਰਾਚੇ[10]। 'ਬੂਝ੍ਯੋ ਮੈਂ–ਕ੍ਯਾ ਖੜਕ ਭਾ ਬਾਹਰ ਇਸ ਕਾਲਾ?–। ਮਮ
ਦਾਰਾ ਜਾਗਤਿ ਹੁਤੀ ਤਿਨ ਕੀਨ ਸੰਭਾਲਾ[11]।੧੮।ਬੋਲੀ ਸੁਨਿ ਮਨ ਪਰਖਿ
ਕੈ–ਇਹ ਅਮਰੁ ਨਿਥਾਵਾਂ–। ਦਾਸ ਤੁਮਾਰੇ–ਬਾਵਰੀ–ਤਬਿ ਬਾਕ ਅਲਾ-
ਵਾ। ਦਰਸ਼ਨ ਦੇਖੇ ਸੁਧਿ ਭਈ ਅਬ ਰਾਵਰਿ ਪਾਸੀ। ਬਚਨ ਫੁਰਹਿ ਸਭਿ

[1]ਸਭ ਤੋਂ ਵਡਾ, ਨੇਕ ਤੇ ਸ਼ੋਭਾ ਵਾਲੇ ਸੁਭਾਵ ਵਾਲਾ। [2]ਧੀਰਜ। [3]ਕਮਲੀ। [4]ਛਿਪਾਉ। [5]ਹੋਰ ਤਰ੍ਹਾਂ। [6]ਸਣੇ ਜੁਲਾਹੀ। [7]ਪਾਸ। [8]ਹੋਸ਼। [9]ਜੁਲਾਹੀ ਨੂੰ ਪਹਿਲੇ ਵਾਂਗੂ। [10]ਇਉਂ ਸਮਝਕੇ ਸੱਚ ਵਿਚ ਰਚਿਆ ਭਾਵ ਸੱਚ ਬੋਲਿਆ। [11]ਹੋਸ਼, ਸੋਝੀ।

ਕਹੈਂ ਜਿਮ ਸੁਨਿ ਹਮ ਮਤਿ ਤ੍ਰਾਸੀ[1] ॥੧੯॥ ਪੁਨ ਗੁਰ ਬੂਝਯੋ[2] ਸ੍ਰੀ ਅਮਰ 'ਐਸੇ ਬਿਧਿ ਹੋਈ?'।ਕਰਨ ਲਗੇ ਬਿਨਤੀ ਤਬਹਿ ਕਰਿ ਜੋਰਤਿ ਦੋਈ। 'ਮੋਹਿ ਨਿਥਾਵਾਂ ਇਨ ਕਹ੍ਯੋ ਸੋ ਸਾਚ ਬਖਾਨੀ। ਜਬ ਲੌ ਆਤਮ ਰੂਪ ਕੋ ਮਨ ਲੇਯ ਨ ਜਾਨੀ ॥੨੦॥ ਥਾਉਂ ਪਾਇ ਕਰਿ ਥਿਰਹਿ ਨਹਿ[3]ਤਬ ਲਗੌਂ ਨਿਥਾਵਾਂ। ਭਟਕਤਿ ਮ੍ਰਿਗ ਤ੍ਰਿਸ਼ਨਾ ਬਿਖੈ ਕਿਤ* ਸ਼ਾਂਤਿ ਨ ਪਾਵਾ। ਜਬ ਤਮਰੀ ਸੇਵਾ ਰੁਚਿਰ[4] ਕਿਯ ਤਰਕ ਜੁਲਾਹੀ। ਸਹੀ ਗਈ ਨਹਿੰ ਮੋਹਿ ਤੇ -ਬੌਰੀ-ਤਬ ਪ੍ਰਾਹੀ'॥੨੧॥ਪ੍ਰੇਮ ਲਪੇਟਯੋ ਬਾਕ ਸੁਨ ਮਨ ਦ੍ਰਵਯੋ ਕ੍ਰਿਪਾਲਾ। ਭਏ ਮਹਾਂ ਅਨਕੂਲ[5] ਤਬਿ ਲਖਿ ਘਾਲ ਬਿਸਾਲਾ। ਬਖਸ਼ਨ ਕੋ ਬਖਸ਼ਸ਼ ਮਹਾਂ ਉਮਗਯੋ ਉਰ ਭਾਰੀ।ਕਰਨ ਕ੍ਰਿਤਾਰਥ ਦਾਸਕੋ ਗੁਰ ਗਿਰਾ ਉਚਾਰੀ ॥ ੨੨ ॥ ਤੋਮਰ ਛੰਦ ॥ 'ਤੁਮਹੋ ਨਿਥਾਵਨ ਥਾਨ[6]। ਕਰਿ ਹੋ ਨਿਮਾਨਹਿਂ† ਮਾਨ[7]। ਬਿਨ ਓਟ ਕੀ ਤੁਮ ਓਟ[8]। ਨਿਧਰੇਨ ਕੀ ਧਿਰ ਕੋਟ[9] ॥ ੨੩ ॥ ਬਿਨ ਜੋਰ ਕੇ ਤੁਮ ਜੋਰ[10]। ਸਮ ਕੋ ਨ ਹੈ ਤੁਮ ਹੋਰ। ਬਿਨ ਧੀਰ ਕੋ ਬਰ ਧੀਰ[11]। ਸਭਿ ਪੀਰ ਕੇ ਬਡ ਪੀਰ ॥੨੪॥ ਤੁਮ ਹੋ ਸੁ ਗਈ ਬਹੋੜ[12]। ਨਰ ਬੰਧ ਕੋ ਤਿਹ ਛੋੜ[13]। ਘੜ ਭੰਨਿਬੇ ਸਮਰੱਥ[14]।ਜਗ ਜੀਵਕਾ ਤੁਮ ਹੱਥ[15] ॥ ੨੫ ॥ ਬਰ ਦੀਨ ਦ੍ਵਾਦਸ਼ ਹੇਰ। ਸੁ ਪ੍ਰਸੰਨ ਹੋਇ ਬਡੇਰ। ਗਰ ਸੰਗ ਲਾਵਨ ਕੀਨਿ[16]। ਪੁਲਕਾਇ ਪ੍ਰੇਮ ਪ੍ਰਬੀਨ[17] ॥ ੨੬ ॥ 'ਮਮ ਰੂਪ ਭੇ ਮਿਲਿ ਅੰਗ। ਸਲਿਤਾ ਮਿਲੇ ਜਿਮਿ ਗੰਗ। ਜਿਮਿ ਬੂੰਦ ਸਿੰਧੁ ਮਝਾਰ। ਤਿਮ ਏਕ ਰੂਪ ਹਮਾਰ ॥ ੨੭ ॥ ਦੋਹਰਾ ॥ ਕਨਕਾ ਪਾਵਕ ਦੌ ਬਿਖੈ ਮਿਲਿ ਸਰੂਪ ਇਕ ਹੋਇ[18]। ਤਿਮ ਹਮ ਤੁਮ ਏਕੈ ਭਏ ਭੇਦ ਨ ਜਾਨਿਯ ਕੋਇ ॥ ੨੮ ॥ ਚੌਪਈ ॥ ਤੁਵ ਤਨ ਮਹਿਂ ਹੁਇ ਕਰਿ ਪਰਵੇਸ਼ੁ। ਕਰਨੇ ਹੈਂ ਜਗ ਕਾਜ ਬਿਸ਼ੇਸ਼ੁ'। ਇਮਿ ਪ੍ਰਸੰਨ ਇਕ ਰੂਪ ਬਨਾਯੋ। ਸਤਿਗੁਰ ਸੇਵ ਸਕਲ ਸਫ-

---

[1]ਬੁੱਧੀ ਡਰੀ। [2]ਪੁੱਛਿਆ। [3]ਨਾ ਟਿਕੇ। [4]ਸੁਹਣੀ ਸੇਵਾ ਨੂੰ। [5]ਕ੍ਰਿਪਾਲੂ। [6]ਨਿਥਾਵਿਆਂ ਦਾ ਥਾਂ। [7]ਨਿਮਾਣਿਆਂ ਦੇ ਮਾਣ। [8]ਨਿਓਟਿਆਂ ਦੀ ਓਟ। [9]ਨਿਰ ਆਧਾਰ ਦੀ ਦ੍ਰਿੜ੍ਹ ਧਿਰ(ਆਧਾਰ) ਕੋਟ (ਵਾਡ੍ਹ)।[10]ਨਿਜ਼ੋਰਿਆਂ ਦੇ ਜ਼ੋਰ। [11]ਅਧੀਰਜਾਂ ਨੂੰ ਧੀਰਜ ਦੇਣ ਵਾਲੇ। [12]ਗਈ ਨੂੰ ਫੇਰ ਮੋੜ ਲੈਣ ਵਾਲੇ। [13]ਫਸੇ ਹੋਏ ਨਰਾਂ ਨੂੰ ਛੁਡਾਉਣ ਵਾਲੇ। [14]ਘੜਨੇ ਤੇ ਭੰਨਣੇ ਦੀ ਜਿਸ ਵਿਚ ਸ਼ਕਤਿ ਹੈ। [15]ਸਾਰੇ ਜਗਤ ਦੀ ਰੋਜ਼ੀ ਤੁਸਾਡੇ ਹੱਥ ਹੈ। [16]ਗਲ ਲਾ ਲਿਆ। [17]ਪ੍ਰੇਮ ਵਿਚ ਰੋਮ ਖੜੇ ਹੋ ਗਏ। [18]ਅੱਗ ਦਾ ਚੰਗਿਆੜਾ ਬਨ ਅਗਨੀ (ਮਹਾਨ ਅੱਗ) ਵਿਚ ਮਿਲ ਕਰਕੇ ਇਕ ਰੂਪ ਹੋ ਜਾਂਦਾ ਹੈ। *ਪਃ-ਚਿਤ। †ਪਾਃ-ਨਿਮਾਨਨ।

ਲਾਯੋ* ॥ ੨੯ ॥ ਗੁਰ ਢਿਗ ਘਾਲ ਨਿਫਲ ਨਹਿਂ ਹੋਇ। ਬਾਂਛਤ ਪਾਇ
ਕਰਤਿ ਭਾ ਜੋਇ। ਕਹਿ ਸ੍ਰੀ ਗੁਰੁ ਸਿਰ ਮੁਕਟ ਉਤਾਰਾ। ਬਰਖ ਇਕਾ-
ਦਸ਼ ਕੋ ਜੋ ਧਾਰਾ ॥ ੩੦ ॥ ਜਿਸ ਮਹਿਂ ਜੀਵ ਕੀਟੀਯਨ[1] ਆਦਿ। ਧਰਨੋ
ਉਤਾਰਿ ਸੁਨਤਿ† ਗੁਰ ਨਾਦ[2]। ਸੁੰਦਰ ਜਲ ਇਸ਼ਨਾਨ ਕਰਾਯਾ। ਬਸਤ੍ਰ
ਨਵੀਨ ਸਰਬ ਪਹਿਰਾਯਾ ॥ ੩੧ ॥ 'ਮੈਂ ਅਪਨੇ ਅਸਥਾਨ ਬਿਠਾਵੋਂ।
ਗੁਰਤਾ ਗਾਦੀ ਦੈ ਹਰਖਾਵੋਂ'। ਸਭਿ ਸੰਗਤਿ ਕੋ ਦਯੋ ਸੁਨਾਇ। 'ਇਹੁ
ਮੇਰੋ ਅਬ ਰੂਪ ਸੁਹਾਇ ॥ ੩੨ ॥ ਇਸ ਮਾਂਹਿ ਮੋ ਮਹਿਂ ਭੇਦ ਨ ਕੋਈ।ਅਹੈ
ਏਕ ਕੀ ਦੇਹ ਜੁ ਦੋਈ'। ਬਿਦਤਿ ਭਏ ਗੁਰ ਸੰਗਤਿ ਮਾਂਹਿ। 'ਗੁਰ ਸ੍ਰੀ
ਅਮਰ ਅਪਰ ਹੁਇ ਨਾਂਹਿ[3]' ॥ ੩੩ ॥ ਪੁਨ ਬੋਲੇ ਮੁਖ ਚੰਦ੍ਰ ਸੁਧਾ ਸੇ[4]।
ਆਨੰਦ ਕੰਦ ਬਿਲੰਦ ਨਿਵਾਸੇ। 'ਸੁਨਿ ਪੁਰਖਾ ਗ੍ਰਿਹ ਸੰਤਤਿ[5] ਕਹਾ ਹੈ ?
ਦੁਹਿਤਾ ਪੁੱਤ੍ਰ ਭਏ ਸੁ ਕਹਾਂ ਹੈਂ?'॥੩੪॥ ਹਾਥ ਜੋਰਿ ਕਰਿ ਬਿਨੈ ਬਖਾਨੀ।
'ਸਭਿ ਰਾਵਰ ਕੋ ਗਜਾਤ ਮਹਾਨੀ। ਤਦਪਿ ਜੁ ਪੂਛੋ ਸਮ ਅਨਜਾਨੋ।ਕਹੋਂ
ਸੁਨੋ ਗੁਨ ਖਾਨਿ ਮਹਾਨੋ॥੩੫॥ਦੋਇ ਪੁੱਤ੍ਰ ਹੈਂ ਮੋਹਿਨ ਮੁਹਰੀ। ਦ੍ਵੈ ਤਨਿਯਾ[6]
ਸਭਿ ਕਿਰਪਾ ਤੋਰੀ'। ਸੁਨਿ ਬੋਲੇ 'ਸੁਨਿ ਪੁਰਖਾ ਅਬੈ। ਹਿਤ
ਲਾਇਕ ਤੁਹਿ ਭਾਖੋਂ ਸਬੈ ॥ ੩੬ ॥ ਅਬਿ ਖਡੂਰ ਕੋ ਬਸਿਬੋ ਛੋਰਿ। ਅਪਰ
ਸਥਾਨ ਬਾਸ ਕੋ ਟੋਰਿ[7]'। ਸ੍ਰੀ ਨਾਨਕ ਮੁਹਿ ਦੀਨ ਗੁਰਾਈ। ਕ੍ਰਿਪਾਧਾਰਿ
ਪੁਨ ਗਿਰਾ ਅਲਾਈ ॥੩੭॥-ਹਮ ਜਹਿਂ ਬਸੈਂ ਥਾਨ ਦਿਹੁ ਤਯਾਗ। ਅਪਰ
ਸਥਲ ਕਰਿ ਥਿਤ[8] ਬਡਭਾਗ-।ਤਬਿ ਕੇ ਹਮ ਖਡੂਰ ਮਹਿਂ ਆਇ। ਬਸਤੇ
ਸੰਮਤ ਕਿਤਿਕ ਬਿਤਾਇ ॥ ੩੮ ॥ ਸਿਰੀਚੰਦ ਅਰੁ ਲਖਮੀਦਾਸ। ਪਿਤ
ਸਥਾਨ ਤਿਨ ਕਰਨੋ ਨਿਵਾਸ। ਤੈਸੇ ਤੁਮ ਥਲ ਅਪਰ ਬਨਾਇ। ਬਸਹੁ
ਤਹਾਂ ਸਭਿ ਬਿਧਿ ਸੁਖ ਪਾਇ ॥ ੩੯ ॥ ਦਾਸੂ ਦਾਤੂ ਸਦਨ ਰਹੈਂਗੇ।
ਪਿਖਹਿਂ ਨ ਤੁਮ ਇਰਖਾ ਨ ਲਹੈਂਗੇ‡। ਨਾਂਹ ਤ ਦੇਖਿ ਪ੍ਰਤਾਪ ਤਿਹਾਰੋ।
ਜਰਹਿਂ ਰਿਦੇ ਨਹਿਂ[9], ਪਰਹਿ ਬਿਗਾਰੋ' ॥ ੪੦ ॥ ਦੋਹਰਾ ॥ ਇਸ ਪ੍ਰਕਾਰ
ਕਹਿ ਮ੍ਰਿਦੁਲ ਬਚ ਧੀਰਜ ਦਈ ਬਿਸਾਲ। ਦਿਨ ਸੋ ਨਿਸਾ ਬਿਤਾਇਕੈ

[1] ਕੀੜੀਆਂ। [2] (ਆਗਜ਼ਾ ਦੀ) ਆਵਾਜ਼। [3] ਸ੍ਰੀ ਅਮਰਦਾਸ ਜੀ ਗੁਰੂ ਹਨ, ਹੋਰ ਨੇ ਨਹੀਂ ਹੋਣਾ।
[4] ਅੰਮ੍ਰਿਤ ਜੈਸੇ। [5] ਸੰਤਾਨ। [6] ਪੁੱਤ੍ਰੀਆਂ। [7] ਵੱਸਣਾ ਢੂੰਡੋ। [8] ਟਿਕਾਣਾ। [9] ਜਰ ਨਹੀਂ ਸੱਕਣਗੇ।

*ਪਾ:-ਸਕਲ ਫਲ ਲਾਯੋ। †ਪਾ:-ਸੁਨੋ, ਸੁਨਯੋ।

‡ਪਾ:-ਪਿਖਨੇ ਕਰਿ ਤਮ ਇਰਖਾ ਨ ਲਹੈਂਗੇ।

ਬੈਠੇ ਪਰਮ ਕ੍ਰਿਪਾਲ ॥੪੧॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅਮਰ, ਸ਼੍ਰੀ ਅੰਗਦ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋ ਅੰਸੂ ॥੧੭॥

੧੮. [ਸ਼੍ਰੀ ਅਮਰਦਾਸ ਜੀ ਦਾ ਗੋਂਦੇ ਨਾਲ ਗੋਇੰਦਵਾਲ ਜਾਣਾ]

*ਦੋਹਰਾ ॥ ਅਗਲੇ ਦਿਨ ਸ਼੍ਰੀ ਸਤਿਗੁਰੂ ਬੈਠੇ ਸੰਗਤਿ ਬੀਚ।ਕਰਤਿ ਕ੍ਰਿਤਾਰਥ ਸੇਵਕਨਿ ਦਰਸਤਿ ਊਚ ਰੁ ਨੀਚ ॥੧॥ ਚੌਪਈ ॥ ਇਕ ਗੋਂਦਾ ਖੱਤ੍ਰੀ ਤਹਿਂ ਆਯੋ। ਦਰਸ਼ਨ ਦੇਖਤਿ ਸੀਸ ਨਿਵਾਯੋ। ਹਾਥ ਜੋਰਿ ਕਰਿ ਬਿਨੈ ਬਖਾਨੀ। 'ਸ਼੍ਰੀ ਗੁਰ ਤੁਮਰੀ ਸਿਫਤ ਮਹਾਨੀ ॥੨॥ ਸੁਨਤਿ ਰਹਯੋ ਬਹੁ ਲੋਕ ਭਨੰਤੇ।ਕਰਹਿਂ ਸਰਾਹਨਿ ਜੇ ਮਤਿਵੰਤੇ।ਗੁਪਤ ਪ੍ਰਗਟ ਜਗ ਜੀਵ ਬਿਸਾਲੈਂ। ਸਭਿ ਸਤਿਗੁਰ ਕੀ ਆਇਸੁ ਚਾਲੈਂ[1] ॥੩॥ ਮੇਰੋ ਗ੍ਰਾਮ ਉਜਾਰ ਪਰਯੋ ਹੈ। ਸਰਬ ਭੂਤਨੇ ਬਾਸ ਕਰਯੋ ਹੈ। ਦੇਵ ਜਿਨ ਬਹੁ ਪ੍ਰੇਤਨਿ ਜਾਤੀ। ਤਹਾਂ ਕੀਨ ਬਾਸੋ ਉਤਪਾਤੀ[2] ॥੪॥ ਕੇਤੇ ਲਾਖ[3] ਪ੍ਰੇਤ ਕੇ ਡੇਰੇ। ਫਿਰਹਿਂ ਜਹਾਂ ਕਹਿਂ ਦੇਸ਼ ਘਨੇਰੇ। ਕਰਹਿ ਸਥਿਤੀ ਗ੍ਰਾਮ ਮਮ ਆਇ। ਨਰ ਕੋਊ ਤਹਿਂ ਬਸਨ ਨ ਪਾਇ ॥੫॥ ਦੋਹਰਾ ॥ ਕਰਿਤੇ ਕੰਧ ਉਸਾਰਿਕੈ ਦਿਨ ਮਹਿਂ ਮਾਨਵ ਬ੍ਰਿੰਦ[4]। ਨਿਸਾ ਪਰੈ ਢਾਹਤਿ ਸਕਲ ਭੀਮ ਕੁਰੂਪ ਬਿਲੰਦ[5] ॥੬॥ ਚੌਪਈ ॥ ਕਈ ਬਾਰ ਮੈਂ ਆਨਿ ਬਸਾਇ। ਤ੍ਰਾਸ ਦੇਤਿ ਮਾਰਤਿ ਉਜਰਾਏ[6]। ਤਹਾਂ ਆਪਨੇ ਚਰਨ ਫਿਰਾਵੋ। ਕ੍ਰਿਪਾ ਕਰਹੁ ਸੋ ਗ੍ਰਾਮ ਬਸਾਵੋ ॥੭॥ ਆਪ ਲੇਹੁ ਛਿਤਿ[7] ਬਾਂਛਤਿ ਜੇਤੀ। ਕੋ ਨ ਮੁਜ਼ਾਹਮ[8] ਹੋਵਹਿ ਤੇਤੀ[9]। ਇਹ ਮਮ ਜਾਚਾ ਪੂਰੁ[10] ਕ੍ਰਿਪਾਲਾ। ਕਰਹੁ ਬਸਾਵਨਿ ਗ੍ਰਾਮ ਬਿਸਾਲਾ' ॥੮॥ ਸ਼੍ਰੀ ਅੰਗਦ ਸੁਨਿ ਬਿਨਤੀ ਐਸੇ।ਬੂਝਯੋ 'ਭਯੋ ਬ੍ਰਿਤਾਂਤ ਸੁ ਕੈਸੇ?।ਕਬਿਕੋ ਡੇਰਾ ਪ੍ਰੇਤਨਿ ਪਾਯੋ?। ਕਿਸ ਪ੍ਰਕਾਰ ਪੁਰਿ ਕੋ ਉਜਰਾਯੋ? ॥੯॥ ਬੈਠੇ ਸਕਲ ਪ੍ਰਸੰਗ ਸੁਨਾਵਹੁ। ਮਨ ਬਾਂਛਤਿ ਪੁਨ ਗੁਰ ਤੇ ਪਾਵਹੁ'।ਸੁਨਿ ਸਤਿਗੁਰ ਤੇ ਗੋਂਦਾ ਬੈਸੁ[11]। ਕਹਿਨ ਲਗਯੋ ਬਿਰਤਾਂਤ ਜੁ ਹੈਸੁ ॥੧੦॥ 'ਸ਼੍ਰੀ ਸਤਿਗੁਰ ਇਮਿ

---

[1] ਚਲਦੇ ਹਨ। [2] ਉਪਦ੍ਰਵੀਆਂ ਨੇ ਵਾਸਾ ਕੀਤਾ ਹੈ। [3] ਕਈ ਲੱਖ। [4] ਦਿਨੇ ਸਾਰੇ ਲੋਕੀ ਉਸਾਰ ਕੇ ਕੰਧ (ਖੜੀ)ਕਰਦੇ ਹਨ। [5] ਬੜੇ ਭਯਾਨਕ ਖੋਟੇ ਰੂਪ ਵਾਲੇ। [6] ਉਜਾੜ ਦਿੱਤੇ। [7] ਜ਼ਿਮੀ। [8] ਰੋਕ, ਰੋਕਣ ਵਾਲਾ[ਫਾਰਸੀ, ਮਜ਼ਾਹਮ]। [9] ਇਹ ਪਦ ਪਿਛਲੀ ਤੁਕ ਨਾਲ ਹੈ, ਜੇਤੀ ਬਾਂਛੋ ਤੇਤੀ ਲਓ। [10] ਇਹ ਮੰਗ ਪੂਰੀ ਕਰੋ। [11] ਖਤ੍ਰੀ।

*ਇਕ ਲਿਖਤੀ ਨੁਸਖੇ ਵਿਚ ਏਥੇ ਇਹ ਦੋਹਿਰਾ ਵਾਧੂ ਹੈ:—'ਇਮਿ ਕਹਿ ਕੈ ਗੁਰ ਅਮਰੁ ਸੋਂ ਸ਼੍ਰੀ ਗੁਰ ਕੀਨ ਬਿਸ੍ਰਾਮ। ਰਾਤਿ ਬਿਖੈ ਸੁਪਤੇ ਸਲਗ ਸ਼੍ਰੀ ਗੁਰ ਕੇ ਘਰਿ ਧਾਮ'।

ਭਯੋ ਪ੍ਰਸੰਗ। ਝਗਰਾ ਹੁਤੋ ਸ਼ਰੀਕਨਿ ਸੰਗ। ਆਪਸ ਮਹਿਂ ਬਹੁ ਬਾਦ ਉਠਾਵਾ। ਬਹੁ ਮਿਲਿ ਭੀ ਨਹਿਂ ਝਗਰ ਚੁਕਾਵਾ॥੧੧॥ਦੋਨਹੁਂ ਦਿਸ਼ ਝਗਰਤਿ ਚਲਿ ਗਏ। ਦਿੱਲੀ ਜਾਇ ਪ੍ਰਵੇਸ਼ਤਿ ਭਏ[1]। ਤਹਾਂ ਨਜਾਉਂ ਕੋ ਇਮਿ ਠਹਿਰਾਯੋ।–ਧਰਮ ਕਰਹੁ[2] ਨਿਜ ਪਦ[3] ਲਿਹੁ ਪਾਯੋ–॥ ੧੨ ॥ ਤਬਿ ਮੈਂ ਸੁਨਿ ਕਰਿ ਹੋਯਹੁ ਤਜਾਗਿ। ਕੂਰਾ ਧਰਮ ਕੀਨਿ[4] ਤਿਸ ਬਾਗਿ। ਜੀਤਿਲੀਨ ਮੈਂ ਝਗਰਾ ਸਾਰੇ। ਅਵਨੀ[5]ਲੀਨ ਹਰਖ ਕਰਿ ਭਾਰੋ॥੧੩॥ਜਬ ਮੈਂ ਆਇ ਬਸਾਵਨ ਕੀਨਾ।–ਭਯੋ ਅਧਰਮ–ਪ੍ਰੇਤ ਸਭਿ ਚੀਨਾ[6]।ਚਲਿ ਆਏ ਲਖਿ ਪਾਪ ਮਹਾਨਾ। ਦੇਸ਼ ਦੇਸ਼ ਤੇ ਭੇ ਇਕ ਥਾਨਾ॥ ੧੪ ॥ ਸਨੇ ਸਨੇ ਨਰ ਦਿਯੋ ਉਜਾਰੇ। ਆਪ ਆਇ ਕਰਿ ਬਸੇ ਹਜ਼ਾਰੋਂ। ਇਸੀ ਰੀਤਿ ਡੇਰਾ ਪਰ ਗਯੋ। ਲਾਖਹੁਂ ਪ੍ਰੇਤ ਬਾਸ ਕੋ ਕਯੋ॥ ੧੫ ॥ ਤਿਨਿ ਡਰ ਤੇ ਅਬਿ ਲੋਕ ਨ ਜਾਇਂ। ਮਹਾਂ ਪਾਪ ਕਰਿ ਸੋ ਫਲ ਪਾਇਂ। ਨਹੀਂ ਜਤਨ ਕੋ[7] ਬਿਨਾ ਤੁਮਾਰੇ। ਪਾਵਨ ਥਾਨ ਬਨੈ ਪਗ ਧਾਰੇ[8] ॥ ੧੬ ॥ ਸ਼੍ਰੀ ਅੰਗਦ ਤਬਿ ਰਿਦੇ ਵਿਚਾਰੀ।–ਹਮਰੇ ਪੁੱਤ੍ਰ ਗਰਬ ਉਰ ਭਾਰੀ। ਕਹਜੋ ਬਾਕ ਸੋ ਮਾਨਹਿਂ ਨਾਂਹੀ। ਚਾਹਤਿ ਗੁਰਤਾ[9] ਹੁਇ ਹਮ ਪਾਹੀ ॥੧੭॥ ਇਹੁ ਸੇਵਕ ਕੀ ਵਸਤੂ ਅਹੈ। ਰਹਿ ਅਨੁਸਾਰ ਸੇਵ ਕਰਿ ਲਹੈ। ਸਿਰੀ ਅਮਰ ਸੋਂ ਇਰਖਾ ਠਾਨੈਂ। ਅਪਨੇ ਮਹਿਂ ਕਛੁ ਦੋਸ਼ ਨ ਜਾਨੈਂ ॥੧੮॥ਅਪਰ ਸਿੱਖ ਭੀ ਚਾਹਤਿ ਕੋਈ। ਦਾਸੂ ਕੇ ਪੱਖੀ ਹਹਿਂ ਜੋਈ। ਯਾਂਤੇ ਅਬਿ ਸਭਿਹਨਿ ਕੇ ਮਾਂਹੀ। ਪਰਖ ਦਿਖਾਵਹਿਂ ਉਚਿਤ ਸੁ ਨਾਂਹੀ[10]*–॥੧੯ ॥ ਇਮ ਬਿਚਾਰਿ ਸ਼੍ਰੀ ਅੰਗਦ ਠਾਨਾ। ਬਡੇ ਪੁੱਤ੍ਰ ਸੋਂ ਬਾਕ ਬਖਾਨਾ। 'ਦਾਸੂ! ਇਸ ਕੇ ਸੰਗ ਸੁ ਜਾਵਹੁ। ਪ੍ਰੇਤ ਬਿਡਾਰਿ ਸੁ ਗ੍ਰਾਮ ਬਸਾਵਹੁ' ॥੨੦ ॥ ਸੁਨਕੈ ਕਹਤਿ'ਭਯੋ ਨਹਿਂ ਜਾਊਂ। ਭੂਤ ਪ੍ਰੇਤ ਮਹਿਂ ਕੁਤੋ[11] ਬਸਾਊਂ। ਹਮਰੋ ਗ੍ਰਾਮ ਖਡੂਰ ਰਹਨਿ ਕੋ। ਇਸ ਕੋ ਤਜਾਗਤਿ ਜਾਉਂ ਤਿਹ ਨ ਕੋ†॥੨੧॥ ਐਸੇ ਥਾਨ ਪਠਾਵਨ ਲਾਗੇ। ਜਹਿਂ ਕੋ ਬਸਹਿ ਨ, ਸਭਿਹੂੰ ਤਜਾਗੇ[12]।ਮੋ ਤੇ ਤਹਾਂ ਨ ਜਾਯੋ ਜਾਇ,

---

[1]ਜਾ ਵੜੇ। [2]ਸੌਂਹ ਚੁੱਕੋ। [3]ਥਾਉਂ [ਸੰਸ:, ਪਦ=ਥਾਂ]। [4]ਝੂਠਾ ਧਰਮ ਕੀਤਾ, ਭਾਵ ਸਹੁੰ ਝੂਠੀ ਖਾ ਲਈ। [5]ਜ਼ਿਮੀਂ। [6]ਸਾਰੇ ਪ੍ਰੇਤਾਂ ਨੇ ਜਾਣਿਆਂ। [7]ਕੋਈ। [8]ਚਰਨ ਪਾਇਆਂ (ਆਪਦੇ)। [9]ਗੁਰਿਆਈ। [10]ਓਹ (ਭਾਵ ਪੁੱਤ੍ਰ) ਗੱਦੀ ਦੇ ਯੋਗ ਨਹੀਂ ਹਨ। [11]ਕਿੱਥੇ, ਕਿਵੇਂ। [12]ਜਿਸ ਨੂੰ ਸਭ ਨੇ ਛੱਡ ਦਿੱਤਾ ਹੈ, ਕੋਈ ਨਹੀਂ ਵਸਦਾ।

*ਪਾ:–ਯਾਹੀ=ਜੇਹੜਾ ਗੱਦੀ ਦੇ ਜੋਗ ਹੈ। †ਪਾ:–ਤਜਾਗ ਨ ਜਾਊਂ ਤਹਨਿ ਕੋ।

ਥਾਨ ਸਖਤ ਸੋ ਬਸਹਿ ਨ ਕਾਇ[1] ॥ ੨੨ ॥ ਮਹਾਂ ਬਲੀ ਤਹਿਂ ਦੇਵ ਸੁਨੇ ਹੈਂ। ਕਿਸ ਹੂ ਪਾਸ ਨ ਜਾਹਿਂ ਗਿਨੇ ਹੈਂ। ਘਰ ਕੀ ਕੰਧ ਉਸਾਰਤਿ ਜੌਨ। ਭਈ ਰੈਨ ਢਾਹਤਿ ਹੈਂ ਤੌਨ॥੨੩॥ਕਰਹਿਂ ਬਾਦ,ਨਹਿ ਬਸਨੇ ਦੇਤਿ। ਕੈਸੇ ਹੋਵੈ ਕਰੇ ਨਿਕੇਤ[2]। ਤਹਿਂ ਬਸਿਕੈ ਹਮ ਲੇਨੋ ਕਹਾ ਹੈ। ਸਕਲ ਪਦਾ-ਰਥ ਦਿਏ[3] ਇਹਾਂ ਹੈ'॥੨੪॥ਲਘੁ ਸੁਤ ਦਾਤੂ ਕੀ ਦਿਸ਼ਿ ਹੇਰ। ਫੇਰੁ ਆਨ ਫੁਰਮਾਯੋ ਫੇਰ[4]।'ਬਡੋ ਭੂਤ ਨਹਿਂ ਜਾਇ ਤਿਹਾਰੋ। ਮਾਨ ਬਾਕ ਅਬ ਤੁਹੀਂ ਪਧਾਰੋ ॥੨੫॥ ਖੱਤ੍ਰੀ ਬਿਨਤੀ ਕਰਤਿ ਉਚਾਰੀ। ਉਠਿ ਅਬਿ ਜਾਹੁ ਬਨਹੁ ਉਪਕਾਰੀ। ਸਭਿ ਭੂਤਨ ਕੋ ਤ੍ਰਾਸ[5] ਦਿਖਾਇ। ਨਿਰਉਪਾਧਿ ਕਰਿ ਗ੍ਰਾਮ ਬਸਾਇ'॥੨੬॥ 'ਸੁਨਹੁ ਪਿਤਾ ਜੀ ਬਸਹਿਂ ਖਡੂਰ। ਤਹਾਂ ਜਾਨਿ ਕੀ ਕੌਨ ਜ਼ਰੂਰ। ਬੈਸੇ ਸਦਨ ਗੁਬਿੰਦ ਗੁਨ ਗਾਵੈਂ।ਨਿਜ ਕਾਰਜ ਹਿਤ ਬਹੁ ਚਲਿ ਆਵੈਂ[6] ॥੨੭॥ ਕਿਸ ਕਿਸ ਸੰਗ ਆਪ ਚਲਿ ਜਾਵੋ। ਕਹਾ ਹਮ ਕੋ ਉਜਰੇ ਕਿ ਬਸਾਵੋ'[7]। ਸੁਨਿ ਸੁਤ ਦੋਇਨ ਤੇ ਇਮਿ ਬੈਨ। ਅਮਰਦਾਸ ਕੀ ਦਿਸ਼ ਕਰਿ ਨੈਨ ॥ ੨੮॥ ਕਹ੍ਯੋ 'ਜਾਹੁ ਪੁਰਖਾ ਤੁਮ ਤਹਾਂ। ਬਾਸਾ ਭੂਤ ਪ੍ਰੇਤ ਕੋ ਜਹਾਂ। ਕਰਹੁ ਬਸਾਵਨਿ ਸੁੰਦਰ ਪੁਰੀ[8]। ਜਨੁ ਗੁਰ ਕੀਰਤਿ ਕੀ ਹੁਇ ਪੁਰੀ[9]॥੨੯॥ਮੁਖ ਤੇ ਅੱਖਰ ਨਿਕਸੇ ਆਧੇ। ਸੁਨਿ ਤਿਆਰ ਹੋਯਹੁ ਕਟ ਬਾਂਧੇ[10]। ਹਾਥ ਜੋਰਿ ਬੂਝੀ 'ਬਿਧਿ ਕੈਸੇ। ਜਸ ਆਇਸੁ ਹੁਇ ਰਚਿ ਪੁਰਿ[11] ਤੈਸੇ' ॥੩੦॥ ਕਹ੍ਯੋ ਗੁਰੂ 'ਪੂਰਬ ਦਿਸ਼ ਜੋਈ। ਕਰਹੁ ਖਨਾਵਨਿ[12] ਨੀਕੇ ਸੋਈ। ਇਕ ਸਮ ਕਰਿਕੈ ਥਾਨ ਤਹਾਂ ਸੁ। ਬਸਿਬੇ ਕਾਰਨ ਰਚਹੁ ਅਵਾਸੁ' ॥ ੩੧ ॥ ਸੁੰਦਰ ਛਰੀ ਸੁ ਚੰਚਲ ਕਰਿਤੇ। ਅਮਰਦਾਸ ਕੋ ਦੀਨਸਿ ਕਰ ਤੇ[13]। 'ਇਹੁ ਲੇ ਜਾਹੁ ਸਮੁਖ ਤਿਨ ਹੋਇ। ਕਰਹੁ ਦਿਖਾਵਨਿ ਰਹਹਿ ਨ ਕੋਇ ॥੩੨॥ ਜਹਿਂ ਜਹਿਂ ਚਰਨ ਤੁਹਾਰੋ ਫਿਰਿਹੀ। ਹੋਇ ਅਸ਼ੁਭ ਤਿਸਕੋ ਸ਼ੁਭ ਕਰਿਹੀ[14]। ਨਿਜ ਨਿਵਾਸ[15] ਹਿਤ ਰਚਹੁ ਅਵਾਸੁ।ਨਰ ਪਿਖਿਆਵਹਿ

[1]ਕੋਈ (ਅ) ਕਿਵੇਂ ਬੀ। [2]ਘਰ ਬਣਾਏ ਹੋਏ (ਬਾਦ ਕਰਦੇ=) ਬਿਰਥਾ ਕਰ ਦੇਂਦੇ ਹਨ, ਭਾਵ ਢਾਹ ਦੇਂਦੇ ਹਨ, ਵੱਸਣ ਨਹੀਂ ਦੇਂਦੇ ( ਭਾਵੇਂ ਕੋਈ ) ਕੇਹੋ ਜੇਹਾ ਹੋਵੇ। ( ਅ ) ਓਥੇ ਘਰ ਦਾ ਬਣਾਉਣਾ ਕਿਸ ਤਰ੍ਹਾਂ ਹੋਵੇ। [3]ਦਿੱਤੇ ਹਨ ( ਤੁਸਾਂ ਯਾ ਰੱਬ ਨੇ )। [4]ਫੇਰ ਫੇਰੂ ਦੇ ਪੁੱਤ੍ਰ ( ਭਾਵ ਸ੍ਰੀ ਗੁਰੂ ਅੰਗਦ ਦੇਵ ਜੀ ਨੇ) ਫੁਰਮਾਇਆ। [5]ਡਰ। [6]ਆਪਣੇ ਕੰਮਾਂ ਲਈ ਬਥੇਰੇ ਲੋਕੀ ਆਉਂਦੇ ਹਨ। [7]ਸਾਨੂੰ ਕੀ ਕੋਈ ਉਜੜੇ ਕੋਈ ਵੱਸੇ। [8]ਸ਼ਹਿਰ। [9]ਗੁਰ ਕੀਰਤੀ ਦਾ ਧਾਮ। [10]ਲੱਕ ਬੰਨ੍ਹ ਕੇ। [11]ਮੈਂ ਰਚਾਂ ਸ਼ਹਿਰ। [12]ਪੁੱਟਣਾ। [13]ਹੱਥੋਂ ਦਿੱਤੀ। [14]ਅਸ਼ੁਭ ( ਜ਼ਿਮੀ ) ਨੂੰ ਸ਼ੁਭ ਕਰਨਗੇ। [15]ਰਹਿਣ ਲਈ।

ਕਰਹਿਂ ਸੁ ਬਾਸੁ ॥੩੩॥ ਇਹ ਗੋਂਦਾ ਖੱਤ੍ਰੀ ਧਨਵਾਨ। ਕਰਹਿ ਚਿਨਾਵਨ ਮੰਹਿਲ ਮਹਾਨ। ਨਾਮ ਇਸੀ ਕੇ ਪਰਿ* ਪੁਰਿ ਨਾਮੂ[1]। ਰਚਹੁ ਰੁਚਿਰ ਬਸਿਬੇ ਹਿਤ ਧਾਮੂ ॥੩੪॥ ਕਰਤਿ ਫਰੇਬ ਸੁ ਦਾਸੂ ਦਾਤੂ।ਸੁਨਿ ਪ੍ਰੇਤਨਿ ਕੋ ਇਹ ਡਰਪਾਤੂ। ਨਹਿਂ ਨ ਜਾਨਤੇ ਗੁਰੂ ਪ੍ਰਤਾਪੂ। ਕਰਨ ਹਾਰ ਕੋ ਜਾਨਹਿਂ ਆਪੂ[2]॥੩੫॥ਯਾਂਤੇ ਇਨਿ ਕੋ[3] ਤ੍ਰਾਸੁ ਮਹਾਨੋ। ਕਰਨ ਕਰਾਵਨ ਗੁਰੁ ਤੁਮ ਜਾਨੋ[4]। ਇਮਿ ਸਮਝਾਇ ਸੰਗ ਤਿਸੁ ਕੀਨੋ। ਤਬਿ ਸ੍ਰੀ ਅਮਰ ਚਲੇ ਰਸ ਭੀਨੋ ॥੩੬॥ ਪ੍ਰੇਮ ਤਰੋਵਰ ਉਰ ਕੇ ਮਾਂਹੀ। ਸ਼ਰਧਾ ਆਲਬਾਲ ਹੈ ਜਾਂਹੀ[5]। ਗੁਰ ਆਇਸੁ ਕੇ ਨਿਤਿ ਅਨੁਸਾਰੀ। ਯਹੀ ਸੰਚਿਬੇ ਕੋ ਬਰ ਬਾਰੀ[6] ॥ ੩੭ ॥ ਨਿਸ ਦਿਨ ਚਿਤਵਨ ਬਲਕਲ[7] ਅਹੈ। ਦ੍ਰਿੜ ਜੜ੍ਹ ਸਦਾ ਭੰਗਤਿ ਮਹਿਂ ਰਹੈ। ਸਤਿ ਸੰਤੋਖ ਆਦਿ ਗੁਨ ਸਾਰੇ। ਚਹੂੰ ਦਿਸ਼ਨ ਬਿਸ-ਤਰਤਿ ਸੁ ਡਾਰੇ[8] ॥ ੩੮ ॥ ਆਤਮ ਗਯਾਨ ਮਹਾਂ ਫਲ ਲਾਗੇ। ਰਸ ਅਨੰਦ ਪ੍ਰਾਪਤਿ ਬਡਭਾਗੇ। ਅਸ ਤਰੁ ਪ੍ਰੇਮ ਬਰਧਬੋ ਭਾਉ[9]। ਉਰ ਸ੍ਰੀ ਅਮਰ ਅਚਲ ਬਰ ਥਾਉ[10] ॥ ੩੯ ॥ ਚਲਿਬੇ ਸਮੇਂ ਨੀਰ ਭਰਿ ਆਵਾ। ਨਮੋ ਕਰਤਿ ਪਦ ਪਦਮ ਭਿਗਾਵਾ[11]। ਮਿਲਯੋ ਰਹਯੋ ਬੀਤਯੋ ਚਿਰ ਕਾਲਾ। ਬਿਛੁਰਨ ਤੇ ਦੁਖ ਲਹਯੋ ਬਿਸਾਲ ॥ ੪੦ ॥ ਪੁਨ ਧੀਰਜ ਦੇ ਅਧਿਕ ਗੁਸਾਈਂ। ਕਰਯੋ ਪਠਾਵਨ ਕੋ ਤਿਸ ਥਾਈਂ। ਗੁਰ ਸਨਮੁਖ ਮੁਖ ਰਾਖਿ ਪਿਯਾਨਾ। ਪਾਛਲ ਦਿਸ਼ਾ ਧਰਤ ਪਗ ਜਾਨਾ[12]॥੪੧॥ ਇਸ ਪ੍ਰਕਾਰ ਸੁਤ ਪਰਖਨ ਕਰੇ। ਭਰਮ ਸਰਬ ਸਿੱਖਨ ਕੇ ਹਰੇ। ਜਾਨਤਿ ਭਏ[13]–ਕਰੀ ਬਹੁ ਸੇਵਾ। ਲਿਯੋ ਰਿਝਾਇ ਅਧਿਕ ਗੁਰ ਦੇਵਾ॥ ੪੨ ॥ ਗੁਰ ਪਰਮੇਸੁਰ ਸੇਵ ਬਸੀ ਹੈ। ਜਿਨ ਕੀ ਹੰਤਾ ਰਿਦੇ ਨਸੀ ਹੈ। ਕਯੋਂ ਨ ਹੋਹਿ ਤਿਨ ਕੋ ਅਨਕੂਲੀ[14]। ਸਿਮਰਹਿਂ ਜੋ ਉਰ ਸਭਿ ਕਿਛੁ ਭੂਲੀ ॥੪੩॥ ਹਮਰੋ ਪਿਤਾ,

---

[1]ਸ਼ਹਿਰ ਦਾ ਨਾਮ (ਪਵੇ)। [2]ਆਪਣੇ ਆਪ ਨੂੰ ਕਰਨ ਹਾਰਾ ਸਮਝਦੇ ਹਨ। [3]ਇਨ੍ਹਾਂ ਨੂੰ। [4]ਤੁਸੀਂ ਕਰਨ ਕਰਾਵਨ ਹਾਰਾ ਗੁਰੂ ਨੂੰ ਜਾਣੋ। [5]ਦੌਰ (ਉਹ ਘੇਰਾ ਜਿਸ ਵਿਚ ਪੇੜ ਲਾਇਆ ਜਾਵੇ ਤੇ ਪਾਣੀ ਠਹਿਰਨ ਦੀ ਥਾਂ ਹੋਵੇ)। [6]ਸਿੰਚਣ ਲਈ ਸ੍ਰੇਸ਼ਟ ਜਲ ਹੈ। [7]ਛਿਲ। [8]ਡਾਲੀਆਂ। [9]ਐਸਾ ਪ੍ਰੇਮ ਰੂਪੀ ਬ੍ਰਿਛ ਜਿਸ ਵਿਚ ਭਾਵ (ਪਿਆਰ ਦੇ ਵਲਵਲੇ ਸਦਾ) ਵਸਦੇ ਹਨ। [10]ਗੁਰੂ ਅਮਰ ਜੀ ਦੇ ਸ੍ਰੇਸ਼ਟ ਹਿਰਦੇ ਵਿਚ ( ਇਸ ਬ੍ਰਿਛ ਦਾ ) ਅਚਲ ਟਿਕਾਣਾ ਹੈ। [11]ਚਰਨ ਕਮਲ ਭਿੱਜ ਗਏ। [12]ਜਾਂਦੇ ਸਨ (ਸ੍ਰੀ ਅਮਰ ਜੀ)। [13]ਭਾਵ, ਸਿੱਖ ਜਾਣ ਗਏ। [14]ਅਨੁਸਾਰ ਭਾਵ ਕ੍ਰਿਪਾਲੂ। *ਪਾ:–ਧਰ।

ਪੁੱਤ੍ਰ ਹੰਕਾਰੈਂ[1]। ਸੇਵ ਭਾਵ ਕੋ ਰਿਦੈ ਨ ਧਾਰੈਂ। ਜਿਮਿ ਸ੍ਰੀ ਨਾਨਕ ਦੀਨਸਿ ਦਾਸੁ।ਸਿਰੀਚੰਦ ਤਜਿ ਲਖਮੀ ਦਾਸੁ॥੪੪॥ਤੈਸੇ ਇਨਹੁਂ ਕੀਨਿ ਸਭਿ ਜਾਨੀ। ਲਹਨੋ ਪਰਮਪਦ[2] ਸੇਵਾ ਠਾਨੀ-। ਇੱਤਜਾਦਿਕ ਸਿੱਖ ਆਪਸ ਮਾਂਹਿ। 'ਸ੍ਰੀ ਗੁਰ ਕਰਹਿਂ ਅਨੁਚਿਤੀ ਨਾਂਹਿ' ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋਂ ਅੰਸੂ ॥ ੧੮ ॥

## ੧੯. [ਗੋਇੰਦਵਾਲ ਵਸਾਵਣਾ]

ਦੋਹਰਾ ॥ ਪਿਛਲਿ ਪਾਇ[3] ਸ੍ਰੀ ਅਮਰ ਜੀ ਗੋਂਦੇ ਕੇ ਸੰਗ ਜਾਇਂ। ਸਨੇ ਸਨੋ ਮਗ ਚਲਤਿ ਹੈਂ ਜਪੁਜੀ ਪਾਠ ਕਰਾਇਂ॥੧॥ ਚੌਪਈ॥ਬ੍ਰਿੱਧ ਸਰੀਰ ਨਿਬਲ, ਕਦ ਛੋਟਾ[4]। ਪਰਮ ਬਿਸਾਲ ਸਭਿਨਿ ਕੇ ਓਟਾ[5]। ਤੀਨ ਕੋਸ ਪਰ ਜਬਿ ਹੀ ਗਏ। ਹਾਥ ਜੋਰਿ ਤਹਿਂ ਠਾਂਢੇ ਭਏ॥੨॥ਜਪੁਜੀ ਪਾਠ ਭੋਗ ਕੋ ਪਾਯੋ। ਉਰ ਸ੍ਰੀ ਅੰਗਦ ਰੂਪ ਬਸਾਯੋ।ਪਰੇ[6]ਕਰੀ ਅਸ਼ਟਾਂਗ ਪ੍ਰਨਾਮੁ। ਸ੍ਰੀ ਗੁਰਦੇਵ ਕ੍ਰਿਪਾ ਗੁਨ ਧਾਮੁ ॥੩॥ਪੁਨ ਕਰਿ ਮੁਖ ਦਿਸ਼ ਗੋਇੰਦਵਾਲ।ਗਮਨੇ ਪੰਥ ਨਿਰਭੈ* ਤਿਸਕਾਲ।ਛਰੀ ਗੁਰੂ ਕਰ ਕੀ[7] ਕਰ ਧਾਰੀ†। ਸਾਦਰ ਊਚੇ ਕਰੀ ਉਠਾਰੀ[8] ॥ ੪ ॥ ਕਰਿਕੈ ਅਪਨੋ ਹਾਥ ਅਗਾਰੀ। ਭੂਤ ਪ੍ਰੇਤ ਕੋ ਜਾਇ ਦਿਖਾਰੀ। ਪਰੀ ਤਪਤ ਦੀਰਘ ਤਿਨ ਮਾਂਹੀ। ਛਿਨ ਭਰ ਥਿਰਨੋ ਜਾਇ ਤਹਿਂ ਨਾਂਹੀ ॥੫॥ਜਰੇ ਜਾਤ[9]ਤਿਨ ਕੇਰ ਸਰੀਰਾ।ਭਏ ਅਧੀਰ ਸੰਭਾਰਿ ਨ ਚੀਰਾ[10]।ਪਿਤਾ ਪੁੱਤ੍ਰ ਕੋ ਨਹਿਨ ਸੰਭਾਰੈ। ਭ੍ਰਾਤ ਭ੍ਰਾਤ ਕੋ ਛੋਰਿ ਪਧਾਰੈ॥੬॥ਇਸਤ੍ਰੀ ਤਯਾਗ ਚਲੇ ਪਤਿ ਪ੍ਰੇਤ। ਕਿਤੇ ਪਰੇ ਧਰ ਹੋਇ ਅਚੇਤ[11]। ਹਲਾ ਚਲੀ ਐਸੇ ਤਿਨਿ ਪਰੀ।ਗਏ ਥਾਨ ਤਜਿ ਥਿਰੇ ਨ ਘਰੀ[12]॥੭॥ਹਾਹਾਕਾਰ ਕਰਤਿ ਭਜਿਚਲੇ। ਸਕਲ ਦਿਸ਼ਨਿ ਹੁਇ ਸਕਹਿਂ ਨ ਖਲੇ। ਜਸੋਂ ਜਸੋਂ ਛਰੀ ਹਿਲਾਵਨ ਕਰਿਹੀਂ। ਤਸੋਂ ਤਸੋਂ ਤਪਤ ਤਿਨਹੁਂ ਪਰ ਪਰਿਹੀ॥੮॥ਕੇਤਿਕ ਹਾਥ ਜੋਰਿ ਕਹਿ ਬਿਨੈ। 'ਤਜਹੁ ਹਮੈਂ ਨਹਿਂ ਨਾਹਕ ਹਨੈ[13]। ਕਿਤਿਕ ਕਾਲ ਕੋ ਉਤਰਯੋ ਡੇਰਾ। ਹਮਹਿ ਸੰਭਾਰਨਿ ਦਿਹੁ ਇਸੁ ਬੇਰਾ॥੯॥ ਛਰੀ ਨ ਚੇਰਲ ਕਰਹੁ[14]

---

[1]ਪੁੱਤ੍ਰਾਂ ਦੇ ਜੀ ਵਿਚ ਇਹ ਹੰਕਾਰ ਹੈ ਕਿ 'ਸਾਡਾ ਪਿਤਾ ਹੈ' ਇਸ ਲਈ ਰਿਦੇ ਵਿਚ ਸੇਵਾ ਦਾ ਭਾਵ ਨਹੀਂ ਰੱਖਦੇ। [2]ਉੱਚਾ ਪਦ, ਭਾਵ ਜਗਤ ਗੁਰਤਾ ਦਾ ਪਦ। [3]ਪਿਛਲੇ ਪੈਰੀਂ। [4]ਮਧਰਾ। [5]ਪਰ ਸਭਨਾਂ ਦੇ ਬੜੇ ਵਡੇ ਆਸਰਾ ਹਨ। (ਅ) ਬੜੇ ਵਡੇ ਹਨ ਤੇ ਸਭ ਦੇ ਓਹ ਆਸਰਾ ਹਨ। [6](ਲੰਮੇ) ਪੈਕੇ। [7]ਗੁਰਾਂ ਦੇ ਹੱਥ ਦੀ। [8]ਉਠਾਈ ਹੋਈ। [9]ਸੜਦੇ ਜਾਂਦੇ ਹਨ। [10]ਬਸਤ੍ਰਾਂ ਦੀ ਸੰਭਾਲ ਨਹੀਂ। [11]ਬੇਸੁਧ। [12]ਠਹਿਰੇ ਨਾਂ ਇਕ ਘੜੀ ਬੀ। [13]ਨਿਹੱਕੇ ਨਾਂ ਮਾਰੋ। [14]ਹਿਲਾਓ ਨਾਂ।

*ਪਾ:-ਪੰਥ ਨ੍ਰਿਭੈ। †ਪਾ:-ਛਰੀ ਗੁਰੂ ਕੀ ਕਰ ਮੈਂ ਧਾਰੀ।

ਅਗਾਰੀ। ਚਲੇ ਜਾਹਿ ਹਮ ਤੂਰਨ ਧਾਰੀ[1]। ਇਸ ਪ੍ਰਕਾਰ ਮਾਰਯੋ ਜਬਿ ਰੌਰਾ। ਸਗਰੇ ਗਏ ਛੋਰਿ ਤਬਿ ਠੌਰਾ॥ ੧੦॥ ਹੁਤੀ ਦੇਵਨੀ ਇਕ ਤਿਨ ਮਾਂਹੀ।ਕੇਤਿਕ ਕਾਲ ਗਰਭ ਧਰਿ ਤਾਂਹੀ।ਹੁਤੋ ਸਮੀਪ ਪ੍ਰਸੂਤ ਸਮੈਂ ਤਿਹ। ਪਰਯੋ ਸ਼ੋਰ ਔਚਕ ਹੀ ਦ੍ਰਿਗ ਲਹਿ[1]॥ ੧੧॥ ਭਏ ਤ੍ਰਾਸ ਉਰ, ਭਾਜ ਪਧਾਰੀ[2]। ਨਹਿੰ ਫਿਰ ਦੇਖਯੋ ਪਤਿ ਰਖਵਾਰੀ। ਬਿਹਬਲ ਦੌਰਤਿ ਤ੍ਰਾਸਤਿ ਹੋਈ। ਗਿਰਯੋ ਗਰਭ ਤਬਿ ਸਿਸ[3] ਭੇ ਦੋਈ॥ ੧੨॥ ਹੁਤੋ ਜੁਆਰ ਕੋ ਤਹਾਂ ਕਿਦਾਰਾ[4]। ਊਪਰ ਕਟੀ ਹੁਈ ਤਿਸ ਬਾਰਾ। ਇਕ ਕੇ ਦ੍ਰਿਗ ਸੋਂ ਲਗਯੋ ਫਿਰੈਂਡਾ[5]। ਚੁਭਯੋ ਬੀਚ ਸੋ ਕੀਨਸਿ ਖੀਂਡਾ[6]॥ ੧੩॥ ਕਾਣਾ ਦੇਵ ਬਿਦਤ ਜਗ ਅਹੈ। ਦੁਰਗ ਬਠਿੰਡੇ ਬਿਚ ਜੋ ਰਹੈ।ਸ੍ਰੀ ਕਲਗੀਧਰ ਜਾਇ ਨਿਕਾਸਯੋ। ਜਿਸ ਤੇ ਸਭਿ ਮਹਿਂ ਨਾਮ ਪ੍ਰਕਾਸ਼ਯੋ ॥੧੪॥ ਗਿਰਯੋ ਦੂਸਰੋ ਭੁਜ ਕੇ ਭਾਰ।ਸੋ ਟੂਟੀ ਪਰ ਖੇਤ ਮਝਾਰ[7]। ਦੋਨਹੁਂ ਕੋ ਤਿਨ ਲਿਯੋ ਉਚਾਇ।ਬਸਤ੍ਰ ਲਪੇਟਯੋ ਰਖੇ ਬਚਾਇ॥ ੧੫॥ ਕੇਤਿਕ ਸੰਮਤ ਮਹਿ ਭੇ ਜੁਆਨ। ਬਸੇ ਸੁ ਦੋਨਹੁ ਕਰਿ ਨਿਜ ਥਾਨ। ਇਕ ਮਸੂਰਪੁਰ* ਬਾਸਾ ਪਾਯੋ। ਬੀਰ ਬਠਿੰਡੇ ਦੁਤਿਯ ਬਸਾਯੋ॥ ੧੬॥ ਇਸ ਪ੍ਰਕਾਰ ਦੇਵਨਿ ਗਤਿ[8] ਹੋਈ। ਭੂਤ ਪ੍ਰੇਤ†

---

[1]ਅਚਾਨਕ ਹੀ ਅੱਖੀਂ ਡਿੱਠਾ। [2]ਉਠ ਨੱਠੀ। [3]ਬੱਚੇ। [4]ਖੇਤ। [5]ਟਾਂਡੇ ਦਾ ਮੁੱਢ। [6]( ਅੱਖ ) ਫੇੜ ਦਿੱਤੀ। [7]ਖੇਤ ਵਿਚ ਡਿਗਕੇ। [8]ਦੇਉ ਯਾਂ ਅਦਿਵਾਂ ਦੀ ਹਾਲਤ ਹੋਈ।

*ਇਹ ਜਗਾ ਧੂਰੀ ਤੋਂ ਪਟਿਆਲੇ ਦੇ ਵਿਚ ਛੀਟਾਂ ਵਾਲੇ ਸਟੇਸ਼ਨ ਤੋਂ ਨੇੜੇ ਦੱਸੀਦੀ ਹੈ।

†ਪ੍ਰੇਤ ਨਾਮ ਹੈ ਚਲੇ ਗਏ ਦਾ। ਮੁਰਾਦ ਹੈ ਸ਼ਰੀਰ ਤਿਆਗ ਚੁੱਕੀਆਂ ਰੂਹਾਂ ਤੋਂ। ਪਰੰਤੂ ਪ੍ਰੇਤ ਦਾ ਵਿਸ਼ੇਸ਼ ਅਰਥ ਓਹ ਸਰੀਰ ਤਿਆਗ ਚੁਕੀਆਂ ਰੂਹਾਂ ਦਾ ਲਿਆ ਜਾਂਦਾ ਹੈ ਜੋ ਆਪਣੇ ਕਰਮਾਂ ਤੇ ਵਾਸ਼ਨਾ ਕਰਕੇ ਭਾਰੀਆਂ ਮਲੀਨ ਤੇ ਭੈੜੇ ਪ੍ਰਭਾਵ ਵਾਲੀਆਂ ਹਨ ਜਿਨ੍ਹਾਂ ਨੇ ਜੀਵਨ ਪਾਪ, ਅਨਰਥ ਤੇ ਜ਼ੁਲਮਾਂ ਵਿਚ ਬਿਤਾਇਆ ਹੈ, ਓਹ ਪਾਪਾਂ ਦੇ ਬੋਝ ਕਰਕੇ ਧਰਤੀ ਦੇ ਉਪਰ ਹੀ ਭਟਕਦੀਆਂ ਹਨ, ਤੇ ਆਪਣੇ ਦ੍ਰਿੜ ਭਰਮ ਵਿਚ ਮਨੁੱਖਾਂ ਵਾਂਙੂ ਜੀਵਨ ਸਮਝਕੇ ਸਾਰੇ ਕਾਰੇ ਕਰਦੀਆਂ ਹਨ, ਪਛੁਤਾਵੇ ਆਦਿ ਦੇ ਦੁਖ ਬੀ ਝੱਲਦੀਆਂ ਹਨ। ਗੁਰਬਾਣੀ ਵਿਚ ਆਇਆ ਹੈ 'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥' ਇਨ੍ਹਾਂ ਨੂੰ ਆਪਣੇ ਲਿੰਗ ਸ਼ਰੀਰ, ਸ਼ਰੀਰ ਵਰਗੇ ਭਾਸਦੇ ਹਨ। ਖਾਣਾ ਪੀਣਾ ਪਹਿਨਣਾਂ ਆਦਿ ਉਵੇਂ ਹੀ ਭਾਸਦਾ ਹੈ। ਪਰਮੇਸ਼ੁਰ ਦੇ ਨਾਮ ਵਾਲੇ, ਭਗਤੀ ਵਾਲੇ, ਯੋਗ ਸੱਤਯਾ ਵਾਲੇ ਤੋਂ ਇਨ੍ਹਾਂ ਨੂੰ ਸੇਕ ਆਉਂਦਾ ਹੈ, ਡਰ ਖਾਂਦੇ ਤੇ ਦੂਰ ਭਜਦੇ ਹਨ। ਪੱਛਮੀ ਲੋਕਾਂ ਨੇ ਬੀ ਸਪਿਰਚੁਲਿਜ਼ਮ ਦੀ ਵਿੱਦਯਾ ਲੱਭੀ ਹੈ, ਓਹ ਬੀ ਇਨ੍ਹਾਂ ਗੱਲਾਂ ਨੂੰ ਸਹੀ ਕਰਦੇ ਹਨ। ਕੁਰਾਨ, ਅੰਜੀਲ, ਪੁਰਾਨ ਆਦਿ ਸਾਰੇ ਧਰਮ ਪੁਸਤਕਾਂ ਵਿਚ ਬੀ ਜ਼ਿਕਰ ਹਨ ਪਰੰਤੂ ਆਮ ਵਰਤਾਰੇ ਵਿਚ ਜੋ ਲੋਕੀ ਤਮਾਸ਼ੇ ਕਰਦੇ ਹਨ ਓਹ ਅਕਸਰ ਪਖੰਡ ਹੁੰਦੇ ਹਨ।

ਤਹਿ ਰਹ੍ਯੋ ਨ ਕੋਈ । ਖਰੇ ਭਏ ਸ੍ਰੀ ਅਮਰ ਸਥਾਨ । ਕੀਨ ਬਿਲੋਕਨ ਚਾਰੁ ਮਹਾਨ ॥੧੭॥ ਨਿਕਟ ਬਿਪਾਸਾ[੧] ਬਹੇ ਪ੍ਰਵਾਹੂ । ਜੁਕਤ ਤਰੰਗ ਬਿਮਲ ਜਲ ਮਾਂਹੂ*[੨]।ਚੱਕ੍ਰਵਾਕ[੩]ਤੇ ਆਦਿ ਬਿਹੰਗ॥ਬਹੁ ਸ਼ਬਦਾਇ[੪],ਮਾਨੁ ਜਿਮ ਰੰਗਾ ॥ ੧੮ ॥ ਸੁੰਦਰ ਪੁਲਨਿ[੫] ਸਥਾਨ ਜਿਸੀ ਕੇ । ਸਿਕਤਾ ਮ੍ਰਿਦੁ ਜੁਗ ਤੀਰ[੬] ਤਿਸੀਕੇ । ਲਵਪੁਰਿ ਆਦਿ ਗਮਨ ਤਹਿਂ ਰਾਹੂ[੭] । ਇਤ ਦਿੱਲੀ ਪਹੁੰਚਤਿ ਸੇ ਜਾਹੂ[੮] ॥੧੯॥ ਘਾਟ ਉਰਾਰ ਪਾਰ ਉਤਰੈਬੇ । ਆਵਤਿ ਜਾਤ ਲੋਕ ਠਹਿਰੈਬੇ । ਤੀਰ ਬਿਪਾਸਾ ਸੁੰਦਰ ਥਾਨੂ।ਉਰੇ ਸ਼ੋਭਤਿ,ਦੇਖਿ ਮਹਾਂਨੂ[੯] ॥੨੦॥ ਜਿਮ ਸ੍ਰੀ ਅੰਗਦ ਆਗਜ੍ਯਾ ਦੀਨਸਿ । ਸੱਤਿਨਾਮ ਕਹਿ ਜਲ ਕਰ ਲੀਨਸਿ । ਛਿਰਕਨ ਕਰ੍ਯੋ ਸਥਾਨ ਚੁਫੇਰੇ । ਫੇਰ ਨ ਆਵਹਿਂ ਪ੍ਰੇਤਨਿ ਡੇਰੇ[੧੦] ॥ ੨੧ ॥ ਛਰੀ ਧਰੀ ਕਰ ਸ੍ਰੀ ਗੁਰ ਕਰ ਕੀ[੧੧] । ਕਰੀ ਲਕੀਰ ਜਿਤੀ ਧਰ ਪੁਰਿਕੀ[੧੨] । ਬਹੁਰ ਮੰਗਾਯਹੁ ਬਹੁ ਮਿਸ਼ਟਾਨਾ[੧੩] । ਹਰਖ੍ਯੋ ਗੋਂਦਾ ਧਨੀ ਮਹਾਨਾ ॥ ੨੨ ॥ ਖਰੇ ਹੋਇ ਸ੍ਰੀ ਅਮਰ ਸੁਜਾਨੇ । ਹਾਥ ਜੋਰਿ ਅਰਦਾਸ ਬਖਾਨੇ।ਸ੍ਰੀ ਨਾਨਕ ਸ੍ਰੀਅੰਗਦ ਨਾਮੂ।ਸਿਮਰਿ ਸਿਮਰਿ ਆਨਨ ਅਭਿਰਾਮੂ[੧੪] ॥ ੨੩ ॥ ਅਰਪਨ ਕਰ੍ਯੋ ਸਕਲ ਮਿਸ਼ਟਾਨੂ । ਪੁਨਹੁ ਸਭਿਨਿ ਕੋ ਬਾਂਟਨ ਠਾਨੂ[੧੫] । ਪੂਰਬ ਦਿਸ਼ਾ ਧਰਾ ਪਟਵਾਈ । ਏਕਸਾਰ ਸੁੰਦਰ ਬਨਵਾਈ ।੨੪। ਸ੍ਰੀ ਨਾਨਕ ਕੇ ਚਰਨ ਮਨਾਇ । ਨਗਰ ਨੀਵ ਧਰਿ ਚਿਨਬੇ[੧੬] ਲਾਇ।ਤਬਿ ਤੇ ਬਹੁਰ ਨ ਭੂਤ ਨ ਪ੍ਰੇਤ । ਨਹਿਂ ਦੇਖੇ ਜੋ ਵਾਹਿਂ ਨਿਕੇਤ ॥੨੫॥ ਪੂਰਬ ਸਦਨ ਬਨਾਵਹਿ ਕੋਊ । ਪ੍ਰੇਤ ਬਿਦਾਰਤਿ ਵਾਹਤਿ ਸੋਊ । ਚਿਨ੍ਯੋ ਜਿਤੋ ਸੋ ਬਨ੍ਯੋ ਰਹ੍ਯੋ ਹੈ । ਗੋਂਦੇ ਦੇਖਿ ਅਨੰਦ ਲਹ੍ਯੋ ਹੈ ॥ ੨੬ ॥ ਬਹੁ ਧਨ ਖਰਚ ਮਜੂਰ ਲਗਾਇ । ਕਰਤੇ ਕਾਰੀਗਰ[੧੭] ਸਮੁਦਾਏ । ਤਬਿ ਸ੍ਰੀ ਅਮਰ ਬਿਚਾਰ ਕਰ੍ਯੋ ਹੈ । ਤਿਸ ਗੋਂਦੇ ਪਰ ਨਾਮ ਧਰ੍ਯੋ ਹੈ ॥੨੭॥ ਗੋਇੰਦਵਾਲ ਉਚਾਰਿ ਸੁਨਾਯੋ। ਭਯੋ ਨਾਮ ਪੁਰਿ ਕੋ ਬਿਦਤਾਯੋ । ਕੇਤਿਕ ਸਦਨ ਤਯਾਰ ਕਰਿਵਾਏ । ਸ੍ਰੀ

[੧].[੨]ਕੋਲ ਬਿਆਸਾ ਦਾ ਪ੍ਰਵਾਹ ਵਹਿੰਦਾ ਹੈ (ਜਿਸ) ਵਿਚ ਉੱਜਲ ਜਲ ਲਹਿਰਾਂ ਸਮੇਤ ਹੈ । [੩]ਚਕਵਾ । [੪]ਬੋਲਦੇ ਹਨ । [੫]ਨਦੀ ਦਾ ਕਿਨਾਰਾ, (ਅ) ਕਿਨਾਰੇ ਦੀ ਭੌਂ ਜੋ ਹੁਣੇ ਪਾਣੀ ਹੇਠੋਂ ਨਿਕਲੀ ਹੋਵੇ ਸੋ ਪੁਲਿਨ । [੬]ਕੋਮਲ ਰੇਤ ਦੇ ਦੋਨੋਂ ਕੰਢੇ । [੭]ਲਹੌਰ ਆਦਿ ਜਾਣ ਲਈ ਉਥੋਂ ਰਾਹ ਸੀ । [੮]ਇਧਰ ਦਿੱਲੀ ਜਾਣ ਵਾਲੇ ਪਹੁੰਚਦੇ ਸੀ । [੯]ਦੇਖਣ ਵਿਚ ਸ੍ਰੇਸ਼ਟ । [੧੦]ਪ੍ਰੇਤਾਂ ਦੇ ਡੇਰੇ । [੧੧]ਸ੍ਰੀ ਗੁਰੂ ਜੀ ਦੇ ਹੱਥ ਵਾਲੀ ਛੜੀ ਹੱਥ ਵਿਚ ਫੜੀ । [੧੨]ਧਰਤੀ ਸ਼ਹਿਰ ਦੀ । [੧੩]ਮਿੱਠਾ । [੧੪]ਸੁੰਦਰ ਮੂੰਹ ਤੋਂ । [੧੫]ਵੰਡ ਦਿੱਤਾ । [੧੬]ਉਸਾਰਨ । [੧੭]ਉਸਾਰਨ ਵਾਲੇ ।

*ਪਾ:-ਪਾਹੂ ।

ਅੰਗਦ ਕੇ ਦਰਸ਼ਨ ਆਏ ॥੨੮॥ ਬੰਦਨ ਠਾਨੀ ਹੋਇ ਅਧੀਨਾ। ਭਨਤਿ ਬਿਨੈ ਬਨਿ ਆਗੈ ਦੀਨਾ[1]। 'ਰਾਵਰਿ ਕੀ ਆਗਯਾ ਜਿਮਿ ਹੋਈ। ਸੁਧਰਯੋ ਕਾਜ ਭਯੋ ਪੁਰਿ ਸੋਈ[2] ॥੨੯॥ ਲਗੇ ਮਜੂਰ ਕਰਤਿ ਹੈਂ ਕਾਰੇ। ਕੇਤਿਕ ਕਰੇ ਨਿਕੇਤ ਸੁ ਤਯਾਰੇ'। ਸ੍ਰੀ ਅੰਗਦ ਸੁਨਿ ਭਏ ਪ੍ਰਸੰਨ। 'ਪੁਰਖਾ ਅਬਿ ਐਸੇ ਬਚ ਮੰਨਿ ॥੩੦॥ ਨਿਜ ਪਰਵਾਰ ਹਕਾਰਹੁ ਸਾਰਾ। ਬਸਹੁ ਤਹਾਂ ਸੁਖ ਲਹਹੁ ਉਦਾਰਾ। ਅਪਰ ਜਿ ਆਵਹਿਂ ਬਸਿਬੇ ਕਾਰਨ। ਤਿਨਹਿਂ ਬਸਾਵਹੁ ਸਦਨ ਉਸਾਰਨ ॥੩੧॥ ਬਾਸ ਤੁਮਾਰ ਸਮੀਪ ਹਮਾਰੇ। ਮਿਲਹੁ ਚਹਹੁ ਰਹਿ ਸਦਨ ਮਝਾਰੇ। ਅਬਿ ਬਾਸਰਕੇ ਗ੍ਰਾਮ ਸਿਧਾਰਹੁ। ਮਿਲਹੁ ਸਭਿਨਿ ਸੋਂ ਕਰਿ ਹਿਤਕਾਰਹੁ[3] ॥੩੨॥ ਚਿਰੰਕਾਲ ਬੀਤਾ ਤੁਝ ਆਏ। ਨਹਿਂ ਕੁਟੰਬ ਸੋਂ ਮਿਲਯੋ ਸਿਧਾਏ[4]। ਲੇ ਆਵਹੁ, ਜਾਵਹੁ ਤਤਕਾਲ। ਕਰਹੁ ਬਾਸ ਅਬਿ ਗੋਇੰਦਵਾਲ' ॥੩੩॥ ਆਇਸੁ ਪਾਇ ਗੁਰੂ ਕੀ ਗਏ। ਸਭਿ ਲੋਕਨ ਸੰਗਿ ਮਿਲਤੇ ਭਏ। 'ਗੁਰ ਪ੍ਰਸੰਨ ਭੇ' ਕਥਾ ਸੁਨਾਈ। 'ਦਈ ਮੋਹਿ ਸਭਿ ਭਾਂਤਿ ਬਡਾਈ ॥੩੪॥ ਅਬਿ ਗੁਰ ਹੁਕਮ ਭਯੋ ਇਸ ਢਾਲ।-ਬਸਹੁ ਜਾਇ ਕਰਿ ਗੋਇੰਦਵਾਲ-। ਦੇਰਿ ਨ ਕਰਹੁ ਚਲਹੁ ਮਮ ਸੰਗ। ਪੁਰਿ ਸੁੰਦਰ ਘਰ ਹੋਹਿਂ ਉਤੰਗ[5]' ॥ ੩੫ ॥ ਜੇਤਿਕ ਮਾਨੇ ਬਾਕ ਭਨੇ ਜਬਿ। ਉਠਿ ਸ੍ਰੀ ਅਮਰ ਸੰਗਿ ਭੇ ਸੋ ਸਭਿ। ਪਹੁੰਚੇ ਗੋਇੰਦਵਾਲ ਸੁ ਜਾਇ। ਬਸੇ ਠਾਨਿ ਰੁਚ ਸਭਿ ਸੁਖ ਪਾਇ ॥੩੬॥ ਸ੍ਰੀ ਅੰਗਦ ਕੇ ਦਰਸ਼ਨ ਕਾਰਨ। ਜਾਇ ਖਡੂਰ ਸੁ ਕਰਹਿਂ ਨਿਹਾਰਨ[6]। ਪਾਛਲ ਪਾਂਇ ਚਲਹਿਂ ਜਬਿ ਆਵੈਂ। ਤੀਨ ਕੋਸ ਲਗ ਏਵ ਸਿਧਾਵੈਂ ॥੩੭॥ ਤਹਾਂ ਖਰੇ ਹੁਇ ਬੰਦਨ ਠਾਨਹਿਂ। ਪੁਨ ਘਰ ਦਿਸ਼ ਮੁਖ ਕਰਹਿਂ ਪਯਾਨਹਿਂ। ਕੇਤਿਕ ਸਿੱਖਯਨ ਤੇ ਸੁਨਿ ਔਰ[7]। ਜਲ ਗਾਗਰ ਆਨਤਿ ਇਸ ਠੌਰ ॥੩੮॥ ਨਦੀ ਬਿਪਾਸਾ ਤੇ ਭਰਿ ਲਯਾਵਹਿਂ। ਸ੍ਰੀ ਗੁਰ ਕੋ ਇਸ਼ਨਾਨ ਕਰਾਵਹਿਂ। ਲੇਨਿ ਜਾਹਿਂ ਚਲਿ ਪਾਛਲ ਓਰ[8]। ਆਨਨ ਰਾਖਹਿਂ ਤਬਿ ਗੁਰ ਓਰ ॥ ੩੯ ॥ ਇਸ ਬਲ ਆਵਹਿਂ ਸੀਸ ਨਿਵਾਵਹਿਂ। ਪੁਨ ਸਲਿਤਾ ਦਿਸ਼ ਮੁਖ ਕਰਿ ਜਾਵਹਿਂ। ਨਿਤਿ ਪ੍ਰਤਿ ਕਰਹਿਂ ਇਸੀ ਬਿਧਿ ਕਾਰ। ਇਮਿ ਸੇਵਹਿਂ ਸ੍ਰੀ ਗੁਰ ਦਰਬਾਰ ॥੪੦॥ ਪਰਸਰਾਮ ਤਪ ਤਪੇ ਬਿਸਾਲਾ। ਬਰਖ ਹਜਾਰਹੁੰ

[1](ਗੁਰੂ ਜੀ) ਅੱਗੇ ਦੀਨ ਬਣਕੇ। [2]ਉਹ (ਕਾਜ) ਪੂਰਾ ਹੋ ਗਿਆ (ਅ) ਉਹ ਕਾਜ ਸੌਰ ਗਿਆ ਤੇ ਸ਼ਹਿਰ ਵਸ ਗਿਆ ਹੈ। [3]ਭਾਵ ਹਿਤ ਪੂਰਬਕ। [4]ਜਾ ਕੇ ਨਹੀਂ ਮਿਲੇ। [5]ਉੱਚੇ ਘਰ। [6]ਦਰਸ਼ਨ। [7]ਕਈ ਸਿੱਖਾਂ ਤੋਂ (ਇਕ) ਹੋਰ ਗੱਲ ਸੁਣੀ ਹੈ ਕਿ। [8]ਪਿਛਲੇ ਪੈਰੀਂ।

ਬਨ[1] ਸਭਿ ਕਾਲਾ। ਪ੍ਰਾਪਤਿ ਕਲਾ ਬਿਸ਼ਨੁ ਕੀ ਚਾਰੁ। ਭਯੋ ਨ ਤਉ ਬਡੋ ਅਵਤਾਰ ॥੪੧॥ ਇਨਹੁੰ ਇਕਾਦਸ਼ ਸੰਮਤ ਮਾਂਹੀ। ਸੇਵਾ ਕਰੀ ਰਿਝਾਏ ਤਾਂਹੀ। ਪੂਰਨ ਭਏ ਪ੍ਰਭੂ ਅਵਤਾਰੇ। ਜਗ ਮਹਿਂ ਦਾਸ ਉਧਾਰ ਹਜ਼ਾਰੇ॥ ੪੨ ॥ ਯਾਂਤੇ ਸਤਿਗੁਰ ਅਰੁ ਸਤਿਸੰਗ। ਇਨਕੀ ਸੇਵਾ ਅਧਿਕ ਉਤੰਗ। ਬਰਖ ਹਜ਼ਾਰਹੁੰ ਤਪ ਜੇ ਘਾਲੇ। ਤਿਨ ਤੇ ਸੇਵਾ ਅਹੈ ਬਿਸਾਲੇ ॥੪੩॥ ਜਬਿ ਕਬਿ ਅਬਿ ਅਰੁ ਆਗੇ ਕੇਈ। ਸੇਵ ਬਿਖੈ ਮਨ ਲਾਵਹਿ ਜੇਈ। ਤਿਨ ਕੋ ਬਹੁਰ ਨ ਕਰਿਬੋ ਰਹਨੋ[2]। ਭੋਗ ਮੋਖ ਦੋਨਹੁੰ ਤਿਹ ਲਹਨੋ ॥੪੪॥ ਸ਼੍ਰੀ ਗੁਰ ਅਮਰਦਾਸ ਕੇ ਭ੍ਰਾਤਾ। ਆਯੋ ਰਾਮਾ ਤਹਾਂ ਜਮਾਤਾ[3]। ਜਿਤਿਕ ਭਤੀਜੇ ਸੋ ਸਭਿ ਆਇ। ਗੋਇੰਦਵਾਲ ਬਸੇ ਘਰ ਪਾਇ ॥੪੫॥ ਇਤ੍ਯਾਦਿਕ ਸਨਬੰਧੀ ਸਾਰੇ। ਆਇ ਬਸੇ ਗੁਰ ਨਿਕਟ ਸੁਖਾਰੇ। ਪ੍ਰਾਪਤਿ ਸਰਬੋਤਮ ਬਡਿਆਈ। ਮਾਨਹਿਂ ਮਾਨਵ ਬਹੁ ਸੁਖ ਪਾਈ ॥੪੬॥ ਸਭਿ ਲਾਯਕ ਸਨਬੰਧੀ ਜਾਨ। ਆਇ ਸਮੀਪ ਬਸੇ ਪੁਰਿ ਥਾਨ। ਸਤਿਗੁਰ ਦੇ ਕਰਿ ਧੀਰਜ ਸਬੈ। ਨਿਕਟਿ ਬਸਾਵਨ ਕੀਨੇ ਤਬੈ ॥੪੭॥ *ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਗੋਇੰਦਵਾਲ' ਪ੍ਰਸੰਗ ਬਰਨਨੰ ਨਾਮ ਉਨਿਬਿੰਸਤੀ ਅੰਸੂ ॥ ੧੯ ॥

## ੨੦. [ਗੁਰੂ ਜੀ ਨੂੰ ਵਹੁਣ ਦਾ ਮਿਲਣਾ। ਤੇ ਸ਼੍ਰੀ ਗੁਰੂ ਅੰਗਦ ਜੀ ਦੇ ਗੁਣ]

ਦੋਹਰਾ ॥ ਇਕ ਦਿਨ ਸ਼੍ਰੀ ਅੰਗਦ ਗੁਰੂ ਦੇਖਨਿ ਗੋਇੰਦਵਾਲ। ਭਏ ਤਯਾਰ ਚਲਿਬੇ ਤਹਾਂ ਰਿਦਾ ਬਿਸਾਲ ਕ੍ਰਿਪਾਲ॥੧॥ਚੌਪਈ॥ ਸਨੇ ਸਨੇ ਪਗ ਸੋਂ ਮਗ ਚਲੇ। ਪ੍ਰੇਮ ਡੋਰ ਮਹਿਂ ਫਸਿ ਕਰਿ ਭਲੇ। ਨਿਸ ਦਿਨ ਸਤਿਗੁਰ† ਅਮਰ ਅਰਾਧੇ।-ਆਇਂ ਇਹਾਂ ਪਿਖਿ ਅਗਮ ਅਗਾਧੇ[4]-॥੨॥ ਬੈਠੇ ਧਯਾਨ ਲਾਇ ਕਰਿ ਐਸੇ। ਰਹਨੋ ਗਯੋ ਨਹਿਂ ਗੁਰ ਤੇ ਕੈਸੇ[5]। ਖਿਚੇ ਪ੍ਰੇਮ ਤੇ ਮਾਰਗ ਚਲੇ। ਬੰਦਹਿਂ ਚਰਨ ਜੁ ਬਾਹਰ ਮਿਲੇ॥੩॥ਕਿਨਹੁ ਕੀਨਿ ਸੁਧਿ 'ਸ਼੍ਰੀ ਗੁਰ

---

[1]ਜੰਗਲ ਵਿਚ। [2]ਹੋਰ ਕਰਨੀ ਕਰਨ ਦੀ ਲੋੜ ਨਹੀਂ ਰਹੀ। [3]ਜੁਵਾਈ। [4]ਦਿਨ ਰਾਤ ਗੁਰੂ ਅਮਰ ਜੀ ਅਰਾਧਨਾਂ ਕਰਦੇ ਸਨ ਕਿ ਅਗਮ ਅਗਾਧ (ਗੁਰੂ ਅੰਗਦ) ਜੀ ਨੂੰ ਏਥੇ ਆਏ ਵੇਖਾਂ। [5]ਕਿਸੇ ਤਰ੍ਹਾਂ ਨਾ ਰਿਹਾ ਗਿਆ (ਖਡੂਰ) ਗੁਰੂ (ਅੰਗਦ) ਜੀ ਤੋਂ।

*ਇਕ ਲਿਖਤੀ ਨੁਸਖੇ ਵਿਚ ਏਥੇ ਏਹ ਪਾਠ ਵਾਧੂ ਹੈ:-ਗੁਰ ਪ੍ਰਤਾਪ ਤੇ ਨਗਰ ਬਸਾਯੋ। ਬਹੁਰੋ ਨਹੀਂ ਤ੍ਰਾਸ ਕਿਨ ਪਾਯੋ। ਸੁਨਿ ਸੁਨਿ ਨਰ ਗ੍ਰਾਮਨ ਤੇ ਆਵੈਂ। ਦੇਖਿ ਨਗਰ ਕੋ ਸਭਿ ਹਰਖਾਵੈਂ ॥ ੪੮ ॥ ਦੋਹਰਾ ॥ ਬਹੁ ਦਿਨ ਕੋ ਉਜਰਯੋ ਪਰੋ ਅਬ ਗੁਰ ਕਿਰਪਾ ਧਾਰਿ। ਕਰਯੋ ਬਸਾਵਨ ਪੁਰਿ ਮਹਾਂ ਸ਼ੋਭਾ ਜਾਂਹਿ ਉਦਾਰ ॥ ੪੯ ॥

†ਪਾਃ-ਸ਼੍ਰੀ ਗੁਰੂ।

ਆਇਏ'। ਸੁਨਿ ਸ੍ਰੀ ਅਮਰਦਾਸ ਹਰਖਾਏ। ਲੈਨਿ ਹੇਤ ਉਠਿ ਚਲੇ ਅਗਾਰੀ। –ਦਰਸ਼ਨ ਮਿਲਹਿਂ–ਛੁਟਨੋ ਦ੍ਰਿਗ ਬਾਰੀ[੧] ॥ ੪ ॥ ਕੇਤਿਕ ਦੂਰ ਆਗਮਨ ਆਏ। ਦਰਸ਼ਨ ਦੇਖੇ ਤਨ ਪੁਲਕਾਏ[੨]। ਬੋਲਨੋ ਜਾਇ ਨ ਗਦਗਦ ਬਾਨੀ। ਹਾਥ ਜੋਰਿ ਕਰਿ ਤੂਸ਼ਨਿ ਠਾਨੀ ॥੫॥ ਦਾਸ ਦਸ਼ਾ ਕੋ ਦੇਖਿ ਕ੍ਰਿਪਾਲਾ। ਕਰ ਸੋਂ ਕਰ ਗਹਿਕਰਿ ਤਿਸ ਕਾਲਾ। ਭਰਨੋ ਅੰਕ ਨਿਜ ਗਰੇ ਲਗਾਯੋ। ਬਹੁ ਪ੍ਰਕਾਰ ਕੋ ਸੁਜਸ ਅਲਾਯੋ ॥੬॥ 'ਧੰਨ ਜਨਮ ਤੇਰੋ ਜਗ ਭਯੋ। ਪ੍ਰੇਮ ਬਿਸਾਲ ਮੋਹਿ ਬਸਿ ਕਯੋ।ਜਹਾਂ ਅਰਾਧਹਿਂ ਕਰਿਕੈ ਪ੍ਰੇਮ। ਤਹਿਂ ਮੈਂ ਪਹੁਚੋਂ ਇਹ ਮਮ ਨੇਮ ॥੭॥ ਆਜ ਬੈਠਿ ਕਰਿ ਤੋਹਿ ਅਰਾਧਨੋ[੩]। ਆਯੋ ਤੁਰਤ ਪ੍ਰੇਮ ਤੇ ਬਾਧਨੋ[੪]। ਮੋ ਤੇ ਰਹਨੋ ਜਾਤ ਤਬਿ ਨਾਂਹੀ। ਪ੍ਰੇਮ ਸਮੇਤ ਧਯਾਇ[੫] ਮਨ ਮਾਂਹੀ ॥੮॥ ਤੁਵ ਹਿਤ ਕਰਿ[੬] ਆਯੋ ਇਤ ਓਰ। ਚਲਹੁ ਦਿਖਾਵਹੁ ਅਪਨੀ ਠੌਰ'। ਹਾਥ ਗਹੇ ਆਗੇ ਤਬਿ ਚਲੇ। ਕਰੇ ਦਿਖਾਵਨ ਕੀਨ ਜੁ ਭਲੇ[੭] ॥੯॥ ਭਲੀ ਪ੍ਰਕਾਰ ਹੇਰਿ ਕਰਿ ਸਾਰੇ। ਬਹੁਰ ਬਿਪਾਸਾ ਤੀਰ ਸਿਧਾਰੇ। ਅਮਰਦਾਸ ਅਪਨੇ ਸੰਗ ਲੀਨੇ। ਜਾਇ ਕੂਲ ਪਰ ਗੁਰੂ ਅਸੀਨੇ ॥ ੧੦ ॥ ਅਪਰ ਦਾਸ ਨਹਿਂ ਪਾਸ ਤਿਥਾਈਂ। ਇਕ ਸ੍ਰੀ ਅਮਰ ਕਿ ਆਪ ਗੁਸਾਈਂ। ਸਲਿਤਾ ਕੂਲ ਸਥਿਤ ਕੋ ਜਾਨਿ[੮]। ਜਲਪਤਿ ਪ੍ਰਾਪਤਿ ਭਾ[੯] ਤਿਸ ਥਾਨ ॥ ੧੧ ॥ ਰੁਚਿਰ ਜਾਤ ਕੀ ਸਫਰੀ ਏਕਾ[੧੦]। ਆਗੇ ਧਰ ਕਰਿ ਮਸਤਕ ਟੇਕਾ। 'ਸ੍ਰੀ ਪ੍ਰਭੁ ਕੀਨ ਪੁਨੀਤ ਸਥਾਨਾ। ਪਦ ਪੰਕਜ ਪਰਸੇ ਜਬਿ ਆਨਾ ॥੧੨॥ ਸਲਿਤਾ ਕੂਲ ਬਸਾਯੋ ਪੁਰਿ ਕੋ। ਕਰਨੋ ਅਨੁਗ੍ਰਹੁ ਅਪਨੇ ਉਰ ਕੋ। ਸਤਿਸੰਗਤ ਸਿਮਰਹਿਂ ਸਤਿਨਾਮੁ। ਕਰਹਿਂ ਸ਼ਨਾਨ ਸੁ ਜਲ ਅਭਿਰਾਮੁ ॥੧੩॥ ਸਲਿਤਾ ਸਫਲ ਹੋਇ ਪਗ ਪਰਸੇ। ਮੈਂ ਭੀ ਰਾਵਰਿ ਕੇ ਪਗ ਦਰਸੇ'। ਸੁਨਿ ਸਤਿਗੁਰ ਬੋਲੇ ਮੁਸ਼ਕਾਈ[੧੧]। 'ਕਰਿ ਸ੍ਰੀ ਅਮਰ! ਬਰੁਨ ਸਫਲਾਈ[੧੨] ॥੧੪॥ ਸੰਗਤਿ ਮਹਿਂ ਪ੍ਰਸਾਦਿ ਬਰਤੈ ਹੈਂ।ਸਭਿ ਤੇ ਆਗੇ ਜਲ ਮਹਿਂ ਦੇਹੈਂ। ਨਾਮ ਬਰਨ ਕੋ ਕਰਹਿਂ ਉਚਾਰਿ। ਇਮ ਸਿੱਖਨ ਮਹਿਂ ਰੀਤੀ ਡਾਰਿ*' ॥੧੫॥ ਹਾਥ ਜੋਰਿ ਸ੍ਰੀ ਅਮਰ ਉਚਾਰੀ। 'ਤਿਮ ਹੁਇ ਜਥਾ ਰਜਾਇ ਤੁਮਾਰੀ'। ਬਹੁਰ ਬਿਦਾ

[੧]ਦਰਸ਼ਨ ਮਿਲਣ ਲੱਗਾ ਹੈ, (ਇਹ ਸੋਚ ਕੇ) ਨੈਨਾਂ ਤੋਂ ਜਲ ਛੁੱਟ ਪਿਆ। [੨]ਰੋਮ ਖੜੇ ਹੋ ਗਏ। [੩]ਤੂੰ ਆਰਾਧਨਾ ਕੀਤੀਹੈ। [੪]ਬੰਨ੍ਹਿਆਂ। [੫]ਭਾਵ ਜਦੋਂ ਕੋਈ ਧਿਆਵੇ। [੬]ਤੇਰੇ ਪ੍ਰੇਮ ਕਰਕੇ (ਅ) ਤੇਰੇ ਵਿਚ ਹਿਤ ਕਰਕੇ। [੭]ਉਸਾਰੇ ਸਨ ਜੇਹੜੇ ਚੰਗੇ (ਘਰ)। [੮]ਨਦੀ ਕਿਨਾਰੇ ਬੈਠੇ ਜਾਣਕੇ। [੯]ਵਰੁਣ ਆਇਆ। [੧੦]ਚੰਗੀ ਕਿਸਮ ਦੀ ਇਕ ਮੱਛੀ। [੧੧]ਮੁਸਕ੍ਰਾਕੇ। [੧੨]ਹੇ ਸ੍ਰੀ ਅਮਰ ਦਾਸ! ਵਰੁਣ ਨੂੰ ਸਫਲਤਾ ਦਿਓ।

[*ਇਸ ਵਿਚ ਦੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਹੁਇ ਬਰੁਨ ਪਧਾਰਾ। ਸ਼੍ਰੀ ਅੰਗਦ ਤਬਿ ਬਾਕ ਉਚਾਰਾ ॥ ੧੬ ॥† 'ਇਹ

ਪਿਛਲੇ ਪੰਨੇ ਦੇ *ਨਿਸ਼ਾਨ ਦੀ ਟੂਕ ਇਹ :—

*ਮੁਲਤਾਨ, ਸਿੰਧ ਆਦਿ ਇਲਾਕਿਆਂ ਵਿਚ ਦਰਿਆ ਦੀ ਪੂਜਾ ਕਰਨੇ ਦਾ ਇਕ ਖਾਸ ਮਤ ਹੈ, ਉਡੇਰੋ ਲਾਲ ਨਾਮੇ ਕੋਈ ਇਨ੍ਹਾਂ ਦਾ ਗੁਰੂ ਹੈ। ਇਸ ਪਾਸੇ ਵਲ ਜਦੋਂ ਸਿੱਖੀ ਪ੍ਰਚਾਰ ਹੋਇਆ, ਤਾਂ ਪੁਰਾਤਨ ਰਸਮ ਦਰਿਆ ਵਿਚ ਬਾਂਟਾ ਪਾਇਣ ਦੀ ਨਵੇਂ ਬਣੇ ਸਿੱਖਾਂ ਵਿਚ ਗ਼ਾਲਬਨ ਜਾਰੀ ਰਹੀ ਤੇ ਫਿਰ ਏਥੋਂ ਹੋਰਥੇ ਭੀ ਫੈਲੀ, ਤਦੋਂ ਇਸ ਦਾ ਕਾਰਨ ਸਿੱਖਾਂ ਵਿਚ ਇਹ ਪ੍ਰਵਿਰਤ ਹੋਇਆ ਕਿ ਵਰੁਣ ਗੁਰੂ ਦਾ ਸੇਵਕ ਹੈ ਉਸ ਸੇਵਕ ਨੂੰ ਛਾਂਦਾ ਮਿਲਦਾ ਹੈ। ਇਸ ਸਮੇਂ ਸਿੱਖਾਂ ਨੇ ਇਸ ਰਸਮ ਨੂੰ ਗੁਰਮਤ ਸਿੱਧਾਂਤ ਦੇ ਪ੍ਰਤਿਕੂਲ ਤੇ ਟਪਲਾ ਦੇਣ ਵਾਲੀ ਸਮਝਕੇ ਤਿਆਗ ਦਿੱਤਾ ਹੈ।

†ਅੰਕ ੧੬ ਦੇ ਅੰਤ ਤੋਂ ਲੈਕੇ ੨੦ ਦੀ ਪਹਿਲੀ ਤੁਕ—ਅਪਰ ਅਹਾਰ ਕੁਛਕ ਤਹਿੰ ਖਾਇ—ਤੁਕ ਦਾ ਪਾਠ ਲਿਖਤ ਦੇ ਪੰਜ ਨੁਸਖਿਆਂ ਵਿਚ, ਜੋ ਸਾਡੀ ਨਜ਼ਰੋਂ ਲੰਘੇ ਹਨ, ਇਹ ਪਾਠ ਇਵੇਂ ਹੈ ਜਿਵੇਂ ਅਸਾਂ ਉੱਪਰ ਮੂਲ ਵਿਚ ਦਿੱਤਾ ਹੈ। ਛਾਪੇ ਦੇ ਉਸ ਨੁਸਖੇ ਵਿਚ ਜੋ ਲਾਹੌਰ ਦੇ ਕਿਸੇ ਬ੍ਰਾਹਮਣ ਮੁਦ੍ਰਿਤ ਕਰਤਾ ਨੇ ਛਪਵਾਇਆ ਤੇ ਆਮ ਪ੍ਰਵਿਰਤ ਹੈ, ਇਸ ਦੀ ਥਾਵੇਂ ਪਾਠ ਇਉਂ ਹੈ:—

ਭਯੋ ਸਮਾ ਪ੍ਰਸਾਦਿ ਕੋ ਜਾਨਜੋ। ਦਾਸ ਏਕ ਕੋ ਬੋਲ ਬਖਾਨਜੋ। 'ਅਬ ਹੀ ਜਾਹੁ ਰਸੋਇਯੇ ਪਾਸ। ਆਨਹੁ ਭੋਜਨ ਤੀਰ ਬਿਪਾਸ' ॥ ੧੭ ॥ ਹੁਤੋ ਦੂਰ ਇਕ ਸਿੱਖ ਬੁਲਾਯੋ। ਤਿਸ ਕੋ ਕਹਿ ਕਰਿ ਨਗਰ ਪਠਾਯੋ। 'ਅਬ ਹੀ ਜਾਹੁ ਲਾਂਗਰੀ ਪਾਸ'। ਹੁਕਮ ਦੀਓ ਸ਼੍ਰੀ ਮੁਖ ਸੁਖਰਾਸ ॥ ੧੮ ॥ ਜਾਇ ਸਿੱਖ ਪਰਸ਼ਾਦ ਲਿਆਯੋ। ਨਦੀ ਪਾਇ ਸਭਿ ਕੋ ਵਰਤਾਯੋ। ਭੋਜਨ ਪਾਇ ਉਠੇ ਜਬ ਸ੍ਵਾਮੀ। ਪੂਰਨ ਬ੍ਰਹਮ ਸਦਾ ਨਿਹਕਾਮੀ ॥ ੧੯ ॥ ਨਿਜ ਦਾਸਨ ਕੇ ਸਦਾ ਸਹਾਇ।

ਸਪਸ਼ਟ ਹੈ ਕਿ ਇਹ ਪਾਠ ਬਦਲਿਆ ਗਿਆ ਹੈ।

ਇਕ ਲਿਖਤੀ ਨੁਸਖੇ ਵਿਚ ਅੰਕ ੧੨ ਦੇ ਮੁੱਢ ਵਿਚ 'ਰੁਚਿਰ ਜਾਤਿ ਕੀ ਸਫਰੀ ਏਕਾ' ਦੀ ਤੁਕ ਵਿਚ 'ਸਫਰੀ ਏਕਾ' ਤੇ ਹੜਤਾਲ ਲਾ ਕੇ 'ਪੁਸ਼ਪ ਅਨੇਕਾ' ਪਾਠ ਬਦਲਿਆ ਹੈ, ਪਰ ਇਸੇ ਬਦਲੇ ਹੋਏ ਪਾਠ ਦੇ ਨਾਲ ਹੀ ਕਿਸੇ ਦਾ ਲਿਖਿਆ ਹੋਇਆ ਸੀ 'ਜਿਨ ਪਾਠ ਹਟਾਇਆ ਹੈ ਗੁਰੂ ਕਾ ਦੇਣਦਾਰ ਹੈ'। ਸੋ ਸਾਬਤ ਹੋ ਗਿਆ ਕਿ ਛਾਪੇ ਦੇ ਨੁਸਖੇ ਦਾ ਪਾਠ ਜੋ ਅਸਾਂ ਉਪਰ ਦਿਖਾਇਆ ਹੈ ਆਖੇਪਕ ਹੈ, ਕਿਸੇ ਮੱਛੀ ਮਾਸ ਤੋਂ ਪ੍ਰਹੇਜ਼ ਕਰਨ ਵਾਲੇ ਲਿਖਾਰੀ ਯਾ ਮੁਦ੍ਰਿਤ ਕਰਤਾ ਨੇ ਬਦਲਵਾਇਆ ਹੈ। ਗੁਰ ਸਿੱਖੀ ਵਿਚ ਮਾਸ ਦਾ ਝਗੜਾ ਨਹੀਂ ਹੈ 'ਮਾਸੁ ਮਾਸੁ ਕਰਿ ਮੂਰਖੁ ਝਗੜੇ'। ਭਾਈ ਸੰਤੋਖ ਸਿੰਘ ਜੀ ਪਿੱਛੇ ਗੁਰੂ ਜੀ ਦੇ ਲੰਗਰ ਵਿਚ ਮਹਾਂ ਪ੍ਰਸ਼ਾਦ ਦਾ ਜ਼ਿਕਰ ਕਰ ਆਏ ਹਨ। ਸਾਡਾ ਮਤਲਬ ਏਥੇ ਮਾਸ ਨੂੰ ਵਿਹਤ ਅਵਿਹਤ ਸਿੱਧ ਕਰਨੇ ਤੋਂ ਨਹੀਂ, ਪਰ ਗ੍ਰੰਥ ਦੇ ਪਾਠ ਸ਼ੁਧ ਕਰਨ ਤੋਂ ਹੈ।

ਇਸ ਸਪਸ਼ਟ ਟਿਕਾਣੇ ਤੋਂ ਸਿੱਧ ਹੋ ਗਿਆ ਕਿ ਇਸ ਮਹਾਨ ਗ੍ਰੰਥ ਵਿਚ ਆਖੇਪ ਹੋ ਚੁਕੇ ਹਨ। ਜੋ ਸੱਜਣ ਖਿਆਲ ਕਰਦੇ ਹਨ ਕਿ ਇਸ ਵਿਚ ਆਖੇਪ ਨਹੀਂ ਹੋਏ ਓਹ ਇਸ ਇੱਕੋ ਟਿਕਾਣੇ ਤੋਂ ਤਸੱਲੀ ਕਰ ਸਕਦੇ ਹਨ।

ਸਫਰੀ ਕਰਿ ਤਯਾਰ ਮੰਗਾਵੈ। ਤੂਰਨ ਕਰਿਕੈ ਇਹਾਂ ਲਿਆਵੈਂ’।ਹੁਤੋ ਦੂਰ ਇਕ ਸਿੱਖ ਬੁਲਾਯੋ। ਤਿਸਕੋ ਦੇ ਕਰਿ ਨਗਰ ਪਠਾਯੋ ॥ ੧੭ ॥ ਲ੍ਯਾਯੋ ਤੁਰਤ ਤਯਾਰ ਕਰਿ ਸੋਈ। ਡਾਲਿ ਮਸਾਲੇ ਤਲਿਕੈ ਭੋਈ। ਲੇ ਸ੍ਰੀ ਅਮਰ ਅਗਾਰੀ ਧਰੀ। ਸੋ ਲੇ ਕਰਿ ਗੁਰ ਖਾਵਨ ਕਰੀ ॥੧੮॥ ‘ਮਹਾਂ ਸ੍ਵਾਦ ਇਸ ਆਮਿਖ ਭਯੋ। ਆਗੇ ਕਬਹੁੰ ਨ ਐਸੇ ਖਯੋ’। ਕਹਿ ਸ੍ਰੀ ਅਮਰ‘ਜਾਤਿ ਝਖ[1] ਕੋਈ। ਲ੍ਯਾਯੋ ਬਰਨ ਆਪ ਹਿਤ ਸੋਈ’ ॥ ੧੯॥ ਅਪਰ ਅਹਾਰ ਕੁਛਕ ਤਹਿਂ ਖਾਇ। ਬਹੁਰ ਉਠੇ ਤਹਿਂ ਤੇ ਸੁਖਦਾਇ। ਅਮਰਦਾਸ ਕੋ ਲੇ ਕਰਿ ਸਾਥ। ਆਏ ਦਿਸ਼ ਖਡੂਰ ਜਗਨਾਥ ॥ ੨੦॥ ਕੇਤਿਕ ਦਿਨ ਸਮੀਪ ਹੀ ਰਾਖੇ। ਜਾਨਿ ਰਿਦੇ ਕੀ ਤਿਨ ਅਭਿਲਾਖੇ। ਸਭਿ ਸਮੀਪ ਕੀ ਸੇਵਾ ਕਰੇ। ਅਸ਼ਟ ਪਹਿਰ ਸਿਮਰਨ ਉਰ ਧਰੇ॥੨੧॥ਦੀਨਸਿ ਆਇਸੁ ਬਹੁਰ ਕ੍ਰਿਪਾਲ। ਚਲਿ ਆਏ ਤਬਿ ਗੋਇੰਦਵਾਲ। ਪਾਛਲ ਦਿਸ਼ ਕੋ ਗਮਨੈਂ ਰਾਹੂ।ਮੁਖ ਰਾਖੈਂ ਸਤਿਗੁਰ ਦਿਸ਼ ਜਾਹੂ॥੨੨॥ਤੀਨ ਕੋਸ ਪਰ ਮਾਥੋ ਟੇਕਿ। ਪੁਨ ਪੁਰਿ ਦਿਸ਼ ਮੁਖ ਕੋਸ ਸੁ ਏਕ। ਸੋ ਅਬਿ ਲੌ ਉਹ ਥਾਨ ਸੁਹਾਵਤਿ। ਬਿਦਤਿ ਅਹੈ ਜਗ ਮੈਂ ਸਿਖ ਗਾਵਤਿ ॥੨੩॥ ਗੋਇੰਦਵਾਲ ਕੋਸ ਤਿਸ ਥਲ ਤੇ। ਜਹਿਂ ਤੇ ਸੂਧੇ ਹੁਇ ਕਰਿ ਚਲਤੇ। ਨਿਸ ਮਹਿਂ ਸਦਨ ਰਹਹਿਂ ਗੁਰ ਆਇਸੁ।ਦਿਨ ਮਹਿਂ ਦਰਸਹਿਂ ਤਹਾਂ ਸਿਧਾਇਸੁ॥੨੪॥ਇਸੀ ਪ੍ਰਕਾਰ ਕਿਤਿਕ ਦਿਨ ਬਿਤੇ।ਪਰਮ ਪ੍ਰਸੰਨ ਗੁਰੂ ਕਰਿ ਲਿਤੇ।ਪ੍ਰੇਮ ਸਹਤ ਮਨ ਨੇਮ੍ਰਿ ਬਿਸਾਲਾ। ਸੇਵਹਿਂ ਚਰਨ ਕਮਲ ਸਭਿ ਕਾਲਾ॥੨੫॥ਸ੍ਰੀ ਅੰਗਦ ਸਭਿ ਗੁਨ ਕੇ ਧਾਮ। ਸਦਾ ਸੁਸ਼ੀਲ ਪਰਮ ਨਿਹਕਾਮ। ਭਗਤਿ ਰੂਪ ਧਰਿ ਜਗਤ ਦਿਖਾਯੋ। ਹਰਖ ਨ ਸ਼ੋਕ ਨ ਕਬਿ ਉਰ ਆਯੋ ॥ ੨੬ ॥ ਮਾਨ ਅਮਾਨ[2] ਸਮਾਨ ਮਹਾਨੇ। ਰਾਗ ਨ ਦ੍ਵੈਖ ਕਿਸੀ ਸੋਂ ਠਾਨੇ।ਅਹੰ ਬ੍ਰਹਮ[3] ਨਿਸ਼ਚਲ ਬ੍ਰਿਤਿ ਅੰਤਰ। ਨਿਜ ਸਰੂਪ ਸੋਂ ਲਗੇ ਨਿਰੰਤਰ ॥੨੭॥ ਜਿਸ[4] ਕੋ ਛੁਵੈ ਬਿਕਾਰ ਨ ਕੋਈ*। ਪਹੁੰਚਹਿ[5] ਮਨ ਬਾਨੀ ਨਹਿਂ ਦੋਈ†। ਜਾਨਨੀਯ[6] ਬੁਧਿ ਕਰਿਕੈ ਜੋਊ। ਪਦਮ ਪੱਤ੍ਰ ਸਮ ਲਿਪਹਿ ਨ ਸੋਊ[7] ॥੨੮॥ ਸ਼ਸਤ੍ਰਨ ਸੋਂ ਨ ਬਿਨਾਸਜੋ ਜਾਇ। ਅਗਨਿ

---

[1]ਮੱਛੀ। [2]ਆਦਰ ਅਨਾਦਰ। [3]ਮੈਂ ਬ੍ਰਹਮ, ਭਾਵ, ਬ੍ਰਹਮ ਗਜਾਨ। [4]ਭਾਵ ਬ੍ਰਹਮ ਨੂੰ। [5]ਜਿੱਥੇ ਨਹੀਂ ਪਹੁੰਚਦੇ ਭਾਵ ਬ੍ਰਹਮ ਵਿਚ। [6]ਜਾਨਣੇ ਯੋਗ। [7]ਕਵਲ ਫੁੱਲ ਦੇ ਪਤ੍ਰ ਵਾਂਗ ਲਿਪਾਇਮਾਨ ਨਹੀਂ ਹੁੰਦਾ ਜੋ (ਬ੍ਰਹਮ)। *ਪਾਃ—ਕੋਊ। †ਪਾਃ—ਦੋਊ।

ਨ ਜਰਹਿ ਨ ਪਉਨ ਉਡਾਇ। ਜਲ ਨਹਿਂ ਡੂਬਹਿ, ਨਭ ਨ ਬਿਲਾਇ[1]। ਜਿਸ ਕੋ ਕਾਲ ਸਕਹਿ ਨਹਿਂ ਖਾਇ ॥੨੯॥ ਜਿਮ ਰੱਜੁ ਅਹਿ ਕੀ ਆਧਾਰ। ਤਿਮ ਪ੍ਰਪੰਚ ਇਹੁ ਤਿਸਹਿ ਮਝਾਰ। ਸੂਰਜ ਆਦਿ ਜੋਤਿ ਕੀ ਜੋਤਿ। ਜਿਸ ਅਲੇਪ ਕਰਿ ਸਕਲ ਉਦੋਤਿ[2] ॥੩੦॥ ਸੂਖਮ ਤੇ ਸੂਖਮ ਨਿਤਿ ਰਹੈ। ਇੰਦ੍ਰੈ ਜੁਤਿ ਮਨ ਜਿਸ ਨਹਿਂ ਲਹੈ[3]। ਸਦਾ ਮਹਿਦ ਤੇ ਜੋ ਮਹੀਆਨ[4]। ਪਾਰ ਨ ਪਾਵਹਿਂ ਸ਼ਕਤੀਵਾਨ ॥੩੧॥ ਪ੍ਰਗਟ ਬਿਸਾਲ ਜਾਨੀਅਤਿ ਐਸੇ। ਜਿਸ ਬਿਨ ਫੁਰਹਿ ਨਿਮੇਖ[5] ਨ ਕੈਸੇ। ਦੂਰਜੋ ਮਹਾਨ, ਨ ਜਾਨਜੋ ਜਾਇ। ਰੂਪ ਰੰਗ ਕੁਛ ਹ੍ਵੈ ਨ ਲਖਾਇ ॥੩੨॥ ਅਚਰਜ ਰੂਪ ਜੁ ਐਸੋ ਅਹੇ। ਤਿਸ ਕੋ ਨਾਮ 'ਵਾਹਿ' ਕਰਿ ਕਹੈਂ 'ਗੋ' ਤਮ ਜੜ੍ਹ ਅਗ੍ਯਾਨ ਅਨਿੱਤ। ਕਰਿ ਪ੍ਰਕਾਸ਼ ਚੇਤਨ 'ਰੁ' ਨਿੱਤ* ॥ ੩੩ ॥ ਐਸੋ ਨਾਮ ਵਾਹਿਗੁਰੂ ਜੋਈ। ਸ੍ਰੀ ਅੰਗਦ ਬਪੁ ਧਰਿ ਕਰਿ ਸੋਈ। ਜਗਤ ਬਿਖੇ ਬਨਿ ਭਗਤਿ ਦਿਖਾਵੈਂ। ਨਹਿਂ ਸਰੂਪ ਆਪਨੋ ਬਿਦਤਾਵੈਂ ॥ ੩੪ ॥ ਕਰਨੋ ਸਿਮਰਨ ਸ੍ਰੀ ਸਤਿਨਾਮ। ਉਪਦੇਸ਼ਤਿ ਜਗ ਕੋ ਬਸਿ ਧਾਮ। ਸਤਿ ਸੰਗਤਿ ਸੇਵਨ ਸਿਖਰਾਵੈਂ। ਭਾਉ ਭਗਤਿ ਕੀ ਰੀਤਿ ਚਲਾਵੈਂ ॥੩੫॥ 'ਸ੍ਰੀ ਪਰਮੇਸ਼ੁਰ ਕੇ ਹਮ ਦਾਸ। ਨਿਰਹੰਕਾਰ ਅਲੋਭ ਨਿਰਾਸੁ। ਪਰਮੇਸ਼ੁਰ ਭਾਣਾ ਸ਼ੁਭ ਭਾਵਨ। ਕਾਯਾਂ ਤੇ ਹੰਤਾ ਸੁ ਉਠਾਵਨ ॥੩੬॥ ਨਿਤ ਸੰਤਨਿ ਕੀ ਸੇਵਾ ਕਰਨੀ। ਸਤਿ ਸੰਗਤਿ ਮਹਿਂ ਚਿਤ ਬ੍ਰਿਤਿ ਧਰਨੀ। ਆਪਾ ਨਹੀਂ ਜਨਾਵਨ ਕਰਨੋ। ਦਾਸਨ ਦਾਸ ਦਾਸ ਨਿਜ ਬਰਨੋ[6] ॥੩੭॥ ਪਰਮ ਪ੍ਰੇਮ ਪਰਮੇਸੁਰ ਮਾਂਹੀ। ਬਿਨਤੀ ਕਰਨ,–ਸੁ ਮੈਂ ਕੁਛ ਨਾਂਹੀ[7]'। ਕਰਨ ਕਰਾਵਨ ਕੋ ਇਕ ਦਾਤਾ। ਪੂਰਨ ਸਰਬ ਠੌਰ ਸੋ ਜਾਤਾ[8]- ॥੩੮॥ ਸ਼ਬਦ ਗੁਰੂ ਕੇ ਗਾਵਨ ਕਰਨੋ। ਕਿਧੌਂ ਸ਼ਬਦ ਧੁਨਿ ਸ਼੍ਰੋਨਨਿ ਧਰਨੋ[9]। ਨਿਸਦਿਨ ਸਿਮਰਹੁ ਸ੍ਰੀ ਸਤਿਨਾਮ। ਦੁਹਿ ਲੋਕਨਿ ਕੇ ਪੂਰਤਿ ਕਾਮੁ' ॥੩੯॥ ਇਸ ਬਿਧਿ ਅਪਨੋ ਆਪ ਛਪਾਇ। ਨਹਿਂ ਕੈਸੇ ਜਗ ਮਹਿਂ ਬਿਦ-

[1]ਦੂਰ ਕਰ ਸਕੇ (ਅ) ਲੀਨ ਕਰ ਸਕੇ। [2]ਪ੍ਰਕਾਸ਼ਤ ਹੈਨ। [3]ਮਨ ਇੰਦ੍ਰੀਆਂ ਸਮੇਤ ਜਿਸ ( ਬ੍ਰਹਮ ) ਨੂੰ ਲਖ ਨਹੀਂ ਸਕਦਾ। [4]ਬੜਿਆਂ ਤੋਂ ਬੜਾ [ ਸੰਸ:, ਮਹਤ੍ ] ( ਅ ) ਮਹਿਤਤ੍ਵ ਤੋਂ ਜੋ ਹੋਰ ਵਡਾ (ਯਾ ਮਹਾਂ ਤੱਤ) ਹੈ, ਓਹ ਚੇਤਨ ਰੂਪ। [5]ਪਲ ਮਾਤ੍ਰ (ਕੁਛ) ਨਹੀਂ ਫੁਰ ਸਕਦਾ। (ਅ) ਕਿਸੇ ਤਰ੍ਹਾਂ ਪਲ ਮਾਤ੍ਰ ਲਈ ਬੀ ਜਿਸ ਬਿਨ ਨਹੀਂ ਫੁਰ ਸਕਦਾ (ਫੁਰਨਾ)। (ੲ) ਜਿਸ ਤੋਂ ਬਿਨਾਂ ਪਲਕਾਂ ਨਹੀਂ ਝਮਕ ਸਕਦੀਆਂ, ਭਾਵ ਅੱਖ ਨਹੀਂ ਫਰਕਦੀ। [6]ਆਪਣੇ ਤਾਈਂ ਦਾਸਾਂ ਦਾ ਦਾਸ ਵਰਣਨ ਕਰਨਾ। [7]ਕਿ ਮੈਂ ਕੁਛ ਨਹੀਂ। [8]ਜਾਣੀਦਾ ਹੈ। [9]ਸੁਣਨੇ।

*ਅਰਥਾਂ ਲਈ ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧ ਅੰਕ ੬੩।

ਤਾਇ । ਜੋ ਨਰ ਅਤਿ ਪ੍ਰੇਮੀ ਸਿਖ ਆਹਿ । ਕਹਿਨ ਸੁਨਨ ਸ੍ਰੀ ਮੁਖ ਕਰਿ ਤਾਂਹਿ[1]॥ ੪੦ । ਲੱਛਮੀ ਨਿਤਿ ਸੇਵਤਿ ਦਰਬਾਰ । ਸਿੱਧਾਂ[2] ਪਦ ਅਰਬਿੰਦ ਜਹਾਰ[3] । ਨੌ ਨਿੱਧਾਂ ਕਰ ਜੋਰਿ ਖਰੀ ਹੈਂ । ਗੁਰ ਆਇਸੁ ਅਨੁਸਾਰ ਧਰੀ ਹੈਂ[4]॥੪੧॥ ਅਪਰ ਜਿ ਸ਼ਕਤਾਂ[5] ਅਨਿਕ ਪ੍ਰਕਾਰੈ । ਚਹੁੰਦਿਸ਼ ਗੁਰ ਕੈ ਨਿਤਿ ਪਰਵਾਰੈਂ[6]। ਅੰਗੀਕਾਰ ਨ ਤਿਸਕੋ ਹੋਵੈ । ਕਬਹੁੰ ਨਹੀਂ ਤਿਨ ਕੀ ਦਿਸ਼ ਜੋਵੈਂ॥੪੨॥ ਅਪਨੋ ਨਹਿ ਪ੍ਰਤਾਪ ਕਰਿ ਸਾਕਹਿ[7] । ਤੂਸ਼ਨ ਭਈ ਗੁਰੂ ਮੁਖ ਤਾਕਹਿ।ਕਰਾਮਾਤ ਕੋ ਸਾਗਰ ਭਾਰੀ । ਬੂੰਦ ਸਮਾਨ ਜਾਨ ਨਹਿ ਪਜਾਰੀ[8]॥ ੪੩॥ ਕਬਹੁੰ ਨ ਹਿਤ ਕਰਿ ਕਿਸਹੁੰ ਦਿਖਾਈ । ਮਨਹੁ ਸਮੀਪ ਨ, ਏਵ ਛਪਾਈ[9] । ਅਜਰ ਜਰਨ ਸ੍ਰੀ ਅੰਗਦ ਜੈਸੇ । ਭੂਤ ਭਵਿੱਖਜ ਨ ਅਬ ਭਾ ਤੈਸੇ ॥੪੪॥ ਦੋਹਰਾ ॥ ਰਚਨਿ ਸੰਘਾਰਨਿ ਲੋਕ ਤ੍ਰੈ ਅਸ ਸ਼ਕਤੀ ਕੋ ਪਾਇ । ਨਿਬਲ ਨਰਨ ਤੇ ਦੁਖ ਸਹੈਂ ਧੰਨ ਗੁਰੂ ਸੁਖਦਾਇ ॥ ੪੫ ॥ ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਗੁਣ' ਬਰਨਨੰ ਨਾਮ ਬਿੰਸਤੀ ਅੰਸੂ ॥ ੨੦ ॥

## ੨੧. [ਖਡੂਰ ਦੇ ਤਪੇ ਦਾ ਪ੍ਰਸੰਗ]

ਦੋਹਰਾ ॥ ਇਸ ਪ੍ਰਕਾਰ ਕੇਤਿਕ ਦਿਵਸ ਬੀਤ ਗਏ ਤਿਸੁ ਥਾਨ । ਪ੍ਰਗਟਹਿ ਜਗ ਮਹਿਂ ਨਹਿਂ ਅਧਿਕ ਸ੍ਰੀ ਅੰਗਦ ਗੁਨ ਖਾਨ ॥ ੧ ॥ ਚੌਪਈ ॥ ਇਕ ਖਡੂਰ ਮਹਿਂ ਤਪਾ ਰਹਿਤ ਹੈ । ਅਪਨੀ ਸਤੁਤਿ ਜੁ ਸਦਾ ਕਹਤਿ ਹੈ । ਜੰਤ੍ਰ ਮੰਤ੍ਰ ਕਰਿਬੇ ਜਿਸ ਆਵੈ । ਲੋਕਨ ਬਿਖੇ ਪਖੰਡ ਕਮਾਵੈ ॥੨॥ ਬਹੁਤੇ ਨਰ ਜਿਸ ਮਾਨਹਿਂ ਆਨ[10]।ਚਰਨ ਧਰਹਿਂ ਸਿਰ ਨਮੋ ਬਖਾਨਿ । ਜਿਸ ਕੋ ਕਹਜੋ ਕਰਹਿ ਸਭਿ ਕੋਇ। ਬਹੁਤ ਭਾਂਤਿ ਤਿਸ ਪੂਜਾ ਹੋਇ ॥੩॥ ਖਹਿਰੇ[11] ਜਾਟ ਖਡੂਰ ਮਝਾਰ । ਬਸਤਿ ਹੁਤੇ ਸਹਿ ਬਡ ਪਰਵਾਰ । ਸਰਬ ਤਪੇ ਕੀ ਆਇਸੁ ਮਾਨਹਿਂ। ਅਨਿਕ ਉਪਾਇਨ ਦੇਵਨ ਠਾਨਹਿ ॥੪॥ ਦੁਗਧ, ਦਧੀ ਘ੍ਰਿਤ ਅਰ ਮਿਸ਼ਟਾਨਾ*।ਪਰਬਨ ਬਿਖੈ ਲਜਾਇਂ ਧਨਧਾਨਾ[12]। ਤਿਹ ਢਿਗ

---

[1]ਭਾਵ ਉਸ ਨਾਲ ਗਲ ਬਾਤ ਕਰਦੇ ਹਨ। [2]ਸਿੱਧੀਆਂ। [3]ਨਮਸਕਾਰ ਕਰਦੀਆਂ। [4]ਗੁਰੂ ਆਗਿਆ ਦੇ ਅਨੁਸਾਰੀ ਹੋ ਰਹੀਆਂ ਹਨ। [5]ਤਾਕਤਾਂ। [6]ਦੁਆਲੇ ਰਹਿੰਦੀਆਂ ਹਨ। [7]ਭਾਵ ਸ਼ਕਤੀਆਂ ਆਦਿਕ ਆਪਣਾ ਪ੍ਰਤਾਪ ਨਹੀਂ ਦੱਸ ਸਕਦੀਆਂ। [8]ਪਿਆਰ ਨਾ ਕੀਤਾ। [9]ਇਸ ਤਰ੍ਹਾਂ ਲੁਕਾਈ ਹੈ ਕਰਾਮਾਤ ਕਿ ਮਾਨੋਂ ਕੋਲ ਹੀ ਨਹੀਂ ਹੈ। [10]ਈਨ, ਮਿਰਯਾਦਾ, ਆਗਜ਼ਾ। [11]ਜੱਟਾਂ ਦਾ ਇਕ ਗੋਤ। [12]ਪਰਬਾਂ ਦੇ ਦਿਨਾਂ ਪਰ (ਜੈਸੇ ਮੱਸਿਆ ਸੰਗਰਾਂਦ ਆਦਿ) ਮਾਲ ਦੌਲਤ ਲਿਆਉਂਦੇ ਸਨ। [ਧਨ=ਦੌਲਤ। ਧਾਨ=ਚਾਵਲ ਆਦਿ ਅੰਨ]। *ਪਾਃ-ਪਟ ਨਾਨਾ।

ਅਰਪਹਿ, ਬਿਨੈ ਬਖਾਨਹਿਂ । ਇੱਤਜਾਦਿਕ ਪ੍ਰਿਯ ਵਸਤੂ ਆਨਹਿ ॥ ੫ ।
ਤਿਸਤੇ ਡਰਹਿਂ ਗ੍ਰਾਮ ਨਰ ਸਾਰੇ ।–ਨਹਿਂ[1] ਰਿਸ ਧਾਰਿ ਕੁਬਾਕ ਉਚਾਰੇ–।
ਕਹੈ ਸੁ ਮਾਨਹਿਂ ਨਰ ਗ੍ਰਾਮੀਨ। ਜੇ ਸੰਤਨਕੋ ਸਕਹਿਂ ਨ ਚੀਨ[2]॥੬॥ਪ੍ਰਿਯ[3]
ਤਿਸ ਕੌ ਨਿਸ ਬਾਸੁਰ ਕਰਿਹੀਂ[4]। ਦੇ ਧਨ ਧਾਨ ਸੁ ਬਿਨੈ ਉਚਰਿਹੀਂ । ਤਹਾਂ
ਬਾਸ ਗੁਰ ਅੰਗਦ ਕੇਰਾ । ਨਹੀਂ ਮਹਾਤਮ ਲਖਹਿਂ ਘਨੇਰਾ॥੭॥ ਕਬਹਿ ਨ
ਜਾਇ ਨਿਵਾਵਹਿਂ ਸੀਸ। ਨਹਿਂ ਮਾਨਹਿਂ–ਇਹ ਸਭਿ ਜਗ ਈਸ਼–। ਅਪਰ
ਲੋਕ ਜਿਮ*ਬਾਸਹਿਂ ਗ੍ਰਾਮ । ਤਯੋਂ ਜਾਨਹਿਂ ਇਹ ਭੀ ਰਹਿਂ ਧਾਮ॥੮॥ ਸਤਿ-
ਸੰਗੀ ਜਿਨ ਮਹਿਂ ਨਹਿਂ ਕੋਈ । ਕਿਮਿ ਪ੍ਰਭਾਵ ਕੋ ਜਾਨਹਿਂ ਸੋਈ। ਕੇਤਿਕ
ਸਮਾਂ ਬਿਤੀਤਨ ਭਯੋ । ਬਰਖਾ ਬਿਨਾ ਸਮੇਂ ਤਬਿ ਹੁਯੋ ॥ ੯ ॥ ਮਾਸ ਭਾਦ੍ਰ-
ਪਦ ਔੜ ਲਗੀ ਅਸ[5] । ਸਭਿਹੀ ਸ਼ੁਸ਼ਕ ਹੋ ਗਈ ਬਡ ਸਸਿ[6]। ਪੂਰਬ ਜਹਾਂ
ਪਿਖਤਿ ਹਰਿਆਈ । ਬਿਨ ਪਾਕੇ ਫਿਰਗੀ ਜ਼ਰਦਾਈ[7] ॥੧੦॥–ਹ੍ਵੈ ਨਹਿ
ਅੰਨ–ਤ੍ਰਸੇ ਗ੍ਰਾਮੀਨ ।–ਹਮਰੇ ਤੌ ਜੀਵਨ ਇਹੁ ਚੀਨ।ਬਿਨਾਂ ਅੰਨ ਤੇ ਬਹੁ
ਦੁਖ ਪਾਇਂ। ਸਕਲ ਕੁਟੰਬ ਕਹੋ ਕ੍ਯਾ ਖਾਇ ॥ ੧੧ ॥ ਤਨ ਧਨ ਤੇ ਅਰ
ਪਸ਼ੂਅਨ ਸੰਗ । ਜੋ ਹਮ ਪਾਲਨ ਕਰੀ ਅਭੰਗ[8] । ਜੇ ਬਰਖਾ ਅਬਿ ਹੋਵਹਿ
ਨਾਂਹੀ । ਨਿਜ ਪਰਵਾਰ ਕੁਤੋ ਨਿਰਬਾਂਹੀ ॥੧੨॥ ਬਿਨ ਪਾਕੇ ਹੁਇ ਜਾਇ
ਬਿਨਾਸ਼ । ਕਹਾਂ ਅੰਨ ਕੀ ਪੁਜਹਿ ਆਸ[9] । ਹਮਰੇ ਨਿਕਟ ਦਰਬ ਕੁਛ
ਨਾਂਹੀ । ਜਿਸਕੋ ਖਰਚ ਮੋਲ ਲੇ ਖਾਂਹੀ–॥੧੩॥ਇੱਤਜਾਦਿਕ ਚਿੰਤਾ ਗ਼ਲ-
ਤਾਨੇ । ਆਪਸ ਬਿਖੈ ਮਿਲੇ ਇਕ ਥਾਨੇ । ਕਹਤਿ ਭਏ ਜੋ ਬਡੇ[10] ਕਹਾਵੈਂ।
'ਪੂਛਹੁ ਪਾਂਧਾ ਜੇ ਘਨ ਆਵੈ ॥੧੪॥ ਕਰਿ ਹੈਂ ਸਕਲ ਕਹੈ ਜੋ ਸੋਇ[11] ।
ਜਿਮ ਖੇਤੀ ਹਰਿਆਵਲ ਹੋਇ' । ਸੁਨਤਿ ਏਕ ਤੇ ਦੂਸਰ ਕਹੈ । 'ਹਮਰੋ
ਗੁਰੂ ਤਪਾ ਜੋ ਅਹੈ।੧੫।–ਕਰਾਮਾਤ ਯੁਤਿ ਮੈਂ ਹੋਂ–ਭਾਖਤਿ। ਸਭਿ ਤੇ ਵਡਾ
ਤੇਜ ਜੋ ਰਾਖਤਿ । ਸਕਲ ਗ੍ਰਾਮ ਕੋ ਹੈ ਹਿਤਕਾਰੀ । ਜੋ ਸਮੁਦਾਇ ਬਿਘਨ
ਦੈ ਟਾਰੀ ॥ ੧੬ ॥ ਹਮਰੀ ਤ੍ਰਿਯ ਲੈ ਜਾਵਹਿ ਬਾਲਿਕ । ਮੰਤ੍ਰਨ ਤੇ ਦੁਖ
ਦਾਰਿਦ ਟਾਲਿਕ† । ਸੰਕਟ ਅਪਰ ਅਨੇਕ ਨਿਵਾਰਹਿ । ਸ਼ਕਤਿਵੰਤ ਹੈ

[1]ਮਤਾਂ । [2]ਨਹੀਂ ਪਛਾਣ ਸਕਦੇ ( ਪਿੰਡ ਦੇ ਲੋਕੀਂ )। [3]ਪਿਆਰ। [4]ਭਾਵ ਗ੍ਰਾਮੀਨ ਲੋਕ । [5]ਭਾਦਰੋਂ ਮਹੀਨੇ ਵਿਚ ਸੋਕਾ ਐਸਾ ਪਿਆ । [6]ਖੇਤੀ ਬਹੁਤ ਸੁਕ ਗਈ [ਸੰਸ:, ਸ਼ਸ੍ਯ=ਖੇਤੀ]। [7]ਪਿਲੱਤਣ । [8]ਲਗਾਤਾਰ, ਇਕ ਰਸ । [9]ਆਸ ਪੁੱਜੇਗੀ। [10]( ਪਿੰਡ ਦੇ ) ਵੱਡੇ । [11]ਉਹ (ਪਾਂਧਾ)।

*ਪਾ:–ਜੇ, ਜਿਉਂ । †ਪਾ:–ਦੁਖ ਹਾ ਤਤਕਾਲਕ ।

ਸੁਖ ਦਾਤਾਰਹਿ[1] ॥ ੧੭ ॥ ਤਿਸ ਢਿਗ ਮਿਲਿ ਕਰਿ ਚਲਿਹੋਂ ਸਾਰੇ। ਕਛੁ
ਮਿਸ਼ਟਾਨ[2] ਲਿ ਧਰਹੁ ਅਗਾਰੇ। ਕਰਹਿਂ ਬੇਨਤੀ ਪਰਿਕੈ ਪਾਇ[3]। ਤਿਸਤੇ
ਜਾਚਹੁ ਬਰਖਾ ਆਇ’ ॥ ੧੮ ॥ ਅਸ ਮਸਲਤ ਕਰਿ ਬ੍ਰਿਧ ਸਭਿ ਲੀਨੇ।
ਗਏ ਤਪੇ ਢਿਗ ਚਿੰਤਾ ਕੀਨੇ। ਗਾਦੀ ਕੋ ਲਗਾਇ ਸੋ ਬੈਸਾ। ਸਮਦ ਦੰਭ
ਧਰਿ ਮੂਰਤਿ ਜੈਸਾ[4] ॥੧੯॥ ਧਰਨੋ ਅਗਾਰੀ ਕਰਿ ਮਿਸ਼ਟਾਨਾਨਮੋ ਸਭਿਨਿ
ਕਰਿ ਬੰਦੇ ਪਾਨ। ਬ੍ਰਿਧਨ ਤਿਸ ਕੋ ਜਸ ਬਹੁ ਭਾਖਾ। ‘ਤੁਮ ਪੂਰਹੁ
ਬਹੁਤਨਿ ਅਭਿਲਾਖਾ ॥ ੨੦ ॥ ਅਜ਼ਮਤਿਵਾਨ[5] ਮਹਾਨ ਪਛਾਨੇ। ਬਹੁ
ਆਵਤਿ ਤੁਮ ਢਿਗ ਦੁਖ ਹਾਨੇ। ਯਾਂ ਤੇ ਰਾਵਰਿ ਕੀ ਬਹੁ ਕੀਰਤਿ।ਹੈ ਸਮੁ-
ਦਾਇ ਗ੍ਰਾਮ ਬਿਸਤੀਰਤਿ[6] ॥ ੨੧ ॥ ਸਭਿ ਚਲਿ ਆਏ ਸ਼ਰਨ ਤੁਮਾਰੀ।
ਅਬਹਿ ਕਾਮਨਾ ਪੂਰਵ[7] ਹਮਾਰੀ’। ਸੁਨਿ ਕਰਿ ਤਪਾ ਹਰਖਿ ਕੈ ਗਰਬਾ।
‘ਮਮ ਅਨੁਸਾਰਿ ਸਦਾ ਰਹਿਂ ਸਰਬਾ ॥ ੨੨ ॥ ਪਿਖਹੁਂ ਤੁਮਾਰੀ ਭਗਤਿ
ਬਿਸਾਲਾ। ਕਰਹੁ ਕਾਮਨਾ ਦਿਹੁਂ ਦਰਹਾਲਾ[8]। ਤੁਮ ਮੇਰੇ ਹੋ ਸੇਵਕ ਸਾਰੇ।
ਪੂਜਹੁ ਚਰਨ ਦੇਹਿ* ਦੁਖ ਟਾਰੇ’॥੨੩॥ ਸੁਨਿ ਕੈ ਗਾਹਕ[9] ਬਿਨੈ ਬਖਾਨੀ।
‘ਸੁਨੋ ਤਪਾ ਜੀ! ਦੁਰਲਭ ਪਾਨੀ। ਪ੍ਰਥਮ ਭਈ ਬਰਖਾ ਬਹੁ ਧਰਾ[10]।ਬੀਜੇ
ਖੇਤ ਉਗੇ ਰੰਗ ਹਰਾ ॥੨੪॥ ਬ੍ਰਿਧੀ ਅਰੋਗ ਬਡੀ ਜਬਿ ਹੋਈ। ਹਟੇ ਮੇਘ
ਨਭ ਆਇ ਨ ਕੋਈ। ਬੀਤਯੋ ਕਿਤਿਕ ਕਾਲ ਬਿਨ ਪਾਨੀ। ਹਰੀ ਹੁਤੀ
ਸਕਲੀ ਕੁਮਲਾਨੀ॥੨੫॥ ਵਹਿਰ ਅੰਨ ਜੇ ਹੋਯਹੁ ਨਾਂਹੀ। ਸ਼ੰਕਾ ਹਮਰੇ
ਜੀਵਨਿ ਮਾਂਹੀ[11]। ਯਾਂਤੇ ਕਰੁਨਾ ਕਰਹੁ ਮਹਾਨੀ। ਜਿਸਤੇ ਘਨ ਹੁਇ
ਮੋਚਹਿਂ ਪਾਨੀ[12]’ ॥੨੬॥ ਸੁਨਤਿ ਤਪੇ ਨੇ ਬਾਤ ਬਿਚਾਰੀ। ਹੁਤੋ ਗੁਰੂ ਸੋਂ
ਮਤਸਰਿ ਭਾਰੀ[13]। ਆਇਂ ਵਹਿਰ ਤੇ ਸਿੱਖ ਘਨੇਰੇ। ਰਹਤਿ ਨਿਕਟ ਪੁਨ
ਗਮਨੈਂ ਡੇਰੇ[14] ॥੨੭॥ ਤਿਨ ਕੋ ਦੇਖਿ ਦੁਖਤਿ ਮਨ ਮਾਂਹੀ। ਗੁਰਤਾ ਗੁਰਨ
ਸਹਿ ਸਕਹਿ ਨਾਂਹੀ[15]†।ਮਹਾਂ ਤਪਹਿ[16]ਚਿਤ ਚਿੰਤਾ ਧਰਿਤਾ। ਨਿਸ ਦਿਨ
ਮਹਾਂ ਅਸੂਯਾ[17] ਕਰਿਤਾ ॥ ੨੮ ॥–ਖਹਿਰੇ ਸੇਵਕ ਹੈਂ ਮਿਤ ਮੇਰੇ। ਨਹਿਂ

---

[1]ਸੁਖ ਦੇਣ ਵਾਲਾ। [2]ਮਿੱਠਾ। [3]ਚਰਨੀ ਪੈਕੇ। [4](ਐਉਂ ਬੈਠਾ ਹੈ ਜਿਵੇਂ) ਹੰਕਾਰ ਨਾਲ ਦੰਭ ਮੂਰਤ ਧਾਰ ਕੇ ਬੈਠਾ ਹੈ। [5]ਕਰ ਮਾਤ ਵਾਲੇ। [6]ਫੈਲੀ ਹੋਈ। [7]ਪੂਰੇ। [8]ਛੇਤੀ ਕਾਮਨਾਂ ਪੂਰੀ ਕਰਾਂਗਾ। (ਅ) (ਜੋ ਤੁਸੀਂ) ਕਾਮਨਾ ਕਰਦੇ ਹੋ (ਮੈਂ) ਝੱਟ ਦੇ ਦਿੰਦਾ ਹਾਂ। [9]ਜ਼ਿਮੀਦਾਰਾਂ ਨੇ। [10]ਧਰਤੀ ਤੇ। [11]ਭਾਵ ਕੀਕੂੰ ਜੀਵਾਂਗੇ। [12]ਛੱਡੇ ਪਾਣੀ ਨੂੰ ਭਾਵ ਮੀਂਹ ਪਵੇ। [13]ਗੁਰੂ ਜੀ ਨਾਲ ਈਰਖਾ ਭਾਰੀ (ਰਖਦਾ) ਸੀ। [14]ਘਰਾਂ ਨੂੰ। [15]ਗੁਰੂ ਜੀ ਦੀ ਗੁਰਿਆਈ ਸਹਿ ਨਹੀਂ ਸਕਦਾ। [16]ਸੜਦਾ। [17]ਈਰਖਾ। *ਪਾਃ–ਹੋਹਿਂ। †ਗੁਰਤਾ ਗੁਰ ਸਹਿ ਸਕਹਿ ਸੁਨਾਹੀਂ।

ਭਰਮਾਇ ਜਾਇਂ ਤਿਸ ਡੇਰੇ[1]—।ਯਾਂਤੇ ਡਰਤਿ ਰਹਤਿ ਉਰ ਮਾਂਹਿ। ਨਿਸਿ ਬਾਸੁਰ ਬਹੁ ਨਿੰਦ ਕਰਾਹਿ ॥ ੨੯ ॥ ਗੁਰੁ ਕੀਰਤਿ ਰਾਂਕਾ ਸੁ[2] ਪ੍ਰਕਾਸ਼ੀ। ਸੋ[3] ਤਸਕਰ ਦੁਰਮਤੀ ਦੁਰਾਸੀ[4]। ਰਹਤਿ ਛਾਦਿਬੇ ਮੂਰਖ ਮਾਨੀ। ਲਖਿ ਉਪਾਇ ਕੋ ਬੋਲਯੋ ਬਾਨੀ ॥ ੩੦ ॥ 'ਭੋ ਖਹਿਰਯੋ[5] ਤੁਮ ਜਾਨਹੁ ਕਾਰਨ। ਜਿਸਤੇ ਬਰਖਾ ਹੋਤਿ ਨ ਬਾਰਨ[6]*। ਖੱਤ੍ਰੀ ਗ੍ਰਾਮ ਤੁਮਾਰੇ ਅਹੈ। ਸੋ ਅਪ-ਰਾਧ ਕਰਤਿ ਹੀ ਰਹੈ ॥ ੩੧ ॥ ਪੂਰਬ ਨਾਮ ਅਹੈ ਜਿਸ ਲਹਿਣਾ। ਅਬਿ ਅੰਗਦ ਹੀ ਤਿਸ ਕੋ ਕਹਿਣਾ। ਨਾਮ ਆਨ ਅਪਨੋ ਧਰਵਾਯੋ।ਕਿਤ ਕਿਤ ਤੇ ਨਰ ਹੈ ਸਮੁਦਾਯੋ॥੩੨॥ਟੇਕਹਿਂ ਮਸਤਕ ਹੋਤਿ ਅਨੀਤੀ। ਨਹੀਂ ਸਾਧ, ਪੁਨ ਗ੍ਰਿਹਸਤੀ ਰੀਤੀ। ਕਰਹਿ ਪੁਜਾਵਨਿ ਲੋਕਨ ਪਾਸ। ਬੈਠਹਿ ਗੁਰਤਾ[7] ਧਰਹਿ ਪ੍ਰਕਾਸ਼ ॥ ੩੩ ॥ ਜੇ ਅਸ ਪਦਵੀ ਚਾਹਤਿ ਸੋਇ। ਪਟ ਕਖਾਯ[8] ਸਾਧੁ ਸਮ ਹੋਇ। ਨਿਜ ਕੁਟੰਬ ਤੇ ਹੋਇ ਨਿਰਾਲਾ। ਲੇ ਅਲੰਬ ਕਿਹਿ ਪੰਥ[9] ਬਿਸਾਲਾ ॥ ੩੪ ॥ ਕਰਹਿ ਪੁਜਾਵਨ ਪੁਨ ਸਭਿ ਮਾਂਹਿ। ਤਉ ਬਿਪਰੀਤਿ ਨਹੀਂ ਹੁਇ ਤਾਂਹਿ। ਪੁੱਤ੍ਰ ਭਾਰਜਾ ਮਹਿਂ ਇਹ ਰਹੇ। ਕਥੰ[10] ਪੁਜਾਵਨ ਨਰ ਤੇ ਲਹੈ ॥੩੫॥ ਤੁਮ ਭੀ ਰਿਦੇ ਬਿਚਾਰੋ ਬਾਤਿ। ਹੋਤਿ ਕਿ ਨਹੀਂ ਏਹੁ ਉਤ-ਪਾਤਿ[11]। ਤੁਮ ਤੋ ਨਹੀਂ ਮਾਨਤੇ ਤਾਂਹਿ। ਇਹ ਨੀਕੇ ਮੈਂ ਜਾਨਤਿ ਆਹਿ ॥੩੬॥ ਤਉ ਪਿਖਹੁ ਤੁਮ ਤਿਸ ਕੇ † ਬਾਸਿ[12]। ਭਯੋ ਕਸ਼ਟ ਸਭਿ ਕੋ ਸੁ ਪ੍ਰਕਾਸ਼[13]। ਅਬਿ ਉਪਚਾਰ ਕਰਹੁ ਤਿਸ ਕੇਰਾ। ਤਬਹੂੰ ਬਰਖੈ ਮੇਘ ਬਡੇਰਾ ॥ ੩੭ ॥ ਸਭਿ ਮਿਲ ਜਾਵਹੁ ਅਬਿ ਉਸ ਪਾਸਿ। ਅਪਨ ਗ੍ਰਾਮ ਤੇ ਦੇਹੁ ਨਿਕਾਸ। ਜਬਿ ਸੋ ਗ੍ਰਾਮ ਨਿਕਸਿ ਕੈ ਜਾਇ।ਬਹੁਰ ਤੁਮਾਰੋ ਹੈ ਮਨ ਭਾਇ॥ ੩੮ ॥ ਅਪਰ ਗ੍ਰਾਮ ਕਿਸ ਜਾਇ ਬਸੈ ਹੈ। ਫੇਰ ਤੁਮਹਿਂ ਨਹਿਂ ਸੰਕਟ ਪੈਹੈ'। ਇਮਿ ਸੁਨਿਕੈ ਸਭਿ ਨੈ ਮਨ ਮਾਨੀ। 'ਕਹਹੁ ਤਪਾ ਜੀ! ਤੁਮ ਸਚੁ ਬਾਨੀ ॥ ੩੯ ॥ ਗ੍ਰਿਹਸਤੀ ਹੋਇ ਪੁਜਾਵਨ ਕਰਿਹੀ। ਆਵਹਿਂ ਅਨਿਕ ਵਹਿਰ ਕੈ ਨਰ ਹੀ।ਹਮ ਤੋ ਤਿਸ ਕੋ ਮਾਨੈਂ ਨਾਂਹੀ।ਜਾਇ ਸਮੀਪ ਤਾਂਹਿ ਨਿਕਸਾਹੀ[14]'

[1]ਮਤਾਂ ਭਰਮ ਕੇ ਉਸ ਦੇ ਡੇਰੇ ਚਲੇ ਜਾਣ। [2]ਪੂਰਨਮਾਸ਼ੀ ਦੇ ਚੰਦਰਮਾਂ ਦੀ ਚਾਨਣੀ ਵਤ। [3]ਸੋ ਭਾਵ ਤਪਾ। [4]ਚੋਰ, ਖੋਟੀ ਨੀਯਤ ਵਾਲਾ [ ਸੰ:, ਦੁਰਾਸ਼ਯ ] ( ਅ ) ਝੂਠੀ ਆਸ ਵਾਲਾ। [ਸੰਸ:, ਦੁਰਾਸ਼ਾ]। [5]ਓ! ਖਹਿਰਓ! [6]ਬੱਦਲਾਂ ਤੋਂ। (ਅ) ਵੱਸਦੀ। [7]ਭਾਵ ਗੁਰਿਆਈ ਦੀ ਗੱਦੀ ਤੇ। [8]ਕੱਪੜੇ ਭਗਵੇ (ਪਹਿਨ ਕੇ)। [9]ਕਿਸੇ ਭੇਖ ਦਾ। [10]ਕਿਉਂ। [11]ਉਪੱਦ੍ਰਵ। [12]ਵੱਸਣੇ ਕਰਕੇ। [13]ਪ੍ਰਗਟ। [14]ਉਸ ਨੂੰ ਕੱਢ ਦੇਂਦੇ ਹਾਂ।

*ਪਾ:—ਜਿਸਤੇ ਅਬਿ ਭੀ ਬਰਖਾ ਬਾਰ ਨ। †ਪਾ:—ਤੇ।

॥੪੦॥ਇਮਿਕਹਿ ਗਮਨੇ ਖਹਿਰੇਸਾਰੇ।ਹਰਖਨੋ ਤਪਾ ਸੁ ਰਿਦੈਮਝਾਰੇ।ਅਪਨ ਕਾਮਨਾ ਪੂਰਨ ਜੋਈ[1]। ਇਮਿ ਨਹਿਂ ਲਖਹਿ ਨਿਕਟ ਮ੍ਰਿਤੁ ਹੋਈ ॥੪੧॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਅਰੁ ਤਪੇ ਕੋ' ਪ੍ਰਸੰਗ ਬਰਨਨੰ ਨਾਮ ਏਕਬਿੰਸਤੀ ਅੰਸੂ ॥ ੨੧ ॥

## ੨੨. [ਤਪੇ ਦਾ ਪ੍ਰਸੰਗ–ਜਾਰੀ]।

ਦੋਹਰਾ ॥ ਮੂਰਖ ਖਹਿਰੇ ਕ੍ਰਿਖੀਕਰਿ[2] ਮਨ ਮਹਿਂ ਨਿਸ਼ਚੈ ਠਾਨਿ। ਨਿੰਦਕ ਅਘੀ ਦੁਰਾਤਮਾ[3] ਦੁਸ਼ਟ ਬਾਕ[4] ਕੋ ਮਾਨਿ ॥ ੧ ॥ਚੌਪਈ ॥ ਅਨਹਿਤ ਕੋ ਬਚ* ਹਿਤ ਕਰਿ ਮਾਨਾ[5]। ਗੁਰੂ ਮਹਾਤਮ ਤੇ ਅਨਜਾਨਾ। ਮਹਾਂ ਮੰਦ ਮਤਿ ਨੌ ਦਸ ਮਿਲੇ। ਸ਼੍ਰੀ ਸਤਿਗੁਰ ਕੇ ਘਰ ਕੋ ਚਲੇ॥੨॥ ਇਮਿ ਤਰਕਨ ਹਿਤ ਗੁਰੁ ਢਿਗ ਗਏ। ਗਿਰਾ ਕਠੋਰੀ[6]ਭਾਖਤਿ ਭਏ। 'ਇਹਾਂ ਬਸਨ ਨਹਿਂ ਨੀਕ ਤੁਮਾਰੇ। ਜਹਿਂ ਇੱਛਹੁ ਥਲ ਆਨ ਪਧਾਰੋ ॥ ੩ ॥ ਬਰਖਾ ਹਟੀ ਬਿਘਨ ਕ੍ਰਿਖਿ[7] ਭਾਰੀ।ਅਖਿਲ ਗ੍ਰਾਮ ਕੋ ਸੰਕਟ[8]ਧਾਰੀ। ਸਭਿਹਿਨਿ ਕੋ ਅਤਿ ਚਿੰਤਾ ਹੇਤ[9]। ਅਹੈ ਤੁਮਾਰੋ ਏਕ ਨਿਕੇਤ॥੪॥ਏਕ ਗ੍ਰਾਮ ਹਿਤ ਦੇਸ਼ ਦੁਖਾਵੈ[10]†। ਤਉ ਤਿਹ ਤਜਾਗਨ ਹੀ ਬਨਿ ਆਵੈ। ਇਕ ਕੁਲ ਹੇਤ ਗ੍ਰਾਮ ਦੁਖ ਪਾਇ। ਤੌ ਤਿਸ ਕੁਲ ਕੋ ਤਜਾਗ ਕਰਾਇ ॥੫॥ ਇਕ ਕੇ ਤਜਾਗੇ ਕੁਲ ਬਚ ਰਹੈ। ਕਰਹਿ ਤਜਨਿ ਯੌਂ ਬੁਧਿ ਜਨ ਕਹੈਂ। ਯਾਂਤੇ ਤੁਮ ਘਰ ਤਜਾਗਨ ਕਰੇ[11]। ਸਗਰੇ ਗ੍ਰਾਮ ਚਿੰਤ ਕੋ ਹਰੋ ॥ ੬ ॥ ਇਮਿ ਮਨ ਜਾਨਹੁ ਨਿਕਸਿ ਸਿਧਾਰੋ। ਨਹੀਂ ਘਟੀ[12] ਅਬਿ ਰਹਨਿ ਤੁਮਾਰੋ। ਕਰਹੁ ਉਤਾਇਲ ਵਸਤੁ ਸਮ੍ਹਾਰੋ। ਰਹੈ ਸ਼ੇਖ਼ ਧਰਿ ਜਾਹੁ ਅਗਾਰੋ[13]॥੭॥ ਪੁਨ ਅਪਨੀ ਲੇ ਗਮਨਹੁ ਸਾਰੀ। ਚਲੇ ਜਾਹੁ ਨਹਿਂ ਕਰਹੁ ਅਵਾਰੀ[14]। ਗ੍ਰਾਮਾਧੀਸ ਗ੍ਰਾਮ ਨਰ ਸਾਰਨ[15]। ਮਤੋ ਏਕ ਹੈ ਵਹਿਰ ਨਿਕਾਰਨਿ ॥ ੮ ॥ ਕੋਇ ਨ ਪੱਖਜ ਤੁਮਾਰੋ ਕਰਿਹੀ। ਜਿਸਤੇ ਰਹਹੁ ਧੀਰ ਉਰ ਧਰਿਹੀ। ਬਡ ਬੁਧਿਵੰਤ ਤਪਾ ਜੀ ਕਹਨੋ।–ਤਿਸਕੋ ਬਸੇ ਤੁਮਨ ਦੁਖ ਸਹਨੋ[16]–॥੯॥ਕਰੀ ਗ੍ਰਾਮ ਪਰ ਕ੍ਰਿਪਾ ਬਡੇਰਿ। ਜਤਨ ਬਤਾਯੋ

[1]ਇੱਛਾ ਪੂਰੀ ਹੁੰਦੀ ਵੇਖੀ। [2]ਖੇਤੀ ਦੇ ਕਰਨ ਵਾਲੇ। [3]ਮੰਦ ਆਤਮਾ ਵਾਲੇ। [4]ਦੁਸ਼ਟ ( ਤਪੇ ) ਦੇ ਵਾਕ ਨੂੰ। [5]ਵੈਰ ਦੇ ਬਚਨ ਨੂੰ ਹਿਤ ਦਾ ਬਚਨ ਮੰਨ ਲਿਓ ਨੇ। [6]ਕੌੜੇ ਬਚਨ। [7]ਖੇਤੀ। [8]ਦੁੱਖ। [9]ਚਿੰਤਾ ਦਾ ਕਾਰਨ। [10]ਦੁਖ ਪਾਵੇ। [11]ਛੱਡਿਆਂ। [12]ਘੜੀ ਜਕ। [13]ਬਾਕੀ ਵਸਤਾਂ (ਕਿਸੇ) ਘਰ ਧਰ ਜਾਓ। [14]ਦੇਰੀ। [15]ਗ੍ਰਾਮ ਪਤੀ, ਨੰਬਰਦਾਰਾਂ ਦਾ ਤੇ ਪਿੰਡ ਦੇ ਲੋਕਾਂ ਸਾਰਿਆਂ ਦਾ। [16]ਭਾਵ ਗੁਰੂ ਅੰਗਦ ਦੇ ਏਥੇ ਵਸਣ ਨਾਲ ਤੁਸਾਂ ਦੁਖ ਪਾਇਆ ਹੈ।

*ਪਾ:–ਬਚੁ। †ਪਾ:–ਦੁਖ ਪਾਵੈ।

ਬਰਖਾ ਕੋਰਿਨਈ ਰੀਤਿ ਤੁਮ ਨੇ ਇਹੁ ਧਰੀ।ਨਹਿਂ ਗ੍ਰਿਹਸਤੀ ਨ ਫਕੀਰੀ ਕਰੀ॥੧੦॥ਇਸੀ ਦੋਸ਼ ਤੇ ਘਨ ਨਹਿਂ ਆਵੈ।ਕ੍ਰਿਖੀ ਸ਼ੁਸ਼ਕ,-ਨੀਰ ਨ ਬਰ-ਖਾਵੈ।ਪੰਚਾਇਤ ਪਤਿ ਹੈ ਇਸ ਗ੍ਰਾਮ।ਸੋ ਸਭਿ ਕਹਿਂ ਨਿਕਸਹੁ ਤਜਿਧਾਮ' ॥੧੧॥ਸੁਨਿਕੈ ਸ਼੍ਰੀ ਗੁਰ ਅੰਗਦ ਕਹਯੋ। 'ਬਾਸ ਹਮਾਰ ਕਾਲ ਚਿਰ[1] ਰਹਯੋ। ਨਿਤਿ ਬਰਖਾ ਬਰਖਤਿ ਕ੍ਰਿਖਿ ਹੋਈ।ਹਮਰੋ ਦੋਸ਼ ਕਹੈ ਕਿਮਿ ਕੋਈ?॥੧੨॥ ਪੁਰਸ਼ਨ ਕੇ ਕਰਮਨ ਅਨੁਸਾਰ। ਸੁਖ ਦੁਖ ਉਪਜਤਿ ਬਾਰੰਬਾਰ। ਕਬਹੂ ਸੁਖੀ ਕਬਹਿਂ ਦੁਖ ਪਾਵੈਂ। ਜਿਮਿ ਨਿਸ ਦਿਨ ਆਵਤਿ ਪੁਨ ਜਾਵੈਂ ॥੧੩॥ ਰਾਉ ਰੰਕ ਕੇ ਏਕ ਸਮਾਨ। ਉਪਜਤਿ ਹੈ ਅਵੱਸ਼ਯ ਨਹਿਂ ਹਾਨ[2]। ਸੁਖ ਹੋਏ ਹਰਿਖਾਇ ਹੰਕਾਰਤਿ। ਅਧਿਕ ਅਹੰਤਾ ਅਪਨੀ ਧਾਰਤਿ॥ ੧੪॥ ਦੁਖ ਕੋ ਪਾਇ ਦੀਨ ਹੁਇ ਜਾਹਿਂ।-ਦਿਯੋ ਪ੍ਰਭੂ ਨੇ-ਕਹਿ ਬਿਲ-ਲਾਹਿਂ[3]।ਈਸ਼ੁਰ ਬਿਖੈ ਅਰੋਪਹਿਂ[4] ਦੋਸ਼।ਨਿਜ ਕਰਮਨ ਗਤਿ ਕੀ ਨਹਿਂਹੋਸ਼ ॥੧੫॥ਪ੍ਰਾਨੀ ਕਰਮ ਕਰਤਿ ਨਿਜ ਜਥਾ।ਫਲ ਦੇ ਪ੍ਰਭੁ ਦੇਖਿ ਕਰਿ ਤਥਾ॥ ਸੁਖ ਦੁਖ ਜਗਤ ਨਾਥ ਕੇ ਹਾਥ।ਸੁਮਤਿ ਲਖਹਿਂ[5] ਦੋਸ਼ਨ ਨਿਜ ਸਾਥ[6]। ੧੬॥ ਦੋਇਨ ਮਹਿਂ ਪ੍ਰਭੁ ਕੋ ਸਿਮਰੰਤੇ। ਜਾਨਹਿਂ ਕਰਮਨਿ[7] ਫਲ ਉਪ-ਜੰਤੇ।ਤਿਸ ਕੋ ਪੁਰਖਨ ਮਹਿਂ ਕਹਿਂ ਧੀਰਾ[8]।ਪਰਮੇਸ਼ੁਰ ਕੋ ਲਖਹਿਂਗਹੀਰਾ'॥ ੧੭॥ ਸੁਨਿ ਕੈ ਗੁਰ ਕੇ ਬਚ ਸੁਖਸਾਰ। ਪੁਨਹਿ ਭਨੀ ਪਰੁਖਾ[9]* ਕ੍ਰਿਖਿ-ਕਾਰ[10]।'ਕੋ ਕਬਿ ਸੁਨੈ ਨ ਗਯਾਨ ਤੁਮਾਰੋ। ਮਤ[11] ਸਭਿ ਕੋ-ਤੁਮ ਨਿਕਸਿ ਸਿਧਾਰੋ-॥੧੮॥ ਨਾਂਹਿ ਤ ਗਹਿ ਕੈ ਬਾਂਹ ਤੁਮਾਰੀ। ਤੂਰਨ ਬਲ ਕਰਿ ਦੇਹਿਂ ਨਿਕਾਰੀ। ਤਪੇ ਬਖਾਨਯੋ ਹਟਹਿਂ ਸੁ ਨਾਂਹੀ। ਬਾਤੈਂ ਆਨ ਬਨਾਵਹੁ ਕਾਹੀ[12]' ॥੧੯॥ ਸ਼੍ਰੀ ਅੰਗਦ ਸੁਨਿ ਬਹੁ ਬਿਕਸਾਨੇ। ਬੁੱਢੇ ਸੋਂ ਅਸ ਬਾਕ ਬਖਾਨੇ।'ਉਠਵਾਵਹੁ ਪਰਯੰਕ ਹਮਾਰੋ।ਹਮ ਤੇ ਇਨਕੋ ਹੋਤਿ ਬਿਗਾਰੋ॥੨੦ ॥ਜੰਗਲ ਮੈਂ ਇਕ ਡੀਹ[13]ਪੁਰਾਨੀ।ਖਾਨ ਰਜਾਦਾ ਨਾਮ ਬਖਾਨੀ। ਚਲਹੁ ਤਹਾਂ ਹਮ ਰਹਹਿਂ ਇਕੰਤ। ਸ਼ੁਭਤਿ ਇਕੰਤਹਿ ਸੰਤ ਮਹੰਤ'॥੨੧॥ ਸੁਨਿ

---

[1]ਚਿਰ ਕਾਲ ਦਾ। [2]ਭਾਵ ਦੁਖ ਸੁਖ ਅਵੱਸ਼ੋਂ ਉਪਜਦਾ ਹੈ ਮਿਟਦਾ ਨਹੀਂ। [3]ਕਹਿਕੇ ਰੋਂਦੇ ਹਨ। [4]ਥੱਪਦੇ ਹਨ। [5]ਸਿਆਣੇ ਸਮਝਦੇ ਹਨ। [6]ਆਪਣੇ ਦੋਸ਼ ਕਰਕੇ (ਮੈਨੂੰ ਦੁਖ ਪ੍ਰਾਪਤ ਹੋਇਆ ਹੈ)। [7]ਕਰਮ ਹੀ। [8]ਬੁੱਧੀਵਾਨ, ਧੀਰਜਵਾਨ [ਸਿਂਸ:, ਧੀਰ:]। [9]ਕਠੋਰ (ਬਾਣੀ)। [10]ਖੇਤੀ ਕਰਨ ਵਾਲੇ (ਜ਼ਿਮੀਦਾਰਾਂ) ਨੇ। [11]ਸਲਾਹ। [12]ਕਿਉਂ। [13]ਥੇਹ, ਥਿੜੀ।

*ਪਾ:-ਪਰਖਾ।

ਕੈ ਸਭਿ ਸਿੱਖਨ ਮਨ ਜਾਨਾ ।–ਤਪੇ ਅਸੂਯਕ[1] ਦੁਸ਼ਟ ਬਖਾਨਾ । ਰਾਹਕ
ਮੂਰਖ ਲਖਹਿਂ ਨ ਕੈਸੇ । ਅਘੀ[2] ਈਰਖਾ ਠਾਨਹਿ ਜੈਸੇ ॥ ੨੨ ॥ ਅਪਰ
ਉਪਾਵ ਬਨਤਿ ਕੁਛ ਨਾਂਹੀ । ਨਿਕਸਹਿਂ ਚਲਹਿ ਆਨ ਥਲ ਮਾਂਹੀ ।
ਕਰਹਿਂ ਦੇਰ ਬਿਗਰਹਿਂ ਮਤਿਮੰਦੇ। ਮਹਾਂ ਮੂਢ ਮਿਲ ਜੈਹਹਿਂ ਬ੍ਰਿੰਦੇ–॥੨੩॥
ਲਖਿ ਅਜਤਨ[3] ਨਿਕਸਨ ਹੀ ਚਹਾ । ਚਲੇ ਵਹਿਰ ਕੋ ਸੋ ਥਲ ਜਹਾਂ ।
ਕ੍ਰਿਖਿਕਾਰਨ ਸੋਂ ਨਿਕਸਤਿ ਕਹਯੋ । 'ਹਮਰੇ ਬਾਸ ਜਿ ਤੁਮ ਦੁਖ ਲਹਯੋ
॥੨੪॥ ਤੌ ਹਮ ਜਾਇ ਅਪਰ ਥਲ ਰਹੈਂ। ਗ੍ਰਾਮ ਦੁਖੀ ਕਯੋਂ ਕਰਿਬੇ ਚਹੈਂ'।
ਜਿਤਿਕ ਸਿੱਖ ਸੇ ਸੰਗ ਸਿਧਾਰੇ । ਚਲੇ ਪਿਛਾਰੀ, ਗੁਰੂ ਅਗਾਰੇ ॥ ੨੫ ॥
ਚੌਦਹਿ ਲੋਕਨ ਥਾਪਿ ਉਥਾਪੇ[4] । ਤਊ ਛਿਮਾਨਿਧਿ ਪਰਮ ਅਮਾਪੇ[5] ।
ਗਮਨਤਿ ਪਹੁੰਚੇ ਕੇਤਿਕ ਦੂਰੇ । ਕਰਯੋ ਜਾਇ ਡੇਰਾ ਗੁਰ ਪੂਰੇ ॥ ੨੬ ॥
ਸਿੱਖਨ ਸਮੀਪ ਬੈਠਿਗੇ ਤਹਾਂ । ਇਕ ਰਸ ਰਿਦਾ ਸ਼ਾਂਤਿ ਨਿਤ ਮਹਾਂ ਜਹਾਂ
ਜਾਇ ਬੈਠੇ ਤਹਿਂ ਜੰਗਲ। ਸਤਿਗੁਰ ਪਗ ਤੇ ਭਾ ਥਲ ਮੰਗਲ॥੨੭॥ਸਭਿ
ਮੰਗਲ ਕੇ ਗੁਰੁ ਇਸਥਾਨ[6]।ਕਯੋਂ ਨ ਹੋਹਿ ਤਹਿਂ* ਜਹਿਂ ਭਗਵਾਨ।ਕਰਹਿਂ
ਕੀਰਤਨ ਸੁਨੈਂ ਅਨੇਕ । ਸੋਭਹਿਂ ਬੀਚ ਸਮੁੰਦ੍ਰ ਬਿਬੇਕ[7] ॥ ੨੯ ॥ ਤਬਿ
ਸ੍ਰੀ ਬੁੱਢੇ ਬਾਕ ਬਖਾਨਾ । 'ਆਪ ਪਰਮ ਹੋ ਛਿਮਾ ਨਿਧਾਨਾ । ਦ੍ਰੋਹਿ ਅਕਾ-
ਰਨ ਤਪਾ ਸੰਤਾਪੀ[8] । ਨਿੰਦਾ ਕਰਤਿ ਅਸੂਯਕ ਪਾਪੀ ॥ ੨੯ ॥ ਇਹ
ਰਾਹਕ ਮੂਰਖ ਮਤਿ ਹੀਨੇ । ਰਿਦੇ ਬਿਚਾਰ ਜਿਨਹੁ ਨਹਿਂ ਕੀਨੇ । ਆਨਿ
ਆਪ ਕੋ ਕਿਯ ਅਪਮਾਨਾ । ਸਭਿ ਸਿਰਮੌਰ ਉਚਿਤ ਸਨਮਾਨਾ[9] ॥ ੩੦ ॥
ਤੁਮਰੀ ਕਰੀ ਅਵੱਗਯਾ ਜੋਇ । ਤਪਾ ਪਾਇ ਫਲ ਅਤਿ ਦੁਖਿ ਹੋਇ।ਬਿਨ
ਕਾਰਨ ਹੀ ਦ੍ਵੈਸ਼ ਕਮਾਵਹਿ†। ਹਸਹਿ ਨਿਕਾਸਿ,ਕਹਾਂ ਸੁਖ ਪਾਵਹਿ॥੩੧॥
ਅਜਰ ਜਰਨ ਧੀਰਜ ਤੁਮ ਮਾਂਹੀ । ਕਰਿ ਸਕਿ ਹੈ ਸਮਤਾ,ਅਸ ਨਾਂਹੀ[10] ।
ਛਿਮਾਵੰਤ ਛਿਤਿ ਜਿਮਿ[11] ਸਭਿ ਕਾਲਾ । ਕੈ ਗਾਵਰਿ ਮੈਂ ਛਿਮਾ ਬਿਸਾਲਾ ॥

---

[1]ਈਰਖਾ ਕਰਨ ਵਾਲੇ । [2]( ਤਪਾ ) ਪਾਪੀ । [3]( ਗੱਲ ਨੂੰ ) ਜਤਨ ਨਾਲ ਨਾ ਸਿੱਧ ਹੋਣ ਵਾਲੀ ਜਾਣਕੇ । [4]ਚੌਦਾਂ ਲੋਕਾਂ ਦੇ ਕਰਤਾ ਹਰਤਾ । [5]ਮਾਪਣੇ ਤੋਂ ਰਹਤ । [6]ਸਾਰੇ ਮੰਗਲਾਂ ਦਾ ਅਸਥਾਨ ਗੁਰੂ ਆਪ ਹਨ । [7]ਭਾਵ ਗੁਰੂ ਜੀ । [8]ਬਿਨਾ ਕਾਰਨ ਤੋਂ ਤਪਾ ਦੁਖਦਾਈ । [9]ਸਭ ਦੇ ਵੱਡੇ ਤੇ ਆਦਰ ਯੋਗ ਹੋ । [10]ਐਸਾ ( ਕੋਈ ) ਨਹੀਂ । [11]ਧਰਤੀ ਹੈ ਜਿਵੇਂ ।

*ਪਾਃ–ਕਯੋਂ ਨ ਹੋ ਚਿਤਹਿ । †ਪਾਃ–ਮਚਾਵਹਿ ।

੩੨॥ਆਪ ਸਮਰਥ ਚਹਹੁ ਸੋ ਕਰਹੁ।ਸਭਿਨਿ ਡਰਾਵਹੁ ਤੁਮ ਨਹਿ ਡਰਹੁ। ਏਕ ਬਾਕ ਸੋਂ ਬਿਨਾ ਉਪਾਇ। ਮਾਰਹੁ ਸਭਿਹਿਨਿ ਦੇਹੁ ਜਿਵਾਇ[1]॥੩੩॥ ਤਿਨਕੇ ਕਹੇ ਨਿਕਸਿ ਅਬਿ ਆਇ। ਨਹੀਂ ਆਪ ਨੇ ਕਛੂ ਜਨਾਇ।ਜਸੋਂ ਤੁਮ ਭਾਵਹੁ ਸੋਈ ਭਲੇ। ਹਮਰੋ ਕਹਨਿ ਨਹੀਂ ਕੁਛ ਚਲੇ'॥੩੪॥ ਇਮਿ ਕਹਿ ਮੋਨ ਧਾਰਿ ਕਰਿ ਬੈਸੇ। ਪਿਖਹਿਂ ਗੁਰੂ ਗਤਿ ਕਰਿ ਹੈਂ ਜੈਸੇ। ਨਿਜ ਪ੍ਰਤਾਪ ਕੋ ਨਹੀਂ ਜਨਾਵਹਿਂ। ਅਪਰ ਨਰਨਿ ਸਮ ਅਪਨ ਦਿਖਾਵਹਿਂ ॥ ੩੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਕੋ ਗ੍ਰਾਮ ਤੇ ਨਿਕਾਸਨ' ਪ੍ਰਸੰਗ ਬਰਨਨੰ ਨਾਮ ਦੋਇ ਬਿੰਸਤੀ ਅੰਸੂ ॥ ੨੨ ॥

## ੨੩. [ਤਪੇ ਦੀ ਮੌਤ]।

ਦੋਹਰਾ ॥ ਤੇਜੋ ਕੇ ਨੰਦਨ[2] ਜੁਊ* ਸੇਵ ਕਰਤਿ ਦਿਨ ਰੈਨਿ। ਗਮਨੇ ਹੁਤੇ ਨਿਕੇਤ ਕੋ ਪ੍ਰੇਮ ਭਰੇ ਜੁਗ ਨੈਨ ॥ ੧ ॥ ਚੌਪਈ ॥ ਨਿਕਸੇ ਗੁਰੂ ਪਿਛਾਰੀ ਆਯੋ।ਡੇਰੇ ਗ੍ਰਾਮ ਬਿਖੇ ਦਰਸਾਯੋ।ਤਹਿਂ ਸੰਗੀ ਨਿਜ ਕੋਇ ਨ ਦੇਖ।। ਸਹਤ ਗੁਰੂ ਨਹਿਂ ਸਿੱਖ ਅਸ਼ੇਖ[3]॥੨॥ਬੂਝਨ ਕੀਨਿ'ਗੁਰੂ ਕਿਤ ਗਏ?। ਸਿਖ ਜੇ ਸਗਲ ਸੰਗ ਹੀ ਲਏ। ਕੌਨ ਕਾਜ ਤਿਨ ਕੋ ਅਸ ਭਯੋ। ਤਤਛਿਨ ਗਮਨ ਵਹਿਰ ਕੋ ਕਯੋ?'॥੩॥ ਸੁਨਿ ਕਿਸਿ ਨਰ ਨੇ ਕਥਾ ਬਖਾਨੀ। 'ਪਾਪੀ ਤਪੇ ਦੁਸ਼ਟਤਾ ਠਾਨੀ।ਕਹਯੋ ਕਿ-ਬਰਖਾ ਹੋਵੈ ਤਦਾ।ਸ਼੍ਰੀਗੁਰ ਅੰਗਦ ਨਿਕਸਹਿ ਜਦਾ-॥੪॥ ਸੁਨਿ ਰਾਹਕ ਮੂਰਖਮਤਿ ਆਏ।-ਨਿਕਸਹੁ ਗ੍ਰਾਮ-ਕਠੋਰ ਅਲਾਏ। ਛਿਮਾ ਧਾਰਿ ਗੁਰੁ ਵਹਿਰ ਪਧਾਰੇ। ਨਹਿਂ ਘਨ ਬਰਖੇ ਕਿਨਹੁ ਨਿਹਾਰੇ[4] ॥ ੫ ॥ ਕਰੀ ਅਵੱਗਯਾ ਸਤਿਗੁਰ ਕੇਰੀ। ਤਪਹਿ ਤਪਾ ਮਤਸਰ ਤੇ ਹੇਰੀ[5]। ਭਯੋ ਅਬਹਿ ਅਪਰਾਧੀ ਏਹੂ। ਉਚਿਤ ਦੰਡ ਕੇ ਸੋ ਲਖਿਲੇਹੂ ॥੬॥ ਮਨ ਬਚ ਕ੍ਰਮ[6] ਤੇ ਕਬਿ ਅਪਕਾਰਾ। ਨਹਿਂ ਕੀਨਸਿ[7],ਤੱਦਪਿ ਦੁਰਚਾਰਾ[8]।ਕਰਤਿ ਦ੍ਵੈਸ਼ ਕੋ ਕਾਰਣ ਬਿਨਾ। ਇਸ ਤੇ ਅਪਰਾਧੀ ਕੋ ਘਨਾ ॥੭॥ ਜਿਸਨੇ ਹਿਤ ਅਨਹਿਤ[9] ਨ ਬਿਚਾਰੇ। ਸਿਖਵਨ[10] ਦੇ ਗੁਰ ਵਹਿਰ ਨਿਕਾਰੇ'। ਸ਼੍ਰੀ ਗੁਰ ਅਮਰ ਸੁਨਤਿ ਦੁਖ ਪਾਯੋ।-ਦੇਖੋ ਕਹਾ ਇਨਿ ਦ੍ਵੈਸ਼

[1]ਕਿਸੇ ਉਪਾਵ ਦੀ ਲੋੜ ਨਹੀਂ, ਇਕ ਵਾਕ ਨਾਲ ਹੀ ਸਭ ਨੂੰ ਮਾਰ ਜਿਵਾਲ ਸਕਦੇ ਹੋ। [2]ਭਾਵ ਸ੍ਰੀ ਅਮਰਦਾਸ ਜੀ। [3]ਸਾਰੇ। [4]ਬੱਦਲ ਵਰ੍ਹਿਆ (ਅਜੇ) ਕਿਸੇ ਨਹੀਂ ਦੇਖਿਆ। [5]ਤਪਾ ਈਰਖਾ ਨਾਲ ਤਪਿਆ (ਸੜਦਾ) ਦੇਖੀਦਾ ਹੈ। [6]ਸਰੀਰ। [7]ਬੁਰਾ ਨਹੀਂ ਕੀਤਾ ਗੁਰੂ ਜੀ ਨੇ ਕਦੇ। [8]ਤਾਂ ਭੀ ਪਾਪੀ (ਤਪਾ)। [9]ਭਲਾ ਬੁਰਾ। [10]ਸਿੱਖਯਾ। *ਪਾ:-ਹੁਤੇ।

ਕਮਾਯੋ ॥ ੮ ॥ ਸਰਲ ਸਮਾਨ ਚਿੱਤ ਗੁਰ[1] ਪੂਰੇ । ਰਾਹਕ ਤਪਾ ਮੰਦਮਤਿ ਕੂਰੇ । ਲੇਨਿ ਦੇਨਿ ਤਿਨ ਕੋ ਨਹਿਂ ਕੋਈ । ਕਜੋਂ ਕੁਕਰਮ ਮਿਲਿ ਠਾਨਜੋ ਸੋਈ ॥ ੯ ॥ ਮੋ ਤੇ ਜਰਨੋ* ਜਾਇ ਨਹਿਂ ਕੈਸੇ । ਜਾਵਦ ਬਲ ਮੈਂ ਦੇਉਂ ਨ ਤੈਸੇ–। ਇਮਿ ਕਹਿ ਗਏ[2] ਪੰਚਾਇਤਿ ਪਾਸ । ਬੈਠੇ ਧਾਰਜੋ ਬਰਖਾ ਆਸ ॥੧੦॥'ਭੋ ਰਾਹਿਕ ਗਨ ਕਾਜ ਤੁਮਾਰੇ । ਭਯੋ ਕਿਧੌਂ ਨਹਿਂ ਗੁਰੂ ਨਿਕਾਰੇ[3]। ਜੋ ਇੱਛਾ ਮਨ ਮੈਂ ਤੁਮ ਠਾਨੀ । ਭਯੋ ਕਿ ਨਹਿਂ ਖੇਤੋਂ ਮਹਿਂ ਪਾਨੀ' ॥੧੧॥ ਸੁਨਿ ਕ੍ਰਿਖਿਕਾਰਨ ਐਸੇ ਬੈਨ । ਕਹਤਿ ਭਏ 'ਕੋ ਬਰਖਾ ਹੈ ਨ । ਕਹਜੋ ਤਪੇ ਕੋ ਹਮ ਨੇ ਕੀਨਾ । ਹ੍ਵੈ ਕਰਿ ਆਤੁਰ ਨੀਰ ਬਿਹੀਨਾ ॥ ੧੨ ॥ ਜੋ ਬਰਖਾ ਬਰਖਾਵਨਿ ਕਰੈ । ਤਿਸਕੋ ਕਹਜੋ ਨ ਹਮ ਤੇ ਫਿਰੈ। ਜਿਸ[4] ਅਧੀਨ ਜੀਵਨ ਸਭਿ ਕੇਰਾ । ਹੈ ਅਸ ਅੰਨ ਸੁ ਖੇਤ ਘਨੇਰਾ ॥ ੧੩ ॥ ਬਾਕ ਤਪੇ ਕੋ ਮਾਨਜੋ ਸਹੀ । ਤਊ ਭਈ ਬਰਖਾ ਕਿਮਿ[5] ਨਹੀਂ । ਹਮ ਆਤੁਰ ਭੇ ਨੀਰ ਬਿਹੀਨਾ । ਨਿਜ ਜੀਵਨ ਚਹਿ ਅਕਰਨ ਕੀਨਾ[6] ॥ ੧੪ ॥ ਬਰਖਾ ਦੇ ਜੁ ਕ੍ਰਿਖੀ ਹ੍ਰਿਤ ਕਰਿਹੀ[7] । ਹਮ ਰਾਹਕ ਤਿਹ ਨਿਤਿ ਅਨੁਸਰਹੀਂ[8] । ਤਿਸ ਕੀ ਆਇਸੁ ਕੋ ਅਸ ਮਾਨਹਿਂ । ਨਹੀਂ ਕਰਨ ਭੀ ਕਰਿਬੋ ਠਾਨਹਿਂ[9]' ॥੧੫॥ ਇਮਿ ਸ੍ਰੀ ਅਮਰਦਾਸ ਸੁਨਿ ਬੈਨਾ।ਕਹਜੋ ਸੁ ਛੋਭ ਕੋਪ ਰਸੁ ਨੈਨ[10]॥ 'ਕਹੇ ਤਪੇ ਕੇ ਘਨ ਨਹਿਂ ਆਵਾ । ਸ੍ਰੀ ਗੁਰ ਗ੍ਰਾਮਹਿ ਤੇ ਨਿਕਸਾਵਾ ॥ ੧੬॥ਸ੍ਰੀ† ਸਤਿਗੁਰ ਕੇ ਸੇਵਕ ਜੋਈ । ਬਰਖਾ ਦੇਨਿ ਸ਼ਕਤਿ ਧਰਿ ਤੇਈ। ਕਹਜੋ ਤਿਨਹਿਂ ਕੋ ਮਾਨਹੁ ਨੀਕਾ । ਬਰਖਹਿ ਮੇਘ ਭਾਵਤੋ ਜੀਕਾ ॥੧੭॥ ਤਪੇ ਈਰਖਾ ਕਰਿ ਨਿਕਸਾਏ । ਸ਼ਕਤਿ ਹੀਨ ਨਹਿਂ ਘਨ ਬਰਖਾਏ । ਅਬਿ ਤੁਮ ਜਾਹੁ ਤਪੇ ਕੇ ਪਾਸਿ' । ਸੁਨਿ ਨਰ ਗਏ ਕਰੀ ਅਰਦਾਸ ॥ ੧੮॥'ਗੁਰ ਤੌ ਹਮ ਨੇ ਦੀਨ ਨਿਕਾਰੀ।ਤਊ ਨ ਬਰਖਜੋ ਬਾਰਦ‡ ਬਾਰੀ[11]'।

[1]ਚਿਤ ਕਰਕੇ ਗੁਰੂ ਜੀ ਸਰਲ ਤੇ ਸਮਦ੍ਰਿਸ਼ਟਾ ਹਨ । [2](ਸ੍ਰੀ ਅਮਰ ਦਾਸ ਜੀ) ਗਏ । [3]ਗੁਰੂ ਜੀ ਨੂੰ ਕੱਢ ਦੇਣ ਨਾਲ । [4]ਭਾਵ ਬਰਖਾ ਦੇ । [5]ਕਿਵੇਂ ਬੀ । [6]ਨਿਰਦਯਤਾ ਦਾ ਕੰਮ ਕੀਤਾ [ਸੰਸ:, ਅਕਰੁਣ] ( ਅ ) (ਅਕਰਨ=) ਨਾ ਕਰਨੇ ਯੋਗ ਕੰਮ । ਭਾਵੇਂ ਅਸਾਂ ਨਾ ਕਰਨੇ ਜੋਗ ਕੰਮ ਬੀ ਕੀਤਾ (ਬਰਖਾ ਨਹੀਂ ਹੋਈ) । [7]ਹਰੀ ਕਰੇ । [8]ਅਨੁਸਾਰੀ ਹਾਂ । [9]ਨਾ ਕਰਨੇ ਜੋਗ ਬੀ ਕਰਾਂਗੇ । [10]ਕੋਪ ਵਿਚ ਨੈਣ ਰਸ ਰਹੇ ਸਨ, ਜਦ ਕਿਹਾ (ਅ) ਕੋਪ ਰਸ=ਗੁੱਸੇ ਵਾਲਾ ਰਸ, ਗੁਸੇ ਦੇ ਵਲਵਲੇ ਵਿਚ । ਇਹ ਗੁੱਸਾ ਕ੍ਰੋਧ ਨਹੀਂ, ਮੰਦ ਕਰਮੀਆਂ ਉਤੇ ਜੋ ਨੇਕੀ ਦੇ ਸੁਭਾਵ ਵਾਲਾ ਗੁੱਸਾ ਹੁੰਦਾ ਹੈ ਉਹ ਹੈ । [11]ਬੱਦਲ ਤੋਂ ਜਲ ।

*ਪਾ:–ਸਹਜੋ । †ਪਾ:–ਤੇ । ‡ਪਾ:–ਬਾਦਰ ।

ਤਪੇ ਕੁਛਕ ਰਿਸ ਕਰਿ ਮੁਖ ਭਾਖੀ। 'ਮੂਠੀ ਮਹਿਂ ਬਰਖਾ ਨਹਿਂ ਰਾਖੀ ॥ ੧੯ ॥ ਮੰਤ੍ਰ ਜੰਤ੍ਰ ਕਰਿ ਜੁਗਿਤ ਬਨਾਵੈਂ। ਤੁਮ ਹਿਤ ਬਰਖਾ ਕੋ ਬਰਖਾਵੋਂ'। ਸੁਨਿ ਨਰ ਆਇ ਕਹੀ ਤਿਮਿ ਬਾਤਿ। 'ਅਬਿ ਤੌ ਬੋਲਤਿ ਕਛੁਕ ਰਿਸਾਤਿ' ॥ ੨੦ ॥ ਤਬਿ ਸ੍ਰੀ ਅਮਰ ਕਹਯੋ ਬਿਨ ਦੇਰਿ। 'ਹਮ ਬਰਖਾ ਬਰਖਾਇਂ ਬਡੇਰਿ। ਨਹਿਂ ਐਸੇ ਗੁਰ ਕੇ ਸਿਖ ਜਾਨੋ[1]। ਬਰਖਾ ਕਰਹਿਂ, ਕਹਯੋ ਤਿਨ ਮਾਨੋ' ॥੨੧॥ ਸੁਨਿ ਰਾਹਕ ਲਾਲਚ ਕਰਿ ਪਾਨੀ। ਬਿਰਥੀ* ਬਾਤ ਤਪੇ ਕੀ ਠਾਨੀ। 'ਹਮ ਤੋ ਹੈਂ ਤਿਸਕੇ ਅਨੁਸਾਰੀ। ਜੋ ਜਲ ਦੇਹਿ ਕ੍ਰਿਦਾਰ[2] ਮਝਾਰੀ ॥ ੨੨ ॥ ਹਿਤ ਜਲ ਕੇ ਤਿਸ ਕੋ ਬਚੁ ਮਾਨਾ। ਅਪਰ ਜੁ ਦੇ ਬਰਖਾਇ ਮਹਾਨਾ। ਕਹੈ ਸੁ ਹਮ ਮਾਨਹਿਂ ਸਭਿ ਗ੍ਰਾਮ। ਜੋ ਜੀਵਨਿ ਕੋ ਦੇ ਅਭਿਰਾਮ[3] ॥ ੨੩ ॥ ਨਾਂਹਿ ਤ ਹਮ ਮਰਿਹੈਂ ਦੁਖ ਪਾਇ। ਛੁਧਾ ਸਹੀ ਨਹਿਂ ਕਿਸਿ ਤੇ ਜਾਇ। ਜੇ ਜਲਦਾਤਾ[4] ਬਚੁ ਨਹਿਂ ਮਾਨਹਿਂ। ਤੌ ਹਮ ਅਪਨਾ ਜੀਵਨ ਹਾਨਹਿਂ ॥ ੨੪ ॥ ਅਸ ਕੋ ਆਜ ਹੋਇ ਉਪਕਾਰੀ। ਦੇ ਜੀਵਨਿ ਜੀਵਨ ਸੁਖ ਕਾਰੀ[5]। ਤਿਸ ਕੇ ਹਮ ਹੈਂ ਸਦਾ ਗੁਲਾਮੂ। ਕਰਹਿਂ ਸੇਵਕੀ ਸਭਿਹੀ ਗ੍ਰਾਮੂ' ॥੨੫॥ ਇਮਿ ਨਿਸ਼ਚੈ ਸਭਿ ਕੋ ਕਰਿਵਾਇ। ਕਹਿ ਸ੍ਰੀ ਅਮਰ 'ਸੁਨਹੁ ਸਮੁਦਾਇ। ਦਿਵਸ ਰਹਯੋ ਥੋਰੋ ਰਵਿ ਜਾਇ[6]। ਯਾਂਤੇ ਤੂਰਨ ਕਰਹੁ ਉਪਾਇ ॥੨੬॥ ਰਵਿ ਅਸਤਨ ਤੇ[7] ਪੂਰਬ ਕਾਲ। ਜਹਿਂ ਜਹਿਂ ਤਪਾ ਜਾਇ ਦਰਹਾਲ[8]। ਤਹਿਂ ਤਹਿਂ ਘਨ ਜਲ ਕੋ ਬਰਖਾਵੈ। ਭਰਹਿਂ ਖੇਤ, ਬਹੁ ਅੰਨ ਪਕਾਵੈ ॥੨੭॥ ਬਹੁ ਕਿਦਾਰ ਹੈਂ ਦਿਨ ਰਹਿ ਥੋਰ। ਲੇ ਗਮਨਹੁ ਨਿਜ ਨਿਜ ਦਿਸ਼ ਓਰ। ਅੰਗ ਪ੍ਰਤਯੰਗ[9] ਜਹਾਂ ਲਗ ਜਾਇ। ਤਹਿਂ ਲਗ ਧਾਇ ਮੇਘ ਬਰਖਾਇ ॥ ੨੮ ॥ ਨਿਕਸਹਿ ਜਬਹਿ ਤਪਾ ਨਿਜ ਡੇਰੇ। ਤੌ ਘਨ ਹੋਇ, ਪਤਾ ਲਿਹੁ ਹੇਰੇ[10]। ਪਹੁੰਚਹਿ ਜਬ ਕਿਦਾਰ ਮਹਿਂ ਜਾਇ। ਤਬਿ ਦੇਖਹੁ ਘਨ ਜਲ ਬਰਖਾਇ' ॥੨੯॥ ਇਮਿ ਸੁਨਿ ਸਭਿ ਕੇ ਜਾਗਯੋ ਚਾਉ। ਕਹਤਿ ਭਏ 'ਲਿਹੁ ਇਹ ਪਤੀਆਉ[11]'। ਗਮਨੇ ਰਾਹਕ

---

[1]ਐਸੇ (ਤਪੇ ਵਰਗੇ) ਗੁਰੂ ਦੇ ਸਿੱਖ (ਝੂਠੇ) ਨਾ ਜਾਣੋ। [2]ਖੇਤੀ। [3]ਜੋ ਸੁਹਣਾ ਜੀਵਨ ਸਾਨੂੰ ਦੇਵੇ (ਅ) ਜੀਵਨ=ਪਾਣੀ। ਭਾਵ ਜੋ ਸਾਨੂੰ ਪਾਣੀ ਦੇਵੇ। [4]ਜਲ ਦੇ ਵਰਸਾਉਣ ਵਾਲੇ ਭਾਵ ਉਪਕਾਰੀ ਪੁਰਸ਼ ਦਾ। [5]ਜੀਵਾਂ ਨੂੰ ਸੁਖੀ ਕਰਨ ਵਾਲਾ ਜੀਵਨ। [6]ਭਾਵ ਡੁੱਬਣ ਵਿਚ। [7]ਡੁੱਬਣ ਤੋਂ। [8]ਛੇਤੀ। [9](ਉਸ ਦਾ)ਅੰਗ ਯਾਂ ਹਰੇਕ ਅੰਗ ਭਾਵ ਕੋਈ ਅੰਗ। [10]ਪਰਤਾਵਾ ਦੇਖ ਲੈਣਾ। [11]ਪਰਤਿਆ ਲਓ। *ਪਾ:-ਬ੍ਰਿੱਪ੍ਰੂ।

ਸਭਿ ਮਿਲਿ ਤਹਾਂ। ਸਥਿਤ ਤਪਾ ਗਾਦੀ ਪਰ ਜਹਾਂ॥੩੦॥ ਗਰਬ ਹਰਖ ਮਹਿਂ ਭੂਲਯੋ ਬੈਸਾ। ਤੇਜ ਤਰੇ ਪੈ ਉਫਨੜੋ ਜੈਸਾ[੧]*। ਕ੍ਰਿਖਿਕਰਿ ਬ੍ਰਿੰਦ ਜਾਇ ਕਰਿ ਕਹਯੋ। 'ਸੁਨਹੁ ਤਪਾ ਜੀ ਨਹਿਂ ਘਨ ਲਹਯੋ ॥੩੧॥ ਅਬਹਿ ਆਪ ਕਰੁਨਾ ਕੋ ਧਾਰਿ।ਉਠਿ ਕਰਿ ਪਾਵਹੁ ਚਰਨ ਕਿਦਾਰ। ਤੁਮਰੇ ਚਲੇ ਜਿ ਘਨ ਬਰਖੈ ਹੈ। ਇਸ ਤੇ ਹਮ ਮਨੁ ਕਾਮਨ[੨] ਪੈ ਹੈ ॥ ੩੨॥ ਜੇ ਹਿਤ ਚਾਹਤਿ ਆਪ ਹਮਾਰਾ।ਨਿਕਸਹੁ ਬਾਹਰ ਗਮਹੁ ਕਿਦਾਰਾ[੩]।ਹਮ ਸਭਿ ਚਲਿ ਹੈਂ ਸੰਗ ਤੁਮਾਰੇ। ਕਰਹੁ ਗ੍ਰਾਮ ਪਰ ਅਸ ਉਪਕਾਰੇ'॥੩੩॥ਕਰਤਿ ਮ੍ਰਿਦੁ-ਲਤਾ ਜੁਤਿ ਪਤਿਆਵਨ[੪]। ਇਮਿ ਕਹਿ ਬਹੁ ਬਿਧਿ ਕਿਯ ਨਿਕਸਾਵਨ। ਵਹਿਰ ਗ੍ਰਾਮ ਤੇ ਨਿਕਸਯੋ ਜਦਾ। ਸਮੁਖ ਆਇ ਘਨ ਦੇਖਯੋ ਤਦਾ॥ ੩੪ ॥ ਪੰਤਾ ਲਗਯੋ ਸਭਿ ਕੇ ਮਨ ਮਾਂਹੀ।–ਗੁਰ ਸਿਖ ਭਨਯੋ ਸੁ ਮਿੱਥਯਾ ਨਾਂਹੀ–। ਕਰਤਿ ਬਾਰਤਾ ਬੇਗ ਚਲੇ ਹੈਂ। ਪਰਖਤਿ ਸਿਖ ਕੋ ਬਾਕ ਭਲੇ ਹੈਂ ॥੩੫॥ ਲੇ ਜਬਿ ਗਏ ਕਿਦਾਰ ਮਝਾਰ। ਬਰਖਨਿ ਬੂੰਦੈਂ ਲਗੀ ਫੁਹਾਰ। ਦੂਸਰ ਖੇਤ ਬਿਖੈ ਪਗ ਧਾਰਾ। ਮੋਚਤਿ ਭਏ ਮੇਘ ਜਲ ਧਾਰਾ ॥ ੩੬ ॥ –ਲਘੁ ਦਿਨ ਰਹਯੋ– ਚਿੰਤ ਉਪਜਾਵੈਂ। ਨਿਜ ਨਿਜ ਦਿਸ਼ ਕੋ ਚਹਤਿ ਚਲਾਵੈਂ। ਆਪਸ ਮਹਿਂ ਰਾਹਕ ਕਰਿ ਗਿਨਕੋਂ[੫]† ।–ਕਿਮਿ ਇਹੁ ਕਾਰਜ‡ ਪੂਰ ਸਭਿਨਿ ਕੋ–॥੩੭॥ ਨਿਜ ਕਿਦਾਰ ਦਿਸ਼ ਐਂਚਨ ਲਾਗੇ। ਜਿਦਤਿ ਪਰਸਪਰ[੬] ਰਿਸ ਉਰ ਜਾਗੇ। ਤਪਾ ਭਯੋ ਬਯਾਕੁਲ ਤਿਸ ਕਾਲਾ। ਝਿਰਕ ਝਿਰਕ ਤਿਨ ਪਰਹਿ ਬਿਸਾਲਾ ॥੩੮॥ ਕਹਯੋ ਤਪੇ ਕੋ ਨਹਿਂ ਕੋ ਮਾਨਹਿ। ਨਿਜ ਕਿਦਾਰ ਢਿਗ ਸਭਿ ਸੋ ਆਨਹਿਂ।ਖੈਂਚਤਿ ਖੈਂਚਤਿ ਭਯੋ ਬਿਹਾਲਾ। ਬੋਲਨ ਤੇ ਥਕ ਰਹਯੋ ਨ ਚਾਲਾ॥ ੩੯ ॥ ਜਬਿ ਚਲਿਬੇ ਤੇ ਹਟਿ ਸੋ ਰਹਿਊ।ਮੋਹਨ ਪਿਤਾ[੭] ਆਇ ਤਬਿ ਕਹਿਊ। 'ਮਾਸ ਅਸਥਿ[੮] ਜਹਿਂ ਜਹਿਂ ਲੈ ਜੈ ਹੋ। ਤਹਿਂ ਤਹਿਂ ਬਰਖਾ ਘਨਕੀ ਪੈ ਹੋ' ॥ ੪੦ ॥ ਸੁਨਿਕੇ ਸਭਿਨਿ

---

[੧]ਜਿਵੇਂ ਹੇਠਾਂ ਅੱਗ (ਹੋਵੇ ਤੇ) ਦੁੱਧ ਉੱਪਰ ਨੂੰ ਫੁਲ ਕੇ ਚੜ੍ਹ ਆਉਂਦਾ ਹੈ। ( ਉਫਨਨਾ=ਸੇਕ ਨਾਲ ਫੇਨ ਸਮੇਤ ਉੱਪਰ ਨੂੰ ਉਠਣਾ)। [੨]ਮਨੋ ਕਾਮਨਾ। [੩]ਖੇਤ ਵਿਚ ਚੱਲੋ। [੪]ਕੋਮਲਤਾ ਨਾਲ ਪਤਿਆਉਣਾ ਕੀਤੇ ਨੇ। [੫]ਗਿਣਤੀ ਕਰਦੇ। [੬]ਜਿਦਦੇ ਹਨ ਆਪਸ ਵਿਚ। [੭]ਭਾਵ ਸ੍ਰੀ ਅਮਰ ਦਾਸ ਜੀ ਨੇ। [੮]ਹੱਡੀ।

*ਪਾਃ–ਤੇਜ ਤੁਰੇ ਪੈ ਉਫਨਯੋ ਜੈਸਾ–ਜਿਵੇਂ ਤਿੱਖੇ ਘੋੜੇ ਉੱਤੇ ਕੋਈ ਉਛਲਦਾ ਹੈ।

†ਪਾਃ–ਹਠ ਕੋ। ‡ਪਾਃ–ਕਾਰਨ।

ਘਸੀਟਯੋ ਜਦਾ। ਨਿਕਸੇ ਪ੍ਰਾਨ ਭਯੋ ਹਤਿ ਤਦਾ।-ਰਹਿਂ ਬਰਖਾ ਬਿਨ ਖੇਤ ਹਮਾਰੇ-। ਇਮ ਬੋਲਤਿ ਅਰ ਚਿੰਤ ਬਿਚਾਰੇ॥ ੪੧ ॥-ਏਕ ਮਰੇ ਜੀਵਹਿ ਸਭਿ ਗਾਉਂ-। ਯਾਂਤੇ ਤੋਰ ਲਿਏ ਕਰ ਪਾਉਂ। ਆਪੇ ਅਪਨੇ ਖੇਤ ਪਧਾਰੇ।ਜਹਿਂ ਜਹਿਂਗੇ ਪਸਰਯੋਘਨ ਸਾਰੇ॥੪੨॥ਤਪਾ ਮਰੇਤੇ ਇਕਰਸਬਾਰਿ। ਬਰਖਾ ਕੀਨਸਿ ਮੇਘ ਕਿਦਾਰਿ[1]।-ਮਹਾਂ ਪਖੰਡੀ-ਸਭਿਹਿਨ ਜਾਨਯੋ। -ਦ੍ਵੈਸ਼ ਠਾਨਿ ਗੁਰ ਕੋ ਨਿਕਸਾਨਯੋ ॥ ੪੩। ਝੂਠੇ ਹੁਤੇ ਫੁਰੀ ਨਹਿ ਬਾਨੀ। ਗੁਰਦਾਸਨਿ[2] ਕਹਿ ਦੀਨਸਿ ਪਾਨੀ। ਹੋਤਿ ਭੋਰ ਸ਼੍ਰੀ ਅੰਗਦ ਆਨਹੁ।ਨਿਜ ਅਪਰਾਧ ਛਿਮਾਪਨ ਠਾਨਹੁ[3]-॥ ੪੪ ॥ ਇਮਿ ਸ਼੍ਰੀ ਅਮਰਦਾਸ ਤਹਿਂ ਕਰਿਕੈ। ਗਮਨਯੋ ਗੁਰ ਦਿਸ਼ ਪ੍ਰੀਤਿ ਸੁ ਧਰਿਕੈ। ਪਰਮ ਪ੍ਰਸੰਨ ਰਿਦੈ ਹੁਇ ਗਇਓ।ਪ੍ਰਾਪਤਿ ਡੇਰੇ ਮਹਿਂ ਚਲਿ ਭਇਓ ॥ ੪੫ ॥ ਗੁਰ ਕੋ ਜਾਇ ਬੰਦਨਾ ਕੀਨਸਿ।ਪ੍ਰਿਸ਼ਟਿ ਫੇਰਿ ਬੈਠੇਚਿਤ ਚੀਨਸਿ।-ਅਜ਼ਮਤ ਕਰੀ ਦਿਖਾਵਨਿ-ਜਾਨੀ। ਨਹਿਂ ਨੀਕੀ ਸ਼੍ਰੀ ਅੰਗਦ ਮਾਨੀ॥ ੪੬ ॥ ਸਿੱਛਾ ਅਜਰ ਜਰਨ ਕੀ ਦੇਨਿ। ਸਿਖ ਉਰ ਸਮਤਾ ਨਿਜ ਕਰਿ ਲੇਨਿ[4]। ਪ੍ਰਿਸ਼ਟਿ ਦਏ[5] ਬੈਠੇ ਗੁਰ ਸ੍ਵਾਮੀ। ਸਰਬ ਬਾਰਤਾ ਅੰਤਰਜਾਮੀ॥੪੭॥ ਪਿਖਿ ਸ਼੍ਰੀ ਅਮਰ ਦੁਤਿਯ ਦਿਸ਼ ਗਇਊ।ਨਿੰਮ੍ਰਿ ਬੰਦਿ ਕਰ ਇਸਥਿਤ ਭਇਊ।ਲੱਜਾ ਕਰੈ ਸੁਨੇਤ੍ਰ ਨਿਵਾਏ। ਚਿਤ ਮਹਿਂ ਦੁਚਿਤਾਈ[6] ਉਪਜਾਏ॥੪੮॥ ਤ੍ਰਿਤੀ ਦਿਸ਼ਾ ਪੁਨ ਆਨਨ ਫੇਰਯੋ। ਅਪਨਿ ਦਾਸ ਕੋ ਨਾਂਹਿਨ ਹੇਰਯੋ।-ਸ਼ਕਤਿ ਜਨਾਵਨ ਕਿਯ ਅਪ-ਰਾਧੂ। ਨਹੀਂ ਕਰਮ ਕੀਨਸਿ ਇਹੁ ਸਾਧੂ-॥੪੯॥ ਭਏ ਦੀਨ ਮਨ ਮੋਹਿਨ ਤਾਤ[7]। ਪੁਨ ਸਨਮੁਖ ਹੋਯੋ ਪਛੁਤਾਤ। ਕਹਿਨ ਬਾਕ ਕੋ ਉਦਿਤਿ[8] ਭਯੋ ਜਬਿ। ਚਤੁਰਥ ਦਿਸ਼[9] ਮੁਖ ਫੇਰ ਲਿਯੋ ਤਬਿ ॥ ੫੦ ॥ ਹੋਇ ਉਤਾਇਲ ਮੁਖ ਦਿਸ਼ ਫੇਰ[10]। ਨਿਜ ਅਪਰਾਧ ਸੁ ਬੂਝਯੋ ਹੇਰਿ। 'ਭੋ ਪ੍ਰਭੁ ਗੁਰ!ਅਬਿ ਛਿਮਾਂ ਕਰੀਜੈ। ਸ਼ੁਭਿ ਉਪਦੇਸ਼ ਮੋਹਿ ਕਉ ਦੀਜੈ ॥ ੫੧ ॥ ਭੂਲੇ ਕੋ ਤੁਮ ਬਖਸ਼ਨ ਹਾਰਿ। ਨਮੋ ਨਮੋ ਗੁਰ ਗਯਾਨ ਉਦਾਰ !। ਸੁਮਗ ਬਤਾਵਨ ਮਹਿਂ ਪਰਧਾਨ। ਰਾਵਰਿ ਕੇ ਸਮਾਨ ਨਹਿਂ ਆਨ' ॥੫੨॥ਸ਼੍ਰੀ ਗੁਰ ਅੰਗਦ ਤਬਹਿ

[1]ਬੱਦਲ ਨੇ ਖੇਤਾਂ ਵਿਖੇ। [2]ਗੁਰੂ ਜੀ ਦੇ ਦਾਸ ਨੇ। [3]ਮਾਫ ਕਰਵਾਓ। [4]ਸਿੱਖ ਦੇ ਦਿਲ ਵਿਚ ਆਪਣੀ ਸਮਤਾ ਦੇਣ ਲਈ ਭਾਵ ਆਪਣੇ ਵਰਗਾ ਕਰਨ ਲਈ। (ਅ) ਆਪਣੇ ਸਿੱਖ ਦੇ ਦਿਲ ਵਿਚ ਸਮਤਾ ਭਾਵ (ਦ੍ਰਿੜ੍ਹ) ਕਰਾਉਣ ਲਈ। [5]ਪਿੱਠ ਮੋੜਕੇ। [6]ਚਿੰਤਾ। [7]ਸ਼੍ਰੀ ਅਮਰ ਦਾਸ ਜੀ। [8]ਤਿਆਰ। [9]ਚੌਥੀ ਤਰਫ। [10]ਕਾਹਲੀ ਨਾਲ ਮੁਖੜੇ ਵਾਲੇ ਪਾਸੇ ਨੂੰ ਫਿਰੇ।

ਬਖਾਨਾ।'ਹਮ ਪੀਛੈ ਕਜ਼ਾਕ੍ਰਿਤ ਤੈਂ ਠਾਨਾ?।ਘਨ ਬਰਖਾਇਤਪਾ ਮਰਵਾਯੋ। ਅਪਨ ਆਪ ਕੋ ਮਹਿਦ ਜਨਾਯੋ॥੫੩॥ਸਤਿਗੁਰ ਕੋ ਘਰ ਹੈ ਨਿਤ ਨੀਵਾਂ। ਹੋਨਿ ਹੰਕਾਰ ਥਾਂਵ ਨਹਿਂ ਥੀਵਾ*[੧]। ਪਾਪੀ ਤਪਾ ਕੁਕਰਮ ਕਰੰਤਾ। ਅੰਤ ਸਮੈ ਦੁਖ ਨਰਕ ਲਹੰਤਾ॥ ੫੪ ॥ ਫਲਦਾਤਾ ਈਸ਼ੁਰ ਸਭਿ ਕਾਂਹੂ। ਜੀਵ ਅਬਲ[੨] ਕਿਸ ਗਿਨਤੀ ਮਾਂਹੂ। ਕਾਰਨ ਕਰਨ ਏਕ ਜਗ ਨਾਥਾ। ਕਰਤਿ ਕਰਾਵਤਿ ਸੋ ਸਭਿ ਸਾਥਾ॥ ੫੫ ॥ ਅਪਨ ਆਪ ਨਿਜ ਕ੍ਰਿਤ ਪ੍ਰਕ੍ਰਿਤ ਮਹਿਂ। ਨਹੀ ਅਰੋਪਹਿਂ ਕਬਿ ਸੁਧੀਰ ਲਹਿ[੩]। ਏਕੰਕਾਰ ਆਸਰੋ ਕਰਿਕੈ। ਨਹੀਂ ਜਨਾਵਹਿਂ ਆਪਾ ਹਰਿ ਕੈ[੪]' ॥੫੬॥ ਸੁਨਿ ਸ੍ਰੀ ਅਮਰ ਬੰਦਨਾ ਠਾਨੀ।'ਭੋ ਗੁਰ ਬਖਸ਼ਹੁ ਮਤਿ ਅਨੁਜਾਨੀ। ਅਬਿ ਤੇ ਫੇਰ ਨ ਕਰਿਹੌਂ ਐਸੇ। ਆਪਾ ਮੈਂ ਨ ਜਨਾਵੌਂ ਕੈਸੇ॥ ੫੭ ॥ ਇਹੁ ਤੁਮਰੋ ਅਪਰਾਧ ਮਹਾਨਾ। ਸਹ੍ਯੋ ਨ ਗਯੋ ਤਬਹਿ ਕ੍ਰਿਤ ਠਾਨਾ। ਰਾਵਰ ਕੀ ਰਜਾਇ ਇਮਿ ਜੋਈ[੫]। ਕਰਹਿ ਅਪਰ[੬]ਐਸੋ ਨਹਿਂ ਕੋਈ' ॥੫੮॥ ਦੋਹਰਾ ॥ ਇਮਿ ਕਹਿ ਛਿਮਾ ਕਰਾਇ ਕਰਿ ਬੈਠੇ ਸ੍ਰੀ ਗੁਰ ਪਾਸਿ। ਜੰਗਲ ਮਹਿਂ ਮੰਗਲ ਮਹਾ ਜਹਿਂ ਗੁਰ ਕਰ੍ਯੋ ਨਿਵਾਸਿ ॥ ੫੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਜੋਗੀ ਤਪੇ ਕੋ' ਪ੍ਰਸੰਗ ਬਰਨਨੰ ਨਾਮ ਤ੍ਰੀਨ ਬਿੰਸਤੀ ਅੰਸੂ ॥ ੨੩ ॥

## ੨੪. [ਭੈਰੋ ਪੁਰ ਖੀਓ ਭੱਲੇ ਨੂੰ ਮਿਲਕੇ ਗੁਰੂ ਜੀ ਨੇ ਵਾਪਸ ਖਡੂਰ ਆਉਣਾ]

ਦੋਹਰਾ ॥ ਰਾਹਕ[੭] ਮਿਲੇ ਖਡੂਰ ਕੇ ਉਰ ਪ੍ਰਸੰਨਤਾ ਪਾਇ। ਮਨ ਭਾਵਤਿ ਬਰਖ੍ਯੋ ਜਲਦ[੮] ਹਰਿਤ ਖੇਤ[੯] ਸਮੁਦਾਇ ॥ ੧ ॥ ਚੌਪਈ ॥ ਸਕਲ ਮਿਲੇ ਸਭਿ ਬਾਤ ਬਿਚਾਰੀ। 'ਗੁਰ ਕੀ ਭਈ ਅਵੱਗ੍ਯਾ ਭਾਰੀ। ਜਿਨ ਮਹਿਂ ਅਜ਼-ਮਤ ਏਤਿਕ ਅਹੈ। ਬਰਖ੍ਯੋ ਜਲ ਜਿਨ ਸੇਵਕ ਕਹੈ॥ ੨ ॥ ਰਹਤਿ ਹਮੇਸ਼ ਨਹੀਂ ਮਿਤਿ ਜਾਨੀ। ਜਾ ਬੈਠੇ ਹੈਂ†ਅਪਰ ਸਥਾਨੀ।ਅਬਿ ਮਿਲਿ ਚਲਹੁ ਨ

[੧]ਹੰਕਾਰ ਹੋਣ ਦਾ ਥਾਂ ਨਹੀਂ। [੨]ਬਲ ਤੋਂ ਰਹਿਤ। [੩](ੳ) ਸਮਝ ਲੈ ਆਪਣੇ ਆਪ (ਆਤਮਾ) ਵਿਚ ਕਦੇ ਬੁੱਧੀਮਾਨ ਲੋਕ ਨਿਜ ਕ੍ਰਿਤੱਤ੍ਵ ਯਾ ਪਰ ਕ੍ਰਿਤੱਤ੍ਵ ਧਰਮ ਅਰੋਪਨ ਨਹੀਂ ਕਰਦੇ। (ਅ) (ਜੀਵ) ਆਪੋ ਆਪਣੇ ਸੁਭਾਵ ਵਿਚ ਆਪ ਕ੍ਰਿਤ ਕਰਦੇ ਹਨ, ਸੁਧੀਰ ਇਹ ਦੇਖਕੇ (ਈਸ਼੍ਵਰ ਹੀ ਕਰਨ ਕਾਰਨ ਤੇ ਫਲ ਦਾਤਾ ਹੈ ਅਪਨੀ ਹੰਤਾ ਮਮਤਾ ਈਸ਼੍ਵਰ ਵਿਚ) ਨਹੀਂ ਅਰੋਪਦੇ। [੪]ਆਪਾ ਭਾਵ ਦੂਰ ਕਰਕੇ। [੫]ਜੋ ਹੈ। [੬]ਹੋਰ ਤਰ੍ਹਾਂ, ਭਾਵ ਉਲਟ; ਐਸਾ ਕੋਈ ਨਹੀਂ ਜੋ ਰਜ਼ਾ ਆਪ ਦੀ ਦੇ ਉਲਟ ਟੁਰੇ। [੭]ਜ਼ਿਮੀਦਾਰ। [੮]ਬੱਦਲ। [੯]ਖੇਤ ਹਰੇ ਹੋਏ।

*ਪਾ:—ਮਨ ਹੰਕਾਰ ਥਾਨ ਨਹਿ ਥੀਵਾਂ।

†ਪਾ:—ਜਾ ਬੈਠਾਰੇ। ਕਾਢੇ ਹਮ ਗਏ। ਕਰਿ ਬੈਠੇ ਹੈਂ।

ਬਿਲਮ ਲਗਾਵਹੁ। ਭਈ ਭੂਲ ਤੂਰਨ ਬਖਸ਼ਾਵਹੁ ॥ ੩ ॥ ਨਾਂਹਿ ਤ ਸ੍ਰਾਪ ਦੇਹਿਂ ਭੈ ਦਾਯਕ। ਅਪਦਾ ਪਰਹਿ ਪ੍ਰਮੋਦ ਨਸਾਇਕ[1]। ਇਮਿ ਕਹਿ ਮਿਲਿ ਕਰਿ ਲੇ ਪਕਵਾਨ। ਬਖਸ਼ਾਵਨ ਗਮਨੇ ਤਿਸ ਥਾਨ ॥ ੪ ॥–ਜਿਸ ਪ੍ਰਕਾਰ ਇਸ ਥਲ ਚਲਿ ਆਵਹਿਂ। ਤਿਮਿ ਸਭਿ ਕਰਿਹੁ ਕ੍ਰਿਪਾਲ ਰਿਝਾ-ਵਹਿਂ–।ਖਾਨ ਰਜਾਦੇ ਕੇ ਥਲ ਗਏ।ਸ਼੍ਰੀ ਗੁਰ ਬੈਠੇ ਦੇਖਤਿ ਭਏ ॥੫॥ ਸਭਿਨਿ ਜਾਇ ਪਦ ਬੰਦਨ ਠਾਨੀ।ਬਿਨਤੀ ਜੁਕਤਿ ਬਖਾਨੀ ਬਾਨੀ। 'ਸ਼੍ਰੀ ਗੁਰ ਹਮ ਨੇ ਭੇਦ ਨ ਪਾਇਵ। ਸਭਿ ਕੋ ਜੋਗੀ ਤਪੇ ਭੁਲਾਇਵ ॥ ੬ ॥ ਰਾਵਰਿ ਕੋ ਨਿੰਦਕ ਬਡ ਪਾਪੀ।ਧਨ ਲੋਭੀ ਮਨ ਕੂਰ ਸੰਤਾਪੀ। ਦੁਰਮਤਿ ਖੋਟ ਕਰਮਿ ਕਿਯ ਜੇਤਿਕ।ਤਾਤਕਾਲ ਫਲ ਪਾਇਹੁ ਤੇਤਿਕ[2] ॥੭॥ਸ਼ਰਣਿ ਪਰੇ ਹਮ* ਰਾਹਕ ਸਾਰੇ। ਛਿਮਹੁ ਗੁਰੂ ਤੁਮ ਮਹਿਦ ਉਦਾਰੇ'। ਸੁਨਿ ਸਤਿਗੁਰ ਤਿਨ ਦਿਸ਼ ਪਿਖਿ ਬਿਕਸੇ। ਬਾਕ ਸੁਧਾ,ਸਸਿ ਮੁਖ ਤੇ[3] ਨਿਕਸੇ ॥੮॥ 'ਸਭਿ ਜਗ ਮਿੱਥਯਾ ਰੂਪ ਨਿਹਰੈਂ। ਹਮ ਕਾਹੂ ਸੰਗ ਬੈਰ ਨ ਕਰੈਂ। ਮਿੱਥਯਾ ਮਾਨ ਅਪਰ ਅਪਮਾਨ[4]।ਹਰਖ ਸ਼ੋਕ ਹਮ ਨਾਹਿਨ ਠਾਨਿ ॥੯॥ਕਰਹਿ ਕਰਮ ਜਸ ਤਸ ਫਲ ਪਾਵਹਿ।ਬੁਰਾ ਭਲਾ ਨਿਸ਼ਫਲ ਨਹਿ ਜਾਵਹਿ।ਮਿੱਥਯਾ ਮਹਿਂ ਗਯਾਨੀ ਨਹਿ ਰੱਚੈ।ਸਾਚ ਸਰੂਪ ਬੀਚ ਨਿਤਿ ਮਚੈ ॥੧੦॥ਦੁਬਿਧਾ[5] ਤੁਮ ਮਹਿਂ ਦੇਖੀ।ਭੂਰਿ। ਹਮ ਤਯਾਗਨੋ ਤਬਿ ਗ੍ਰਾਮ ਖਡੂਰ।ਤੁਮ ਕੋ ਸੰਕਟ ਕੋਇ ਨ ਹੋਇ। ਬਸਹੁ ਸਦਨ ਮੈਂ ਸਭਿ ਸੁਖ ਜੋਇ॥੧੧॥ਹਮ ਤੋ ਜਹਿਂ ਬੈਠਹਿਂ ਹਰਖਾਵਹਿਂ।ਕਿਤਿ ਤੇ ਪਾਇ ਨ ਕਿਤਹੁਂ ਗਵਾਵਹਿਂ[6]। ਹਾਨ ਲਾਭ ਹਮਰੇ ਕਿਮ ਨਾਂਹੀ। ਮੰਗਲ ਹੈ ਇਸ ਜੰਗਲ ਮਾਂਹੀ'॥੧੨॥ ਸੁਨਿ ਰਾਹਕਿ ਗਹਿ ਪਦ ਅਰਬਿੰਦ। 'ਛਿਮਹੁ ਛਿਮਹੁ ਤੁਮ ਰੂਪ ਗੁਬਿੰਦ। ਚਲਿ ਕੈ ਗ੍ਰਾਮ ਪ੍ਰਵੇਸ਼ਨ ਕੀਜੈ। ਤਯਾਗ ਆਨ ਨਿਜ ਥਾਨ ਬਸੀਜਹਿ॥੧੩॥ਬਿਰਦ ਸੰਭਾਰਹੁ ਸ਼ੀਲ ਕ੍ਰਿਪਾਲ[7]।ਬਖਸ਼ ਦੇਹੁ ਅਪਰਾਧ ਬਿਸਾਲ'। ਬਿਹਸ ਕਹਯੋ ਪੁਨ ਸਹਿਜ ਸੁਭਾਇ।'ਹਮਰੇ ਹਠ ਹੋਹਿ ਨ ਕਿਸ ਭਾਇ॥੧੪॥ ਐਥੋ ਇਹਾਂ ਕਿ ਜੈਥੋ ਗ੍ਰਾਮ। ਇਕ ਸਮ ਵਹਿਰ ਕਿ

---

[1]ਖੁਸ਼ੀ ਦੂਰ ਕਰਨ ਵਾਲੀ ਵਿਪਦਾ। [2]ਤਿਤਨਾ। [3]ਚੰਦ ਵਰਗੇ ਮੂੰਹ ਤੋਂ। [4]ਮਾਨ ਅਤੇ ਅਪਮਾਨ ਮਿਥਿਆ ਹਨ, ਅਪਰ ਦਾ ਅਰਥ ਏਥੇ–ਅਤੇ–ਹੈ। (ਅ) ਦੂਸਰੇ ਦਾ ਅਨਾਦਰ (ਤੇ ਆਪਣਾ) ਮਾਨ ਝੂਠੇ ਹਨ। (ੲ) ਦੂਸਰੇ ਦਾ ਅਪਮਾਨ ਕਰਨਾ ਅਸਾਂ ਝੂਠਾ ਮੰਨਿਆਂ ਹੈ। [5]ਵੈਰ ਭਾਵ। [6]ਭਾਵ ਵਸਤੀ ਉਜਾੜ ਕਿਤੇ ਬੀ ਸਾਡਾ ਹਰਖ ਵਧਦਾ ਘਟਦਾ ਨਹੀਂ। [7]ਕ੍ਰਿਪਾਲੂ ਸੁਭਾਵ ਵਾਲਾ ਬਿਰਦ ਸੰਭਾਲੋ। *ਪਾ:–ਅਬ।

ਬੈਠਨਿ ਧਾਮ।ਜੇਕਰਿ ਤੁਮ ਪ੍ਰਸੰਨ ਸਮੁਦਾਇ।ਲੇ ਸੰਗ ਚਲਹੁ ਬਸਹਿਂ ਤਿਸ ਥਾਇਂ ॥੧੫॥ ਬਿਧਿ ਨਿਖੇਧ[1] ਹਮਰੈ ਕਛੁ* ਨਾਂਹੀ। ਸਮੋ ਬਿਤਾਵਹਿਂ ਬੈਠਹਿ ਜਾਂਹੀ'।ਸੁਨਿ ਹਰਖੇ ਨਰ ਉਰ ਸਮੁਦਾਈ।ਕਹਿ ਕਰਿ ਸਤਿਗੁਰ ਲਿਏ ਉਠਾਈ ॥੧੬॥ ਸਿੱਖਜਨ ਸਿਰ ਪ੍ਰਯੰਕ ਉਚਵਾਏ†। ਅਪਰ ਵਸਤੁ ਕਛੁ ਲੇ ਗਮ-ਨਾਏ।ਸ੍ਰੀ ਅੰਗਦ ਕੇ ਸੰਗ ਸਿਧਾਰੇ। ਸਿੱਖਜ ਜਾਟ ਸਗਲੇ ਪਰਵਾਰੇ ॥੧੭॥ ਮਾਰਗ ਚਲੇ ਆਇ ਗੁਰੁ ਸ੍ਵਾਮੀ।ਸਮ ਚਿਤ ਆਨੰਦ ਅੰਤਰਜਾਮੀ।ਪੰਥ ਬਿਖੈ ਭੈਰੋ ਪੁਰ ਗ੍ਰਾਮੂ।ਖੀਓ ਭੱਲੇ ਕੋ ਤਹਿਂ ਧਾਮੂ॥੧੮॥ਸੁਨਿ ਆਗਵਨਿ ਸਤਿਗੁਰੂ ਕੇਰਾ।ਮਿਲ੍ਯੋ ਆਨ,ਕਰਿ ਭਾਉ ਘਨੇਰਾ।ਬਹੁ ਬਿਨਤੀ ਜੁਤਿ ਬੰਦਨ ਕਰੀ। ਕਹਿਤਿ ਭਯੋ'ਸਫਲੀ ਇਹ ਘਰੀ॥੧੯॥ਟਿਕਹੁ ਆਪ ਮੈਂ ਲ੍ਯਾਉਂ ਅਹਾਰਾ। ਅਚਵਹੁ ਕਰੁਨਾ ਕਰਿਹੁ ਉਦਾਰਾ। ਰਾਉ ਰੰਕ ਕੋ ਪਰਖਤਿ‡ ਕੋਇ ਨ[2]। ਸਮਸਰ ਜਾਨਤਿ ਹੋ ਤੁਮ ਦੋਇਨਿ ॥੨੦॥ ਭਾਉ ਬਿਲੋਕਹੁ ਭੋਜਨ ਖਾਤੇ। ਲਾਲੋ ਘਰ ਸ੍ਰੀ ਨਾਨਕ ਜਾਤੇ। ਦਿਜ ਬਾਹਜ ਬੈਸਨ[3] ਕੀ ਤਜਿਕੈ। ਸ਼ੂਦ੍ਰ ਸਦਨ ਮਹਿਂ ਅਚਵਤਿ ਰਜ ਕੈ॥੨੧॥ਹੁਤੀ ਭੀਲਨੀ ਜਾਤਿ ਸਨਾਤਿ[4]।ਰਾਮ ਚੰਦ੍ਰ ਤਿਸ ਕੇ ਫਲ ਖਾਤਿ'।ਇਮਿ ਕਹਿ ਸਤਿਗੁਰ ਗ੍ਰਾਮ ਟਿਕਾਇ।ਸਦਨ ਅਹਾਰ ਤਯਾਰ ਕਰਿਵਾਇ॥੨੨॥ਤੂਰਨ ਤਯਾਰੀ ਸਕਲ ਕਰਾਇ।ਰਿਦੇ ਭਾਉ ਧਰਿ ਗੁਰ ਢਿਗ ਆਇ। ਹਾਥ ਜੋਰਿ ਕਰਿ ਬਿਨੈ ਬਖਾਨੀ। 'ਭੋਜਨ ਭਯੋ ਤਯਾਰ ਗੁਨਖਾਨੀ॥੨੩॥ਪਦ ਅਰਬਿੰਦ ਸਦਨ ਮੁਝ ਪਾਈਏ।ਸਭਿ ਸੰਗਤਿ ਅਪਨੇ ਸੰਗ ਲ੍ਯਾਈਏ।ਆਸਾ ਪੂਰਨ ਕਰਹੁ ਗੁਸਾਈਂ।ਔਚਕ ਆਵਨ ਭਯੋ ਕਦਾਈਂ[5]'॥੨੪॥ ਭਾਉ ਜਾਨਿ ਤਿਹ ਰਿਦੇ ਘਨੇਰੇ। ਚਲੇ ਸੰਗ ਜਿਸ ਭਾਗ ਬਡੇਰੇ। ਜਲ ਛਿਰਕਾਇ ਸੁ ਬਸਤ੍ਰ ਬਿਛਾਇ।ਊਪਰ ਚੌਂਕੀ ਚਾਰੁ ਡਸਾਏ ॥੨੫॥ਤਿਸ ਪਰ ਬਸਤਰ ਬਹੁਰ ਬਿਛਾਵਾ। ਸ੍ਰੀ ਅੰਗਦ ਕੋ ਤਹਾਂ ਬਿਠਾਵਾ। ਥਾਲ ਬਿਸਾਲ ਕ੍ਰਿਪਾਲ ਅਗਾਰੀ।ਖੀਰ ਖੰਡ ਘ੍ਰਿਤ ਊਪਰ ਡਾਰੀ॥੨੬॥ਅਪਨੇ ਹਾਥ ਪਰੋਸ੍ਯੋ ਤਾਂਹੀ।ਗੁਰੂ ਅਚਹਿਂ ਹਰਖਹਿ ਮਨ ਮਾਂਹੀ। ਸਭਿ ਸੰਗਤਿ ਕੋ ਦਿਯੋ ਅਹਾਰਾ।ਤ੍ਰਿਪਤਾਏ ਅਤਿ ਸ੍ਵਾਦ ਉਦਾਰਾ ॥੨੭॥ਸੀਤਲ ਪਾਨਿ ਪਾਨ ਕਰਿਵਾਵਾ।ਸਭਿ ਹਰਖੇ ਮਨ ਬਾਂਛਤਿ ਪਾਵਾ।ਚੁਰੀ ਕੀਨਿ ਅਰੁ ਹਾਥ ਪਖਾ-

[1] ਕਿਸੇ ਕੰਮ ਕਰਨ ਦੀ ਆਗ੍ਯਾ ਵਿਧਿ ਹੈ, ਨਾ ਕਰਨੇ ਦੀ ਆਗ੍ਯਾ ਨਿਖੇਧਿ, ਭਾਵ ਹਾਂ, ਨਾਂ। [2] ਭਾਵ ਫਰਕ ਨਹੀਂ ਕਰਦੇ ਹੋ। [3] ਖੱਤ੍ਰੀ, ਵੈਸ਼। [4] ਨੀਚ। [5] ਕਦੇ ਕਦਾਈਂ।

*ਪਾ:-ਕਿਮ। †ਪਾ:-ਉਠਾਏ। ‡ਪਾ:-ਪਰਖਨਿ, ਪਰਤੱਖ।

ਰੇ ਭਏ ਗੁਰੂ ਚਲਿਬੇ ਕਹੁ ਤਯਾਰੇ॥੨੮॥ਤਬਿ ਸ਼੍ਰੀ ਅਮਰ*ਦਿਯੋ ਬਰ ਤਾਹੂ।
'ਹੁਇ ਸੰਤਤਿ ਤਵ ਬਡ ਸੁਖ ਪਾਹੂ'[1]। ਗਮਨ ਕੀਨਿ ਤਬਿ ਗ੍ਰਾਮ ਖਡੂਰ।
ਰਾਹਕ ਆਦਿਕ ਸੰਗਤ ਭੂਰ॥੨੯॥ਅਪਨੇ ਆਸਨ ਆਨਿ ਅਸੀਨੇ। ਸੁਨਯੋ
ਸਭਿਨਿ ਮਿਲ ਦਰਸ਼ਨ ਕੀਨੇ।ਸਭਿਕੇ ਮੰਗਲ ਭਯੋ ਬਿਸਾਲਾ।ਕਰਿ ਬਰਖਾ
ਪੁਨ ਬਸੇ ਕ੍ਰਿਪਾਲਾ ॥੩੦॥ ਨਹੀਂ ਸ੍ਰਾਪ ਕਿਸਹੂ ਕੋ ਦੀਨਾ।ਸਭਿ ਅਪਰਾਧ
ਬਖਸ਼ਬੋ ਕੀਨਾ। ਪੂਜਨਿ ਲਗੇ ਬਹੁਰ ਗੁਰ ਚਰਨਾ। ਜਿਨਕੇ ਸਿਮਰਨ
ਜਨਮ ਨ ਮਰਨਾ॥੩੧॥ਪੁਨ ਸ਼੍ਰੀਅਮਰ ਗੁਰੂ ਬਚਨਾਲਿ'।ਗਮਨ ਕੀਨਿ ਮਗ
ਗੋਇੰਦਵਾਲਿ। ਕੇਤਿਕ ਹੁਤੇ ਸਿੱਖਯ ਤਬਿ ਸੰਗ। ਪਾਛਲ ਦਿਸ਼ ਗਮਨਹਿ
ਤਿਸ ਢੰਗ॥੩੨॥ਮਾਰਗ ਬਿਖੈ ਹਾਡ ਇਕ ਮਾਨਵ। ਪਰਯੋ ਹੁਤੋ ਕਬਿ ਕੋ
ਨਹਿਂ ਜਾਨਵ[2]।ਲਗਯੋ ਚਰਨ ਪਾਛਲ ਦਿਸ ਜਾਤੇ।ਕਰਾਮਾਤ ਜਿਨਿ ਮਹਿਂ
ਅਧਿਕਾਤੇ॥੩੩॥ਨਰਕ ਬਿਖੈ ਤੇ ਨਿਕਸਯੋ ਪਾਪੀ।ਦੁਸਹਿ ਸਜ਼ਾਇ ਸਕਲ
ਹੀ ਖਾਪੀ[3]। ਤਤਛਿਨ ਮਾਨੁਖ ਤਨ ਹੁਇ ਗਯੋ। ਜੋ ਨਿਰਜੀਵ ਸਜੀਵੀ
ਥਿਯੋ॥੩੪॥ਸਭਿਕੇ ਦੇਖਤਿ ਗਮਨਯੋ ਕਿਤੈ।ਅਚਰਜ ਲਖਯੋ ਸੰਗ ਥੇ ਜਿਤੈ।
ਅਮਰਦਾਸ ਨਿਜ ਸਹਜਿ ਸੁਭਾਇ।ਗੋਇੰਦਵਾਲ ਗਏ ਨਿਜ ਥਾਇਂ॥੩੫॥
ਨਿਸਾ ਬਿਤਾਈ ਬਸੇ ਨਿਕੇਤ।ਚਲੇ ਪ੍ਰਾਤਿ ਕੋ ਦਰਸ਼ਨ ਹੇਤ[4]।ਜਾਇ ਬੰਦ-
ਨਾ ਕੀਨਿ ਅਗਾਰੀ। ਬੈਠੇ ਸੰਗਤਿ ਕੇਰ ਮਝਾਰੀ ॥੩੬॥ ਹੁਤੇ ਸੰਗ ਸਿਖ
ਕਿਨਹੁ ਬਖਾਨਾ।'ਗੁਰਜੀ! ਅਚਰਜ ਪਿਖਯੋ ਮਹਾਂਨਾ।ਜਾਤਿ ਹੁਤੇ ਹਮ ਗੋਇੰ-
ਦਵਾਲ।ਮਗ ਸ੍ਰੀ ਅਮਰਦਾਸ ਕੇ ਨਾਲ ॥੩੭॥ ਅਸਥੀ[5]ਏਕ ਚਰਨ ਸੰਗ
ਛੁਹਯੋ।ਤਾਤਕਾਲ ਨਰ ਤਨ ਬਨਿ ਗਯੋ।ਜੀਵ ਉਠਯੋ ਗਮਨਯੋ ਜਿਤ ਚਾਹੂ।
ਇਨਹੁ ਨ ਕਹਯੋ ਸੁਨਯੋ ਕੁਛ ਤਾਂਹੂ'।੩੮।ਸ਼੍ਰੀਅੰਗਦ ਸੁਨਿਕੈ ਤਿਨ ਪਾਸੂ।
ਨਿਕਟ ਬੁਲਾਇ ਆਪਨੋ ਦਾਸੂ[6]।ਨੀਕੀ ਬਿਧਿ ਸਮਝਾਵਨ ਕਰਯੋ। 'ਤੁਮਰੇ
ਚਰਨ ਪਦਮ ਬਿਧਿ†ਧਰਯੋ[7]'।੩੯।ਪੁਨ ਗੁਰ ਘਰ ਕੀ ਸੇਵ ਕਮਾਈ।ਸਰਬ
ਭਾਂਤਿ ਕਰਿ ਭਾ ਅਧਿਕਾਈ। ਮਹਿਮਾ ਜਾਨਿ ਸਕਹਿਂ ਨਰ ਨਾਂਹੀ। ਜੇਤਿਕ
ਸ਼ਕਤਿ ਅਹੈ ਤੁਵ ਮਾਂਹੀ॥੪੦।ਸੰਤਨ ਮਤਿ–ਅਜ਼ਮਤਿ ਬਿਦਤਾਇ ਨ[8]–।
ਤੋਹਿ ਰਿਦੇ ਮਹਿਂ ਭੀ ਇਹ ਭਾਇ ਨ[9]।ਤਊ ਅਚਾਨਕ ਨਰ ਮ੍ਰਿਤੁ ਜੀਵਯੋ।

[1]ਗੁਰੂ ( ਅੰਗਦ ) ਜੀ ਦੀ ਆਗਯਾ ਨਾਲ ਤੀਸਰੇ ਗੁਰੂ ਜੀ ਨੇ। [2]ਨਹੀਂ ਜਾਣਿਆਂ ਜਾਂਦਾ। [3]ਕਠਨ ਸਜ਼ਾਇ ਸਾਰੀ ਉਸ ਦੀ ਨਾਸ਼ ਹੋਈ। [4]ਭਾਵ, ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨਾਂ ਲਈ। [5]ਹੱਡੀ। [6]ਭਾਵ ਸ਼੍ਰੀ ਅਮਰਦਾਸ ਜੀ ਨੂੰ। [7]ਕਵਲ ਦਾ ਚਿੰਨ੍ਹ ਵਿਧਾਤਾ ਨੇ ਧਰਿਆ ਹੈ। [8]ਨਹੀਂ। [9]ਨਹੀਂ ਭਾਉਂਦੀ ਹੈ। *ਪਾਠ 'ਸ਼੍ਰੀ ਅੰਗਦ' ਚਾਹੀਏ। †[illegible]–ਬਿਧ।

ਲੋਕਨ ਮਹਿਂ ਅਚਰਜ ਅਤਿ ਥੀਵਨੋ ।੪੧। ਸਹਜਿ ਸੁਭਾਇਕ ਤੁਮ ਨਿਤਿ ਆਵੋ।ਇਸ ਪ੍ਰਕਾਰ ਪੁਨ ਅਪਰ ਜਿਵਾਵੋ।ਜਗ ਮਹਿਂ ਬਿਥਰਹਿ ਨਹਿਂ ਇਹੁ ਆਛੀ।ਮਤਿ ਸੰਤਨ ਮਹਿਂ ਨਾਹਨ ਬਾਂਛੀ[1]।੪੨।ਯਾਂਤੇ ਅਬ ਮੇਰੀ ਸਿਖ ਮਾਨਿ ।ਦ੍ਰਿੜ੍ਹ ਰਾਖਹੁ,ਨਹਿਂ ਤ੍ਯਾਗਨ ਠਾਨਿ।ਜਬਿ ਦਰਸ਼ਨ ਕੀ ਹੁਇ ਉਰ ਪ੍ਯਾਸਾ। ਹਮ ਚਲਿ ਆਵਹਿਂਗੇ ਤੁਮ ਪਾਸ ॥੪੩॥ ਅਜਮਤਿ ਬਿਦਤ ਜਗਤ ਨਹਿਂ ਹੋਇ। ਮੇਰੇ ਮਨ ਭਾਵਹਿ ਬਿਧਿ ਸੋਇ। ਤੁਮ ਹੀ ਨਿਤਿ ਐਸੇ ਹੀ ਕਰਨੋ।ਜੋ ਸੰਤਨ ਕੇ ਮਤਿ ਸ਼ੁਭ ਬਰਨੋ’।੪੪।ਸੁਨਿ ਸ਼੍ਰੀ ਅਮਰਦਾਸ ਕਰ ਬੰਦਿ।ਕਹਤੇ ਬਚਨ‘ਸ਼੍ਰੀ ਗੁਰੂ ਮੁਕੰਦ। ਜੋ ਤੁਮ ਕੋ ਭਾਵਹਿ ਭਲਿ ਸੋਈ। ਕਰਹਿ ਅਪਰ ਸੁਖ ਪਾਇ ਨ ਕੋਈ[2]॥੪੫॥ਅਰ ਮੈਂ ਤੋ ਚਰਨਨਿ ਕੋ ਦਾਸੁ।ਤ੍ਰਿਪਤੋਂ ਨਹਿ ਤੁਮ ਦਰਸ ਪਿਆਸ।ਆਗੈ ਸ਼੍ਰੀ ਸਤਿਗੁਰ ਜੋ ਭਾਵੈ।ਸੋ ਆਛੀ ਹਮ ਕੋ ਬਨਿ ਆਵੈ’॥੪੬॥ਦੋਹਰਾ॥ਸੀਖ ਧਾਰਿ ਉਰ ਦ੍ਰਿੜ੍ਹ ਕਰੀ ਪੁਨ ਆਇਸੁ ਕੇ ਨਾਲਿ। ਸੰਝ ਸਮੈਂ ਪਾਛਲ ਪਗਨਿ ਪਹੁੰਚੇ ਗੋਇੰਦ ਵਾਲਿ॥੪੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ‘ਸ੍ਰੀ ਅੰਗਦ ਪੁਨ ਖਡੂਰ ਆਵਨ’ ਪ੍ਰਸੰਗ ਬਰਨਨੰ ਨਾਮ ਚਤੁਰਬਿੰਸਤੀ ਅੰਸੂ ॥੨੪॥

੨੫. [ਸ੍ਰੀ ਅਮਰ ਜੀ ਦੀ ਗੁਰ ਦਰਸ਼ਨ ਲਈ ਸਿੱਕ ਤੇ ਗੁਰੂ ਜੀ ਦਾ ਮਿਲਾਪ]

ਦੋਹਰਾ ॥ ਕੇਤਿਕ ਦਿਨ ਬੀਤੇ ਜਬਹਿ ਗੁਰੁ ਦਰਸ਼ਨ ਨਹਿਂ ਕੀਨ।ਜੋ ਨਿਤ ਪ੍ਰਤਿ ਨਿਕਟੀ ਰਹੈਂ ਹੋਇ ਪ੍ਰੇਮ ਆਧੀਨ॥੧॥ ਚੌਪਈ ॥ ਤਿਨ ਕੋ ਬਿਨ ਦੇਖੇ ਦਿਨ ਬੀਤੇ।ਕੁਤੋ ਸ਼ਾਂਤਿ ਕਰਿ ਚੀਤਿ ਪ੍ਰਤੀਤੇ[3]।ਤਰਫਤਿ ਰਾਤ ਨੀਂਦ ਨਹਿ ਆਵੈ।ਦਿਨ ਮਹਿਂ ਰੁਚਿ ਕਰਿ ਅਸਨ ਨ ਪਾਵੈਂ॥੨॥ ਖਾਨ ਪਾਨ ਸੋਂ ਨਹੀਂ ਸਨੇਹੂ।ਪਦ ਅਰਬਿੰਦਨਿ ਪ੍ਰੇਮ ਅਛੇਹੂ[4]।ਸਭਿ ਸੋਂ ਉਦਾਸੀਨ ਰਹਿਂ ਬੈਸੇ।ਨਹਿ ਰੁਚਿ ਬੋਲਨ ਸੁਨਹਿਂ ਨ ਕੈਸੇ॥੩॥–ਮਨ ਸਿਮਰਨ ਕਰਿ ਕਰੋਂ ਹਕਾਰਨ[5]। ਨਿਸ਼ਚੈ ਆਵਹਿਂਗੇ ਮਮ ਕਾਰਨ।ਤਊ ਤਿਨਹੁ ਕੋ ਸ਼੍ਰਮ[6] ਮਗ ਹੋਇ। ਇਹੁ ਮੇਰੇ ਚਿਤ ਰੁਚਹਿ ਨ ਕੋਇ॥੪॥ਦਰਸ਼ਨ ਬਿਨਾਂ ਸ਼ਾਂਤਿ ਕਿਮ ਧਾਰੈਂ–।ਇਮ ਅਸਮੰਜਸੁ ਰਿਦੈ ਬਿਚਾਰੈਂ।–ਜਾਇ ਖਡੂਰ ਨਿਹਾਰਨ ਕਰਿਹੋਂ । ਹੁਕਮ ਮਿਟਹਿ ਅਪਰਾਧ ਬਿਚਰਿਹੋਂ[7]–॥੫॥ਮਨ ਮਹਿਂ ਅਨਗਿਨ ਠਾਨਹਿਂ ਗਿਣਤੀ। ਨਿਸ ਦਿਨ ਭਨਹਿਂ ਦੀਨ ਬਨਿ ਬਿਨਤੀ। ਚਿਤ ਚਟਪਟੀ[8] ਲਗਤਿ

---

[1] ਪਸਿੰਦ ਨਹੀਂ। [2] ਭਾਵ ਜੋ ਤੁਹਾਨੂੰ ਭਾਵੇ ਉਸ ਤੋਂ (ਹੋਰ=) ਉਲਟ ਕਰਕੇ ਕੋਈ ਸੁਖੀ ਨਹੀਂ ਹੋ ਸਕਦਾ। [3] ਚਿੱਤ ਕਿਵੇਂ ਸ਼ਾਂਤੀ ਪ੍ਰਤੀਤ ਕਰੇ। [4] ਇਕ ਰਸ। [ਸੰਸ:, ਅਚ੍ਛੇਦ੍ਯ=ਨਾ ਟੁੱਟਣ ਵਾਲਾ]। [5] ਮਨ ਵਿਚ ਯਾਦ ਕਰਕੇ ਸੱਦਣਾ ਕਰਾਂ, ਤਦ। [6] ਥਕਾਨ। [7] ਵਿਚਾਰਦਾ ਹਾਂ। [8] ਬਚੈਨੀ, ਆਤੁਰਤਾ।

ਅਧਿਕਾਈ।–ਕਰੌਂ ਕਹਾਂ ਕੁਛ ਕਰੀ ਨ ਜਾਈ–॥੬॥ਉਤ ਸ਼੍ਰੀ ਅੰਗਦ ਜਗ ਗੁਰ ਸ੍ਵਾਮੀ।ਦਾਸ ਰਿਦੈ ਲਖਿ ਅੰਤਰਜਾਮੀ। ਬਢੀ ਪਯਾਸ ਜਿਹ ਸ਼ਾਂਤਿ ਨ ਆਵਤਿ। ਸੁਕਚਤਿ ਚਿਤ ਕਰਿ ਨਹੀਂ ਬੁਲਾਵਤਿ[1]॥੭॥ ਅਸਮੰਜਸ ਮਹਿਂ ਸੇਵਕ ਪਰਿਓ।ਅਪਨੋ ਬਿਰਦ ਸੰਭਾਰਨ ਕਰਿਓ।ਜਿਮਿ ਚਾਤ੍ਰਿਕ ਕੀ[2]ਪਯਾਸ ਬਿਚਾਰੂ।ਜਲਧਰ[3]ਧਾਵਹਿ ਕਰੁਨਾਧਾਰਿ॥੮॥ਬੂਝਿਪ੍ਰੇਮ[4]ਨਿਜਬਚਨਸਮ੍ਹਾਲਾ। ਉਠਿ ਕਰਿ ਗਮਨੇ ਦਯਾਲ ਬਿਸਾਲਾ*। ਰਹਯੋ ਨਿਕਟਿ ਜਬਿ ਗੋਇੰਦ-ਵਾਲੂ।ਲਖਿ ਸ਼੍ਰੀ ਅਮਰ ਉਠੇ ਤਤਕਾਲੂ॥੯॥ਹਿਤ ਸਨਮਾਨ ਅਗਾਰੀ ਗਏ। ਮਨਹੁ ਪ੍ਰੇਮ ਧਰਿ ਮੂਰਤਿ ਧਏ।ਦੇਖਿ ਦੂਰ ਤੇ ਦ੍ਰਿਗ ਜਲ ਛਾਇ।ਧਾਇ ਪਰੇ ਚਰਨਨਿ ਲਪਟਾਈ॥੧੦॥ਪਕਰਿ ਭੁਜਾ ਗਰ ਸੰਗ ਲਗਾਇਵ।ਦੁਹ ਦਿਸ਼ ਪ੍ਰੇਮ ਅਧਿਕ ਉਮਗਾਇਵ। ਕਰ ਸੌਂ ਕਰ ਗਹਿ ਕਰਿ ਪੁਨ ਚਲੇ। ਗਯਾਨ ਵਿਰਾਗ ਮਨਹੁ ਦੋ ਮਿਲੇ॥੧੧॥ਪੁਰਿਮਹਿਂ ਨਹੀਂਪ੍ਰਵੇਸ਼ਨ ਕੀਨਸਿ।ਸਲਿਤਾ ਕੂਲ ਲਲਿਤ ਕੋ ਚੀਨਸਿ। ਜਹਾਂ ਬਿਹੰਗਨ ਕੇ ਸ਼ੁਭ ਜੋਟੇ। ਬੋਲਤਿ ਆਪਸ ਮਹਿਂ ਸੁਰ ਛੋਟੇ[5]॥੧੨॥ਚਲਤਿ ਪ੍ਰਵਾਹ ਬਿਮਲ ਜਲਜਾਲਾ।ਮਛ ਕਛ ਉਛ-ਰਤਿ ਸੁੰਛ ਬਿਸਾਲਾ। ਸੁੰਦਰ ਹੁਤੇ ਸਥਾਨ ਉਤੰਗਾ[6]। ਸਿਕਤਾ ਮ੍ਰਿਦੁਲ[7] ਪੁਲਨਿ[8] ਜਨੁ ਗੰਗਾ॥੧੩॥ਲਲਿਤ ਸੁਥਲ ਪਿਖਿ ਬੈਠੇ ਜਾਈ।ਸ੍ਰੀ ਅੰਗਦ ਸੇਵਕ ਸੁਖਦਾਈ।ਲੋਚਨ ਪੁਟ ਤੇ ਅੰਮ੍ਰਿਤ ਰੂਪ[9]।ਕਰਤਿ ਪਾਨ ਸ਼੍ਰੀ ਅਮਰ ਅਨੂਪ॥੧੪॥ ਤ੍ਰਿਪਤ ਨ ਹੋਤਿ ਹੇਰਿ ਜਨੁ ਜੀਵਤਿ।ਅਤਿ ਹਰਖਤਿ ਚਿਤ ਸ਼ਾਂਤੀ ਥੀਵਤਿ। ਨੀਚੇ ਥਲ ਸਨਮੁਖ ਹੁਇ ਬੈਸੇ। ਬਾਸਦੇਵ[10] ਅਰਜਨ ਜੁਗੁ ਜੈਸੇ॥੧੫॥ਮਹਿਮਾ।ਮਹਾਂ ਲਖੀ।ਨਹਿਂ ਪਰੇ।ਅੰਮ੍ਰਿਤ ਬਚਨ ਗਯਾਨਰਸ ਭਰੇ।'ਹੇ ਪੁਰਖਾ!ਤੁਮ ਹੋ ਮਮ ਰੂਪ।ਭੇਦਨ ਜਾਨਹੁ ਤਨਕ,ਅਨੂਪ![11]॥੧੬॥ ਸਦਾ ਰਿਦੇ ਬਾਸਤਿ ਹੋ ਮੇਰੇ।ਤੁਝ ਸੋਂ ਪਯਾਰ ਸਦੀਵ ਬਡੇਰੇ।ਆਤਮਗਯਾਨ ਸਦੀਵ ਬਿਚਾਰਹੁ। ਨਾਨਾ ਭੇਦ ਰਿਦੇ ਨਿਰਵਾਰਹੁ ॥ ੧੭ ॥ ਦੇਹਨਿ ਕੇਰ ਸਨੇਹੁ ਅਛੇਹਾ[12]।ਮਿੱਥਯਾ ਅਹੈ ਨ ਰਾਖਹੁ ਏਹਾ।ਆਦਿ ਅੰਤ ਮਹਿਂ ਜੋ ਨਹਿਂ ਪੱਯਤਿ।ਮੱਧਯ ਸੱਤਯ ਸੋ ਕੈਸੇ ਲਹਿਯਤਿ॥੧੮॥ਜੋਉਪਜਹਿ ਸੋ ਬਿਨਸਹਿ

[1]ਚਿੱਤ ਵਿਚ ਸੰਕੋਚ ਕਰਦੇ ਹਨ, (ਕਿ ਖੇਚਲ ਨਾ ਹੋਵੇ ਇਸ ਕਰਕੇ ) ਬੁਲਾਂਵਦੇ ਨਹੀਂ (ਸਾਨੂੰ ਭਾਵ ਗੁਰੂ ਅੰਗਦ ਜੀ ਨੂੰ)। [2]ਪਪੀਹੇ ਦੀ। [3]ਬੱਦਲ। [4]ਪ੍ਰੇਮ ਦੇਖ ਕੇ। [5]ਮਹੀਨ ਅਵਾਜ਼ ਨਾਲ ਬੋਲਦੇ। [6]ਉੱਚਾ। [7]ਕੋਮਲ ਰੇਤ । [8]ਕਿਨਾਰਾ (ਅ) ਬ੍ਰੇਤਾ। [9]ਨੇਤ੍ਰਾਂ (ਰੂਪੀ) ਡੂਨਿਆਂ ਨਾਲ ਸੁੰਦਰਤਾ (ਰੂਪੀ) ਅੰਮ੍ਰਿਤ। [10]ਕ੍ਰਿਸ਼ਨ। [11]ਹੇ ਉਪਮਾਂ ਤੋਂ ਰਹਤ। [12]ਅਛੇਹ ਨੇਹ=ਲਗਾਤਾਰ ਯਾ ਨਾ ਟੁੱਟਣ ਵਾਲਾ ਪਿਆਰ। *ਪਾ:–ਦਯਾ ਬਿਸਾਲਾ।

ਹਾਰੋ॥ਲਖਿ ਤਾਂਕੋ ਮਿੱਥਯਾ ਨਿਰਵਾਰੋ[1]।ਇਸ ਮਹਿ ਸੰਕਟ ਅਨਿਕ ਪ੍ਰਕਾਰ। ਨਾਸ਼ਵੰਤ ਦ੍ਰਿਸ਼ਮਾਨ ਸੰਸਾਰ ॥੧੯॥ ਜਿਸ ਕੋ ਇਹੁ ਅਲੰਬ ਨਿਤ ਭਾਸੇ। ਸੋ ਬਿਨ ਆਦਿ ਨ ਅੰਤ ਪ੍ਰਕਾਸ਼ੇ। ਕਾਲ ਸਪਰਸ਼ਹਿ ਜਾਂਹਿ[2] ਨ ਕਬੈਹੂੰ। ਆਦਿ ਅੰਤ ਮਧਿ ਇਕ ਰਸ ਤਉਂ ਹੂੰ॥੨੦॥ਸੋ ਤੂੰ ਅਪਨੋ ਰੂਪ ਪਛਾਨ॥ਇਕ ਆਤਮਾ ਮਹਿਦ ਮਹਾਨ।ਸਤਿ ਚੇਤਨ ਆਨੰਦ ਸੋ ਬ੍ਰਹਮ। ਬਿਸ਼ੈ ਨ ਇੰਦ੍ਰੀ ਕੋ[3] ਨਿਰਭ੍ਰਮ॥੨੧॥ ਬਿਛਰਨ ਮਿਲਨ ਨ ਜਿਸ ਮੈ ਪੱਧਤਿ। ਬ੍ਯਾਪਕ ਨਭ[4] ਸਮ ਸਭਿ ਥਲ ਲਹਿ ਧਤਿ।ਜਨਮ ਨ ਮਰਨ ਨ ਸ਼ੋਕ ਨ ਹਰਖਾ॥ਦ੍ਵੰਦ ਬਿਹੀਨ ਸੁਬੁਧਿ ਕਰਿ ਪਰਖਾ[5]॥੨੨॥ ਅਹੰਬ੍ਰਹਮ ਅੱਦ੍ਵੈ ਘਨਰੂਪ[6]। ਇਹੁ ਬ੍ਰਿਤਿ ਨਿਸ਼ਚਲ ਧਰਹੁ ਅਨੂਪ॥ਲੋਕਨ ਕੋ ਸਿਖਵਨਿ[7] ਹਿਤ ਬਾਹਰ॥ਹਮਹੈਂ ਦਾਸ ਪ੍ਰਭੁ ਕੇ ਜ਼ਾਹਰ॥੨੩॥ਭਗਤਿ ਬਿਥਾਰਹੁ ਸੰਗਤਿ ਮਾਂਹੂ॥ਚਲਹਿਂ ਸਿੱਖ ਪਿਖ ਕਰਿ ਤੁਮ ਰਾਹੂ’।ਇੱਤ੍ਯਾਦਿਕ ਕਹਿ ਗੁਰੂ ਸੁਜਾਨ॥ਅਹੰਬ੍ਰਹਮ ਦ੍ਰਿੜ ਆਤਮ ਗ੍ਯਾਨ*॥੨੪॥ਕੀਨਿ ਆਪਨੇ ਸਦ੍ਰਿਸ਼ ਕ੍ਰਿਪਾਲਾ। ਜਿਮਿ ਮਸਾਲ ਤੇ ਜਗਹਿ ਮਸਾਲਾ। ਕਹਿਂ ਲਗ ਕਹਉਂ ਸੁ ਬਚਨ ਬਿਲਾਸ। ਕਰੇ ਬੈਠਿ ਸਤਿਗੁਰ ਸੰਗ ਦਾਸ॥੨੫॥ਬਹੁਰ ਉਠੇ ਤਹਿਂ ਤੇ ਜਗ ਨਾਥਾ॥ ਸਹਿਤ ਪ੍ਰੇਮ ਗਹਿ ਸੇਵਕ ਹਾਥਾ॥‘ਧੰਨ ਧੰਨ’ ਭਾਖਤਿ ਸੰਗ ਜਾਤੇ[8]। ਬਾਰ ਬਾਰ ਦਰਸ਼ਨ ਨਿਰਖਾਤੇ[9]॥੨੬॥ਪੀਥ ਬਰੋਬਰ ਗਮਨੇ ਜਾਹਿ॥ਗਹਿ ਕਰਿ ਦਾਹਨ ਕਰ ਕਰ ਮਾਂਹਿ[10]। ਬਾਮ ਹਾਥ ਸ੍ਰੀ ਅਮਰ ਸੁਭਾਇਕ[11]। ਲਟਕਤਿ ਜਾਤਿ ਸੁ ਤਰੇ

---

[1]ਹਟਾ ਦਿਓ। [2]ਜਿਸ ਨੂੰ। [3]ਇੰਦ੍ਰੀਆਂ ਦਾ ਵਿਸ਼ੇ ਨਹੀਂ ( ਆਤਮਾ ), ਭਾਵ ਇੰਦ੍ਰੀਆਂ ਕਰਕੇ ਨਹੀਂ ਜਾਣੀਦਾ। [4]ਅਕਾਸ਼। [5]ਦ੍ਵੰਦਾਂ ਤੋਂ ਰਹਤ ਹੈ, (ਸੁ=) ਜੋ ਬੁੱਧੀ ਦੀ ਪਰਖ ਕਰਦਾ ਹੈ। (ਅ) (ਸੁ+ਬੁਧੀ=) ਆਤਮ ਵਿਸ਼ੇਸ਼ਣੀ ਬੁਧੀ ਨਾਲ ਉਸ ਨੂੰ ਪਰਖਿਆ ਜਾਂਦਾ ਹੈ। [6]ਜਿਸ ਦੇ ਕੋਈ ਹਿੱਸੇ ਨਾ ਹੋ ਸੱਕਣ। [7]ਸਿੱਖਯਾ। [8]ਨਾਲੇ ਜਾਂਦੇ ਹਨ ( ਸ੍ਰੀ ਅਮਰ ਜੀ )। [9]ਵੇਖਦੇ। [10]ਸੱਜੇ ਹੱਥ ਵਿਚ ਹੱਥ ਫੜ ਕਰਕੇ। [11]ਸਹਿਜ ਸੁਭਾਵ ਹੀ। *ਐਸੇ ਉਪਦੇਸ਼ ਇਕ ਗ੍ਯਾਨੀ ਦੂਸਰੇ ਨੂੰ ਦੇਂਦਾ ਹੈ। ਆਪ ਕਵਿ ਜੀ ਗੁਰੂ ਸਾਹਿਬਾਨ ਨੂੰ ਜੋਤਿ ਰੂਪ ਤੇ ਵਾਹਿਗੁਰੂ ਰੂਪ ਦੱਸਦੇ ਆਉਂਦੇ ਹਨ, ਸੋ ਜੋ ਆਪ ਹਨ ਉਹੋ ਹਨ, ਓਹ ਦੋਵੇਂ ਗ੍ਯਾਨ ਸਰੂਪ ਹਨ, ਉਨ੍ਹਾਂ ਵਿਚ ਗ੍ਯਾਨ ਇਉਂ ਨਹੀਂ ਆਉਂਦਾ ਜਿਵੇਂ ਜੀਵਾਂ ਵਿਚ। ਕਵਿ ਜੀ ਇਹ ਲੋਕਾਂ ਦੇ ਸਮਝਾਉਣ ਲਈ ਆਪਣੇ ਅਨੁਭਵ ਕੀਤੇ ਵੇਦਾਂਤਕ ਗ੍ਯਾਨ ਨੂੰ ਵਰਣਨ ਕਰਦੇ ਹਨ। ਗੋਬਿੰਦ ਰੂਪ ਗੁਰੂ ਅੰਗਦ ਜੀ ਨਾਲ ਜਗੋਤੀ ਸਰੂਪ ਸ੍ਰੀ ਅਮਰ ਦੇਵ ਜੀ ਦਾ ਪ੍ਰੇਮ ਅੱਗ੍ਯਾਨ ਵਾਲਾ ਪ੍ਰੇਮ ਨਹੀਂ, ਇਹ ਉਹ ਪ੍ਰੇਮ ਹੈ ਜਿਸ ਬਿਨਾਂ ਸ੍ਰੇਸ਼ਟ ਗ੍ਯਾਨੀ ਨੂੰ ਬੀ ‘ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ’। [ਗਉੜੀ ਥਾ॥ ਅਸ਼॥ ਮ॥ ੫-੧੪] ਜਿਥੇ ਵੇਦਾਂਤ ਅਟਕ ਖਲਾ ਸੀ ਗੁਰ ਨਾਨਕ ਨੇ ਗ੍ਯਾਨ ਨੂੰ ਉਸ ਤੋਂ ਅਗੇ ਟੋਰਿਆ ਸੀ, ਉਹ ਦਾਤ ਦੂਸਰੇ ਗੁਰੂ ਜੀ ਤੀਸਰੇ ਗੁਰੂ ਜੀ ਨੂੰ ਦੇ ਰਹੇ ਸੀ।

ਡੁਲਾਇਕ[੧] ॥੨੭॥ ਇਸ ਬਿਧਿ ਆਵਤਿ ਪੰਥ[੨] ਖਡੂਰੇ। ਸੇਵਕ ਸੰਗ ਲੀਏ ਗੁਰ ਪੂਰੇ। ਕਿਤਿਕ ਰਾਹ ਚਲਿ ਕਰਿ ਜਬਿ ਆਏ।ਤਬਿ ਸ੍ਰੀ ਅਮਰ ਜੁ ਭੁਜਾ ਡੁਲਾਏ॥੨੮॥ਭਈ ਅਚਾਨਕ ਗੁਰ ਕੇ ਆਗੇ। ਦੇਖਤਿ ਅਮਰ ਦਾਸ ਵਡ-ਭਾਗੇ।ਬਢੀ ਚਿੰਤ ਚਿਤ ਦਾਰੁਨ[੩] ਭਾਰੀ।-ਮਹਾਂ ਅਵੱਗਨਾ ਗੁਰ ਕੀ ਧਾਰੀ। ੨੯।ਬਾਮ ਬਾਂਹ ਭੀ ਡੋਲ ਅਗਾਰੇ।ਸਤਿਗੁਰ ਇਸਨੇ ਕੀਨ ਪਿਛਾਰੇ-।ਲਖਿ ਅਪਰਾਧ ਸੁ ਭੁਜਾ ਬਿਸਾਰੀ। ਤੁਰਨ ਸੁਕਚਾਵਨ ਕੋ ਧਾਰੀ[੪] ॥੩੦॥ ਛਾਤੀ ਸੰਗ ਲਾਇ ਸੋ ਲੀਨਸਿ। ਤਿਸ ਛਿਨ ਨੇਮ ਏਵ ਕਰਿ ਲੀਨਸਿ।-ਅਬਿ ਇਸ ਕੋ ਅਪਨੀ ਨਹਿਂ ਜਾਨੋਂ।ਕੀਨੋ ਗੁਰ ਅਪਰਾਧ ਪਛਾਨੋਂ॥੩੧॥ ਕਾਰਜ ਇਸ ਕੇ ਸਾਥ ਨ ਕਰੌਂ। ਨਹਿਂ ਮਮਤਾ[੫] ਕੋ ਮਨ ਮਹਿਂ ਧਰੌਂ-। ਜਬਿ ਲਗ ਮਹਿ ਮਹਿਂ[੬] ਤਨ ਕੋ ਧਾਰੌਂ*।ਤਿਸਕੋ ਸੰਗ ਨ ਕਛੁ ਸੁਧਾਰੌਂ†-।੩੨।ਛਾਤੀ ਸਾਥ ਲਾਇ ਸੋ ਹਾਥ।ਚਲੇ ਜਾਤਿ ਸੰਗ ਸ੍ਰੀ ਗੁਰ ਨਾਥ। ਏਕ ਹਾਥ ਦਾਹਨ ਤੇ ਤਬਿਹੂੰ। ਕ੍ਰਿਯਾ ਸੁਧਾਰਤਿ ਭੇ ਤਨ ਸਬਿਹੂੰ[੭] ।੩੩।'ਜੇਤਿਕ ਤਨ ਆਦਿਕ ਕੀ ਕਾਰੇ। ਨਹੀਂ ਬਾਮ ਸੋਂ ਕਬਹੂੰ ਸੁਧਾਰੇ'। ਇਹੁ ਸ੍ਰੀ ਅਮਰ ਕਹਯੋ‡, ਕਸ ਕਰੀ[੮]।ਅੰਗ ਅੰਗ ਗੁਰ ਭਗਤੀ ਧਰੀ[੮] ॥੩੪॥ ਇਸ ਬਿਧਿ ਅਪਰ ਜਿ ਕੋ ਨਰ ਕਰੇ। ਭੁਗਤਿ ਮੁਕਤਿ ਲਹਿ ਭਵਜਲ ਤਰੇ। ਸ੍ਰੀ ਅੰਗਦ ਅਵ-ਲੋਕ ਪ੍ਰਸੰਨੇ। ਕਰ ਸੁ ਛੁਡਾਇਓ§ ਕਹਿ 'ਧਨ ਧੰਨੇ'[੯] ॥੩੫॥ ਉਰ ਮਹਿਂ ਜਾਤੇ ਕਰਤਿ ਬਿਚਾਰਾ।-ਇਹ ਦੇਵਹਿਂ ਉਪਦੇਸ਼ ਉਦਾਰਾ।ਭਗਤਿ ਕਰਹਿਂ ਨਰ ਬਿਚ ਸਤਿਸੰਗਤਿ। ਸੱਤਨਾਮ ਸੰਗ ਹੋਵਹਿ ਰੰਗਤਿ ॥੩੬॥ ਇਸ ਤੇ ਹੋਇ ਉਧਾਰ ਹਜ਼ਾਰੋ। ਸਿਖੀ ਮਾਰਗ ਕੋ ਬਿਸਤਾਰੋ। ਪਹੁੰਚੇ ਜਾਇ ਖਡੂਰ ਮਝਾਰੂ। ਬੈਠੇ ਬਹੁਰ ਸਿੰਘਾਸਨ ਚਾਰੂ॥੩੭॥ਢਿਗ ਸ੍ਰੀ ਅਮਰ ਹੇਰਿ ਹਰਖਾਇ। ਬਾਕ ਬਿਲਾਸਨਿ ਦਿਵਸ ਬਿਤਾਇ। ਸੰਧਯਾ ਸਮੇਂ ਜਬਹਿ ਨਿਯਰਾਨਾ। ਕਹਯੋ 'ਜਾਹੁ ਪੁਰਖਾ! ਨਿਜ ਥਾਨਾ' ॥੩੮॥ ਆਇਸੁ ਪਾਇ

---

[੧]ਡੋਲਦਾ ਜਾਂਦਾ ਹੈ। [੨]ਰਾਸਤਾ। [੩]ਭਯਾਨਕ। [੪]ਸੰਕੋਚ ਧਾਰਿਆ। [੫]ਕਿ ਇਹ ਮੇਰੀ ਹੈ। [੬]ਧਰਤੀ ਵਿਚ। [੭]ਸਰੀਰ ਦੀ ਕਿਰਿਆ। [੮]ਕਾਬੂ ਕੀਤੀ (ਅ) ਤਾੜਨਾ ਕੀਤੀ (ੲ) ਕੈਸੀ ਕੀਤੀ ਭਾਵ ਕਿਉਂ ਕੀਤੀ ? (ਉਤ੍ਰ) ਕਿ ਉਨ੍ਹਾਂ ਨੇ ਅੰਗ ਅੰਗ ਵਿਚ ਗੁਰ ਭਗਤੀ ਧਾਰਨ ਕਰ ਰੱਖੀ ਸੀ। [੯]ਭਾਵ ਗੁਰ ਅੰਗਦ ਜੀ ਨੇ ਉਨ੍ਹਾਂ ਦਾ ਹੱਥ ਸੰਕੋਚਿਆ ਦੇਖ ਤੇ ਭਗਤੀ ਭਾਵ ਸਮਝ ਕੇ 'ਧੰਨ ਧੰਨ' ਆਖਿਆ ਤੇ ਹੱਥ ਛਾਤੀ ਤੋਂ ਛੁਡਾ ਦਿੱਤਾ। *ਪਾ:-ਧਾਰਯੋ।

†ਪਾ:-ਸੁਧਾਰਯੋ। ‡ਪਾ:-ਕਹੇ। §ਪਾ:-ਕਰ ਛੋਡਿਓ ਬਥ।

ਚਲੇ ਤਿਸੁ ਭਾਂਤੀ। ਗੁਰ ਦਿਸ਼ ਮੁਖ ਗਮਨਹਿਂ ਪਸ਼ਚਾਤੀ।ਤੀਨ ਕੋਸ ਚਲਿ ਕਰਿ ਹੁਇ ਖਰੇ। ਗੁਰੂ ਧ੍ਯਾਨ ਧਰਿ ਬੰਦਨ ਕਰੇ ॥੩੯॥ ਕੋਸ ਰਹਹਿ ਜਦ ਗੋਇੰਦਵਾਲੇ।ਪੁਰਿ ਕੀ ਦਿਸ਼ ਮੁਖ ਕਰਿ ਤਬਿ ਚਾਲੇਂ। ਜਾਇ ਆਪਨੇ ਧਾਮ ਬਿਰਾਜੇਂ।ਜਿਨਕੇ ਧ੍ਯਾਨ ਧਰੇ ਜਮ ਭਾਜੇ॥੪੦॥ਪ੍ਰੇਮਨਿਰੰਤਰ ਰਿਦੇਂ ਪ੍ਰਵਾਹੂ। ਚਿਤਵਹਿਂ ਗੁਰਸਰੂਪ*ਮਨ ਮਾਂਹੂ।ਮੁਖ ਤੇ ਬੋਲਹਿਂ ਤੌ ਗੁਰ ਨਾਮੂ[1]। ਸੁਨਹਿਂ ਸ਼ੌਨ ਕਿਰਤਨ ਸੁਖ ਧਾਮੂ ॥੪੧॥ ਅਪਰ ਨ ਦੇਖਨੋ ਸੁਨਨੋ ਨ ਭਾਵੈ। ਇਕ ਸਤਿਗੁਰ ਕੀ ਉਰ ਲਿਵਲਾਵੈਂ। ਜਬਿ ਸਿਮਰਹਿਂ ਤਬਿ ਦਰਸ਼ਨ ਕਰੈਂ। ਬ੍ਰਹਮ ਗ੍ਯਾਨ ਕੋ ਨਿਤਿ ਉਰ ਧਰੈਂ ॥ ੪੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਗੋਇੰਦਵਾਲ ਆਵਨ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ॥੨੫॥

## ੨੬. [ਸ਼ੀਹਾਂ ਉੱਪਲ। ਗੁਰੂ ਅੰਗਦ ਜੀ ਦੇ ਸਮਾਵਣ ਦੀਆਂ ਤਿਆਰੀਆਂ]

ਦੋਹਰਾ ॥ ਇਕ ਦਿਨ ਸ਼੍ਰੀ ਅੰਗਦ ਗੁਰੂ ਗਮਨੇ ਗੋਇੰਦ ਵਾਲ। ਸੇਵਕ ਕੋ ਦਰਸ਼ਨ ਦਿਯੋ ਕਹਿ ਸੁਨਿ ਬਚਨ ਰਸਾਲ॥੧॥ ਚੌਪਈ॥ਸਹਿਜ ਸੁਭਾਇਕ ਆਵਤਿ ਚਲੇ। ਮਗ ਮਹਿ ਸੀਹਾਂ ਉੱਪਲ ਮਿਲੇ। ਦੇਖਤਿ ਹੀ ਪਗਬੰਦਨ ਕਰੀ। ਭਯੋ ਨੰਮ੍ਰਿ ਉਰ ਸ਼ਰਧਾ ਧਰੀ॥੨॥ਇਕ ਸੌ ਛਾਂਗ[2] ਸੰਗ ਤਹਿਂ ਅਹੇ। ਤਿਨ ਕਹੁ ਦੇਖਿਗੁਰੂ ਬਚ ਕਹੇ।'ਕੋ ਸ਼ੀਹਾਂ!ਇਹੁ ਕਿਤਤੇ ਲ੍ਯਾਇ?।ਕਿਉਂ ਕੀਨਸਿ ਇਨ ਕੋ ਸਮੁਦਾਇ'॥੩॥ਸੁਨਿ ਕਰ ਜੋਰੇ ਕਹਨੋ ਬ੍ਰਿਤੰਤ। 'ਹੇ ਸ਼੍ਰੀ ਸਤਿਗੁਰ ਜੀ ਭਗਵੰਤ!।ਮੋਹਿ ਪੁੱਤ੍ਰ ਕੋ ਮੁੰਡਨ[3] ਅਹੈ। ਬਡ ਉਤਸਾਹ ਕਰਨੋ ਹਮ ਚਹੈਂ॥੪॥ ਹਮਰੀ ਕੁਲ ਸਭਿ ਇਕਠੀ ਹੋਇ।ਬਡੇ ਹਮਾਰਨਿ ਕੀ ਬਿਧਿ ਸੋਇ। ਇਸ ਬਿਧਿ† ਕਰਨ ਅਹੈ ਬਿਵਹਾਰ। ਆਵਹਿਂ[4] ਆਮਿਖ[5] ਕਰਹਿਂ ਅਹਾਰ॥੫॥ਸਦਾ ਜਠੇਰਨ[6] ਰੀਤਿ ਹਮਾਰੇ।ਓਦਨ ਆਮਿਖ[7] ਦੇਹਿਂ ਅਹਾਰੇ। ਖੁਸ਼ੀ ਅਨੇਕ ਪ੍ਰਕਾਰਨ ਹੋਇ।ਹੋਹਿਂ ਮੇਲ ਕੁਲ ਕੇ ਸਭਿ ਕੋਇ' ॥੬॥ ਸੁਨਿ ਕਰਿ ਬਿਕਸੇ ਗੁਰੂ ਕ੍ਰਿਪਾਲ। ਭਲੋ ਕਰਨ ਹਿਤ ਕਹਿ ਤਿਸ ਕਾਲ।ਇਤਨੇ ਜੀਵਨ ਹਿੰਸਾ[8]ਕਰੈਂ। ਪਾਪ ਬਿਸਾਲ ਅਪਨ ਸਿਰ ਧਰੈਂ॥੭॥ਅਬਿ ਤੋ ਸੁਗਮ ਜਾਨੀਅਹਿ ਕਰਿਬੋ।ਅੰਤ ਮਹਾਂ ਦੁਖ ਨਰਕਨ ਪਰਬੋ।ਦੇਹਿਂ ਸ਼ਾਸਨਾ[9]‡ਜਮ ਕੇ ਦੂਤ।ਤਹਾਂ ਨ ਪਹੁੰਚੇ ਬੰਧਪ ਪੂਤ॥੮॥ਜਿਨਕੇ ਹਿਤ ਅਘਕਰਮ ਕਮਾਇਂ।

---

[1]ਤਾਂ ਗੁਰੂ ਜੀ ਦਾ ਨਾਮ ਹੀ (ਬੋਲਦੇ ਹਨ)। [2]ਇਕ ਸੌ ਬੱਕਰੇ। [3]ਸਿਰ ਮੁੰਨਣਾ। [4](ਸਾਡੇ ਸਾਕ ਮਿੱਤ੍ਰ) ਆਉਣਗੇ। [5]ਮਾਸ ਦਾ। [6]ਵਡਿਆਂ ਦੀ। [7](ਰਿੱਧੇ) ਚਾਵਲ ਤੇ ਮਾਸ। [8]ਮਾਰੇਂਗਾ। [9]ਤਾੜਨਾ, ਦੰਡ।

*ਪਾ:-ਵਾ ਸਰੂਪ। †ਪਾ:-ਬਧ। ‡ਪਾ:-ਯਾਤਨਾ।

ਤਹਾਂ ਨ ਰੰਚਕ ਹੋਇੰ ਸਹਾਇ।ਸੁਖ ਭੋਗੈਂਗੇ ਸਗਰੇ ਲੋਕ । ਅਪਦਾ ਪਰਹਿ ਤੋਹਿ ਬਡ ਸ਼ੋਕ ॥ ੯ ॥ ਧਰਮਰਾਇ ਜਬ ਕਰਿਹੈ ਲੇਖਾ । ਲਹੈਂ[1]ਮਹਾਂ ਦੁਖ ਰਹੈ ਨ ਸ਼ੇਖ਼ਾ[2]'।ਸੁਨਿ ਸ਼ੀਹੇ ਭੈ ਧਾਰਿ ਬਡੇਰੇ।ਕਹਨੇ'ਕਰੌਂ ਜਸੁ ਆਇਸੁ ਤੇਰੇ ॥੧੦॥ਸ਼੍ਰੀ ਗੁਰ! ਕਹਾਂ ਕਰੌਂ ਉਪਚਾਰ?। ਜਿਸਤੇ ਹੋਇ ਨ ਜੀਵ ਸੰਘਾਰ। ਨੀਕੀ ਬਾਤ ਆਪ ਮੁਝ ਕਹੋ।ਬਚ ਜਿਮ ਰਹੌਂ ਸੁ ਮੈਂ ਭੀ ਚਹੋਂ॥੧੧॥ਹੋਹਿਂ ਨ ਪਾਪ ਨਰਕ ਨਹਿਂ ਪਰਿਊਂ।ਜੀਵਘਾਤ ਤੇਚਿਤ ਮਹਿਂਡਰਿਊਂ।ਆਪਸ਼ਕਤਿ ਧਰ ਹੋ ਸਮਰੱਥ । ਰਾਖਹੁ ਮੋਹਿ ਪ੍ਰਭੁ ਦਿਹੁ ਹੱਥ॥੧੨॥ਤੁਮ ਤੇ ਬਡੋ ਕਹਾਂ ਮੈਂ ਪਾਵੋਂ।ਪਰਨੋ ਸ਼ਰਨ ਮੈਂ ਨਿਤ ਗੁਨਗਾਵੋਂ।ਜਿਮਿ ਇਹੁ ਜੀਵ ਘਾਤ ਨਹਿਂ ਹੋਵੈਂ । ਨਹੀ ਜਠੇਰਨ ਕੋ ਦੁਖ ਜੋਵੈਂ[3] ॥ ੧੩ ॥ ਅਸ ਉਪਾਇ ਅਬਿ ਆਪ ਅਲਾਵੋ।ਅਪਨੋ ਸੇਵਕ ਜਾਨਿ ਬਤਾਵੋ'।ਇਮਿ ਬਿਨਤੀ ਸੁਨਿਕੈ ਤਿਸ ਕੇਰੀ। ਭੁਏ ਕ੍ਰਿਪਾਲ ਭਨਨੋ ਬਚ ਫੇਰੀ ॥ ੧੪॥ 'ਹਮਰੇ ਦ੍ਵਾਰੇ ਮੁੰਡਨ ਕਰੋ । ਉਰ ਕੋ ਭਰਮ ਸਰਬ ਪਰਹਰੋ । ਬਿਘਨ ਜਠੇਰਨਿ ਕੋ ਨਹਿਂ ਹੋਇ। ਸਿਮਰਹੁ ਸੱਤਿਨਾਮ ਦੁਖ ਖੋਇ ॥ ੧੫ ॥ ਜਿਨ ਕੋ ਦੁਖਦਾਇਕ ਤੂੰ ਜਾਨੈ । ਜੋ ਤੇਰੇ ਸਭਿ ਬਿਘਨਨਿ ਠਾਨੈ। ਸਰਬ ਓਰ ਤੇ ਹੁਇੰ ਰਖਵਾਰੇ।ਸਭਿ ਸੁਖ ਦੇਹਿਂ ਨ ਕਾਜ ਬਿਗਾਰੇ ॥ ੧੬ ॥ ਅਜ[4] ਸਗਰੇ ਅਬ ਦੀਜਹਿ ਛੋਰ । ਨਰਕ ਨਿਹਾ-ਰਹਿਂ ਨਹਿਂ ਦੁਖ ਘੋਰ'। ਸੁਨੇ ਬਚਨ ਧਰਿ ਸ਼ਰਧਾ ਮਾਨੇ।ਹਾਥ ਜੋਰਿ ਅਪਨੇ ਹਿਤ ਜਾਨੇ ॥ ੧੭ ॥ ਅਜ ਖਲਾਸ ਤਿਸੁ ਛਿਨ ਸਭਿ ਕੀਨੇ[5] । ਗੁਰ ਕੇ ਚਰਨ ਕਮਲ ਮਨੁ ਲੀਨੇ।ਜਾਇ ਸਦਨ ਸਭਿ ਜੇਤਿਕ ਤਨਾਰੀ । ਆਨਤਿ ਭਾ ਗੁਰ ਕੇਰ ਅਗਾਰੀ॥੧੮॥ਅਪਨੇ ਬੰਧੁ ਤਹਾਂ ਹਕਾਰੇ।ਬਹੁਰ ਪੁੱਤ੍ਰ ਕੋ ਸ੍ਰੀ ਗੁਰ ਦੁਆਰੇ । ਮੁੰਡਨ ਰੀਤਿ* ਬੰਸ ਕੀ ਜੈਸੇ । ਭਲੀ ਭਾਂਤਿ ਕਰਵਾਇਵ ਤੈਸੇ॥੧੯॥ਪਹਿਤ ਭਾਤ[6] ਕੋ ਦੀਨ ਅਹਾਰ।ਰੁਚਿ ਕਰਿ ਖਾਇੰ ਸਰਬ ਪਰ-

[1]ਪਾਏਂਗਾ। [2]ਬਾਕੀ ਕਸਰ ਨਹੀਂ ਰਹੇਗੀ। [3]ਦੇਖਾਂ। [4]ਬੱਕਰੇ। [5]ਛੱਡ ਦਿੱਤੇ। [6]ਦਾਲ ਚਾਵਲ।

*ਇਹ ਪ੍ਰਸੰਗ ਮਹਿਮਾ ਪ੍ਰਕਾਸ਼ ਵਿਚ ਹੈ, ਪਰ ਓਥੇ ਗੁਰੂਦੁਆਰੇ ਮੁੰਡਨ ਹੋਣਾ ਨਹੀਂ ਲਿਖਿਆ, ਸਗੋਂ ਸਿਖ ਬਣਨਾ ਲਿਖਿਆ ਹੈ। ਸੀਹੇਂ ਨੂੰ ਗੁਰੂ ਜੀ ਨੇ ਕਿਹਾ ਕਿ ਤੂੰ ਵੱਡਿਆਂ ਤੋਂ ਨਾ ਡਰ, ਮੇਰੇ ਡੇਰੇ ਇਸ ਨੂੰ ਸਿਖ ਬਣਾ; ਯਥਾ—'ਸੁਹਿਰਦ ਦੇਖ ਪ੍ਰਭ ਦਇਆ ਕਰ ਤਾਂਹਿ ਕਹੀ ਸਮਝਾਇ। ਮਮ ਦੁਆਰੇ ਸਿੱਖ ਕੋ ਕਰੋ ਬਿਘਨ ਨਾ ਹੋਵੇ ਕਾਇ'। ਫਿਰ ਜਦ ਸਤਿਗੁਰ ਡੇਰੇ ਗਏ ਤਾਂ ਬੱਚਾ ਸਿੱਖਬਣਿਆਂ ਯਥਾ:—'ਸਤਗੁਰ ਦੁਆਰ ਸਿਖ ਕੋ ਕੀਓ ਕਾਰਜ ਹੋਏ ਰਾਸ'। ਭਾਈ ਗੁਰਦਾਸ ਜੀ ਨੇ ਸੀਹਾਂ ਉੱਪਲ ਪਹਿਲੀ ਪਾਤਸ਼ਾਹੀ ਦੇ ਵੇਲੇ ਸਿੱਖ ਹੋਇਆ ਲਿਖਿਆ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਵਾਰ। ਸਿਖ ਸੰਗਤ ਸਭਿਹੂੰਨ ਅਰਾਵ। ਬਿਘਨ ਕਛੂ ਨਹਿੰ ਹੋਵਨਿ ਪਾਵ
॥੨੦॥ ਸਤਿਗੁਰ ਕੋ ਪ੍ਰਤਾਪ ਅਤਿ ਭਾਰੀ। ਬਿਘਨ ਕਾਰ[1] ਹੋਇ ਰਖਵਾਰੀ।
ਪੂਰਨ ਸਕਲ ਕਾਜ ਤਿਨ ਕਰਯੋ।ਸ਼੍ਰੀ ਗੁਰ ਪੰਥ[2]ਰਿਦੇ ਦ੍ਰਿੜ ਧਰਯੋ॥੨੧॥
ਭਯੋ ਸਿੱਖ ਤਿਸੁ ਦਿਨਤੇ ਗੁਰ ਕੋ।ਸੇਵਹਿ ਚਰਨਭਾਉ ਕਰਿ ਉਰਕੋ।ਦ੍ਰਿੜ
ਪ੍ਰਤੀਤ ਕੀਨਸਿ ਗੁਰ ਓਰੀ। ਅਪਰ ਸਭਿਨਿ ਕੀ ਮਨਤਾ[3] ਛੋਰੀ ॥੨੨॥
ਜੋ ਸਭਿਤਜਾਗ ਅਲੰਬ ਗੁਰੂ ਗਹਿ[4]।ਵਸਤੁ ਅਲੱਭ ਨਹੀਂ ਕੋ ਮਹਿ ਮਹਿ[5]।
ਸ਼ੀਹਾਂ ਉੱਪਲ ਇਸੀ ਪ੍ਰਕਾਰੇ। ਭਯੋ ਸਿੱਖ ਸਤਿਗੁਰ ਮਤਿ ਧਾਰੇ ॥ ੨੩ ॥
ਬਹੁਰੋ ਸ਼੍ਰੀ ਅੰਗਦ ਬਹੁ ਬਾਰੀ। ਗੋਇੰਦਵਾਲ ਜਾਤਿ ਹਿਤ ਧਾਰੀ। ਮਿਲਹਿੰ
ਦਾਸ ਕੋ ਆਨੰਦ ਦੇਤਿ। ਵਹਿਰ ਰਹਹਿੰ ਕੈ ਜਾਇੰ ਨਿਕੇਤ ॥ ੨੪ ॥ ਇਸ
ਪ੍ਰਕਾਰ ਕਛ ਸਮੇ ਬਿਤਾਇਵ। ਜਗ ਮਹਿੰ ਮਗ ਸਿੱਖੀ ਪ੍ਰਗਟਾਇਵ। ਗਈ
ਬਿਤੀਤ ਸਿਸੁਰ ਰੁਤਿ[6]ਸਾਰੀ। ਸਭਿ ਥਲ ਭਾ ਬਸੰਤ ਗੁਲਜ਼ਾਰੀ[7] ॥੨੫॥
ਚਢ੍ਯੋ ਚੇਤ ਸਭਿ ਕੋ ਸੁਖ ਦੇਤਿ। ਨਹਿੰ ਅਤਿ ਸੀਤ ਨ ਉਸ਼ਨ ਤਪੇਤਿ।
ਬਿਕਸੇ ਕੁਸਮ[8] ਅਨੇਕਨਿ ਰੰਗ। ਅਤਿ ਸ਼ੋਭਾ ਸੁੰਦਰ ਸਰਬੰਗ[9]॥੨੬॥ਪਾਤ
ਨਿਪਾਤ ਪਲਾਸ ਪ੍ਰਕਾਸ਼ੇ[10]।ਜਿਤ ਕਿਤ ਅਰੁਣ ਬਰਣ ਹੀ ਭਾਸੇ।ਚਹੁ ਦਿਸ਼
ਬਨ ਕੀ ਦਿਖੀਅਤਿ ਭੂਮਿ।ਜਨੁ ਗਨ ਅਗਨੀ ਲਾਟ ਅਧੂਮ[11]॥੨੭॥ਉਪ-
ਬਨ ਮਹਿੰ ਗੁਲਾਬ ਚਟਕੀਲੇ[12]। ਬਿਕਸਤਿ ਬੂਟਨ ਸਾਥ ਛਬੀਲੇ। ਕੌਨ
ਕੌਨ ਤਰੁ ਫੂਲਨਿ ਕੇਰੀ।ਕਹੀਅਹਿ ਜਾਤ ਰੁਚਿਰਤਾ ਹੇਰੀ।੨੮।ਸ਼ੋਭਾ ਬਨ
ਉਪਬਨ ਕੀ ਬਾਢੀ[13]। ਮਨਹੁ ਦਿਖਾਵਨਿ ਨਿਜ ਤੇ ਕਾਢੀ[14]।ਬ੍ਰਿੰਦ ਬਿਹੰ-

[1]ਵਿਘਨਕਾਰਾਂ ਤੋਂ। [2]ਭਾਵ ਸਿੱਖੀ। [3]ਮੰਨਣਾ, ਪੂਜਾ। [4]ਗੁਰੂ ਦਾ ਆਸਰਾ ਫੜ੍ਹੇ। [5]ਪ੍ਰਿਥਵੀ ਵਿਚ। [6]ਪਤਝੜੀ ਰੁੱਤ। [7]ਬਸੰਤ ਦੀ ਗੁਲਜ਼ਾਰ-ਫੁਲਖੇੜਾ। [8]ਖਿੜੇ ਫੁੱਲ। [9]ਸਰਬ ਅੰਗਾਂ ਕਰਕੇ। [10]ਪਲਾਸ=ਢਿੱਛਰਾ। ਢਿੱਛਰੇ ਦੇ ਪੱਤੇ (ਤਾਂ) ਝੜੇ ਹੋਏ ਹਨ (ਪਰ ਫੁੱਲਾਂ ਨਾਲ ਲੱਦਿਆਂ ਲਾਲੀ ਭਾ ਨਾਲ ਮਾਨੋਂ) ਪ੍ਰਕਾਸ਼ ਰਿਹਾ ਹੈ। ਢਿੱਛਰੇ ਨੂੰ ਫੁੱਲ ਪਹਿਲਾਂ ਨਿਕਲਦੇ ਹਨ ਤੇ ਪੱਤੇ ਪਿੱਛੋਂ। [11]ਧੂੰਏਂ ਤੋਂ ਰਹਿਤ। [12]ਖਿੜੇ ਹੋਏ, ਸੁੰਦਰ। [13]ਬਗੀਚਿਆਂ ਦੀ ਵਧੀ। [14]ਬਨ ਨੇ ਮਾਨੋਂ ਆਪਣੇ ਵਿਚੋਂ ਦਿਖਾਉਣ ਲਈ ਕੱਢੀ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਹੈ, ਤੇ ਯਾਰਵੀਂ ਵਾਰ ਦੇ ਟੀਕੇ ਵਿਚ ਪਹਿਲੀ ਪਾਤਸ਼ਾਹੀ ਦਾ ਹੀ ਸਿੱਖ ਲਿਖਿਆ ਹੈ। ਤੀਜੇ ਸਤਿਗੁਰਾਂ ਵੇਲੇ ਸੀਹਾਂ, ਭਾਈ ਮੁਰਾਰੀ ਨੂੰ ਕਾਕੀ ਵਿਆਹ ਵਿਚ ਦੇਂਦਾ ਹੈ, ਚੌਥੇ ਸਾਹਿਬਾਂ ਵੇਲੇ ਜਾਪਦਾ ਹੈ ਅੰਮ੍ਰਿਤਸਰ ਕੁਟੰਬ ਸਣੇ ਆ ਵਸਿਆ ਹੈ, ਉਪਲਾਂ ਦੀ ਗਲੀ ਅਜੇ ਤਕ ਹੈ। ਦੂਜੇ ਸਾਹਿਬਾਂ ਨਾਲ ਸਾਖੀ ਮਹਿਮਾ ਪ੍ਰਕਾਸ਼ ਦੀ ਹੈ ਤੇ ਓਥੇ ਜ਼ਿਕਰ ਸਿਖ ਬਣਾਉਣ ਦਾ ਹੈ ਮੁੰਡਨ ਦਾ ਨਹੀਂ ਹੈ।

ਗਨ ਬੋਲਬਿ ਜਨੀਯਤਿ। ਕਾਨਨ ਰਹਿ ਕਾਨਨ ਮਹਿਂ ਸੁਨੀਯਤਿ[1] ॥੨੯॥ ਰੁਤਿ ਬਸੰਤ ਜਗ ਬਿਦਤ ਛਬੀਲਾ। ਸ਼ਾਂਤਿ ਬ੍ਰਿੱਤਿ ਸਤਿਗੁਰ ਕੀ ਲੀਲਾ। ਆਵਤਿ ਗੋਇੰਦਵਾਲ ਜਦਾਈ। ਬਿਪਨ ਬਿਲੋਕਤਿ ਸੁੰਦਰਤਾਈ ॥੩੦॥ ਤਨਕੋ ਤਯਾਗਨ ਚਿਤਵਤਿ[2] ਚਾਹਤਿ।–ਗਮਨੈਂ ਅਬਿ ਬੈਕੁੰਠ–ਉਮਾਹਤਿ। ਸਭਿ ਸੰਗਤਿ ਮਹਿਂ ਕਹਿ ਬਿਦਤਾਈ। 'ਤਜਹਿਂ ਸਰੀਰ ਅਬਹਿ ਚਿਤ ਆਈ'॥੩੧॥ਸੁਨਿ ਸੁਨਿ ਸਿੱਖ ਰਿਦੈ ਬਿਸਮਾਵੈਂ। 'ਵਾਹਿਗੁਰੂ[3] ਤਜਿ ਦੇਹਿ ਸਮਾਵੈਂ'।ਜਹਿਂ ਕਹਿਂ ਪਸਰ ਗਈ ਇਮ ਬਾਤੀ।ਹਿਤੂ ਸੁਨਤਿ ਭਰਿ ਆਵਤਿ ਛਾਤੀ॥੩੨॥ ਊਚ ਨੀਚ ਜੁਤਿ ਚਾਰਹੁਂ ਬਰਨਾ। ਸੁਨਿ ਸੁਨਿ ਰਿਦੈ ਬਿਸਮਤਾ ਕਰਨਾ।–ਪੂਰਬ ਕਹੈਂ ਸਮਾਵਹਿ ਫੇਰ[4]।ਕਰਾਮਾਤ ਕੇ ਧਨੀ ਬਡੇਰ–। ੩੩।ਜਹਿਂ ਕਹਿਂ ਸਿਖ ਬਹੁ ਸੁਨਿ ਸੁਨਿ ਆਵੈਂ।–ਦਰਸਹਿਂ ਸਤਿਗੁਰ ਬਹੁਰ ਸਮਾਵੈਂ–। ਅਪਰ ਲੋਕ ਅਵਲੋਕਨ ਕਾਰਨ। ਆਵਹਿਂ ਕਰਿਤੇ ਸੁਜਸ ਉਚਾਰਨ॥੩੪॥ਸੁਨਿ ਸ੍ਰੀ ਅਮਰ ਅਧਿਕ ਅਕੁਲਾਇ।ਨਹਿਂ ਪਹੁਂਚਹਿਂ ਢਿਗ ਬਿਨਾ ਬੁਲਾਇ।ਘਟੀ ਕਲਪ[5] ਸਮ ਬੀਤਹਿ ਤਾਂਹੀ। ਕਰਤਿ ਅਰਾਧਨ ਬਹੁ ਮਨ ਮਾਂਹੀ ॥ ੩੫ ॥ ਸ੍ਰੀ ਅੰਗਦ ਲਖਿ ਅੰਤਰਜਾਮੀ।ਪਠਯੋ ਹਕਾਰਨ ਸਿਖ ਤਬਿ ਸ੍ਵਾਮੀ। ਸਾਦਰ ਜਾਇ ਅਵਾਹਨ ਕੀਨੇ[6]। ਸੁਨਤਿ ਚਲਯੋ ਜਲ ਸੋਂ ਦ੍ਰਿਗ ਭੀਨੇ॥੩੬॥ਤਾਤਕਾਲ ਗੁਰ ਦਰਸ਼ਨ ਕਰਯੋ।ਤੂਰਨ ਕਰਤਿ ਚਰਨ ਪਰ ਪਰਯੋ*। ਦ੍ਰਵੀ[7] ਬਿਲੋਚਨ ਤੇ ਜਲ ਧਾਰਾ। ਮਨਹੁ ਪ੍ਰੇਮ ਕੋ ਛੁਟਯੋ ਫੁਹਾਰਾ ॥੩੭॥ਬਯਾਕੁਲ ਪਰਮ ਜਾਨਿ ਕਰਿ ਦਾਸਾ।ਸ੍ਰੀ ਅੰਗਦ ਮੁਖ ਬਾਕ ਪ੍ਰਕਾਸ਼ਾ।'ਸੁਨਿ ਪੁਰਖਾ ਪੂਰਨ ਤੁਮ ਗਯਾਨਿ ।ਪਰਮ ਧਾਮ[8] ਮੈਂ ਕਰੌਂ ਪਯਾਨ ॥ ੩੮॥ ਹਰਖ ਸ਼ੋਕ ਮਨ ਮਹਿਂ ਨਹਿਂ ਕੋਊ। ਤੂੰ ਪਰਤੱਖਯ ਰੂਪ ਮਮ ਹੋਊ। ਦੇਹ ਅਛਤ[9] ਗਯਾਨੀ ਜਗ ਐਸੇ। ਭਰਯੋ ਕੁੰਭ ਸਾਗਰ ਰਹਿ ਜੈਸੇ[10] ॥੩੯॥ ਘਟ ਫੂਟੇ ਜਲ ਸੋਂ ਜਲ ਮਿਲੈ।ਤਨ ਤਜਿ ਗਯਾਨੀ ਬ੍ਰਹਮ ਸੋਂ ਰਲੈ।ਆਵਨਿ ਨਹਿਂ ਮੇਰੋ ਨਹਿਂ ਜਾਵੋਂ। ਪਰਮਾਤਮ ਨਿਜ ਰੂਪ ਸਮਾਵੋਂ' ॥ ੪੦ ॥ ਪੁਨ

[1]ਬਨਾਂ ਵਿਚ ਰਹਿੰਦੇ (ਪੰਛੀ ਬੋਲਦੇ) ਕੰਨਾਂ ਵਿਚ ਸੁਣੀਂਦੇ ਹਨ। (ਅ) ਬਨਾਂ ਵਿਚ ਚੱਲ ਰਹੇ ਤਾਂ ਕੰਨ ਨਾਲ ਸੁਣੇ (ਪੰਛੀ ਬੋਲਦੇ)। [2]ਚਿਤਵਨੀ, ਵਿਚਾਰ। [3]ਵਾਹਿਗੁਰੂ ਵਿਚ। [4]ਪਹਿਲੇ ਕਹਿਕੇ ਫੇਰ ਸਮਾਉਂਦੇ ਹਨ। [5]ਬ੍ਰਹਮਾ ਦਾ ਇਕ ਦਿਨ ਭਾਵ ਅਣਗਿਣਤ ਸਮੇਂ ਦੇ ਤੁੱਲ। [6]ਬੁਲਾਏ। [7]ਚਲੀ। [8]ਸੱਚ ਖੰਡ ਨੂੰ। [9]ਹੁੰਦਿਆਂ। [10]ਜਲ ਦਾ ਭਰਿਆ ਘੜਾ ਸਮੁੰਦਰ ਵਿਚ ਜਿੱਕੁਰ ਰਹਿੰਦਾ ਹੈ।

*ਪਾਃ–ਤੂਰਨ ਸੀਸ ਚਰਨ ਪਰ ਧਰਯੋ।

ਸਿੱਖਨ ਸੋਂ ਗਿਰਾ ਉਚਾਰੀ।'ਉਠਿ ਆਨਹੁ ਗਾਗਰ ਭਰਿ ਬਾਰੀ[੧]। ਅਮਰ-ਦਾਸ ਇਸ਼ਨਾਨ ਕਰਾਵਹੁ। ਸਭਿ ਸੰਗਤਿ ਕੋ ਮੇਲ ਕਰਾਵਹੁ ॥੪੧॥ ਦੋਨਹੁ ਪੁੱਤ੍ਰ ਹਕਾਰਨ ਕਰੋ[੨]। ਮਮ ਤਯਾਰੀ ਹੈ ਦੇਰਿ ਨ ਧਰੋ। ਸਸਕਾਰਨ ਕੀ ਸੌਜ ਬਿਸਾਲਾ। ਕਰਹੁ ਇਕੱਤ੍ਰ ਸਕਲ ਤਤਕਾਲਾ ॥ ੪੨ ॥ ਪੈਸੇ ਪੰਚ ਨਲੇਰ ਅਨਾਵਹੁ। ਫੂਲਨ ਮਾਲ ਬਿਸਾਲ ਬਨਾਵਹੁ। ਤਿਲ ਚੰਦਨ ਕੇਸਰ ਕੋ ਆਨਹੁਂ। ਕੁਸ਼ਾ ਪੁਨੀਤ ਲੀਪਬੋ ਠਾਨਹੁ[੩]' ॥੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਸਮਾਵਨ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥ ੨੬ ॥

## ੨੭. [ਸ੍ਰੀ ਅਮਰ ਜੀ ਨੂੰ ਗੁਰਿਆਈ ਦੇਣੀ, ਤੇ ਸਮਾਵਣ ਦੀਆਂ ਤਿਆਰੀਆਂ]

ਦੋਹਰਾ ॥ ਸ੍ਰੀ ਗੁਰ ਅੰਗਦ ਕੀ ਸੁਨੀ ਆਇਸੁ ਸਿੱਖ ਸਮਸਤ[੪]। ਬਿਸਮਤਿ ਹੁਇ ਲਾਗੇ ਕਰਨ ਪੂਜਹਿਂ ਕਰਹਿਂ* ਨਮਸਤ[੫] ॥ ੧ ॥ ਚੌਪਈ ॥ ਤਬਿ ਸ੍ਰੀ ਅਮਰ ਠਾਨਿ ਇਸ਼ਨਾਨਾ। ਨੰਮ੍ਰਿ ਹੋਇ ਕਰਿ ਨਿਕਟ ਮਹਾਨਾ।ਬੈਠੇ ਬੰਦਨ ਕਰਿ ਪਦ ਕੰਜ। ਆਨਿ ਮਿਲੀ ਸੰਗਤਿ ਸਭਿ ਪੁੰਜ ॥ ੨ ॥ ਬੀਚ ਬਿਰਾਜਹਿਂ ਸਤਿਗੁਰ ਬੈਸੇ। ਸਭਿ ਗ੍ਰਹ ਮੈਂ ਸੂਰਜ ਹੁਇ ਜੈਸੇ।ਨਿਸਾ ਅਵਿੱਦਯਾ ਨਿਕਟ ਨ ਆਵੈ। ਨਿੰਦਕ ਤਸਕਰ ਦੇਖਿ ਪਲਾਵੈਂ॥੩॥ ਪੇਚਕ[੬] ਬੇਮੁਖ ਅੰਧੇ ਰਹੇ। ਨਹੀਂ ਪ੍ਰਕਾਸ਼ ਮਹਾਤਮ[੭] ਲਹੇ। ਸੰਤ ਕਮਲ ਬਿਕਸੇ ਹਰਖਾਏ। ਅਲਿ ਜਗਯਾਸੀ ਜਹਿਂ ਮੰਡਰਾਏ[੮]॥੪॥ਮਤਿ ਬਹੁ ਰੀਤਿ ਉਡਗ[੯] ਜਗ ਮਾਂਹੀ।ਪਰਮ ਪ੍ਰਕਾਸ਼ ਸੁ ਪਾਵਤਿ ਨਾਂਹੀ[੧੦]।ਕੈਰਵ ਕਾਨਨ ਗਨ ਦੁਰਚਾਰੀ[੧੧]। ਸਭਿ ਮੁਰ-ਝਾਇ ਰਹੇ ਤਿਸ ਬਾਰੀ ॥ ੫ ॥ ਸਦਗੁਨ ਜੁਤਿ ਨਰ ਜਾਗਤਿ ਭਏ। ਬਿਖਈ ਜੀਵ ਤਮਚਰ[੧੨] ਸੁਪਤਏ। ਜਾਗ੍ਰਤ ਕਰਹਿਂ ਸੁ ਆਦਿ ਸ਼ਨਾਨ[੧੩]। ਤਿਮ ਸਿਖ ਲਗੇ ਭਗਤਿ ਅਰ ਗ੍ਯਾਨ॥੬॥ਸੁਪਤ ਰਹੇ ਬਿਸ਼ਿਯਨ ਕੋ ਸੇਵ।ਨਹੀਂ ਪਛਾਨ ਸਕੇ ਗੁਰ ਭੇਵ। ਤਬ ਸ੍ਰੀ ਅੰਗਦ ਮੁਖ ਪਰ ਲਾਲੀ। ਖਿਰਯੋ ਕਮਲ ਜਨੁ ਪ੍ਰਭਾ ਬਿਸਾਲੀ॥੭॥ਨਿਜਾਨੰਦ ਮਹਿਂ ਮਗਨ ਮਹਾਨਾ।ਸਭਿਹਿਨਿ ਮਹਿਂ

---

[੧]ਜਲ ਦੀ। [੨]ਬੁਲਾਓ। [੩]ਦੱਭ ਪਵਿੱਤ੍ਰ (ਲਿਆਓ ਤੇ) ਲੇਪਣ ਕਰੋ। [੪]ਸਾਰਿਆਂ ਨੇ। [੫]ਨਮਸਕਾਰ। [੬]ਉੱਲੂ। [੭]ਪ੍ਰਕਾਸ਼ ਦੀ ਮਹਿਮਾ। [੮]ਜੱਗਜਾਸੂਆਂ ਰੂਪੀ ਭੌਰੇ ਮੰਡਲੌਂਦੇ ਹਨ। [੯]ਤਾਰੇ। [੧੦]ਪਰਮ ਪ੍ਰਕਾਸ਼ ਨੂੰ ਪ੍ਰਾਪਤ ਨਹੀਂ ਹੁੰਦੇ, ਭਾਵ ਹੁੰਦੇ ਸਾਰ ਗੁੰਮ ਹੋ ਜਾਂਦੇ ਹਨ। ( ਅ ) ਆਪਣਾ ਚਾਨਣਾ ਜਗਤ ਉਤੇ ਬਹੁਤ ਨਹੀਂ ਪਾ ਸਕਦੇ। [੧੧]ਸਮੂਹ ਮੰਦ ਕਰਮੀ ਕਵੀਆਂ ਦੇ ਬਨ ਵਾਂਗੂ ਹਨ। [੧੨]ਰਾਖਸ਼, ਚਮਗਿੱਦੜ, ਉੱਲੂ ਆਦਿ ਜੋ ਹਨੇਰੇ ਵਿਚ ਵਿਚਰਦੇ ਹਨ। [੧੩](ਸੂਰਜ ਉਦੇ ਹੋਏ ਤੇ ਭਲੇ ਪੁਰਸ਼) ਜਾਗ ਕੇ ਜੀਕੂੰ ਇਸ਼ਨਾਨ ਆਦਿ ਕਰਦੇ ਹਨ। *ਪਾ:-ਕਹਹਿਂ।

ਤਬ ਬਾਕ ਬਖਾਨਾ। 'ਸੁਨਿ ਪੁਰਖਾ ਸ੍ਰੀ ਅਮਰ ਸੁ ਪਨਾਰੇ। ਅਬਿ ਤੁਮ ਬੈਠਹੁ ਥਾਨ ਹਮਾਰੇ॥੮॥ਰਾਜ ਜੋਗ ਕੋ ਮਹਦ ਸਿੰਘਾਸਨ।ਤਿਸ ਪਰ ਸ਼ੋਭਹੁ ਕਰਿਹੁ ਪ੍ਰਕਾਸ਼ਨ'।ਕਹਿ ਪਹਿਰਾਏ ਬਸਤ੍ਰ ਨਵੀਨ। ਤਿਲਕ ਭਾਲ[1] ਨਿਜ ਕਰ ਸੋਂ ਕੀਨਿ॥ ੯॥'ਭਗਤਿ ਵਿਰਾਗ ਜੋਗ ਤਤ ਗਯਾਨਾ। ਇਨ ਚਾਰਨ ਕੋ ਦੀਨਿ ਖਜਾਨਾ॥ ਮਨ ਬਾਂਛਤ ਦਿਹੁ ਜਗ ਮਹਿਂ ਦਾਨਾ। ਤੋਟ ਨ ਦਿਨ ਪ੍ਰਤਿ,ਬਧਹਿ ਨਿਧਾਨ[2]॥ ੧੦॥ ਤਾਰਕ ਮੰਤ੍ਰ[3] ਸਭਿਨਿ ਪਰ ਛਾਯਾ। ਵਾਹਿਗੁਰੂ ਮੁਖ ਜਾਪ ਜਪਾਯਾ। ਠਾਂਢੀਤੋਹਿਅੱਗ੍ਰ ਨੌਨਿੱਧਿ। ਦੂਜੀ ਦਿਸ਼ ਪਿਖ ਅਸ਼ਟ ਦਸ਼ੋ ਸਿਧਿ[4] ॥੧੧॥ਸਨਮੁਖ ਖਰੀਲੱਛਮੀ ਤੇਰੇ। ਸੁਰ,ਗੰਧ੍ਰਬ,ਕਿੰਨਰ ਗਨ ਹੇਰੇ। ਬਿੱਦਯਾ-ਧਰ[5]ਆਦਿਕ ਸਭਿ ਆਏ। ਆਗਯਾਕਾਰੀ ਤੁਵ ਸਮੁਦਾਏ॥੧੨॥ਤੀਨਲੋਕ ਮਹਿਂ ਮੁੱਖਯ ਮਹਾਨੇ। ਸਭਿ ਕਰ ਜੋਰ ਖਰੇ ਅਗੁਵਾਨੇ। ਨਿਤਿ ਅਧੀਨ ਰਹਿਂ, ਰਿਦੇ ਬਿਚਾਰੋ।ਨਮਹੁ ਕਰਤਿ[6],ਇਨ ਦਿਸ਼ਾ ਨਿਹਾਰੋ'॥੧੩॥ਤਬਿ ਸ੍ਰੀ ਅਮਰ ਨੰਮ੍ਰਿ ਹੁਇ ਕਹਯੋ। 'ਇਨ ਸੋਂ ਮੈਂ ਕੁਛ ਕਾਮ ਨ ਲਹਯੋ। ਕਰਹੁਂ ਕਹਾਂ ਮੈਂ ਇਨਕੋ ਲੋਰ। ਬਸਹੁ ਰਿਦੇ ਪਦ ਪੰਕਜ ਤੋਰ॥੧੪॥ਸਭਿਕੇ ਮਨਕੀ ਜਾਨਹੁ ਸ੍ਵਾਮੀ॥ਜਿਮਿ ਬਰਤਹਿ ਤਿਮ ਅੰਤਰਜਾਮੀ। ਯਾਂਤੇ ਮੇਰੇ ਮਨਕੀ ਜਾਨ। ਬਸੋ ਰਿਦੇ ਨਿਤ ਕਾਂਖ ਮਹਾਨ'॥੧੫॥ਸ੍ਰੀ ਅੰਗਦ ਸੁਨਿ ਪੁਨ ਸਮਝਾਇਵ।'ਬਿਨਾ ਚਹੇ ਇਹ ਸਭਿ ਢਿਗ ਆਇਵ। ਕਰਨਹਾਰ ਆਗਯਾ ਨਿਤ ਤੇਰੀ। ਸਗਲ ਭੁ 'ਤ ਇਨ ਸ਼ਕਤਿ ਬਡੇਰੀ॥੧੬॥ ਚਹਹੁ ਕਹਹੁ, ਨਹਿਂ ਚਹਹੁ, ਨ ਕਹੀ-ਅਹਿ। ਏ ਸਭਿ ਨਿਕਟ ਆਪਨੇ ਲਹੀਅਹਿ। ਸਕਲ ਜਗਤ ਕੋ ਤੁਝ ਗੁਰ ਕੀਨ। ਰਾਜਜੋਗ ਸਿੰਘਾਸਨ ਦੀਨਾ॥੧੭॥ ਸੱਤਯਨਾਮ ਕੋ ਸਿਮਰਨ ਸਾਰੇ। ਉਪਦੇਸ਼ਹੁ,ਹੁਇ ਭਗਤ ਉਦਾਰੇ। ਨਰਨ ਹਜ਼ਾਰਨਿ ਕੋ ਕੱਲਯਾਨ। ਕਰੋ ਆਪ ਦੇਕਰਿ ਉਰ ਗਯਾਨ॥ ੧੮॥ ਪ੍ਰੇਮ ਭਗਤਿ ਮੈਂ ਹੇਰਿ ਤੁਮਾਰੀ। ਬਸਿ ਹ੍ਵੈ ਦਈ ਸਮ੍ਰਿੱਧੀ[7] ਸਾਰੀ'।ਪੈਸੇਪੰਚਨਾਲੀਅਰ ਏਕ।ਲੇ ਬੁੱਢੇਤੇ ਜਲਧਿ ਬਿਬੇਕ[8] ॥ ੧੯ ॥ ਠਾਂਢੇ ਭਏ ਪ੍ਰਦੱਛਨ ਦੀਨੀ। ਸ੍ਰੀ ਗੁਰ ਘਰ ਕੀ ਰੀਤਿ ਸੁ ਕੀਨੀ। ਪੈਸੇ ਪੰਚ ਅਗਾਰੀ ਧਰੇ।ਝੋਲੀ ਮਹਿਂ ਨਲੇਰ ਧਰਿ ਖਰੇ*॥੨੦॥ਕਰਿ ਬੰਦਨ ਸਿੰਘਾਸਨ ਦੀਨਾ। ਸਭਿ ਸੋਂ ਬਾਕ ਉਚਾਰਨ ਕੀਨਾ। 'ਮੇਰੋ ਸਿੱਖ ਪੁੱਤ੍ਰ ਕੈ

[1]ਮਸਤਕ ਤੇ। [2]ਖਜ਼ਾਨਾਂ। [3]ਤਾਰਨ ਵਾਲਾ ਮੰਤ੍ਰ=ਵਾਹਿਗੁਰੂ। [4]ਅਠਾਰਾਂ ਸਿੱਧੀਆਂ। [5]ਦੇਵਤਿਆਂ ਦੀ ਇਕ ਕਿਸਮ। [6]ਏਹ ਤੁਹਾਨੂੰ ਨਮਸਕਾਰ ਕਰ ਰਹੇ ਹਨ। [7]ਐਸ਼੍ਵਰਜ। [8]ਭਾਵ ਗੁਰ ਜੀ ਨੇ।

*ਪੰਜ ਪੈਸੇ ਨਾਲੀਏਰ ਸੇਲ੍ਹੀ ਤਲਵਾਰ ਆਦਿ ਗੁਰੂ ਸਾਹਿਬ ਆਪ ਅਗੇ ਰਖਕੇ ਨਮਸਕਾਰ ਕਰਦੇ ਸੇ ਤੇ ਤਿਲਕ ਬੁੱਢਾ ਦਿਆ ਕਰਦਾ ਸੀ। [ਦੇਖੋ ਜੀਵਨ ਬਾਬਾ ਬੁੱਢਾ ਜੀ।

ਦਾਸ। ਅੰਤ ਸਮੈਂ ਜੋ ਚਹਿ ਮਮ ਪਾਸ[1] ॥ ੨੧ ॥ ਸੋ ਸਭਿ ਉਠਹੁ ਬੰਦਨਾ ਠਾਨਹੁ।ਨਹੀਂ ਅਪਰ ਬਿਧਿ ਮਨ ਮਹਿਂ ਆਨਹੁ'।ਸੁਨਿ ਕਰਿ ਬੁੱਢਾ ਸਭਿਨਿ ਅਗਾਰੀ।ਖਰੋ ਹੋਇ ਪਗਬੰਦਨ ਧਾਰੀ॥੨੨॥ ਤਿਸ ਪੀਛੈ ਸਿੱਖ ਸੰਗਤਿ ਸਾਰੇ। ਕਰੀ ਨਮਹਿਂ ਸ੍ਰੀ ਅਮਰ ਅਗਾਰੇ। ਸ੍ਰੀ ਅੰਗਦ ਨਿਜ ਸੁਤ ਦਿਸ਼ਿ ਦੇਖਾ। ਉਠਜੋ ਨ,ਮਨ ਮਹਿਂ ਗਰਬ[2] ਬਿਸ਼ੇਖਾ॥੨੩॥ਦਾਸੁ ਸਾਥ ਭਨਜੋ ਗੁਰ ਨਾਥ। 'ਉਠਿ ਤੁਮ ਭੀ ਟੇਕੋ ਨਿਜ ਮਾਥ'। 'ਸੁਨਹੁ ਪਿਤਾ ਇਹੁ ਦਾਸ ਹਮਾਰਾ। ਇਕ ਤੌ ਲੀਨਸਿ ਮਮ ਅਧਿਕਾਰਾ॥੨੪॥ਦੁਤੀਏ ਉਠ ਕਰਿ ਸੀਸ ਨਿਵਾਵੈਂ। ਇਹ ਤੌ ਹਮ ਤੇ ਨਹਿਂ ਬਨਿ ਆਵੈ। ਨਿਜ ਸਥਾਨ ਪਰ ਇਹੀ ਟਿਕਾਏ। ਹਮ ਕੋ ਛੂਛੇ ਰਾਖਿ ਸਿਧਾਏ ॥ ੨੫ ॥ ਤੁਮ ਸੋਂ ਕਜਾ ਬਸ ਚਲਹਿ ਹਮਾਰੋ। ਕਿਯੋ ਪੰਥ ਸਭਿ ਜਗ ਤੇ ਨਜਾਰੋ। ਜਿਮ ਤੁਮ ਦਾਸ ਹੋਇ ਕਰਿ ਪਾਈ। ਤਿਮ ਅਬਿ ਦਈ ਦਾਸ ਬਡਿਆਈ*' ॥੨੬॥ ਸੁਨਿ ਦਾਸੂ ਤੇ ਦਾਤੂ ਸਾਥ। ਆਗਜਾ ਕਹਿ ਗੁਰ 'ਟੇਕੋ ਮਾਥ'।ਤਿਨ ਭੀ ਨਹਿਂ ਮਾਨੀ ਥਿਤ ਰਹਜੋ। ਨਿਜ ਬਡਿਆਈ ਕੋ ਬਚੁ ਕਹਜੋ॥ ੨੭ ॥ ਸ੍ਰੀ ਅੰਗਦ ਤੂਸ਼ਨਿ ਮੁਖ ਧਾਰੀ। ਭਲੀ ਬੁਰੀ ਸੁਤ ਸੋਂ ਨ ਉਚਾਰੀ।ਪੁਨ ਸੰਗਤਿ ਮਹਿਂ ਕਹਜੋ ਸੁਨਾਈ।'ਮਮ ਸਰੂਪ ਅਬਿ ਇਹੈ ਸੁਹਾਈ ॥ ੨੮ ॥ ਮੋ ਮਹਿਂ ਇਸ ਮਹਿਂ ਭੇਦ ਨ ਜਾਨਹੁ। ਏਕ ਸਰੂਪ ਦੁਹੂੰਨ ਕੋ ਮਾਨਹੁ'। ਪੁਨ ਸ੍ਰੀ ਸਤਿਗੁਰ ਆਗਜਾ ਕਰੀ। 'ਭੋਜਨ ਤਜਾਰ ਹੋਇ ਇਸ ਘਰੀ॥੨੯॥ਸਭਿ ਸੰਗਤਿ ਕੋ ਦੇਹੁ ਅਹਾਰਾ।ਸਭਿ ਮਿਲਿ ਕਰਉ ਅਨੰਦ ਉਦਾਰਾ'। ਤਬਿ ਸ੍ਰੀ ਅਮਰ ਉਠਜੋ ਹਿਤ ਧਾਰਿ। ਕੀਨਸਿ ਜਾਇ ਅਹਾਰ ਸੁ ਤਜਾਰ ॥੩੦॥ ਸਤਿਗੁਰ ਆਪ ਜਾਇ ਕਰਿ ਖਾਇਵ। ਪੁਨ ਸਭਿ ਸੰਗਤਿ ਮਹਿਂ ਬਰਤਾਇਵ। ਅਪਨ ਸਿੰਘਾਸਨ ਪਰ ਗੁਰ ਗਏ। ਅਤਿ ਅਨੰਦ ਜੁਤਿ ਸ਼ੋਭਤਿ ਭਏ ॥ ੩੧ ॥ ਮਿਲਹਿਂ ਪਰਸਪਰ ਸਿਖ ਸਮੁ-ਦਾਇ।ਪੂਰਬਲੀ† ਕਹਿ ਬਾਤ ਸੁਨਾਇ।–ਸ੍ਰੀ ਨਾਨਕ ਨਿਜ ਦੇਹਿ ਸਮੇਤ। ਕੀਨ ਗਮਨ ਬੈਕੁੰਠ ਨਿਕੇਤ॥੩੨॥ਭਗਤ ਕਬੀਰ ਆਦਿ ਜੇ ਭਏ।ਬਹੁਤ‡ ਸ਼ਰੀਰ ਸਮੇਤ ਸੁ ਗਏ–। ਇਮਿ ਬਿਚਾਰ ਸਿਖਨ ਮੈਂ ਹੋਈ। ਸ੍ਰੀ ਅੰਗਦ

[1]ਜੋ ਚਾਹੁੰਦਾ ਹੈ ਕਿ ਅੰਤ ਸਮੇਂ ਮੇਰੇ ਪਾਸ (ਪਹੁੰਚੇ)। [2]ਹੰਕਾਰ।

*ਕੇਵਲ ਸੇਵਾ ਕਰਕੇ ਗਦੀ ਮਿਲਣੀ ਸਮਝਣਾ ਭੁੱਲ ਹੈ। ਪਹਿਲਾ ਕਾਰਨ ਹੈ ਧੁਰੋਂ ਦਾਤ ਲੈਕੇ ਆਉਣਾ ਜਿਸ ਦਾ ਸਬੂਤ ਚਰਨਾਂ ਵਿਚ ਪਦਮ ਹੈ। ਦੇਖੋ ਪਿਛੇ ਅੰਸੂ ੨੪ ਅੰਕ ੩੯। ਫਿਰ ਘਾਲ, ਦੇਖੋ ਅੰਸੂ ੨੪ ਅੰਕ ੪੦। ਫਿਰ ਪ੍ਰੇਮ ਜੋ ਅੰਤਰ ਆਤਮੇ ਸਤਿਗੁਰ ਨਾਲ ਸੀ। ਫਿਰ ਨਾਮ ਸਿਮਰਨ,ਫਿਰ ਸਤਿਗੁਰ ਦੀ ਅਗੰਮੀ ਮੇਹਰ। ਐਸੇ ਐਸੇ ਸਾਰੇ ਕਾਰਨ ਗਦੀ ਮਿਲਨ ਦੇ ਹੁੰਦੇ ਰਹੇ ਹਨ। ਸੇਵਾ ਤੇ ਪਰਖ ਕਈ ਵੇਰ ਸਿੱਖਾਂ ਨੂੰ ਨਿਸਚੇ ਕਰਾਣ ਲਈ ਹੁੰਦੇ ਸਨ।

†ਪਾ:–ਪੁਰਬਲੀ। ‡ਪਾ:–ਬਹੁਰ

ਜਾਨੀ ਮਨ ਸੋਈ॥੩੩॥ਰਿਦੇਬਿਚਾਰਹਿਂ–ਸ਼ਿਕਾ ਇਨਕੇ।ਨੀਕੇਨਹਿਂਬਿਬੇਕ ਮਨ ਜਿਨ ਕੇ। ਦੇਹਿ ਸਨੇਹ ਨ ਸੇਤਨ ਮਾਂਹੀ। ਇਮਿ ਸੂਛਮ ਗਤਿ ਜਾਨਹਿਂ ਨਾਂਹੀ॥੩੪॥ਜੇ ਇਨ ਕੀ ਮਨ ਸ਼ੰਕ ਨ ਜਾਇ।ਮਮ ਸੰਗਤਿ ਕੋ ਕਹਾ ਫਲ ਪਾਇ।ਪੁੰਨ ਮਹਾਂਨ ਬ੍ਰਿਥਾ ਸਭਿ ਖੋਵਹਿਂ। ਅਸ ਸੰਦੇਹ[1]ਮੈਂ ਜੇ ਮਨ ਹੋਵਹਿ॥ ੩੫॥ ਸ਼ਰਧਾ ਤਜਾਗੇ ਦੋਸ਼ ਬਿਸ਼ਾਲੇ।ਉਰ ਨਿਸ਼ਚਾ ਇਨ ਕੈ ਸਭਿ ਹਾਲੇ[2]–। ਇਮਿ ਸਿੱਖਨ ਪਰ ਕਰੁਨਾ ਠਾਨੀ।ਅਦਭੁਤ ਲੀਲਾ ਰਚੀ ਮਹਾਨੀ ॥੩੬॥ ਭੁਏ ਅਲੋਪ ਸਿੰਘਾਸਨ ਪਰ ਤੇ। ਹੁਤੇ ਸਮੀਪ ਨ ਕਹੂੰ ਨਿਹਰਿਤੇ। ਦੇਖਿ ਚਲਿੱਤ੍ਰ ਬਿਸਮ ਮਤਿ ਰਹੀ। ਅਦਭੁਤ ਲੀਲਾ ਜਾਤਿ ਨ ਕਹੀ॥੩੭॥ਚਹੂੰ ਦਿਸ਼ ਬੋਲਿ ਉਠੇ ਸਿਖ ਸਾਰੇ।'ਤਨ ਜੁਤਿ ਗੁਰ ਬੈਕੁੰਠ ਪਧਾਰੇ'। ਪਰਯੋ ਰੌਰ ਸੰਗਤਿ ਕੇ ਮਾਂਹੀ।'ਸਤਿਗੁਰ ਦਰਸ਼ਨ ਪ੍ਰਾਪਤਿ ਨਾਂਹੀ'॥੩੮॥ਲੰਗਰ ਬਿਖੇ ਸੇਵ ਸਭਿ ਕੇਰੀ। ਕਰਤਿ ਹੁਤੇ ਸ੍ਰੀ ਅਮਰ ਬਡੇਰੀ।ਸੁਨਿ ਕਰਿ ਚਲਿਆਇ ਤਤਕਾਲਾ। ਪਰਯੋ ਸਿੰਘਾਸਨ ਹੀਨ ਕ੍ਰਿਪਾਲਾ[3] ॥ ੩੯॥ ਪਿਖਿ ਸ੍ਰੀ ਅੰਗਦ ਕੀ ਅਸ ਲੀਲਾ। ਖਰੇ ਹੋਇ ਕਰਿ ਤਹਾਂ ਸੁਸ਼ੀਲਾ[4]। ਅਚਰਜ ਗਤਿ ਕੁਛ ਲਖੀ ਨ ਜਾਵੈ। ਜੋ ਸਮ ਹੋਇ ਤਊ ਕੁਛ ਪਾਵੈ[5]॥੪੦॥ਕਰਹਿ ਬਿਚਾਰਨਿ ਅਪਨੇ ਚੀਤ।–ਸ੍ਰੀ ਗੁਰ ਕਯੋਂ ਕੀਨਸਿ ਅਸ ਰੀਤਿ ?–। ਤਾਤਪਰਯ ਕੋ ਨੀਕੇਜਾਨਾ[6]।ਪ੍ਰਗਟਾਵਨਹਿਤ ਸੁਜਸਬਖਾਨਾ[7]:-॥੪੧॥ਪ੍ਰਮਾਨਕਾਛੰਦ।'ਅਨੰਦ ਕੰਦ ਰੂਪ ਹੋ।ਬਿਲੰਦ ਭੂਪ ਭੂਪ[8]ਹੋ। ਨ ਆਦਿ ਅੰਤ ਤੋਹਿ ਕੋ।ਸਮਾਨ ਆਨ ਹੋਹਿ ਕੋ[9]॥੪੨॥ਮੁਕੰਦ ਸੇਵਕਾਨ ਕੋ।ਪ੍ਰਕਾਸ਼ ਚੰਦ ਭਾਨੁ ਕੋ[10]।ਸੁ ਦਾਨ ਦੇ ਜਹਾਨ ਕੋ।ਕਰੈ ਜੁ ਖਾਨ ਪਾਨ ਕੋ[11]॥੪੩॥ ਚਰਿੱਤ੍ਰ ਤੋ[12] ਬਚਿੱਤ੍ਰ ਹੈਂ। ਭਨੇ ਸੁਨੇ[13] ਪਵਿੱਤ੍ਰ ਹੈਂ। ਅਦੇਵ ਦੇਵ ਨਾਥ ਹੈਂ। ਸਭੈ ਨਿਵਾਇ ਮਾਥ ਹੈਂ ॥੪੪॥ ਅਜਾਯ ਹੋ[14],ਅਮਾਯ ਹੋ[15]।ਸਦੀਵਸੁੱਧਿ ਭਾਯ ਹੋ[16]।ਪਰੰਪਰਾ ਪਰੇਸ਼ ਹੋ[17]। ਧਰੰਧਰਾ ਅਦੇਸ਼ ਹੋ[18] ॥੪੫॥ ਰਹੇ ਬਿਸਾਲ ਗੋਪ[19] ਹ੍ਵੈ। ਜਿ ਖੋਜਿਏ ਨ ਓਪ

[1]ਸੰਸੇ। [2]ਹਿੱਲ ਜਾਏਗਾ। [3]ਕ੍ਰਿਪਾਲੂ ਜੀ ਤੋਂ ਸੱਖਣਾ। [4]ਭਾਵ ਸ੍ਰੀ ਅਮਰਦਾਸ ਜੀ।[5]ਜੇ ਉਨ੍ਹਾਂ ਦੇ ਬ੍ਰੱਬਰ ਦਾ ਹੋਵੇ ਸੋ ਕੁਛ(ਭੇਦ ਨੂੰ)ਪਾਵੇ। ਅਗੇ ਫੇਰ ਦਸਦੇ ਹਨਕਿ ਗੁਰੂ ਅਮਰ ਦੇਵ ਜੀ ਨੇ ਗੱਲ ਸਮਝ ਲਈ, ਭਾਵ ਕਿ ਓਹੋ ਉਨ੍ਹਾਂ ਦੇ ਤੁੱਲ ਸਨ ਓਹੀ ਸਮਝ ਸਕਦੇ ਸਨ। [6]ਚੰਗੀ ਤਰ੍ਹਾਂ ਸਮਝ ਲਿਆ। [7] (ਫੇਰ ਗੁਰੂ ਜੀ ਨੂੰ)ਪ੍ਰਗਟ ਕਰਨ ਲਈ(ਆਪਨੇ) ਜਸ ਉਚਾਰਿਆ। [8]ਰਾਜਿਆਂ ਦੇ ਵੱਡੇ ਰਾਜੇ। [9]ਕੌਣ। [10]ਚੰਦ ਸੂਰਜਨੂੰ ਪ੍ਰਕਾਸ਼ਣ ਵਾਲੇਹੋ। [11]ਜਗਤਜੋ ਕੁਛਖਾਨ ਪਾਨ ਕਰਦਾਹੈ ਸੋ ਦਾਨ ਤੁਸੀਂ ਦੇਂਦੇ ਹੋ। [12]ਆਪਦੇ। [13]ਜੋ ਕਹੇ ਯਾ ਸੁਣੇ। [14]ਅਜਨਮ ਹੋ। [15]ਮਾਯਾ ਰਹਤ ਹੋ। [16]ਜਿਨ੍ਹਾਂ ਦਾ ਭਾਵ ਸਦਾ ਪਵਿੱਤ੍ਰ ਹੈ। (ਅ) ਸੁਤੇ ਸਿੱਧ ਸ੍ਵਰੂਪ ਹੋ। [17]ਪਰੰਪਰਾ ਤੋਂ ਈਸ਼੍ਵਰਾਂ ਨਾਲੋਂ ਵੱਡੇ ਹੋ। [18]ਧਰਤੀ ਦੇ ਧਾਰਨ ਵਾਲੇ ਜੀ! (ਆਪਨੂੰ) ਨਮਸਕਾਰ ਹੋਵੇ। [19]ਗੁੱਝੇ।

ਹੈ[੧] । ਅਜਾਨ ਲੋਕ ਹ੍ਵੈ ਰਹੇ । ਪ੍ਰਤੀਤਧਾਰਿ ਨਾ ਲਹੇ[੨] ॥੪੬॥ ਗੁਰੂ ਮਹਾਨ ਚੀਨਿਯੋ । ਨਿਹਾਲ ਦਾਸ ਕੀਨਿਯੋ। ਨਿਵਾਰਿ ਮੋਹ ਤਾਪ ਕੋ।ਜਪਾਇ ਨਾਮ ਜਾਪ ਕੋ॥੪੭॥ਸਦਾ ਅਧੀਨ ਪ੍ਰੇਮ ਕੇ। ਨ੍ਰਿਬਾਹਿ ਕੀਨਿ[੩] ਨੇਮ ਕੇ। ਸੁ ਤਾਇ ਜੇਮੁ ਹੇਮ ਕੋ[੪] । ਸੁ ਦਾਨ ਦੇਤਿ ਛੇਮ ਕੇ ॥੪੮॥ ਸੁਛੰਦ* ਸਿੰਧੁ ਨੰਦਨਾ[੫] । ਅਮੰਦ ਹੋ, ਮਨਿੰਦ ਨਾ[੬] । ਗੋਬਿੰਦ, ਸ਼ੱਤ੍ਰੂ ਕੰਦਨਾ[੭] । ਸੁ ਬੰਦਨਾ, ਤੁ ਬੰਦਨਾ[੮] ॥੪੯॥ ਦੋਹਰਾ ॥ ਸ਼੍ਰੀ ਸਤਿਗੁਰ ਕਿਮ ਆਪ ਅਬਿ ਹੁਇ ਗੇ ਅੰਤਰ ਧ੍ਯਾਨ । ਲੋਕਨਿ ਕੀ ਸ਼ੰਕਾ ਕਹਾਂ ਤੁਮਹਿ ਨ ਉਚਿਤ ਮਹਾਨ ॥ ੫੦ ॥ ਦਿਹੁ ਦਰਸ਼ਨ ਕਰੁਨਾ ਕਰਹੁ ਪ੍ਰਥਮ ਜਗਤ ਕੀ ਰੀਤਿ । ਕਰਤੇ ਰਹੇ ਸੁ ਅਬਿ ਕਰਹੁ ਕਨੌਂ ਠਾਨਹੁ ਬਿੱਪ੍ਰੀਤ ॥ ੫੧ ॥ ਪਰਮ ਧਾਮ ਅਭਿਰਾਮ ਕੋ ਗਮਨਹੁ ਇਹ ਤਨ ਤ੍ਯਾਗਿ[੯]। ਇਮ ਬਿਨਤੀ ਸੁਨਿ ਦਾਸ ਕੀ ਜਾਨਿ ਮਹਾਂ ਅਨੁਰਾਗ॥੫੨॥ਸਿੰਘਾਸਨ ਪਰ ਦਿਦਤ ਭੇ ਦੇਖਿ ਸਕਲ ਹਰਿਖਾਇ।'ਜੈਜੈ' ਸ਼ਬਦ ਉਚਾਰਿ ਕਰਿ ਪਰੇ ਦੌਰ ਸਭਿ ਪਾਇ ॥ ੫੩ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਅੰਗਦ ਪਰਮ ਧਾਮ ਗਮਨ' ਪ੍ਰਸੰਗ ਬਰਨਨੰ ਨਾਮ ਸਪਤ-ਬਿੰਸਤੀ ਅੰਸੂ ॥ ੨੭ ॥

## ੨੮. [ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਜੋਤੀ ਜੋਤ ਸਮਾਉਣਾ]

ਦੋਹਰਾ ॥ ਅਮਰਦਾਸ ਹੁਇ ਪਾਸ ਗੁਰ ਨਿਜ ਅਰਦਾਸ ਪ੍ਰਕਾਸ਼। 'ਅਦਭੁਤ ਲੀਲਾ ਆਪ ਕੀ ਸਦਾ ਬਿਲਾਸ ਹੁਲਾਸ ॥ ੧ ॥ ਚੌਪਈ ॥ ਇਹ ਕਾਰਨ ਕਿਮ ਰਾਵਰ ਕੀਨਾ ?। ਸਭਿ ਕੇ ਮਨ ਅਚਰਜ ਬਡ ਦੀਨਾ।ਇਸ ਪ੍ਰਕਾਰ ਨਹਿਂ ਉਚਿਤ ਤੁਮਾਰੇ।ਪਰਮ ਧਾਮ ਕੋ ਜਥਾ ਪਧਾਰੇ'॥੨॥ਸ਼੍ਰੀ ਅੰਗਦ ਸੁਨਿ ਤਬਹਿ ਬਖਾਨਾ। 'ਸਿੱਖਨ ਕੇ ਮਨ ਸ਼ੰਕ ਮਹਾਨਾ ।–ਸਹਤ ਸਰੀਰ ਬਿਕੁੰਠ ਸਿਧਾਰੇ[੯]–।ਆਪਸ ਮਹਿਂ ਮਿਲ ਕਰਤਿ ਉਚਾਰੇ॥੩॥ਏਵ ਨ ਕਰਤੇ ਸ਼ਰਧਾ ਨਾਸਤਿ।ਲਗਤਿ ਦੋਸ਼ੁ ਮਮ ਦਾਸਨ ਗ੍ਰਾਸਤਿ।ਸਭਿਹਿਨਿ ਮਨ ਸ਼ੰਕਾ ਮਲ

---

[੧]ਜਿਨ੍ਹਾਂ ਨੇ ਤੁਸੀਂ ਖੋਜੇ (ਲੱਭੇ) ਹੋ ਉਨ੍ਹਾਂ ਦੀ ਉਪਮਾਂ (ਸੁੰਦਰਤਾ) ਨਹੀਂ(ਕਹੀ ਜਾ) ਸਕਦੀ । (ਅ) ਆਪ ਜੀ ਦੇ ਇਸਿਤਰ੍ਹਾਂ ਦੇ ਗੁਪਤ ਰਹਿਣ ਦੀ ਜੋ ਉਪਮਾ ਖੋਜੀਏ ਤਾਂ ਨਹੀਂ (ਮਿਲਦੀ)। [੨]ਨਹੀਂ ਦਰਸ਼ਨ ਕਰਦੇ। [੩]ਨਿਬਾਹੁਣ ਵਾਲੇ। [੪]ਤਾਕੇ ਸੋਨਾ ਜੈਸੇ (ਸੁੱਧ ਕਰੀਦਾ ਹੈ)। [੫]ਆਪ (ਜਿੰਨੇ) ਸੁਤੰਤ੍ਰ ਹੋ ਸਮੁੰਦਰ ਦਾ ਪੁੱਤ੍ਰ (ਚੰਦ੍ਰਮਾਂ ਬੀ ਉਤਨਾ ਨਹੀਂ) (ਅ) (ਵਧੇਰੇ) ਸ੍ਵੱਛ ਹੋ ਚੰਦ੍ਰਮਾਂ ਨਾਲੋਂ (ਟ) ਸੁਤੰਤ੍ਰ ਹੋ ਤੇ ਆਨੰਦ ਦੇ ਸਮੁੰਦ੍ਰ ਹੋ। [੬](ਤੁਸੀਂ ਚੰਦ ਵਾਂਗੂ) ਮੰਦ ਨਹੀਂ ਹੁੰਦੇ (ਵਧਦੇ ਘਟਦੇ ਨਹੀਂ)ਤਾਂਤੇ ਉਹ ਤੁੱਲਜ ਨਹੀਂ। [੭]ਵੈਰੀ ਦੇ ਨਾਸ਼ ਕਰਤਾ। [੮]ਤੁਹਾਨੂੰ ਨਮਸਕਾਰ ਹੈ। [੯](ਕਿ ਇਹ ਬੀ)ਸਰੀਰ ਸਮੇਤ ਬੈਕੁੰਠ ਸਿਧਾਰਨ(ਅ)(ਕਿ ਗੁਰੂ ਨਾਨਕ)ਸਿਧਾਰੇ ਸਨ। *ਪਾਃ–ਜੁ ਛੰਦ।

ਧਾਰੀ। ਇਹੁ ਕ੍ਰਿਤਿ ਕਰਿ ਜਲੁ ਸਾਥ ਪਖਾਰੀ[1] ॥੪॥ ਮਮ ਸੰਗਤ ਤੇ ਸਿਖ ਸੁਖ ਪਾਵਹਿਂ।ਬਿਨ ਸ਼ਰਧਾ ਸੋ[2] ਹਾਥ ਨ ਆਵਹਿ'।ਬਿਗਸ ਬਦਨ ਤੇ ਬਹੁਰ ਬਖਾਨੀ।'ਸੁਨਿ ਪੁਰਖਾ ਤੂੰ ਪੂਰਨ ਗਜਾਨੀ* ॥੫॥ ਇਹ ਜਗ ਸਲਿਤਾ ਕੋ ਸੁ[3]ਪ੍ਰਵਾਹ। ਚਲਯੋ ਜਾਤ,ਪੁਨ ਪੂਰਨ ਆਹ। ਜਲ ਤਰੰਗ ਜਿਉਂ ਜਲਹਿ ਸਮਾਵੈਂ। ਹੈਂ ਜਲ ਜਲ ਤੇ ਭਿੰਨ[4] ਦਿਖਾਵੈਂ॥੬॥ ਸੰਤ ਦ੍ਵੈਤ ਤਿਮ ਨਾਂਹਿਨ ਮਾਨੋ। ਆਤਮ ਪਰਮਾਤਮ ਇਕ ਜਾਨੋ। ਜਿਮੁ ਜਲ ਬਿਖੈ ਬੁਦਬੁਦਾ ਹੋਇ। ਜਨਮ ਮਰਨ ਦੇਹਿਨਿ ਇਮ ਜੋਇ[5] ॥੭॥ ਪੱਤ੍ਰ ਪੁਰਾਤਨ ਤਰੁ ਕੇ ਗਿਰੈਂ। ਬਹੁਰ ਨ ਜੁਰੈਂ ਨਏ ਲਗ ਪਰੈਂ।ਤਥਾ ਸਰੀਰ ਜਰਜਰੀ ਹੋਇ।ਮਰਤਿ ਨ ਏ ਉਪਜਹਿ ਜਗ ਜੋਇ ॥੮॥ ਜਗਤ ਅਨਾਦਿ ਕਾਲ ਕੋ ਐਸੇ। ਚਲਯੋ ਆਇ ਜਿਹ ਪਾਰ ਨ ਕੈਸੇ। ਅਬਿ ਤੁਮ ਸਭਿ ਨੇ ਮੋਹਿ ਪਿਛਾਰੀ। ਕਰਹੁ ਨ ਸ਼ੋਕ ਮੋਹ ਕੋ ਟਾਰੀ॥੯॥ ਮੰਗਲ ਨਾਨਾ ਭਾਂਤਿ ਕਰੀਜੈ।ਸ਼ਬਦ ਕੀਰਤਨ ਪਠਹੁ ਸੁਨੀਜੈ'।ਦੋਨਹੁ ਪੁੱਤ੍ਰ ਆਇ ਤਿਸ ਕਾਲਾ। ਪਰੇ ਚਰਨ ਅਰਬਿੰਦ ਕ੍ਰਿਪਾਲਾ ॥੧੦॥'ਦਯਾਧਾਰਿ ਬਿਵਹਾਰ ਬਤਾਵਹੁ।ਜਿਮਿ ਪੀਛੇ ਹਮ ਕਰਹਿਂ,ਜਨਾਵਹੁ। ਜਗਤ ਰੀਤਿ ਅਰੁ ਕੁਲ ਆਚਾਰ[6]। ਜੈਸੇ ਆਯੋ ਹੋਤਿ† ਅਗਾਰ[7]' ॥੧੧॥ ਸੁਨਿ ਸ੍ਰੀ ਸਤਿਗੁਰ ਬਾਕ ਉਚਾਰੇ। 'ਜਗ ਅਰ ਕੁਲ ਕੇ ਜਿਤਿਕ ਅਚਾਰੇ। ਹਮਰੇ ਹੇਤ ਨਹੀਂ ਕੁਛ ਕਰਨਾ।ਕੀਰਤਿ ਪਠਿ ਸੁਨਿ ਨਾਮ ਸਿਮਰਨਾ॥੧੨॥ ਕਰਹੁ ਅਨੰਦ ਮੰਗਲਾ ਚਾਰਾ। ਦੇਹੁ ਸਰੀਰ ਅਗਨਿ ਸਸਕਾਰਾ‡'। ਪੁਨ ਪੁੱਤ੍ਰਨ ਕੋ ਸੰਗਤਿ ਸਾਥ। ਕਹਿ ਸ੍ਰੀ ਅਮਰ ਗਹਾਯੋ ਹਾਥ॥੧੩॥ਸਭਿਹਿਨਿ ਕੋ ਉਪਦੇਸ਼ ਦ੍ਰਿੜ੍ਹਾਯੋ। 'ਇਹ ਮੈਂ ਅਪਨੇ ਥਾਨ ਬਿਠਾਯੋ। ਮੋ ਮਹਿਂ ਇਸ ਮਹਿਂ ਭੇਦ ਨ ਜਾਨੋ।ਜੋ ਜਾਨੈਲਹਿ ਖੇਦ ਮਹਾਨੋ॥੧੪॥ਭੁਗਤਿਮੁਕਤਿਸਭਿ

---

[1]ਇਹ ਕਰਕੇ ( ਉਹ ਮੈਲ ਮਾਨੋਂ ) ਜਲ ਨਾਲ ਧੋ ਦਿੱਤੀ ਹੈ। [2]ਉਹ ( ਸੁਖ )। [3]ਵਾਂਗੂ ਹੈ। [4]ਅੱਡ। [5]ਦੇਖ ! (ਅ) ਦੇਖੀਦਾ ਹੈ। [6]ਕਰਤੱਵਜ। [7]ਜਿਸ ਤਰ੍ਹਾਂ ਅੱਗੇ ਹੁੰਦਾ ਆਇਆ ਹੈ।

*ਗੁਰੂ ਅਮਰ ਦਾਸ ਜੀ ਹੁਣ ਆਪਣੇ ਅਸਲੀ ਸਰੂਪ ਵਿਚ ਪ੍ਰਕਾਸ਼ਮਾਨ ਹਨ ਤੇ 'ਆਪ' ਹਨ: ਹੁਣ ਉਨ੍ਹਾਂ ਨੂੰ ਪੂਰਨ ਗਜਾਨੀ ਕਹਿਣਾ ਨੀਵੀਂ ਉਪਮਾਂ ਹੈ, ਗਜਾਨ ਤਾਂ ਉਨ੍ਹਾਂ ਤੋਂ ਪ੍ਰਕਾਸ਼ ਪਾਉਂਦਾ ਹੈ। ਕਵਿ ਜੀ ਦੀ ਮੁਰਾਦ 'ਪੂਰਨ' ਤੇ ਜ਼ੋਰ ਦੇਣ ਤੋਂ ਹੈ,ਕਿਉਂਕਿ ਓਹ ਸਭ ਬਿਧ ਪੂਰਨ ਹਨ, 'ਆਪ' ਹਨ।

†ਪਾ:-ਹੁਤੇ।

‡ਇਹ ਵਾਕ ਤੇ ਇਨ੍ਹਾਂ ਦਾ ਅਮਲ ਗੁਰ ਮਿਰਯਾਦਾ ਹੈ, ਇਹ ਗੁਰ ਮਿਰਯਾਦਾ ਦਾ ਮੁੱਢ ਹੈ।

ਇਨ ਕੇ ਹਾਥ। ਜੋ ਸੇਵਹਿ ਹੋਵੈ ਸੁਖ ਸਾਥਿ। ਸ਼ਰਨ ਪਰੈ ਸੋਊ ਜਗ ਤਰੈ। ਹੋਇ ਦੁਖੀ ਦ੍ਰੋਹ ਜੁ ਉਰ ਧਰੈ॥੧੫॥ਇਰਖਾ ਕਰੈ ਸਰੈ ਨਹਿੰ ਕਾਜ।ਉਲਟੋ ਅਪਨੋ ਲੇਹਿ ਬਿਗਾਰਿ'। ਇਮ ਕਹਿ ਲੀਨਿ ਹਕਾਰਿ ਜੁਲਾਹੇ। ਤਤਛਿਨ ਆਇ ਸਤਿਗੁਰ ਪਾਹੇ॥੧੬॥ ਤਿਨ ਸੋਂ ਕਹ੍ਯੋ 'ਤਜਹੁ ਇਹ ਗ੍ਰਾਮ*। ਅਪਰ ਥਾਨ ਕੀਜਹਿ ਨਿਜ ਧਾਮ। ਕੀਲਾ ਅਮਰ ਚਰਨ ਲਗ ਗਿਰ੍ਯੋ। ਸੋ ਤਰੁ ਹੋਇ ਭਯੋ ਅਬਿ ਹਰ੍ਯੋ[1] ॥੧੭॥ ਤਿਸ ਕੇ ਢਿਗ ਸਸਕਾਰ ਹਮਾਰੋ। ਮੰਦਰ ਸੁੰਦਰ ਬਨਹਿਂ ਉਦਾਰੋ।ਨਹੀਂ ਬਿਦਾਰੁ ਸਕਹਿ ਤਿਸ ਕੋਊ।ਰਹਿ ਚਿਰਕਾਲ ਥਿਰਹਿ ਤਰੁ ਸੋਊ' ॥੧੮॥ ਦਰਬ ਬ੍ਰਿੰਦ ਤਬਿ ਦਿਯੋ ਕੁਵਿੰਦਹਿ[2]। 'ਕਰਹੁ ਅਪਰ ਥਲ ਸਦਨ ਬਿਲੰਦਹਿ।ਜੇ ਕਰਿ ਇਹਾਂ ਬਸਹੁ ਕਬਿ ਆਇ।ਨਹਿਨ ਬਚੇ ਸਗਰੇ ਮਰਿ ਜਾਇ ॥੧੯॥ ਸੋ ਇਹ ਥਾਨ† ਹਮਾਰਾ ਭਯੋ। ਤਿਸ ਕੋ ਮੋਲ ਤੁਮੈਂ ਦੇ ਦਯੋ'। ਸੁਨਿ ਕੁਵਿੰਦ ਧਰਿ ਤ੍ਰਾਸ ਬਿਲੰਦ। ਲਯੋ ਦਰਬ ਜੋ ਦੀਨਸਿ ਬ੍ਰਿੰਦ‡॥੨੦॥ਪੁਨ ਸ਼੍ਰੀ ਅਮਰ ਸਿੱਖ ਸਮੁਦਾਇ।ਤਨ ਸਿਸਕਾਰਨ ਕੋ ਸਮੁਝਾਇ। 'ਜਹਿਂ ਕਰੀਰ ਹੋਵੈ ਤਰੁ ਹਰੋ। ਤਿਸਕੇ ਨਿਕਟ ਥਾਨ ਮਮ ਕਰੋ'॥੨੧॥ਮੁਖ ਪ੍ਰਸੰਨ ਇਮਿ ਕਹਿ ਸਭਿ ਕਾਂਹੂ। ਖਿਰ੍ਯੋ ਕਮਲ ਜਨੁ ਜਲ ਕੇ ਮਾਂਹੂ। ਅਤਿਸ਼ੈ ਸੁੰਦਰਤਾ ਛਬਿ ਬਾਢੀ। ਲਾਲੀ ਅਰਨੋਦਯ[3] ਸਮ ਗਾਢੀ ॥੨੨॥ ਕਮਲ ਪੱਤ੍ਰ ਸਮ ਬਿਕਸੇ ਲੋਚਨ। ਦੇਖਤਿ ਸਭਿ ਦਿਸ਼ ਸੋਚ ਬਿਮੋਚਨ।ਮੁਸਕਾਵਤਿ ਬੋਲਤਿ ਮਨ ਭਾਵਤਿ।ਸਿਖ ਸਭਿ ਪਿਖਿ ਕਰਿਬਲਿ ਬਲਿ ਜਾਵਤਿ॥੨੩॥ਨਿਜ ਅਨੰਦ ਮਹਿ ਮਗਨ ਬਿਲੰਦੇ।ਧਾਰਨ ਤ੍ਯਾਗਨ ਦੇਹਿ ਸੁਛੰਦੇ[4]। ਕ੍ਰਿਪਾਦ੍ਰਿਸ਼ਟਿ ਸੋਂ ਸਭਿ ਦਿਸ਼ਿ ਦੇਖਾ। ਦੀਨਸਿ ਦਰਸ਼ਨ ਅਨੰਦ ਵਿਸ਼ੇਸ਼ਾ॥੨੪॥ਪੁਨ ਸਭਿ ਕੇ ਦੇਖਤਿ ਤਤਕਾਲ।ਪੌਢ ਗਏ ਸ਼੍ਰੀ ਗੁਰੂ ਕ੍ਰਿਪਾਲ। ਊਪਰ ਬਿਸਦ ਬਸਤ੍ਰ ਕੋ ਲੀਨਾ। ਪਰਮ ਧਾਮ ਪ੍ਰਸਥਾਨੋ ਕੀਨਾ ॥੨੫॥ ਤਿਹ ਛਿਨਿ ਬਿਧਿ[5] ਸ਼ੰਕਰ[6] ਚਲਿ ਆਏ। 'ਸਾਧ ਸਾਧ' ਮੁਖ ਬਾਕ ਅਲਾਏ:-'ਗੁਰ ਆਸ਼ੈ'[7] ਕੋ ਦ੍ਰਿੜ੍ਹ ਬਡ ਕਰ੍ਯੋ।ਅਜਰ ਜਰ੍ਯਨ ਨਿਸ਼ਚੈ ਉਰ ਧਰ੍ਯੋ ॥੨੬॥ ਅਪਨੀ ਚਾਹਨਿ ਹਿਤ ਬਡਿਆਈ। ਕਰਾਮਾਤ ਨਹਿੰ ਰੰਚੁ

[1]ਉਹ ਹੁਣ ਹਰਾ ਹੋ ਆਇਆ ਹੈ, ਬ੍ਰਿਛ ਬਣ ਜਾਏਗਾ। [2]ਜੁਲਾਹੇ ਨੂੰ। [3]ਸੂਰਜ ਉਦਯ ਦੀ ਲਾਲੀ। [4]ਦੇਹ ਦਾ ਧਾਰਨਾ ਯਾ ਤਿਆਗਣਾ ਆਪ ਦੇ ਆਪਣੇ ਵੱਸ ਵਿਚ ਹੈ। [5]ਬ੍ਰਹਮਾਂ। [6]ਸ਼ਿਵ ਜੀ। [7]ਭਾਵ ਗੁਰ ਨਾਨਕ ਦੇਵ ਦੇ ਆਸ਼ੇ ਨੂੰ। *ਪਾ:-ਠਾਮ।

†ਪਾ:-ਸੋ ਇਸਥਾਨ। ‡ਇਹ ਪ੍ਰਸੰਗ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

ਦਿਖਾਈ।ਉਰਗੰਭੀਰ ਧੀਰ ਬੁਧਿਵੰਤਾ। ਅਚਲ ਮੇਰੁ ਸਮ ਨਹੀਂ ਚਲੰਤਾ' ॥੨੭॥ਅਪਰ ਦੇਵ ਇੰਦ੍ਰਾਦਿਕ ਆਇ। ਮੰਗਲ ਕਰਿ'ਜੈ' ਸ਼ਬਦ ਸੁਨਾਇ। ਗੋਰਖ ਆਦਿ ਸਿੱਧ ਸਮੁਦਾਈ[1]।ਆਇ ਸਭਿਨਿ ਕੀਨਸਿ ਬਡਿਆਈ॥੨੮ ॥'ਜੈ ਜੈ ਕਾਰ' ਸੁਰਗ ਮਹਿਂ ਭਯੋ। ਅਤਿ ਉਤਸਾਹ ਦੇਵਤਨਿ ਕਯੋ।'ਧੰਨ ਧੰਨ ਸਤਿਗੁਰੂ'ਬਖਾਨੈਂ।ਆਇ ਅਗਾਊ ਆਦਰ ਠਾਨੈਂ॥੨੯॥ ਕਲਪ ਬ੍ਰਿੱਛ ਫੂਲਨ ਕੀ ਮਾਲਾ। ਪਹਿਰਾਵਹਿਂ ਗੁਰ ਗਰੇ ਬਿਸਾਲਾ।ਪੁਸ਼ਪਾਂਜਲ[2] ਛੋਰਤਿ ਬਰਖਾਵੈਂ। ਬਡ ਸੁਗੰਧਿ ਚੰਦਨ ਚਰਚਾਵੈਂ ॥੩੦॥ ਇੱਤਯਾਦਿਕ ਅਰਪਹਿਂ ਅਰ ਗਾਵੈਂ।ਦੇਵਬਧੂ ਨਾਚਤਿ ਹਰਿਖਾਵੈਂ।ਗੁਰ ਆਗਵਨ ਸੁਰਗ ਉਤਸਾਹੂ। ਕਹਿਂ ਲਗ ਕਹੌਂ ਜੁ ਭਯੋ ਉਮਾਹੂ॥੩੧॥ਇਤ[3]ਸ੍ਰੀ ਅਮਰ ਸਿੱਖਯ ਜੋ ਸਾਰੇ। ਆਇਸੁ ਤੇ ਉਰ ਸ਼ੋਕ ਨਿਵਾਰੇ।ਸਭਿ ਮਿਲਿ ਕਰਹਿਂ ਕੀਰਤਨ ਚਾਰੁ। ਊਚੇ ਉਚਰਹਿਂ ਜੈ ਜੈ ਕਾਰ ॥ ੩੨ ॥ ਪੁਨ ਬਿਬਾਨ ਨੀਕੋ* ਬਨਵਾਇਵ। ਮਾਲ ਬਿਸਾਲ ਪੁਸ਼ਪ ਲਰਕਾਇਵ[4]। ਸੁੰਦਰ ਬਸਤ੍ਰ ਲਾਇ ਦਿਸ਼ ਚਾਰ। ਮਿਲਿ ਬਹੁਤਨਿ ਸ਼ੁਭ ਰੀਤਿ ਸੁਧਾਰਿ ॥੩੩॥ ਸਤਿਗੁਰ ਤਨ ਕਰਿਵਾਇ ਸ਼ਨਾਨ। ਬਰ ਅੰਬਰ[5] ਊਪਰ ਕੋ ਤਾਨ।ਬੀਚ ਬਿਬਾਨ ਬਹੁਰ ਪੌਢਾਇ। ਬੁੱਢੇ ਆਦਿ ਸੁ ਲੀਨਿ ਉਠਾਇ॥੩੪॥ਜਹਾਂ ਜੁਲਾਹਨਿ ਸਦਨ ਸਥਾਨ। ਚਿਖਾ ਰਚੀ ਤਹਿਂ ਰੁੱਖ ਮਹਾਨ। ਚੰਦਨ ਬ੍ਰਿੰਦ ਧਰਯੋ ਤਿਸ ਬੀਚ। ਤਿਲ ਘ੍ਰਿਤ ਅਧਿਕ ਆਨਿ ਤਿਹ ਸੀਂਚ[6]॥੩੫॥ਸਤਿਗੁਰ ਤਨ ਊਪਰ ਪੌਢਾਇ। ਦਾਸੁ ਦੀਨਸਿ ਅਗਨਿ ਲਗਾਇ।ਸੱਤਿਨਾਮ ਕੋ ਸਿਮਰਨ ਕਰੈਂ। ਹੋਤਿ ਕੀਰਤਨ ਸ਼ੋਕਹਿਂ ਹਰੈਂ॥੩੬॥ਭਲੀ ਰੀਤਿ ਸਸਕਾਰਨਿ ਕਰੇ।ਨਮੋ ਠਾਨਿ ਧਰ ਪਰ ਸਿਰ ਧਰੇ। ਮੰਗਲ ਕਰਤਿ ਰਹੇ ਸਮੁਦਾਇ।ਗੁਰ ਆਇਸੁ ਤੇ ਸ਼ੋਕ ਨਸਾਇ॥੩੭॥ਬੈਠੇ ਬਹੁਰ ਸੁ ਡੇਰਨਿ ਜਾਇ। ਕਹਹਿਂ ਸੁਨਹਿਂ ਗੁਰ ਜਸੁ ਸਮੁਦਾਇ। 'ਸਾਗਰ ਸਮ ਗੰਭੀਰ ਮਹਾਨੇ।ਰਿਦੇਅਚਲ ਮੇਰੂ ਸਮਠਾਨੇ॥੩੮॥ਅਜਰਜਰਨ ਜਿਨ ਕੇਰ ਸਮਾਨ।ਭਯੋ ਨ ਭੂਤ ਭਵਿੱਖਯ ਜਹਾਨ।ਕ੍ਰਿਪਾ ਦ੍ਰਿਸ਼ਟਿ ਜਿਸੁ ਪਿਖਹਿਂ ਵਿਸ਼ੇਸ਼ੂ।ਦੇ ਉਪਦੇਸ਼ ਨਿਕਦਨ ਕਲੇਸ਼ੂ॥੩੯॥ਕਲੀ ਕਾਲ ਅੰਧੇਰ ਗੁਬਾਰ।ਤਿਨ ਦਰਸ਼ਨ ਦੀਪਕ ਉਜਿਆਰ[7]।ਧੰਨ ਧੰਨ ਸ੍ਰੀ ਅੰਗਦ ਰੂਪ। ਜਿਨ ਕੀ ਮਹਿਮਾ ਮਹਾਂ ਅਨੂਪ'॥੪੦॥ ਇੱਤਯਾਦਿਕ ਗੁਨ ਕਹਿ ਸਿਮਰੰਤੇ। ਕੇਤਿਕ

[1]ਸਾਰੇ। [2]ਫੁੱਲਾਂ ਦੇ ਬੁਕ। [3]ਇਧਰ। [4]ਲਟਕਾਈਆਂ। [5]ਸੁਹਣਾ ਕੱਪੜਾ। [6]ਪਾਇਆ। [7]ਦੀਵੇ ਦੇ ਉਜਾਲੇ (ਵਾਂਙੂ)।

*ਪਾ:-ਕੀਨੋ।

ਦਿਨ ਜਬਿ ਕੀਨਿ ਬਿਤੰਤੋ॥ਅੰਨ ਘ੍ਰਿਤ,ਮਿਸ਼ਟਾਨ ਬਿਸਾਲਾ॥ਕਰਜੋ ਇਕੱਤ੍ਰ ਸਭਿਨਿ ਤਿਸੁ ਕਾਲਾ ॥ ੪੧ ॥ ਜਹਿਂ ਕਹਿਂ ਤੇ ਸਿਖ ਸਾਧ ਹਕਾਰੇ। ਸਭਿ ਆਏ ਸ੍ਰੀ ਸਤਿਗੁਰ ਦ੍ਵਾਰੇ॥ਸ੍ਰੀ ਗੁਰ ਅਮਰ ਆਪ ਬਿਚ ਥਿਰੇ॥ਬੀਚ ਰਸੋਈ ਕੇ ਸ਼ੁਭ ਕਰੇ॥੪੨॥ਸਭਿ ਪ੍ਰਕਾਰ ਕਰਿ ਤਯਾਰ ਅਹਾਰਾ॥ਅਪਰ ਸਿੱਖਨ ਮਿਲਿ ਪਾਕ ਸੁਧਾਰਾ[1]। ਬਹੁ ਪੰਕਤਿ ਇਕਸਾਰ ਬਿਠਾਈ। ਲਗੇ ਪਰੋਸਨ ਕੋ ਸਮੁਦਾਈ॥੪੩॥ਸ੍ਵਾਦ ਬਿਸਾਲ ਅਚਹਿਂ ਸਭਿ ਸੰਗਤਿ। ਬੈਠਿ ਬੈਠਿ ਕਰਿ ਅਪਨੀ ਪੰਗਤਿ॥ਸਭਿ ਤ੍ਰਿਪਤੇ ਅਚਿ ਸ੍ਵਾਦ ਅਹਾਰਾ। ਕੀਨਸਿ ਇਨਿ ਗੁਰ ਪੁਰਬ ਉਦਾਰਾ॥੪੪॥ਸ੍ਰੀ ਅੰਗਦ ਗੁਰ ਸਿਮਰਨ ਕਰਿ ਕਰਿ। ਬੰਦਤਿ ਕਰ ਬੰਦਹਿ ਸਿਰ ਧਰ ਧਰਿ। ਸ੍ਰੀ ਨਾਨਕ ਕੋ ਲੇ ਕਰਿ ਨਾਮਾ। ਕਰਿ ਅਰਦਾਸ ਸਰਬ ਅਭਿਰਾਮਾ॥੪੫॥ਮਸਤਕ ਟੇਕਤਿ ਸੰਗਤਿ ਸਾਰੀ। ਕਰਿ ਉਤਸਾਹ ਮਿਲੀ ਤਿਸ ਬਾਰੀ[2]। ਦਾਸੂ ਅਰੁ ਦਾਤੂ ਕੇ ਮਨ ਕੀ। ਲਖਿ ਸ੍ਰੀ ਅਮਰ ਗੁਰੂ ਬਿਧਿ ਇਨ ਕੀ[3] ॥੪੬॥ ਹੋਇ ਨੰਮ੍ਰਿ ਪਦ ਪਰ ਕਰਿ ਨਮੋ। ਸੰਗਤਿ ਭਈ ਸੰਗ ਤਿਹ ਸਮੋ। ਗੋਇੰਦਵਾਲ ਪੰਥ ਚਲਿ ਪਰੇ। ਮੁਖ ਖਡੂਰ ਦਿਸ਼ ਤਿਸ ਬਿਧਿ ਕਰੇ ॥੪੭॥ ਪਾਛਲ ਦਿਸ਼ਾ ਗਮਨਤੇ ਜਾਇਂ। ਇਸੀ ਪ੍ਰਕਾਰ ਪਹੁੰਚਿ ਤਿਸ ਥਾਇਂ॥ਸ੍ਰੀ ਅੰਗਦ ਕੋ ਸਿਮਰਨ ਕਰਿ ਕੈ॥ਮਸਤਕ ਧਰਨੀ ਪਰ ਨਿਜ ਧਰਿ ਕੈ ॥੪੮॥ ਨਮਸਕਾਰ ਕਰਿ ਪ੍ਰੇਮ ਪ੍ਰਬੀਨ। ਗੋਇੰਦਵਾਲ ਦਿਸ਼ਾ ਮੁਖ ਕੀਨ। ਜਾਇ ਆਪੁਨੇ ਸਦਨ ਬਿਰਾਜੇ। ਗੁਰਤਾ ਗਾਦੀ ਪਰ ਸ਼ੁਭ ਸਾਜੇ ॥ ੪੯॥ ਦੋਹਰਾ॥ ਸੋਲਹ ਸੈ ਸੰਮਤ ਹੁਤੋ ਨੌ ਊਪਰ[4] ਤਿਸ ਜਾਨ। ਚੇਤ ਸੁਦੀ ਤਿਥਿ ਚੌਥ ਤਬਿ ਸ੍ਰੀ ਅੰਗਦ ਪ੍ਰਸਥਾਨ[5]॥੫੦॥ਤ੍ਰੇਹਣ ਕੁਲ ਬਾਹਜ[6] ਬਰਨ ਫੇਰੂ ਪਿਤਾ ਸੁਭਾਗ॥ਸਭਿਰਾਈ ਮਾਤਾ ਹੁਤੀ ਸ੍ਰੀ ਅੰਗਦ ਸੁਖ ਬਾਗ[7]॥੫੧॥ ਖੀਵੀ ਨਾਮ ਸੁ ਭਾਰਜਾ ਪਤਿਬ੍ਰਤ ਧਰਮ ਸਦੀਵ। ਦਾਸੂ ਦਾਤੂ ਪੁੱਤ੍ਰ ਦੁਇ ਮਹਾਂ ਸ਼ਕਤਿ ਜੁਤ ਥੀਵ॥੫੨॥ਸੰਮਤ ਦ੍ਵਾਦਸ਼ ਮਾਸ ਖਟ ਨੌ ਦਿਨ ਊਪਰ ਚੀਨ॥ਗੁਰਤਾ ਗਾਦੀ ਪਰ ਥਿਰੇ ਅੰਗਦ ਗੁਰੂ ਪ੍ਰਬੀਨ॥੫੩॥ਪਠਹਿ ਸੁਨਹਿ ਇਤਿਹਾਸ ਕੋ ਆਸ਼ਾ ਪੂਰਨ ਹੋਇ। ਇਹ ਦੂਸਰ ਪਤਿਸ਼ਾਹ ਕੋ ਕਰਜੋ

---

[1]ਰਸੋਈ ਤਿਆਰ ਕੀਤੀ। [2]ਉਸ ਵੇਲੇ। [3]ਭਾਵ ਦਾਸੂ ਦਾਤੂ ਦੀ। [4]-੧੬੦੯। [5]ਜੋਤੀ ਜੋਤ ਸਮਾਏ। [6]ਖੱਤਰੀ। [7]ਸੁਖ ਦੇ ਬਾਗ ਤੋਂ ਮੁਰਾਦ, ਸੁਖਾਂ ਦੇ ਦਾਤੇ ਤੋਂ ਹੈ, ਜਿਵੇਂ ਬਾਗ ਸੁੰਦਰਤਾ ਦਾ ਦਾਤਾ ਹੈ। (ਅ) ਬਾਗ=ਬਾਕ। ਵਾਕ=ਬਾਣੀ। ਸੁਖਦਾਈ ਬਾਣੀ ਵਾਲੇ ਭਾਵ ਦਾਤੇ।

ਸੁਨਯੋ ਜਿਮ ਜੋਇ[1] ॥ ੫੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅੰਗਦ ਜੀ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥ ੨੮ ॥

੨੯. [ਸ੍ਰੀ ਗੁਰ ਅਮਰ ਜੀ ਦੀ ਕਥਾ ਦਾ ਆਰੰਭ, ਚੁਬਾਰਾ ਸਾਹਿਬ]।

ਦੋਹਰਾ ॥ ਅਬਿ* ਸ੍ਰੀ ਸਤਿਗੁਰ ਅਮਰ ਕੀ ਕਥਾ ਕਹੌਂ ਰੁਚਿ ਠਾਨਿ। ਸ੍ਰੋਤਾ ਸੁਨਹੁ ਪ੍ਰਸੰਨ ਹ੍ਵੈ ਦਿਹੁ ਸਿੱਖੀ ਮੁਝ ਦਾਨ ॥੧॥ ਪਾਧੜੀਛੰਦ॥ ਮੈ ਸੁਨੀ ਜਿਤਕ ਸਿਖ ਮੁਖ ਦੁਵਾਰ। ਅਰ ਲਿਖੀ ਪਠੀ ਜਹਿਂ ਕਹਿਂ ਉਦਾਰ। ਸੋ ਸਭਿ ਬਨਾਇ ਛੰਦਨ ਮਝਾਰ। ਅਬਿ ਕਰਵ ਨਿਰੂਪਨ ਰੀਤਿ ਚਾਰੁ॥੨॥ ਸ੍ਰੀ ਅਮਰ ਦਾਸ ਜਿਮ ਮਾਰਤੰਡ[2]। ਗਾਦੀ ਗੁਰੂਨਿ ਸੰਯਦਨ[3] ਅਖੰਡ। ਤਿਸ ਪਰ ਅਰੂਢ[4] ਥਿਤ ਹੋਇ ਆਪ। ਕੀਨਸਿ ਪ੍ਰਕਾਸ਼ ਸਭਿ ਦਿਸ਼ ਪ੍ਰਤਾਪ ॥੩॥ ਗੁਰਪੁਰਬ ਆਦਿ ਕਰਿਕੈ ਖਡੂਰ। ਗੋਇੰਦਵਾਲ ਪਹੁੰਚੇ ਹਦੂਰ[5]। ਦੀਨਾਨਿਨਾਥ ਗੁਰਤਾ ਸੁ ਪਾਇ। ਹੁਇ ਅਨੰਦ ਮਗਨ ਪ੍ਰਵਿਸ਼ੇ ਸੁ ਜਾਇ॥੪॥ ਇਕ ਹੁਤੋ ਸਦਨ ਪਰ ਸਦਨ ਚਾਰੁ[6]। ਤਿਸ ਪਰ ਅਰੂਢਿ ਦਿਯ ਦਰ ਕਿਵਾਰ[7]। ਨਿਕਸੇ ਨ ਵਹਿਰ, ਨਹਿਂ ਕੋ ਬੁਲਾਇ। ਥਿਤ ਹੁਇ ਸਮਾਧਿ ਗੰਭੀਰ ਲਾਇ॥੫॥ ਹ੍ਵੈ ਕਰਿ ਇਕੰਤ ਆਨੰਦ ਲੀਨਿ। ਜਬਿ ਮਹਦ ਜੋਤਿ ਪ੍ਰਾਪਤ ਪ੍ਰਬੀਨ। ਨਹਿਂ ਸਕਹਿ ਬੇਦ ਜਿਸ ਕੋ ਬਤਾਇ। ਮਨ ਗਿਰਾ ਜੁਗਤਿ ਜਿਹ ਨਹਿਂ ਲਖਾਇ[8] ॥ ੬॥ ਅਸ ਅਨੰਦ ਸਿੰਧੁ ਮਹਿਂ ਸਥਿਤ ਹੋਇ। ਜਿਸ ਏਕ ਬੂੰਦ ਲਹਿ ਜਗਤ ਜੋਇ। ਬ੍ਰਹ-ਮਾਦਿ ਅਪਰ ਚੀਟੀ ਪ੍ਰਯੰਤ[9]। ਤਿਸ ਬਿਖੈ ਸਕਲ ਪਾਯਤਿ ਨ ਅੰਤਿ ॥੭॥ ਅਸ ਸੁਮਤਿਵੰਤ ਕਹੁ ਕੌਨ ਹੋਇ। ਤਿਸ ਕੋ ਬਿਥਾਰ ਕਰਿ ਕਹਹਿ ਜੋਇ। ਟਿਕ ਗੀ ਸਮਾਧਿ ਇਕਰਸ ਬਿਸਾਲ। ਨਹਿਂ ਸਕਹਿ ਤਜਾਗ ਪ੍ਰੇਮੀ ਰਸਾਲ ॥੮॥ ਬਹੁ ਸਿੱਖਯ ਵਹਿਰ ਇਕਠੇ ਸੁ ਹੋਇ। ਚਿਤ ਚਹਤਿ ਦੇਖਿਬੋ ਦਰਸ ਸੋਇ। ਸੁਨਿ ਜਹਾਂ ਕਹਾਂ ਪੁਰਿ ਗ੍ਰਾਮ ਬੀਚ। ਚਲਿ ਆਇ ਦੇਖਿਬੇ ਊਚਨੀਚ॥ ੯॥ ਗਨ ਹੁਇ ਇਕੱਤ੍ਰ ਕਰਤੇ ਬਿਚਾਰ।–ਗੁਰ ਦੇਹਿਂ ਦਰਸ ਤਿਮ ਕਰਹੁ ਢਾਰਿ[10]। ਇਨ ਕੋ ਨ ਬੈਠਿਓ ਬਨੈ ਐਸ। ਅਬਿ ਦੇਹਿਂ ਦਰਸ ਗੁਰੁ ਪ੍ਰਥਮੁ ਜੈਸ–॥੧੦॥ ਸਭਿ ਕਹਯੋ ਬ੍ਰਿਧ ਕੋ[11] 'ਆਪੁ ਜਾਇ। ਸਿਖ ਸੰਗਤਾਨਿ ਸੁਧ

---

[1]ਜਿਵੇਂ ਜੋ ਸੁਣਿਆਂ ਹੈ ਤਿਵੇਂ ਕਥਨ ਕੀਤਾ ਹੈ। [2]ਸੂਰਜ। [3]ਗਾਦੀ ਰੂਪੀ ਰਥ। [4]ਚੜ੍ਹਕੇ। [5]ਸ੍ਰੀ ਜੀ ਆਪ। [6]ਘਰ ਤੇ ਸੁਹਣਾ ਘਰ ਭਾਵ ਚੁਬਾਰੇ ਤੋਂ ਹੈ। [7]ਤਖਤੇ ਬੰਦ ਕਰ ਦਿਤੇ। [8]ਮਨ ਬਾਣੀ ਸਮੇਤ ਜਿਸ ਨੂੰ ਲਖ ਨਹੀਂ ਸਕਦਾ। [9]ਕੀੜੀ ਤਕ। [10]ਤਰਕੀਬ। [11]ਸਾਰਿਆਂ ਨੇ ਬਾਬੇ ਬੁੱਢੇ ਜੀ ਨੂੰ ਕਿਹਾ।

*ਪਾः–ਅਬ।

ਦਿਹੁ ਪੁਚਾਇ।ਹਿਤ ਦਰਸ ਆਨਿ ਇਕਠੀ ਬਿਲੰਦ।ਗਨ ਸਮ ਚਕੋਰ।ਚਿਤ ਰਹਤਿ ਚੇਦ' ॥ ੧੧ ॥ ਸੁਨਿ ਕਹਯੋ ਬ੍ਰਿੱਧ 'ਸਭਿ ਲਖਨ ਹਾਰ[1]*। ਲੇਹਿਂ ਜਾਨਿ ਮਨ ਕੀ[2] ਬਿਨ ਉਚਾਰ। ਨਿਜ ਦਯਾ ਕਰਹਿਂ ਅਪੁਨੀ ਮਹਾਨ। ਤਬਿ ਦੇਹਿਂ ਦਰਸ ਸਭਿਹੂੰਨਿ ਆਨਿ'॥੧੨॥ਸੁਨਿ ਰਹੇ ਠਟਿਕ[3]ਕਹਿ ਸਕਿ ਨ ਕੋਇ।ਦਿਨ ਪ੍ਰਤੀ ਚਾਹਿ ਚਿਤ ਚਗੁਨ ਹੋਇ। ਸਿਖ ਸਕਲ ਮਹਾਂ ਅਕੁ-ਲਾਇ ਭੂਰ।–ਕਬਿ ਦੇਹਿਂ ਦਰਸ਼ ਗੁਰ ਇੱਛ ਪੂਰ॥੧੩॥ ਜਿਮ ਸ੍ਵਾਂਤਿ ਬੂੰਦ ਚਾਤ੍ਰਿਕ ਪਿਪਾਸ। ਚਕਵਾ ਨ ਚਾਹਿ ਸੂਰਜ ਪ੍ਰਕਾਸ਼। ਪਤਿਬ੍ਰਤਾ ਤਰੁਨਿ[4] ਪਤਿ ਕੇ ਬਿਓਗ।ਜਿਮ ਮਹਾਂ ਕਸ਼ਟ ਤੇ ਚਹਿ ਸੰਜੋਗ–॥੧੪॥ ਦੋਹਰਾ॥ਨਹਿਂ ਕੋਊ ਜਬਿ ਕਹਿ ਸਕੈ ਕੀਨਸਿ ਅਪਰ ਉਪਾਇ।ਇਕ ਸੇਵਕ ਬੱਲੂ ਹੁਤੋ ਸੋ ਗੁਰੁ ਸੇਵ ਕਮਾਇ ॥ ੧੫ ॥ ਸ੍ਵੈਯਾ ਛੰਦ॥ ਬੱਲੂ ਤੇ ਨਿਤ ਪ੍ਰਤਿ ਸਭਿ ਸੇਵਾ ਹੁਇ ਪ੍ਰਸੰਨ ਸਤਿਗੁਰ ਕਰਵਾਇਂ।ਪ੍ਰੇਮ ਜੁਗਤਿ ਸੋ ਨੀਕੇ ਕਰਤਾ ਸਨਮੁਖ ਖਰੋ ਰਹੈ ਹਿਤ ਲਾਇ। ਜਬਿ ਕਛੁ ਟਹਿਲ ਕਰਹਿਂ ਫੁਰਮਾਵਨਿ ਤਬਿ ਸੋ ਕਰਤਿ ਸੁਧਾਰਿ ਬਨਾਇ। ਨਾਂਹਿ ਤ ਠਾਂਢੋ ਰਹੈ ਅਗਾਰੀ,ਇਮਿ ਸਤਿਗੁਰ ਕੇ ਚਿਤ ਕੋ ਭਾਇ॥੧੬॥ਬੁਢੇ ਆਦਿ ਸਿੱਖਨ ਸਭਿ ਮਿਲਿਕੈ ਤਿਸ ਬੱਲੂ ਕੋ ਨਿਕਟਿ ਬੁਲਾਇ।ਬਿਨੈ ਬਖਾਨੀ ਪ੍ਰੀਤ ਮਹਾਨੀ 'ਇਹ ਸੰਗਤ ਬੈਠੀ ਸਮੁ-ਦਾਇ। ਸਭਿ ਚਾਹਤਿ ਹੈਂ ਸਤਿਗੁਰ ਦਰਸ਼ਨ ਸਪਤ ਦਿਵਸ ਇਨਿ ਦਿਏ ਬਿਤਾਇ। ਬਿਨ ਸੂਰਜ ਪੰਕਜ ਮੁਰਝਾਵਹਿਂ ਇਹ ਗਤਿ ਸਭਿ ਕੀ ਪਰੈ ਲਖਾਇ'॥੧੭॥ਤਬਿ ਬੱਲੂ ਕਰ ਜੋਰਿ ਸਭਿਨਿ ਢਿਗ ਕਹਤਿ ਭਯੋ'ਮੈਂ ਤੁਮ ਅਨੁਸਾਰਿ। ਜਿਮ ਤੁਮ ਕਹਹੁ ਕਰਹੁਂ ਮੈਂ ਤਿਸ ਬਿਧਿ ਦਰਸ਼ਨ ਪ੍ਰਾਪਤਿ ਹੋਇ ਉਦਾਰ। ਅਰਜ਼ ਗੁਜ਼ਾਰਨਿ ਪਰਉਪਕਾਰਨਿ ਇਸਤੇ ਨੀਕੀ ਔਰ ਨ ਕਾਰ'।ਸਭਿ ਕੋ ਲੇ ਨਿਜ ਸੰਗ ਗਯੋ ਦਰ ਖਰੇ ਕਰੇ ਤਹਿਂ ਬਿਨੈ ਉਚਾਰ॥੧੮॥ਆਪ ਨਿਕਟ ਸਤਿਗੁਰ ਕੇ ਗਮਨਯੋ ਹਾਥਜੋਰਿ ਹੁਇ ਸਮੁਖ ਬਖਾਨਿ। 'ਸਭਿ ਘਟਿ ਅੰਤਰਜਾਮੀ ਹੇ ਪ੍ਰਭੁ! ਵਹਿਰ ਖਰੀ ਸੰਗਤਿ ਹਿਤਵਾਨ।ਦਰ-ਸ਼ਨ ਕੋ ਅਭਿਲਾਖਤਿ ਉਰ ਮਹਿਂ ਜੋ ਸਿੱਖੀ ਮਹਿਂ ਰਹਿਂ ਸਵਧਾਨ। ਤਰ ਸ਼ੁਸ਼ਕਤਿ ਜਲਕੋ ਜਿਮੁ ਕਾਂਖਤਿ[5] ਪਿਤ ਦੇਖਨ ਸੁਤ ਚਾਹਿ ਮਹਾਨ†'॥੧੯॥

[1](ਗੁਰੂ ਸਾਹਿਬ) ਸਭ ਜਾਣਨਹਾਰ ਹਨ। [2]ਮਨ ਦੀ ਜਾਣ ਲੈਣ ਵਾਲੇ ਹਨ। [3]ਠਠੰਬਰ। [4]ਪਤਿਬ੍ਰਤਾ ਇਸਤਰੀ। [5]ਸੁਕਦਾ ਬ੍ਰਿੱਛ ਜਿਵੇਂ ਜਲ ਨੂੰ ਲੋਚਦਾ ਹੈ।

*ਪਾ:–ਸਭਿਹਿਨ ਨਿਹਾਰ। †ਪਾ:–ਤਿਮ ਦੇਖਨਿ ਕੀ ਚਾਹਿ ਮਹਾਨ।

ਬਿਨੈ ਸੁਨੀ ਲਖਿ ਸਿੱਖਜਨ ਮਨ ਕੀ ਬੋਲੇ ਸ੍ਰੀ ਸਤਿਗੁਰ ਸੁਖ ਖਾਨ।'ਤਨਹੁ ਚੰਦੋਵਾ ਸੁੰਦਰ ਊਪਰ ਫਰਸ਼ ਕਰਹੁ ਬੈਠਨਿ ਇਸਥਾਨਿ'। ਬੱਲੂ ਨੇ ਸਭਿ ਕੀਨਸਿ ਤਯਾਰੀ ਜਸੋਂ ਜਸੋਂ ਸ਼੍ਰੀਗਰ ਕੀਨਿ ਬਖਾਨਿ।ਆਇ ਸਿੰਘਾਸਨ ਪਰ ਤਬਿ ਬੈਠੇ ਭਗਤ ਵਛਲ ਨਿਜ ਬਿਰਦ ਪਛਾਨ ।੨੦॥ ਚੱਕ੍ਰਵਰਤਿ ਨ੍ਰਿਪ ਪੋਸ਼ਿਸ਼ ਪਹਿਰਹਿ ਤਥਾ ਤ੍ਰਿਤੀਓ ਰੂਪ ਸੁਹਾਇ। ਜਿਮਿ ਇਕ ਨਟ ਹੁਇ ਸਾਂਗ ਕਰੈ ਬਹੁ, ਬਦਲਹਿ ਬੇਖ ਜਗਤ ਦਿਖਰਾਇ। ਦੇਖਨਿਹਾਰ ਭ੍ਰਿੰਨ ਪਹਿਚਾਨਹਿਂ ਸਭਿ ਕੀ ਮਤਿ ਕੌ ਦੇ ਬਿਰਮਾਇ[੧]। ਢਿਗ ਵਰਤੀ[੨] ਜੋ ਦਾਸ ਤਾਂਹਿ ਕੋ ਲਖਹਿ ਸੁ–ਇਕ ਬਹੁ ਬੇਖ ਬਨਾਇ[੩]–॥੨੧॥ਤਿਮਿ ਸਤਿਗੁਰ ਕੇ ਸਿੱਖ ਸਮੀਪੀ ਸੋ ਜਾਨਹਿਂ–ਇਕ ਜੋਤਿ ਜਗੋਤਿ। ਅਪਰ ਸਰੀਰ ਧਰਨ ਸਮੁ ਬੇਖ[੪]–,ਸੁ ਦ੍ਰਿੜ੍ਹ ਮਤਿ ਰਾਖਹਿਂ,ਨਹੀਂ ਭੁਲੋਤਿ। ਸ਼੍ਰੀ ਨਾਨਕ ਅੰਗਦ ਅਬਿ ਸੋ ਇਹ ਬੈਠੇ ਤਖਤ ਸੁਹਾਇੰ ਮਹੋਤ[੫]। ਆਇਸੁ ਪਾਇ ਨਿਕਟ ਸਭਿ ਆਏ ਬੰਦਨ ਕਰਿ ਅਕੋਰ ਅਰਪੀਤਿ॥੨੨॥ਦਰਸ਼ਨ ਕਰਿ ਕਰਿ ਆਨੰਦ ਧਰਿ ਧਰਿ ਮਿਲਿ ਮਿਲਿ ਗੁਨ ਕਹਿ ਕਹਿ ਸਹਿ ਪ੍ਰੇਮ।ਉਦਯੋ ਗਯਾਨ ਰਵਿ, ਹਰਿ ਅੱਗਯਾਨ ਤਮ[੬], ਪੁਰਹਿਂ ਕਾਮਨਾ ਪ੍ਰਾਪਤਿ ਛੇਮ[੭]। ਬੁੱਢੇ ਆਦਿਕ ਸਿੱਖਯ ਸਕਲ ਜੇ ਰਿਦੇ ਸੁੱਧ ਤਪਤਯੋ ਜਿਮਿ ਹੇਮ[੮]।ਨੰਮ੍ਰਿ ਹੋਇ ਕਰਿ ਬੈਠਿ ਗਏ ਢਿਗ ਜਿਨ ਕੇ ਮਨ ਸਿੱਖੀ ਕਹੁ ਨੇਮ ।੨੩॥ ਸ਼ਬਦ ਕੀਰਤਨ ਹੋਨਿ ਲਗਯੋ ਤਬਿ ਕਰਹਿਂ ਰਬਾਬੀ ਰਾਗ ਅਲਾਪ। ਸ਼੍ਰੀ ਗੁਰ ਕੋ ਦਰਬਾਰ ਲਗਯੋ ਪਿਖਿ ਸਿੱਖਜਨ ਕੈ ਮਨ ਆਨੰਦ ਥਾਪ।ਸੁਨੇ ਸ਼ਬਦ ਨਿਜ ਭਾਗ ਬਡੇ ਲਖਿ ਬਿਦਤਯੋ ਜਹਿਂ ਜਹਿਂ ਗੁਰੂ ਪ੍ਰਤਾਪ। ਥਾਪ ਉਥਾਪਨ ਸਭਿ ਕੋ ਸੰਮ੍ਰਥ,ਪਾਪ ਕਲਾਪ ਖਾਪਿ[੯],ਹਰਿ ਜਾਪ॥੨੪॥ਦੋਹਰਾ॥ਗੁਰਤਾ ਗਾਦੀ ਪਰ ਥਿਰੇ ਤ੍ਰਿਤੀਓ ਰੂਪ* ਨਵੀਨ। ਬੁੱਢੇ ਆਦਿਕ ਸਿੱਖਯ ਸਭਿ ਉਸਤਤਿ ਕਰਤਿ ਪ੍ਰਬੀਨ ॥ ੨੫॥ ਤ੍ਰਿਭੰਗੀ ਛੰਦ ॥ 'ਕਲਿਜੁਗ ਨਰ ਤਾਰਨ, ਲਖਿ ਇਹ ਕਾਰਨ,ਤਨ ਕੋ ਧਾਰਨ ਕੀਨ ਪ੍ਰਭੋ !। ਸਿੱਖਨ ਹਿਤਕਾਰੀ ਜਮ ਭੈ ਹਾਰੀ ਭਗਤਿ ਬਿਥਾਰੀ ਆਪ ਬਿਭੌ[੧੦]। ਦਾਸਨ ਸੁਖਦਾਤਾ ਪੁਰਖ ਬਿਧਾਤਾ, ਅਨ ਭੈ ਰਾਤਾ ਰੂਪ

[੧]ਭਰਮਾ ਦੇਵੇ। [੨]ਨੇੜੇ ਰਹਿਣ ਵਾਲੇ। [੩]ਲਖਦੇ ਹਨ ਕਿ ਇਹ ਇਕੋ ਹੀ ਬਹੁਤ ਵੇਸ ਬਣਾ ਰਿਹਾ ਹੈ। [੪]ਹੋਰ ਸਰੀਰ ਦਾ ਧਾਰਨਾ ਵੇਸ (ਬਦਲਣ) ਵਾਂਙੂ ਹੈ। [੫]ਪ੍ਰਧਾਨ, ਪੂਜਨੀਕ। [੬]ਗਯਾਨ ਰੂਪੀ ਸੂਰਜ ਚੜ੍ਹਿਆ ਤੇ ਨਾਸ਼ ਹੋਇਆ ਅਗਯਾਨ ਰੂਪੀ ਅੰਧੇਰਾ। [੭]ਕੁਸ਼ਲ, ਮੁਕਤੀ। [੮]ਤਪਾਏ ਸੋਨੇ ਵਾਙੂ ਸੁਧ ਰਿਦੇ ਵਾਲੇ। [੯]ਨਾਸ਼ ਕਰਤਾ। [੧੦]ਵਿਆਪਕ ਨੇ [ਸੰਸ:, ਵਿਭੁ]। *ਪਾ:–ਗੁਰੂ

ਥਿਰੇ[1]। ਜੈ ਜੈ ਗੁਰਦੇਵਾ,ਅਲਖ ਅਭੇਵਾ,ਸੁਰ ਨਰ ਸੇਵਾ ਦੇਵ ਹਰੇ[2]॥੨੬॥ ਕਲਿ ਕਲੁਖ ਨਿਕੰਦਨ[3], ਜਗ ਗੁਰ ਬੰਦਨ, ਤਾਰਹੁ ਮੰਦਨ, ਕਰਿ ਕਰੁਨਾ[4]। ਸਭਿਹਿਨਿ ਕੇ ਸ੍ਵਾਮੀ, ਅੰਤਰਜਾਮੀ ਨਿਤਿ ਨਿਸ਼ਕਾਮੀ ਦੁਖ ਦਰਨਾ[5]।ਉਰਿ ਇੱਛਾਪੂਰਨਿ,ਸ਼ੱਤ੍ਰਨ*ਚੂਰਨਿ,ਦਾਸਨਿ ਤੂਰਨਿ ਦੇ ਸਰਨਾ[6]। ਜੈ ਜੈ ਗੁਰ ਅਮਰੰ, ਪਤਿ ਸਭਿ ਅੰਮਰੰ, ਸਦ ਅਜ ਅਮਰੰ, ਹਮ ਪਰਨਾ[7]'' ॥ ੨੭ ॥ ਪਾਧੜੀ ਛੰਦ॥ ਇਸ ਭਾਂਤਿ ਸਿੱਖਜ ਸਭਿ ਸਤੁਤਿ ਕੀਨ। 'ਇਮ ਦੇਹੁ ਦਰਸ ਹਮ ਕੋ ਪ੍ਰਬੀਨ !। ਦਾਸਨ ਮਝਾਰ ਬੈਠਹੁ ਸਦੀਵ । ਸਭਿ ਕੋ ਅਲੰਬ ਅਬਿ ਆਪ ਥੀਵ॥੨੮॥ਸ਼੍ਰੀ ਨਾਨਕ ਅੰਗਦ ਰੂਪ ਦੋਇ। ਪਰਲੋਕ ਗਮਨ ਬੈਕੁੰਠ ਸੋਇ।ਗੁਰ ਭਏ ਆਪ ਤਿਨ ਕੇ ਸਥਾਨ।ਦਿਹੁ ਨਾਮ ਦਾਨ, ਤਾਰਹੁ ਜਹਾਨ'॥੨੯॥ਸੁਨਿ ਬਿਨੈ ਸਭਿਨਿ ਤੇ ਉਚਿਤ ਜੋਇ।ਮੁਖ ਭਨਯੋ, ਭਲੋ ਇਹ ਰੀਤਿ ਹੋਇ[8]। ਸਿੱਖਜਨ ਮਝਾਰ ਹਮਰੋ ਨਿਵਾਸ।ਚਿਤ ਚਹਹਿ ਸਦਾ ਪੂਰਹਿਂ[9] ਸੁ ਆਸ॥੩੦॥ਗੁਰ ਸਿੱਖਜ ਧੰਨੁ ਬਡਭਾਗ ਹੋਇ। ਤਿਨ ਕੋ ਮਿਲਾਪ ਸਭਿ ਬਿਘਨ ਖੋਇ'। ਕਰਿ ਬਚ ਬਿਲਾਸ ਬਹੁ ਇਸ ਪ੍ਰਕਾਰ।ਪੁਨ ਉਠਤਿ ਭਏ ਸ਼੍ਰੀ ਗੁਰ ਉਦਾਰ॥੩੧॥ ਇਮਿ ਨਿਤਾ ਪ੍ਰਤੀ ਦਰਸ਼ਨ ਦੇਤਿ। ਪੁਨ ਆਇਂ ਸੰਗਤਾਂ ਬਹੁ ਨਿਕੇਤ।ਹਤਿ ਮੋਹ ਮਿਰਗ ਗੁਰ ਸੁਭਤਿ ਸਿੰਘ[10]। ਪਿਖ ਲਹਿ ਸ਼ੰਤੋਖ, ਸੰਤੋਖ ਸਿੰਘ[11] ॥੩੨॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਸਤਿਗੁਰੂ ਅਮਰ' ਪ੍ਰਸੰਗ ਬਰਨਨੰ ਨਾਮ ਏਕੋਨਤ੍ਰਿੰਸਤੀ ਅੰਸੂ ॥ ੨੯॥

### ੩੦. [ਸ਼੍ਰੀ ਗੁਰ ਅਮਰ ਦੇਵ ਜੀ ਦਾ ਨਿੱਤ ਬਿਵਹਾਰ ]

ਦੋਹਰਾ॥ਸਪਤ ਦਿਵਸ ਪੀਛੇ ਪ੍ਰਭੂ ਠਹਿਰਾਇਵ ਬਿਵਹਾਰ। ਚਲਹਿਂ ਨਿਤਾ-ਪ੍ਰਤਿ ਤਿਸੀ ਬਿਧਿ ਸੁਨਹੁ ਸੁ ਕਰਵ ਉਚਾਰ॥੧॥ ਨਿਸ਼ਾਨੀ ਛੰਦ॥ ਜਾਮ ਨਿਸਾ ਬਾਕੀ ਰਹੈ, ਹੁਇ ਅੰਮ੍ਰਿਤ ਵੇਲਾ। ਤਬਿ ਜਾਗਹਿਂ ਸ਼੍ਰੀ ਸਤਿਗੁਰੂ ਲਖਿ ਭਜਨ ਸੁਹੇਲਾ[12]।ਬੱਲੂ ਆਗਯਾ ਲੇਹਿ ਤਬ ਜਲ ਕੋ ਉਠਿ ਜਾਵੈ। ਸਲਿਤਾ

[1]ਗਿਆਨ ( ਰੂਪੀ ਵਾਹਿਗੁਰੂ ) ਵਿਚ ਰੱਤੇ ਹੋਏ ( ਤੁਸੀਂ ) ਸਰੂਪ ਇਸਥਿਤ ਹੋ। [2]ਦੇਵਤਿਆਂ ਮਨੁੱਖਾਂ ਕਰ ਸੇਵਨ ਯੋਗ ਪ੍ਰਕਾਸ਼ ਰੂਪ ਹਰੀ। [3]ਕਲਜੁਗ ਦੇ ਪਾਪ ਕੱਟਣ ਵਾਲੇ। [4]ਤਾਰੋ ਮੰਦਾਂ ਨੂੰ ਕ੍ਰਿਪਾ ਕਰਕੇ। [5]ਸਦਾ ਕਾਮਨਾ ਰਹਿਤ ਹੋ ਤੇ ਦੁਖਾਂ ਨੂੰ ਦਲਨ ਵਾਲੇ ਹੋ। [6]ਦਾਸਾਂ ਨੂੰ ਛੇਤੀ ਆਸਰਾ ਦੇਣ ਵਾਲੇ ਹੋ। [7]ਜੈ ਗੁਰੂ ਅਮਰ ਜੀ ਆਪ ਸਭ ਦੇਵਤਿਆਂ ਦੇ ਸੁਆਮੀ, ਸਦਾ ਅਜੋ, ਮੌਤ ਤੋਂ ਰਹਿਤ, ਸਾਡਾ ਆਸਰਾ ਹੋ। [8]ਚੰਗਾ ਇਸੇ ਤਰ੍ਹਾਂ ਹੋਵੇਗਾ। [9]ਪੂਰਨ ਕਰਾਂਗੇ। [10]ਸ਼ੇਰ ਰੂਪ। [11]ਜਿਨ੍ਹਾਂ ਦੇ ਦਰਸ਼ਨ ਤੋਂ ਹੇ ਸੰਤੋਖ ਸਿੰਘ ਸੰਤੋਖ ਪ੍ਰਾਪਤ ਹੁੰਦਾ ਹੈ। [12]ਭਜਨ ਦਾ ਸੁਹਣਾ (ਸਮਾਂ)। *ਪਾ:-ਸੰਕਟ।

ਤੇ ਭਰਿ ਕਲਸ ਕੋ ਮੱਜਨ ਕਰਿਵਾਵੈ ॥੨॥ ਕੇਸਨਿ ਮਹਿਂ ਨਿਤਿ ਦਧੀ ਸੋਂ ਗੁਰ ਕਰਹਿਂ ਸਕਾਰੇ[1]।ਪਰਮ ਬ੍ਰਿੱਧ ਬਹੁ ਸੇਤ ਕਚ[2]*ਕਰਸ਼ਮਸ਼ ਪਖਾਰੇ[3]। ਬੱਲੂ ਸਰਬ ਸਰੀਰ ਕੋ ਉਬਟਨਿ[4] ਮਲਿਆਛੇ। ਸੁੱਧ ਹੋਇ ਸਭਿ ਰੀਤਿ ਸੋਂ ਪਟ ਪਹਿਰਹਿਂ ਪਾਛੇ॥੩॥ਤਿਲਕ ਲਗਾਵਹਿਂ ਭਾਲਮਹਿਂ ਸ਼ੁਭ ਚੰਦਨਕੇਰਾ॥ ਬਹੁਰ ਸਿੰਘਾਸਨ ਪਰ ਥਿਰਹਿਂ ਇਕ ਮਨ ਤਿਸ ਬੇਰਾ। ਨਿਜ ਅਨੰਦ ਮਹਿਂ ਲੀਨ ਹੁਇ ਲਗ ਸਹਜਿ ਸਮਾਧਾ॥ਜੋਗੀਸ਼ਿਵ ਬ੍ਰਹਮਾਦਿ ਸਭਿ ਜਿਸ ਕਰਹਿਂ ਅਰਾਧਾ॥੪॥ ਪ੍ਰਾਤਿ ਹੋਤਿ ਲਗ ਇਸੀ ਬਿਧਿ ਇਸਥਿਰਤਾ ਪਾਵੈਂ। ਬਹੁਰ ਰਬਾਬੀ ਆਇ ਕਰਿ ਗੁਰਸ਼ਬਦ ਸੁ ਗਾਵੈਂ। ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ। ਮਨੋ ਮਧੁਰ ਘਨ ਗਰਜਤੇ ਜਨੌਂ ਮੋਰ ਸੁਹੰਦੇ ॥੫॥ ਸ਼੍ਰੀਨਾਨਕ ਅੰਗਦ ਗੁਰੂ ਇਨਕੀ ਬਡਿਆਈ।ਬਖ਼ਸ਼ਸ਼ ਦਈਨਿਹਾਲ ਕਰਿ ਨਰ ਸੁਖ ਸਮੁਦਾਈ[5]। ਪ੍ਰੇਮ ਸੰਗ ਸਿਮਰਨ ਕਰਹਿਂ ਮੁਖ 'ਧੰਨ' ਉਚਾਰਹਿਂ। ਪੁਲਕਾਵਲ ਗਦਿ ਗਦਿ ਗਿਰਾ ਉਪਕਾਰ ਬਿਚਾਰਹਿਂ[6] ॥ ੬ ॥ ਲੀਨ ਹੋਇ ਮਨ ਗੁਰ ਚਰਨਿ ਅਸ ਅੰਮ੍ਰਿਤ ਵੇਲਾ। ਅੰਮ੍ਰਿਤ ਬਰਖਤਿ ਗੁਰੂ ਨਿਕਟ ਸੁਨਿ ਹੋਤਿ ਸੁਹੇਲਾ[7]। ਜਿਨਕੇ ਸ਼ੁਭ ਬਡਿਭਾਗ ਹੈਂ ਪਹੁੰਚਹਿਂ ਤਿਸ ਕਾਲਾ॥ਜਿਮ ਸਮੁੰਦ ਕੀ ਝਾਲ[8] ਤੇ ਲਹਿ ਰਤਨ ਸੁਖਾਲਾ॥੭॥ ਇਸ ਪ੍ਰਕਾਰ ਗੁਰ ਨਿਕਟ ਤੇ ਸਦ ਗੁਨ[9] ਕੋ ਪਾਵੈਂ। ਜਨਮ ਮਰਨ ਚਿਰਕਾਲ ਕੇ ਇਨ ਮੂਲ ਮਿਟਾਵੈਂ।ਪਰਮ ਪ੍ਰੇਮ ਉਮਗਹਿ ਰਿਦੈ,ਸਿਮਰਹਿਂ ਸਤਿਨਾਮੂ॥ ਮਿਥਜਾ ਲਖਿ ਪਰਪੰਚ ਕੋ, ਇਕ ਥਲ ਬਿਸਰਾਮੂ[10] ॥ ੮ ॥ ਦਿਵਸ ਚੜ੍ਹੇ ਇਸ ਰੀਤਿ ਸੋਂ ਹੁਇ ਅਨੰਦ ਬਿਲਾਸਾ॥ਤਬ ਸੰਗਤਿ ਸਗਰੀ ਮਿਲਹਿਹੁਇ

---

[1](ਇਸ਼ਨਾਨ ਕਰਦੇ ਹਨ) ਸਵੇਰੇ। [2]ਚਿੱਟੇ ਕੇਸ। [3]ਹੱਥਾਂ ਨਾਲ ਦਾੜ੍ਹਾ ਧੋਂਦੇ ਹਨ। [4]ਵਟਣਾ। [5]ਸ੍ਰੀ ਗੁਰੂ ਨਾਨਕ ਤੇ ਅੰਗਦ ਜੀ (ਵਾਂਗੂ) ਇਨ੍ਹਾਂ ਦੀ ਵਡਿਆਈ (ਬੀ ਹੋਈ ਕਿ) (ਇਨ੍ਹਾਂ ਨੇ ਉਨ੍ਹੋਂ ਵਾਂਗੂ ਹੀ) ਸਾਰੇ ਨਰਾਂ ਨੂੰ ਬਖਸ਼ਾਂ ਨਾਲ ਨਿਹਾਲ ਕਰਕੇ ਸੁਖ ਦਿੱਤੇ ਹਨ (ਅ) ਭਾਵ (ਰਬਾਬੀ) ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਦੀ ਵਡਿਆਈ ਕਰਦੇ ਹਨ (ਕਿ ਕਿਵੇਂ ਉਨ੍ਹਾਂ ਨੇ) ਲੋਕਾਂ ਨੂੰ ਬਖਸ਼ਸ਼ਾਂ ਤੇ ਸੁਖ ਦੇਕੇ ਨਿਹਾਲ ਕੀਤਾ। [6](ਇਹ ਸੁਣਕੇ ਸ੍ਰੋਤੇ) ਪ੍ਰੇਮ ਨਾਲ (ਗੁਰਾਂ ਨੂੰ) ਯਾਦ ਕਰਦੇ ਤੇ ਮੂੰਹੋਂ ਧੰਨ ਧੰਨ ਕਹਿੰਦੇ ਹਨ, (ਐਨਾਂ ਪ੍ਰੇਮ ਹੈ ਕਿ) ਪੁਲਕਾਵਲੀ ਆ ਜਾਂਦੀ ਤੇ ਬਾਣੀ ਗਦ ਗਦ ਹੋ ਜਾਂਦੀ ਹੈ ਉਪਕਾਰ ਯਾਦ ਕਰਦਿਆਂ। ਪੁਲਕਾਵਲੀ=ਪ੍ਰੇਮ ਵਿਖੇ ਰੋਮ ਖੜੇ ਹੋਣੇ। [7]ਹੋਈਦਾ ਹੈ ਸੁਖੀ। [8]ਛੱਲ। [9]ਚੰਗੇ ਗੁਣ। [10]ਇਕ ਟਿਕਾਣੇ (ਭਾਵ ਸਰੂਪ ਵਿਚ) ਟਿਕਦੇ ਹਨ।

*ਪਾ:-ਬਹੁ ਸੇਤ ਹੈਂ।

ਪਰਮ ਪ੍ਰਕਾਸ਼ਾ। ਦਰਸ਼ਨ ਲਹੈ ਪੁਨੀਤ[੧] ਬਹੁ ਜਨ ਸ਼ਾਂਤਿ ਸਰੂਪਾ। ਪਰਮ ਬ੍ਰਿੱਧ, ਕਦ ਲਘੁ[੨] ਜਿਨਹੁੰ, ਗੁਰ ਤ੍ਰਿਤੀ ਅਨੂਪਾ ॥ ੯ ॥ ਹਲਤ ਪਲਤ ਕਰਤੇ ਸਫਲ ਦਰਸ਼ਨ ਕੋ ਪਾਏ।†ਦਿਨ ਕਰਿ ਬੈਠਹਿਂ ਨਿਕਟ ਮਨ ਮੋਦ ਉਪਾਏ। ਪਰਮੇਸ਼ੁਰ ਕੀ ਦਿਸ਼ ਰਿਦਾ ਅਭਿਲਾਖਤਿ ਜੋਈ। ਸੁ ਪ੍ਰਸੰਨ ਤਿਸ ਪਰ ਅਧਿਕ ਪ੍ਰਭੁ ਪ੍ਰਾਪਤਿ ਹੋਈ ॥ ੧੦ ॥ ਸੁਮਗ ਬਤਾਇ ਨਿਹਾਲ ਕਰਿ ਤਤਕਾਲ ਅਨੰਦੇ।ਸਿਮਰਨ ਕੀ ਲਿਵ ਉਰ ਲਗਹਿ ਤਿਨ ਅਹੀ ਨਿਕੰਦੇ। ਜੋ ਅਰਥੀਯ ਪਦਾਰਥਨ[੩] ਦਰਸ਼ਨ ਕੋ ਆਵੈਂ।ਜਾਨਿ ਬਿਰਦ[੪]ਨਿਜ ਦੇਤਿ ਹੈਂ ਖਰਚਤਿ ਹੀ ਭਾਵੈ॥੧੧॥ ਪਰਮੇਸ਼ੁਰ ਕੀ ਪ੍ਰੀਤ ਜੁਤਿ[੫] ਅਤਿ ਲਾਗਹਿ ਪਯਾਰੋ*।ਬੋਲਹਿਂ ਕਰੈਂ ਸਨੇਹ ਤਿਹ ਪਾਇਸਿ[੬] ਹਰਿ ਦ੍ਵਾਰੋ। ਸੁਤ ਬਿਤ ਕੀ ਚਿਤ ਕਾਮਨਾ ਕਰਿ[੭] ਦਰਸ਼ਨ ਪਾਵੈ।ਪੂਰਨ ਹੋਇ ਸੁ ਤਿਨਹੁ ਕੀ,ਨਹਿਂ ਪ੍ਰੇਮ ਬਧਾਵੈਂ[੮] ॥ ੧੨ ॥ ਇਸ ਪ੍ਰਕਾਰ ਮੱਧਯਾਨ[੯] ਲੌ ਗੁਰ ਕਰਿ ਦਰਬਾਰਾ। ਲੰਗਰ ਹੋਵਹਿ ਤਯਾਰ ਤਬਿ ਸਭਿਹੂੰਨ ਅਹਾਰਾ। ਨਿਕਟ ਆਇ ਜਬਿ ਲਾਂਗਰੀ ਭਾਖਹਿ ਅਰਦਾਸਾ।ਸੁਨਿ ਸ੍ਰੀਸਤਿਗੁਰ ਤਬ ਉਠਹਿਂ ਸੰਗਸੰਗਤਿ ਦਾਸਾ॥੧੩॥ਚਰਨ ਪਖਾਰਹਿਂ ਬਾਰਿ[੧੦] ਸੋਂ ਸੇਵਕ ਹਰਖਾਵੈਂ। ਸਿਖ ਸੰਗਤਿ ਸਭਿ ਸੰਗ ਲੇ ਚੌਂਕੇ ਮਹਿਂ ਆਵੈਂ। ਆਸ਼੍ਰਮ ਬਰਨ ਬਿਚਾਰ ਨਹਿਂ ਇਕ ਪੰਕਤਿ ਬੈਸੇਂ। ਸੁੰਦਰ ਬਿਸਦ ਮਰਾਲ[੧੧] ਸਭਿ ਇਕਸਮ ਹ੍ਵੈ ਜੈਸੇ ॥ ੧੪ ॥ ਸਿੱਖਜਨ ਮਹਿਂ ਸਤਿਗੁਰ ਸ਼ੁਭਤਿ ਬੈਠੇ ਤਿਸ ਕਾਲਾ।ਮਨਹੁ ਮੁਨਿਨਿ ਮਹਿ ਬਨ ਬਿਖੈ ਰਘੁਬੀਰ[੧੨] ਕ੍ਰਿਪਾਲਾ। ਲਵਨ ਬਿਨਾ ਹੁਇ ਓਗਰਾ[੧੩]ਸਤਿਗੁਰ ਸੋਂ ਖਾਵੈਂ।ਅਲਪ ਅਚਹਿਂ,ਰਹਿਂ ਛੁਧਾ ਜੁਤ,ਨਹਿਂ ਉਦਰ ਭਰਾਵੈਂ[੧੪] ॥੧੫॥ ਅਪਰ ਸਰਬ ਹੀ ਸੰਗਤਾਂ ਬਹੁ ਸ੍ਵਾਦ ਅਹਾਰਾ। ਭਾਂਤਿ ਭਾਂਤਿ ਕੇ ਅਚਤਿਹੈਂ ਸੁਖ ਲਹਤਿ ਉਦਾਰਾ।ਇਕ ਪੰਕਤਿ ਅਚਕਰਿ ਉਠਹਿਂ ਭੇਦਨ ਜਹਿਂ ਦੂਵਾ। ਆਪ ਆਪਨੇ ਥਾਨ ਮਹਿ ਪੁਨ ਪਹੁੰਚਨ ਹੂਵਾ॥੧੬॥ ਦਿਨ ਕੇ ਚੌਥੇ ਭਾਗ

[੧]ਪਵਿੱਤ੍ਰ। [੨]ਮਧਰਾ। [੩]ਪਦਾਰਥਾਂ ਦੇ ਲੋੜਵੰਦ। [੪]ਧਰਮ। [੫]ਰੱਬ ਦੀ ਪ੍ਰੀਤ ਵਾਲਾ। [੬]ਪ੍ਰਾਪਤ ਕਰਾ ਦੇਂਦੇ ਹਨ। [੭]ਪੁੱਤ੍ਰ ਤੇ ਦੌਲਤ ਦੀ ਕਾਮਨਾਂ ਚਿੱਤ ਧਾਰਕੇ ਜੋ। [੮]ਭਾਵ ਗੁਰੂ ਜੀ ਉਨ੍ਹਾਂ ਨਾਲ ਅਧਿਕ ਪ੍ਰੇਮ ਨਹੀਂ ਕਰਦੇ। [੯]ਦੁਪਹਿਰ। [੧੦]ਪਾਣੀ। [੧੧]ਉੱਜਲ ਹੰਸ। [੧੨]ਰਾਮਚੰਦ੍ਰ ਜੀ। [੧੩]ਦਲੀਆ, ਕਣਕ ਦਾ ਯਾ ਜਵਾਂ ਦਾ। (ਸੰਪ੍ਰਦਾਈ)। (ਅ) ਚਾਵਲਾਂ ਦੀ ਗਾਢੀ ਪਿੱਛ, (ਪੰਜਾਬੀ ਕੋਸ਼)।(ੲ) ਖਿਚੜੀ (ਹਿੰਦੀ)। 'ਲੂਣ ਬਿਨਾ'ਕਹਿਣ ਤੋਂ ਉਹ ਸ਼ੈ ਜਾਪਦੀ ਹੈ ਜਿਸਵਿਚ ਲੂਣ ਜ਼ਰੂਰੀ ਪੈਂਦਾ ਹੋਵੇ। ਓਗਰਾ ਦਾ ਅਰਥ ਓਗਲ ਨਹੀਂ ਜੋ ਦੜਊ ਦਾ ਦੂਸਰਾ ਨਾਮ ਹੈ।ਇਹ ਦੂਸ਼ਪਚ ਅੰਨ ਹੈ। [੧੪]ਪੇਟ ਭਰਕੇ ਨਹੀਂ(ਖਾਂਦੇ)। *ਪਾঃ–ਰੀਤਿ ਜੁਤਿ ਲਾਗੇ ਪਜਾਰੋ। †ਪਾঃ–ਮਨ

ਮਹਿਂ ਪੁਨ ਬੈਠਹਿਂ ਸ੍ਵਾਮੀ। ਇਕ ਪੰਡਿਤ ਕੀ ਪ੍ਰੀਤਿ ਲਖਿ ਗੁਰ ਅੰਤਰਯਾਮੀ॥ ਜਿਸ ਕੇ ਮਨ ਮੈਂ ਕਾਮਨਾ–ਮੈਂ ਕਥਾ ਸੁਨਾਵੈਂ। ਕਰੌਂ ਭਲਾ ਮੈਂ ਆਪਨੋ ਸਤਿਗੁਰੂ ਰਿਝਾਵੌਂ–॥੧੭॥ ਤਿਸ ਕੇ ਉਰ ਕੀ ਜਾਨਿ ਕੈ ਗੁਰ ਕਥਾ ਕਰਾਈ। ਦ੍ਵਿਜ ਕੇਸ਼ੋ ਗੋਪਾਲ ਕਹਿ ਬਿੱਦ੍ਯਾ ਨਿਪੁਨਾਈ[1]। ਆਵੈ ਚੌਥੇ ਜਾਮ ਦਿਨ ਇਤਿਹਾਸੁ ਪ੍ਰਕਾਸ਼ੈ। ਸੁਨੈਂ ਸਤਿਗੁਰੂ ਬੈਠਿ ਕਰਿ ਸੰਗਤਿ ਇਕ ਪਾਸੈ*॥੧੮॥ ਬਹੁਰ ਰਬਾਬੀ ਆਇ ਕਰਿ ਗੁਰ ਸ਼ਬਦ ਸੁਨਾਵੈਂ। ਰਾਗ ਰਾਗਨੀ ਧੁਨਿ ਸਹਤ ਸੁੰਦਰ ਬਿਧਿ ਗਾਵੈਂ। ਕਥਾ ਕੀਰਤਨਿ ਕਰਤਿ ਹੀ ਨਿਸ ਜਾਮ ਬਿਤਾਵੈਂ। ਸਿਮਰਨ ਹੁਇ ਸਤਿਨਾਮ ਕੋ ਇਕ ਚਿਤ ਲਿਵ ਲਾਵੈਂ ॥ ੧੯ ॥ ਪੁਨਿ ਸੁਪਤਨ ਹਿਤ ਸੇਜ ਪਰ ਸਤਿਗੁਰੂ ਬਿਰਾਜੈਂ। ਇਸ ਬਿਧਿ ਕੋ ਵਿਵਹਾਰ ਨਿਤਿ ਜਿਨ ਪਿਖਿ ਅਘ ਭਾਜੈਂ। ਅਪਰ ਨੇਮ ਐਸੋ ਕਰਤੇ ਸ਼੍ਰੀ ਅਮਰ ਸੁਜਾਨਾ। ਸੇਤ ਬਸਤ੍ਰ ਤਨ ਪਰ ਧਰੈਂ ਨਿਤਿ ਬਿਮਲ ਮਹਾਨਾ ॥੨੦॥ ਅਪਰ ਬਸਤ੍ਰ ਨਹਿਂ ਢਿਗ ਰਖਹਿਂ ਜਬ ਦੂਸਰ ਲੇਈਂ। ਪੂਰਬ ਊਪਰ ਹੋਇ ਜੋ ਕਿਸਿ ਰੰਕ ਹਿ ਦੇਈਂ[2]। 'ਦੁਤਿਯ ਰਹਹਿ ਨਹਿਂ ਸਦਨ ਮੈਂ' ਐਸੇ ਕਹਿ ਦੀਨਾ। ਖੈਬੇ ਹੇਤ ਜੁ ਅੰਨ ਹੁਇ ਨਿਤਿ ਆਇ ਨਵੀਨਾ॥੨੧॥ ਜਿਤਿਕ ਦੇਗ ਮਹਿਂ ਲਗਹਿ ਤਬਿ ਸੋ ਸਰਬ ਪਕਾਵੈਂ। ਸਿਖ ਸੰਗਤਿ ਗਨ ਰੰਕ[3] ਜੇ ਮਨ ਭਾਵਤਿ ਖਾਵੈਂ। ਬਚਹਿ ਸ਼ੇਖ਼ ਸੋ ਨਹਿਂ ਰਖਹਿਂ ਦੇਵਹਿਂ ਕਿਸੁ ਤਾਈਂ। ਕਿਧੌਂ ਪੁਰੀ ਮਹਿਂ ਪਸ਼ੁ ਗਨ ਤਿਨ ਸਕਲ ਖੁਲਾਈਂ ॥੨੨॥ ਅਗਲੇ ਦਿਨ ਹਿਤ ਨਹਿਂ ਰਹਹਿ, ਇਕ ਮਨੁਜ ਅਹਾਰਾ[4]। ਆਇ ਵਹਿਰ ਤੇ ਦੇਗ਼ ਹੁਇ, ਇਮ ਨੇਮ ਸੁਧਾਰਾ। ਅਪਰ ਵਸਤੁ ਗਿਨਤੀ ਕਹਾਂ ਜਲ ਕਲਸਨਿ ਮਾਂਹੀ[5]। ਸਭਿ ਗਿਰਾਇ ਛੂਛੇ ਧਰਹਿਂ ਰਾਖਹਿਂ ਕੁਛ ਨਾਂਹੀ॥੨੩॥ ਜਿਮਿ ਬਿਹੰਗ ਦਰਵੇਸ਼[6] ਹੈ ਸੰਚੈ ਨ ਕਰੈ ਹੈਂ। ਨਿਤਿ ਨਵੀਨ ਲੇ ਕਰਿ ਅਚਹਿਂ, ਈਸ਼ੁਰ ਤਿਨਿ ਦੈ ਹੈ। ਘਰ ਮਹਿਂ ਰਹੈ ਨ ਅੰਨ ਧਨ, ਨਹਿਂ ਬਸਤ੍ਰ ਬਧੀਕਾ[7]। ਕਰਤੇ ਨੇਮ ਸ਼੍ਰੀ ਸਤਿਗੁਰੂ ਐਸੀ ਬਿਧਿ ਨੀਕਾ॥੨੪॥ ਵਾਹਿਗੁਰੂ ਸਿਖ ਮੁਖ ਜਪਹਿਂ, ਜਬਿ ਮਿਲਹਿਂ ਸੁ ਦੋਈ। 'ਪੈਰੀ ਪਵਣਾ ਸਤਿਗੁਰੂ' ਆਪਸ ਮਹਿਂ ਹੋਈ। ਜੁਤਿ ਸਨੇਹ ਸਿਮਰਨ ਕਰਹਿ, ਗੁਰ ਦਰਸ਼ਨ ਪਾਵੈਂ। ਨਈ ਰੀਤਿ ਗੁਰ ਸਦਨ ਕੀ ਪਿਖਿ ਜਗਤ ਰਿਸਾਵੈ॥

---

[1]ਵਿੱਦਯਾ ਵਿਚ ਪ੍ਰਬੀਨ। [2]ਕਿਸੇ ਕੰਗਾਲ ਨੂੰ ਬਖਸ਼ ਦਿੰਦੇ । [3]ਸਾਰੇ ਗ਼ਰੀਬ। [4]ਇਕ ਮਨੁਖ ਦੇ ਖਾਣ ਜੋਗਾ ਬੀ ਅਹਾਰ ਅਗਲੇ ਦਿਨ ਲਈ ਨਹੀਂ ਰਖਦੇ ਸਨ। [5]ਘੜਿਆਂ ਦਾ ਪਾਣੀ। [6]ਪੰਛੀ ਤੇ ਫਕੀਰ। [7]ਵਾਧੂ।

*ਪਾ:–ਹੁਇ ਸੰਗਤ ਪਾਸੈ।

੨੫॥ਨਿੰਦਹਿੰ ਖਲ ਬਿੰਦਹਿ ਨਹੀਂ[1]–ਇਹ ਮਗ ਨਿਰਬਾਨਾ[2]। ਕਲਿ ਮਹਿੰ ਭਗਤਿ ਸੁ ਮੁਕਤਿਦਾ ਧਰਮ ਨ ਕੋ ਆਨਾ[3]–। ਪੁਨ ਸਤਿਗੁਰ ਇਮਿ ਨੇਮ ਕਿਯ ਚਹੁ ਬਰਨ ਮਝਾਰ॥ 'ਆਸ਼੍ਰਮ ਧਾਰੀ ਹੋਇ[4] ਕੋ ਆਵਹਿ ਦਰਬਾਰ॥੨੬॥ ਪ੍ਰਥਮ ਦੇਗ ਮਹਿੰ ਜਾਇਕੇ ਭੋਜਨ ਕੋ ਖਾਵੈ। ਪੁਨ ਦਰਸ਼ਨ ਗੁਰਕੋ ਕਰਹਿ ਚਲਿਕਰਿ ਢਿਗ ਜਾਵੈ*'।ਜੋ ਨਹਿੰ ਅਚਹਿਅਹਾਰ ਕੋ ਸੁਚਸਿਜਮ-ਵੰਤ॥ ਤਿਸ ਕੋ ਦਰਸ਼ਨ ਹੋਤਿ ਨਹਿੰ ਹਟਿ ਘਰ ਗਮਨੰਤ ॥੨੭॥ ਆਸ਼੍ਰਮ ਬਰਨ ਜਿ ਭੇਦ ਮਹਿੰ ਨਹਿੰ ਮਿਲਹਿੰ ਹਦੂਰ[5] । ਖਾਵਹਿੰ ਕੁਨਕਾ ਦੇਗ ਕੋ ਦਰਸਹਿੰ ਗੁਰ ਪੂਰ॥ਨਿਤਿ ਪ੍ਰਤਿ ਆਨਹਿੰ ਅੰਨ ਕੋ ਸਿਖ ਸੇਵਕ ਜੋਈ॥ ਹੋਤਿ ਦੇਗ ਬਿਨ ਤੋਟ ਕੇ ਖਾਵੈ ਸਭਿ ਕੋਈ॥੨੮॥ਬਿਦਤਿ ਭਏ ਸਭਿ ਦੇਸ਼ ਮਹਿੰ ਸੁਨਿ ਸੁਨਿ ਸਿਖ ਆਵਹਿੰ॥ਸ੍ਰੀ ਨਾਨਕ ਕੇ ਸਮੇਂ ਕੇ† ਪਹੁੰਚਹਿੰ ਦਰ-ਸਾਵੈਂ । ਸ੍ਰੀ ਅੰਗਦ ਮਹਿਮਾ ਲਖਹਿ ਜੇ ਦਰਸ ਕਰੰਤੇ । ਸਭਿ ਆਵਹਿੰ ਸ੍ਰੀ ਅਮਰ ਢਿਗ ਤਿਨ ਥਾਨ ਲਖੰਤੇ[6]॥੨੯॥ਧਰਹਿੰ ਕਾਮਨਾ ਉਰ ਬਿਖੈ,ਬਿਨ ਕਹੇ ਸੁ ਪਾਵੈਂ । ਜੋ ਅਰਪਤਿ ਹੈਂ ਆਨਿ ਕਰਿ ਬਹੁ ਬਿਨੈ ਅਲਾਵੈਂ । ਏਕ ਦਿਵਸ ਕੇ ਖਰਚਿ ਕੋ ਲੇਵਹਿੰ ਤਿਨ ਪਾਸੇ[7]।ਔਰ ਹਟਾਇ ਸੁ ਦੇਤਿਤਿਨ‡ ਨਹਿੰ ਰਖਹਿੰ ਅਵਾਸੇ ॥ ੩੦ ॥ ਬਿਦਤਹਿ ਦਿਨ ਪ੍ਰਤਿ ਅਧਿਕ ਹੀ ਨਿਤਿ ਭਗਤਿ ਪ੍ਰਕਾਸ਼ੇ। ਅਜ਼ਮਤਿ ਜੁਤਿ ਕੌਤਿਕ ਭਏ ਲਹਿੰ ਸਿੱਧਿ ਸੁ ਪਾਸੇ[8]। ਸੇਵਹਿੰ ਗੁਰ ਪਗ ਕਮਲ ਕੋ ਕਰਿ ਪ੍ਰੀਤਿ ਬਿਸਾਲ॥ ਸਿਮਰਨ ਹੁਇ ਸਤਿ-ਨਾਮ ਕੋ ਦਿਨ ਰੈਨ ਸੁਖਾਲਾ ॥੩੧॥ਬਸੇ ਪੁਰੀ ਮਹਿੰ ਆਨਿਕੇ ਬਹੁ ਕੀਨਿ ਨਿਕੇਤ॥ਕੇਤਿਕ ਭਈ ਦੁਕਾਨ ਤਹਿੰ ਬਹੁ ਬਨਜ ਸਮੇਤ॥ਸਭਿਹਿਨਿ ਕੀ ਗੁਜ਼ਰਾਨ ਹੁਇ ਥੁਰਿ ਹੈ ਨਹਿੰ ਕੋਈ॥ਬਿਨਾ ਰੋਗ ਸੁਖ ਭੋਗ ਜੁਤਿ[9] ਬਸਿਬੋ ਤਿਨ ਹੋਈ ॥ ੩੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ ਦਾਸ ਨਿੱਤ ਬਿਵਹਾਰ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥ ੩੦ ॥

### ੩੧. [ਸਾਵਣ ਮੱਲ ਨੂੰ ਹਰੀ ਪੁਰ ਭੇਜਣਾ। ਰਾਜੇ ਦਾ ਪੁੱਤ੍ਰ ਜਿਵਾਉਣਾ]

ਨਿਸਾਨੀ ਛੰਦ॥ ਸਿੱਖੀ ਮਗ ਪ੍ਰਗਟਾਇਬੇ ਸ੍ਰੀ ਸਤਿਗੁਰ ਪੂਰੇ। ਦੇਹਿੰ ਦਰਸ

[1]ਮੂਰਖ ਜਾਣਦੇ ਨਹੀਂ। [2]ਇਹ ਹੈ ਕਲਯਾਣ ਦਾ ਰਾਹ। [3]ਭਗਤੀ ਬਿਨਾ ਕੋਈ ਹੋਰ ਧਰਮ ਮੁਕਤੀ ਦਾਤਾ ਨਹੀਂ। [4]ਬ੍ਰਹਮ ਚਰਜ ਆਦਿ ਕਿਸੇ ਆਸ਼੍ਰਮ ਦੀ ਮਿਰਜਾਦਾ ਨੂੰ ਧਾਰਨ ਕਰਨ ਵਾਲਾ ਹੋਵੇ। [5]ਭਾਵ ਗੁਰੂ ਜੀ ਦੇ ਪਾਸ ਨਹੀਂ ਜਾ ਸਕਦੇ ਸਨ। [6]ਭਾਵ ਗੁਰ ਨਾਨਕ ਤੇ ਗੁਰੂ ਅੰਗਦ ਜੀ ਦੀ ਥਾਵੇਂ ਗੱਦੀ ਬੈਠੇ ਸਮਝਕੇ। [7]ਪਾਸੋਂ। [8]ਪਾਸ ਰਹਿ ਕਰਕੇ। [9]ਸਮੇਤ।

*ਪਾਃ–ਆਵੈ। †ਪਾਃ–ਜੇ। ‡ਪਾਃ–ਤਿਸ।

ਬਹੁ ਸੰਗਤਾਂ ਸਿੱਖਜਨ ਇਛ ਪੂਰੇ।ਇਕ ਦਿਨ ਬੱਲੂ ਖਰੇ ਹੁਇ ਨਿਜ ਅਰਜ਼ ਗੁਜ਼ਾਰੀ। 'ਸੁਨਹੁ ਪ੍ਰਭੁ ! ਪਤਿਸ਼ਾਹੁ ਤੁਮ ਸਿਖ ਪੀਰ ਬਿਦਾਰੀ[1]॥੧॥ਚਾਰ ਬਰਨ ਕੇ ਲੋਕ ਗਨ[2]ਬਸਿਬੇ ਹਿਤ ਆਏ।ਨੀਕੇ ਬਨੇ ਨਿਕੇਤ ਨਹਿਂ ਯਾਂਤੇ ਅਕੁਲਾਏ।ਚਰਨ ਭਰੋਸੇ ਆਪਕੇ ਇਹ ਆਨਿ ਬਸੇ ਹੈਂ।ਗ੍ਰਿਹਿ ਮੰਦਰ ਸੁੰਦਰ ਬਿਨਾ ਸੁਖ ਨਹੀਂ ਰਸੇ ਹੈਂ॥੨॥ ਕ੍ਰਿਪਾ ਹੋਇ.ਜਬਿ ਆਪਕੀ ਘਰ ਉਸਰਹਿਂ ਸਾਰੇ। ਨਰ ਨਾਰੀ ਸੁਖ ਪਾਇ ਰਹਿਂ ਅਪਨੇ ਪਰਵਾਰੇ। ਪ੍ਰਾਪਤਿ ਵਸਤੂ ਅਪਰ ਸਭਿ ਕਾਸ਼ਟ ਨਹਿਂ ਪਾਵੈਂ[3]।ਦੀਰਘ ਦਾਰ ਬਿਹੀਨ[4]ਘਰ ਕੈਸੇ ਉਸਰਾਵੈਂ॥੩॥ਸ਼ਰਨ ਪਰੇ ਸਭਿ ਆਪ ਕੀ ਆਨ ਨ ਬਿਸ਼ਵਾਸ਼।ਜ਼ਿਕਰ ਕਰਤਿ ਨਿਤਿ ਕਾਠ ਕੋ, ਨਹਿਂ ਆਵਤਿ ਪਾਸਾ[5]'। ਸੁਨਿ ਪ੍ਰਸੰਨ ਸਤਿਗੁਰ ਭਏ ਕਹਿ ਦੀਨਿ ਦਿਲਾਸਾ[6]। 'ਕਾਸ਼ਟ ਆਵਹਿ ਬਹੁਤ ਅਬਿ ਕਰਿ ਲੇਹਿਂ ਅਵਾਸਾ'[7]॥੪॥ਭ੍ਰਾਤਾ ਕੋ ਇਕ ਸੁਤ ਹੁਤੋ ਸਾਵਣ ਮਲ ਨਾਮੂ।ਨਿਕਟ ਹਕਾਰਜੋ ਤਾਂਹਿ ਕੋ ਬੋਲੇ ਸੁਖਧਾਮੂ।'ਰਾਜ ਹਰੀਪੁਰ ਕੋ ਜਹਾਂ ਤਹਿਂਕੋ ਗਮਨੀਜੈ। ਦੀਰਘ ਦਾਰ ਸਮੂਹ ਜੋ ਨਿਜ ਪੁਰੀ ਅਨੀਜੈ ॥ ੫ ॥ ਬੇੜੇ ਬਾਂਧੋ ਤਹਾਂ ਤੇ ਸਲਿਤਾ ਮਹਿਂ ਡਾਰੋ।ਜਾਇ ਬਿਲੰਬ ਨ ਲਾਈਏ ਤੂਰਨਤਾ ਧਾਰੋ। ਆਵਹਿ ਕਾਸ਼ਟ ਬਹੁ ਇਹਾਂ ਨਰ ਲੇਹਿਂ ਨਿਕਾਸੇ। ਕਰਹਿਂ ਸਦਨ ਨਿਜ ਬਸਨ ਕੋ ਪੁਨ ਲਹਿਂ ਸੁਖਰਾਸੇ'[8]॥੬॥ਸਾਵਣ ਮਲ ਬੋਲਜੋ ਸੁਨਤਿ ਜੋਰੇ ਜੁਗ ਹਾਥ। 'ਦਰਬ ਬਿਨਾ ਕਿਮ ਆਇ ਹੈ ਨਹਿਂ ਨਰ ਗਨ ਸਾਥ[9]।ਏਕਾਕੀ ਹੌਂ ਜਾਇ ਕੈ ਕਹਾ ਕਰਵਿ ਉਪਾਇ।ਪਰਬਤ ਬਾਸੀ ਲੋਕ ਜੇ ਕਿਮ ਕਹਨੋ ਕਮਾਏ[10]॥੭॥ ਗੁਰ ਮਹਿਮਾ ਜਾਨਹਿਂ ਨਹੀਂ ਜੇ ਪਰਬਤ ਬਾਸੀ।ਲਜਾਵਨ ਕਾਠ ਸਮੂਹ ਕੋ ਕਿਮ ਕਰਵਿ ਪ੍ਰਯਾਸੀ[11]। ਜੋ ਬਿਧਿ ਆਪ ਬਖਾਨਹੌ ਤੈਸੇ ਮੈਂ ਲਜਾਵੈਂ । ਕੈ ਅਜ਼ਮਤ ਮੁਝ ਨਿਕਟ ਹੁਇ ਨ੍ਰਿਪ ਕੋ ਦਰਸਾਵੈਂ ॥ ੮ ॥ ਕਰੋਂ ਸਿੱਖ ਤਿਸ ਦੇਸ਼ ਕੋ ਆਗਜਾ ਪੁਨ ਮਾਨੈ । ਆਵਹਿ ਦੀਰਘ ਦਾਰ ਤਬ ਹਮ ਜਿਤਿਕ

---

[1]ਸਿੱਖਾਂ ਦੀ ਪੀੜਾ ਨੂੰ ਦੂਰ ਕਰਨ ਵਾਲੇ ਹੋ। [2]ਬਹੁਤੇ। [3]ਲਕੜੀ ( ਉਸਾਰੀ ਵਾਲੀ ) ਨਹੀਂ ਮਿਲਦੀ। [4]ਲੰਮੀਆਂ ਲਕੜੀਆਂ ਬਿਨਾ। [5]ਗੱਲਾਂ ਕਰਦੇ ਹਨ ਨਿੱਤ (ਆਪੋ ਵਿਚ) ਕਿ (ਸਾਡੇ ਕਿਸੇ ਯਤਨ ਨਾਲ) ਕਾਠ ਹਥ ਨਹੀਂ ਆਉਂਦਾ (ਅ) (ਬਾਹਰ) ਰੋਜ਼ ਲਕੜੀਆਂ ਦੀ ਗਲ ਬਾਤ ਕਰਦੇ ਹਨ, ਪਰ ਆਪ ਜੀ ਪਾਸ (ਅਦਬ ਕਰਕੇ) ਨਹੀਂ ਆਂਵਦੇ। [6]ਦਿਲਾਸਾ ਦੇ ਕੇ ਕਿਹਾ:। [7]ਉਸਾਰ ਲੇਣ। [8]ਸਾਰੇ ਸੁਖ। [9]ਬਹੁਤੇ ਮਨੁਖ ਨਾਲ ਨਹੀਂ। [10]ਮੇਰਾ ਕਿਹਾ ਕਿਵੇਂ ਮੰਨਣਗੇ। [11]ਕਿਵੇਂ ਯਤਨ ਕਰਾਂਗਾ।

ਬਖਾਨੈ'।ਤਬਿ ਸੁਨਿਕੈ ਸ੍ਰੀ ਅਮਰ ਜੀ ਲਖਿਕੈ ਤਿਸ ਆਸ਼ੈ।ਕਹ੍ਯੋ ਕਿ'ਜੈਸੇ ਚਿਤ ਚਹਹੁ ਤਸ ਹੁਇ ਤੁਵ ਪਾਸੈ' ॥੯॥ ਸਾਵਣ ਮਲ ਕੀ ਮਾਤ ਨੇ ਸੁਨਿ ਸ੍ਰੌਨ ਮਝਾਰਾ। ਕਰ੍ਯੋ ਪੁਤ੍ਰ ਕੋ ਮੋਹੁ ਬਹੁ ਉਰ ਮਹਿਂ ਡਰ ਧਾਰਾ। ਕੰਪਤਿ ਹਾਥਨਿ ਪਗਨਿ ਤੇ,ਧਰਕਤਿ ਬਹੁ ਹੀਆ।ਚਲਿ ਆਈ ਸਤਿਗੁਰ ਨਿਕਟ ਅਸ ਬੋਲਨ ਕੀਆ॥੧੦॥ ਹਾਥ ਜੋਰਿ ਕੰਪਤਿ ਖਰੀ 'ਇਕ ਸੁਤ ਹੈ ਮੇਰੇ। ਡਾਕਨਿ[1] ਪਰਬਤ ਮਹਿਂ ਰਹਤਿ ਮੈਂ ਸੁਨੀ ਘਨੇਰੇ।ਕਾਢਿ ਕਰੇਜਾ ਖਾਇੰਗੀ ਪਰਦੇਸ਼ੀ ਜਾਨੈਂ।ਨਹਿਂ ਕੁਛ ਚਲਹਿ ਸਹਾਇਤਾ ਜਬਿ ਪ੍ਰਾਨਨ ਹਾਨੈਂ॥੧੧॥ ਇਕ ਪੁਤ੍ਰਾ[2] ਮੁਝ ਜਾਨਿਕੈ ਕੀਜਹਿ ਨਿਜ ਦਾਯਾ।ਜਿਸ ਤੇ ਇਹ ਜੀਵਤਿ ਰਹੈ ਸੁਖ ਹੁਇ ਅਧਿਕਾਯਾ। ਇਸ ਕੋ ਨਹੀਂ ਪਛਾਨ ਕੁਛ ਬਿਰਮਾਇ ਕੁਚਾਲੀ[3]। ਕਿਮਿ ਆਵਹਿ ਹਟਿ ਸਦਨ ਕੋ,ਜਹਿਂ ਬਿਘਨ ਬਿਸਾਲੀ[4]' ॥੧੨॥ਸੁਤ ਸਨੇਹ ਬਿਰਧਾ ਮਹਾਂ ਸੁਨਿ ਬਾਕ ਸਤ੍ਰਾਸਾ[5]।ਕਰੁਨਾਨਿਧਿ ਬਿਗਸੇ ਬਹੁਤ ਕਹਿਂ ਦੇ ਭਰਵਾਸਾ[6]। 'ਤੋਹਿ ਪੁਤ੍ਰ ਕੋ ਭੈ ਨਹੀਂ ਗਨ ਭੂਤ ਜੁ ਪ੍ਰੇਤਾ। ਡਾਕਨਿ ਬਪੁਰੀ ਕਹਾ ਕਰੈਂ ਬਡ ਭਾ ਬਲ ਏਤਾ[7]' ॥ ੧੩ ॥ ਬੀਰ ਬਵੰਜਾ ਜੋਗਨੀ ਇਸ ਆਇਸੁ ਮਾਨੈਂ। ਸਰਬ ਸੁਰਾਸੁਰ[8] ਜਿਤ ਕਿਤੀ ਡਰ ਧਰੈਂ ਮਹਾਨੈ।ਮਹਾਂ ਸ਼ਕਤਿ ਇਸ ਮੈਂ ਭਈ ਨਹਿਂ ਕੀਜਹਿ ਤ੍ਰਾਸਾ'। ਗਈ ਸਦਨ ਕੋ ਦੀਨ ਬਨਿ ਕੁਛ ਕਰਿ ਭਰਵਾਸ਼ਾ॥੧੪॥ਸਾਵਣਮੱਲ ਹਕਾਰਿ ਪੁਨਨਿਜ ਨਿਕਟ ਬਿਠਾਵਾ। ਇਕ ਰੁਮਾਲ ਕਰ ਪੋਂਛਨੋ[9] ਗੁਰ ਹਾਥ ਉਠਾਵਾ। ਦਯੋ ਤਿਸਹਿ ਸਮਝਾਇ ਕਰਿ 'ਇਸ ਅਜ਼ਮਤਿ ਭਾਰੀ। ਚਹਹਿਂ ਜਿ ਕਿਸਹਿ ਸੰਘਾਰ ਦਿਹੁ ਚਹਿਂ ਮ੍ਰਿਤਕ ਜਿਵਾਰੀ[10]॥੧੫॥ਜਿਸ ਕੀ ਚਿਤ ਮਹਿਂ ਚਾਹਿ ਹੁਇਇਸ ਮਹਿਂ ਤੇ ਲੀਜੈ।ਸਰਬ ਸੁਰਾਸੁਰ ਆਦਰੈਂ[11]ਚਾਹਿ ਸੁ ਕਹਿਦੀਜੈ। ਥਾਤੀ ਅਜ਼ਮਤਿ ਕੀ[12] ਇਹੀ,ਨਿਹਸੰਸੈ ਮਾਨੋ। ਕਰਹੁ ਦੇਸ਼ ਸਿੱਖ ਆਪਨੋ ਪੁਨ ਕਾਜ ਬਖਾਨੋ ॥੧੬॥ ਬਪੁਰੇ ਕਹਾਂ ਪਹਾਰੀਏ ਆਇਸੁ ਨਹਿਂ ਮਾਨੈਂ। ਤੀਨ ਲੋਕ ਪਰ ਹੁਕਮ ਤੁਵ ਨਹਿਂ ਫੇਰਨ ਠਾਨੈ'। ਲੇ ਰੁਮਾਲ ਹਰਖ੍ਯੋ

---

[1]ਡੈਣਾਂ। [2]ਇਕ ਪੁੱਤ੍ਰ ਵਾਲੀ। [3]ਖੋਟੀ ਚਾਲ ਵਾਲੀਆਂ ( ਡੈਣਾਂ ) ਭਰਮਾ ਲੈਣਗੀਆਂ। [4]ਬਹੁਤੇ ਵਿਘਨ ਹਨ ਜਿੱਥੇ। [5]ਡਰ ਵਾਲੇ। [6]ਧਿਰਵਾਸ ਦੇਕੇ ਕਿਹਾ। [7](ਇਸ ਵਿਚ) ਇਤਨਾ ਵੱਡਾ ਬਲ ਹੋਇਆ ਹੈ। [8]ਦੇਵਤੇ ਤੇ ਦੈਂਤ। [9]ਹਥ ਸਾਫ ਕਰਨ ਵਾਲਾ। [10]ਜੇ ਚਾਹੇਂ ਕਿ ਕਿਸੇ ਨੂੰ ਮਾਰ ਦੇਵੇਂ (ਤਾਂ ਮਰ ਜਾਏਗਾ) ਜੇ ਚਾਹੇਂ ਮਰੇ ਹੋਏ ਨੂੰ ਜਿਵਾਲਾਂ (ਤਾਂ ਜੀ ਪਏਗਾ)। [11]ਆਦਰ ਕਰਨਗੇ। [12]ਕਰਾਮਾਤ ਦੀ ਥੈਲੀ।

ਰਿਦੈ ਕਰ ਜੋਰਬਖਾਨੀ।'ਪ੍ਰਭੁਜੀ ਸਭਿ ਕਾਰਜ ਬਨੈ ਅਜ਼ਮਤ ਲੇ ਮਾਨੀ[1]' ॥੧੭॥ ਲੇ ਰੁਮਾਲ ਸਿਰ ਪਰ ਧਰ੍ਯੋ ਖੁਲਿਗਏ ਕਪਾਟ।ਸਭਿ ਸਿੱਧਾਂ ਆਗੇ ਖਰੀ ਹੇਰ੍ਯੋ ਬਡ ਠਾਟ[2]।ਬੰਦਨ ਕਰਿ ਗਮਨ੍ਯੋ ਸਦਨ ਮਾਤਾਦਿ ਕੁਟੰਬ। ਸਭਿ ਕੋ ਧੀਰਜ ਕਹਿ ਦਈ 'ਮੁਝਿ ਬਡੋ ਅਲੰਬ।॥੧੮॥ਨਹਿਂ ਚਿੰਤਾ ਚਿਤ ਮੈਂ ਕਰਹੁ ਪਦ ਊਚ ਮਿਲ੍ਯੋ ਹੈ'। ਮੁਦਿਤ ਕਰ੍ਯੋ ਪਰਵਾਰ ਕੋ ਪੁਨ ਪੰਥ ਚਲ੍ਯੋ ਹੈ।ਸਨੈ ਸਨੈ ਗਮਨ੍ਯੋ ਤਬਹਿ ਮਗ ਉਲੰਘ੍ਯੋ ਸਾਰੇ।ਗਯੋ ਹਰੀ ਪੁਰ ਕੇ ਨਿਕਟ ਗਿਰ ਰੁਚਿਰ ਨਿਹਾਰੇ॥੧੯॥ਸੁੰਦਰ ਬਨ ਉਪਬਨ ਜਹਾਂ ਹਰਿਆਵਲ ਹੋਏ।ਹਰਿਤ ਪੱਤ੍ਰ ਫਲ ਫੂਲਗਨ ਸਾਵਨ ਮਲ ਜੋਏ।ਬਿਮਲਨੀਰ ਗਨ ਬਾਪਕਾ[3] ਗਨ ਰਹੈਂ ਬਿਹੰਗਾ। ਨਰ ਅਵਕੀਰਨ[4] ਜਹਿਂ ਕਹਾਂ ਧਰ ਬੇਖ ਸੁਰੰਗਾ ॥੨੦॥ ਸੁੰਦਰ ਸਰਬੰਗਨ ਬਿਖੈ ਤਰੁਨੀ ਗਨ ਹੇਰੀ[5]। ਆਂਖ ਕਮਲ ਕੀ ਪਾਂਖਰੀ ਚਲਚਾਲ ਘਨੇਰੀ[6]। ਬਿਧੁ ਬਦਨੀ[7],ਸ਼ੁਕ੍ਰਿਸ਼ੋਦਰਾ[8],ਸੁਠ ਸ਼੍ਯਾਮਸੁਕੇਸੀ[9]।ਗਜਗਾਮਨੀ,ਸੁਰ ਕੋਕਲਾ,ਕਟ ਕੇਹਰਿ ਜੈਸੀ[10]॥੨੧॥ਕੰਠ ਕਪੋਤੀ[11]ਸੁੰਦਰੀ,ਸਮ ਓਠ ਪ੍ਰਵਾਲਾ[12]। ਜੋਗਿਨ[13] ਕੇ ਧੀਰਜ ਹਰੈਂ ਐਸੀ ਗਨ ਬਾਲਾ।ਆਨ ਦੇਸ਼ ਅਵਨੀ ਬਿਖੈ ਤਿਸ ਦੇਸ਼ ਸਮਾਨਾ।ਅਬਲਾ ਕਿਤਹੂੰ ਹੋਤਿ ਨਹਿਂ ਅਸ ਰੁਚਿਰ ਮਹਾਨਾ॥੨੨॥ ਰਜਧਾਨੀ ਤਿਹ ਨ੍ਰਿਪਤ ਕੀ ਨਰ ਗਨ ਧਨਵਾਨਾ।ਪਿਖਿ ਸੁੰਦਰਤਾ ਅਧਿਕ ਹੀ ਪੁਨ ਨਿਕਟ ਪਯਾਨਾ।ਰੋਦਨ ਕੋ ਬਡ ਸ਼ਬਦਹੂੰ ਸੁਨਿ ਸ਼੍ਰੋਨ ਮਝਾਰ।ਲੋਕ ਸੈਂਕਰੇ ਮਿਲਿਰਹੇ ਕਰਿਂ ਹਾਹਾ ਕਾਰਾ॥੨੩॥ ਬੂਝ੍ਯੋ ਇਕ ਨਰ 'ਕ੍ਯਾ ਭਯੋ ਕਿਉਂ ਰੋਦਨ ਠਾਨੈਂ। ਨਗਰ ਦੁਖੀ ਸਗਰੋ ਅਹੈ ਉਰ ਸ਼ੋਕ ਮਹਾਨੈ।ਕੋ ਐਸੋ ਬਡ ਬਿਘਨ ਭਾ?ਬਜਾਕੁਲ ਨਰ ਨਾਰੀ।ਦਿਖੀਯਤਿ ਹਰਖਤਿ ਕੋ ਨਹੀਂ ਸਭਿ ਹੈਂ ਇਕ ਸਾਰੀ' ॥੨੪॥ ਨਰ ਨੈ ਭਨ੍ਯੋ ਬ੍ਰਿਤਾਂਤ ਤਬਿ'ਜੋ ਨਗਰ ਨਰੇਸ਼।ਏਕ ਪੁੱਤ੍ਰ ਤਿਸ ਕੋ ਹੁਤੋ

---

[1](ਪਹਾੜੀਏ) ਅਜ਼ਮਤ ਲੈਕੇ ਮੰਨ ਜਾਣਗੇ, ਭਾਵ ਪਤੀਜ ਜਾਣਗੇ। (ਅ) ਸਾਵਣਮੱਲ ਅਜ਼ਮਤ ਲੈਕੇ ਪਤੀਜ ਗਿਆ ਤੇ ਕਹਿਣ ਲੱਗਾ: ਹੇ ਪ੍ਰਭੂ ਜੀ! ਹੁਣ ਸਾਰਾ ਕੰਮ ਬਣ ਜਾਏਗਾ। [2]ਠਾਠ, ਬਣਾਉ। [3]ਪਹਾੜੀ ਬਾਵਲੀਆਂ, ਬਾਵੜੀਆਂ। [4]ਫੈਲੇ ਹੋਏ ਹਨ। [5]ਸਰਬ ਅੰਗਾਂ ਵਿਖੇ ਸੁੰਦਰ ਇਸਤ੍ਰੀਆਂ ਸਮੂਹ ਦੇਖੀਆਂ। [6]ਬਹੁਤ ਚੰਚਲ। [ਸਿਸ:, ਚਲਚਾਲ]। [7]ਚੰਦ੍ਰਮਾਂ ਵਤ ਮੁੱਖ ਵਾਲੀਆਂ। [8]ਪਤਲੇ ਲੱਕ ਵਾਲੀਆਂ। [9]ਸੁਹਣੇ ਕਾਲੇ ਵਾਲਾਂ ਵਾਲੀਆਂ। [10]ਹਾਥੀ ਜੈਸੀ ਚਾਲ ਵਾਲੀਆਂ, ਅਵਾਜ਼ ਕੋਇਲਾਂ ਵਰਗੀ, ਲੱਕੋਂ ਸ਼ੇਰ ਜੈਸੀਆਂ (ਭਾਵ ਪਤਲੇ ਲੱਕ)। [11]ਗਰਦਨ ਕਬੂਤਰੀ ਵਾਲੀਆਂ। [12]ਬੁਲ੍ਹ ਲਾਲ ਰਾਲੀਆਂ ਵਤ। [13]ਜੋਗੀਆਂ ਦੇ।

ਤਨ ਚਾਰੁ ਵਿਸ਼ੇਸ਼ਾ। ਤਰੁਨ[1] ਹੋਨਿ ਲਾਗਯੋ ਹੁਤੋ ਪਿਖਿ ਜੀਵਤਿ ਰਾਜਾ[2]। ਪਟਰਾਨੀ ਕੋ ਪਰਮਪ੍ਰਿਯ[3]ਮ੍ਰਿਤੁ ਭਯੋ ਸੁ ਆਜ॥੨੫॥ਯਾਂਤੇ ਸਭਿਬ੍ਯਾਕੁਲ ਭਏ ਨ੍ਰਿਪ ਪਾਗ ਉਤਾਰੀ। ਪੀਟਤਿ ਸਿਰ ਸੁਧ ਨਹਿਂ ਰਹੀ ਮੂਰਛਨਾ ਧਾਰੀ। ਤਿਮਿ ਰਾਨੀ ਆਤੁਰ ਬਡੀ ਭਾ ਰਿਦੇ ਕਲੇਸ਼ੁ।ਪ੍ਰਜਾ ਕੁਤੋ[4]ਹਰਖਹਿ ਰਿਦੈਂ ਦੁਖਲਹ੍ਯੋ ਅਸ਼ੇਸ਼ੁ[5]॥੨੬॥ਨ੍ਰਿਪਸੁਖਿ ਤੇ ਪਰਜਾ ਸੁਖੀ ਦੁਖਿ ਤੇ ਦੁਖ ਪਾਵੈ।ਇਮ ਬ੍ਯਾਕੁਲ ਨਰ ਹੁਇ ਰਹੇ ਰਵ ਰੁਦਨ[6]ਉਠਾਵੈਂ।ਸੁਨਿਕੇ ਚਿਤ ਮਹਿਂ ਚਿਤਵਤੋ–ਇਹੁ ਅਜ਼ਮਤਥਾਈ[7]।ਨ੍ਰਿਪ ਸੁਤ ਏਕ ਜਿਵਾਇਬੇ ਸਭਿ ਲਾਗਹਿਂ ਪਾਈ[8] ॥੨੭॥ ਸੇਵਕ ਹੋਵਹਿ ਭਾਵ ਧਰਿ ਸਭਿ ਸੇਵ ਕਮਾਵੈਂ। ਇਸ ਤੇ ਨੀਕੀ ਅਪਰ ਬਿਧਿ ਕੋ ਹਾਥ ਨ ਆਵੈ–।ਉਰ ਪ੍ਰਸੰਨ ਹੁਇ ਕਰਿ ਗਯੋ ਨ੍ਰਿਪ ਦ੍ਵਾਰ*ਅਗਾਰੇ।ਕੂੰਜਨ ਸਮ[9] ਰਾਨੀ ਜਹਾਂ ਕੁਰਲਾਤਿ ਪੁਕਾਰੇ॥ ੨੮॥ਕੇਸ ਉਖਾਰਤਿ ਸੀਸ ਕੇ ਨਹਿਂ ਬਸਨ ਸੰਭਾਰੇ।ਕਰ ਤਲ ਸੋਂ ਪੀਟਤਿ ਬਦਨ ਸਿਰ ਜੰਘਨ ਮਾਰੈ[10]। ਅਤਿ ਬ੍ਰਿਲਾਪ ਸੰਕਟ ਲਹ੍ਯੋ ਲੋਚਨ ਜਲ ਗੇਰੈਂ।ਜਹਿਂਕਹਿਂ ਹਾਹਾਕਾਰ ਭਾ ਊਚੀ ਧੁਨਿ ਟੇਰੈਂ॥੨੯॥ਨ੍ਰਿਪਤਿ ਮਹਾਂਬ੍ਯਾ-ਕੁਲ ਪਰ੍ਯੋ ਮੰਤ੍ਰੀ ਬਿਲਖਾਵੈ[11]। ਆਪਸ ਮਹਿਂ ਕੋ ਧੀਰ ਦੇਇ, ਇਕ ਸਮ ਦੁਖਪਾਵੈਂ।ਅਵਨੀ ਤਲ ਮਹਿਂ ਲਿਟਤਿ ਕੋ,ਸਿਮਰਹਿਂ ਗੁਨ[12]ਕੇਤੇ।'ਸੂਰਤ ਸੁੰਦਰ ਰਾਜਸੁਤ ਸਭਿਕੋ ਸੁਖ ਦੇਤੇ॥੩੦॥ਰਾਜਾਰਾਨੀ ਪ੍ਰਜਾਕੋ ਸਚਿਵਨ[13] ਸਮੁਦਾਯਾ। ਸਭਿਹਿਨਿ ਕੋ ਇਕ ਆਸਰਾ ਸੋ ਪ੍ਰਭੁ ਨਹਿ ਭਾਯਾ'। ਅਤਿ ਕਲੇਸ਼ ਜੁਤ ਹੇਰ ਕਰਿ ਉਰ ਦਯਾ ਉਪਾਈ। ਅਰ ਸ੍ਵਾਰਥ[14] ਹਿਤ ਆਪਨੇ ਸਾਵਣ ਮਨਿ ਆਈ॥੩੧॥ਨ੍ਰਿਪ ਢਿਗ ਤੇ ਇਕ ਸਚਿਵਕੋ ਨਿਜ ਨਿਕਟਿ ਹਕਾਰਾ। ਹੁਇ ਇਕੰਤ ਤਿਸ ਕੋ ਕਹ੍ਯੋ 'ਬਡ ਕਹਿਰ ਗੁਜ਼ਾਰਾ[15]। ਤਉ ਗੁਰਨਿ ਕੀ ਕ੍ਰਿਪਾ ਤੇ ਮੈਂ ਇਸੇ ਜਿਵਾਵੋਂ। ਸਿੱਖ ਹੋਇਂ ਮਰੇ ਸਕਲ, ਸਿੱਖਾ ਬਿਦਤਾਵੋਂ॥੩੨॥ਪ੍ਰਥਮੇ ਰਾਜਾ ਸਿਖ ਬਨਹਿ ਪੁਨ ਸਚਿਵ ਰੁ ਸੈਨਾ। ਬਹੁਰ ਪ੍ਰਜਾ ਪਾਹੁਲ ਪਿਵੈ,ਕਹੁ ਨ੍ਰਿਪ ਸੋਂ ਬੈਨਾ'।ਸੁਨਤਿ ਸਚਿਵ ਹਰਖਤਿਅਧਿਕ ਢਿਗ ਗਾ ਮਹਿਪਾਲਾ।ਕਹੀਬਾਤ ਸਮਝਾਇਸਭਿ'ਇਕਸੰਤ ਬਿਸਾਲਾ॥੩੩॥

---

[1]ਜਵਾਨ। [2]ਜਿਸ ਨੂੰ ਤੱਕ ਤੱਕ ਕੇ ਰਾਜਾ ਜੀਊਂਦਾ ਸੀ। [3]ਬਹੁਤ ਪਿਆਰਾ। [4]ਕਿਵੇਂ। [5]ਸਾਰਿਆਂ ਨੇ। [6]ਰੋਣ ਦਾ ਸ਼ਬਦ। [7]ਕਰਾਮਾਤ ਦਾ ਮੌਕਾ ਹੈ। [8]ਚਰਨੀਂ ਲੱਗਣਗੇ। [9]ਕੂੰਜ ਵਾਂਙੂ। [10]ਹੱਥ ਤਲੀਆਂ ਨਾਲ ਮੂੰਹ ਸਿਰ ਤੇ ਪੱਟਾਂ ਨੂੰ ਮਾਰਦੀ ਹੋਈ ਪਿੱਟ ਰਹੀ ਹੈ। [11]ਵਿਰਲਾਪ ਕਰ ਰਿਹਾ ਹੈ। [12](ਮਰੇ ਹੋਏ ਦੇ) ਗੁਣ ਯਾਦ ਕਰਦੇ ਹਨ। [13]ਵਜ਼ੀਰਾਂ ਨੂੰ। [14]ਆਪਣੇ ਕੰਮ ਨੂੰ (ਸੋਚ ਕਰਕੇ)। [15]ਕਹਿਰ ਹੋਯਾ ਹੈ। *ਪਾ:–ਦੁਰਗ।

ਸ੍ਰੀ ਨਾਨਕ ਕੇ ਪੰਥ ਕੋ ਬੋਲਤਿ ਇਮਿ ਬਾਨੀ।–ਮਤਿ ਮੇਰੇ ਮਹਿਂ ਨ੍ਰਿਪਤ ਹੁਇ ਜੇ ਲੇਵਹਿ ਮਾਨੀ॥ਤੌ ਮੈਂ ਨ੍ਰਿਪ ਸੁਤ ਪ੍ਰਾਣ ਜੁਤਿ ਤਤਕਾਲ ਜਿਵਾਵੌਂ। ਪੀਛੇ ਮਮ ਸਿੱਖ ਹੋਹਿਂ ਸਭਿ ਸਿੱਖੀ ਪ੍ਰਗਟਾਵੌਂ–' ॥੩੪॥ ਸੁਨਿ ਮਹਿਪਾਲਕ ਕਾਨ ਮਹਿਂ ਜਨੁ ਅੰਮ੍ਰਿਤ ਡਾਰਾ। ਕਹਯੋ 'ਸਰਬ ਹੀ ਸਿੱਖ ਹੈਂ, ਗੁਰਦੇਵ ਹਮਾਰਾ॥ਕੁਵਰ[1] ਜਿਵਾਵਹੁ ਆਨਿ ਕਰਿ ਆਇਸੁ ਜਿਮ ਭਾਖੋ॥ਹਮ ਤਿਸ ਕੇ ਅਨੁਸਾਰਿ ਨਿਤਿ ਸੇਵਾ ਅਭਿਲਾਖੇ ॥੩੫॥ ਆਨਹੁ ਬਿਲਮ ਬਹੀਨ ਤਿਹ ਪ੍ਰਾਨਨਿ ਕੋ ਦਾਤਾ। ਨਾਂਹਿ ਤ ਸਭਿਹੀ ਹਮ ਮਰਹਿਂ ਸੰਗਿ ਅਪਨੇ ਭ੍ਰਾਤਾ'। ਦੌਰਿ ਸਚਿਵ ਸੰਗ ਲੇ ਗਯੋ ਨ੍ਰਿਪ ਸਾਥ ਮਿਲਾਯੋ॥ਕਰੀ ਚਰਨ ਪਰਬੰਦਨਾ ਸਨਮਾਨ ਬਿਠਾਯੋ ॥੩੬॥ 'ਪ੍ਰਾਨ ਸਹਤ ਸੁਤ ਕੋ ਕਰਹੁ ਹਮ ਸਭਿ ਅਨੁ-ਸਾਰੇ। ਨਿਸ ਬਾਸੁਰ ਸੇਵਾ ਲਗਹਿਂ ਹਮ ਦਾਸ ਤੁਮਾਰੇ'। ਸਾਵਣ ਮਲ ਨੇ ਕਹਯੋ ਤਬਿ 'ਲੇ ਮ੍ਰਿਤਕ ਸੁ ਆਵੋ। ਭੀਰ ਹਟਾਵੋ ਸਕਲ ਹੀ ਕਰਿ ਸ਼ਾਂਤਿ ਬਿਠਾਵੋ॥੩੭॥ਵਾਹਿਗੁਰੂ ਸਿਮਰਨ ਕਰਹੁ ਨਹਿਂ ਰੋਦਨ ਕੀਜੈ। ਸਤਿਗੁਰ ਪਰ ਬਿਸ਼ਵਾਸ਼ ਧਰਿ ਉਰ ਸਭਿ ਹਰਖੀਜੈ'। ਨ੍ਰਿਪ ਸੁਤ ਮ੍ਰਿਤਕ ਉਠਾਇ ਕਰਿ ਆਨਯੋ ਤਤਕਾਲਾ। ਸਾਵਣ ਕੇ ਆਗੇ ਧਰਯੋ* ਬਿਸਮਾਇ ਬਿਸਾਲਾ ॥੩੮॥ਬਸਤ੍ਰ ਉਘਾਰਯੋ ਬਦਨ ਤੇ† ਜਲ ਬਹੁਰ ਮੰਗਾਯੋ। ਤਿਸ ਰੁਮਾਲ ਕੀ ਖੂੰਟ[2] ਇਕ ਧੋਈ ਕਰ ਲਾਯੋ[3]।ਸੋ ਜਲ ਜਬਿ ਮੁਖ ਮਹਿਂ ਪਰਯੋ 'ਸਤਿਨਾਮ' ਬਖਾਨਾ॥ਸੀਸ ਛੁਹਾਇ ਰੁਮਾਲ ਕੋ ਆਏ ਤਿਸ ਪ੍ਰਾਨਾ ॥੩੯॥ ਜਥਾ ਸੰਜੀ-ਵਨਿ[4] ਜਲ ਘਸੀ ਲਛਮਨ ਮੁਖ ਡਾਰੀ॥ਤਥਾ ਕੁਵਰ ਜੀਵਤਿ ਉਠਯੋ ਚਖ ਪਲਕ ਉਘਾਰੀ[5]। ਰਾਜਾ ਮਿਲਯੋ ਪਸਾਰਿ ਭੁਜ ਰਾਨੀ ਮੁਖ ਚੂੰਮਾ। ਠਾਂਢੋ ਤਤਛਿਨ ਸੋ ਭਯੋ ਤਜਿ ਕਰਿ ਤਲ ਭੂਮਾ[6] ॥੪੦॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਾਵਣ ਮਲ ਰਾਜ ਪੁੱਤ੍ਰ ਜਿਵਾਇਬੋ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥ ੩੧ ॥

---

[1]ਕੰਵਰ। [2]ਕੰਨੀਂ। [3]ਹਥ ਨਾਲ ਧੋਤੀ। [4]ਇਕ ਮੰਨੀ ਹੋਈ ਬੂਟੀ ਜਿਸ ਨਾਲ ਮੁਰਦੇ ਜੀਉ ਪੈਂਦੇ ਹਨ। ਲਛਮਣ ਮੂਰਛਿਤ ਨੂੰ ਏਸੇ ਬੂਟੀ ਨਾਲ ਜਿਵਾਇਆ ਲਿਖਿਆ ਹੈ। ਇਕ ਵਿੱਦਯਾ ਦਾ ਬੀ ਨਾਮ ਹੈ ਜੋ ਮੁਰਦੇ ਜਿਵਾਲਨ ਵਾਲੀ ਮੰਨਦੇ ਹਨ, ਸ਼ੁਕ੍ਰ ਜੀ ਮੋਏ ਦੈਂਤਾਂ ਨੂੰ ਇਸੇ ਨਾਲ ਜਿਵਾ ਲੈਂਦੇ ਲਿਖੇ ਹਨ। ਵੈਦਕ ਵਿਚ ਇਕ ਦਵਾਈ ਦਾ ਬੀ ਨਾਮ ਹੈ। [5]ਨੇਤ੍ਰ ਦੀ ਪਲਕ ਖੋਲੀ। [6]ਪ੍ਰਿਥਵੀ ਦਾ ਥਲ ਛਡਕੇ (ਮੁੰਡਾ) ਉਠ ਖੜੋਤਾ।

*ਪਾ:–ਕਰਯੋ। †ਪਾ:–ਬਦਨ ਉਘਾਰਯੋ ਬਸਤਰ ਤੇ।

## ੩੨. [ਰਾਜੇ ਨੇ ਸਿੱਖ ਹੋਣਾ, ਲੱਕੜਾਂ ਭੇਜਨੀਆਂ, ਸਾਵਣ ਮੱਲ ਦਾ ਮਾਨ ਹਰਨਾ]

ਸੈਯਾ ਛੰਦ॥ ਭਯੋ ਅਨੰਦ ਬਿਲੰਦ ਸਭਿਨਿ ਕੈ ਮੰਗਲ ਗਾਵਹਿਂ ਅਨਿਕ ਪ੍ਰਕਾਰ। ਬਡ ਉਤਸਾਹ ਕਰ੍ਯੋ ਮਹਿਪਾਲਕ ਦੀਨਨਿ ਦੀਨਸਿ ਦਰਬ ਉਦਾਰ*। ਲਘੁ ਦੁੰਦਭਿ[1] ਗਨ ਸੰਗ ਨਫੀਰਨ[2] ਬਾਜਨਿ ਲਾਗੇ ਦੁਰਗ ਸੁ ਦ੍ਵਾਰ[3]। ਭਾਟ ਕਲਾਵਤਿ[4] ਕਰਤਿ ਰਾਗਧੁਨਿ, ਬਜਹਿਂ ਮ੍ਰਿਦੰਗ[5], ਰਬਾਬ, ਸਤਾਰ॥੧॥ ਮਹਾਂ ਅਮੰਗਲ ਪ੍ਰਿਥਮ ਹੁਤੋ ਜਹਿਂ ਤਹਿਂ ਤਬ ਮੰਗਲ ਰਚਹਿ ਬਿਸਾਲ।ਰਾਜਾ ਰਾਨੀ ਸਚਿਵ ਸਹਤ ਸਭਿ ਸਾਵਣ ਮਲ ਆਗੇ ਤਤਕਾਲ। ਹਾਥਨਿ ਜੋਰਿ ਅਕੋਰਨ ਅਰਪਹਿਂ ਗਰ ਪਹਿਰਾਈ ਫੂਲਨਿ ਮਾਲ। ਚਮਰੁ ਢੁਰਾਵਹਿਂ ਸੁਜਸ ਬਧਾਵਹਿਂ ਸੀਸਨਿਵਾਵਹਿਂ ਧਰਿਪਦਭਾਲ[6]॥੨॥ਸਿਵਕਾ[7] ਪਰ ਚਢਾਇ ਤਹਿਂ ਲਜਾਏ ਸੁੰਦਰ ਮੰਦਰ ਅੰਦਰ ਥਾਨ। ਸਾਦਰ ਡੇਰੇ ਕੋ ਕਰਵਾਯੋ ਖਾਨ ਪਾਨ ਸਭਿ ਦੀਨਸਿ ਆਨ।ਬਹੁਤ ਮੋਲ ਕੋ ਪਲੰਘ ਡਸਾਇਹੁ ਆਇ ਸਭਿਨਿ ਨੇ ਬੰਦਨ ਠਾਨਿ।ਜ਼ਰੀਦਾਰ ਗੁੰਫੇ[8] ਜਿਸ ਲਟਕਤਿ ਊਪਰਰੁਚਿਰਚੰਦੋਆਤਾਨਿ॥੩॥ਇੱਤਜਾਦਿਕਸੁਸ੍ਰੂਖਾ[9]ਕੀਨਸਿਮਹਿਮਾਪਿਖ ਸਗਰੇ ਬਿਸਮਾਇ।-ਗੁਰ ਸਮਰੱਥ ਮਹਾਂ ਸਭਿ=ਰੀਤਿਨ ਨ੍ਰਿਪਸੁਤ ਮ੍ਰਿਤੁ ਕੋ ਦੀਨਿ ਜਿਵਾਇ-।ਕਿਤਿਕ ਦਿਵਸ ਮਹਿਂਨ੍ਰਿਪ ਸਿਖ ਹੋਯਹੁ ਪੁਨ ਸਭਿ ਸਿੱਖੀ ਕੇ ਮਗ ਆਇ।ਵਾਹਿਗੁਰੂ ਸਿਮਰਹਿਂ ਸੁਖ ਪਾਵਹਿਂ ਚਿਤ ਇੱਛਾ ਕਹਿ ਦੇਤਿ ਪੁਜਾਇ ॥੪॥ ਪੁਨ ਸਾਵਣ ਮਲ ਨ੍ਰਿਪ ਸੰਗ ਭਾਖ੍ਯੋ 'ਹਮਰੇ ਸਦਨ ਬਿਪਾਸਾ ਤੀਰ।ਚਾਹ ਦਾਰ ਦੀਰਘ ਕੀ ਤਿਹਠਾਂ[10] ਇਕਠਾਂ ਕਰਹੁਬਿਸਾਲ ਸ਼ਤੀਰ। ਬੇੜੇ ਬੰਧਹੁ ਕਾਸ਼ਟ ਗਨ ਕੇ ਦ੍ਰਿੜ ਕਰਿ ਬੀਚ ਡਾਰੀਏ ਨੀਰ। ਤਰਨ ਹਾਰ[11] ਨਰ ਸੰਗ ਸਿਧਾਵਹਿਂ ਸਨੇ ਸਨੇ ਤਰਿ ਪਾਇਂ ਬਹੀਰ[12]॥੫॥ ਗੋਇੰਦਵਾਲ ਨਗਰ ਤਟ ਊਪਰ ਤਹਾਂ ਜਾਇ ਸਗਰੇ ਨਿਕਸਾਇਂ'। ਇਮਿ ਸੁਨਿ ਭੂਪ ਹਰੀਪੁਰ ਕੇ ਤਬਿ ਬਹੁ ਨਰ ਦੀਨੇ ਕਾਰ ਲਗਾਇ। ਕਾਸ਼ਟ ਕੋ ਬਟੋਰ ਬਹੁਤੇਰਾ ਖਾਤੀ ਤੇ ਤਛਾਇ[13] ਚਿਰਵਾਇ। ਦੀਰਘ ਲੈ† ਲਕਰੀ ਕਰਿ ਸੰਚੈ ਅਨਿਕ ਭਾਂਤਿ ਸੁੰਦਰ ਘਰਿਵਾਇ[14]॥੬॥ਬੇੜੇ ਬੰਧਿ ਬਿਪਾਸਾ ਕੇ

---

[1]ਛੋਟੇ ਧੌਂਸੇ। [2]ਬੰਸਰੀ। [3]ਕਿਲੇ ਦੇ ਦਰ ਅੱਗੇ। [4]ਭੱਟ ਤੇ ਕਲੌਤ। [5]ਢੋਲ। [6]ਮੱਥਾ ਪੈਰਾਂ ਤੇ ਧਰਕੇ। [7]ਪਾਲਕੀ। [8]ਫੁੱਮਣ। [9]ਸੇਵਾ [ਸੰਸਾ: ਸ਼ੁਸ਼੍ਰੂਖਾ]। [10]ਬਹੁਤ ਲਕੜੀਆਂ ਦੀ ਲੋੜ ਹੈ ਓਥੇ। [11]ਤਾਰੂ। [12]ਤਰ ਕੇ ਵਹੀਰ ਪਾਉਣ = ਭਾਵ ਚਲਦੇ ਜਾਣ। [13]ਕਾਠ ਨੂੰ ਬਹੁਤਾ ਇਕੱਠਾ ਕਰਵਾਕੇ ਤਰਖਾਣ ਤੋਂ ਤੱਛਵਾ ਕੇ। [14]ਘੜਵਾਕੇ, ਭਾਵ ਛਤੀਰੀਆਂ ਕਰਾਕੇ।

*ਪਾ:-ਅਪਾਰ। †ਪਾ:-ਲਘੁ।

ਬਿਚ ਨਰ ਕਰਿ ਸੰਗ ਸੁ ਦਿਏ ਚਲਾਇ।ਗੋਇੰਦਵਾਲ ਬਿਸਾਲ ਕਾਠ ਗਨ ਤਹਿੰ ਤੇ ਤੂਰਨ ਪਹੁੰਚੀ ਆਇ। ਵਹਿਰ ਨਿਕਾਸੀ ਸਤਿਗੁਰ ਹੇਰੀ, ਖਰੇ ਆਪ ਹੁਇ ਦਈ ਬੰਡਾਇ[1]। ਜਿਤਿਕ ਚਹਤਿ ਨਰ ਦਈ ਤਿਤਿਕ ਤਿਨ ਲੇ ਸਭਿ ਗਏ ਆਪਨੀ ਥਾਇਂ॥੭॥ਨਿਜ ਕੁਟੰਬ ਕੇ ਮਾਨਵ ਜੇਈ,ਬਿੱਪ੍ਰ ਬ੍ਰਿੰਦ, ਕੋ ਬਾਂਟ ਸੁ ਦੀਨਿ। ਬਾਈ ਜਾਤ ਜੁ ਖੱਤ੍ਰੀ ਕੁਲ ਕੀ[2] ਗੋਇੰਦਵਾਲ ਬਾਸ ਤਿਨ ਲੀਨ।ਸਰਬ ਜਾਤਿ ਸਿਖ ਸਦਨ ਕਰੇ ਤਹਿੰ ਤਿਨ ਕਾਸ਼ਟ ਲੇ ਨਿਜ ਘਰ ਕੀਨਿ। ਬਸਨ ਹਾਰ ਪੁਨ ਅਪਰ ਜਿ ਮਾਨਵ ਬਾਂਛਤਿ ਦੀਨਸਿ ਗੁਰੂ ਪ੍ਰਬੀਨ॥੮॥ ਸ੍ਰੀ ਗੁਰ ਅਮਰਦਾਸ ਹੁਇ ਠਾਂਢੇ, ਧਾਮਨਿ ਕੀ ਅਵਨੀ ਅਵ-ਲੋਕ[3]।ਜਥਾ ਜੋਗ ਬਾਂਟੀ ਸਭਿਹਿਨਿ ਕੋ,ਲੇਕਰਿ ਮੁਦਿਤਿ ਭਏ ਸਭਿ ਲੋਕ। ਆਪ ਆਪਨੇ ਰਚੇ ਸਦਨ ਸ਼ੁਭ ਜੋ ਗੁਰੁ ਦਈ ਸੁ ਲੀਨੀ ਰੋਕ[4]। ਬਡੇ ਭਾਗ ਜਿਨਿ ਭਾਲ ਹੁਤੇ ਤਬਿ ਬਸੇ ਨਗਰ ਮਹਿਂ ਸਦਾ ਅਸ਼ੋਕ॥੯॥ਸੁੰਦਰ ਸਲਿਤਾ ਤੀਰ ਬਿਪਾਸਾ[5] ਨੀਰ ਬਿਮਲ ਗੰਗਾ ਸਮ ਜਾਂਹਿ[6]।ਪਾਪ ਬਿਨਾਸ਼ਨ ਪਾਵਨ ਸੋ ਬਹੁ ਜਲ ਕੋ ਅੰਗ ਸਪਰਸ਼ੈ ਵਾਹਿ[7] । ਤਾਤਕਾਲ ਫਲ ਸਤਿਗੁਰ ਦਰਸ਼ਨ ਜਿਹਿ ਜੋਗੀ ਧਯਾਵਹਿ ਉਰ ਮਾਂਹਿ[8]। ਬੇਦ ਸਮਾਨ ਗਿਰਾ ਗੁਰ ਸੁਨਿਬੇ ਸਮਝਨਿ ਸੁਗਮ ਅਗਮ ਤਿਮ ਨਾਂਹਿ[9] ॥੧੦॥ ਦੇਗ ਹੋਇ ਸਗਰੇ ਦਿਨ ਗੁਰ ਕੀ ਸਰਬ ਜਾਤਿ ਭੋਜਨ ਕੋ ਖਾਇਂ।ਜੋ ਨਹਿ ਖਾਂਹਿ ਨ ਦਰਸ਼ਨ ਪਾਵਹਿ ਇਹੀ ਨੇਮ ਸਤਿਗੁਰ ਠਹਿਰਾਇ। ਬਚਹਿ ਅਹਾਰ ਜੁ ਲੰਗਰ ਮਾਂਹੀ ਸੋ ਸਭਿ ਗਊਅਨਿ ਦੇਹਿਂ ਖੁਲਾਇਂ। ਪਸੂ ਅਘਾਇ ਸ਼ੇਖ਼ ਪੁਨ ਰਹਿ ਜੋ[10] ਸਰਬ ਬਿਪਾਸਾ ਮਹਿਂ ਦੇਂ ਪਾਇ॥੧੧॥ਨਿਸ ਮਹਿਂ ਸ਼ੇਖ਼ ਰਹਿਨ ਨਹਿਂ ਪਾਵੈ ਅੰਨ ਦਰਬ ਜੇਤਿਕ ਚਲਿ ਆਇ।ਸਭਿ ਕੋ ਦੇਹਿਂ ਅਨੰਦਤਿ ਲੇਵੈਂ[11],ਦੇਗ ਬਿਖੈ ਤ੍ਰਿਪਤਹਿਂ ਤਹਿ ਖਾਇ। ਤਾਤਕਾਲ ਪੁਰਿ ਬਸਯੋ ਰੁਚਿਰ ਸੋ ਸ੍ਰੀ ਸਤਿ-ਗੁਰ ਜਹਿਂ ਆਪ ਬਸਾਇ[12]।ਜੋ ਧਰਿ ਆਇ ਕਾਮਨਾ ਮਨ ਮਹਿਂ ਦਰਸ਼ਨ

---

[1]ਵੰਡ ਦਿੱਤੀ। [2]ਖੱਤ੍ਰੀਆਂ ਦੀਆਂ ਜਾਤਾਂ (ਵਿਚੋਂ) ਬਾਈ ਜਾਤਾਂ (ਦੇ ਪੁਰਸ਼)। [3]ਘਰਾਂ ਦੀ ਜ਼ਿਮੀਂ ਦੇਖਕੇ। [4]ਭਾਵ ਥਾਂ ਮੱਲ ਲਈ। [5]ਬਿਆਸਾ। [6]ਜਿਸਦਾ। [7]ਉਸ ਨੂੰ ਛੂਹਿਆਂ। [8]ਭਾਵ ਗੰਗਾ ਦੇ ਸ਼ਨਾਨ ਦਾ ਫਲ ਮੁਕਤੀ ਸਮਝਦੇ ਹਨ, ਏਥੇ ਇਸ਼ਨਾਨ ਕਰਦਿਆਂ ਤਤਕਾਲ ਫਲ ਮਿਲਦਾ ਹੈ ਜਿਸ ਸਰੂਪ ਨੂੰ ਜੋਗੀ ਧਯਾਨ ਲਾ ਲਾ ਧਯਾਉਂਦੇ ਹਨ ਸੋ ਗੁਰੂ ਅਮਰ ਦੇਵ ਦੇ ਰੂਪ ਵਿਚ ਪਰਤੱਖ ਦਿੱਸ ਪੈਂਦਾ ਹੈ। [9]ਤਿਸ ਵੇਦ ਵਾਂਙੂ ਕਠਨ ਨਹੀਂ (ਬਾਣੀ)। [10](ਜੋ) ਪਸ਼ੂਆਂ ਨੂੰ ਰਜਾਕੇ ਕੁਛ ਬਚ ਰਹੇ। [11]ਸਭ ਨੂੰ ਦੇ ਦੇਂਦੇ ਹਨ, (ਲੈਣ ਵਾਲੇ) ਅਨੰਦ ਹੋਕੇ ਲੈਂਦੇ ਹਨ। [12]ਵਸਦੇ ਹਨ (ਅ) ਜਿਸਨੂੰ ਵਸਾਇਆ ਹੈ।

ਪਰਸਤਿ ਸੋ ਨਰ ਪਾਇ॥੧੨॥ਉਤ ਸਾਵਨ ਕੀ ਕਥਾ ਕੁਛਕ ਹੈ ਸ੍ਰੋਤਾ ਸੁਨਹੁ ਸੁਜਸੁ ਗੁਰ ਕੇਰਿ। ਸਾਦਰ ਬਾਸ ਹਰੀ ਪੁਰ ਕੀਨਸਿ ਮਨਤਾ* ਜਿਸ ਕੀ ਹੋਤਿ ਬਡੇਰ। ਜਬ ਰਾਜਾ ਤਿਹ ਚਰਨ ਪਖਾਰੇ ਅਪਰਨ ਕੀ ਗਿਨਤੀ ਕਹਾ ਹੇਰਿ।ਬੰਦਨ ਕਰਹਿਂ ਬ੍ਰਿੰਦ ਨਰ ਮਿਲਿਮਿਲਿ ਕਰ ਜੋਰਹਿਂ ਕਰਿ ਭਾਉ ਘਨੇਰ[1] ॥ ੧੩ ॥ ਧਰਹਿਂ ਕਾਮਨਾ ਜਾਚਹਿਂ[2] ਆਨਿ[3] ਜੁ ਤਿਸ ਰੁਮਾਲ ਤੇ ਪੂਰ ਕਰੰਤਿ। ਸੁਤ ਬਿਤ ਕੀ ਕੈ ਤਨ ਅਰੋਗ ਕੀ ਇੱਤਯਾਦਿਕ ਪ੍ਰਾਪਤਿ ਹਰਖੰਤਿ।ਪਾਇਨ ਪਾਸ ਉਪਾਇਨ[4] ਅਰਪਤਿ ਸਰਬਦੇਸ਼ ਨਰ ਜਸੁ ਉਚਰੰਤਿ। ਸਿੱਖੀ ਬਿਥਰੀ ਸਾਵਨ ਮਲ ਕੀ ਅਜ਼ਮਤ ਹੇਰਤਿ ਉਰ ਬਿਸਮੰਤਿ ॥੧੪॥ਰਾਜਾ ਰਾਨੀ ਤ੍ਰਾਸ ਕਰਤਿ ਬਹੁ ਸੇਵਹਿਂ ਨਿਤ ਹੁਇ ਕਰਿ ਅਨੁਸਾਰ। ਬਹੁਤ ਮੋਲ ਕੇ ਬਸਤ੍ਰ ਮੰਗਾਵੈਂ ਕਰਿਵਾਵੈਂ ਪੋਸ਼ਸ਼ ਸਭਿ ਚਾਰ।ਭੋਜਨ ਮਹਿਂ ਅਮੇਜ਼ ਕਰਿ[5] ਮੇਵੇ ਸ਼ੁਭ ਸ੍ਵਾਦਨਿ ਕੋ ਦੇਤਿ ਅਹਾਰ।ਠਾਂਢੇ ਰਹੈਂ ਦਾਸ ਹਿਤ ਸੇਵਾ ਹੁਕਮ ਦੇਹਿਂ ਸੋ ਕਰਹਿਂ ਸੁਧਾਰਿ[6]॥੧੫॥ਅਸ ਪਦ ਊਚੋ ਜਬਹਿ ਪਹੂਚੋ ਚਿਤ ਮਹਿਂ ਚਿਤਵਤਿ ਭਾ ਇਸਿ ਭਾਇ।–ਕਾਰਜ ਸੁਧਰ ਗਯੋ ਸਭਿ ਗੁਰਕੋ ਪਹੁੰਚਾਇ ਕਾਸ਼ਟਸਮੁਦਾਇ।ਪੁਰਿਕੇ ਘਰ ਸਭਿਊਸਰ ਪਰਹਿਂਗੇ ਬਹੁਰੋਕੁਛ ਬਾਕੀ ਬਚ ਜਾਇ। ਗੋਇੰਦਵਾਲ ਉਚਿਤ ਹੈ ਚਲਿਬੋ ਦਰਸਹਿਂ ਸਤਿਗੁਰ ਪੰਕਜ ਪਾਇ[7]॥੧੬॥ਤਊ ਏਕ ਚਿੰਤਾ ਤਹਿਂ ਜੈਬੇ ਇਸ ਰੁਮਾਲ ਤੇ ਅਜ਼ਮਤ ਵਾਨ[8]। ਢਿਗ ਪਹੁੰਚੇ ਗੁਰ ਲੇਵਹਿਂਗੇ ਇਹੁ, ਕਾਰਜਭਯੋਪੂਰ, ਉਰਜਾਨਿ। ਸ਼ਕਤਿਹੀਨ ਹੁਇ ਹੌਂ ਤਿਸ ਛਿਨ ਮਹਿਂ ਬਹੁਰ ਨ ਕਰਿਹੈ ਕੋ ਮਮ ਮਾਨ। ਬਡਿਆਈ ਗੁਰ ਕੀ ਤਬਿ ਬਿਦਤਹਿ ਮੈਂ ਬਨ ਜਾਵੌਂ ਅਪਰ ਸਮਾਨ[9]॥੧੭॥ ਇਹਾਂ ਰਹੇ ਹੀ ਬਨੇ† ਬਾਰਤਾ ਪੂਜਹਿਂ ਲੋਕਬਿਲੋਕਿ ਮਹਾਨ।ਸੇਵਹਿਂ ਸਰਬ ਨ੍ਰਿਪਤ ਤੇ ਆਦਿਕ ਅਰਪਹਿਂ ਅਨਿਕ ਉਪਾਇਨ ਆਨਿ[10]। ਗੋਇੰਦਵਾਲ ਗਏ ਕਯਾ ਪ੍ਰਾਪਤਿ ਬਨਜੋ ਰਹੌਂ ਗੁਰ ਇਸ ਹੀ ਥਾਨ। ਚਹੌਂ ਸੁ ਅਜ਼ਮਤ ਤੇ ਸਭਿ ਪਾਵੌਂ ਕੀਰਤਿ ਬਿਦਤਹਿ ਬਹੁਤ ਜਹਾਨ–॥ ੧੯ ॥ ਇਮ ਦ੍ਰਿੜ੍ਹ

[1]ਬਹੁਤਾ ਪ੍ਰੇਮ ਕਰਕੇ। [2]ਮੰਗਣ। [3]ਆਕੇ। [4]ਚਰਨਾਂ ਕੋਲ ਭੇਟਾ। [5]ਮਿਲਾ ਕਰਕੇ। [6]ਚੰਗੀ ਤਰ੍ਹਾਂ ਧਾਰਨ ਕਰਦੇ ਹਨ। (ਅ) ਸੁਧਾਰ ਕੇ, ਭਾਵ ਚੰਗੀਤਰ੍ਹਾਂ ਕਰਦੇ ਹਨ। [7]ਚਰਨ ਕਵਲ। [8]ਤਾਂਭੀ ਉਥੇ ਜਾਣ ਵਿਚ ਇਕ ਚਿੰਤਾ ਹੈ ਕਿ ਇਸ ਰੁਮਾਲ ਕਰਕੇ ਹੀ ਮੈਂ ਕਰਾਮਾਤੀ ਹਾਂ। [9]ਹੋਰਨਾਂ ਜਿਹਾ। [10]ਲਿਆਕੇ। *ਪਾਃ–ਮੰਨਤ।

†ਪਾਃ=ਇਹਾਂ ਰਹੇ ਨਹੀਂ ਬਨੇ=ਭਾਵ ਰੁਮਾਲ ਬਿਨਾਂ ਇਥੇ ਰਿਹਾਂ।

ਚਿਤ ਮਹਿਂ ਕਰਿ ਤਹਿਂ ਠਹਿਰਯੋ–ਨਹਿਂ ਜਾਵੋਂ ਅਬ ਗੋਇੰਦਵਾਲ–। ਕਿਤਿਕ ਮਾਸ ਬਸਤੇ ਤਹਿਂ ਬੀਤੇ ਅੰਤਰਯਾਮੀ ਗੁਰੂ ਬਿਸਾਲ।ਜਾਨਯੋਚਿਤ ਬਿਕਾਰ ਜੁਤਿ[1] ਤਿਸ ਕੋਪਠਯੋ ਹੁਕਮ ਨਾਮਾ ਤਿਸਿ ਕਾਲ। ਪਠਿ ਕਰਿਕੁਛ ਵਿਲਾਉ[2] ਲਿਖਿ ਭੇਜਯੋ 'ਆਵਨ ਦੇਤਿ ਨਹੀਂ ਮਹਿਪਾਲ ॥ ੧੯ ॥ ਕੇਤਿਕ ਦਿਨ ਮਹਿਂ ਦਰਸ਼ਨ ਕਰਿਹੌਂ'ਸ਼੍ਰੀ ਸਤਿਗੁਰ ਸੁਨਿਜਾਨਵਲਾਉ।–ਅਜ਼ਮਤ ਜੁਕਤਿ ਰੁਮਾਲ ਸੁ ਤਤਛਿਨ ਗੋਇੰਦਵਾਲ–ਚਹਯੋ–ਚਲਿ ਆਉ[3]–। ਚਿਤਵਨ ਤੇ ਤੂਰਨ ਹੀ ਆਯਹੁ ਛੂਛੋ ਸਾਵਨ ਤਹਾਂ ਰਹਾਉ। ਜਾਨਿ ਗੁਰੂ ਗਤਿ ਬਹੁਤ ਬਿਸੂਰਤਿ–ਮੈਂ ਕੁਕਰਮ ਹੀ ਲਿਯੋ ਕਮਾਉ[4]–॥ ੨੦ ॥ ਦਿਨ ਦੁਇ ਚਤੁਰ ਬਿਸੂਰਤ ਬੀਤੇ ਪੁਨ ਮਨ ਮਹਿਂ ਸਮਝਯੋ ਇਸ ਭਾਇ–ਰਾਜਾ ਰਾਨੀ ਸਚਿਵ ਪ੍ਰਜਾ ਜੁਤ ਮੈਂ ਅਬ ਚਲਹੁਂ ਪਰਹੁਂ ਗੁਰ ਪਾਇ। ਭੂਲ ਕਰੌਂ ਬਖਸ਼ਾਵਨ ਸਗਰੀ ਅਹੈਂ ਬਿਸਾਲ[5] ਨ ਕੁਛ ਮਨ ਲਯਾਇਂ। ਸਭਿ ਸੰਗਤ ਜੁਤਿ ਸ਼ਰਨੀ ਪਰਿਹੌਂ ਬਿਨਤੀ ਕਰਿਹੌਂ ਥਿਰ ਅਗਵਾਇ॥੨੧॥ਬਡਿਅਨਿ ਕੀ ਰਿਸ ਅਗਨੀ ਸਮਸਰ ਬਿਨੈ ਨੀਰ[6] ਤੇ ਹੋਵਤਿ। ਸ਼ਾਂਤਿ ਅਵਰ ਉਪਾਵ ਨਹੀਂ ਕੁਛ ਬਨਿ ਹੈ, ਕਰਹਿਂ ਜਿ ਬਲ ਛਲ ਘ੍ਰਿਤ ਪਰ ਜਾਤਿ[7]–। ਇਹ ਮਤਿ ਦ੍ਰਿੜ੍ਹ ਕਰਿ ਕਹਯੋ ਨ੍ਰਿਪਤਿ ਕੋ 'ਹਮਰੇ ਬਡੇ ਤਹਾਂ ਅਵਦਾਤਿ[8]। ਕ੍ਰਿਪਾ ਪਾਇ ਤਿਨ ਕੀ ਮੈਂ ਆਯਹੁ ਬਸਯੋ ਬਹੁਤ ਸਭਿਕੋ ਸੁਖਦਾਤਿ॥੨੨॥ ਅਬਿ ਦਰਸ਼ਨ ਹਿਤ ਮੈਂ ਚਲਿ ਜੈ ਹੌਂ ਤੁਮਭੀ ਚਲਿ ਕਰਿ ਪਰਸਹੁਪਾਇ। ਅਤਿ ਪੁਨੀਤ ਹੈ ਮੇਲ ਤਿਨਹੁਂ ਕੋ ਲੋਕ ਪ੍ਰਲੋਕ ਭਲੋ ਹੁਇ ਜਾਇ।'ਉੱਤਮ ਅਧਿਕ ਅਕੋਰਨ ਕੋ ਲਿਹੁ ਗੁਰ ਪ੍ਰਸੰਨਤਾ ਤੇ ਸੁਖ ਪਾਇ।ਸਭਿ ਰਨਵਾਸ[9] ਸਚਿਵ ਅਰੁ ਸੈਨਾ ਪ੍ਰਜਾ ਲੋਕਸੰਗੈ ਸਮੁਦਾਇ'॥੨੩॥ਨ੍ਰਿਪ ਕਰ ਜੋਰੇ ਮਾਨ ਬਾਰਤਾ ਭਯੋ ਤਯਾਰ ਸਭਿਹੀ ਸੰਗ ਲੀਨਿ। ਸਾਵਣਮਲ ਹਿਤ ਸਿਵਕਾ ਦੀਨਸਿ ਗਜਬਾਜੀ ਰਚਿ ਸਾਜਨਵੀਨ।ਬਹੁ ਡੋਰੇ*[10] ਮਹਿਖੀ[11] ਤੇਆਦਿਕ ਚਢਿ ਚਾਲੀ ਉਰ ਆਨੰਦ ਕੀਨਿ। ਭਯੋ ਉਮਾਹ ਸਭਿਨਿ ਕੇ ਮਨ ਮਹਿਂ –ਦਰਸ਼ਨ ਦੇਖਹਿਂ ਗੁਰੂ ਪ੍ਰਬੀਨ–॥੨੪॥ ਸਨੇ ਸਨੇ ਸਭਿ ਮਾਰਗ ਉਲੰਘੇ

[1]ਵਿਕਾਰਾਂ ਵਾਲਾ (ਹੋ ਗਿਆ ਹੈ)। [2](ਸਾਵਣ ਨੇ ਹੁਃ ਨਾਮਾ) ਪੜ੍ਹਕੇ ਕੁਛ ਬਹਾਨਾ। [3]ਆਵੇ। [4]ਭਾਵ ਆਗਿਆ ਭੰਗ ਕੀਤੀ ਹੈ। [5]ਵਿਸ਼ਾਲ (ਚਿਤ ਵਾਲੇ) ਹਨ, ਭਾਵ ਜਿਥੇ ਸਦਾ ਬਖਸ਼ਸ਼ ਵੱਸਦੀ ਹੈ। [6]ਬੇਨਤੀ ਰੂਪ ਪਾਣੀ ਨਾਲ। [7](ਅੱਗ ਉੱਤੇ) ਘਿਉ ਮਾਨੋ ਪੈ ਜਾਂਦਾ ਹੈ। [8]ਪ੍ਰਗਟ। [9]ਰਾਣੀਆਂ। [10]ਡੋਲੇ। [11]ਪਟਰਾਣੀ। [ਸੰਸਃ, ਮਹਿਸ਼ੀ]। *ਪਾਃ–ਡੇਰੇ=ਤੰਬੂ।

ਗੋਇੰਦਵਾਲ ਪੁਰੀ ਕੋ ਆਇ।ਨਦੀ ਬਿਪਾਸਾਕੇ ਤਟ ਉਤਰੇ ਨ੍ਰਿਪ ਮਹਿਖੀ ਸੈਨ। ਸਮੁਦਾਇ।ਧੀਰ ਦਿਲਾਸਾ ਦੇ ਕਰਿ ਤਬਿਹੀ ਸਾਵਣਮੱਲ ਪੁਰੀ ਪ੍ਰਵਿਸ਼ਾਇ। ਮਿਲਨੋ ਮੇਲੀਅਨਿ ਸਿਖ ਸਭਿ ਸੰਗਤਿ ਕੁਸ਼ਲ ਪ੍ਰਸ਼ਨ ਕਰਿ[1] ਉਰ ਹਰਖਾਇ ॥੨੫॥ ਪੁਨ ਸਤਿਗੁਰ ਕੇ ਦਰਸ਼ਨ ਕਾਰਨ ਕੁਛਕ ਲਾਜ ਜੁਤਿ ਗਮਨਯੋ ਪਾਸ। ਪਗ ਪੰਕਜ ਪਰ ਸਿਰ ਕੋ ਧਰਿ ਕਰਿ ਕੀਨ ਬੰਦਨਾ ਭਾਉ ਪ੍ਰਕਾਸ਼।'ਮੈ ਰਾਵਰਿ ਕੋ ਸਿਖ ਅਰੁ ਸੁਤ ਸਮ ਸੇਵਕ ਸਦਾ ਏਕ ਉਰਆਸ। ਲਘੁ ਬਿਗਾਰ ਦੇਂ[2], ਬਡੇ ਸੁਧਾਰਹਿੰ, ਛਿਮਾ ਕਰਹਿੰ ਅਪਨੋ ਲਖਿ ਤਾਸੂ[3] ॥ ੨੬ ॥ ਸਿੱਖਯਾ ਦੇਤਿ ਦੁਲਾਰਤਿ ਸੁਤ ਕੋ ਅਵਗੁਨ ਮਨ ਮਹਿੰ ਧਰਹਿੰ ਨ ਕੋਇ। ਉਪਜਹਿ ਲਾਜ ਬਡਨ ਕੇ ਹੀਅਰੇ ਸਿਖ ਸੇਵਕ ਸੁਤਿ* ਖੋਟ[4] ਜਿ ਹੋਇ। ਬਖਸ਼ਹਿੰ ਖਤਾ[5] ਬਿਰਦ ਨਿਜ ਜਾਨਹਿੰ, ਤੁਮ ਅੰਤਰਯਾਮੀ ਸਭਿ ਜੋਇ।ਕਹੌਂ ਕਹਾਂ ਤੁਮ ਜਾਨਹੁ ਸਗਰੀ'ਇਮਿ ਕਹਿ ਜੋਰ ਰਹਯੋ ਕਰਦੋਇ ॥੨੭॥ਸ਼੍ਰੀ ਸਤਿਗੁਰ ਮੁਸਕਾਨੇ ਪਿਖਿਕੈ ਕ੍ਰਿਪਾ ਸਿੰਧੁ ਕਰਿ ਕ੍ਰਿਪਾ ਬਖਾਨ। 'ਸਿਖ,ਸੇਵਕ,ਸੁਤ ਅਹੈਂ ਜਿ ਮੇਰੇ ਤਿਨ ਕੋ ਚਹੌਂ ਕਰਨ ਕੱਲਯਾਨ। ਤੁਵ ਮਨ ਮਹਿੰ ਹੰਕਾਰ ਬਯਾਧਿ[6] ਭੀ ਤਿਸ ਹਰਿਬੇ ਹਿਤ ਇਮਿ ਕ੍ਰਿਤ ਠਾਨਿ[7]'। ਲਿਯੋਰੁਮਾਲਨ ਕਰਿਚਿਤਚਿੰਤਾ,ਅਬਿਭੀਤੁਝ ਦੇਹੌਂ ਬਹੁ ਦਾਨ॥੨੮॥ਦੇਸ਼ ਹਰੀ ਪੁਰ ਸਹਤ ਨ੍ਰਿਪਤਿ ਜੁਤ ਇਹੁ ਸੰਗਤਿ ਸਗਰੀ ਤੁਝ ਦੀਨ। ਚਿਰੰਕਾਲ ਸੁਖ ਭੋਗਹੁ ਬਨਿ ਗੁਰ† ਮੇਰੀ ਦਾਤ ਨ ਹੋਵਹਿ ਹੀਨ। ਰਹੋ ਕੁਸ਼ਲ ਸੋਂ ਸਭਿ ਕੁਛ ਪਾਵਹੁ ਪੁਨ ਪ੍ਰਲੋਕ ਮੈਂ ਨਿਜ ਢਿਗ ਕੀਨ। ਨ੍ਰਿਭੈ ਵਿਚਰਹੁ ਸਭਿ ਭੂਤਪ੍ਰੇਤ ਜੇ ਡਾਕਨਿ[8]ਆਦਿ ਸੁ ਤੋਹਿਅਧੀਨ॥੨੯॥ਗੁਪਤਰਹਤਿ ਜੋ ਸ਼ਕਤਿ ਜੁਕਤਿ ਬਡ ਮਮ ਬਖਸ਼ਿਸ਼ ਤੇ ਤੁਝ ਢਿਗ ਆਇ। ਚਿਤ ਮਹਿੰ ਚਹਹੁ ਕਰਾਵਹੁ ਤਿਨ ਤੇ ਨਹਿੰ ਆਗਯਾ ਕੋ ਸਕਹਿੰ ਮਿਟਾਇ।ਨਿਸਦਿਨ ਸੇਵਹਿੰ ਸਗਰੇ ਤੋ ਕਹੁ ਮਮ ਸੇਵਾ ਤੇ‡ ਇਹੁ ਫਲ ਪਾਇ।ਬਨਿ ਗੁਰਚਰਨ ਪੁਜਾਵਹੁ ਸਭਿ ਤੇ ਅਪਰ ਨ ਸ਼ੰਕਾ ਕੁਛ ਮਨ ਲਯਾਇ॥੩੦॥ ਮਮ ਰੁਮਾਲ

---

[1]ਸੁਖਸਾਂਦ ਪੁੱਛਕੇ। [2]ਛੋਟੇ ਵਿਗਾੜ ਦਿੰਦੇ ਹਨ। [3]ਉਸਨੂੰ ਆਪਣਾ ਜਾਣਕੇ। [4]ਖੋਟ ਵਾਲਾ। [5]ਭੁੱਲ। [6]ਰੋਗ। [7](ਉਸ ਰੋਗ ਦੇ) ਨਾਸ਼ ਕਰਨ ਵਾਸਤੇ ਐਉਂ ਕੀਤਾ ਹੈ। [8]ਡੈਣਾਂ। *ਪਾਃ-ਜੁਤਿ।

†ਦੇਖੋ ਰਾਜੇ ਸ਼ਿਵਨਾਭ ਨੂੰ ਮੰਜੀ ਦੇਣ ਦੇ ਪ੍ਰਸੰਗ ਵਿਖੇ-ਮੰਜੀ-ਪਦ ਦਾ ਅਰਥ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੪੯ ਅੰਕ ੧੩। ਪੁਨਃ-ਸ਼੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰਧ, ਅਧ੍ਯਾਯ ੯, ਅੰਕ ੫੬, ਪਦ-ਗੁਰ-ਦੀ ਹੇਠਲੀ ਟੂਕ। ‡ਪਾਃ-ਕੋ।

ਤੇ ਸਿੱਧਾਂ ਸਗਰੀ ਭਯੋ ਤੋਹਿ ਮਨ ਤਿਨ ਮਹਿਂ ਲੀਨ[1]। ਪਾਇ ਭਯੋ ਹੰਕਾਰ ਤਿਨਹੁ ਤੇ ਭਗਤਿ ਪੰਥ ਤੇ ਹੋਯਹੁ ਹੀਨ। ਗਤਿ ਪ੍ਰਲੋਕ ਬਿਗਰੇ ਹੈ[2] ਤਿਨ ਤੇ ਯਾਂਤੇ ਮੈਂ ਸਭਿ ਲੀਨਸਿ ਛੀਨ। ਰੱਛਨਾ ਕਰੀ ਸਕਲ ਬਿਧਿ ਤੇ ਤੁਵ ਅਬਿ ਸਿਮਰਹੁ ਸਤਿਨਾਮ, ਪ੍ਰਬੀਨ*'॥੩੧॥ ਦੋਹਰਾ॥ ਇਸ ਬਿਧਿ ਅਪਨੋ ਜਾਨਿ ਕੈ ਸੁਖ ਦੀਨਸਿ ਦੁਇ ਲੋਕ। ਧੰਨ ਧੰਨ ਸ੍ਰੀ ਗੁਰ ਅਮਰ ਸਿਮਰਹੁ ਕਰੈਂ ਅਸ਼ੋਕ ॥ ੩੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਾਵਣ ਮਲ ਸ੍ਰੀ ਗੁਰ ਸੰਗ ਮਿਲਨ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥ ੩੨ ॥

੩੩ [ਰਾਜੇ ਨੇ ਵਿਦਾ ਹੋਕੇ ਹਰੀ ਪੁਰ ਜਾਣਾ ਤੇ ਸੋਚਨ ਸੋਚ ਦਾ ਪ੍ਰਸੰਗ]

ਦੋਹਰਾ॥ ਜੁਗ ਲੋਕਨਿ ਸੁਖ ਦਾਤਿ ਲਹਿ ਸਾਵਣ ਮਲ ਹਰਖਾਇ। ਮਹਿਮਾ ਜਾਨੀ ਗੁਰੂ ਕੀ–ਅਪਰ ਨ ਕੋ ਅਧਿਕਾਇ ॥੧॥ ਸੈਯਾ ਛੰਦ॥ ਜਥਾ ਜੋਗ ਸ੍ਰੀ ਸਤਿਗੁਰ ਕੀਨਸਿ ਮਮ ਮਨ ਕੋ ਨਾਸਯੋ ਹੰਕਾਰ। ਸੰਗਤਿ ਦਈ ਗੁਪਤਿ[3] ਬਸਿ ਹੋਇ ਕਾਰਜ ਸਗਰੇ ਦਏ ਸੁਧਾਰਿ–। ਮੁਦਿਤ ਹੋਇ ਕਰਿ ਬਿਨੈ ਬਖਾਨੀ 'ਆਯੋ ਭੂਪ ਸਹਤ ਪਰਵਾਰ। ਸੈਨਾ ਪ੍ਰਜਾ ਸਚਿਵ ਸੰਗ ਸਗਰੇ ਮਹਿਖੀ[4] ਆਦਿਕ ਔਰ ਜਿ ਦਾਰ[5]॥੨॥ ਆਗਯਾ ਰਾਵਰ ਕੀ ਅਬਿ ਹੋਵਹਿ ਦਰਸ਼ਨ ਕਰਹਿਂ ਸਮੀਪੀ ਆਨਿ। ਅਭਿਲਾਖਾ ਤਿਨ ਪੂਰਨ ਪ੍ਰਾਪਤਿ[6] ਕਰਹਿਂ ਬਿਲੋਚਨ ਸਫਲ ਮਹਾਨ। ਹੋਹਿਂ ਪੁਨੀਤ, ਪਾਪ ਸਭਿ ਨਾਸਹਿਂ, ਪਾਵਹਿਂ ਪੁੰਨ ਬੇਦ ਨਾਠਾਨਿ। ਸ਼ਰਧਾ ਧਰਿ ਧੁਰਿ ਤੇ ਇਹ ਗਮਨਯੋ ਤੁਮ ਅੰਤਰਜਾਮੀ ਸਭਿ

---

[1]ਤੇਰਾ ਮਨ ( ਉਨ੍ਹਾਂ ਸਿੱਧੀਆਂ ਵਿਚ ) ਹੀ ਮਗਨ ਹੋ ਗਿਆ। [2]( ਤੇਰੀ ) ਪ੍ਰਲੋਕ ਦੀ ਗਤੀ ਵਿਗੜ ਜਾਣੀ ਸੀ। [3]ਗੁਪਤ ਰੂਹਾਂ, ਗੁਪਤ ਸ਼ਕਤੀਆਂ। [4]ਪਟਰਾਣੀ। [5]ਇਸਤ੍ਰੀਆਂ। [6]ਸੰਪੂਰਨ ਕਾਮਨਾਂ ਪ੍ਰਾਪਤ (ਹੋਣ)।

*ਸਾਵਣ ਮਲ ਨੇ ਸਮਝਿਆ ਕਿ ਸਤਿਗੁਰ ਦੇ ਵਰ ਨਾਲ ਜੋ ਆਤਮਕ ਸ਼ਕਤੀਆਂ ਪ੍ਰਾਪਤ ਹੋਈਆਂ ਹਨ ਇਹ ਸੰਸਾਰਕ ਪਦਾਰਥਾਂ ਵਾਂਙੂ ਪਾਸ ਰਖਣੀਆਂ ਤੇ ਵਰਤਣੀਆਂ ਹੀ ਪਰਮਾਰਥ ਹੈ। ਫਲ ਹੋਇਆ ਹੰਕਾਰ ਤੇ ਬੇਮੁਖਤਾਈ। ਸਤਿਗੁਰੂ ਨੇ ਮਿਹਰ ਕਰਕੇ ਉਸ ਨੂੰ ਸੱਖਣਾਂ ਕਰਕੇ ਮਦ ਦੂਰ ਕੀਤਾ, ਜਦ ਸਮਝ ਆਈ ਤਾਂ ਫਿਰ ਦੱਸਿਆ ਕਿ ਤੂੰ ਭਗਤੀ ਮਾਰਗ ਤੋਂ ਪਤਿਤ ਹੋ ਗਿਆ ਸੈਂ। ਭਗਤੀ ਮਾਰਗ ਹੈ ਵਾਹਿਗੁਰੂ ਨੂੰ ਪਿਆਰ ਕਰਨਾ, ਆਪਣੀ ਕਲਿਆਨ ਦੇ ਯਤਨ ਵਿਚ ਰਹਿਣਾ, ਜੀਵਨ ਮੁਕਤੀ ਪ੍ਰਾਪਤ ਹੋਏ ਤਾਂ ਨਾਮ ਦਾਨ ਦੇਕੇ ਜਗਤ ਤਾਰਨਾ। ਇਹ ਸਮਝ ਦਾਨ ਕਰਕੇ ਸਤਿਨਾਮ ਵਿਚ ਲਾਕੇ ਫੇਰ ਕਿਹਾ ਕਿ ਆਤਮ ਸਤਿਆ ਪ੍ਰਾਪਤ ਰਹੇਗੀ। ਹੁਣ ਸਾਵਣ ਮਲ ਨਾਮੀ ਤੇ ਭਗਤ ਪੁਰਖ ਹੋ ਗਿਆ ਹੈ। ਸਿਧੀਆਂ ਨੂੰ ਹਉਂ ਦੀ ਸੇਵਾ ਵਿਚ ਨਹੀਂ ਵਰਤੇਗਾ, ਪਰ ਸਾਈਂ ਦੀ ਰਜ਼ਾ ਦੇ ਇਸ਼ਾਰੇ ਵਿਚ ਸਾਈਂ ਦੇ ਕੰਮਾਂ ਵਿਚ ਵਰਤੇਗਾ।

ਜਾਨਿ' ॥੩॥ ਸ਼੍ਰੀ ਗੁਰ ਅਮਰਦਾਸ ਕਰਿ ਕਰੁਨਾ ਕਹਯੋ 'ਦੇਗ ਤੇ ਭੋਜਨ ਖਾਇ। ਨਰ ਸੰਗੀ ਸਭਿ ਹੀ ਸੰਗ ਆਨੈ ਇਸਤ੍ਰੀ ਰੂਪ ਨ ਆਵਨਿ ਪਾਇ*'। ਪੁਨ ਸਾਵਣ ਅਰਦਾਸ ਬਖਾਨੀ 'ਮਹਾਂਰਾਜ ਸੁਨੀਅਹਿ ਸੁਖਦਾਇ। ਚਿਤ ਆਸਾ ਧਰਿ ਅਧਿਕ ਪ੍ਰੇਮ ਕਰਿ ਕਹਿ ਨ੍ਰਿਪ ਸੋਂ ਆਈ ਸਮੁਦਾਇ ॥ ੪ ॥ ਕਰਹੁ ਆਪ ਅਭਿਲਾਖਾ ਪੂਰਨ ਚਹਤਿ ਦੂਰ ਤੇ ਪਹੁੰਚੀ ਆਇ। ਹੁਇ ਨਿਰਾਸ ਬਿਨ ਦਰਸ਼ਨ ਗਮਨਹਿਂ[1] ਬਹੁਤ ਬਿਸੂਰਹਿਂਗੀ[2] ਦੁਖ ਪਾਇ। ਦਯਾ ਕਰਨ ਕੋ ਬਿਰਦ ਸੰਭਾਰਹੁ ਆਇਸੁ ਦੇਹੁ ਸਕਲ ਦਰਸਾਇਂ[3]। ਧਰੈਂ ਭਾਵਨੀ[4] ਸਕਲ ਭਾਮਨੀ[5] ਗੁਰ ਜੀ ਪਠਵਹੁ† ਤਿਨੈ ਬੁਲਾਇ' ॥ ੫ ॥ ਤਬਿ ਸਤਿਗੁਰ ਆਇਸੁ ਇਮਿ ਕੀਨਸਿ 'ਜਿਤਿਕ ਭਾਰਜਾ ਨ੍ਰਿਪ ਕੀ ਹੋਇਂ। ਦਾਸੀ ਆਦਿ ਅਪਰ ਜੇ ਦਾਰਾ ਰੰਗਦਾਰ ਅੰਬਰ ਲੇ ਜੋਇ। ਸਭਿ ਸੋਂ ਕਹਹੁ ਸ੍ਵੇਤ

---

[1]ਜਾਵਣਗੀਆਂ। [2]ਝੂਰਨਗੀਆਂ। [3]ਸੱਭੇ ਦਰਸ਼ਨ ਕਰ ਲੈਣ। [4]ਸ਼ਰਧਾ। [5]ਇਸਤ੍ਰੀਆਂ।

*ਕਵੀ ਜੀ ਨੇ ਇਸੇ ਰਾਸ ਦੇ ਅੰਸੂ ੪੨ ਤੇ ੬੩ ਵਿਚ ਦੋ ਹੋਰ ਇਸਤ੍ਰੀਆਂ ਦਾ ਸਤਿਗੁਰੂ ਜੀ ਦੇ ਹਜ਼ੂਰ ਆਉਣ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਇਹਨਾਂ ਦੇ ਪੁੱਤਰ ਚਲਾਣਾ ਕਰ ਗਏ ਸੀ, ਜਿਨ੍ਹਾਂ ਨੂੰ ਲਿਆਕੇ ਇਹਨਾਂ ਸ਼੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਰਖਕੇ ਜੀਉਂਦਾ ਕਰਨ ਦੀ ਯਾਚਨਾ ਕੀਤੀ ਤੇ ਸਤਿਗੁਰੂ ਜੀ ਨੇ ਓਹਨਾਂ ਨੂੰ ਜਿਵਾ ਦਿੱਤਾ, ਇਸੇ ਤਰ੍ਹਾਂ ਰਾਸ ੨ ਦੇ ਅੰਸੂ ੯ ਵਿਚ ਬਾਉਲੀ ਸਾਹਿਬ ਦਾ ਕੜ ਤੋੜਨ ਵਾਲਾ ਭਾਈ ਮਾਣਕ ਜਦ ਇਕ ਦਮ ਪਾਣੀ ਨਿਕਲ ਆਉਣ ਦੇ ਕਾਰਨ ਬਾਉਲੀ ਵਿਚ ਹੀ ਸਮਾ ਗਿਆ ਤਦ ਓਹਦੀ ਮਾਤਾ ਰੁਦਨ ਕਰਦੀ ਸਤਿਗੁਰੂ ਜੀ ਦੇ ਪਾਸ ਆਈ। ਆਪ ਨੇ ਮਾਣਕ ਜੀ ਨੂੰ ਨਵਾਂ ਜਨਮ ਦਿੱਤਾ। ਫਿਰ ਇਸੇ ਰਾਸ ਦੇ ੫੫ ਅੰਸੂ ਵਿਚ ਪਤਿਬ੍ਰਤਾ ਮਾਈ ਤੇ ਦੀਵਾਨ ਵਿਚ ਓਹਦਾ ਵਿਰਤਾਂਤ ਸੁਣਨਾ ਤੇ ੬੦ ਅੰਸੂ ਵਿਚ ਮਥੋ ਮੁਰਾਰੀ ਦਾ ਵਿਸਥਾਰ ਨਾਲ ਪ੍ਰਸੰਗ ਦੇਕੇ ਕਵੀ ਜੀ ਦੱਸਦੇ ਹਨ ਕਿ ਇਸ ਸੁਭਾਗ ਜੋੜੀ ਨੂੰ ਸਤਿਗੁਰੂ ਜੀ ਨੇ ਸਿੱਖੀ ਦਾ ਪ੍ਰਚਾਰਕ ਨੀਯਤ ਕੀਤਾ, ਇਨ੍ਹਾਂ ਤੋਂ ਪ੍ਰਗਟ ਹੈ ਕਿ ਸ਼੍ਰੀ ਗੁਰੂ ਜੀ ਦੇ ਦੀਵਾਨਾਂ ਵਿਚ ਇਸਤ੍ਰੀਆਂ ਨੂੰ ਜਾਣ ਦੀ ਰੋਕ ਨਹੀਂ ਸੀ, ਨਾ ਕੇਵਲ ਇਹ ਕਿ ਇਸਤ੍ਰੀਆਂ ਦੀਵਾਨਾਂ ਵਿਚ ਜਾਕੇ ਸ਼ਬਦ ਕੀਰਤਨ ਤੇ ਉਪਦੇਸ਼ ਸੁਣਕੇ ਆਪਣਾ ਜਨਮ ਸਫਲ ਕਰਦੀਆਂ, ਸਗੋਂ ਓਹ ਸਿਖੀ ਦੇ ਪ੍ਰਚਾਰਕ ਦੀ ਹੈਸੀਅਤ ਵਿਚ ਭੀ ਕੰਮ ਕਰਦੀਆਂ ਸਨ। ਇਥੇ ਕਵੀ ਜੀ ਨੇ ਜੋ ਇਸਤ੍ਰੀਆਂ ਦੇ ਜਾਣ ਦੀ ਰੋਕ ਦਾ ਜ਼ਿਕਰ ਕੀਤਾ ਹੈ, ਇਸ ਦਾ ਭਾਵ ਜਾਪਦਾ ਇਹ ਹੈ ਕਿ ਇਸਤ੍ਰੀਆਂ ਲਈ ਭੜਕੀਲੇ ਲਿਬਾਸਾਂ ਵਿਚ ਜਾਂ ਘੁੰਡ ਕੱਢ ਕੇ ਜਾਂ ਬੁਰਕੇ ਆਦਿਕ ਪਰਦਿਆਂ ਵਿਚ ਜਾਣ ਦੀ ਮਨਾਹੀ ਸੀ। ਸਹਿਜ ਸੁਭਾ ਸਾਦੇ ਲਿਬਾਸ ਵਿਚ ਮਨ ਨੀਵੇਂ ਨਾਲ ਭਗਤੀ ਭਾਵ ਵਿਚ ਜਾਣ ਦੀ ਰੋਕ ਹੋਈ ਨਹੀਂ ਜਾਪਦੀ।

†ਪਾਃ--ਪਠਹੁ।

ਕਰਿ ਪੋਸ਼ਿਸ਼[1] ਮੁਖ ਕੋ ਨਹੀਂ ਛੁਪਾਵਹਿਕੋਇਦਰਸ਼ਨਿ ਕਰਿ ਕਰਿ ਸਗਰੀ ਗਮਨਹਿਂ ਇਸ ਪ੍ਰਕਾਰ ਕੀ ਬਨਿਕੈ ਸੋਇ॥੬॥ ਦੇਗ ਅਹਾਰ ਅਚਹਿਂ ਨਹਿ ਸ਼ੰਕਹਿਂ,ਦਰਸ਼ਹਿਂ,ਨਹਿਂ ਲਾਜਹਿਂ ਮਨ ਮਾਂਹਿ। ਇਮਿ ਦਰਸ਼ਨਿ ਕੋ ਕਰਹਿਂ ਆਨ ਕਰਿ ਜੋ ਤਿਨ ਕੇ ਚਿਤ ਮਹਿਂ ਅਤਿ ਚਾਹਿ'। ਸਾਵਨ ਸੁਨਿ ਕਰਿ ਤਹਿਂ ਤੇ ਗਮਨਯੋ ਗੁਰ ਆਇਸੁ ਕੌਕਹਿ ਤਿਹ ਪਾਹਿ।‘ਮੈਂ ਕਹਿ ਬਹੁ ਬਿਧਿ ਅਸ ਠਹਿਰਾਈ[2] ਦੇਨਿ ਦਰਸ ਤਿਯ ਮਾਨਹਿਂ ਨਾਂਹਿ[3] ॥ ੭ ॥ ਇਸਤ੍ਰੀ ਨਹਿਂ ਹਜ਼ੂਰ ਮਹਿਂ ਪਹੁੰਚਹਿਂ[4] ਬਰਜੀ ਰਹਹਿਂ ਵਹਿਰ ਕੇ ਥਾਨ।ਨਮੋਕਰਤਿ ਬਿਨ ਦੇਖਨਿ ਤੇ ਸਭਿ,ਤੁਮਕੋ[5] ਇਸ ਬਿਧਿ ਕੀਨਿ ਬਖਾਨ।–ਸੇਤ ਬਸਤ੍ਰ ਪਹਿਰਾਵਹੁ ਸਭਿ ਕੋ ਪੁਨ ਪਾਵਹਿਂ ਦਰਸ਼ਨ ਇਤ ਆਨਿ–'। ਸੁਨਿ ਮਹਿਪਾਲਕ ਮਾਨੀ ਤਿਸ ਬਿਧਿ ਮੁਦਤਿ ਭਯੋ ਮਨ ਬਿਖੈ ਮਹਾਂਨ ॥੮॥ ਸਭਿਨਿ ਦੇਗ ਤੇ ਭੋਜਨ ਖਾਯੋ ਬਹੁਰ ਗਯੋ ਸੰਗ ਲੇ ਰਣਵਾਸੁ[6]। ਬਸਤ੍ਰ ਸੁਪੇਦ ਸਭਿਨਿ ਤਨ ਧਾਰੇ ਬਦਨ ਅਛਾਦਯੋ ਨਹਿਂ ਕਿਸ ਬਾਸੁ[7]। ਸਤਿਗੁਰ ਖਰੇ ਰਹਤਿ ਗਹਿ ਕੀਲਕ[8]ਬੀਚ ਚੁਬਾਰੇ ਊਚ ਅਵਾਸੁ।ਹੁਤੀ ਦਰੀਚੀ[9] ਨਿਕਟ ਤਿਸ਼ੀ ਕਹੁ ਦਰਸ਼ਨ ਕਰਹਿਂ ਜਿਨਹੁੰ ਕਹੁ ਪਯਾਸ ॥ ੯ ॥ ਤਿਸ ਕੇ ਤਰੇ ਖਰੇ ਹੁਇ ਕਰਿ ਕੈ ਅਵਲੋਕਤਿ ਗੁਰ ਰੂਪ ਸੁਜਾਨ। ਦਰਸ਼ਨ ਕਰਿ ਕਰਿ ਗਮਨਤਿ ਆਗੇ ਅਪਰਆਇ ਹੇਰਹਿਂ ਤਿਸ ਥਾਨ।ਦੇਸ਼ ਬਦੇਸ਼ਨਿਕੀਬਡਿ ਸੰਗਤਿ ਇਸੀ ਰੀਤਿ ਦਰਸਤਿ ਹੈ ਆਨਿ[10]। ਅੰਗੀਕਾਰ ਅਕੋਰ ਕਰਹਿਂ ਨਹਿਂ ਏਕ ਦਿਵਸ ਕੋ ਲੋਂ ਹਿਤੁ ਖਾਨਿ ॥੧੦॥ ਇਹ ਮਿਰਜਾਦ ਕਰੀ ਸ੍ਰੀ ਗੁਰੁ ਜੀ,ਨਿਕਟ ਸਿੱਖ ਇਸ ਬਿਧਿਕੋ ਜਾਨਿ[11]। ਸੋਈ ਕਰਹਿਂ ਅਪਰ ਨਹਿਂ ਬਰਤਹਿਂ ਮਹਿਪਾਲਕ ਆਯਹੁ ਤਿਸ ਥਾਨ। ਸਨਮੁਖ ਖਰੇ ਹੋਇ ਗੁਰੂ ਦਰਸੇ ਹਾਥ ਜੋਰਿ ਬੰਦਨ ਕੋ ਠਾਨਿ। ਉੱਤਮ ਅਧਿਕ ਅਕੋਰਨਿ ਕੋ ਤਬਿ ਅਰਪਨ ਲਾਗਯੋ ਬਿਨੈ ਬਖਾਨਿ॥੧੧॥ਸਭਿਬਿਧਿ ਤਬਿਸਿੱਖਨ ਸਮਝਾਈ ਵੇਰ ਨਮੋ ਕਰਿ ਕੀਨ ਪਯਾਨ। ਪੁਨ ਸਚਿਵਨ ਦਰਸੇ ਸ੍ਰੀ ਸਤਿਗੁਰੁ ਅਰੁ ਸੈਨਾ ਕੇ ਲੋਕ ਮਹਾਂਨ। ਮਹਿਖੀ ਸਹਤ ਅਪਰ ਜੋ ਦਾਰਾ ਬਿਸਦ ਬਸਤ੍ਰ

[1]ਚਿੱਟੀ ਪਹਿਰਕੇ ਪੋਸ਼ਾਕ। [2]ਗੁਰੂ ਜੀ ਨੂੰ ਕਹਿਕੇ ਇਹ ਗੱਲ ਮੁਕਰਰ ਕੀਤੀ ਹੈ:–। [3](ਗੁਰੂ ਜੀ) ਇਸਤ੍ਰੀਆਂ ਨੂੰ ਦਰਸ਼ਨ ਦੇਣਾ ਮੰਨਦੇ ਨਹੀਂ ਸਨ। [4]ਇਸਤ੍ਰੀਆਂ (ਗੁਰੂ ਕੇ ਹਜ਼ੂਰ) ਨਹੀਂ ਪਹੁੰਚਦੀਆਂ। [5](ਪਰ) ਤੁਸਾਨੂੰ। [6]ਰਾਣੀਆਂ ਨੂੰ। [7]ਮੂੰਹ ਢਕਿਆ ਨਾ ਕਿਸੇ ਕਪੜੇ ਨਾਲ। [8]ਕਿੱਲੀ। [9]ਬਾਰੀ[ਫ਼ਾ:,ਦਰੀਚਾ]। [10]ਆਕੇ। [11]ਨੇੜੇ ਰਹਿਣ ਵਾਲੇ ਸਿਖ ਇਸ ਨੂੰ ਜਾਣਦੇ ਹਨ।

ਜੁਤਿ ਬੰਦਨ ਠਾਨਿ।ਆਵਤਿ ਜਾਤਿ ਪ੍ਰਨਾਮ ਸੁ ਕਰਿ ਕਰਿ ਸੀਸ ਨਿਵਾਇੰ ਜੋਰ ਕਰਿ ਪਾਨਿ॥੧੨॥ਇਕ ਰਾਣੀ ਸਨਮੁਖ ਜਬਿ ਹੋਈ ਝਟਿਤ[1] ਬਸਤ੍ਰ ਤੇ ਬਦਨ ਛਿਪਾਇ। ਹੁਤੀ ਨਵੀਨ ਲਾਜ ਉਰ ਛਾਈ ਮਤਿ ਬਿਨ[2] ਗੁਰ ਬਚਨ ਨ ਸਿਮਰਾਇ[3]। ਤਿਸ ਕੀ ਦਿਸ਼ਿ ਅਵਲੋਕਨ ਕਰਿਕੈ ਸਤਿਗੁਰ ਬੋਲੇ ਸਹਿਜ ਸੁਭਾਇ। 'ਇਹ ਕਮਲੀ ਕਿਸ ਕਾਰਨ ਆਈ ਜੋ ਹਮਰੋ ਦਰਸ਼ਨਨਹਿਂ ਭਾਇ'॥੧੩॥ਤਤਛਿਨ ਸੁਧਿਬੁਧਿ ਨਾਸ਼ਭਈ ਤਿਸ,ਬਸਤ੍ਰ ਉਤਾਰਤਿ ਦੀਏ ਬਗਾਇ[4]।ਧਾਇ ਅਚਾਨਕ ਗਈ ਵਹਿਰ ਕੋ ਮਾਨਵ ਘੇਰ ਰਹੇ ਸਮੁਦਾਇ। ਨ੍ਰਿਪਤ ਬ੍ਰਿਤਾਂਤ ਸੁਨਯੋ ਗੁਰ ਬਚ ਕੋ ਅਧਿਕ ਤ੍ਰਾਸ ਕਰਿ ਉਰ ਬਿਸਮਾਇ। ਸ਼ਰਧਾ ਵਧੀ ਅਮੋਘ[5] ਵਾਕ ਅਸ ਜਿਮ ਰਘੁਬਰ ਕੇ ਸਰ[6] ਸਫਲਾਇ॥੧੪॥ਰਹਯੋ ਕਿਤਿਕ ਦਿਨ,ਨਿਤਿਪ੍ਰਤਿ ਦਰਸਹਿ ਬੰਦਨ ਕਰਹਿ ਭਾਉ ਬਹੁ ਠਾਨਿ।ਨਹੀਂ ਭਾਰਜਾ ਪ੍ਰਾਪਤਿ ਹੋਈ ਕਰੇ ਬੇਗ ਗਮਨੀ ਉਦਿਆਨ[7]। ਦੇਗ ਕਰਾਵਤਿ ਰਹਯੋ ਗੁਰੂ ਕੀ ਸਚਿਵਨਿ ਸਹਤ ਕਰਤਿ ਤਹਿਂ ਖਾਂਨਿ[8]। ਡਰਹਿ ਅਵੱਗਯਾ ਤੇ ਕਛੁ ਹੋਹਿ ਨ, ਮਨ ਤੇ ਨੰਮ੍ਰੀ ਰਹੈ ਮਹਾਨਿ॥੧੫॥ਕਿਤਿਕ ਵਿਵਸ ਬਸਿ ਬਿਦਾ ਭਯੋ ਪੁਨ ਸਤਿਗੁਰ ਆਇਸੁ ਤਿਸੁ ਕੋ ਦੀਨਿ। 'ਸਾਵਣਮੱਲ ਗੁਰੂ ਹੈ ਤੁਮਰੋ ਇਸ ਕੋ ਨਿਤਿ ਮਾਨਹੁ ਹਿਤ ਕੀਨਿ।ਸੁਤ ਜਿਵਾਇਬੋ ਆਦਿ ਕਾਮਨਾ ਪੂਰਬ ਪੂਰਨ ਕਰੀ ਪ੍ਰਬੀਨ। ਅਬਿ ਭੀ ਬਾਂਛਤਿ ਦੇਇਸਭਿਨਿ ਤਿਨ*ਸ਼ਰਧਾ ਧਰਹੁ ਕਸ਼ਟ ਗਨ ਛੀਨ[9]। ੧੬॥ ਸਰਬ ਦੇਸ਼ ਤੁਮਰੇ ਕੋ ਗੁਰ†ਹੈ ਹਿਤ ਕਰਿ ਸੇਵਹੁ ਪ੍ਰਿਥਮ ਸਮਾਨ'। ਹਾਥਿ ਜੋਰ ਨ੍ਰਿਪ ਨੇ ਸਿਰ ਧਾਰੀ 'ਤਿਨ ਕੇ ਨਿਤਿ ਅਨੁਸਾਰਿ ਮਹਾਨ। ਮਨਹੁ ਪ੍ਰਾਨ ਸਭਿ ਕੇ ਸੁਤ ਐਸੋ[10] ਮ੍ਰਿਤਕ ਜਿਵਾਇ ਦਿਯੋ ਬਡ ਦਾਨ। ਇਸ ਤੇ ਨੀਕੋ ਆਨ ਕੌਨ ਹੈ ਜਿਸ ਕਰਿ ਤੁਮਰੋ ਦਰਸ਼ਨ ਠਾਨਿ' ॥੧੭॥ ਇਮਿ ਕਹਿ ਨ੍ਰਿਪ ਕੋ ਬਿਦਾ ਕਰਯੋ ਪ੍ਰਭੁ, ਗਯੋ ਹਰੀਪੁਰ ਅਪਨੇ ਦੇਸ਼। ਸਿਮਰਨ ਕਰਤਿ ਰਹਯੋ ਸ਼੍ਰੀਸਤਿਗੁਰ ਸਾਵਣਮਲਕੋ ਪੂਜਵਿਸ਼ੇਸ਼।ਸਚਿਵਨ

[1]ਛੇਤੀ ਨਾਲ। [2]ਮੂਰਖ ਨੇ। [3]ਯਾਦ ਨਾਂ ਕੀਤੇ। [4]ਸੁੱਟ ਦਿੱਤੇ। [5]ਸਫਲੇ। [6]ਤੀਰ। [7]ਛੇਤੀ ਨਾਲ ਜੰਗਲ ਨੂੰ ਚਲੀ ਗਈ। [8]ਭਾਵ ਲੰਗਰ ਵਿਚ ਰੋਟੀ ਖਾਂਦਾ। [9]ਸਾਰੇ ਕਸ਼ਟ ਦੂਰ ਹੋਣਗੇ। [10]ਸਭ ਨੂੰ ਪੁੱਤ੍ਰ ਐਸੀ (ਚੀਜ਼ ਹੈ) ਜੋ ਮਾਨੋ ਪ੍ਰਾਣਾਂ (ਦੇ ਤੁੱਲ ਹੈ)। (ਅ) ਮਾਨੋ ਸਾਰਿਆਂ ਦੇ ਪ੍ਰਾਣ (ਰੂਪੀ) ਐਹੋ ਜਹੇ ਪੁੱਤ੍ਰ ਨੂੰ। *ਪਾ:-ਨਿਤ।

†ਦੇਖੋ ਇਸੇ ਰਾਸ ਦੇ ਅੰਸੂ ੩੨ ਅੰਕ ੨੯ ਦੀ ਹੇਠਲੀ ਟੂਕ।

ਸਹਤ ਪ੍ਰਜਾ ਸਭਿ ਮਾਨਹਿਂ ਉੱਤਮ ਦੇਤਿ ਅਕੋਰ ਹਮੇਸ਼। ਗੋਇੰਦਵਾਲ ਵਸਹਿ ਕਬਿ ਆਇ[1]ਸੁ,ਕਬਹੂੰ ਜਾਇ ਸਮੀਪ ਨਰੇਸ਼ ॥੧੮॥ ਇਕ ਸੇਵਕ ਨਿਤ ਲੰਗਰ ਕੇ ਹਿਤ ਸਮਧਾ[2] ਬਨ ਤੇ ਭਾਰ ਸੁ ਲਯਾਇ। ਪ੍ਰੀਤਿ ਰਿਦੈ ਸਤਿਗੁਰ ਪਦ ਪੰਕਜ ਅਪਰ ਨ ਪ੍ਰੇਮ ਕਰੇ ਕਿਸਿ ਥਾਇਂ। ਕ੍ਰਿਆ ਕਰਮ, ਬਿਵਹਾਰ ਅਚਾਰਨਿ,ਜੁਕਤਿ ਨ ਕੋਊ ਜਾਨਿ ਸਕਾਇ। ਪਠਨਿ ਸੁਨਨਿ, ਬੋਲਨਿ ਗਤਿ ਮਿਲਿਬੋ,ਦੇਨ,ਲੇਨ,ਕੁਛਨਹੀਂ ਲਖਾਇ[3] ॥੧੯॥ਜਾਪ ਮੰਤ੍ਰ ਕੁਛ ਜਪ ਨਹਿਂ ਜਾਨਹਿਂ ਸੇਵਾ ਕਰਨਿ ਬਿਖੈ ਹਿਤ ਠਾਨਿ। 'ਸੱਚਨਿ ਸੱਚ' ਬਕੇ[4] ਇਕ ਮੁਖ ਤੇ, ਦੂਜੀ ਬਾਤ ਧਰਹਿ ਨਹਿਂ ਕਾਨ। ਉਠਤਿ ਬੈਠਤਿ ਆਵਤਿ ਜਾਤੇ ਬਨ ਮਹਿਂ ਪੁਰ ਮਹਿਂ ਸਭਿ ਹੀ ਥਾਨ।'ਸੱਚਨਿ ਸਚ'ਬਚਨ ਇਮਿ ਉਚਰਹਿ, ਮਨ ਰਾਖਹਿ ਸਤਿਗੁਰ ਕੋ ਧਯਾਨ ॥੨੦॥ ਸਿਖ ਸੰਗਤਿ ਸਗਰੇ ਹੀ ਸੁਨਿ ਕਰਿ'ਸੱਚਨਿਸੱਚ'ਨਾਮ ਕਹਿਂ ਤਾਂਹਿ।ਦਯਾ ਕਰਹਿਂ ਤਿਸ ਪਰ ਹਿਤ ਧਾਰਹਿਂ,ਹਸਹਿਂ ਬਹੁਤ ਸਭਿ ਉਰ ਹਰਖਾਹਿਂ। 'ਆਵਹੁ ਸੱਚਨਿ ਸੱਚ'ਪੁਕਾਰਹਿਂ ਬਹੁਰ ਸਰਾਹਹਿਂ ਸੇਵਦਿਖਾਹਿਂ[5]। ਈਂਧਨਆਨਹਿਂ[6]ਆਇਸੁ ਮਾਨਹਿ,ਜੋ ਸਿਖ ਕਹਹਿਂ ਸੁ ਫੇਰਹਿ ਨਾਂਹਿ॥੨੧॥ਇਮਿ ਸੰਗਤਿ ਕੀ ਖੁਸ਼ੀ ਹੋਤਿ ਨਿਤਿ ਸਤਿਗੁਰ ਭੀ ਉਰ ਹੋਹਿਂ ਕ੍ਰਿਪਾਲ। ਜਿਸ ਪਰ ਸਿੱਖਨ ਪ੍ਰਸੰਨ ਰਹਹਿਂ ਬਹੁ ਤਿਸ ਪਰ ਗੁਰੂ ਪ੍ਰਸੰਨ ਬਿਸਾਲ।ਗੁਰ ਪ੍ਰਸੀਦ ਹੁਇ[7]ਜਿਸਪਰ ਜਾਨਹੁ ਤਿਸ ਪਰ ਤੀਨ ਲੋਕਪਤਿ ਦਯਾਲ[8]।ਪ੍ਰਭੂ ਪ੍ਰਸੰਨ ਹੋਇਂ ਜਬਿਜਿਸ ਪਰ ਕਰੁਨਾ ਕਰਹਿਂ ਚਰਾਚਰ ਜਾਲ ॥੨੨॥ ਕੰਬਲ ਏਕ ਧਰਹਿ[9]* ਤਨ ਛਾਦਨ 'ਭੂਰੇ ਵਾਰੋ[10]' ਕਰਹਿਂ ਉਚਾਰ। ਸੇਵਹਿ ਸਦਾ ਦੇਗ ਕੀ ਸੇਵਾ, ਲਯਾਵਨਿ ਸਮਧਾ[11]ਆਦਿ ਜਿ ਕਾਰ। ਸੋ ਬਨ ਬਿਖੈ ਨਿਤਾਪ੍ਰਤਿ ਗਮਨਤਿ ਇਕ ਦਿਨ ਗਯੋ ਬੰਧਿਬੇ ਭਾਰ[12]। ਸੋ ਨ੍ਰਿਪ ਕੀ ਦਾਰਾ[13] ਇਸ ਪਿਖਿ ਕਰਿ ਆਈ ਦੌਰ ਮਹਾਂ ਬਿਕਰਾਰ[14] ॥ ੨੩ ॥ ਸਿਰ ਪਰ ਬਾਰ ਖਿੰਡੇ ਚਹੁੰ ਦਿਸ਼ ਮਹਿਂ ਨਗਨ ਅੰਗ ਸਗਰੋ ਜਿਸ ਕੇਰਿ।ਭੈਦਾਯਕ ਬਨ ਮਹਿਂ ਨਿਤਿ ਬਿਚ-

---

[1]ਉਹ (ਸਾਵਣ ਮਲ)। [2]ਲਕੜਾਂ ਦਾ ਭਾਰ। [3]ਭਾਵ, ਸਿੱਧਾ ਤੇ ਸੂਧਾ ਅਤਿ ਦਾ ਸੀ। [4]ਬੋਲਦਾ ਸੀ। [5]ਵੇਖਕੇ। [6]ਬਾਲਣ ਲਿਆਵੇ। [7]ਪ੍ਰਸੰਨ ਹੋਣ। [8]ਤਿੰਨਾਂ ਲੋਕਾਂ ਦੇ ਮਾਲਕ ( ਪ੍ਰਭੂ ਜੀ ) ਦਿਆਲ ਹੁੰਦੇ ਹਨ। [9]ਕੰਬਲੀ ਧਾਰਦਾ ਹੈ ( ਸੱਚ ਨਿਸੱਚ )। [10]ਭੂਰੀ ਵਾਲਾ। [11]ਬਾਲਣ। [12](ਬਾਲਣ ਦਾ) ਭਾਰ ਬੰਨ੍ਹਣ ਨੂੰ। [13]ਭਾਵ ਹਰੀ ਪੁਰ ਵਾਲੇ ਰਾਜਾ ਦੀ ( ਪਾਗਲ ) ਇਸਤ੍ਰੀ। [14]ਭਿਆਨਕ। *ਪਾ:—ਕਰਹਿ।

ਰਹਿ ਸੱਚਨਿਸੱਚ[1] ਗਹਯੋ ਤਿਨ[2] ਹੇਰਿ।ਗਰ ਲਪਟੀ ਮੁਖ ਦੰਤਨਿ ਕਾਟਤਿ ਕਰੇ ਨਖਨ ਕੇ ਘਾਵ ਘਨੇਰਿ। ਛੂਟ ਰਹਯੋ, ਬਲ ਕਰਯੋ ਆਪਨੋ,ਤਊ ਨ ਛੋਡਯੋ ਤ੍ਰਾਸ ਬਡੇਰਿ[3] ॥੨੪॥ ਘਾਇਲ ਭਯੋ, ਰੁਧਿਰ ਬਹੁ ਸ੍ਰਵਯੋ[4] ਕਰਹਿ ਜਤਨ ਛੂਟਨ ਤਿਸਿ ਪਾਸ। ਨੀਠਿਨੀਠਿ[5] ਤਿਸ ਦੂਰ ਕਰਯੋ ਜਬਿ ਅਪਨੋ ਜੋਰ ਬਿਸਾਲ ਪ੍ਰਕਾਸ਼। ਬਡਿ ਲਕਰੀ ਕਰ ਮਹਿਂ ਤਬਿ ਧਾਰੀ ਇਕਦੁਇ ਹਤੀ[6]ਪਾਇ ਬਡ ਤ੍ਰਾਸ। ਤਬਿ ਤਜਿ ਕਰਿ ਕਾਨਨ ਦਿਸ਼ ਗਮਨੀ ਮਹਿਦ ਬਾਵਰੀ ਸੁਧਿ ਬੁਧਿ ਨਾਸ਼ ॥ ੨੫ ॥ ਈਂਧਨ ਕੁਛਕ ਸਕੇਲਯੋ[7] ਤ੍ਰਾਸਤਿ, ਤੂਰਨਿ ਬੰਧਿ ਹਟਯੋ ਪੁਰਿ ਓਰਿ।ਆਗੇ ਚਲਤਿ ਪਿਖਤਿ ਬਹੁ ਪਾਛੇ ਤ੍ਰਾਸ ਭਰਯੋ ਉਰ ਦੇਖੇ ਘੋਰਿ। ਗੋਇੰਦਵਾਲ ਪਹੂੰਚਯੋ ਆਇ ਸੁ ਰੁਧਰਿ ਸ੍ਰਵਤਿ ਅਰੁ ਲਕਰੀ ਥੋਰਿ। ਅਵਲੋਕਤਿ ਸਭਿ ਲੋਕਨਿ ਬੂਝਯੋ 'ਕਹਾਂ ਭਯੋ ਤੁਝ ਕੋ ਕਿਸ ਠੌਰ?' ॥ ੨੬ ॥ ਸ੍ਰੀ ਸਤਿਗੁਰ ਨਿਜ ਨਿਕਟ ਹਕਾਰਯੋ ਪੂਛਤਿ ਭਏ 'ਕਹਾਂ ਇਹ ਕੀਨ?। ਕਿਨ ਤਨ ਘਾਵ ਕਰੇ ਤੁਝ ਮਾਰਯੋ ਰੁਧਰਿ ਸ੍ਰਾਵਤੇ, ਉਰ ਭੈ ਭੀਨਿ[8]।ਕੌਣ ਲਰਯੋ ਕਿਨ ਬਿਘਨ ਪਸਾਰਯੋ, ਅਰੁ ਲਕਰੀ ਥੋਰੀ ਬਨ ਲੀਨ?। ਬਾਹਰ ਬਿਲਮ ਲਗੀ ਤੁਝ ਦੀਰਘ ਨਿਜ ਬ੍ਰਿਤਾਂਤ ਕਹੁ ਲੇ ਸਭਿ ਚੀਨ'॥੨੭॥ਆਗੈ,ਸਤਿਗੁਰ ਹਾਥ ਜੋਰਿ ਕਰਿ ਉਚਰਯੋ 'ਬਨ ਮਹਿਂ ਏਕ ਬਲਾਇ।ਬਾਰ ਖਿੰਡੇ ਸਿਰ, ਨਗਨ ਅੰਗ ਤੇ ਮੋਹਿ ਬਿਲੋਕਤਿ ਤੂਰਨਿ ਆਇ।ਗਰ ਲਪਟੀ ਨਖ ਦੰਤ ਹਤੇ ਬਹੁ,ਨੀਠਿ ਨੀਠਿ ਮੈਂ ਆਪ ਛੁਟਾਇ। ਤਿਸ ਦਿਸ਼ ਮੇਰੋ ਬਨਹਿ ਨ ਜਾਨੋ,ਪਕਰਹਿ ਧਾਇ,ਪ੍ਰਾਨ ਬਿਨਸਾਇ।੨੮॥ ਸਮਧਾ ਲੇਨਿ ਦਈ ਨਹਿਂ ਤਿਸਨੇ ਦੇਖਤਿ ਤ੍ਰਾਸ ਰਿਦੈ ਉਪਜਾਇ। ਪਰਾਰਬਧ ਤੇ ਛੂਟਨ ਹੋਯਹੁ ਨਾਂਹਿ ਤ ਮਾਰਿ ਦੇਤਿ ਤਿਸੁ ਬਾਇ।ਰਹਯੋ ਪੁਕਾਰ ਨ ਮਾਨਵ ਨੇਰੇ ਆਨਿ ਛੁਟਾਵਹਿ ਜੋ ਬਲਿ ਲਾਇ।ਅਪਰ ਦਿਸ਼ਾ ਈਂਧਨ ਹਿਤ ਲੈਬੇ ਮੈਂ ਗਮਨਹੁੰਗੋ,ਭਾਇ ਸਿ ਭਾਇ[9] ॥੨੯॥ ਸੁਨਿ ਕਰਿ ਸ੍ਰੀ ਗੁਰ ਅਮਰ ਦਾਸ ਕਹਿ'ਮਤ ਭੈ ਕਰਹੁ ਸੁ ਨਹੀਂ ਬਲਾਇ। ਭੂਪ ਹਰੀਪੁਰ ਤਿਸ ਕੀ ਦਾਰਾ ਭਈ ਬਾਵਰੀ ਸੁਧਿ ਨਹਿਂ ਕਾਇ। ਜਾਹੁ ਭੋਰ ਲਿਹੁ ਕੌਂਸ[10] ਹਮਾਰੀ ਜਬਿ ਆਵਹਿ ਤੇਰੀ ਦਿਸ਼ ਧਾਇ।ਹਤਹੁ ਸੀਸ ਮਹਿਂ ਹੋਇ ਸੁ ਰਾਜੀ

[1]ਸੱਚ ਨਿਸੱਚ ਨੂੰ। [2]ਓਸ ਨੇ। [3]ਬਹੁਤ ਡਰਾਵੇ। [4]ਸਿੰਮਿਆਂ। [5]ਮਸਾਂ ਮਸਾਂ। [6]ਮਾਰੀਆਂ। [7]ਕੱਠਾ ਕੀਤਾ। [8]ਭਾਵ ਦਿਲ ਭੈ ਨਾਲ ਭਰ ਰਿਹਾ ਹੈ। [9]ਸੁਤੇ ਸੁਭਾ (ਅ) ਅਜ ਜੁ ਮੇਰੇ ਨਾਲ ਇਸ ਤਰ੍ਹਾਂ ਵਰਤੀ ਹੈ, (ੲ) (ਅਜ ਮੇਰੇ ਨਾਲ) ਜੋ ਹੋਈ ਸੋ ਹੋਈ। [10]ਖੜਾਉਂ।

ਆਪਨੇ ਸੰਗ ਤਾਂਹਿ ਲੇ ਆਇ' ॥ ੩੦॥ ਸੁਨਿ ਸਭਿ ਸੰਗਤਿ ਬਿਸਮਯ ਹ੍ਵੈ ਕਰਿ ਸੱਚਨਿ ਸੱਚ ਸਾਥ ਬਚ ਗਾਇ। 'ਨਹਿਂ ਅਬ ਡਰਹੁ ਜਾਹੁ ਤਿਸ ਹੀ ਦਿਸ਼' ਨਿਸਿ ਬਿਤਾਇ ਕਰਿ ਗਾ ਤਿਸੁ ਥਾਇਂ[1]।ਦੇਖਿ ਦੂਰ ਤੇ ਕੂਕ ਪੁਕਾਰਤਿ,ਭੈ ਦਾਯਕ ਜੋ ਦਿਖੀ ਨ ਜਾਇ।ਊਚੀ ਭੁਜੈਂ ਉਲਾਰਤਿ ਦੌਰੀ ਤਤਛਿਨ ਨਿਕਟਿ ਗਈ ਤਿਸ ਆਇ॥੩੧॥ਕਰ ਮਾਰਨ ਕੋ ਜਬਹੂੰ*ਉਛਰੀ† ਕੌਂਸ ਹਤੀ ਤਿਸੁ ਸੀਸ ਮਝਾਰੁ। ਗੁਰ ਪਨਹੀ[2] ਛੁਵਤ‡ ਸੁਧਿ ਹੋਈ ਬੈਠਿ ਗਈ ਤਨ ਭਈ ਸੰਭਾਰੁ।ਨਗਨ ਅੰਗ ਜਾਨੇ ਨਿਜ ਸਕੁਚੀ ਅਤਿ ਲੱਜਾ ਕੋ ਚਿਤ ਮਹਿਂ ਧਾਰਿ। ਸਿਮਰਨ ਕਰੀ ਬਾਰਤਾ ਸੋਊ,-ਕਮਲੀ, ਸ੍ਰੀ ਗੁਰ ਕੀਨਿ ਉਚਾਰਿ-॥੩੨॥'ਹੇ ਗੁਰਸਿਖ!ਮੁਹਿ ਬਸਤ੍ਰ ਦੇਹਿਕੁਛ ਤਨ ਛਾਦਨ ਮੈਂ ਕਰੌਂ ਸੁਧਾਰਿ। ਸ੍ਰੀ ਗੁਰ ਨਿਕਟ ਜਾਇ ਬਖਸ਼ਾਵੌਂ ਨਿਜ ਅਪਰਾਧ ਨ ਆਗਯਾ ਧਾਰਿ[3]। ਮਹਾਂ ਕਸ਼ਟ ਮੁਹਿ ਪ੍ਰਾਪਤਿ ਹੋਯਹੁ ਅਬਿ ਹੋਈ ਤਨ ਕੀ ਸੰਭਾਰਿ। ਦਰਸ਼ਨ ਕਰਹਿਂ ਦੋਸ਼ ਗਨ ਨਾਸਹਿਂ, ਲੇ ਚਲਿ ਤੂੰ ਅਬ ਪੁਰੀ ਮਝਾਰਿ'॥੩੩॥ਸੁਨਿਕੰਬਲਿ ਅਪੁਨੀ ਤਿਨਿ ਦੀਨਸਿ[4],ਢਾਂਪਯੋਤਨ,ਅਪਨੇ ਸੰਗ ਲਯਾਇ। ਜੁਗ[5] ਬਡਿਭਾਗ ਖਰੇ ਤਬਿ ਆਗੇ, ਸਤਿਗੁਰ ਪਿਖਿ ਤਿਨ ਬਹੁ ਬਿਗਸਾਇ। ਕ੍ਰਿਪਾ ਕਰੀ ਪੁਨ ਕਹਯੋ'ਸੁਨਹੁ ਤੁਮਪਤਿ ਇਸਤ੍ਰੀ ਬਨਿ ਰਹੁ ਇਕ ਥਾਇ। ਤੇਰੀ ਘਾਲਿ ਪਰੀ ਅਬਿ ਥਾਇਂ ਸੁ ਮੇਰੋ ਧਯਾਨ ਕਰਹੁ ਘਰ ਜਾਇ॥੩੪॥ ਦੁਤਿਯ ਕੌਂਸ ਭੀ ਲਿਹੁ ਹਮ ਪਗ ਕੀ ਬਯਾਧਿ ਉਪਾਧਿ ਜਿ ਕਿਸ ਕੇ ਹੋਇ।ਇਸ ਕੇ ਛੁਵਤਿ ਬਿਨਸ ਸਭਿ ਜਾਵਹਿਂ ਤਿਸ ਤਨ ਕੇ ਦੁਖ ਰਹੈ ਨ ਕੋਇ। ਬਚਨ ਫੁਰਹਿ ਤੁਵ ਬਰ ਜੁ ਸ੍ਰਾਪ ਸਭਿ, ਨਿਜ ਗ੍ਰਿਹਿ ਬਸਹੁ ਚਿੰਤ ਚਿਤ ਖੋਇ। ਗੁਰਮੁਖ ਪੰਥ ਪ੍ਰਕਾਸ਼ਹੁ ਜਿਤ ਕਿਤ' ਅਜ਼ਮਤ ਸਹਤ ਭਯੋ ਤਬਿ ਸੋਇ ॥ ੩੫॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸੱਚਨਸੱਚ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥ ੩੩ ॥

### ੩੪. [ਦਾਤੂ ਜੀ ਨੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਲਤ ਮਾਰਨੀ]।

ਦੋਹਰਾ॥ ਇਸ ਪ੍ਰਕਾਰ ਸ੍ਰੀ ਸਤਿਗੁਰੂ ਬਖਸ਼ਿਸ਼ ਕੀਨਿ ਬਿਸਾਲ। ਮੇਰੁ ਕਰਯੋ ਰੰਚਕ ਹੁਤੋ[6] ਸਫਲ ਭਈ ਤਿਸ ਘਾਲ॥ ੧॥ ਚੌਪਈ ॥ ਕ੍ਰਿਪਾ ਦ੍ਰਿਸ਼ਟਿ ਸ੍ਰੀ

[1]ਗਿਆ ਉਸੇ ਥਾਵੇਂ। [2]ਜੁੱਤੀ ਅਥਵਾ ਖੜਾਊਂ। [3]ਆਪਣਾ ਅਪਰਾਧ, ਜੋ ਮੈਂ ਗੁਰੂ ਜੀ ਦਾ ਹੁਕਮ ਨਹੀਂ ਮੰਨਿਆਂ ਸੀ। [4]ਸੱਚਨਸੱਚ ਨੇ ਦਿੱਤੀ ਆਪਣੀ ਕੰਬਲੀ। [5]ਦੋਵੇਂ (ਭਾਵ ਸਚੱਨ ਸੱਚ ਤੇ ਰਾਣੀ)। [6]ਭਾਵ ਜੋ ਕੁਛ ਬੀ ਨਹੀਂ ਸੀ ਉਸ ਨੂੰ ਪਰਬਤ ਵਰਗਾ ਉੱਚਾ ਕਰ ਦਿੱਤਾ।

*ਪਾ:-ਜਬ ਹੀ। †ਪਾ:-ਉਸਰੀ। ‡ਪਾ:-ਛੁਟਤ।

ਸਤਿਗੁਰ ਦੇਖਿ।ਕਰਯੋ ਬੂੰਦ ਤੇ ਜਲਧਿ ਬਿਸ਼ੇਖਿ।ਜਿਨ ਕੇ ਸਮ ਨ ਗਰੀਬ ਨਿਵਾਜੂ।ਆਪਿ ਡੁਬਤਿ ਸੋ ਕਰੇ ਜਹਾਜੂ[1] ॥ ੨ ॥ ਬਿਦਾ ਕਰਯੋ ਇਸਤ੍ਰੀ ਸੋ ਦੀਨਿ[2]।ਭਯੋ ਪ੍ਰਮੁਦਿਤ ਕਸ਼ਟ ਮਨ ਛੀਨ।ਬਾਰਬਾਰ ਗੁਰ ਪਦਅਰਬਿੰਦ। ਕਰੀ ਬੰਦਨਾ ਲਹਿ ਸੁਖ ਬ੍ਰਿੰਦ ॥ ੩ ॥ ਊਚੇ ਪਦ ਕੋ ਪ੍ਰਾਪਤ ਭਯੋ। ਅਪਨੇ ਗ੍ਰਿਹ ਕੋ ਮਗ ਪੁਨ ਲਿਯੋ।ਨਿਜ ਸਥਾਨ ਮਹਿਂ ਕੀਨਿ ਪ੍ਰਕਾਸ਼।ਬਹੁਤ ਨਰਨਿ ਕੀ ਪੂਰਤਿ ਆਸ॥੪॥ਸੰਕਟ ਸਹਤ ਜਾਇ ਢਿਗ ਜੋਊ।ਕੌਸ ਛੁਵਤਿ ਬਿਨ ਰੁਜ ਕੇ ਸੋਊ[3]। ਲੋਕ ਹਜ਼ਾਰਨਿ ਹੀ ਚਲਿ ਆਵੈਂ। ਕਹੈਂ ਸ੍ਰਾਪ ਬਰ ਸੋ ਸਫ-ਲਾਵੈਂ ॥੫॥ ਮਹਿਮਾ ਮਹਾਂ ਦੇਸ਼ ਤਿਸ ਭਈ।ਪੂਜਹਿਂ ਪਰਮ ਭਾਵਨਾ ਲਈ। ਅਨਿਕ ਲੋਕ ਤਿਨ ਕਿਏ ਨਿਹਾਲ।ਕਸ਼ਟ ਮਿਟਾਇ ਅਨੰਦ ਬਿਸਾਲ॥੬॥ ਸੇਖੋ ਪੁਰਿ*ਪ੍ਰਸਿੱਧ ਹੈ ਅਬਿ ਲੌ। ਕੌਂਸ ਸਮੀਪ ਅਹੈ ਤਿਨ ਤਬਿ ਲੌ।ਛੁਵਤਿ ਰੋਗ ਅਨੇਕ ਬਿਨਾਸੈਂ। ਮਹਾਂ ਮਹਾਤਮ ਜਗਤ ਪ੍ਰਕਾਸ਼ੈ॥੭॥ਜਿਸ ਜਿਸ ਪਰ ਗੁਰ ਕਿਰਪਾ ਕਰੀ।ਭਏ ਨਿਹਾਲ ਅਬਿੱਦਯਾ ਹਰੀ।ਦੁਹਿਂ ਲੋਕਨ ਕੀ ਲਹਿ ਬਡਿਆਈ।ਤਰੇ, ਸੁ ਲੀਨਿ ਸੰਗ ਸਮੁਦਾਈ ॥੮॥ ਤਪ,ਜਪ, ਜੋਗ,ਜੱਗਜ ਬ੍ਰਿਤਿ ਦਾਨੂ।ਗੁਰ ਸੇਵਾ ਕੇ ਹੈਂ ਨ ਸਮਾਨੂ।ਜਿਨ ਕੇ ਬਡੇ ਭਾਗ ਜਗਜਾਗੇ।ਸੋ ਸਤਿਗੁਰ ਕੀ ਸੇਵਾ ਲਾਗੇ॥੯॥ਇਸ ਪ੍ਰਕਾਰ ਗੁਰ ਕੋ ਜਸੁ ਫੈਲਾ।ਸੁਨਿ ਸੁਨਿ ਆਇਂ ਦਰਸ ਹਿਤ ਗੈਲਾ। ਲੋਕ ਅਨੇਕ ਕਾਮਨਾ ਧਾਰੈਂ। ਸਭਿ ਪਾਵਤਿ ਜਬਿ ਰੂਪ ਨਿਹਾਰੈਂ॥੧੦॥ਗ੍ਰਾਮ ਪੁਰਨਿ ਕੇ ਲੋਕ ਘਨੇਰੇ।ਆਵਤਿ ਦਰਸਹਿਂ ਭਾਗ ਬਡੇਰੇ।ਲਗਹਿ ਦਿਵਾਨ ਮਹਾਨ ਹਮੇਸ਼ੁ। ਸੰਗਤਿ ਨਿਤਿਪ੍ਰਤਿ ਆਇ ਵਿਸ਼ੇਸ਼ੁ॥੧੧॥ ਉੱਤਮ ਬ੍ਰਿੰਦ ਉਪਾਇਨ ਲਯਾਵੈਂ।ਅੰਗੀਕਾਰਨ ਹੋਇ,ਹਟਾਵੈਂ[4]। ਜੇਤਿਕ ਦੇਗ ਬਿਖੈ ਲਗਿ ਜਾਇ। ਗ੍ਰਹਿਨ ਕਰਹਿਂ,ਸੋ ਨਰ ਗਨ ਖਾਇਂ ॥੧੨॥ਲੰਗਰ ਚਲਹਿ ਅਤੋਟ ਬਿਸਾਲਾ। ਹੋਵਨ ਲਗਹਿ ਪ੍ਰਾਤਿ ਹੀ ਕਾਲਾ। ਜਬਹਿ ਦਯੋਸ ਆਵਹਿ ਮੱਧਯਾਨ[5]। ਤਬਿ ਸਤਿਗੁਰ ਪਹੁੰਚਹਿਂ ਹਿਤ ਖਾਨ ॥੧੩॥ਅਚਹਿਂ ਓਗਰਾ ਹੋਇ ਅਲੂਨਾ[6]।ਸੋ ਭੀ ਤਨਕ[7],ਉਦਰ[8]ਰਹਿ ਊਨਾ। ਸੰਗਤਿ ਖਟ ਰਸ ਖਾਇ ਅਹਾਰਾ। ਮਧੁਰ ਤੁਰਸ਼[9] ਜੇ ਅਨਿਕ ਪ੍ਰਕਾਰਾ ॥੧੪॥ਤਬਿ ਤੇ ਲੰਗਰ ਬਰਤਤਿ ਰਹੈ।ਆਨਿ ਅਚਹਿ ਭੋਜਨ ਜੋ ਚਹੈ।ਨਹਿਂ

[1]ਜੋ ਆਪ ਡੁੱਬ ਰਹੇ ਸਨ ਉਹਨਾਂ ਨੂੰ (ਹੋਰਨਾਂ ਨੂੰ ਬਚਾਉਣ ਵਾਲੇ) ਜਹਾਜ ਬਣਾ ਦਿੱਤਾ। [2]ਦਿੱਤੀ। [3]ਅਰੋਗ (ਹੋ ਜਾਂਦਾ) ਓਹ। [4]ਮੋੜ ਦੇਂਦੇ ਸਨ (ਗੁਰੂ ਜੀ)। [5]ਦੁਪਹਿਰ। [6]ਲੂਣ ਤੋਂ ਬਿਨਾਂ। [7]ਥੋੜਾ ਜਿਹਾ। [8]ਪੇਟ। [9]ਮਿੱਠਾ ਤੇ ਖੱਟਾ। *ਫੀਰੋਜ਼ਪੁਰ ਦੇ ਜ਼ਿਲੇ ਵਿਚ ਦੱਸੀਦਾ ਹੈ।

ਕਿਸਹੂੰ ਹਟਕਾਰਨ ਹੋਇ। ਦੇਸ਼ ਬਿਦੇਸ਼ੀ ਲਹਿਂ ਸਭਿ ਕੋਇ ॥ ੧੫॥ ਜਹਿਂ ਕਹਿਂ ਸੁਜਸੁ ਬਿਸਾਲ ਪ੍ਰਕਾਸ਼ਾ। ਸਿੱਖਜਨ ਮਨ ਮਹਿਂ ਹੋਤਿ ਹੁਲਾਸਾ। ਸ੍ਰੀ ਅੰਗਦ ਕੋ ਸੁਤ ਸੁਨਿ ਕਰਿਕੈ।ਜਰਹਿਂ ਨਹੀਂ,ਜਾਵਤਿ ਜਰ ਬਰਿਕੈ[1]॥੧੬॥ —ਹਮਰੇ ਘਰਕੀ ਇਹੁ ਬਡਿਆਈ।ਹਮ ਕਉ ਕਿਉਂ ਨ ਹੋਹਿ ਸੁਖਦਾਈ—। ਸ੍ਰੀ ਅੰਗਦ ਬੈਕੁੰਠ ਪਧਾਰੇ। ਕਰੀ ਤੇਰੁਵੀਂ ਜਬਹਿ ਪਿਛਾਰੇ[2]॥੧੭॥ ਬੁੱਢੇ ਉਰ ਬਿਚਾਰ ਕਰਿ ਨੀਕਾ। ਦੀਨਸਿ ਅਮਰ ਗੁਰੂ ਕਹੁ ਟੀਕਾ। ਦਾਤੂ ਨੇ ਨਿਜ ਬਲਕੋ ਧਾਰੇ।ਲੇ ਸਭਿ ਤੇ ਬਾਂਧੀ ਦਸਤਾਰੇ॥੧੮॥ਬੈਠਹਿ ਨਿਤਗਾਦੀ ਪਰ ਸੋਇ। ਪੂਜਾ ਕਰਨਿ ਆਇ ਨਹਿਂ ਕੋਇ। ਉਪਦੇਸ਼ਤਿ ਸੰਗਤਿ ਕੋ ਰਹਯੋ। ਤਊ ਨ ਗੁਰ ਇਸਕੋ ਕਿਨ ਕਹਯੋ.॥੧੯॥ ਆਇ ਨਹੀਂ ਕੋ ਮਾਥ ਨਿਵਾਵੈ। ਮਿਲਹਿ ਨ, ਕੁਛ ਅਕੋਰ ਅਰਪਾਵੈ[3]। ਯਾਂਤੇ ਰਿਸ ਕਰਿ ਦੂਖਹਿ ਘਨੇਰਾ। ਹੋਹਿ ਈਰਖਾ ਸਹਤ ਬਡੇਰਾ ॥੨੦॥ਬਨਹਿ ਗੁਰੂ ਪਰ ਬਨਯੋ ਨ ਜਾਈ। ਨਹਿਂ ਸੰਗਤਿ ਕਿਸ ਦਿਸ਼ ਤੇ ਆਈ।ਹੁਤੇ ਮਿੱਤ੍ਰ ਖੱਤ੍ਰੀ ਇਸ ਕੇਰੇ। ਨਿਕਟ ਬੈਠਿ ਕਰਿ ਤਰਕ ਘਨੇਰੇ[4]॥੨੧॥ 'ਤੁਮ ਸਪੂਤ ਬੈਠੇ ਰਹਿ ਛੂਛੇ। ਆਇ ਨਹੀਂ, ਕੋ ਬਾਤਿ ਨ ਪੂਛੇ। ਕੋ ਸਿਖ ਆਇ ਨ ਦਰਸ ਨਿਹਾਰਹਿ। ਭੇਟ ਨ ਅਰਪਹਿ,ਨਮੋ ਨ ਧਾਰਹਿ॥੨੨॥ਜੀਵਤਿ ਹੀ ਭੇ ਮ੍ਰਿਤਕ ਸਮਾਨਾ। ਪਿਤ ਗਾਦੀ ਨਹਿਂ ਲਈ ਮਹਾਂਨਾ। ਕਿਸੀ ਥਾਨ ਕੋ ਖੱਤ੍ਰੀ ਆਯੋ। ਮਹਾਂ ਅਰੂਜ[5] ਤਾਂਹਿ ਨੇ ਪਾਯੋ॥੨੩॥ਦੇਸ਼ਨਿ ਕੇ ਨਰੇਸ਼ ਚਲਿ ਆਵਹਿਂ। ਅਰਪਿ ਉਪਾਇਨ ਸੀਸ ਝੁਕਾਵਹਿਂ। ਨਿਤਿ ਪ੍ਰਤਿ ਭੀਰ ਸੁ ਗੋਇੰਦਵਾਲ। ਆਇ ਸੰਗਤਾਂ ਮਿਲਹਿਂ ਬਿਸਾਲ॥੨੪॥ਪੂਜਹਿਂ ਪਾਇਨ ਸੁਜਸੁ ਬਖਾਨਹਿਂ। ਅਤਿ ਉੱਤਮ ਵਸਤੂ ਕਹੁ ਆਨਹਿਂ'।ਮਾਰੈਂ ਬਚਨ ਬਾਨ ਉਰ ਗਾਡੇ[6]।ਸੁਨਿਦਾਤੂ ਧੀਰਜ ਨਿਜ ਛਾਡੇ॥੨੫॥ ਮਹਿਮਾ ਜੱਦਯਪਿ ਜਾਨਹਿ ਤਿਨ ਕੀ। ਤਦਪਿ ਕੁਸੰਗ ਹਤੀ ਬ੍ਰਿਤਿ ਮਨ ਕੀ[7]। ਦੀਪਤਿ ਮਤਸਰ ਅਗਨਿ ਅਗਾਰੀ[8]। ਦੁਸ਼ਟ ਗਿਰਾ ਮੇਲੀ ਘ੍ਰਿਤ ਧਾਰੀ[9]॥੨੬॥ਬਨਾਕੁਲ ਭਯੋ ਸਹਯੋ ਨਹਿਂਜਾਈ।

---

[1]ਸੜ ਬਲ ਜਾਂਦੇ ਹਨ। [2]ਪਿੱਛੇ ਦੱਸ ਆਏ ਹਨ ਕਿ ਲੌਕਿਕ ਰੀਤ ਕੋਈ ਨਹੀਂ ਹੋਈ। [3]ਨਾਂ ( ਕੋਈ ) ਮਿਲਦਾ ਹੈ ਨਾਂ ਭੇਟਾ ਅਰਪਦਾ ਹੈ। [4]ਭਾਵ ਬੋਲੀਆਂ ਮਾਰਦੇ! [5]ਪ੍ਰਤਾਪ [ ਅ਼ਰਬੀ, ਅ਼ਰੂਜ]। [6]ਬਚਨਾਂ ਦੇ ਤੀਰ ਮਾਰਦੇ ਹਨ ਜੋ ਦਿਲ ਵਿਚ ਖੁਭ ਜਾਂਦੇ ਹਨ। [7]ਤਾਂ ਭੀ ਕੁਸੰਗਤ ਨੇ ਮਨ ਦੀ ਬ੍ਰਿਤੀ ਨਾਸ਼ ਕਰ ਦਿੱਤੀ। [8]ਈਰਖਾ ਰੂਪੀ ਅਗਨ ਅੱਗੇ ਹੀ ਮਘਦੀ ਸੀ। [9]ਦੁਸ਼ਟਾਂ ਦੀ ਬਾਣੀ ਨੇ ਘਿਉ ਦੀ ਧਾਰ ( ਉਸ ਅੱਗ ਨਾਲ ) ਮੇਲੀ ਭਾਵ ਪਾਈ, (ਅ) ਦੁਸ਼ਟ ਮੇਲੀਆਂ ਦੇ ਬਾਣੀ ਰੂਪ ਘਿਉ ਨੂੰ ਧਾਰਨ ਕਰਕੇ।

ਅਤਿ ਰਿਸ ਤੇ ਚਿਤ ਅਸ ਉਪਜਾਈ ।–ਅਮਰ ਗੁਰੂ ਕੋ ਜਾਇ ਸੰਘਾਰੋਂ ।
ਗੁਰਤਾ ਗਾਦੀ ਬਹੁਰ ਸੰਭਾਰੌਂ॥੨੭॥ ਪਿਤ ਕੀ ਵਸਤੁ ਪੂਤ ਹਮ ਮਾਲਿਕ।
ਅਪਰ ਕਿਸੂਕੇ ਕਿਮ ਹੁਇ ਤਾਲਿਕ[1]–।ਇਮਿਬਿਚਾਰ ਕਰਿ ਕੈ ਪ੍ਰਸਥਾਨਾ॥
ਪਹੁੰਚਨੋ ਸ੍ਰੀ ਗੁਰ ਅਮਰ ਸਥਾਨਾ ॥ ੨੮ ॥ ਲਗਨੋ ਦਿਵਾਨ ਬਿਰਾਜਹਿੰ
ਬੀਚ। ਦਰਸਹਿੰ ਮਿਲੇ ਉਚ ਅਰੁ ਨੀਚ। ਕੋ ਟੇਕਤਿ ਹੈ ਮਾਥ ਅਗਾਰੀ।
ਕੋ ਬਿਨਤੀ ਕਰ ਜੋਰਿ ਉਚਾਰੀ ॥ ੨੯ ॥ ਕੋ ਬੈਠੇ ਸਿਮਰਹਿ ਸਤਿਨਾਮੂ।
ਗਾਇਂ ਰਬਾਬੀ ਧੁਨਿ ਅਭਿਰਾਮੂ। ਕੋ ਇਕ ਚਿਤ ਹ੍ਵੈ ਸ਼ਬਦ ਸੁਨਤਿ ਹੈ। ਕੋ
ਮਨ ਬਿਖੈ ਬਿਚਾਰਗੁਨਤਿਹੈ[2]॥੩੦॥ਜਥਾਸ਼ੰਭੁ[3]ਮੁਨਿ ਗਨਕੇ ਮਾਂਹੀ।ਪਾਵਨ
ਸਭਾ ਸੁਭਤਿ ਹੈ ਤਾਂਹੀ। ਪਿਖਿ ਪ੍ਰਤਾਪ ਨਹਿਂ ਰਿਦੈ ਸਹਾਰਾ। ਭਯੋ ਕ੍ਰੋਧ ਤੇ
ਛੋਭਤਿ[4]ਭਾਰਾ॥੩੧॥ਅਪਰ ਕਛੂ ਤਹਿਂ ਹੋਇ ਨ ਸਕਈ।ਪਹੁੰਚ ਨਿਕਟਗੁਰ
ਤਨ ਕੋ ਤਕਈ।ਰਿਸ ਕਰਿ ਉਰ ਮਹਿਂ ਲਾਤ ਪ੍ਰਹਾਰੀ।ਜਿਮਿ ਲਛਮੀਪਤਿ
ਕੇ ਭ੍ਰਿਗੁ ਮਾਰੀ[5]॥੩੨॥ਸਿੰਘਾਸਨ ਤੇ ਗਿਰ ਕਰਿ ਪਰੇ। ਬ੍ਰਿਧ ਸਰੀਰ ਕੰਪ
ਕਹੁ ਕਰੇ।ਬਹੁਰ ਸੰਭਾਰਿ ਉਠੇ ਤਤਕਾਲਾ।ਗਹਿ ਦਾਤੂ ਕੇ ਚਰਨ ਕ੍ਰਿਪਾਲਾ
॥੩੩॥ਕਰ ਕਮਲਨ ਸੋਂ ਮਰਦਨ ਕਰੇ[6]।ਬਿਨਤੀ ਸਹਤ ਸੁ ਬਾਕ ਉਚਰੇ।
'ਇਕ ਤੌ ਸੇਵਾ ਕਰਤਿ ਰਹਨੋ ਹੌਂ।ਦੁਤੀਏ ਬਯ ਤੇ[7] ਬ੍ਰਿਧ ਭਯੋ ਹੌਂ ॥੩੪॥
ਯਾਂ ਤੇ ਅਧਿਕ ਸਰੀਰ ਕਠੋਰਾ[8]।ਤੁਮਰੇ ਚਰਨ ਮ੍ਰਿਦੁਲ ਨਹਿਂ ਥੋਰਾ[9]। ਹੁਯੋ
ਹੋਇਗੋ ਕਸ਼ਟ ਮਹਾਂਨਾ।ਛਿਮਹੁ ਭਯੋ ਅਪਰਾਧ ਅਜਾਨਾ॥੩੫॥ਸ੍ਰੀ ਗੁਰ ਕੇ
ਸੁਤ ਹੋ ਬਡਭਾਗੇ। ਮਮ ਹਿਤ ਕਰਿ ਇਤਨੋ ਦੁਖ ਲਾਗੇ। ਤੁਮ ਕੋ ਦੇਖਿ ਨ
ਅੱਗ੍ਰ ਖਰੋਵਾ।ਹੁਤੋ ਮਾਨ ਮਮ ਸੋ ਤੁਮ ਖੋਵਾ ॥੩੬॥ ਤਾੜਨ ਉਚਿਤ ਜਾਨਿ
ਕਰਿ[10]ਮਾਰਨੋ।ਭਲੋ ਕਰਨੋ ਨਿਜਦਾਸ ਨਿਹਾਰਨੋ।ਸੇਵਾ ਅਪਨੀ ਮੋਹਿਬਤਾ-
ਵਹੁ।ਕਰੌਂ ਸੁ ਤਤਛਿਨ,ਰੋਸ ਹਟਾਵਹੁ'॥੩੭॥ਸੁਨਿ ਦਾਤੂ ਕਰਿ ਕ੍ਰੋਧ ਉਚਾ-

[1]ਸੰਬੰਧ। [ਅ਼ਰਬੀ, ਤਅ਼ੱਲਕ] ਹੋਰ ਕਿਸੇ ਦੇ ਤਅੱਲਕ ਦੀ ਕਿਵੇਂ ਹੋਵੇ। ਭਾਵ 'ਕਿਸੇ ਦਾ ਕੀ ਤਅ਼ੱਲਕ'। [2]ਵਿਚਾਰ ਕਰਦਾ ਹੈ। [3]ਸ਼ਿਵ ਜੀ। [4]ਦੁਖੀ। [5]ਜਿਵੇਂ ਭ੍ਰਿਗੂ ਨੇ ਵਿਸ਼ਨੂੰ ਨੂੰ ਲੱਤ ਮਾਰੀ ਸੀ। ਕਥਾ–ਸ਼ਿਵ ਦੇ ਪੁੱਤ੍ਰ ਭ੍ਰਿਗੂ ਨੇ ਜੋ ਮੁਨੀ ਮੰਨੇ ਜਾਂਦੇ ਹਨ ਵਿਸ਼ਨੂੰ ਦੀ ਛਾਤੀ ਵਿਚ ਲੱਤ ਮਾਰੀ ਸੀ। ਪਰਸਰਾਮ ਇਸੇ ਦੀ ਵੰਸ਼ ਤੋਂ ਹੋਇਆ ਸੀ। ਮਹਾਂ ਭਾਰਤ ਵਿਚ ਇਸ ਦੀ ਉਤਪਤੀ ਰੁਦ੍ਰ ਦੇ ਯੱਗ ਸਮੇਂ ਅਗਨੀ ਤੋਂ ਇਕ ਅਨੋਖੀ ਤਰ੍ਹਾਂ ਦੱਸੀ ਹੈ। [6]ਹਥਾਂ ਕਮਲਾਂ ਦੇ ਨਾਲ ਮਲਨੇ ਕੀਤੇ। [7]ਉਮਰਾ ਕਰਕੇ। [8](ਮੇਰਾ) ਸਰੀਰ ਬਹੁਤਾ ਸਖਤ (ਹੋ ਗਿਆ ਹੈ)। [9]ਭਾਵ ਬਹੁਤੇ ਕੋਮਲ ਹਨ। [10]ਤਾੜਨਾਂ ਦੇ ਜੋਗ ਜਾਣਕੇ (ਤੁਸਾਂ)।

ਰਜੈ। 'ਇਹੁ ਕੈਸੇ ਤੈਂ ਡਿੰਭ[1] ਪਸਾਰਯੋ। ਗੁਰਤਾ ਗਾਦੀ ਹੈ ਹਮ ਪਾਹੀ। ਤੈਂ ਬਾਂਧੀ ਸਿਰ ਪਾਗ ਸੁ ਨਾਂਹੀ॥੩੮॥ਸਭਿ ਨੇ ਮੁਝ ਕੋ ਪਾਗ ਬੰਧਾਈ। ਤੈਂ ਕੈਸੇ ਕਰਿ ਆਪ ਪੁਜਾਈ॥ਗੁਰੂ ਭਯੋ ਤੂੰ ਆਪੇ ਆਪ।ਹਮੈ ਦੇਖਿ ਲਾਗਤਿ ਸੰਤਾਪ ॥੩੯॥ਇਹੁ ਪਖੰਡ ਨਹਿਂ ਮੋਹਿ ਸੁਹਾਵੈ।ਇਕ ਸੰਗਤਿ ਆਵਹਿ ਇਕ ਜਾਵੈ। ਅਤਿ ਸੂਧੇ ਥੇ ਪਿਤਾ ਹਮਾਰੇ। ਕਰੀ ਸੇਵ ਤਿਨਕੀ ਛਲ ਧਾਰੇ॥੪੦॥ ਝੂਠਿ ਸਾਚਿ ਤਿਨਤੇਕਹਿਵਾਇ।ਬਨਬੈਠਯੋ ਗੁਰ,ਗਰਬ ਬਢਾਇ।ਇਸ ਥਲਤੇਉਠ ਕਰਿ ਚਲਿ ਜੱਯੈ।ਬਹੁਰ ਨ ਬੈਠਹੁ ਦੰਭ ਕਮੱਯੈ॥੪੧॥ਪਿਤਾ ਹਮਾਰੇ ਕਹਿ ਤੁਝ ਤਾਂਈ।ਨਗਰੀ ਗੋਇੰਦਵਾਲ ਬਸਾਈ। ਬੈਠਯੋ ਮਾਲਿਕ ਤਿਸਕੋ ਹੋਇ। ਹਮ ਕੋ ਨਹਿਂ ਜਾਨਯੋ ਕਿਤ ਕੋਇ॥੪੨॥ ਅਬਿ ਸੇਵਾ ਕਛੁ ਨਹੀਂ ਹਮਾਰੀ। ਉਠਿ ਗਮਨਹੁ ਤੂਰਨਤਾ ਧਾਰੀ'। ਸੁਨਿ ਕਰਿ ਸਭਾ ਨ ਬੋਲ ਸਕੈ ਹੈਂ। ਕਰਤਿ ਢੀਠਤਾ ਬਦਨ ਤਕੈ ਹੈਂ[2]॥੪੩॥ ਗੁਰ ਕੋ ਡਰ ਧਰਿ ਬੈਠਿ ਰਹੇ ਹੈਂ। ਭਲੇ ਬੁਰੇ ਕਿਸ ਹੂੰ ਨ ਕਹੇ ਹੈਂ। ਬਿਸਮਤ[3] ਪਿਖਿ ਗੁਰ ਗੌਰਵਤਾਈ[4]।ਹੌਰੇ[5] ਪੁਰਖਨ ਕੀ ਹਰਿਵਾਈ[6]॥੪੪॥ ਤਬਿ ਲੌ ਪਸ਼ਚਮ ਰਵਿ ਅਸਤਾਯੋ।ਸੰਧ੍ਯਾ ਭਈ ਤਿਮਰ ਗਨ ਛਾਯੋ। ਸਭਿ ਉਠਿ ਉਠਿ ਅਪਨੇ ਅਸਥਾਨਾ। ਮਤਿ ਬਿਸਮਤਿ ਹੁਇ ਕੀਨ ਪਯਾਨਾ॥੪੫॥ਸ਼੍ਰੀ ਗੁਰ ਅਪਨੇ ਸੋਵਨ ਥਾਨਾ।ਜਾਇ ਬਿਰਾਜੇ ਕ੍ਰਿਪਾ ਨਿਧਾਨਾ।ਦਾਤੂ ਰਹਯੋ ਤਿਸੀ ਥਲ ਮਾਂਹਿ। ਕੁਛ ਸੇਵਕ ਜਿਹ ਸੰਗੀ ਆਹਿ ॥੪੬॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਦਾਤੂ ਗੋਇੰਦਵਾਲ ਜਾਨਿ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥ ੩੪ ॥

## ੩੫. [ਸੰਗਤ ਦੀ ਢੂੰਡ, ਬਾਬਾ ਬੁੱਢਾ ਜੀ ਗੋਇੰਦਵਾਲ]

ਦੋਹਰਾ ॥ ਸ੍ਰੀ ਗੁਰ ਅਮਰ ਬਿਚਾਰਿਕੈ–ਕਲਹਿ ਬੁਰੀ ਬਹੁ–ਮਾਨਿ। ਨਿਸ ਆਧੀਮਹਿਂਨਿਕਸਿ ਕਰਿਵਹਿਰ ਕੀਨਿਪ੍ਰਸਥਾਨ॥੧॥ਚੌਪਈ॥ਚਲੇ ਇਕਾਕੀ ਕਛੂ ਨ ਲੀਨਾ। ਬਿਨ ਪਦਤ੍ਰਾਨ[7] ਪਯਾਨੋ ਕੀਨਾ। ਬਾਸਰ ਕੀ* ਨਗਰੀ ਤੇ ਉਰੇ।ਸੁੰਦਰ ਅਵਨੀ ਤਹਾਂ ਨਿਹਰੇ॥੨॥ਧੇਨੁਪਾਲ ਕੋ ਕੋਸ਼ਠ ਹੇਰਾ[8]।ਤਿਸ ਦਰ ਪਰ ਲਿਖਿ ਕੀਨਿ ਬਸੇਰਾ।'ਇਸ ਦਰ ਜੋ ਨਰ ਕਰਹਿ ਉਘਾਰੇ[9]। ਤਿਸ ਕੇ ਗੁਰ ਨਹਿਂ ਸਿਖ ਹਮਾਰੇ[10]॥੩॥ਲੋਕ ਪ੍ਰਲੋਕ ਦੋਨ ਹੀ ਖੋਵੈ।ਨਹੀਂ ਸਹਾ-

---

[1]ਪਖੰਡ। [2]ਮੂੰਹ ਤਕਦੇ ਹਨ। [3]ਹੈਰਾਨ ਹੋਏ। [4]ਗੰਭੀਰਤਾ। [5]ਹੌਲੇ। [6]ਹਲਕਾਪਨ। [7]ਜੁੱਤੀ, ਜੋੜਾ। [8]ਗੁਵਾਲੇ ਦਾ ਕੋਠਾ ਵਖਿਆ। [9]ਖੁਹਲੇ। [10]ਨਾ ਉਹ ਸਾਡੇ ਸਿਖ ਹਨ ਨਾਂ ਅਸੀਂ ਉਸ ਦੇ ਗੁਰੂ ਹਾਂ। *ਇਹ ਪਿੰਡ ਅੰਮ੍ਰਿਤਸਰ ਤੋਂ ਪੱਛੋਂ ਕੁ ਰੁਖ ਨੂੰ ਪੰਜ ਛੇ ਮੀਲ ਤੇ ਹੈ।

ਇਕ ਹਮ ਤਬਿ ਹੋਵੈਂ[7]। ਚਿਨ ਦਰ ਕੌ ਲਿਖਿ ਕੈ ਸੁ ਪ੍ਰਵੇਸ਼ੇ। ਪਦਮਾਸਨ ਕਰਿ ਸ਼੍ਰੀ ਗੁਰ ਬੈਸੇ॥੪॥ਛਪੇ ਤਹਾਂ ਨਹਿਂ ਜਾਨਹਿਂ ਕੋਊ। ਨਿਜ ਸਰੂਪ ਮਹਿਂ ਥਿਤਿ ਬ੍ਰਿਤਿ ਹੋਊ। ਅਚਲ ਸਮਾਧਿ ਅਗਾਧਿ ਲਗੀ ਹੈ। ਬ੍ਰਹਮ ਸਰੂਪ ਆਨੰਦ ਪਗੀ ਹੈ[1]॥੫॥ ਪ੍ਰਾਤਿ ਭਈ ਗੁਰ ਨਹਿਂ ਤਹਿਂ[2] ਪਾਇ। ਖੋਜਤਿ ਹੈਂ ਸਭਿ—ਕਹਾਂ ਸਿਧਾਏ?—।ਇਤ ਉਤ ਦੇਖਿ ਰਹੇਨਹਿਂਪਾਯੋ।ਸੁਨਿ ਕਰਿ ਦਾਤੂ ਉਰ ਹਰਖਾਯੋ॥੬॥ਗੁਰ ਕੀ ਵਸਤੁ ਸਕਲ ਅਪਨਾਈ[3]। ਬਸਤ੍ਰ ਬਿਭੂਖਨ ਤਨ ਪਹਿਰਾਈ।ਗੁਰਤਾ ਗਾਦੀ ਬੈਠਿ ਸਜਾਈ।ਕਰਤਿ ਪ੍ਰਤੀਖਨ ਕੋ ਚਲਿ ਆਈ[4]॥੭॥ਨਹਿਂ ਸੰਗਤਿ ਤਿਸੁ ਨਿਕਟ ਗਈ ਹੈ।ਕਰੀ ਅਵੱਗਨਾ ਕੁਪਤਿ ਭਈ ਹੈ[5]।ਦੇਖਿ ਦੂਰ ਤੇ ਇਤ ਉਤ ਹੋਇ[6]।ਸਾਦਰ ਨੰਮ੍ਰਿ ਭਯੋ ਨਹਿਂਕੋਇ॥੮॥ਦੁਖਹਿਂ ਦੇਖਿ ਕਰਿ ਸਿੱਖ ਮਹਾਂਨੋ।—ਕਯਾ ਇਨ[7] ਕਦਨੋ ਲੋਭ ਉਰਠਾਨੋ—।ਨਿਜ ਨਿਜ ਥਾਨ ਰਹੇ ਸਭਿ ਬੈਸੇ।ਤਿਸ ਢਿਗ ਗਮਨਯੋ ਕੋਇ ਨ ਕੈਸੇ॥੯॥ਇਕਲ ਬੈਠਿ ਬਹੁਤਅਕੁਲਾਯੋ।ਅਰ ਸੰਗਤਿ ਕੇ ਉਰ ਨਹਿਂ ਭਾਯੋ।ਭਯੋ ਉਦਾਸ ਵਸਤੁ ਸਭਿ ਲੀਨੀ।ਬੇਸਰ[8] ਲਾਦਿ ਸੁ ਤਯਾਰੀ ਕੀਨੀ॥੧੦॥ਸੰਧਯਾ ਸਮੈ ਚਲਯੋ ਦਿਸ਼ ਗ੍ਰਾਮੁ। ਕਛੁ ਸੇਵਕ ਸੰਗ ਜਾਇ ਸੁ ਧਾਮੁ। ਮਗ ਮਹਿਂ ਨਿਸਾ ਭਈ ਤਮ ਛਾਯੋ।ਆਨਿ ਮਿਲੇ ਤਸਕਰ ਸਮੁਦਾਯੋ॥੧੧॥ਭਾਜੇਦਾਸ ਲੂਟਿ ਸਭਿ ਲਯੋ।ਹੋਇ ਛੂਛ ਘਰ ਪਹੁੰਚਤਿ ਭਯੋ।ਘਰਕੇ ਬਸਤ੍ਰ ਬਿਭੂਖਨ ਖੋਇ। ਹਤੀ ਲਾਤ ਤਿਸ ਮਹਿਂ ਦੁਖ ਹੋਇ[9]॥੧੨॥ ਘਰ ਮਹਿਂ ਬੈਠਿ ਬਿਸੂਰਨੋ ਫੇਰਿ—ਮੈਂ ਕੁਕਰਮਿ ਕਯਾ ਕੀਨਿ ਬਡੇਰਿ। ਗਯੋ ਦਰਬ ਕੋ,ਘਰ ਤੇ ਖੋਯੋ[10]। ਹਤੇ ਲਾਤ ਤੇ ਰੁਜ ਬਹੁ ਹੋਯੋ—॥੧੩॥ਲੱਜਿਤਿਹੁਇ ਪ੍ਰਵਿਸ਼ਨੋ ਘਰਮਾਂਹੀ। ਬਹੁਰ ਗਰਬ ਕਰਿ ਨਿਕਸਨੋ ਨਾਂਹੀ। ਸ਼ੋਕ ਵਿਖੈ ਬ੍ਯਾਕੁਲ ਬਹੁ ਰਹਨੋ। ਅਪਨੋ ਖੋਟ ਨ ਕਿਹ ਸੋਂ ਕਹਨੋ ॥੧੪॥ ਗੋਇੰਦਵਾਲ ਮਿਲੇ ਸਿਖਸਾਰੇ। ਲਾਇ ਦਿਵਾਨ ਬਿਚਾਰ ਬਿਚਾਰੇ। ਗੁਰ ਬਿਨ ਬਯਾਕੁਲ ਬਹੁ ਮੁਰਝਾਏ। ਬਿਨ ਸੂਰਜ ਪੰਕਜ ਸਮੁਦਾਏ ॥੧੫॥ ਜਿਮਿ ਨਰੇਸ਼ ਬਿਨ ਸੈਨ ਦੁਖਾਰੀ।

---

[1](ਵਿਚ) ਰੰਗੀ ਹੋਈ। [2]ਭਾਵ ਗੋਇੰਦਵਾਲ ਵਿਚ। [3]ਆਪਣੀ ਬਣਾ ਲੀਤੀ। [4]ਉਡੀਕਦਾ ਹੈ ਕਿ ਕੋਈ ਆਵੇ। [5]( ਗੁਰੂ ਜੀ ਦੀ ) ਅਵੱਗਯਾ ਕਰਨੇ ਕਰਕੇ ( ਸੰਗਤ ) ਗੁੱਸੇ ਹੋ ਗਈ ਹੈ (ਦਾਤੂ ਨਾਲ)। [6]ਲਾਂਭੇ ਹੋ ਜਾਂਦੇ ਹਨ। [7]ਦਾਤੂ ਨੇ। [8]ਖੱਚਰ [ ਸੰਸ:, ਵੇਸਰ ]। [9]( ਲਤ ) ਦੁਖਣ ਲਗ ਪਈ। [10]ਗਿਆ ਸਾਂ (ਉਹਨਾਂ ਦੇ) ਧਨ ( ਲੈਣ ) ਨੂੰ ਪਰ ਪੱਲਿਓਂ ( ਬੀ ਸਗੋਂ ) ਗੁਵਾ ਆਇਆ।

ਜਿਮਿ ਸੁਰਪਤਿ[1] ਬਿਨ ਸੁਰ ਦੁਖਿ ਭਾਰੀ।ਜਥਾ ਪੰਖ[2]ਬਿਨ ਹੋਹਿਂ ਬਿਹੰਗ।। ਜਿਮ ਪਤਿ ਬਿਨ ਇਸਤ੍ਰੀ ਸਰਬੰਗਾ[3]।।੧੬।।ਬਿਨਾ ਨੀਰ ਜਿਮਿ ਤਰੁ ਸ਼ੁਸ਼ਕੰਤੇ[4]।ਤਥਾ ਸਿੱਖਜ ਦੁਖ ਬਿਖੈ ਤਪੰਤੇ। ਆਪ ਆਪਨੀ ਬੁਧਿ ਅਨੁਸਾਰੇ। ਰਿਦੇ ਬਿਚਾਰਤਿ ਬਾਕ ਉਚਾਰੇ।।੧੭।।'ਸਤਿਗੁਰ ਹੋਏ ਅੰਤਰ ਧ੍ਯਾਨ।ਪਹੁੰਚੇ ਅਪਨ ਬਿਕੁੰਠ ਸਥਾਨ।ਗੁਰ ਅੰਗਦ ਸੁਤ ਕੀ ਰਿਸ ਦੇਖਿ।ਤ੍ਯਾਗਯੋ ਤੁਰਤ ਸਮਾਜ ਅਸ਼ੇਖ[5]।।੧੮।।ਰਹਨਿ ਚਲਨਿ ਤਿਨ ਏਕ ਸਮਾਨ। ਸਿੱਖਜਨ ਹੇਤ ਹੁਤੇ ਇਸ ਥਾਨ'। ਕੇਚਿਤ ਕਹੈਂ ਗਏ'ਬਨ ਮਾਂਹੀ। ਕਲਹਿ ਸਹਹਿਂ ਦਾਤੂ ਕੀ ਨਾਂਹੀ'।।੧੯।। ਕੇਚਿਤ ਕਹੈਂ'ਬਦੇਸ਼ ਮਝਾਰ। ਪਹੁੰਚੇ ਸਤਿਗੁਰ ਦਰਸ ਉਦਾਰ।।ਤਹਾਂ ਸਿੱਖਜ ਸੇਵਕ ਹੁਇਂ ਬ੍ਰਿੰਦ।ਹੈ ਜਿਨ ਮਸਤਕ ਭਾਗਬਿਲੰਦ' ।।੨੦।।ਇੱਤ੍ਯਾਦਿਕ ਬਹੁ ਥਾਨ ਬਤਾਵੈਂ।ਨਿਸ਼ਚੈ ਮਤਿ ਕੋਇ ਨ ਠਹਿਰਾਵੈ। ਤਬਿ ਸਭਿ ਮਿਲਿਕੈ ਕੀਨਿ ਬਿਚਾਰਨਿ।'ਬੁੱਢਾ ਜਾਨਹਿਗੋ ਇਸ ਕਾਰਨ।। ੨੧।।ਗੁਰ ਘਰ ਮਹਿਂ ਸੋ ਸਚਿਵ ਸਮਾਨ। ਤਿਸ ਢਿਗ ਚਲਹੁ ਰਹਹਿ ਜਿਸੁ ਥਾਨ। ਸਤਿਗੁਰ ਜਹਿਂ ਸੋ ਖੋਜ ਬਤਾਵਹਿ। ਅਪਰਨ ਤੇ ਕਯੋਂ ਕਰਿ ਨਹਿਂ ਪਾਵਹਿ[6]'।।੨੨।।ਇਮਿ ਕਹਿ ਸਿਖ ਸਭਿ ਆਂਸੂ ਢਾਰਤਿ।ਉਰ ਬਿਖਾਦ ਤੇ ਹੈਂ ਬਹੁ ਆਰਤਿ।ਜਥਾ ਕ੍ਰਿਸ਼ਨ ਭੇਅੰਤਰਧ੍ਯਾਨ।ਗਨ ਗੋਪੀ ਰੁਦਿਯੰਤਮਹਾਂਨ।*।।੨੩।। ਸਭਿ ਇਕਠੇ ਹੁਇ ਕਰਿ ਤਬਿ ਚਲੇ। ਜਹਿਂ ਥਲ ਭਾਈ ਬੁੱਢਾ ਭਲੇ।ਧਰਯੋ ਪ੍ਰਸਾਦਿ ਅਗਾਰੀ ਜਾਇ। ਕਰੀ ਬੰਦਨਾ ਸੀਸ ਨਿਵਾਇ।।੨੪।। ਹਾਥ ਜੋਰਿ ਹੁਇ ਕਰਿ ਤਬ ਖਰੇ।ਜਸੁ ਕੋ ਸਹਤ ਬੇਨਤੀ ਕਰੇ।'ਤੁਮ ਅਰੁ ਗੁਰ ਮਹਿਂ ਭੇਦ ਨ ਕੋਊ।ਜੋਤਿ ਏਕ ਧਾਰੇ ਤਨ ਦੋਊ।।੨੫।।ਸਿੱਖ ਸਹਾਇਕ ਪਰਉਪਕਾਰੀ।ਸਭਿ ਸੰਗਤਿ ਇਹੁ ਖਰੀ ਅਗਾਰੀ। ਸਿੰਧੁ ਸੰਦੇਹਨਿ ਮਗਨ ਬਿਸਾਲਾ[7]।ਬਨਹੁ ਜਹਾਜ ਆਪ ਇਸ ਕਾਲਾ।।੨੬।।ਸਿੱਖਜਨ ਬਿਖੈ ਅਗਾਊ ਆਪ।ਦੇ ਟੀਕਾ ਗੁਰਗਾਦੀ ਥਾਪ। ਬ੍ਰਹਮਗ੍ਯਾਨ ਮਹਿਂ ਨਿਸ਼ਚਲ ਨੀਤਿ। ਅੰਤਰਜਾਮੀ ਜਹਿਂ ਕਹਿਂ ਚੀਤ ।।੨੭।।ਸਰਬ ਸ਼ਕਤਿ ਜੁਤਿ ਸਮਰਥ ਅਹੋ। ਅਜ਼ਮਤਿ ਸਦਾ ਛਿਪਾਏ ਰਹੋ। ਸਭਿ ਸੰਗਤਿ ਪਰਕਰੁਨਾ ਕੀਜਹਿ। ਸ਼ਰਨ

[1]ਇੰਦਰ। [2]ਖੰਭਾਂ। [3]ਸਾਰੇ ਅੰਗਾਂ ਕਰਕੇ, ਸਭ ਤਰ੍ਹਾਂ। [4]ਬ੍ਰਿਛ ਸੁੱਕ ਜਾਂਦੇ ਹਨ। [5]ਸਾਰਾ। [6]ਹੋਰਨਾਂ ਤੋਂ ਕਿਵੇਂ ਬੀ (ਖੋਜ) ਨਹੀਂ ਮਿਲੇਗਾ। [7]ਸੰਸਿਆਂ ਰੂਪੀ ਸਮੁੰਦਰ ਵਿਖੇ ਬੜੇ ਡੁੱਬੇ ਹੋਏ।

*ਐਸੇ ਵਾਕ ਕਵਿ ਜੀ ਦ੍ਰਿਸ਼ਟਾਂਤ ਮਾਤ੍ਰ ਵਰਤਦੇ ਹਨ, ਕਦੇ ਗੁਰੂ ਜੀ ਨੂੰ ਸ਼ਿਵ ਦੀ ਕਦੇ ਵਿਸ਼ਨੂੰ ਦੀ ਕਿਸੇ ਤਰ੍ਹਾਂ ਦੇ ਰੂਪਕ ਅਲੰਕਾਰ ਵਿਚ ਉਪਮਾ ਦੇਂਦੇ ਹਨ। ਆਪ ਦੀ ਵਾਕਫੀ ਹਿੰਦੀ ਤੇ ਸੰਸਕ੍ਰਿਤ ਸਾਹਿਤ੍ਯ ਨਾਲ ਹੋਣ ਕਰਕੇ ਉਸ ਦਾਇਰੇ ਤੋਂ ਬਾਹਰ ਨਹੀਂ ਜਾਂਦੇ।

ਆਪ ਕੀ ਪਰੀ ਲਖੀਜਹਿ'॥੨੮॥ਸੁਨਤਿ ਬਿਨੈ ਕਹੁ ਬੁੱਢਾ ਬੋਲਯੋ?।"ਕਿਸ
ਕਾਰਨ ਤੁਮਰੋ ਮਨ ਡੋਲਯੋ।ਮੇਰੇ ਉਚਿਤ ਕੌਨ ਸੋ ਕਾਮ?।ਕਰੌਂ ਸੁ ਕਹੋ ਸਕਲ
ਅਭਿਰਾਮ ॥੨੯॥ ਇਕ ਸਿੱਖ ਕੀ ਸੇਵਾ ਫਲ ਮਹਾਂ। ਸੰਗਤਿ ਸੇਵ ਪਾਈ-
ਅਹਿ ਕਹਾਂ।ਜਿਸ ਪਰ ਸਤਿਗੁਰ ਹੋਹਿਂ ਕ੍ਰਿਪਾਲ।ਨਿਜ ਦਾਸਨ ਕੀ ਦੇਂ ਤਬਿ
ਘਾਲ[1]"॥੩੦॥ਸੰਗਤਿ ਕਹਯੋ ਤਬਹਿ ਕਰ ਬੰਦਿ।'ਗੁਰ ਬਿਨ ਬਯਾਕੁਲ ਉਰ
ਸਿਖ ਬ੍ਰਿੰਦ। ਕਹਾਂ ਗਏ, ਨਹਿਂ ਜਾਨੀ ਜਾਇ। ਜਥਾ ਅਚਾਨਕ ਰਵਿ ਅਸ-
ਤਾਇ ॥੩੧॥ ਮਸਤਕ ਟੇਕਹਿਂ ਤਾਂਹਿ ਅਗਾਰੀ। ਰਹਹਿਂ ਬੈਠਿ ਅਬਿ ਕੌਨ
ਅਧਾਰੀ[2]।ਜਿਮਿ ਤਾਰਨਿ ਮਹਿਂ ਚੰਦ ਬਿਰਾਜਹਿ।ਤਿਮਿ ਸੰਗਤ ਮਹਿਂ ਸਤਿ-
ਗੁਰ ਛਾਜਹਿਂ ॥੩੨॥ਜਿਸ ਕੋ ਆਪ ਸਥਾਪਹੁ ਗੁਰ ਕਰਿ[3]।ਤਿਸ ਕੋ ਸੰਗਤਿ
ਮਾਨਹਿਂ ਸਿਰ ਧਰਿ'। ਇਮਿ ਸੁਨਿਕੈ ਸਭਿ ਤੇ ਨਿਜ ਕਾਨ। ਬੁੱਢੇ ਤਬਹਿ
ਲਗਾਯੋ ਧਯਾਨ॥੩੩॥ਇਕ ਘਟਿਕਾ ਲਗ ਦ੍ਰਿਗ ਨਹਿਂ ਖੋਲੇ।ਬੈਠੇ ਸੰਗਤਿ
ਜੁਕਤਿ ਅਡੋਲੇ।ਤੀਨ ਲੋਕ ਮਹਿਂ ਖੋਜਨ ਕੀਨੇ। ਸਤਿਗੁਰ ਬਿਦਤ ਨਹੀਂ
ਕਿਤ ਚੀਨੇ[4] ॥੩੪॥ ਛਪੇ ਕਹੂੰ ਪੁਨ ਦੇਖਤਿ ਭਯੋ। ਥਾਨ ਅਨੇਕ ਖੋਜਿਬੋ
ਕਿਯੋ। ਜਾਨਯੋ ਮਨ ਮਹਿਂ ਤਬਿ ਗੁਰ ਫੁਰੇ[5]। ਪ੍ਰਵਿਸ਼ੇ ਕੋਸ਼ਠ ਅੰਤਰ ਦੁਰੇ[5]।
੩੫॥ਦਰ ਚਿਣ ਰਾਖਯੋ,ਬਹਿਰ ਨ ਕਾਹੂੰ[6]।ਕਰਿ ਸਮਾਧਿ ਬੈਠੇ ਤਿਸ ਮਾਂਹੂ।
ਸਗਰੋ ਖੋਜਿ ਧਯਾਨ ਮਹਿਂ ਦੇਖਿ। ਖੋਲੇ ਲੋਚਨ ਬੀਚ ਅਸ਼ੇਖ[7] ॥੩੬॥ ਉਰ
ਬਿਚਾਰ ਇਮਿ ਕੀਨਿ ਬਿਸਾਲਾ।–ਕਰੌਂ ਬਤਾਵਨ ਜੋ ਇਸ ਕਾਲਾ।ਸਤਿਗੁਰ
ਅਮੁਕ[8] ਸਥਾਨ ਸੁਹਾਏ। ਅੰਤਰ ਛਪੇ ਸਮਾਧਿ ਲਗਾਏ ॥੩੭॥ ਤਬਿ ਅਜ-
ਮਤਿ ਜ਼ਾਹਿਰ ਹੁਇ ਜਾਇ। ਨੀਕੀ ਰੀਤਿ ਨਹੀਂ ਇਸੁ ਭਾਇ। ਅਪਰ
ਫਰੇਬ*ਕਰੀਜੈ ਕੋਈ†। ਜਿਸ ਤੇ ਸਤਿਗੁਰ ਦਰਸ਼ਨ ਹੋਈ‡'॥੩੮॥ਸਭਿ

---

[1] ਦਾਸਾਂ ਦੀ ਸੇਵਾ ਉਸ ਨੂੰ ਦੇਂਦੇ ਹਨ। [2] ਕਿਨ੍ਹਾਂ ਦੇ ਆਸਰੇ। [3] ਭਾਵ ਇਹ ਹੈ ਕਿ ਸੰਗਤ ਵ੍ਯਾਕੁਲਤਾ ਵਿਚ ਖਿਆਲ ਕਰਦੀ ਹੈ ਕਿ ਗੁਰੂ ਸਾਹਿਬ ਸ਼ਾਯਦ ਅੰਤਰ ਧਿਆਨ ਹੋ ਗਏ ਹਨ ਤੇ ਗੱਦੀ ਤੇ ਗੁਰੂ ਸਥਾਪਨ ਕਰ ਗਏ ਹਨ, ਜੇ ਇਹ ਗਲ ਹੈ ਤਾਂ ਬੀ ਬੁੱਢੇ ਜੀ ਨੂੰ ਪਤਾ ਹੈ, ਕਿਉਂਕਿ ਬੁੱਢਾ ਜੀ ਨੂੰ 'ਗੁਰੂ ਗਿਆਤਾ ਸਦਾ ਪ੍ਰਾਪਤ' ਹੋਣ ਦਾ ਵਰ ਮਿਲ ਚੁਕਾ ਹੈ। [4] ਪ੍ਰਗਟ ਨਹੀਂ ਦੇਖੇ। [5] ਫੁਰਿਆ (ਫੁਰਨਾ ਕਿ) ਗੁਰੂ ਜੀ ਕੋਠੇ ਅੰਦਰ ਪ੍ਰਵੇਸ਼ ਹੋਏ ਲੁਕੇ ਹਨ। (ਅ) ਗੁਰੂ ਜੀ ਦਾ ਫੁਰਨਾ ਫੁਰਿਆ ਕਿ—ਭਾਵ ਝਲਕਾ ਵੱਜਾ ਕਿ—। [6] ( ਹੋਰ ) ਬਾਹਰ ਕਿਤੇ ਨਹੀਂ ਹਨ। [7] ਸਾਰਿਆਂ (ਸਿਖਾਂ) ਵਿਚ। [8] ਫਲਾਣੇ।

*ਫਰੇਬ ਵਿਚ ਦੂਸਰੇ ਤੋਂ ਆਪਣੇ ਲਾਭ ਦਾ ਪ੍ਰਯੋਜਨ ਹੁੰਦਾ ਹੈ, ਏਥੇ ਆਪਾ ਛਿਪਾਵਨ ਦੀ ਨਿਮ੍ਰਤਾ ਪ੍ਰਯੋਜਨ ਹੈ, ਤਾਂਤੇ ਇਸ ਦਾ ਅਰਥ ਛਲ ਨਹੀਂ, ਪਰਦਾ ਹੈ। †ਪਾਃ—ਕੋਉ। ‡ਪਾਃ—ਹੋਉ।

ਸੰਗਤਿ ਸੰਗਿ ਬਾਕ ਸੁਨਾਵਾ।'ਸ੍ਰੀ ਗੁਰ ਸਭਿਨਿ ਬਿਖਾਦ[1]ਮਿਟਾਵਾ। ਨਹੀਂ ਚਿੰਤ ਕੀਜਹਿ ਮਮ ਪਯਾਰੇ! ਸਭਿਨਿ ਸਹਾਇਕ ਕਾਰਜ ਸਾਰੇ[2]॥੩੯॥ ਸਤਿਗੁਰ ਸਿਮਰਹੁ ਪ੍ਰੇਮ ਬਿਸਾਲੇ। ਮਿਲਹਿਂ ਗੁਰੂ ਸਭਿ ਲੇਹਿਂ ਸੰਭਾਲੇ। ਚਲਹੁ ਸਕਲ ਹੀ ਗੋਇੰਦਵਾਲੋਂ[3]। ਮੈਂ ਬੀ ਅਬਿ ਤੁਮਰੇ ਸੰਗਿ ਚਾਲੋਂ*'॥ ੪੦ ॥ ਗਮਨ ਕਰਯੋ ਸਭਿ ਕੇਰਿ ਅਗਾਰੀ। ਹਰਖਤਿ ਸੰਗਤਿ ਚਲੀ ਪਿਛਾਰੀ। ਤੂਰਨ ਹੀ ਸਭਿ ਪੁਰਿ ਮਹਿਂ ਆਇ।ਗੁਰਬਿਨ ਨਗਰ ਨ ਸਦਨ ਸੁਹਾਇ॥੪੧॥ ਜਥਾ ਸੁਰਗ ਮਘਵਾ[4] ਬਿਨ ਹੋਇ। ਨਰ ਨਾਰੀ ਚਿੰਤਾ ਚਿਤ ਸੋਇ। ਪੂਰਬ ਬੁੱਢਾ ਗਯੋ ਚੁਬਾਰੇ। ਬਿਨੈ ਬਚਨ ਹੁਇ ਖਰੇ ਉਚਾਰੇ॥੪੨॥'ਸ੍ਰੀ ਸਤਿਗੁਰ ਸੰਗਤਿ ਦਿਸ਼ ਹੇਰਹੁ।ਅਪਰਬਾਰਤਾ ਰਿਦੈ ਨਿਬੇਰਹੁ। ਚਿੰਤਾਤੁਰਉਦਬੇਗ[5] ਸਮੇਤ। ਪ੍ਰਭੁਜੀ! ਸੂਨੇ ਪਰੇ ਨਿਕੇਤ॥੪੩॥ਤੁਮ ਬਿਨ ਕਿਸਹਿ ਨ ਲਾਗਤਿ ਆਛ।ਖਾਨ ਪਾਨ ਕੀ ਰੁਚਿ ਨਹਿਂ ਬਾਛ।ਸੰਕਟ ਸਭਿ ਕੋ ਹਰਹੁ ਕ੍ਰਿਪਾਲਾ! ਦੇਹੁ ਦਰਸ ਅਪਨੋ ਇਸ ਕਾਲਾ'॥੪੪॥ਇਮਿ ਕਹਿ ਵਹਿਰ ਸਰਬ ਮੈਂ ਬੈਸੇ। ਬੂਝਤਿ'ਇਹ ਪ੍ਰਸੰਗ ਭਾ ਕੈਸੇ?।ਨਿਕਸੇ ਸਤਿਗੁਰ ਕੌਨ ਸਮੇਂ ਹੈਂ?।ਖੋਜੈਂ ਖੋਜ ਬਤਾਉ ਹਮੇ ਹੈਂ'॥੪੫॥ਕਹਯੋ ਸਭਿਨਿ 'ਗੁਰ ਅੰਗਦ ਤਾਤਾ। ਆਇ ਪ੍ਰਹਾਰੀ ਗੁਰ ਕੇ ਲਾਤਾ। ਅਰਧ ਨਿਸਾ ਮਹਿਂ ਨਿਕਸੇ ਪੁਰਿ ਤੇ। ਕੋ ਜਾਨਹਿਂ ਗਮਨੇ ਕਿਸ ਧਿਰ[6] ਤੇ ॥ ੪੬ ॥ ਪੀਛੈ ਦਾਤੂ ਸਭਿ ਕਿਛੁ ਲੀਨਿ। ਅਪਨੇ ਸਦਨ ਪਯਾਨੋ ਕੀਨ।ਇਕ ਬੜਵਾ[7]ਤਿਨ ਤਯਾਗਨਿ ਕਰੀ। ਗੁਰੁ ਕੀ ਪ੍ਰਿਯ ਅਤਿ ਸੋ ਘਰ ਖਰੀ॥੪੭॥ਇਸ ਕੋ ਦਾਤੂ ਲੇਵਨ ਲਗਯੋ। ਚੜ੍ਹਨ ਨ ਦਿਯੋ ਪ੍ਰਿਥੀ ਪਰ ਡਿਗਯੋ।–ਲੇਇ ਸੁ ਚਲੋਂ–ਜਤਨ ਕਰਿ ਰਹਯੋ। ਨਹਿਂ ਅਰੂਢ ਕਰਿ ਆਸਨ ਲਹਯੋ[8] ॥੪੮॥ ਚਪਲ ਤੁਰੰਗਨਿ ਸਤਿਗੁਰ ਪਯਾਰੀ। ਰਹੀ ਆਪ,ਦਿਯ ਨਹਿਂ ਅਸਵਾਰੀ।ਯਾਂਤੇ ਗਯੋ ਤਯਾਗਕਰਿ ਸੋਊ।ਅਪਰ ਸੰਭਾਰ ਲਯੋ ਘਰ ਸੌਊ' ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸ੍ਰੀ ਅਮਰਦਾਸ ਖੋਜਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥ ੩੫ ॥

੩੬. [ਬਾਬਾ ਬੁੱਢਾ ਜੀ ਸਮੇਤ ਸੰਗਤਿ ਦਾ ਸੰਨ੍ਹ ਸਾਹਿਬ ਜਾਣਾ, ਗੁਰੂ ਜੀ ਦਾ ਪ੍ਰਗਟ ਹੋਣਾ]

ਦੋਹਰਾ ॥ ਸੁਨੀ ਤੁਰੰਗਨਿ ਬਾਰਤਾ ਬੁੱਢੇ ਬਹੁ ਸੁਖ ਪਾਇ।'ਇਹ ਅਸਵਾਰੀ

---

[1]ਸਾਰਿਆਂ ਦਾ ਦੁੱਖ। [2]ਸਾਰਿਆਂ ਦੇ ਸਹਾਇਕ (ਗੁਰੂ ਜੀ) ਕਾਰਜ ਸਾਰਨਗੇ। [3]ਗੋਇੰਦਵਾਲ ਨੂੰ। [4]ਇੰਦ੍ਰ। [5]ਚਿਤ ਦੀ ਵਿਆਕੁਲਤਾ [ ਸੰਸ:, ਉਦ੍ਵੇਗ ]। [6]ਕਿਸੇ ਧਿਰ=ਕਿਧਰ=ਕਿਸ ਪਾਸੇ, [7]ਘੋੜੀ। [8]ਚੜ੍ਹਕੇ ਉਤੇ ਬੈਠ ਨਹੀਂ ਸਕਿਆ। *ਪਾ:–ਮੈਂ ਅਬਿ ਹੋ ਸੰਗੇ ਤਹਿਂ ਚਾਲੋਂ।

ਗੁਰੁਕੀ ਅਜ਼ਮਤ ਜੁਤਿ ਦਰਸਾਇ॥੧॥ਚੌਪਈ॥ਗੁਰ ਬਿਨ ਨਹੀਂ ਅਰੂਢਨਿ
ਦੇਤਿ। ਯਾਂਤੇ ਸੋ ਤਜਿ ਗਯੋ ਨਿਕੇਤਿ। ਅਬਿ ਇਸ ਕੋ ਕੀਜਹਿ ਸ਼ਿੰਗਾਰ।
ਪ੍ਰਥਮ ਸ਼ਨਾਨਹੁ ਸੁੰਦਰ ਬਾਰਿ[1]॥੨॥ਧੂਪ ਦੀਪ ਚੰਦਨ ਚਰਚਾਵਹੁ[2]।ਫੂਲ
ਬਿਸਾਲ ਮਾਲ ਪਹਿਰਾਵਹੁ। ਪਾਇ ਬਸਤਨੀ[3] ਸੁੰਦਰ ਜ਼ੀਨ[4]। ਕਵਿਕਾ[5]
ਦੇਹੁ ਮੁਹਾਰ[6] ਨਵੀਨ॥੩॥ਸੰਗਤਿ ਕਰਹਿ ਬੇਨਤੀ ਸਾਰੀ।ਛੋਰਿ ਦੇਹੁ ਇਹੁ
ਚਲਹਿ ਅਗਾਰੀ।ਸੰਗ ਸੰਗਤਾਂ ਗਮਨਹਿਂ ਪਾਛੇ। ਗੁਰੁ ਕੋ ਖੋਜ ਲੇਹਿ ਇਹੁ
ਆਛੇ[7]॥੪॥ਬ੍ਰਿਧ ਕੋ ਬਾਕ ਮਾਨਿ ਸਭਿ ਲੀਨਾ। ਸਭਿ ਸ਼ਿੰਗਾਰ ਸ਼ਿੰਗਾਰਨਿ
ਕੀਨਾ। ਦਈ ਛੋਰਿ ਪੁਰਿ ਵਹਿਰ ਤੁਰੰਗਨਿ।ਬਹੁ ਸੁੰਦਰ ਜੋ ਸਗਰੇ ਅੰਗਨਿ
॥੫॥ ਸਨੇ ਸਨੇ ਚਲਿ ਸਹਜ ਸੁਭਾਇ। ਪੀਛੇ ਸਗਰੀ ਸੰਗਤਿ ਜਾਇ। ਬੁੱਢੇ
ਆਦਿਕ ਸਿਖ ਸਮੁਦਾਇ।ਅਵਲੋਕਤਿ ਬੜਵਾ ਬਿਸਮਾਇ॥੬॥ਕਿਤੇ ਹਰੇਖਾ[7]
ਊਚੇ ਕਰੈ।ਕਿਤ ਚੰਚਲਤਾ ਜੁਤਿ ਪਗ ਧਰੈ।ਕਿਤਿਕਦੂਰਤੇ ਕੋਸ਼ਠ[8]ਦੇਖਾ।
ਥਿਤਿ ਹ੍ਵੈ[9]ਊਚੋਕੀਨਹਿਰੇਖਾ॥੭॥ਬਹੁਰ ਅਗਾਰੀ ਕੀਨ ਪਯਾਨਾ।ਗਈ ਤਹਾਂ
ਕੋਸ਼ਠ ਜਿਸ ਥਾਨਾ। ਦੂਰ ਦੂਰ ਫਿਰ ਚਹੁੰਦਿਸ਼ਿ ਤਾਂਹੀ। ਪੁਨ ਦਰ ਵਿਸ਼
ਗਮਨੀ ਹੁਇ ਪਾਹੀ॥੮॥ਤਹਾਂ ਪਹੁੰਚ ਕਰਿ ਸੀਸ ਝੁਕਾਵਾ। ਪੁਨ ਊਚੇ ਹਿਹ-
ਨਾਟ[7] ਸੁਨਾਵਾ। ਸੰਗਤਿ ਦੇਖਿਦੇਖਿ ਬਿਸਮਾਵੈ।–ਇਹਾਂ ਨ ਸਤਿਗੁਰ ਕਹੂੰ
ਦਿਸਾਵੈਂ ॥ ੯ ॥ ਬੜਵਾ ਨਹਿਂ ਅਬਿ ਆਗੇ ਜਾਵਤਿ। ਜਨੁ ਲਛਮੀ, ਇਤ
ਬਿਸ਼ਨੁ ਬਤਾਵਤਿ।ਰਾਜਸ਼ਿਰੀ[10]ਪੁਰਹੂਤਖੁਜੰਤੀ। ਅਬਿ ਇਸਥਲਕੋਨਹੀਂ
ਤਜੰਤੀ–॥੧੦॥ਪਿਖ ਬੁੱਢੇ ਸਭਿਕੋ ਸਮਝਾਯੋ।'ਇਹ ਕੋਠਾ ਕਿਸਕੋ ਬਨਵਾ-
ਯੋ।ਦਰਦੇਖਹੁ ਨਹਿਂ ਪੱਯਤਿ ਯਾਹੀ[11]। ਬੜਵਾ ਰਹੀ ਸਥਿਰ ਹੁਇ ਪਾਹੀ[12]
॥੧੧॥ਪ੍ਰਥਮ ਪ੍ਰਕਰਮਾ ਇਸ ਕੀ ਕਰੀ। ਦੂਰ ਦੂਰ ਚਹੁੰ ਦਿਸ਼ ਮਹਿਂ ਫਿਰੀ।
ਸੀਸ ਝੁਕਾਇ ਬੰਦਨਾ ਠਾਨੀ।ਥਿਰ ਅਬਿ ਰਹੀ,ਗੁਰੂ ਇਸਥਾਨੀ[13]'॥੧੨॥
ਤਬਿ ਕੋਸ਼ਠ ਕੇ ਚਹੁੰਦਿਸ਼ ਫਿਰਿਓ। ਦਰ ਕੋ ਥਿਰਨੈ ਨਿਹਾਰਨਿ ਕਰਿਓ।
ਅੱਖਰ ਲਿਖੇ ਦੇਖਿ ਕਰਿ ਕਹਨੇ। 'ਸਭਿ ਆਵਹੁ ਇਕ ਪਤਾ ਸੁ ਲਹਨੇ[14]॥
੧੩॥ਗੁਰੂ ਹਾਥਕੀ ਲਿਖਤਿ ਦਿਖੀਜਹਿ।ਮੈਂਅਬ ਪਠਿਹੌਂ ਸਰਬਸੁਨੀਜਹਿ'
। ਗਏ ਧਾਇ ਤਿਸ ਦੇਖਨੇ ਜਾਇ। ਪਠਿ ਅੱਖਰ ਸੋ ਬ੍ਰਿੱਧ ਸੁਨਾਇ ॥੧੪॥

---

[1]ਜਲ ਨਾਲ। [2]ਧੂਪ ਦੀਪ ( ਜਗਾ ਕੇ ) ਚੰਦਨ ਛਿੜਕੇ। [3]ਕਾਠੀ ਦੇ ਉਪਰਲਾ ਕਪੜਾ।
[4]ਕਾਠੀ। [5]ਲਗਾਮ। [6]ਵਾਗਾਂ। [7]ਹਿਣਕਣਾ। [8]ਕੋਠਾ। [9]ਖੜੀ ਹੋਕੇ। [10]ਸਚੀ। (ਅ) ਰਾਜ
ਲੱਛਮੀ। [11]ਦਿੱਸਦਾ ਨਹੀਂ ਇਸ ਦਾ ਦਰਵਾਜਾ, ਦੇਖੋ। [12]ਇਸ ਦੇ ਕੋਲ ਹੀ। [13](ਤਾਂਤੇ) ਗੁਰੂ
ਜੀ ਇਸ ਥਾਂ ਤੇ (ਹੋਣਗੇ)। [14]ਇਕ ਪਤਾ ਮਿਲ ਗਿਆ ਹੈ।

'ਆਇ ਇਹਾਂ ਦਰ ਪਾਰਹਿ[1] ਜੋਊ। ਹਮ ਨਹਿਂ ਗੁਰੂ, ਸਿੱਖ ਨਹਿ ਸੋਊ। ਹਲਤ ਪਲਤ ਮਹਿਂ ਨਹੀਂ ਸਹਾਈ।ਜੋ ਆਇਸੁ ਕੋ ਦੇਹਿ ਮਿਟਾਈ'॥੧੫॥ ਸੁਨਿ ਸੰਗਤਿ ਸਗਰੀ ਬਿਸਮਾਨੀ।ਕਿਮਿਹੂੰ ਕਹੀ ਜਾਇ ਨਹਿਂ ਬਾਨੀ।ਆਨ[2] ਗੁਰੂ ਕੀ ਉਲੰਘ ਨ ਸੱਕਈ।ਖਰੇ ਪਰਸਪਰ ਮੁਖ ਕੋ ਤੱਕਈਂ।੧੬।-ਜਾਨੀ ਜਾਇ ਜੁਗਤਿ ਨਹਿਂ ਕੋਈ। ਜਿਸ ਤੇ ਦਰਸ ਗੁਰੂ ਕਹੁ ਹੋਈ-। ਚਿੰਤਮਾਨ ਹੈ ਕਰਿ ਤਬਿ ਸਾਰੇ। ਸ਼ਰਨ ਬ੍ਰਿੱਧ ਕੀ ਬਾਕ ਉਚਾਰੇ॥ ੧੭॥ 'ਇਹ ਕੌਤਕ ਸਭਿ ਆਪ ਦਿਖਾਇ।ਤੁਮ ਬਿਨ ਕਿਸ ਤੇ ਹ੍ਵੈ ਨ ਉਪਾਇ।ਸਭਿ ਸੰਗਤਿ ਪਰ ਕਰੁਨਾ ਕਰੀਏ। ਆਪ ਜਤਨ ਕਰਿ ਗੁਰੂ ਦਿਖਰੀਏ' ॥ ੧੮॥ ਸੁਨਿ ਬਿਚਾਰ ਬੁੱਢੇ ਤਬਿ ਕੀਨਸਿ।ਸਿੱਖਜਨ ਪਰ ਕਰੁਨਾਰਸ ਭੀਨਸਿ।ਚਿਤਵਯੋ -ਗੁਰੂ ਨੇ ਬਚਨ ਉਚਾਰਾ।ਹੋਹਿ ਦੋਸ਼ ਜੇ ਖੋਲਹਿਂ ਦ੍ਵਾਰਾ॥੧੯॥ਅਪਰ ਥਾਨ ਕੋ ਪਾਰਨ ਕਰੌਂ[3]। ਤਹਾਂ ਨਹੀਂ ਇਹ ਦੋਸ਼ ਨਿਹਰੌਂ। ਦਰਸ਼ਨ ਕਰਿ ਕੈ ਬਿਨਤੀ ਠਾਨਹਿਂ। ਸਭਿ ਅਪਰਾਧ ਛਿਮਹਿ, ਹਿਤ ਜਾਨਹਿਂ[4]-॥੨੦॥ਰਿਦੈ ਧਯਾਨ ਧਰਿ ਬੰਦਨ ਕੀਨਸਿ। ਕੋਸ਼ਟ ਕੋ ਪਿਛਲੀ ਦਿਸ਼ ਚੀਨਸਿ। ਤਹਾਂ ਜਾਇ ਕਰਿ ਈਂਟ ਉਖੇਰੀ। ਤੀਛਨ ਲੋਹ ਸੰਗ ਤਿਸ ਬੇਰੀ ॥੨੧॥ ਗਰੀ ਕਰੀ[5] ਤਹਿਂ ਪ੍ਰਵਿਸ਼ਨਿ ਜੇਤੀ। ਸੰਗਤਿ ਦੇਖਤਿ ਅਚਰਜ ਸੇਤੀ। ਪਸ਼ਚਮ ਦਿਸ਼ ਮਹਿਂ ਕੋਸ਼ਠ ਦ੍ਵਾਰਾ। ਪੂਰਬ ਦਿਸ਼ਾ ਪਾਰ ਕੋ ਪਾਰਾ[6]॥ ੨੨॥ ਅੰਤਰ ਧੀਰਜਧਾਰਿ ਪ੍ਰਵੇਸ਼ਾ।ਪਿਖੇ ਗੁਰੂ ਤਬਿ ਮਨਹੁ ਮਹੇਸ਼ਾ।ਆਸਨ ਲਾਇ ਸਮਾਧਿ ਅਗਾਧਾ।ਬ੍ਰਹਮ ਰੂਪ ਇਕ ਅਚਲ ਅਬਾਧਾ॥੨੩॥ਅੰਗ ਅਡੋਲ ਟਿਕੇ ਜਗ ਸ੍ਵਾਮੀ। ਕੋਟਿ ਬਰਖ ਜਿਮਿ ਸ਼ਿਵ ਨਿਸ਼ਕਾਮੀ[7]। ਪਦ ਅਰਬਿੰਦ ਬੰਦਨਾ ਧਾਰੀ। ਕਰ ਸਪਰਸ਼ ਕਰਿ ਥਿਰਯੋ ਅਗਾਰੀ॥੨੪॥ਛੁਵਤਨ*ਹ੍ਵੈ ਸਮਾਧਿ ਵਿਰਾਮ[8]।ਖੁਲੇ ਬਿਲੋਚਨ ਕ੍ਰਿਪਾ ਸੁ ਧਾਮ[9]। ਦੇਖਿ ਬ੍ਰਿੱਧ ਕੋ ਬਾਕ ਉਚਾਰਾ। 'ਕਿਮਿ ਤੈਂ ਟਾਰਯੋ ਹੁਕਮ ਹਮਾਰਾ?'॥੨੫॥'ਸ਼੍ਰੀ ਗੁਰੂ! ਹਮ ਨਹਿਂ ਆਇਸੁ ਟਾਰੀ।ਤਜਿ ਦਰ,ਫੋਰਯੋ ਦ੍ਵਾਰ ਪਿਛਾਰੀ[10]। ਸਭਿ ਸਿੱਖਜਨ ਮਨ ਬ੍ਯਾਕੁਲ ਹੇਰਾ। ਦੂਰੇ ਆਪ ਕਰਿ ਜਗਤ ਅੰਧੇਰਾ॥ ੨੬॥ ਇਹ ਬਿਧਿ ਕਯੋਂ ਕਰਿ

[1]ਖੋਲੇਗਾ। [2]ਮਿਰਜਾਦਾ। (ਅ) ਪ੍ਰਤਿੱਗਯਾ। [3]ਪਾੜਨਾਂ ਕਰਾਂ। [4]ਗੁਰੂ ਜੀ ਪ੍ਰੇਮ ਨੂੰ ਹੀ ਜਾਣਦੇ ਹਨ, ਭਾਵ ਓਹ ਗੁੱਸੇ ਕਦੇ ਨਹੀਂ ਹੁੰਦੇ (ਅ) ਮੇਰੇ ਪ੍ਰੇਮ ਨੂੰ ਜਾਣ ਲੈਣ ( ਕਿ ਇਸ ਦੀ ਅਵਗਯਾ ਦਾ ਕਾਰਣ ਪ੍ਰੇਮ ਹੈ ਬੇਅਦਬੀ ਨਹੀਂ)। [5]ਮੋਰੀ ਕੀਤੀ। [6]ਪਾੜ ਪਾੜਿਆ। [7]ਕਾਮਨਾ ਤੋਂ ਰਹਤ ਸ਼ਿਵ ਜੀ। [8]ਉਟਕ ਗਈ, [ ਸੰਸ:, ਵਿਰਾਮ=ਕਿਸੇ ਕ੍ਰਿਯਾ ਦਾ ਰੁਕ ਜਾਣਾ ] ਸਮਾਧੀ ਦੇ ਪ੍ਰਵਾਹ ਦਾ ਰੁਕ ਜਾਣਾ ਸਮਾਧੀ ਦਾ ਖੁਲ੍ਹ ਜਾਣਾ ਹੈ। [9]ਭਾਵ ਗੁਰੂ ਜੀ ਦੇ ਨੇਤ੍ਰ। [10]ਪਿਛਲੇ ਪਾਸਿਓਂ ਰਸਤਾ ਪਾੜਿਆ ਹੈ। *ਪਾ:-ਛੁਵਤਿ।

ਬਨਹਿ ਗੁਸਾਈਂ। ਛਪਹੁ ਆਪ ਸੰਗਤਿ ਦੁਖ ਪਾਈ। ਸਰਬ ਸ਼ਕਤਿ ਜੁਤਿ ਸਮਰਥ ਪੂਰਨ।ਚਹਹੁ ਜਿ ਚਿੱਤ ਮਹਿਂ ਕਰਿ ਹੋ ਤੂਰਨ॥੨੭॥ ਤੀਨ ਲੋਕ ਪਰ ਹੁਕਮ ਤੁਮਾਰਾ। ਬੈਠਹੁ ਤੁਮ,ਕਿਸਤੇ ਡਰ ਧਾਰਾ। ਨਿਕਸਹੁ ਵਹਿਰ ਦਿਖਾਵਹੁ ਦਰਸ਼ਨ। ਕਰਿਹੈ ਸੰਗਤਿ ਪਾਇਨ ਪਰਸਨ॥੨੮॥ਸ਼੍ਰੀ ਅੰਗਦ ਕੀ ਸਿਮਰਹੁ ਸਿੱਖਨਾ। ਨਾਮ ਜਪਾਇ ਕਰਹੁ ਸਿਖ ਰੱਖਨਾ'। ਸੁਨਤਿ ਭਏ ਸ਼੍ਰੀ ਅਮਰ ਪ੍ਰਸੰਨ।ਕਹ੍ਯੋ ਬ੍ਰਿੱਧ ਕੋ'ਤੁਮ ਬਹੁ ਧੰਨ॥੨੯॥ਪਰਉਪਕਾਰ ਹੇਤੁ ਸਭਿ ਕਰ੍ਯੋ। ਸਿੱਖੀ ਕੋ ਸਥੰਭ[੧] ਹੈ ਥਿਰ੍ਯੋ। ਮਤਸਰ ਪਾਵਕ ਜੂਲਤ[੨] ਮਹਾਨਾ। ਈਂਧਨ ਧੀਰਜ ਗ੍ਯਾਨ ਰੁ ਧ੍ਯਾਨਾ[੩]॥੩੦॥ ਪਿਸ਼ਤਾਸ਼ਨੀ[੪] ਆਸ ਦੁਖਦਾਈ। ਪੂਰਹਿ ਨ ਰਾਜ ਤ੍ਰਿਲੋਕੀ ਪਾਈ[੫]। ਬ੍ਰਹਮਾਦਿਕ ਜਿਨ ਜੀਤੇ ਸਾਰੇ।ਕਲਿਜੁਗ ਕੇ ਨਰ ਕੌਨ ਬਿਚਾਰੇ ॥੩੧॥ ਮੋਹ ਸੈਨ ਕੋ ਜੋਰ ਮਹਾਨਾ। ਜਹਿਂ ਕਹਿਂ ਸਦਗੁਨ ਕੀ ਕਰਿਹਾਨਾ[੬]। ਬਹੁ ਕੁਚਾਲ ਕਲਿਕਾਲ ਬਿਥਾਰੀ। ਪੰਡਿਤ ਮੂਢਨ ਸਭਿ ਉਰ ਧਾਰੀ॥੩੨॥ ਤਿਸਕੋ ਤ੍ਰਾਸ ਬਿਲੋਕਿ ਬਿਸਾਲਾ। ਆਨਿਛਪੇ ਕੋਸ਼ਠ ਇਸ ਕਾਲਾ*'।ਸੁਨਿ ਬ੍ਰਿਧ ਨੇ ਪੁਨਬਾਕ ਬਖਾਨੇ।'ਸਭਿ ਕੌਤਕ ਤੁਮ ਨੈ ਇਹ ਠਾਨੇ॥੩੩॥ ਅਪਨੀ ਲੀਲ੍ਹਾ ਆਪ ਨਿਹਾਰਹੁ। ਕਿਸੇ ਉਪਾਵਹੁ ਕਿਸੇ ਸੰਘਾਰਹੁ।ਸਭਿ ਜੀਵਨ ਕੇ ਜੀਵ ਬਿਸਾਲਾ। ਦੇਹੁ ਜੀਵਕਾ ਤੁਮ ਸਭਿ ਕਾਲਾ ॥੩੪॥ ਸੰਗਤਿ ਬ੍ਯਾਕੁਲ ਅਪਨੀ ਜਾਨੋ। ਦਰਸ਼ਨ ਦੇਹੁ ਕਸ਼ਟ ਕੋ ਹਾਨੋ। ਧਰਹਿਂ ਕਾਮਨਾ ਪੂਰਨ ਕਰੀਐ। ਬਿਰਦ ਕ੍ਰਿਪਾਲ ਸਦੀਵ ਬਿਚਰੀਐ' ॥੩੫॥ਬਿਨਤੀ ਸੁਨਿ ਕੈ ਬਾਕ ਉਚਾਰਾ। 'ਉਠਹੁ ਆਪ ਅਬਿ ਖੋਲਹੁ ਦ੍ਵਾਰਾ। ਸੰਗਤਿ ਕੋ ਦਰਸਾਉ[੭] ਭਲੇਰੇ। ਇਹ ਉਪਕਾਰ ਹੁਏ ਸਭਿ ਤੇਰੇ' ॥੩੬॥ ਸੁਨਿਕੈ ਬ੍ਰਿੱਧ ਬਿਲੰਦ ਅਨੰਦ੍ਯੋ[੮]। ਤੂਰਨ ਉਠ੍ਯੋ ਗੁਰੂ ਪਦ ਬੰਦ੍ਯੋ। ਢਾਹਿ ਈਂਟਕਾ ਖੋਲ੍ਯੋ ਦ੍ਵਾਰਾ। ਸਭਿ ਸੰਗਤਿ ਕੋ ਤਬਹਿ

---

[੧]ਥੰਮ੍ਹ, ਆਸਰਾ। [੨](ਜਗਤ ਵਿਚ) ਈਰਖਾ ਰੂਪੀ ਅੱਗ ਬਲ ਰਹੀ ਹੈ। [੩]ਧੀਰਜ,ਗ੍ਯਾਨ ਧ੍ਯਾਨ ਉਸ ਵਿਚ ਬਾਲਣ ਬਲ ਰਹੇ ਹਨ। [੪]ਆਦਮਖੋਰ। [ਸੰਸ:, ਪਿਸ਼ਤਾਸ਼ਨਿ=ਰਾਖਸ਼ੀ, ਆਦਮ ਖੋਰ, ਗੋਸ਼ਤ ਖੋਰ] ਆਸਾ ਨੂੰ ਆਦਮੀਆਂ ਦਾ ਮਾਸ ਖਾਣ ਵਾਲੀ ਦੱਸਦੇ ਹਨ। [੫]ਪੂਰਨ ਨਹੀਂ ਹੁੰਦੀ ਤ੍ਰਿਲੋਕੀ ਦਾ ਰਾਜ ਪਾਇਆਂ ਭੀ। [੬]ਸ੍ਰੇਸ਼ਟ ਗੁਣਾਂ ਦੀ ਨਾਸ਼ ਕਰਤਾ ਹੈ। [੭]ਦਰੋਸ਼ਨ ਦਿਓ। [੮]ਖੁਸ਼ ਹੋਯਾ।

*ਦਾਸੂ ਨੇ ਕਿਹਾ ਸੀ (ਦੇਖੋ ਅੰਸੂ ੩੪ ਅੰਕ ੪੩) ਕਿ ਇਥੋਂ ਦੂਰ ਜਾਓ। ਸੋ ਗੁਰੂ ਪੁੱਤ੍ਰ ਜਾਣਕੇ ਤੇ ਕਿਸੇ ਨਾਲ ਈਰਖਾ ਦਾ ਮੁਕਾਬਲਾ ਕਰਨਾ ਜੋਗ ਨਾ ਸਮਝਕੇ ਗੁਰੂ ਜੀ ਸਭ ਸਮਾਜ ਛੋੜਕੇ ਦੂਰ ਆਏ ਸਨ। ਸੰਗਤ ਦਾ ਆਖਾ ਮੰਨਣਾ ਬੀ ਇਕ 'ਗੁਰੂ ਬਿਰਦ' ਹੈਸੀ। ਇਸ ਕਰਕੇ ਫੇਰ ਮੁੜ ਆਏ, ਯਥਾ:—ਸਭਿ ਸੰਗਤਿ ਕੀ ਸੁਨਿ ਕਰਿ ਬਿਨਤੀ। ਗਾਦੀ ਪਰ ਬੈਠੇ ਤਜਿ ਗਿਨਤੀ। [ਅੰਸੂ ੩੬ ਅੰਕ ੪੯

ਹਕਾਰ॥੩੭॥ਦਿਖਤਿ ਹੁਤੀ[1],ਸੁਨਿ ਬ੍ਰਿਧ ਕੀ ਆਗ੍ਯਾ।ਹਰਖਤਿ ਭਈਪ੍ਰੇਮ
ਰਸ ਪਾਗ੍ਯਾ।ਹੁਮ ਹੁਮਾਇ ਸੰਗਤਿ ਸਭਿ ਆਈ। ਭਈ ਭੀਰ ਤਹਿੰ ਥਾਉਂ
ਨ ਪਾਈ॥੩੮॥ ਪਦ ਪੰਕਜ ਪਰਸਹਿੰ, ਕਰ ਬੰਦਹਿੰ। ਦਰਸਹਿੰ ਸਤਿਗੁਰ
ਰਿਦੈ ਅਨੰਦਹਿੰ। ਧਰਹਿੰ ਉਪਾਇਨ ਪ੍ਰੇਮ ਬਧਾਵਹਿੰ। ਜੈ ਜੈ ਕਾਰ ਉਚਾਰਿ
ਸੁਨਾਵਹਿੰ॥੩੯॥ਸਭਿ ਸੰਗਤਿ ਬੈਠੀ ਹਰਖਾਏ।ਭੇਟਨਿ ਕੇ ਅੰਬਾਰ ਲਗਾਏ।
ਸਭਿਨਿ ਸੁਨਾਇ ਗੁਰੂ ਤਬ ਕਹ੍ਯੋ।'ਇਹੁ ਉਪਕਾਰ ਸੁ ਬੁੱਢੇ ਲਹ੍ਯੋ॥੪੦॥
ਖੇਦ ਬਡੋ ਨਿਜ ਤਨ ਪਰ ਲੀਨਾ।ਨੀਕੋ ਹਿਤ ਸੰਗਤਿ ਕੋ ਕੀਨਾ।ਇਸ ਕੋ
ਪਾਰ ਦਯੋ ਦਰਸਾਵੈ[2]।ਸੋ ਨਰ ਜਮ ਕੋ ਪਿਖਨ ਨ ਪਾਵੈ॥੪੧॥ਇਹੁਸੰਗਤਿ
ਕੋ ਬੋਹਿਥ ਭਾਰ।ਭਉਜਲ ਤੇ ਕਰਿਹੈ ਨਿਸਤਾਰ।ਸਿੱਖੀ ਅਵਧਿ,ਨ ਇਸ
ਤੇ ਪਰੈ[3]। ਨਾਮ ਲਿਏ ਗਨ ਬਿਘਨ ਸੁ ਹਰੈ'॥੪੨॥ਬ੍ਰਿਧ ਨੇ ਕਹ੍ਯੋ 'ਤੁਰੰ-
ਗਨਿ ਖਰੀ। ਜਿਸਨੇ ਰਾਵਰਿ ਕੀ ਸੁਧਿ ਕਰੀ। ਉਠਹੁ, ਅਰੂਢਹੁ, ਚਲਹੁ
ਕ੍ਰਿਪਾਲਾ!।ਸਦਨ ਆਪਨੇਗੋਇੰਦਵਾਲਾ'॥੪੩॥ਤਬਿਸ੍ਰੀਗੁਰੁ ਨਿਕਸੇਤਿਸ[4]
ਬਾਹਰ।ਖਰੇ ਭਏ ਦਿਯ ਦਰਸ਼ਨ ਜ਼ਾਹਰ।ਆਇ ਤੁਰੰਗਨਿ ਸੀਸ ਨਿਵਾਵਾ।
ਫੁਰਕਾਵਤਿ[5] ਹਿਰਦਾ ਹਰਖਾਵਾ॥੪੪॥ਤਬਿ ਸ੍ਰੀ ਅਮਰ ਫੇਰ ਕਰਿ ਹਾਥ।
ਚਢੇ ਸਿਮਰ ਸ੍ਰੀ ਨਾਨਕ ਨਾਥ।ਸੁੰਦਰ ਗਤਿ[6] ਬੜਵਾ ਤਬਿ ਚਲੈ। ਸੰਗਤਿ
ਚਲਤਿ ਸੰਗ ਸਭਿ ਮਿਲੈ॥੪੫॥ ਭਾਈ ਬ੍ਰਿੱਧ ਰਕਾਬ ਤਬਿ ਗਹੀ। ਸਭਿ-
ਹਿਨਿ ਅਸ ਸ਼ੋਭਾ ਤਬਿ ਲਹੀ। ਅਨੰਦ ਉਦਧਿ ਕੀ ਉਠਹਿੰ ਤਰੰਗੈਂ।ਇਮਿ
ਸਭਿ ਜਾਤਿ ਚਲੇ ਗੁਰ ਸੰਗੈ॥੪੬॥ ਚਲਿ ਆਏ ਇਮਿ ਗੋਇੰਦਵਾਲ। ਸਭਿ
ਨੇ ਉਤਸਵ ਕੀਨਿ ਬਿਸਾਲ। ਦੀਪਮਾਲ ਸਗਰੇ ਪੁਰਿ ਹੋਈ। ਦਰਸ਼ਨ
ਕਹੁ ਆਏ ਸਭਿ ਕੋਈ॥੪੭॥ ਮਧੁਰ ਪ੍ਰਸਾਦਿ ਭਯੋ ਸਮੁਦਾਈ। ਬਰਤਤਿ
ਸੰਗਤਿ ਸਗਲ ਅਘਾਈ। ਫੂਲਨ ਮਾਲਾ ਆਨਤਿ ਕੇਈ। ਦਰਸੈਂ ਕਿਤਿਕ
ਆਨਿ ਫਲ ਤੇਈ[7]॥੪੮॥ ਸਭਿ ਸੰਗਤਿ ਕੀ ਸੁਨਿ ਕਰਿ ਬਿਨਤੀ। ਗਾਦੀ
ਪਰ ਬੈਠੇ ਤਜਿ ਗਿਨਤੀ।ਦੇਨਿ ਲਗੇ ਦਰਸ਼ਨ ਪੁਨ ਤੈਸੇ।ਸਿੱਖ ਸਰਬ ਪਰ-
ਵਾਰਤਿ ਬੈਸੇ॥੪੯॥ ਜੇਤਿਕ ਸੰਗਤਿ ਹੁਤੀ ਬਿਦੇਸ਼ੂ। ਦਰਸ਼ਨ ਕਰਿ ਵਰ
ਪਾਇ ਵਿਸ਼ੇਸ਼ੂ। ਰਹਿ ਕੇਤਿਕ ਦਿਨ ਗਈ ਅਵਾਸੂ[8]। ਦਸੂ ਦਿਸ਼ ਕੀਰਤਿ
ਕਰਤਿ ਪ੍ਰਕਾਸ਼ੂ॥ ੫੦॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ

[1] (ਸੰਗਤ) ਤੱਕ ਰਹੀ ਸੀ, ਭਾਵ ਉਡੀਕ ਵਿਚ ਸੀ। [2] ਇਸ ਦੇ ਦਿੱਤੇ ਪਾੜ ਨੂੰ (ਜੇ ਕੋਈ) ਦੇਖੇਗਾ। [3] ਸਿੱਖੀ ਦੀ ਬਾਬਾ ਬੁੱਢਾ ਹਦ ਹੈ ਇਸ ਤੋਂ ਪਰੇ ਹੋਰ ਸਿੱਖੀ ਨਹੀਂ। [4] ਓਸ (ਕੋਠੇ) ਤੋਂ। [5] (ਨਾਸਾਂ) ਫੁਰਕਾਉਂਦੀ ਹੈ। [6] ਚਾਲ। [7] ਉਹ (ਸਿਖ) ਫਲ ਲਿਆਕੇ (ਭੇਟ ਧਰਕੇ) ਦਰਸ਼ਨ ਕਰਦੇ ਹਨ। [8] (ਆਪਣੇ) ਘਰੀਂ।

ਅਮਰਦਾਸ ਪੁਰਿ ਆਗਮਨ[1] ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥ ੩੬ ॥

੩੭. [ਪਾਰੋ ਜੁਲਕਾ। ਲਾਲੂ ਨੂੰ ਬਖਸ਼ੀਸ਼ਾਂ]।

ਦੋਹਰਾ ॥ ਇਸ ਪ੍ਰਕਾਰ ਸ੍ਰੀ ਸਤਿਗੁਰੂ ਪੁਰੀ ਬਿਰਾਜੇ ਆਇ। ਭਾਈ ਬ੍ਰਿਧ ਕੇਤਿਕ ਦਿਵਸ ਰਹ੍ਯੋ ਨਿਕਟ ਸੁਖਪਾਇ ॥੧॥ ਚੌਪਈ ॥ ਦਾਤੂ ਲਾਤਬਿਖੈ ਦੁਖ*ਭਯੋ।ਅਸਥਿ[2]ਬੀਚਤੇ ਪੀਰਤਿ ਥਿਯੋ।ਗੁਰੂ ਅਵੱਗਯਾ ਤੇ ਦੁਖ ਪਾਵੈ ਆਇ ਸਮੀਪ ਨਹੀਂ ਬਖਸ਼ਾਵੈ॥੨॥-ਲੱਜਾ ਜੁਤ ਕਯਾ ਮੁਖ ਲੈ ਜੈਹੋਂ।ਬੈਠਿ ਸਭਾ ਸ਼ੋਭਾ ਕਿਮਿ ਲੈ ਹੋਂ-। ਸਦਨਬਿਖੈ ਬੈਠ੍ਯੋ ਨਿਤ ਰਹੈ।ਕਸ਼ਟ ਲਾਤਕੋ ਦੀਰਘ ਸਹੈ ॥੩॥ ਹਰਖ ਨ, ਸ਼ੋਕ ਨ, ਰਹੈਂ ਸਮਾਨ[3]।ਸ਼੍ਰੀ ਸਤਿਗੁਰ ਉਰ ਛਿਮਾ ਨਿਧਾਨ।ਭਲਾ ਬੁਰਾ ਕਿਸਹੂੰ ਨ ਬਖਾਨਹਿਂ।ਸਭਿ ਪਰ ਦਯਾਦ੍ਰਿਸ਼ਟਿ ਕੋ ਠਾਨਹਿਂ॥੪॥ਤਬਿ ਭਾਈ ਬੁੱਢੇ ਕਰ ਜੋਰੇ। ਬਿਦਾ ਹੋਇ ਗਮਨ੍ਯੋ ਗ੍ਰਿਹ ਓਰੇ।ਗ੍ਯਾਨਵਾਨ ਗੁਰ ਧ੍ਯਾਨ ਸਦੀਵਾ।ਸਭਿ ਤੇਊਚ ਅਧਿਕਮਨਨੀਵਾ॥੫॥

ਪਾਰੋ ਜੁਲਕਾ ਡੱਲੇ ਮਾਂਹਿ[4]। ਪਰਮੇਸ਼ੁਰ ਸੋਂ ਪ੍ਰੇਮ ਉਮਾਹਿ। ਸਤਿਗੁਰ ਕੀ ਮਹਿਮਾ ਕੋ ਜਾਨਹਿ। ਗੁਰਬਾਨੀ ਸੁ ਬਿਚਾਰਨ ਠਾਨਹਿ ॥੬॥ ਦਰਸ਼ਨ ਕੀ ਮਨ ਪ੍ਯਾਸੁ ਘਨੇਰੀ।ਸਤਿਗੁਰ ਪਹਿ ਆਯਹੁ ਇਕ ਬੇਰੀ। ਨਮਸਕਾਰ ਕਰਿ ਬੈਠ੍ਯੋ ਪਾਸ। ਮਨ ਮਹਿਂ ਦੀਰਘ ਪ੍ਰੇਮ ਪ੍ਰਕਾਸ਼ ॥ ੭ ॥ ਅੰਤਰਯਾਮੀ ਗੁਰ ਨੇ ਜਾਨਾ। 'ਪਰਮ ਹੰਸ' ਤਿਸ ਨਾਮ ਬਖਾਨਾ। ਪੂਰਨ ਗ੍ਯਾਨ ਰਿਦੇ ਹੁਇ ਆਵਾ।ਏਕ ਰੂਪ ਸਭਿ ਜਗ ਦ੍ਰਿਸ਼ਟਾਵਾ॥੮॥ਪਰਮਹੰਸ ਸਤਿਗੁਰ ਕੇ ਕਹੇ। ਬ੍ਰਹਮ ਸਰੂਪ ਅਪਨ ਸੁਖ ਲਹੇ। ਜੋਗ,ਵਿਰਾਗ,ਭਗਤਿ ਬਿੱਗ੍ਯਾਨ[5]। ਪੂਰਨ ਹੋਇ ਜਿਸਕੇ ਆਨਿ॥੯॥ਨਿੱਧਿਸਿੱਧਿ ਰਿਧਿ ਗੁਰ ਤੇਪਾਈ।ਆਵਤਿ ਹੀ ਸਤਿਗੁਰ ਸ਼ਰਨਾਈ। ਕੁਲ ਆਚਾਰ ਕਰਤਿ ਬਿਵਹਾਰ। ਉਰ ਮਹਿਂ ਗੁਰ ਚਰਨਨ ਕੋ ਧਾਰਿ† ॥੧੦॥ਜੋਗ ਭੋਗ ਦੋਨਹੁ ਕੋ ਪਾਇ। ਰਹੈ ਅਲੇਪ ਕਮਲ ਜਲ ਭਾਇ[6]।ਦੁਇਦਿਨ ਘਰ,ਪੁਨ ਸਤਿਗੁਰ ਪਾਸ। ਆਵਹਿ,ਰਹੈ, ਦਰਸ ਕੀ ਪ੍ਯਾਸ॥੧੧॥ਇਕ ਦਿਨ ਚਢ੍ਯੋ ਤੁਰੰਗਨਿ ਆਵੈ। ਨਹਿਂਅਵਨੀ ਪਰ ਪਾਇਂ ਟਿਕਾਵੈ। ਗਤਿ ਬਿਹੰਗ ਕੀ ਬੜਵਾ ਚਾਲਹਿ[7]। ਕਰਾਮਾਤ ਕੇ ਸਹਤਿ ਬਿਸਾਲਹਿ॥੧੨॥ਦਿੱਲੀ ਤੇ ਨਬਾਬ ਮਗ ਜਾਇ[8]। ਗਜ ਪਰ ਹੁਤੇ

[1]ਹੱਡੀ। [2](ਦਾਤੂ) ਹੱਡੀ ਵਿਚ ( ਪੀੜ ਤੋਂ) ਪੀੜਤ ਹੋਇਆ। [3]( ਗੁਰੂ ਜੀ ਨੂੰ ) ਨਾ ਹਰਖ ਹੈ ਨਾ ਸ਼ੋਕ ਹੈ, ਇਕੋ ਜਿਹੇ ਰਹਿੰਦੇ ਹਨ। [4]ਡੱਲੇ ( ਪਿੰਡ ) ਵਿਚ। [5]ਅਨੁਭਵ ਜੰਨਯ ਪੂਰਨ ਗਿਆਨ। [6]ਵਾਂਙੂ। [7]ਪੰਛੀ ਦੀ ਚਾਲ ਘੋੜੀ ਚੱਲੇ। [8]ਰਾਹ (ਵਿਚ) ਜਾਂਦਾ ਸੀ।

*ਪਾ:-ਰੁਜ। †ਪਾ:-ਉਰ ਮਹਿ ਗੁਰੂ ਚਰਨ ਕੋ ਧਾਰਿ।

ਚਮੂੰ ਸਮੁਦਾਇ ਅਵਲੋਕ੍ਯੋ ਤਿਨ ਭਾਈ ਪਾਰੋ।ਮਹਾਂ ਅਚਰਜ ਰਿਦੈ ਮਹਿ ਧਾਰੋ ॥੧੩॥ ਸ਼ੀਘ੍ਰ ਜਾਇ ਭਾ ਖਰੋ ਅਗਾਊ। ਦਰਸ਼ਨ ਕੋ ਧਰਿ ਕੈ ਚਿਤ ਚਾਊ।ਤਜਿ ਗਜ ਕੋ ਪਾਇਨ ਪਰ ਪਰ੍ਯੋ।ਪਾਰੋ ਕਿਰਪਾ ਦ੍ਰਿਸ਼ਟਿਨਿਹਰ੍ਯੋ॥ ੧੪॥ ਅਧਿਕ ਰਿਦੈ ਤਿਹ ਪ੍ਰੇਮ ਪ੍ਰਕਾਸ਼ਾ। ਮਨ ਤੇ ਭਯੋ ਬਿਕਾਰ ਬਿਨਾਸ਼ਾ। ਹਾਥ ਜੋਰਿ ਕੈ ਤਾਂਹਿ ਉਚਾਰਾ।'ਅਹੋ ਵਲੀ! ਕ੍ਯਾ ਨਾਮ ਤੁਮਾਰਾ ?॥੧੫॥ ਕਿਤਿ ਕੋ ਜਾਤਿ ਕਹਾਂ ਤੇ ਆਏ?।ਖਾਦਮ ਕੀਜਹਿ ਬਰਾ ਖੁਦਾਏ"[1]।'ਪਾਰੋ ਨਾਮ ਹਮਾਰੋ ਅਹੈ।ਗੁਰ ਦਰਸ਼ਨ ਜਾਵਤਿ ਚਿਤ ਚਹੈ'॥੧੬॥ਸੁਨਿ ਨਵਾਬ ਮਨ ਸਿਦਕ ਉਦਾਰਾ[2]। ਬੂਝ੍ਯੋ[3]"ਕਿਹ ਠਾਂ ਪੀਰ ਤੁਮਾਰਾ?। ਹਮ ਕੋ ਸੰਗ ਲੇਹੁ ਦਰਸਾਵਹੁ।ਧੰਨ ਗੁਰੂ ਜਿਸ ਪਹਿ ਤੁਮ ਜਾਵਹੁ'॥੧੭॥ਪਾਰੋ ਕਹ੍ਯੋ'ਸੰਗ ਜੋ ਲਸ਼ਕਰ। ਅਪਰ ਬਿਭੂਤਿ ਸਰਬ ਕੋ ਪਰਹਰਿ। ਤਬਿ ਤੁਮ ਗਮਨਹੁ ਦਰਸ਼ਨ ਕਰੀਅਹਿ। ਸਤਿਗੁਰ ਪਰਸਨ ਕੋ ਫਲ ਧਰੀਅਹਿ'॥੧੮॥ ਪ੍ਰੇਮ ਨਬਾਬ ਕੀਨਿ ਤਿਸ ਕਾਲਾ। ਸੁਤ ਕੋ ਸੌਂਪਿ ਸਮਾਜ ਬਿਸਾਲਾ। 'ਖਿਜਮਤ ਪਾਤਿਸ਼ਾਹ ਕੀ ਕਰੋ।ਹਮਰੋ ਖਯਾਲ ਨਹੀਂ ਉਰ ਧਰੋ'॥੧੯॥ ਸੁਤ ਕੋ ਸਭਿ ਬਿਧਿ ਤਿਨ ਸਮਝਾਯੋ।ਪਾਰੋ ਸੰਗ ਆਪ ਚਲਿ ਆਯੋ। ਸਤਿਗੁਰ ਕੋ ਬੰਦਨ ਕਰਿ ਬੈਸੇ।ਭਏ ਪ੍ਰਸੰਨ ਦੇਖਿ ਕਰਿ ਤੈਸੇ॥੨੦॥'ਪਾਰੋ ਧੰਨ ਧੰਨ*ਉਪਕਾਰੀ। ਤਰਹੁ ਆਪ ਅਪਰਨ ਦੇ ਤਾਰੀ[4]। ਬੋਲਨ ਮਿਲਨ ਸੰਤ ਸੋਂ ਨੀਕਾ। ਤਾਤ-ਕਾਲ ਕਟਿ ਸੰਕਟ ਜੀਕਾ' ॥ ੨੧ ॥ ਪਾਰੋ ਨੇ ਸਭਿ ਕਹ੍ਯੋ ਪ੍ਰਸੰਗ। ਜਿਸ ਪ੍ਰਕਾਰ ਆਨ੍ਯੋ ਸੋ ਸੰਗ। ਸੁਨਿ ਸ੍ਰੀ ਅਮਰ ਕਰੀ ਤਬਿ ਕਰੁਨਾ।ਹਰ੍ਯੋ ਤਿਸੀ ਕੋ ਜਨਮ ਰੁ ਮਰਨਾ॥੨੨॥ਸਤਿਗੁਰ ਕੀ ਉਰ ਪ੍ਰੀਤਿ ਪਰੀ ਹੈ।ਮਨ ਬਿਕਾਰ ਕੀ ਪੀਰ ਹਰੀ ਹੈ। ਭਯੋ ਨਿਹਾਲ ਨਿਬਾਬ ਘਨੇਰਾ। ਕੇਤਿਕ ਦਿਨ ਗੁਰ ਨਿਕਟ ਬਸੇਰਾ॥੨੩॥ਸੰਤ ਸੰਗ ਸਮ ਪਾਰਸ ਛੁਹ੍ਯੋ।ਹੁਤੋ ਮਨੂਰ ਸੁ ਕੰਚਨ ਭਯੋ। ਪਰਮਾਨੰਦ ਪਾਇ ਕਰਿ ਭਲੇ। ਬਿਦਾ ਹੋਇ ਪਾਰੋ ਸੰਗ ਚਲੇ ॥੨੪॥

ਡੱਲੇ ਗ੍ਰਾਮ ਨਾਮ ਇਕ ਲਾਲੂ।ਪ੍ਰੇਮੀ ਪਾਰੋ ਸੰਗ ਬਿਸਾਲੂ।ਸਤਿਗੁਰ ਜਾਪ ਜਪੇ ਦਿਨ ਰੈਨ। ਹਰੇ ਬਿਕਾਰਨ ਤੇ ਮਨ ਚੈਨਿ ॥੨੫॥ ਪਾਰੋ ਇਕ ਦਿਨ ਆਵਨਿ ਲਾਗਾ। ਗੁਰ ਦਰਸ਼ਨ ਕੋ ਮਨ ਅਨੁਰਾਗਾ।ਕਹਿ ਲਾਲੋ'ਗੁਰ ਕੇ ਢਿਗ ਜਾਵਹੁ।ਮੋ ਕੋ ਭੀ ਦਰਸ਼ਨ ਕਰਿਵਾਵਹੁ॥੨੬॥ਤੁਵ ਕਰੁਨਾ ਤੇ ਭਵ[5]

---

[1]ਖੁਦਾਇ ਦੇ ਵਾਸਤੇ (ਮੈਨੂੰ) ਦਾਸ ਬਣਾ ਲਓ, [ਫਾ:, ਬਰਾਏ ਖ਼ੁਦਾ] । [2]ਬਹੁਤ ਹੋਯਾ । [3]ਪੁਛਿਆ । [4]ਹੋਰਨਾਂ ਨੂੰ ਤਾਰ ਦੇਂਦਾ ਹੈਂ । [5]ਸੰਸਾਰ ।

*ਪਾ:—ਜੀਅਨ ।

ਕੋ ਤਰੌਂ । ਜਨਮ ਮਰਨ ਤੇ ਮਨ ਮਹਿਂ ਡਰੌਂ। ਸ਼ਰਨ ਪਰ੍ਯੋ ਗੁਰ ਕੀ ਅਬ ਚਾਹੌਂ।ਰਿਦੇ ਸੰਦੇਹਿਨ ਸਭਿ ਕੋ ਦਾਹੌਂ ॥੨੭॥ ਸਿਖ ਗੁਰਮੁਖ ਹੋਂਵਤਿ ਉਪ-ਕਾਰੀ। ਤੁਵ ਪਰਿ ਸਤਿਗੁਰ ਕਰੁਨਾ ਧਾਰੀ। ਬਧ੍ਯੋ ਪ੍ਰੇਮ ਲਾਲੂ ਕਹੁ ਪਲ ਮੈਂ । ਪੁਲਕ੍ਯੋ ਤਨ,ਲੋਚਨ ਜਲ ਗਲ ਮੈਂ ॥ ੨੮ ॥ ਚਰਨ ਬੰਦਨਾ ਕਰਹਿ ਅਗਾਰੀ । ਭਯੋ ਅਧੀਰ ਦਰਸ ਕੋ ਭਾਰੀ । ਪਾਰੋ ਨੇ ਲਾਲੂ ਸੰਗ ਲੀਨੋ । ਗੋਇੰਦਵਾਲ ਚਲਨਿ ਕੋ ਕੀਨੋ ॥੨੯॥ ਗੁਰ ਦਰਬਾਰ ਜਾਇ ਰਜ ਲਾਈ। ਮਸਤਕ ਮੁਖ ਸਗਰੇ ਤਨ ਮਾਂਹੀ।ਪੁਨ ਲੰਗਰ ਮਹਿਂ ਕਰ੍ਯੋ ਅਹਾਰਾ । ਭਯੋ ਪੁਨੀਤ ਪਰਮ ਸੁਖ ਧਾਰਾ॥੩੦॥ਅੰਤਰ ਜਾਇ ਗੁਰੂ ਕੋ ਹੇਰਾ।ਪਦ ਅਰਬਿੰਦ ਬੰਦਿ ਤਿਸੁ ਬੇਰਾ । ਪੁਟ[1]ਲੋਚਨ ਤੇ ਅੰਮ੍ਰਿਤ ਰੂਪ । ਪਾਨ ਕਰਤਿ,ਤ੍ਰਿਪਤੈ ਨ ਅਨੂਪ ॥੩੧॥ਬੋਲੇ ਸਹਿਜ ਸੁਭਾਇ ਕ੍ਰਿਪਾਲੂ । 'ਅਤਿ ਹਰਿਰੰਗ ਚਲੂ-ਲ੍ਯੋ[2] ਲਾਲੂ' । ਸੁਨਿ ਕਰਿ ਪਰਮਾਨੰਦ ਕਹੁ ਪਾਯੋ । ਨਿਸਿ ਦਿਨ ਧ੍ਯਾਨ ਗੁਰੂ ਕਹੁ ਲਾਯੋ ॥੩੨॥ ਕਰੁਨਾ ਕਰਿ ਲਾਲੂ ਕੇ ਭਾਲੂ। ਨਿਜ ਕਰ ਧਰ੍ਯੋ, ਨਿਹਾਲ ਬਿਸਾਲੂ। ਦਿਨ ਪ੍ਰਤਿ ਸਤਿਗੁਰ ਕੀਨਿ ਬਡੇਰਾ।ਜ੍ਯੋਂ ਜ੍ਯੋਂ ਹੇਰਹਿ ਪ੍ਰੇਮ ਘਨੇਰਾ ॥੩੩॥ਏਕ ਦਿਵਸ ਗੁਰੁ ਹੋਇ ਕ੍ਰਿਪਾਲੂ। ਲਾਲੂ ਕੋ ਬਖਸ਼ੀਸ਼ ਬਿਸਾਲੂ॥ਜੇਤਿਕ ਗੁਪਤ ਲੋਕ ਜਗ ਮਾਂਹੀ।ਦ੍ਰਿਸ਼ਟਿ ਨ ਪਰੈਂ ਫਿਰਹਿਂ ਸਭਿ ਜਾਹੀ[3]॥੩੪॥ਤਿਨ ਸਭਿ ਕੋ ਗੁਰ ਤਿਸੇ ਬਨਾਯੋ। ਅਪਰ ਹੁਕਮ ਤੇ ਤਾਂਹਿ ਪੁਜਾਯੋ।ਸੰਗਤਿ ਗੁਪਤਨਿ ਕੀ ਹੁਇ ਜੇਤੀ।ਲਾਲੋ*ਕੇ ਪਗ ਪੂਜਹਿ ਤੇਤੀ। ੩੫॥ਦੂਰ ਦੂਰ ਤੇ ਆਵਹਿਂ ਸੋਈ।ਮਾਨਹਿਂ ਹੁਕਮ ਦਰਸ ਕਰਿ ਤੇਈ। ਖਰੇ ਅਗਾਰੀ ਰਹਹਿਂ ਹਮੇਸ਼। ਕਹਿਹਿ ਸੁ ਕਰਹਿਂ ਜਿ ਕਾਜ ਵਿਸ਼ੇਸ਼॥੩੬॥ਕੋਸ ਹਜਾਰਨ ਕੋ ਚਲਿ ਆਵਹਿ।ਤੂਰਨ ਸੋ ਲਾਲੋ ਦਰਸਾਵਹਿ।ਜਿਮ ਆਇਸੁ ਦੇ ਮਾਨਹਿਂ ਸੋਈ। ਆਨ ਉਪਾਇਨ ਅਰਪਤਿ ਜੋਈ ॥੩੭॥ ਇਕ ਪਠਾਨ ਸੌਦਾਗਰ ਭਾਰੋ । ਭਰਿ ਜਹਾਜ ਬਾਰਧ[4] ਮਹਿਂ ਡਾਰੋ[5]। ਤਾਂਕੇ ਮੇਲ ਸੁ ਲਾਲੂ ਸਾਥ । ਮਿਲਤਿ ਜਬਹਿ ਬੰਦਹਿ ਜਗ ਹਾਥ॥੩੮॥ਸੋ ਸਮੁੰਦ੍ਰ ਮਹਿਂ ਬਨਜ ਕਰੰਤਾ। ਟਾਪੂ ਬਿਖੈ ਲਾਭ ਲਭਯੰਤਾ । ਇਕ ਬਿਰ[6] ਤਿਹ ਜਹਾਜ ਫਟਿ ਗਯੋ।ਸਕਲ ਸਮਾਜ ਬੂਡਤੋ ਭਯੋ॥੩੯॥ਮਹਾਂ ਅੰਧੇਰੀ ਤੇ ਬਡ ਫੂਟਾ।ਤਖਤਾ

---

[1]ਖੁਲ੍ਹੇ । [2]ਰੰਗਿਆ ਗਿਆ । [3]ਸਭ ਥਾਈਂ । [4]ਸਮੁੰਦਰ । [5]ਪਾਯਾ । [6]ਇਕ ਵੇਰੀ ।

*ਇਹ ਪਦ ਇਸ ਪ੍ਰਸੰਗ ਵਿਚ ਸਾਰੇ ਨੁਸਖਿਆਂ ਵਿਚ ਕਿਤੇ ਲਾਲੋ ਹੈ ਕਿਤੇ ਲਾਲੂ, ਮੁਰਾਦ ਇਕੋ ਪੁਰਖ ਤੋਂ ਹੈ, ਭਾਈ ਗੁਰਦਾਸ ਜੀ ਨੇ ਨਾਮ ਲਾਲੂ ਦਿੱਤਾ ਹੈ ।

ਏਕ ਸੰਗ ਤੇ ਟੂਟਾ। ਤਿਸ ਪਰ ਚਢ੍ਯੋ ਪਠਾਨ ਬਚ੍ਯੋ ਤਬਿ। ਬਾਯੁ ਬੇਗ ਤੇ ਬਹ੍ਯੋ ਗਯੋ[1] ਜਬ॥੪੦॥ਇਕ ਟਾਪੂ ਮਹਿਂ ਲਗ੍ਯੋ ਸੁ ਜਾਇ।ਦੇਖ੍ਯੋ ਤਿਹ ਠਾਂ ਨਗਰ ਬਸਾਇ[2]।ਤਖਤੇ ਪਰ ਤੇ ਉਤਰ ਸੁ ਗਯੋ।ਕਿਹ ਕੋ ਮਿਲਿ ਤਹਿਂ ਬੂਝਤਿ ਭਯੋ॥੪੧॥'ਕੌਨ ਦੇਸ਼, ਕੋ ਪੁਰਿ ਕੋ ਨਾਮ ?। ਬਸਹਿ ਕੌਨ ਇਹ ਥਲ ਕਰਿ ਧਾਮ'।ਗੁਪਤ ਸਕਲ ਟਾਪੂ ਤਿਸ ਬਸਹਿਂ।ਦੇਖਿ ਮਨੁਖ ਕੋ ਸੋ ਤਬਿ ਹਸਹਿਂ॥੪੨॥ਕਹ੍ਯੋ ਤਿਨਹੁਂ'ਗੁਪਤਨਿ ਕੋ ਥਾਂਯੋ।ਤੂੰ ਮਾਨੁਖ ਕਹੁ ਕਿਤ ਤੇ ਆਯੋ?'।ਤ੍ਰਸਤਿ ਪਠਾਨ ਬਖਾਨਤਿ ਅਹੈ।'ਦੇਸ਼ ਪੰਜਾਬ ਦੂਰ ਤਹਿਂ ਰਹੈ॥ ੪੩॥ਫੂਟ ਗਯੋ ਜਹਾਜ ਜਬ ਮੇਰਾ। ਦੈਵ ਜੋਗ ਕਰਿ[3] ਇਹ ਥਲ ਹੇਰਾ'। ਤਬਿ ਗੁਪਤਨਿ ਪੂਛ੍ਯੋ ਤਿਸੁ ਪਾਹੀ।'ਲਾਲੂ ਕੋ ਤੂੰ ਲਖਹਿਂ ਕਿ ਨਾਂਹੀ'॥੪੪॥ ਸੁਨਿ ਪਠਾਨ ਹਰਖ੍ਯੋ ਬਚੁ ਕਹੈ।'ਹਮ ਲਾਲੋ ਕੇ ਢਿਗ ਹੀ ਰਹੈਂ। ਮਿਲਤਿ ਸਦੀਵ ਬੰਦਨਾ ਕਰੌਂ।ਬਡੋ ਸੰਤ ਭਾਉ ਸੁ ਉਰ ਧਰੌਂ[4]'॥੪੫॥ਸਾਦਰ ਤਿਹ ਬਿਠਾਇ ਹਿਤ ਕੀਨੋ।ਪਤਾ ਦੇਸ਼ ਨਗਰੀ ਕੋ ਲੀਨੋ।ਜਬਿ ਪਠਾਨ ਸਿਮਰ੍ਯੋ ਤਹਿਂ ਲਾਲੂ। ਦ੍ਰਿਗ ਜਲ ਲੀਨਿ ਉਸਾਸ ਬਿਸਾਲੂ[5]॥੪੬॥ ਇਸ ਕੋ ਪਿਖਿ ਗੁਪਤਨਿ ਕਰਿ ਦਯਾ।'ਕ੍ਯੋਂ ਰੋਵਤਿ?' ਪੂਛਨ ਕੋ ਕਿਯਾ। 'ਹਮ ਲਾਲੂ ਕੇ ਸਿਖ ਸਭਿ ਅਹੈਂ।ਤਿਮਿ ਕਰਿ ਦੇਹਿਂ ਜਥਾ ਚਿਤ ਚਹੈਂ'॥੪੭॥ਕਹੈ ਪਠਾਨ 'ਦਿਖਾਵਹੁ ਲਾਲੂ।ਕਰਿਹੁ ਜਿ ਮੁਝ ਪਰ ਮਿਹਰ ਬਿਸਾਲੂ। ਸਭਿ ਕਿਛੁ ਖੋਇ ਦੂਰ ਮੈਂ ਆਯੋ। ਦੇਸ਼ ਪੰਜਾਬ ਢਹੌਂ ਅਬਿ ਜਾਯੋ' ॥੪੮॥ ਗੁਪਤਨਿ ਦੋਇ ਲਾਲ ਤਿਹ ਦੀਨੋ।'ਇਹ ਲਾਲੂ ਕੀ ਭੇਟ ਸੁ ਕੀਨੋ।ਅਪਰ ਜਵਾਹਰ ਅਪਨੇ ਹਿਤ ਲਿਹੁ। ਇਹ ਦੁਇ ਲਾਲੋ ਹਮ ਦਿਸ਼ ਤੇ ਦਿਹੁ' ॥੪੯॥ ਤਬਿ ਪਠਾਨ ਲੀਨੇ ਹਰਖਾਇ। ਕਹਿ ਤਿਨ ਪੁਨ ਇਸ ਦ੍ਰਿਗ ਮੁੰਦਵਾਇ[6]। ਗੁਪਤਨਿ ਸੋ ਤਤਕਾਲ ਪੁਚਾਯੋ।ਖੋਲੇ ਦ੍ਰਿਗ ਗ੍ਰਿਹ ਮਹਿਂ ਪਿਖਿ ਆਯੋ[7]॥੫੦॥ਜਾਇ ਲਾਲ ਲਾਲੂ ਕੋ ਦਇ।ਕਹਤਿ ਸੁਜਸੁ ਬਹੁ ਬੰਦਨ ਕਿਇ। ਅਪਨਿ ਬ੍ਰਿਤਾਂਤ ਕਹ੍ਯੋ 'ਪੁਰਿ ਮਾਂਹੀ[8]।ਕ੍ਰਿਪਾ ਸੰਤ ਆਯੋ ਤੁਮ ਪਾਹੀ[9]'॥੫੧॥ਲਾਲੋ ਲਾਲ ਲਿਏ ਕਰ ਦੋਇ। ਗੁਰੂ ਢਿਗ ਆਨਿ ਰਖੇ ਤਿਨ ਸੋਇ। ਪਿਖਿ ਸ੍ਰੀ ਅਮਰ ਬਚਨ ਮੁਖ

[1]ਹਵਾ ਦੇ ਜ਼ੋਰ ਨਾਲ ਰੁੜ੍ਹਦਾ ਗਿਆ। [2]ਵਸਦਾ ਹੈ। [3]ਈਸ਼੍ਵਰ ਦੀ ਨੇਤ ਕਰ। [4]ਉਸ ਦਾ ਪ੍ਰੇਮ ਰਿਦੇ ਧਾਰਦਾ ਹਾਂ। [5]ਲੰਮੇ ਸਾਹ। [6]ਤਿਨ੍ਹਾਂ ਨੇ ਕਹਿਕੇ ਇਸ ਦੇ ਨੇਤਰ ਮਿਟਵਾਏ। [7]ਵੇਖੇ ਕਿ ਮੈਂ ਘਰ ਆ ਗਿਆ ਹਾਂ। [8] [9]ਹੇ ਸੰਤ! (ਤੇਰੀ) ਕ੍ਰਿਪਾ ਨਾਲ (ਇਸ) ਸ਼ਹਿਰ ਵਿਚ ਤੇਰੇ ਪਾਸ ਆਇਆ ਹਾਂ। (ਅ) (ਉਸ) ਸ਼ਹਿਰ ਵਿਚ ਦਾ ਹਾਲ ਦੱਸਿਆ (ਤੇ ਆਖਿਆ ਕਿ) ਹੇ ਸੰਤ ਤੇਰੀ ਕ੍ਰਿਪਾ ਨਾਲ ਤੇਰੇ ਪਾਸ ਆਇਆ ਹਾਂ।

ਭਾਖ॥'ਨਾਮ ਰਤਨ ਹਿਯਰੇ ਮਹਿਂ ਰਾਖਾ ॥੫੨॥ ਇਨ ਕੋ ਜਾਹ ਨਦੀ ਮੋਂ ਡਾਰ।ਧਰਹੁ ਨ ਬਿਵਹਾਰਹੁ ਕਰਿ ਪਜਾਰ'[1]।ਲਾਲੋ ਗੁਰਕੀ ਆਗਜਾ ਮਾਨੀ। ਫੈਂਕੇ ਜਾਇ ਗਹਿਰ ਜਹਿਂ ਪਾਨੀ* ॥ ੫੩ ॥ ਦੋਹਰਾ ॥ ਸਤਿਗੁਰ ਅਰ ਗੁਰ ਸਿਖਨ ਕੀ ਮਹਿਮਾ ਮਹਾਂ ਮਹਾਨ। ਧੰਨ ਗੁਰੁ ਅਰੁ ਧੰਨ ਸਿਖ ਜਗਤ ਉਧਾਰਨਿਵਾਨ ॥੫੪॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਜਨ ਕੋ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤ੍ਰੀ ਅੰਸੂ ॥ ੩੭ ॥

੩੮. [ਖਾਨ ਛੁਰਾ ਆਦਿ ਬਹੱਤਰ ਸਿੱਖ। ਮਹੇਸ਼ਾ। ਸ਼ੇਖਾਂ ਦੇ ਘਰ ਉੱਜੜਨੇ]

ਦੋਹਰਾ॥ਖਾਨ ਛੁਰਾ† ਡੱਲੇ ਬਿਖੇ ਗੁਰਮੁਖ ਸਿੱਖ ਬਿਸਾਲ।ਪੂਜਹਿ ਪਗਪੰਕਜ ਸਦਾ ਸ਼੍ਰੀ ਗੁਰ ਅਮਰ ਕ੍ਰਿਪਾਲ ॥ ੧ ॥ ਚੌਪਈ ॥ ਦੀਪਾ ਮਾਲੂ ਸ਼ਾਹੀ ਔਰ। ਸਿੱਖੀ ਕਰਤਿ ਬਸਹਿਂ ਤਿਸ ਠੌਰ। ਨਾਮ ਕਿਦਾਰੀ ਸਿੱਖ ਉਦਾਰ। ਇੱਤਜਾ-ਦਿਕ ਸਿਖ ਬਹੁਤ ਬਿਚਾਰ ॥੨ ॥ ਗਿਨਤੀ ਬਿਖੈ ਬਹੱਤਰ ਭਏ। ਸ਼੍ਰੀ ਗੁਰ ਅਮਰ ਉਧਾਰਨ ਕਿਏ। ਕਹੌਂ ਅਗਾਰੀ ਕਥਾ ਤਿਨਹੁਂ ਕੀ।ਹਰੀ ਅਬਿੱਦਜਾ ਗੁਰੂ ਜਿਨਹੁਂ ਕੀ॥੩॥ਨਾਮ ਮਹੇਸ਼ਾ ਪੁਰਿ ਸੁਲਤਾਨ।ਬਹੁਬਾਹੀ[2] ਅਰ ਧਨੀ ਮਹਾਂਨ।ਸਤਿਗੁਰ ਕੀ ਮਹਿਮਾ ਸੁਨਿ ਤਾਂਹੀ।ਉਪਜਜੋ ਪ੍ਰੇਮ ਮਹਾਂ ਮਨਮਾਂਹੀ ॥੪॥ਗੋਇੰਦਵਾਲ ਗਯੋ ਤਬਿ ਆਇ। ਦਰਸ਼ਨ ਕਰਿ ਗੁਰ ਕੋ ਹਰਖਾਇ। ਪੂਰਬ ਭੋਜਨ ਲੰਗਰ ਖਾਯੋ। ਬਹੁਰ ਜਾਇ ਸਤਿਗੁਰ ਦਰਸਾਯੋ॥੫॥ ਬਡੇ ਭਾਗ ਤੇ ਬੈਠਜੋ ਪਾਸ।ਨਿਸ ਦਿਨ ਜਿਸਕੇ ਪ੍ਰੇਮ ਸੁ ਪਜਾਸ।ਬਾਰਬਾਰ ਬੰਦਨ ਕੋ ਕਰਿਹੀ। ਸਮੁਖ ਬੈਠਿ ਗੁਰ ਦਰਸੁ ਨਿਹਰਿਹੀ[3]॥੬॥ਬੂਝਨ ਹਿਤ ਗੁਰ ਤਿਸੇ ਅਲਾਯੋ।'ਕਵਨ ਅਰਥ[4] ਤੂੰ ਚਲਿ ਕਰਿ ਆਯੋ?।ਕਹਾਂ ਬਸੈਂ? ਕਿਸ ਕੋ ਮਤ ਧਾਰਹਿਂ ?। ਮੰਤ੍ਰ ਜਾਪ ਕਿਸ ਬਦਨ ਉਚਾਰਹਿਂ[5] ?' ॥ ੭ ॥

---

[1]ਨਾ ਪਿਆਰ ਨਾਲ ਸਾਂਭੋ ਤੇ ਨਾ ਇਨ੍ਹਾਂ ਨਾਲ ਵਿਹਾਰ ਕਰੋ। [2]ਬਹੁ ਬਾਹੀ ਦਾ ਅਰਥ ਇਕ ਜਾਤ ਕਰਦੇ ਹਨ, ਪਰ ਮਹਿਮਾ ਪ੍ਰਕਾਸ਼ ਵਿਚ ਜਿਥੋਂ ਦਾ ਇਹ ਪ੍ਰਸੰਗ ਹੈ, ਇਸ ਨੂੰ 'ਬਹੁ ਬਾਹੀ ਵੀਰ' ਲਿਖਿਆ ਹੈ, ਜਿਸ ਦਾ ਮਤਲਬ ਹੈ ਬਹੁਤੀਆਂ ਬਾਹਾਂ ਵਾਲਾ ਤੇ ਬਹਾਦੁਰ। ( ਅ ) ਬਾਹੀਆ=ਪੱਤੀ। ਬਾਹੀ=ਪੱਤੀਦਾਰ। ਬਹੁ ਬਾਹੀ=ਬਹੁਤੀਆਂ ਪੱਤੀਆਂ ਵਾਲਾ, (ਦੇਖੋ ਰਾਸ ੧੧ ਅੰਸੂ ੩੪ ਅੰਕ ੪੨)। [3]ਦੇਖਦਾ ਹੈ। [4]ਕਿਸ ਕੰਮ। [5]ਕਿਸ ਦਾ ਮੰਤਰ ਤੂੰ ਮੂੰਹੋਂ ਜਪਦਾ ਹੈਂ।

*ਕਵਿ ਜੀ ਦਾਂ ਪ੍ਰਸੰਗ ਤੋਂ ਭਾਵ ਇਹ ਹੈ ਕਿ ਗੁਰਸਿਖ ਨੂੰ, ਚਾਹੇ ਗੁਪਤ ਪ੍ਰਗਟ ਕਿਸੇ ਪ੍ਰਕਾਰ ਦੀ ਸ਼ਕਤੀ ਵਾਲੇ ਹੋਣ, ਧਰਮ ਦੀ ਕਿਰਤ ਨਾਲ ਨਿਰਬਾਹ ਕਰਨਾ ਚਾਹੀਏ। ਸ਼ਕਤੀਆਂ ਨੂੰ ਨਾਟਕ ਚੇਟਕ ਤਮਾਸ਼ਿਆਂ ਵਿਚ ਨਹੀਂ ਵਰਤਣਾ ਚਾਹੀਏ, ਸਤਿਨਾਮ ਦੇ ਸਿਮਰਨ ਤੇ ਵਾਹਿਗੁਰੂ ਪ੍ਰਾਪਤੀ ਦੇ ਉਦਮ ਵਿਚ ਰਹਿਣਾ ਚਾਹੀਏ। †ਭਾਈ ਗੁਰਦਾਸ ਜੀ ਨੇ ਨਾਮ'ਖਾਂਨੂ ਛੁਰਾ' ਦਿੱਤਾ ਹੈ।

ਹਾਥ ਜੋਰਿ ਤਿਨ ਕਹ੍ਯੋ ਬੁਝਾਈ।'ਪ੍ਰਭੁ ਜੀ ਮੈਂ ਆਯੋ ਸ਼ਰਨਾਈ। ਰਾਵਰਿ ਨਾਮ ਆਸ ਕੋ ਧਰੌਂ[1]। ਮਿਟੇ ਸ਼ੋਕ ਭਵ ਸਾਗਰ ਤਰੌਂ ॥੮॥ ਅਪਰ ਸਭਿਨਿ ਤੇ ਆਸ ਮਿਟਾਇ। ਰਹੌਂ ਆਪ ਕੀ ਪਰਿ ਸ਼ਰਨਾਇ'। ਤਬਿ ਸ੍ਰੀ ਸਤਿਗੁਰ ਕਹ੍ਯੋ ਸੁਨਾਈ।'ਹਮਰੀ ਸ਼ਰਨ ਪਰ੍ਯੋ ਨਹਿਂ ਜਾਈ॥੯॥ਜੇ ਹਮਰੇ ਸਿੱਖਹੋਯੋ ਚਹੈਂ।ਨਹੀਂ ਸੰਪਦਾ ਤੁਝ ਢਿਗ ਰਹੈ। ਨਰ ਉਪਹਾਸ ਕਰਹਿਂ ਸਮਝਾਵਹਿਂ। ਦੁਖੀਹੋਇ ਪੁਨ ਬਹੁ ਪਛੁਤਾਵਹਿਂ'॥੧੦॥ਸੁਨਤਿ ਮਹੇਸ਼ੇ ਤਬਹਿ ਉਚਾਰ੍ਯੋ। 'ਤਨਮਨ ਧਨ ਤੁਮਰੇ ਪਰ ਵਾਰ੍ਯੋ।ਨਾਸ਼ਹੋਹਿ ਤੌ ਚਹੌਂ ਨ ਕੋਊ।ਤੁਮਰੋਪ੍ਰੇਮ ਕਰੌਂ ਦ੍ਰਿੜ੍ਹ ਸੋਊ॥੧੧॥ਸਭਿ ਦਿਸ਼ ਤੇ ਮੈਂ ਤ੍ਯਾਗੀ ਆਸ। ਨਿਜ ਚਰਨਨ ਮਹਿ ਦੇਹੁ ਨਿਵਾਸ'।ਦ੍ਰਿੜ੍ਹ ਨਿਸ਼ਚਾ ਦੇਖ੍ਯੋ ਜਿਸ ਕਾਲਾ। ਨਿਜ ਕਰ ਧਰ੍ਯੋ ਤਿਸੀ ਕੋ ਭਾਲਾ[2] ॥ ੧੨ ॥ ਸੱਤਿਨਾਮ ਸੋ ਮੰਤ੍ਰ ਜਪਾਵਾ। ਸਿਖ ਨੇ ਦ੍ਰਿੜ੍ਹ ਕੀਨਸਿ ਸੁਖਪਾਵਾ। ਬਹੁਰ ਕਸੌਟੀ ਮਹਿਂ ਸੋ ਕਸ੍ਯੋ[3]। ਕੇਤਿਕ ਦਿਨ ਮਹਿਂ ਧਨ ਸਭਿ ਨਸ੍ਯੋ ॥੧੩॥ ਜਿਸ ਜਿਸ ਕਾਰ ਬਿਖੈ ਜਿਹ ਦੀਨ। ਤਹਿਂ ਸਭਿ ਨਾਸ਼੍ਯੋ ਭਯੋ ਬਿਹੀਨ[4]।ਹਸਨ ਲਗੇ ਨਰ'ਇਹੁ ਕ੍ਯਾ ਕੀਨੋ।ਸਿੱਖ ਹੋਇ ਤੈਂ ਕ੍ਯਾ ਕਿਤ[5] ਲੀਨੋ॥੧੪॥ ਘਰ ਤੇ ਸੰਪਦ ਭਈ ਬਿਨਾਸ਼। ਅੰਨ ਬਸਤ੍ਰ ਕੀ ਤੋਟ,ਨ ਪਾਸ[6]'। ਸੁਨਤਿ ਮਹੇਸ਼ੇ ਸਭਿ ਸੋਂ ਕਹ੍ਯੋ।'ਮੈਂ ਗੁਰ[7] ਊਚ ਪ੍ਰੇਮ ਪਦ ਲਹ੍ਯੋ ॥ ੧੫ ॥ ਜੋ ਕਬਹੂੰ ਨਹਿਂ ਬਿਨਸਨਹਾਰਾ। ਦੁਖ ਸਾਗਰ ਤੇ ਕਰਹਿ ਉਧਾਰਾ। ਇਹੁ ਸੰਪਦ ਮਿੱਥ੍ਯਾ ਸਮ ਸੁਪਨੇ[8]। ਕਿਮਿ ਪਰਲੋਕ ਲੇਤਿ ਸੰਗ ਅਪਨੇ[9]॥੧੬॥ਇਕ ਬਾਰ ਇਹੁ ਬਯੋਗ ਉਦੋਤੇ[10]।ਜੀਵਤਿ ਜਾਤਿ ਕਿ ਮਿਰਤਕ ਹੋਤੇ[11]।ਗੁਰ ਪਗ ਪੰਕਜ ਜੋ ਮਨ ਲਾਗੇ। ਹਲਤ ਪਲਤ ਕੇ[12] ਸੰਕਟ ਭਾਗੇ॥੧੭॥ਮਿੱਥ੍ਯਾ ਸੰਪਤ ਨਾਸ਼ ਭਈ ਹੈ।ਸਾਚੀ ਸਤਿਗੁਰ ਸ਼ਰਨਲਈਹੈ। ਪਰਮਾਨੰਦ ਭਯੋ ਅਬਿ ਭੌ ਨ[13]'।ਇਮਿ ਕਹਿ ਸਭਿ ਸੰਗ ਠਾਨੀ ਮੌਨ॥੧੮॥ ਬਹੁ ਉਪਹਾਸ ਕਰਤਿ ਰਹਿਂ ਲੋਗ। ਕਰਤਿ ਨਹੀਂ ਮਨ ਹਰਖ ਕਿ ਸੋਗ।

---

[1]ਆਪ ਦੇ ਨਾਮ ਦੀ ਆਸਾ ਧਾਰਕੇ (ਆਯਾ ਹਾਂ)। [2]ਮੱਥੇ ਤੇ। [3]ਭਾਵ ਉਸ ਨੂੰ ਪਰਖਣਾ ਵਿਚ ਪਾਇਆ। [4]ਜਿੱਥੇ ਜਿੱਥੇ ( ਧਨ ) ਦਿੱਤਾ ਤਿੱਥੇ ਸਭਿ ਨਾਸ਼ ਹੋ ਗਿਆ ਤੇ (ਉਹ ਧਨ ) ਰਹਤ ਹੋ ਗਿਆ। [5]ਕੀਹ ਜਸ। (ਅ) ਕੀਹ ਕੁਛ। [6]ਅੰਨ ਬਸਤਰ ਦੀ ਤੋਟ ਆ ਗਈ, ਪਾਸ ਨਾ ਰਿਹਾ। [7]ਗੁਰੂ ਜੀ ਤੋਂ। [8]ਸੁਪਨੇ ਵਾਂਙੂ ਝੂਠੀ ਹੈ। [9]ਪ੍ਰਲੋਕ ਵਿਚ (ਜੀਵ) ਕਿਵੇਂ ਆਪਣੇ ਨਾਲ ਲੈ ਜਾ ਸਕਦਾ ਹੈ। [10]ਵਿਛੋੜਾ ਉਦੇ ਹੋਣਾ ਹੀ ਹੈ। [11]ਜੀਂਵਦਿਆਂ (ਚਲੀ ਗਈ) ਕਿ ਮਰ ਗਿਆਂ ਤੇ ਚਲੀ ਜਾਂਦੀ। [12]ਇਸ ਲੋਕ ਤੇ ਪ੍ਰਲੋਕ ਦੇ। [13]ਪਰਮ ਅਨੰਦ ਰੂਪ ਹੋਗਿਆ ਹਾਂ,ਹੁਣ ਭੈਨਹੀਂ ਰਿਹਾ।

ਸਤਿਗੁਰ ਪ੍ਰੇਮ ਬਿਖੈ ਮਸਤਾਨਾ।ਸਿਮਰਨ ਸੱਤਿਨਾਮ ਕੋ ਠਾਨਾ॥੧੯॥ਪੁਨ ਗੁਰ ਦਰਸ਼ਨ ਕੋ ਚਲਿ ਆਯੋ। ਹਾਥ ਜੋਰਿ ਕਰਿ ਸੀਸ ਨਿਵਾਯੋ। ਦੁਰ-ਬਲ* ਭਯੋ ਦੇਖਿ ਕਰਿ ਤਾਂਹੀ।ਕ੍ਰਿਪਾ ਕਰੀ ਸ੍ਰੀ ਗੁਰ ਮਨ ਮਾਂਹੀ॥੨੦॥ਸਿਖਨੈ ਸਹਜੋ ਕਸੌਟੀ ਤਾਉ[੧]। ਬਾਰਹ ਬੰਨੀ[੨] ਭਯੋ ਸੁ ਭਾਉ। 'ਆਗੇ ਤੇ ਦਸ ਗੁਨ ਧਨ ਪੈਹੈਂ[੩]। ਲੋਕ ਪ੍ਰਲੋਕ ਸੁਫਲ ਤੁਵ ਹ੍ਵੈ ਹੈ' ॥੨੧॥ ਇਮਿ ਵਰ ਦੇਕਰਿ ਕਰਯੋ ਨਿਹਾਲ।ਪੁਨ ਤਿਸ ਢਿਗ ਧਨ ਭਯੋ ਬਿਸਾਲ।ਇਸੀ ਪ੍ਰਕਾਰ ਬਹੁਤ ਨਰ ਤਾਰੇ।ਸਿੱਖੀ ਮਾਰਗ ਚਲਯੋ ਉਦਾਰੇ॥੨੨॥ਆਇ ਸ਼ਰਨ ਜੋ ਗੁਰ ਕੀ ਪਰੈ। ਬ੍ਰਹਮਗਯਾਨ ਜੁਤਿ ਸ਼ਕਤਿ ਸੁ ਧਰੈ।ਦੋਨਹੁ ਹਾਥਨ ਸੋਂ ਬਰਤਾਵੈਂ[੪]। ਮਾਨੈਂ ਬਚਨ ਪਾਰ ਪਰਿ ਜਾਵੈਂ॥੨੩॥ ਦੋਹਰਾ॥ਗੋਂਦਵਾਲ ਸ਼ੋਭਾ ਨਿਰਖਿ[੫]ਸ਼ੇਖਨਿ[੬] ਰਚੇ ਨਿਕੇਤ। ਅਕਬਰ ਸਾਥ ਰਹਤਿ ਵਹੀ ਸਭਿ ਭਾਯਨਿ ਸਮੇਤ[੭]॥੨੪॥ ਚੌਪਈ॥ਗੁਰਸਥਾਨ ਮੰਗਲ ਬਹੁ ਹੋਵੈ।ਗਾਵਤਿ ਸਭਿ ਸਿਖ ਸ਼ਬਦਨ ਜੋਵੈਂ[੮]। ਸ਼ੇਖਨ ਕੇ ਸਿਸ[੯] ਦੇਖਿ ਸੁ ਚਾਲੀ।ਸਹਿ ਨ ਸਕਹਿਂ ਵਹਿ[੧੦] ਕਰੈਂ ਕੁਚਾਲੀ ॥੨੫॥ਨੀਰ ਭਰਨ ਘਟ[੧੧]ਲੈ ਸਿਖ ਜਾਵੈਂ।ਬਾਲ ਗੁਲੇਲਾ ਮਾਰਿ ਗਵਾਵੈਂ[੧੨]। ਯਾ ਬਿਧਿ ਬਹੁਤ ਕਰੀ ਜਬਿ ਤਿਨੈ। ਗੁਰ ਪੈ ਸਿੱਖਨ ਕੀਨੀ ਬਿਨੈ॥੨੬॥ 'ਸ਼ੇਖਨ ਸੁਤ ਘਟ ਤੋਰੈਂ ਤੂਰਨਿ। ਜਲ ਕੋ ਜਬਿ ਕਰਿ ਲਯਾਵੈਂ ਪੂਰਨ'। ਤਬਿ ਕਰੁਨਾਕਰ ਬੋਲੇ ਬਾਨੀ।'ਮਸ਼ਕੈਂ ਬੀਚ ਲਿਆਵੋ ਪਾਨੀ'॥੨੭॥ਮਾਨਿ ਬਚਨ ਤਯੋਂ ਹੀ ਤਿਨ ਕੀਨੀ।ਜਲ ਭਰਿਬੇ ਕੋ ਮਸ਼ਕੈਂ ਲੀਨੀ।ਤਬਿ ਬਾਰਕ ਕਰ ਧਾਰਿ ਕਮਾਨੈ।ਤੀਰ ਮਾਰ ਫ਼ਾਰੈਂ ਅਭਿਮਾਨੈ ॥੨੮॥ਪੁਨ ਸਿੱਖਨ ਗੁਰ ਕੇਰਿ ਹਦੂਰਾ। ਸਕਲ ਬ੍ਰਿਤਾਂਤ ਬਖਾਨਯੋ ਤੂਰਾ। 'ਮਸ਼ਕੈਂ ਫਾਰਤਿ ਕਸ ਕੇ ਤੀਰਨਿ।ਬਸ ਨਹਿਂ ਚਲਤਿ ਕਰਤਿ ਅਵਗੀਰਨਿ[੧੩]'॥੨੯॥ਤਬਿ ਮੁਖਚੰਦ ਬਚਨ† ਪਰਕਾਸ਼ੇ। 'ਗਾਗਰ ਮੈਂ ਜਲ ਲਯਾਉ ਹੁਲਾਸੇ'। ਸੱਤਿ ਭਾਖਿ[੧੪] ਕੀਨੀ ਤਿਨ ਤੈਸੇ।ਕਹੀ ਮੁਕੰਦ ਅਨੰਦਤਿ ਜੈਸੇ॥੩੦॥ਵਹ ਬਾਲਕ ਘਟ‡ ਈਂਟਨ ਭਾਨੈਂ[੧੫]।ਜ਼ੁਲਮੀ ਕਰੈਂ ਦੁਸ਼ਟ ਅਭਿਮਾਨੈ।ਮਾਤ ਤਾਤ ਤਿਨ ਕੇ ਨਹਿਂ

---

[੧]ਕਸੌਟੀ (ਦੀ ਕਸ ਤੇ ਅੱਗ ਦਾ) ਤਾਉ। [੨]ਭਾਵ ਅਤਯੰਤ ਸ਼ੁੱਧ। [੩]ਪਾਵੇਂਗਾ। [੪]ਵਰਤਾਂਵਦੇ ਹਨ (ਨਾਮ ਤੇ ਕਰਾਮਾਤ)। [੫]ਦੇਖ ਕਰਕੇ। [੬]ਸ਼ੇਖਾਂ ਨੇ ( ਸ਼ੇਖ ਮੁਸਲਮਾਨਾਂ ਦੀ ਇਕ ਜ਼ਾਤ ਹੈ)। [੭]ਓਹ (ਸ਼ੇਖ) ਸਾਰੇ ਭਾਈਆਂ ਸਮੇਤ। [੮]ਭਾਵ ਸ਼ੇਖ ਵੇਖਦੇ। [੯]ਲੜਕੇ, ਬੱਚੇ। [੧੦]ਓਹੁ (ਬੱਚੇ)। [੧੧]ਘੜੇ। [੧੨]ਭਾਵ ਫੋੜ ਦੇਵਨ। [੧੩]ਨਾਸ਼ ਕਰਦੇ ਹਨ [ਸਿਸ:, ਅਵਕੀਰਣ]। [੧੪]ਸਤ ਵਚਨ ਕਹਿਕੇ। [੧੫]ਇੱਟਾਂ ਨਾਲ ਤੋੜ ਦੇਣ। *ਪਾ:-ਦੁਰਲਭ। †ਪਾ:-ਬਦਨ। ‡ਪਾ:-ਸੋ।

ਹੇਰੈਂ[1]।ਹੋਤਿ ਪ੍ਰਸੰਨ ਨਿਹਾਰਿ ਬਹੋਰੈਂ ॥੩੧॥ ਪੁਨਿ ਅਰਦਾਸ ਕਰੀ ਸਭਿ ਸੰਗਤਿ। 'ਗਗਰਨ*ਤੋਰੈ ਬਾਲਕ ਪੰਗਤਿ'।ਸੁਨਿ ਤੂਸ਼ਨ ਕਰੁਨਾਕਰ ਹੋਇ। ਉੱਤਰ ਨਾਂਹਿ ਦਯੋ ਤਬਿ ਕੋਇ ॥ ੩੨ ॥ ਤਹਾਂ ਤਬਹਿ ਸੰਨਯਾਸੀ ਆਇ। ਬਾਲਨਿ ਤੈਸੇ ਕੀਨੀ ਜਾਇ।ਨੀਰ ਪੂਰ[2]ਜਬਿ ਲ੍ਯਾਵੈ ਕੋਊ।ਤੋਰ ਦੇਤਿ ਬਿਨ ਬੇਰ ਸੁ ਸੋਊ ॥੩੩॥ ਲਾਗ੍ਯੋ ਤਹਾਂ ਗੁਲੇਲਾ ਜਾਈ। ਨਿਕਸ੍ਯੋ ਨੈਨ ਮਹੰਤ ਤਦਾਈ।ਸ਼ਸਤ੍ਰ ਪਕਰ ਕਰਿ ਕੇਤੇ ਮਾਰੇ[3]।ਕੇਤੇ ਚੀਰੇ ਕੇਤੇ ਫਾਰੇ॥੩੪॥ਤਿਹੀ ਸਮੇਂ ਤੁਰਕਨ ਕੋ ਡੇਰਾ। ਪਰ੍ਯੋ ਆਇ ਪੁਰਿ ਕੇ ਚੌਫੇਰਾ। ਖਚਰਨ ਧਨ ਕੀ ਲਦੀ ਅਨੇਕਾ। ਉਤਰੀ ਆਇ ਰੈਨ ਕਰਿ ਟੇਕਾ[4] ॥ ੩੫ ॥ ਪ੍ਰਾਤਿਕਾਲ ਚਲਿਬੋ ਤਿਨ ਕੀਨੋ। ਆਂਧੀ ਅਈ ਪ੍ਰਲੈ ਸੀ ਚੀਨੋ। ਅਪਨੋ ਪਰੋ[5]ਨ ਦੇਖ੍ਯੋ ਜਾਈ। ਜਨੁ ਸਕਲੇ ਭੇ ਅੰਧ ਤਦਾਈਂ ॥੩੬॥ਬਾਇ ਲਾਗ ਗਿਰ ਹੈਂ ਨਰ ਘੋਰੇ[6]। ਖੱਚਰ ਭਾਜੀ ਤਬਿ ਪੁਰਿ ਓਰੇ। ਬਰੀ ਜਾਇ ਤਿਨ ਤੁਰਕਨਿ† ਧਾਮਾ[7]।ਗੁਰ ਸੋਂ ਕਰਤਿ ਬਿਰੋਧ ਜਿ ਗ੍ਰਾਮਾ[8]॥੩੭॥ ਤਾਤਕਾਲ ਤਿਨ ਅੰਤਰ ਪਾਈ[9] ।ਖੁਰਾ ਖੋਜ ਜਾਨ੍ਯੋ ਨਹਿੰ ਜਾਈ। ਆਂਧੀ ਹਟੀ ਭਯੋ ਉਜਿਆਰਾ। ਖੱਚਰ ਦੇਖਨ ਲਗੇ ਅਪਾਰਾ॥੩੮॥ ਟੋਲਿ ਟੋਲਿ ਬਹੁ ਰਹੇ,ਨ ਪਾਈ। ਹੁਇ ਨਿਰਾਸ ਜਬਿ ਚਲੇ ਮੁਰਾਈ‡।ਗ੍ਰਿਹਿ ਅੰਤਰ ਖੱਚਰ ਤਬਿ ਬੋਲੀ।ਬਰੇ ਸਿਪਾਹੀ ਲੀਨਸਿ ਖੋਲੀ॥੩੯॥ਜਪਤ[10]ਕਰ੍ਯੋ ਘਰ ਬਾਹਰ ਤਿਨ ਕੋ।ਗੁਰ ਸੋਂ ਬੈਰ ਹੁਤੋ ਥੋ ਜਿਨਕੋ। ਕੇਤਿਕ ਫਾਂਸੀ ਦੀਨ ਉਠਾਈ। ਕੇਤਿਕ ਕੀ ਤਬਿ ਪਤਿ ਉਤਰਾਈ॥੪੦॥ਗੁਰ ਪੈ ਸਿਖਨ ਕਹੀ ਸਪੂਰਨ। ਸੁਨਿ ਗੁਰ ਕਹਤਿ ਭਏ ਤਬਿ ਤੂਰਨ।'ਇਕ ਸੰਤ ਪੈ ਸਿੱਖ ਸੁ ਬੋਲ੍ਯੋ।ਸੋ ਸੁਨਿ ਹੋ ਧਰਿ ਧ੍ਯਾਨ ਅਮੋਲ੍ਯੋ। ੪੧॥–ਜੇ ਕਾਹੂ ਕੋ ਬੁਰਾ ਕਰਾਵੈ।ਤੋ ਕ੍ਯਾ ਕਰੈ?ਕਹੋ ਸੁਖਦਾਵੈ।।ਭਲਾ ਕਰੈ ਜੋ ਬੁਰਾ ਕਰਾਵੈ।ਬਦਲਾ ਲੇਵਨ§ਤੇ ਹਟਿ ਜਾਵੈ॥੪੨॥ਫੇਰ ਕਰੈ ਤੌ? ਕਰਿ ਹੋ ਕਰਿਹੈ।ਤੌ ਭਲਿਆਈ ਵਹੁ ਦੁਖ ਭਰਿਹੈ।ਕਰਿਨੇ ਜੋਗਾ ਰਹੈ ਨ ਸੋਊ।ਆਪੇ

[1]ਨਹੀਂ ਰੋਕਦੇ। [2]ਭਰਕੇ। [3](ਸੰਨਿਆਸੀਆਂ ਨੇ) ਮਾਰੇ। [4]ਰਾਤ ਟਿਕਨ ਲਈ। [5]ਆਪਣਾ ਪਰਾਇਆ। [6]ਆਦਮੀ ਬੁਰੀ ਤਰ੍ਹਾਂ। (ਅ) ਨਰ ਤੇ ਘੋੜੇ। [7]ਭਾਵ ਸ਼ੇਖਾਂ ਦੇ ਘਰ। [8]ਪਿੰਡ ਵਿਚ। [9]ਅੰਦਰ ਵਾੜ ਲਈ। [10]ਜ਼ਬਤ।

*ਪਾ:–ਗਾਗਰਨ। †ਪਾ:–ਸ਼ੇਖਨ। ‡ਪਾ:–ਮਹਾਈ।

§ਪਾ:–ਦੇਵਨ। ਤਿੰਨ ਲਿਖਤੀ ਨੁਸਖਿਆਂ ਵਿਚ 'ਬਦਲਾ ਲੇਵਨ' ਵਾਲੀ ਤੁਕ ਹੈ ਨਹੀਂ ਸੋ, ਦੋਨੋਂ ਵੇਰ ਇਹੋ ਤੁਕ ਹੈ:–ਭਲਾ ਕਰੈ ਜੋ ਬੁਰਾ ਕਰਾਵੈ।

ਹੀ ਮਰਿ ਜੈ ਹੈ ਸੋਊ[1]–॥੪੩॥ਜੈਸੀ ਕਰੈ ਸੁ ਤੈਸੀ ਪਾਵੈ।ਗੁਰ ਸ੍ਥਾਨ ਨੀਵੇਂ ਬਿਰਧਾਵੈ[2]*।ਸ੍ਰੀ ਪਰਮੇਸੁਰ ਹੈ ਸਮਰੱਥ।ਸੰਤਨ ਕੋ ਰਾਖਤਿ ਦੈ ਹੱਥ†॥੪੪॥ ਜਿਨ ਕੇ ਐਸੇ ਭਯੋ ਗਿਆਨ।ਸੇਵੈਂ ਗੁਰੂ ਭਾਵ ਧਰਿ ਨਾਨ‡।ਕਹੀ ਸੰਤੋਖ ਸਿੰਘ ਇਹ ਕਥ।ਜਿਨਹਿ ਸੁਨੀ ਤਿਨ ਕਾਲ ਨ ਮਥ§ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼ੇਖਨ' ਪ੍ਰਸੰਗ ਬਰਨਨੰ ਨਾਮ ਅਸ਼ਟਤ੍ਰਿੰਸਤੀ ਅੰਸੂ ॥ ੩੮ ॥

### ੩੯. [ਲਾਲੂ, ਦੁਰਗਾ, ਜੀਵੰਧਾ, ਜੱਗਾ, ਖਾਨੂ, ਮਾਈਆ, ਗੋਵਿੰਦ]

ਦੋਹਰਾ ॥ ਇਕ ਲਾਲੂ ਬੁਧਿਵਾਨ ਨਰ ਦੂਸਰ ਦੁਰਗਾ ਨਾਮ। ਜੀਵੰਦਾ ਮਿਲ ਤੀਸਰੋ ਚਲਿ ਆਏ ਗੁਰ ਸਾਮ[3]॥੧॥ਚੌਪਈ॥ਕਰਿ ਬੰਦਨ ਕੋ ਲਾਗੇ ਸੇਵਾ। ਇਕ ਦਿਨ ਬੈਠਿ ਨਿਕਟ ਗੁਰ ਦੇਵ।ਹਾਥ ਜੋਰਿ ਅਰਦਾਸ ਬਖਾਨੀ।'ਦਿਹੁ ਉਪਦੇਸ਼ ਅਪਨਿ ਜਨ ਜਾਨੀ[4] ॥੨॥ ਜਿਸ ਤੇ ਹੋਇ ਉਧਾਰ ਹਮਾਰਾ। ਸ੍ਰੀ ਗੁਰ ਅਮਰ ਸੁ ਬਾਕ ਉਚਾਰਾ।'ਪਰਉਪਕਾਰ ਸਮਾਨ ਨ ਔਰ। ਕਰਹਿ¶ ਸਦਾ,ਤਿਸ ਗਤਿ ਸੁਖ ਠੌਰ[5]॥੩॥ਸੋ ਉਪਕਾਰ ਸੁ ਤੀਨ ਪ੍ਰਕਾਰ।ਧਰੋ ਆਪ ਤੁਮ ਲਖਿ ਉਰ ਸਾਰ।ਜੇਤਿਕ ਅਪਨੇ ਢਿਗ ਧਨ ਅਹੈ।ਦੇਹੁ ਰੰਕ ਜੋ ਦੁਖੀਆ ਲਹੈ[6] ॥੪॥ ਪਿਖਹੁ ਗ਼ਰੀਬ ਅਨਾਥਨਿ ਜਹਾਂ। ਵਸਤ੍ਰ ਅਹਾਰ ਦੀਜੀਅਹਿ ਤਹਾਂ। ਦੇਖਹੁ ਦੁਖੀ ਦਯਾ ਕੋ ਧਾਰਹੁ। ਜਥਾਸ਼ਕਤਿ ਤਿਹ ਦੁਖ ਨਿਰਵਾਰ-

---

[1]ਇਕ ਸਿੱਖ (ਸ੍ਰੀ) ਸੰਤ (ਜੀ) ਪਾਸ ਬੋਲਿਆ, ਸੋ ਅਮੋਲਕ (ਸਿੱਖਯਾ) ਧਯਾਨ ਧਰਕੇ ਸੁਣੋਂ। (ਪ੍ਰਸ਼ਨ ਸਿੱਖ ਦਾ:—) ਜੇ ਕੋਈ ਕਿਸੇ ਦਾ ਬੁਰਾ ਕਰੇ, ਤਾਂ (ਉਹ) ਕੀਹ ਕਰੇ ? ਕਹੋ ਹੇ ਸੁਖਦਾਈ (ਸੰਤ) ਜੀ ! (ਉੱਤਰ:—) ਭਲਾ ਕਰਦਿਆਂ ਜੇ ਬੁਰਾ ਕਰੇ, (ਤਾਂ ਬੁਰੇ ਤੋਂ) ਬਦਲਾ ਲੈਣੋਂ ਹਟ ਜਾਵੇ। (ਪ੍ਰਸ਼ਨ:—) (ਜੇ) ਫੇਰ (ਬੀ ਬੁਰਾ) ਕਰ ਤਾਂ, (ਉੱਤਰ:—) (ਉਹ ਭਲਿਆਈ) ਕਰ (ਭਲਿਆਈ) ਕਰੇ, ਤਾਂ (ਭਲੇ ਦੀ) ਭਲਿਆਈ (ਕਰਨ ਕਰਕੇ) ਉਹ (ਬੁਰਾ ਆਪੇ) ਦੁਖ ਭਰੇਗਾ, (ਇਥੋਂ ਤਾਈਂ ਕਿ) ਉਹ ਕਰਨ ਜੋਗਾ ਹੀ ਨਾ ਰਹੇਗਾ, ਆਪੇ ਹੀ ਮਰ ਜਾਏਗਾ। ਇਸ ਤੋਂ ਅਗੇ ਹੁਣ ਗੁਰੂ ਜੀ ਬਚਨ ਬੋਲਦੇ ਹਨ। ਇਹ ਸਾਰੀ ਗੱਲ ਬਾਤ ਦੱਸਦੀ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ ਵੱਲ ਇਸ਼ਾਰਾ ਕਰ ਰਹੇ ਹਨ, ਹੋ ਸਕਦਾ ਹੈ ਕਿ ਉਸ ਸਿੱਖਯਾ ਵਲ ਇਸ਼ਾਰਾ ਕਰ ਰਹੇ ਹੋਣ ਜੋ ਤਪੇ ਦੀ ਹੋਣੀ ਪਰ ਗੁਰੂ ਅੰਗਦ ਦੇਵ ਜੀ ਨੇ ਦਿੱਤੀ ਸੀ। [2]ਗੁਰ ਸਥਾਨ ਵਿਚ ਜੋ ਨੀਵਾਂ (ਬਣੇਗਾ)ਸੋ ਵਧੇਗਾ। [3]ਗੁਰੂ ਸ਼ਰਨ। [4]ਦਾਸ ਜਾਣਕੇ। [5]ਉਸ ਨੂੰ ਸੁਖ ਦਾ ਥਾਂ ਪ੍ਰਾਪਤ ਹੁੰਦਾ ਹੈ। [6]ਜਾਣੇ।

*ਪਾ:—ਬਧ ਜਾਵੈ। ਨੰਮ੍ਰ ਬ੍ਰਿਧਾਵੈ। †ਇਹ ਦੋ ਤੁਕਾਂ ਇਕੋ ਨੁਸਖੇ ਵਿਚ ਸਨ।

‡ਇਹ ਦੋ ਤੁਕਾਂ ੪ ਨੁਸਖਿਆਂ ਵਿਚ ਸਨ। §ਇਹ ਦੋ ਸਤਰਾਂ ਭੀ ਇਕੋ ਨੁਸਖੇ ਵਿਚ ਸਨ। ¶ਪਾ:—ਕਰਹੁ।

ਹੁ[1]*॥੫॥ਨਿਜ ਬਾਨੀ ਤੇ ਸ਼ੁਭ ਬਨਿ ਆਵੈ। ਬਿਗਰਨੋ ਕਾਰਜ ਪਰ ਸੁਧਰਾਵੈ[2] । ਕੈ ਬਿੱਦਯਾ ਹੁਇ ਅਪਨੇ ਪਾਸ। ਅਪਰ ਪਢਾਵਹਿ ਧਰਹਿ ਹੁਲਾਸ[3]॥੬॥ ਪੁਨ ਮਨ ਤੇ ਸਭਿ ਕੋ ਭਲ ਚਾਹੈ। ਬੁਰਾ ਕਰਨਿ ਹਿਤ ਕਬਿ ਨ ਉਮਾਹੈ[4]। ਪਾਸ ਪਦਾਰਥ,ਅਰੁ ਬਚ ਕਹੈ।ਤ੍ਰਿਤੀਏ ਕਿਸ ਕੋ ਬੁਰਾ ਨ ਚਹੈ[5]॥੭॥ਇਮ ਤੀਨੋ ਤੇ ਪਰਉਪਕਾਰ ।ਕਰਹੁ ਸਦਾ, ਪਰ ਦੁਖ ਨਿਰਵਾਰਿ। ਸਰਬ ਦਾਨ ਤੇ ਅਹੈ ਬਿਸਾਲਾ। ਅੰਨ ਦੇਨਿ ਕੀਜਹਿ ਸਭਿ ਕਾਲਾ॥੮॥ ਜਿਸ਼ ਤੇ ਪ੍ਰਾਨ ਧਰਤਿ ਹੈ ਪ੍ਰਾਨੀ। ਅਪਰ ਹੋਹਿ ਕਿਮਿ ਤਾਂਹਿ ਸਮਾਨੀ। । ਕਾਚੋ ਪਾਕੋ ਜਨੋਂ ਕਨੋਂ ਦੀਜੈ।ਛੁਧਿਤ ਦੇਖਿ ਕਰਿ'ਨਾਂਹਿ'ਨ ਕੀਜੈ॥੯॥ਜਿਸ ਕਿਸ ਸਮੇ ਸਾਂਝ ਕੈ ਪ੍ਰਾਤਿ।ਬਿਨਾ ਬਿਚਾਰੇ ਭੋਜਨ ਦਾਤਿ।ਊਚ ਨੀਚ ਨਹਿਂ ਪਰਖਹੁ ਜਾਤੀ। ਦੇਕਰਿ ਅੰਨ ਕਰਹੁ ਤ੍ਰਿਪਤਾਤੀ' ॥੧੦॥ ਸ੍ਰੀ ਗੁਰ ਅਮਰਦਾਸ ਕੀ ਬਾਨੀ। ਸ਼ਰਧਾ ਧਰਿ ਉਰ ਤੀਨਹੁ ਮਾਨੀ। ਤੀਨ ਬਿਧਿਨਿ ਕੀਨਸਿ ਉਪਕਾਰਾ। ਦੇਤਿ† ਛੁਧਿਤ ਕੋ ਅਧਿਕ ਅਹਾਰਾ॥੧੧॥ਗੁਰ ਕੇ ਸਿੱਖ ਭਏ ਇਸ ਰੀਤਿ। ਆਵਹਿਂ ਦਰਸ਼ਨ ਕੋ ਧਰਿ ਪ੍ਰੀਤਿ। ਸੇਵਤਿ ਰਹੇ ਭਗਤਿ ਕੋ ਪਾਇ। ਅੰਤ ਗੁਰੂ ਢਿਗ ਪਹੁੰਚੇ ਜਾਇ‡॥ ੧੨ ॥

ਜੱਗਾ ਸਤਿਗੁਰੁ ਕੇ ਢਿਗ ਆਯੋ। ਕਰਿ ਦਰਸ਼ਨ ਕੋ ਸੀਸ ਨਿਵਾਯੋ। ਸਿਖ ਗੁਰ ਕੇ ਗਨ ਦੇਖਿ ਹੁਲਾਸਾ[6]।ਹਾਥ ਜੋਰਿ ਕਰਿ ਬਾਕ ਪ੍ਰਕਾਸ਼ਾ॥੧੩॥ 'ਮੈਂ ਚਾਹਤਿ ਅਪੁਨੀ ਕੱਲਯਾਨ। ਮਿਲਨੋ ਏਕ ਦਿਨ ਜੋਗੀ ਆਨਿ। ਤਿਸ

[1]ਇਹ ਪਹਿਲਾ ਉਪਕਾਰ ਹੈ। [2]ਦੂਜੇ ਦਾ ਕਾਰਜ ਸੁਧਾਰ ਦੇਵੇ। [3]ਇਹ ਦੂਜਾ ( ਬਾਣੀ ਦਾ ) ਉਪਕਾਰ ਹੈ। [4]ਇਹ ਤੀਸਰਾ ( ਮਨ ) ਦਾ ਉਪਕਾਰ ਹੈ। [5]ਤਿੰਨਾਂ ਉਪਕਾਰਾਂ ਨੂੰ ਫੇਰ ਗਿਣਦੇ ਹਨ:-੧. ਪਾਸ ਪਦਾਰਥ ਹੋਣ ਵੇਲੇ ਦਾ ਭਾਵ ਦੇਣਾ; ੨. ਬਾਨੀ ਦਾ ਭਾਵ ਸ਼ੁਭ ਬਚਨ ਆਖੇ; ੩. ਮਨ ਦਾ ਭਾਵ ਕਿ ਬੁਰਾ ਕਿਸੇ ਦਾ ਨਾਂ ਚਾਹੇ। [6]ਗੁਰੂ ਕੇ ਬਹੁਤੇ ਸਿੱਖਾਂ ਨੂੰ ਦੇਖਕੇ ਖੁਸ਼ ਹੋਇਆ।

*ਪਾ:-ਕਰ ਤਿਹ ਨਿਰਵਾਰੇ। †ਪਾ:-ਦੇਖਿ।

‡ਇਹ ਦਾਨੇ ਹਕੀਮ ਦੇ ਅੱਡ ਅੱਡ ਰੋਗਾਂ ਦੇ ਅੱਡ ਅੱਡ ਦਾਰੂ ਹਨ। ਏਹ ਤ੍ਰੈਏ ਧਨ ਦੇ ਪਿਆਰੇ ਹੋਸਨ, ਇਨ੍ਹਾਂ ਦੇ ਮਨ ਦੇ ਥਰ ਨੂੰ ਦਇਆ ਦਾਨ ਦਾ ਸੁਭਾਵ ਪਾਕੇ ਪੰਘਾਰਿਆ, ਫਿਰ ਓਹ ਆਉਂਦੇ ਰਹੇ ਤੇ ਭਗਤੀ ਨੂੰ ਪ੍ਰਾਪਤ ਹੋਕੇ ਪਰਮ ਪਦ ਨੂੰ ਅੱਪੜੇ। ਕਲਿਆਣ ਤਾਂ ਨਾਮ ਤੇ ਭਗਤੀ ਨਾਲ ਹੁੰਦੀ ਹੈ,ਦੇਖੋ ਅਗੇ ਇਸੇ ਅੰਸੂ ਦੇ ਅੰਕ ੨੬,੨੭। ਦਾਨ ਦਇਆ ਆਦਿਕ ਸ਼ੁਭ ਕਰਮ ਹਨ, ਮਨ ਨੂੰ ਨਰਮ ਤੇ ਸਫਾ ਕਰਨ ਵਾਸਤੇ। ਜੋ ਦਾਨ ਹੰਕਾਰ ਨਾਲ ਕੀਤੇ ਜਾਂਦੇ ਹਨ ਓਹ ਇਸ ਤੋਂ ਬੀ ਨੀਵੇਂ ਦਰਜੇ ਦੀ ਨੇਕੀ ਹੈ। ਕਈ ਦਾਨ ਕਪਟ ਬਣਾਕੇ ਕੀਤੇ ਜਾਂਦੇ ਹਨ ਓਹ ਪਾਪ ਹਨ। ਜੋ ਦਾਨ ਗੁਰੂ ਪਰਮੇਸ਼ੁਰ ਨਮਿੱਤ ਕੀਤਾ ਜਾਵੇ ਸੋ ਸ੍ਰੇਸ਼ਟ ਦਾਨ ਹੈ, ਕਿਉਂਕਿ ਉਹ ਨਿਸ਼ਕਾਮ ਹੁੰਦਾ ਹੈ।

ਆਗੇ ਮੈਂ ਬਿਨੈ ਸੁਨਾਈ।ਤਬਿ ਐਸੇ ਭਾਖਯੋ ਮੁਝ ਤਾਂਈ॥੧੪॥–ਘਰ ਕੁਟੰਬ ਸਨਬੰਧੀ ਸਾਰੇ।ਬੰਧਨ ਰੂਪ ਸੁ ਲੇਹੁ ਬਿਚਾਰੇ*।ਤਯਾਗ ਕਰਹੁ ਅਬਿ ਬਨਹੁ ਫਕੀਰ।ਪੁਨ ਆਵਹੁ ਚਲਿ ਹਮਰੇ ਤੀਰ ॥੧੫॥ ਸ਼੍ਰੇਯ ਹੇਤ ਲਿਹੁ ਮਮ ਉਪ-ਦੇਸ਼ੁ। ਛੋਰਹੁ ਘਰ ਕੋ ਸਹਤ ਕਲੇਸ਼–। ਰਾਵਰਿ ਨਿਕਟ ਚਹੋਂ ਮੈ ਪੂਛਾ। ਕਿਮਿ ਹੁਇ ਸ਼੍ਰੇਯ, ਬਨੈ ਉਰਸੂਛਾ[1]? ॥੧੬॥ ਕਿਮਿ ਪ੍ਰਾਪਤਿ ਹੁਇ ਭਗਤਿ ਮਹਾਂਨੀ?।ਜਿਸਤੇ ਪ੍ਰਾਪਤਿ ਪ੍ਰਭੁ ਨਿਰਬਾਨੀ'।ਸ਼ਰਧਾ ਜਾਨਿਗੁਰੂ ਬਚ ਭਾਖਾ। 'ਘਰ ਤਯਾਗਨਿ ਕੀ ਨਹਿਂ ਕਰਿ ਕਾਂਖਾ॥੧੭॥ਜੇ ਘਰ ਤਜੇ ਮਿਲਹਿ ਭਗ-ਵਾਨ। ਕਯੋਂ ਫਕੀਰ ਪੁਰਿ ਪੁਰਿ ਮਹਿਂ ਆਨ[2]। ਹਾਟਨਿ ਪਰ ਬਨਕਨਿ ਸੋਂ ਝਗਰੇਂ[3]।ਜਾਚਤਿ ਡੋਲਤਿ ਬਾਸੁਰ ਸਗਰੇ[4]॥੧੮॥ਗੁਰਮੁਖ ਗ੍ਰਿਹਸਤਿ ਬਿਖੈ ਕਰਿਂ[5] ਭਗਤਿ। ਪਾਇਂ ਮੁਕਤਿ,ਨਹਿਂ ਜਨਮਤਿ ਜਗਤਿ। ਜਿਮਿ ਜਲ ਮਹਿਂ ਅਲੇਪ ਅਰਬਿੰਦ।ਰਾਖਹਿਊਰਧ੍ਵ ਧਯਾਨ ਦਿਨਿੰਦ[6]॥੧੯॥ਤਿਮਿ ਗੁਰ ਸਿੱਖ ਕਿਰਤ ਕੋ ਕਰਤੇ। ਦੇਕਰਿ ਸਤਿਸੰਗਤਿ ਪੁਨ ਬਰਤੇ[7]। ਹੁਇ ਫਕੀਰ ਜਾਚਤਿ ਜਬਿ ਖਾਇ[8]।ਜਪਤਪ ਨਿਜ ਘਾਟੇਤਬਿ ਪਾਇ॥੨੦॥ਸੇਵਾ ਕਰਹਿਂ ਲੇਹਿਂ ਸੋ ਤਿਸਤੇ[9]।ਖਾਨ ਪਾਨ ਨਿਤਿ ਕਰਿਤੇ ਜਿਸਤੇ। ਗ੍ਰਿਸਤੀ ਅਪਨੋ ਪੁੰਨ ਨ ਦੇਤਿ।ਸੇਵਾ ਠਾਨਿ ਅਪਰ ਤੇ ਲੇਤਿ[10]॥੨੧॥ਜਥਾ ਧੇਨੁ ਕੋ ਘਾਸੁ ਖੁਲਾਵੈਂ। ਤਿਸ ਕੋ ਪਲਟੇ ਪੈ ਪੁਨ ਪਾਵੈਂ[11]। ਤਿਮਿ ਜੱਗਾ! ਲਿਹੁ ਸਮਝ ਬਿਸਾਲ। ਗ੍ਰਿਸਤਿ ਧਰਮ ਮੁਖ ਹੈ[12]ਕਲਿਕਾਲ॥੨੨॥ਤਨ ਤੇ ਕ੍ਰਿਤਿ ਕਰਹੁ ਸੰਤ ਸੇਵਾ। ਮਨ ਤੇ ਭਗਤਿ ਕਰਿਹੁ ਹਰਿਦੇਵਾ।ਇਸ ਤੇ ਸ਼ੀਘ੍ਰ ਲਹੈਂ ਕੱਲਯਾਨ।ਤਜਹੁ ਨ ਸਦਨ ਠਾਨਿ ਗੁਰ ਧਯਾਨ'॥੨੩॥ਸੁਨਿ ਕਰਿ ਸੀਖ ਰਿਦੇ ਤਿਨ ਧਾਰੀ। ਕਿਰਤਿ ਭਗਤਿ ਕਰਨੀ[13]ਸੁਖ ਕਾਰੀ। ਮਾਨ ਭਲੋ ਤਬਿ ਕਰਿਬੇ ਲਾਗਾ। ਗੁਰ ਕੀ ਸੇਵ ਲਗਯੋ ਬਡ ਭਾਗਾ॥ ੨੪ ॥

ਖਾਨੂ ਅਰ ਮਾਈਆ† ਪਿਤ ਪੂਤ। ਕੀਨੋ ਸਤਿਗੁਰ ਦਰਸ਼ਨ ਪੂਤ[14]।

---

[1]ਮਨ ਪਵਿੱਤ੍ਰ ਬਣੇ। [2]ਕਿਉਂ (ਫੇਰ) ਫਕੀਰ ਸ਼ਹਿਰਾਂ ਵਿਚ ਆਉਂਦੇ ਹਨ। [3]ਬਾਣੀਆਂ ਨਾਲ ਝਗੜਦੇ ਹਨ। [4]ਮੰਗਦੇ ਫਿਰਦੇ ਹਨ ਸਾਰਾ ਦਿਨ। [5]ਕਰਦੇ ਹਨ। [6]ਉੱਚਾ ਧਿਆਨ ਸੂਰਜ ਦਾ। [7]ਵਰਤੇ ਆਪ। [8]ਮੰਗਕੇ ਜਦੋਂ ਖਾਂਦਾ ਹੈ। [9]ਸੇਵਾ ਕਰਨ ਵਾਲੇ ਤਿਸ ਤੋਂ ਫਲ ਲੈ ਲੈਂਦੇ ਹਨ। [10]ਸੇਵਾ ਕਰਕੇ ਹੋਰ ਪਾਸੋਂ ਲੈ ਲੈਂਦਾ ਹੈ (ਪੁੰਨ)। [11]ਭਾਵ, ਜਿਵੇਂ ਗਾਂ ਨੂੰ ਘਾਹ ਖੁਆਲ ਕੇ ਲੋਕੀਂ ਉਸ ਦਾ ਦੁੱਧ ਚੋ ਲੈਂਦੇ ਹਨ ਤਿਵੇਂ ਨਾਮ ਪ੍ਰੇਮੀ ਦੀ ਸੇਵਾ ਕਰਕੇ ਲੋਕੀਂ ਉਸ ਦੇ ਆਤਮ ਸੁਖ ਦਾ ਹਿੱਸਾ ਵੰਡ ਲੈਂਦੇ ਹਨ। [12]ਸ੍ਰੇਸ਼ਟ ਹੈ। [13]ਕਿਰਤ ਵਿਚ ਭਗਤੀ ਕਰਨੀ। [14]ਪਵਿੱਤ੍ਰ।

*ਪਾ:–ਨਿਹਾਰੇ। †ਪਾ:–ਮੱਈਆ।

ਤੀਸਰ ਮਿਲਿ ਗੋਵਿੰਦ ਭੇਡਾਰੀ[1]। ਬਿਨੈ ਕੀਨਿ'ਹਮ ਸ਼ਰਨ ਤੁਮਾਰੀ॥੨੫॥ ਐਸੋ ਗੁਨ ਕੀਜਹਿ ਉਪਦੇਸ਼[2]। ਜਿਸ ਮਹਿਂ ਗੁਣ ਹੁਇਂ ਭਲੇ ਅਸ਼ੇਸ਼[3]'। ਸੁਨਿ ਸਤਿਗੁਰ ਕਹਿ 'ਬਿਚ ਇਸ ਜਗਤਿ। ਸਕਲ ਗੁਨਨ ਕੋ ਗੁਨ ਹਰਿ ਭਗਤਿ॥੨੬॥ਭਗਤਿ ਕਰਤਿ ਸਗਰੇ ਗੁਣ ਪਾਵੈਂ।ਗੁਣ ਨਿਧਾਨ ਭਗਵਾਨ ਰਿਝਾਵੈਂ। ਗੁਣ ਕਰਤਾ ਜਬਿਹੀ ਬਸਿ ਹੋਇ। ਦੁਰਲਭ ਗੁਨ ਪੁਨ ਰਹੈ ਨ ਕੋਇ'॥੨੭॥ਬੂਝਨ ਲਗੇ'ਭਗਤਿ ਕਿਸੁ ਰੀਤ?।ਕਰਹੁ ਬਤਾਵਨਿ ਉਪਜਹਿ ਪ੍ਰੀਤਿ'। ਤਬਿ ਸਤਿਗੁਰ ਨੇ ਕਹਸੋ ਬੁਝਾਈ। '–ਨਵਧਾ ਭਗਤਿ[4]–ਏਕ ਸੁਖਦਾਈ॥੨੮॥ ਦੂਜੇ–ਪ੍ਰੇਮਾ ਭਗਤਿ–ਬਿਚਾਰੀ।–ਪਰਾ ਭਗਤਿ–ਤ੍ਰਿਤੀਏ ਨਿਰਧਾਰੀ।ਪ੍ਰਥਮ ਸੁਨਹੁ ਨਵਧਾ ਕੇ ਭੇਦ।ਪ੍ਰਾਪਤਿ ਭਏ ਬਿਨਾਸਹਿਂ ਖੇਦ[5] ॥੨੯॥ ਸ਼ਰਧਾ ਸਹਤ ਗੁਰੂ ਕੇ ਬੈਨ। ਸ੍ਰਵਨ ਕਰਹਿ ਸਨਮੁਖ ਮਨ ਨੈਨ। ਦੁਤੀਏ ਕਥਾ ਕੀਰਤਨੁ ਕਰਨੇ। ਨੀਕੇ ਪ੍ਰਭੁ ਕੇ ਗੁਨ ਗਨ ਬਰਨੇ॥੩੦॥ ਤ੍ਰਿਤੀਏ ਸੱਤਿਨਾਮ ਸਿਮਰੰਤੇ। ਬਿਨਾ ਭਜਨ ਨਹਿਂ ਸਮਾਂ ਬਿਤੰਤੇ। ਸ੍ਵਾਸਨ ਸੰਗ ਸੁ ਨਾਮ ਮਿਲਾਵੈਂ।ਊਠਤਿ ਬੈਠਤਿ ਨਹਿਂ ਬਿਸਰਾਵੈਂ॥੩੧॥ਚੌਥੇ ਸਤਿਗੁਰ ਕੈ ਭਗਵਾਨ।ਠਾਨਹਿ ਚਰਨ ਕਮਲ ਕੋ ਧਯਾਨ।ਕੈ ਸੰਤਨ ਕੇ ਚਰਨ ਪਖਾਰੈ।ਸ਼ਰਧਾ ਤੇ ਚਰਨਾਂਮ੍ਰਿਤ ਧਾਰੈ॥੩੨॥ਪੰਚਮਿ ਕਰਹਿ ਅਹਾਰ ਭਲੇਰੇ। ਪ੍ਰਥਮ ਅਰਪਿ ਹਰਿ ਗੁਰੂ ਅਗੇਰੇ। ਜਥਾ ਸ਼ਕਤਿ ਸੰਤਨ ਅਚਵਾਵੈ। ਵਸਤ੍ਰ ਸ਼ਰੀਰ ਸਾਧ ਪਹਿਰਾਵੈ॥੩੩॥ਖਸ਼ਟਮਿ ਪ੍ਰਭੁ ਗੁਰ ਕੈ ਗੁਰਦਵਾਰੇ। ਬੰਦਨ ਕਰਹਿ ਪ੍ਰਦਛਨਾ ਧਾਰੇ। ਧੂਪ ਦੀਪ ਚੰਦਨ ਚਰਚਾਵੈ। ਫੂਲਨ ਆਨਿ[6] ਸੁਗੰਧਿ ਚਢਾਵੈ॥੩੪॥ ਸਪਤਮਿ ਦਾਸੁ ਆਪ ਕੋ ਜਾਨੈ।ਪਰਮੇਸ਼੍ਵਰ ਸ੍ਵਾਮੀ ਪਹਿਚਾਨੈ।ਤਨ ਮਨ ਧਨ ਜਾਨੈ ਪ੍ਰਭੁ ਦਾਨ[7]।ਸਤੀ ਨਾਰ ਸਮ ਪਤਿ ਭਗਵਾਨ[8]॥੩੫॥ਅਸ਼ਟਮਿ ਮਿੱਤ੍ਰ ਲਖੈ ਸ੍ਰੀ ਪਤਿਕੋਂ[9]। ਨਹੀਂ ਭੁਲਾਵੈ ਅਪਨੇ ਚਿਤ ਕੋ। ਜੋ ਕਛੁ ਕਰਹਿ ਭਲੀ ਮਮ ਜਾਨੈ।ਨਹੀਂ ਤਰਕਨਾ[10] ਤਿਸ ਪਰ ਠਾਨੈ॥੩੬॥ ਜਥਾ ਸਖਾ ਕੀ ਕ੍ਰਿੱਤਿ ਲਖੰਤਾ।–ਕਰਹਿ ਜੁ ਕਛੁ ਮਮ ਭਲਾ ਕਰੰਤਾ[11]–।ਤਿਮਿ ਪ੍ਰਭੁ ਮਿੱਤ੍ਰ ਕਿਰਤ ਕੋ ਹੇਰੈ।–ਜੋ ਕਿਛੁ ਕਰੈ ਭਲੀ

[1]ਖੱਤ੍ਰੀਆਂ ਦੀ ਇਕ ਜਾਤ ਹੈ। [2]ਐਸੇ ਗੁਣ ਦਾ ਉਪਦੇਸ਼ ਕਰੋ। [3]ਕਿ ਜਿਸ ਵਿਚ ਬਾਕੀ (ਦੇ ਸਾਰੇ) ਭਲੇ ਗੁਣ ਆ ਜਾਣ। [4]ਨੌ ਪਰਕਾਰ ਦੀ ਭਗਤੀ। [5]ਦੁੱਖ। [6]ਲਿਆ ਕਰਕੇ। [7]ਪ੍ਰਭੂ ਦਾ ਦਿੱਤਾ। [8]ਪਤਿਬ੍ਰੱਤ ਇਸਤ੍ਰੀ ਵਾਂਗ ਪਰਮੇਸ਼ੁਰ ਨੂੰ ਪਤੀ (ਜਾਣੇ)। [9]ਪਰਮਾਤਮਾ ਨੂੰ। [10]ਹੁੱਜਤ। [11]ਜਿਵੇਂ ਮਿੱਤ੍ਰ(ਮਿੱਤ੍ਰ ਦੀ)ਕੀਤੀ ਨੂੰ ਵੇਖਦਾ ਹੈ,(ਕਿ ਇਹ)ਜੋ ਕੁਛ ਕਰਦਾਹੈ ਮੇਰਾਭਲਾ ਕਰਦਾਹੈ।

ਸੋ ਮੇਰੈ–*॥੩੭॥ਨੌਮੀ ਤਨ ਧਨ ਪ੍ਰਭੁ ਅਰਪਾਇ।ਅਪਨੋ ਕਛੂ ਨ ਲਖਹਿ ਕਦਾਇ। ਮਮਤਾ ਤਜਹਿ ਪਦਾਰਥ ਕੇਰੀ। ਹਰਿਕੇ ਜਾਨਿ ਨਾਂ† ਸੁਖ ਦੁਖ ਹੇਰੀ[੧]॥੩੮॥ ਨਵਧਾ ਭਗਤਿ ਕਹੀ ਇਹੁ ਜੋਇ।ਜੇਕਰਿ ਇਕ ਭੀ ਪ੍ਰਾਪਤਿ ਹੋਇ।ਤੌ ਉਧਾਰ ਜਨ ਕੋ ਕਰਿ ਦੇਤਿ।ਕਯਾ ਸੰਸੈ ਹੁਇ ਸਰਬ ਸਮੇਤ[੨]॥੩੯॥ ਅਪਰ ਸੁਨਹੁ ਜਸ[੩]–ਪ੍ਰੇਮਾ ਭਗਤਿ–। ਜਿਹ ਸਮ ਅਪਰ ਨ ਸੁਖ ਦੇ ਜਗਤ। ਤਰੁਵਰ ਫਲ ਪੂਰਬ ਹੁਇ ਸਾਵਾ[੪]।ਸ੍ਵਾਦ ਬਿਖੈ ਕੌਰਾ ਲਖਿ ਪਾਵਾ[੫] ॥੪੦॥ ਪੁਨ ਪੀਰੋ ਤਬ ਲਹਿ ਤੁਰਸ਼ਾਈ[੬]। ਬ੍ਰਿੱਛ ਬੀਰ ਤੇ ਲੇ ਰਸੁ ਪਾਈ। ਪੁਨ ਪਾਕੋ ਹੋਵਹਿ ਰੰਗੁ ਲਾਲ। ਸ੍ਵਾਦ ਪਾਇ ਸੋ ਮਧੁਰ ਬਿਸਾਲ ॥ ੪੧ ॥ ਤਿਮਿ ਪਰਮੇਸ਼ੁਰ ਪ੍ਰੇਮੀ ਹੋਇ। ਤਿਨ ਕੇ ਲੱਛਨ ਇਸ ਬਿਧਿ ਜੋਇ। ਪ੍ਰਥਮੈ ਰੁਦਨ ਕਰਤਿ ਚਿਤ ਚਾਹੇ। ਪ੍ਰੀਤਮ ਦਰਸ਼ਨ ਧਰਤਿ ਉਮਾਹੇ[੭] ॥ ੪੨ ॥–ਬਿਛੁਰੇ ਹਮ–ਯਾਂਤੇ ਦੁਖ ਪਾਵੈ। ਦੀਰਘ ਸ੍ਵਾਸਨਿ ਲੇ ਪਛੁਤਾਵੈ। ਰੋਮੰਚਤਿ[੮] ਹੁਇ ਗਦ ਗਦ ਬਾਨੀ। ਕਬਿ ਗੁਨ ਗਾਇ,ਕਿ[੯]ਤੂਸ਼ਨ ਠਾਨੀ॥੪੩॥ ਤਬਿ ਮੁਖ ਕੋ ਸਾਵਾ ਹੁਇ ਰੰਗ॥ਸੁਧਿ ਭੂਲਹਿ ਸਭਿ ਆਦਿਕ ਅੰਗ[੧੦]।ਜਯੋਂ ਜਯੋਂ ਵਧ ਹੈ ਪ੍ਰੇਮ ਬਡੇਰਾ।ਤਯੋਂ ਤਯੋਂ ਹੋਤਿ ਅਹਾਰ ਛੁਟੇਰਾ[੧੧]॥੪੪॥ਭੂਖ ਪਯਾਸ ਕੀ ਗਮ[੧੨] ਹੁਇ ਥੋਰੀ॥ਨਿਸਦਿਨ ਰਹੈ ਪ੍ਰੇਮ ਮਤਿ ਬੋਰੀ[੧੩]। ਬ੍ਰਿਹੁ ਤੇ ਵਧਹਿ ਬਿਖਾਦ ਅਧੀਰਾ[੧੪]।ਬਦਨ ਬਰਨ[੧੫]ਹੁਇ ਆਵਤਿ ਪੀਰਾ[੧੬]॥੪੫॥ ਪਯਾਰੇਕੀ ਜੋਬਾਤ ਬਤਾਵਹਿਂ। ਅਸ[੧੭] ਸੰਤਨ ਕੇ ਨਿਕਟ ਸਿਧਾਵਹਿ। ਸੁਨਿ ਪਿਖਿ ਕੈ ਪ੍ਰਿਯ ਮਿਲਨਿਨਿਸ਼ਾਨੀ॥ਨਿਕਟ ਜਾਨਿਹੁਇ[੧੮]ਪ੍ਰੀਤਮਹਾਨੀ॥੪੬॥ਸੰਤ ਸੰਗਜਬਿ ਵਧਯੋ ਵਧੇਰਾ॥ਪੂਰਨ ਪ੍ਰਭੁ ਸਰਬ ਮੈਂ ਹੇਰਾ। ਤਬਿ ਮੁਖ ਲਾਲ ਰੰਗ ਦ੍ਰਿਸ਼-ਟਾਵੈ।ਤ੍ਰਿਪਤਿ ਹੋਇ ਮਨ ਕਿਤਹੂੰ ਨ ਧਾਵੈ ॥੪੭॥ਸ਼ਾਂਤਿ ਮਧੁਰਤਾ[੧੯] ਤਬਿ

---

[੧]ਹਰੀ ਦੇ ਜਾਣ ਕੇ (ਉਨ੍ਹਾਂ ਦੀ ਪ੍ਰਾਪਤੀ ਤੇ ਵਿਯੋਗ ਤੇ) ਸੁਖ ਦੁਖ ਨਾ ਵੇਖੇਗਾ। [੨]ਸਾਰੀ(ਭਾਵ ਨੌ ਪ੍ਰਕਾਰ ਦੀ ਭਗਤੀ) ਸਮੇਤ ਹੋਵੇ ਤਾਂ ਸੰਸਾ ਹੀ ਕਿਆ ਹੈ। [੩]ਜਿਵੇਂ। [੪]ਪਹਿਲੇ ਹਰਾ ਹੁੰਦਾ ਹੈ। [੫]ਜਾਣੀਦਾ ਹੈ। [੬]ਖਟਿਆਈ। [੭]ਰਖਦਾ ਹੈ ਉਤਸਾਹ। [੮]ਰੋਮ ਖੜੇ ਹੋ ਜਾਂਦੇ ਹਨ। [੯]ਅਥਵਾ। [੧੦]ਅੰਗ ਆਦਿਕਾਂ ਦੀ ਸਭਿ ਸੋਝੀ। [੧੧]ਥੋੜਾ। [੧੨]ਚਿੰਤਾ। [੧੩]ਪ੍ਰੇਮ ਵਿਚ ਬੁੱਧੀ ਡੁਬੀ ਹੋਈ। [੧੪]ਦੁਖ ਤੇ ਅਧੀਰਜ। [੧੫]ਮੁਖ ਦਾ ਰੰਗ। [੧੬]ਪੀਲਾ। [੧੭]ਇਹੋ ਜਿਹੇ। [੧੮]( ਪਰਮੇਸ਼ਰ ਨੂੰ ) ਨੇੜੇ ਜਾਣ ਕੇ ਹੁੰਦੀ ਹੈ। [੧੯]ਸ਼ਾਂਤੀ ਰੂਪ ਮਿਠਾਸ।

*ਯਥਾ ਗੁਰ ਵਾਕ—ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥ ੧ ॥ [ਗਉੜੀ ਮ: ੫]

†ਪਾ:—ਜਨ ਨ।

ਹੁਇ ਆਈ। ਅੰਤਰ ਬ੍ਰਿਤੀ ਸਥਿਰਤਾ ਪਾਈ। ਦਿਢ ਅੱਭਯਾਸ ਗ੍ਯਾਨ ਮਨਿ ਲਾਵਹਿ।–ਪਰਾਭਗਤਿ[੧]–ਉਤਪਤਿ ਹੁਇ ਆਵਹਿ ॥੪੮॥ ਅਪਨਿ ਸਰੂਪ ਨਿਹਾਰਨ ਚਾਹਾ।ਈਸ਼ੁਰਜੀਵਅਭੇਦ ਉਪਾਹਾ[੨]।ਸਤਿਚੇਤਨ ਆਨਦ ਬ੍ਰਹਮ ਰੂਪ। ਨਭ ਸਮ ਬ੍ਯਾਪਯੋ ਚਲਿਤ ਅਨੂਪ[੩] ॥੪੯॥ ਇਸ ਪ੍ਰਕਾਰ ਜੋ ਭਗਤਿ ਕਮਾਵੈ। ਇਕਤਾ ਬ੍ਰਹਮ ਰੂਪ[੪]ਹੁਇ ਜਾਵੈ*। ਤੀਨਹੁ ਸੁਨਕੈ ਭਏ ਅਨੰਦ। ਖਾਨੂ ਮਾਈਆ ਅਰੁ ਗੋਬਿੰਦ ॥੫੦॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕੋਨਚੱਤ੍ਵਾਰਿੰਸਤੀ ਅੰਸੂ ॥ ੩੯ ॥

੪੦. [ਜੋਧ ਰਸੋਈਆ। ਪ੍ਰਿਥੀ ਮਲ। ਤੁਲਸਾ। ਮੱਲਣ। ਉੱਗਰ ਸੈਨ। ਰਾਮੂ। ਦੀਪਾ। ਗੋਪੀ। ਰਾਮੂ ਮਹਿਤਾ। ਮੋਹਣ ਮਲ। ਅਮਰੂ। ਗੰਗੂ। ਸਹਾਰੂ। ਖਾਨ ਛੁਰਾ। ਬੇਗਾ ਪਾਸੀ। ਨੰਦੂ ਸੂਦਨਾ। ਉਗਰੂ। ਤਾਰੂ। ਖੇੜਾ। ਪੂਰੋ। ਮਲਜਾਰ। ਸਹਾਰੂ ਛੀਂਬਾ। ਬੂਲਾ ਪਾਂਧਾ। ਤੇ ਡੱਲੇ ਵਾਸੀ ਸਿੱਖਾਂ ਨੂੰ ਉਪਦੇਸ਼।]

ਦੋਹਰਾ॥ਜੋਧ ਰਸੋਈਆ ਦੇਗ ਮਹਿਂ ਗੁਰ ਹਿਤ ਕਰਤਿ ਅਹਾਰ[੫]।ਬਿੱਪ੍ਰ ਜਾਤਿ ਸੇਵਾ ਕਰੇ ਉਰ ਹੰਕਾਰ ਨਿਵਾਰਿ॥੧॥ ਚੌਪਈ॥ਧਨ ਆਦਿਕ ਜੋ ਸਿਖ ਗਨ ਲ੍ਯਾਵੈਂ। ਭੇਟ ਧਰਹਿਂ ਸਤਿਗੁਰੂ ਮਨਾਵੈਂ।ਸੋ ਸਭਿ ਜੋਧ ਰਸੋਈਆ ਲੇਤਿ। ਲੰਗਰ ਪਰ ਲਗਾਇ ਕਰਿ ਦੇਤਿ॥੨॥ਇਕ ਦਿਨ ਮਹਿਂ ਜੇਤੋ ਲਗ ਜਾਇ। ਤਿਤਿਕ ਲੇਤਿ, ਲੰਗਰ ਮਹਿਂ ਲਾਇ। ਦਿਨ ਅਗਲੇ ਹਿਤ ਰਹਨਿ ਨ ਪਾਵੈ।ਵਧਹਿ ਜਿ ਪਸੂਅਨ ਵਹਿਰ ਖੁਵਾਵੈ॥ ੩ ॥ ਨਾਂਹਿ ਤ ਸਰਿਤਾ ਮਾਂਹਿ ਗਿਰਾਵੈ। ਜਲ ਗਾਗਰ ਤੇ ਸਕਲ ਢੁਲ੍ਹਾਵੈ। ਨੀਰ ਆਦਿ ਹਿਤ ਪ੍ਰਾਤਿ[੬] ਨ

---

[੧]ਉਹ ਭਗਤੀ ਜੋ ਦ੍ਰਿਸ਼ਟਮਾਨ ਤੋਂ ਚੱਕਕੇ ਦ੍ਰਿਸ਼ਟਾ ਵਿਚ ਲੈ ਜਾਵੇ, ਵਾਹਿਗੁਰੂ ਮਿਲਾਪ ਪ੍ਰਾਪਤ ਅਵਸਥਾ। [੨]ਪਾਇ ਲਇਆ [ਸਿੰਸ:, ਉਪਾਹਤ=ਮਿਲ ਗਿਆ]। [੩]ਅਕਾਸ਼ ਸਮ ਪਰੀਪੂਰਨ ਹੈ ਤੇ (ਜਿਸ ਦੇ) ਅਨੁਪਮ ਕੌਤਕ ਹਨ। [੪]ਬ੍ਰਹਮ ਨਾਲ ਇਕ ਰੂਪਤਾ [੫]ਬਣਾਉਂਦਾ ਹੁੰਦਾ ਸੀ ਭੋਜਨ। [੬]ਸਵੇਰ ਲਈ।

*ਕਰਨੀ ਤੇ ਭਗਤੀ ਦਾ ਜ਼ਿਕਰ ਕਰਕੇ ਜਿਹੀ ਛੇਤੀ ਗਿਆਨ ਦਾ ਕਥਨ ਆ ਜਾਂਦਾ ਹੈ, ਸਾਧਨ ਕਰਨ ਲਗਿਆਂ ਪ੍ਰਾਪਤੀ ਏਡੀ ਸੌਖੀ ਤੇ ਛੇਤੀ ਨਹੀਂ। ਭਾਈ ਗੁਰਦਾਸ ਜੀ ਦੀ ਬਾਣੀ ਤੋਂ ਪਤਾ ਚਲਦਾ ਹੈ ਕਿ ਮੁਰਦੇ ਦਿਲਾਂ ਵਿਚ ਜੀਅਦਾਨ ਦੀ ਜੀਉਂਦੀ ਕਣੀ ਪਾਕੇ ਜਿਵਾਲ ਦੇਣਾ ਇਹ ਦਾਨ ਸਤਿਗੁਰੂ ਦੇ ਘਰ ਦਾ ਹੈ। ਬਾਕੀ ਨਿਰੇ ਲੇਖੇ ਪੱਤੇ ਮੁਰਦੇ ਦਿਲਾਂ ਨੂੰ ਬੀ ਆਉਂਦੇ ਸਨ, ਸਤਿਗੁਰੂ ਜੀ ਤਾਂ ਨਾਮ ਦੀ ਅਮੁੱਲਯ ਛੁਹ ਲਾਕੇ ਜੀਅਦਾਨ ਦੇਂਦੇ ਸਨ, ਨਾਮ ਫਿਰ ਆਪ ਹੀ ਪਰਮਪਦ ਵਲ ਲਈ ਜਾਂਦਾ ਸੀ। ਵਾਚਯ ਗ੍ਯਾਨ ਤੇ ਕਥਨੀ ਕਹਿਣ ਦਾ ਵੇਦਾਂਤ ਕੋਈ ਅਨੋਖੀ ਤੇ ਕੀਮਤੀ ਸ਼ੈ ਨਹੀਂ ਹਨ। ਅਮਲੀ ਜੀਵਨ ਤੇ ਅਨੁਭਵ ਦਾ ਜੀਵਨ, ਗੁਰੂ ਕੀ ਦਾਤ ਸੀ।

ਧਰੈ।ਕਹਾਂ ਅੰਨਕੀ ਗਿਨਤੀ ਕਰੈਂ॥੪॥ਇਮਿ ਗੁਰ ਹੁਕਮ ਸੁ ਬਰਤਹਿ ਜੋਧ। ਲੰਗਰ ਕਾਰ ਕਰਹਿ ਹਿਤ ਬੋਧ[੧]। ਪਾਛੇ ਕਛੁ ਭੋਜਨ ਰਹਿ ਜਾਇ। ਬਿਨਾ ਸ੍ਵਾਦ ਤੇ ਖਾਇ, ਬਿਤਾਇ[੨] ॥੫॥ਗੁਰ ਕੇ ਸਿੱਖ ਜਾਨਿ ਸਮੁਦਾਈ।ਸਭਿ ਕੀ ਸੇਵਾ ਕਰਹਿ ਬਨਾਈ।ਜੋ ਜਿਸ ਕਾਲ ਪੁਰੀ ਮਹਿਂ ਆਵੈ।ਤਬਿ ਕਰਿ ਤਯਾਰ ਅਹਾਰ ਅਚਾਵੈ ॥੬॥ ਨਹਿਂ ਆਲਸ ਕੋ ਦਿਜਬਰ[੩]ਕਰੈ। ਆਇ ਛੁਧਿਤਿ ਕੀ ਛੁਧਾ ਸੁ ਹਰੈ।ਦੇਖਿ ਸੇਵ ਰੀਝੇ ਗੁਰਦੇਵ।ਸੱਤਿਨਾਮ ਦੇ ਗ੍ਯਾਨ ਕਰੇਵ[੪] ॥੭॥ਜਨਮ ਮਰਨ ਕੋ ਦੁੱਖ ਨਿਵਾਰਾ। ਪਾਯੋ ਪਦ ਜਹਿਂ ਅਨੰਦ ਉਦਾਰਾ।

ਏਕ ਬਾਰ ਗੇ ਸਹਿਜ ਸੁਭਾਇ।ਡੱਲੇ ਗ੍ਰਾਮ ਬਿਖੇ ਸੁਖਦਾਇ[੫]॥੮॥ਪ੍ਰਿਥੀ-ਮੱਲ ਅਰ ਤੁਲਸਾ ਦੋਇ। ਹੁਤੇ ਜਾਤ ਕੇ ਭੱਲੇ ਸੋਇ। ਸੁਨਿ ਦਰਸ਼ਨ ਕੋ ਤਬਿ ਚਲਿ ਆਏ। ਨਮੋ ਕਰੀ ਬੈਠੇ ਢਿਗ ਥਾਏ॥੯॥ਉਰ ਹੰਕਾਰੀ[੬]ਗਿਰਾ ਉਚਾਰੀ। 'ਏਕੋ ਜਾਤਿ ਹਮਾਰ ਤੁਮਾਰੀ'। ਸ਼੍ਰੀ ਗੁਰ ਅਮਰ ਭਨਯੋ ਸੁਨਿ ਸੋਇ।'ਜਾਤਿ ਪਾਤ ਗੁਰ ਕੀ ਨਹਿਂ ਕੋਇ॥੧੦॥ ਉਪਜਹਿਂ ਜੋ ਸਰੀਰ[੭]ਜਗ ਮਾਂਹੀ। ਇਨ ਕੀ ਜਾਤਿ ਸਾਥ ਸੋ ਨਾਂਹੀ। ਬਿਨਸਿ ਜਾਤ ਇਹੁ[੮] ਜਰਜਰਿ ਹੋਇ[੯]। ਆਗੇ ਜਾਤਿ ਜਾਤ ਨਹਿਂ ਕੋਇ[੧੦] ॥੧੧॥ ਸ਼੍ਰੀ ਮੁਖ ਵਾਕ॥

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ੍ਹ ਕੀ ਲੇਖੈ ਪਤਿ ਪਵੈ
ਚੰਗੇ ਸੇਈ ਕੇਇ ॥ ੩ ॥

ਇਮ ਸ਼੍ਰੀ ਨਾਨਕ ਬਾਕ ਉਚਾਰਾ। ਆਗੇ ਜਾਤ ਨ ਜੋਰ ਸਿਧਾਰਾ[੧੧]।ਉਪਜੈਂ ਤਨ ਇਤਹੀ[੧੨] ਬਿਨਸੰਤੇ। ਆਗੇ ਸੰਗ ਨ ਕਿਸੇ ਚਲੰਤੇ॥੧੨॥ ਸਿਮਰਯੋ ਜਿਨ ਸਤਿਨਾਮ ਸਦੀਵਾ[੧੩]।ਸਿੱਖਨ ਸੇਵ ਕਰੀ ਮਨ ਨੀਵਾ।ਤਿਨਕੀ ਪਤਿ ਲੇਖੇ ਪਰਿ ਜਾਇ। ਜਾਤਿ ਕੁਜਾਤਿ ਨ ਪਰਖਹਿਂ ਕਾਇ' ॥ ੧੩॥

ਮੱਲਣ[੧੪] ਆਨਿ ਪਰਯੋ ਗੁਰ ਸ਼ਰਨੀ। ਕਰਿ ਬੰਦਨ ਪਦ,ਬਿਨਤੀ ਬਰਨੀ।'ਮੋਕਹੁ ਕੁਛ ਦੀਜਹਿ ਉਪਦੇਸ਼। ਜਿਸ ਤੇ ਮਿਟੈਂ ਕਲੇਸ਼ ਅਸ਼ੇਸ਼'॥

---

[੧]ਪ੍ਰੇਮ ( ਨਾਲ ਤੇ ) ਅਕਲ ( ਨਾਲ ) ਲੰਗਰ ਦੀ ਕਾਰ ਕਰਦਾ ਹੈ। ( ਅ ) ਲੰਗਰ ਦੀ ਸੇਵਾ ਕਰਦਾ ਹੈ ਵਾਹਿਗੁਰੂ ਗਿਆਨ ਦੀ ਪ੍ਰਾਪਤੀ ਲਈ। [੨]ਖਾਕੇ ਦਿਨ ਬਿਤਾਉਂਦਾ ਹੈ ( ਜੋਧ )। [੩](ਇਹ) ਚੰਗਾ ਬ੍ਰਾਹਮਣ। [੪]ਕਰਾ ਦਿੱਤਾ। [੫]ਭਾਵ ਸ਼੍ਰੀ ਗੁਰੂ ਜੀ। [੬]ਦਿਲ ਦੇ ਹੰਕਾਰੀਆਂ ਨੇ। [੭]ਜੋ ਸਰੀਰ ਪੈਦਾ ਹੁੰਦੇ ਹੈਨ। [੮]ਭਾਵ ਸਰੀਰ। [੯]ਭਾਵ ਸਰੀਰ ਬੁੱਢੇ ਹੋਕੇ ਬਿਨਸ ਜਾਂਦੇ ਹਨ। [੧੦]ਅੱਗੇ ਕੋਈ ਜਾਤੀ (ਨਾਲ) ਨਹੀਂ ਜਾਂਦੀ। [੧੧]ਅੱਗੇ ਜਾਤ ਤੇ ਜੋਰ ਨਹੀਂ ਜਾਂਦੇ। [੧੨]ਇੱਥੇ ਹੀ। [੧੩]ਲਗਾਤਾਰ। [੧੪]ਨਾਮ ਹੈ।

੧੪॥ਸਤਿਗੁਰ ਕਹਯੋ'ਤ੍ਯਾਗ ਹੰਕਾਰਾ।ਸੰਤਨ ਸੇਵੋ ਹੋਹਿਂ ਸੁਖਾਰਾ। ਸ਼ਰਧਾ ਧਰਿ ਅਹਾਰ ਕਰਿਵਾਵਹੁ। ਚਰਨ ਪਖਾਰਹੁ ਰੁਚਿ ਤ੍ਰਿਪਤਾਵਹੁ[1] ॥ ੧੫ ॥ ਬਸਤ੍ਰ ਬਨਾਇ ਗੁਰਨ ਹਿਤ ਦੇਹੋ। ਛੁਧਤਿ ਨਗਨ ਤੇ ਆਸ਼ਿਖ ਲੇਹੋ[2]। ਸੱਤਿਨਾਮ ਸਿਮਰਹੁ ਤਜਿ ਕਾਨ[3]। ਹੋਹਿ ਅੰਤ ਕੋ ਤੁਵ ਕੱਲਯਾਨ' ॥੧੬॥ ਸੁਨਿ ਗੁਰ ਬਚ ਤੇ ਕਰਨ ਸੁ ਲਾਗਯੋ। ਸੰਤਨ ਸੇਵ ਬਿਖੈ ਅਨੁਰਾਗਯੋ।

ਉੱਗ੍ਰਸੈਨ ਅਰੁ ਰਾਮੂ ਦੀਪਾ।ਆਇ ਨਗੌਰੀ ਗੁਰੂ ਸਮੀਪਾ॥੧੭॥ ਕਰਿ ਬੰਦਨ ਬੂਝਯੋ ਉਪਦੇਸ਼।ਗੁਰ ਬੋਲੇ ਕਰਿ ਕ੍ਰਿਪਾ ਵਿਸ਼ੇਸ਼। 'ਸਿਖ ਜਿਸ ਸਮੇਂ ਆਇ ਕਰਿ ਮਿਲੈ। ਦੇਹੁ ਤ੍ਯਾਰ ਕਰਿ ਭੋਜਨ ਭਲੇ ॥੧੮॥ ਅੰਮ੍ਰਿਤ ਵੇਲਾ ਕਰਿਹੁ ਸ਼ਨਾਨ। ਗੁਰ ਕੇ ਸ਼ਬਦ ਪਠਹੁ ਕਰਿ ਧ੍ਯਾਨ। ਅਰਥ ਬਿਚਾਰ ਉਚਾਰਨ ਕਰੀਅਹਿ*।ਕਿਧੌਂ ਸੁਨੋ ਕਰਿ ਨਿਰਨੈ ਧਰੀਅਹਿ†॥੧੯॥ਚਤੁਰ ਘਟੀ ਸਭਿ ਕਾਜ ਬਿਸਾਰਹੁ। ਅਰਥ ਸੁਨਹੁ ਕੈ ਆਪ ਉਚਾਰਹੁ। ਸਲਿਤਾ ਮਹਿਂ ਨੌਕਾ ਬਹੁ ਭਰੀਯਤਿ। ਚਤੁਰੰਗੁਲ ਜਲ ਵਹਿਰ ਨਿਹਰੀਯਤਿ[4] ॥ ੨੦॥ ਭਰੀ ਭਾਰ ਸੋਂ ਉਤਰਹਿ ਪਾਰ[5]। ਤਿਮਿ ਜਗ ਕਾਰਜ ਕੇ ਬਿਵਹਾਰ। ਨਿਸ ਦਿਨ ਕਰਿਹੁ ਧਰਮ ਕੀ ਕਿਰਤਿ। ਚਤੁਰ ਘਟੀ ਦਿਹੁ ਗੁਰ ਮਹਿ ਬਿਰਤਿ[6]॥੨੧॥ਸਭਿ ਕਾਰਜ ਜੁਤਿ ਹੁਇ ਕੱਲਯਾਨ। ਪ੍ਰਭੂ ਪ੍ਰਸੀਦਹਿਂ ਪ੍ਰੇਮ ਮਹਾਨ[7]। ਸਗਰੇ ਕਾਰਜ ਗੁਰੂ ਸਵਾਰੈ। ਹਲਤ ਪਲਤ ਮਹਿਂ ਕਬਹੁਂ ਨ ਹਾਰੈ[8]॥੨੨॥ਗੁਰੂ ਸ਼ਬਦ ਕੋ ਕਰਿਹੁ ਬਿਚਾਰੁ। ਇਕ ਚਿਤ ਹੁਇ ਕਰਿ ਨਾਮ ਉਚਾਰੁ‡'। ਸੁਨਿ ਉਪਦੇਸ਼ ਰਿਦੈ ਸ਼ੁਭ ਧਾਰਾ। ਗੁਰ ਸਿੱਖ ਹੁਇ ਕਰਿ ਜਨਮ ਸੁਧਾਰਾ ॥ ੨੩ ॥

[1]ਪ੍ਰੀਤ ਨਾਲ (ਛਕਾ ਕੇ ਭੋਜਨ) ਰਜਾਓ। [2]ਅਸ਼ੀਰਬਾਦ ਲਓ। [3]ਕਨੌੜ। [4]ਨਦੀ ਵਿਚ ਬੇੜੀ ਬਹੁਤ (ਜੀਵਾਂ ਨਾਲ) ਭਰੀ ਹੋਈ ਹੁੰਦੀ ਹੈ, (ਪਰ) ਚਾਰ ਉਂਗਲ ਜਲ ਤੋਂ ਬਾਹਰ ਦੇਖੀ ਦੀ ਹੈ। (ਜੇ ਬੇੜੀ ਜਲ ਤੋਂ ਚਾਰ ਉਂਗਲਾਂ ਬੀ ਬਾਹਰ ਨਾ ਰਹੇ ਤਾਂ ਡੁਬ ਜਾਂਦੀ ਹੈ, ਭਾਵ ਇਹ ਕਿ ਆਪਣੇ ਮਨ ਨੂੰ ਚਾਰ ਘੜੀ ਤਾਂ ਜਗਤ ਜੰਜਾਲਾਂ ਤੋਂ ਬਾਹਰ ਰੱਖ ਕੇ ਵਾਹਿਗੁਰੂ ਜੀ ਨੂੰ ਸਿਮਰੋ, ਸਾਰਾ ਵਕਤ ਗਰਕ ਰਿਹਾਂ, ਡੁਬ ਮਰੋਗੇ)। [5](ਚਾਰ ਉਂਗਲ ਜਲ ਤੋਂ ਬਾਹਰ ਰਹੀ ਬੇੜੀ) ਭਾਰ ਨਾਲ ਭਰੀ ਹੋਈ ਬੀ ਪਾਰ ਹੋ ਜਾਂਦੀ ਹੈ। [6]( ਮਨ ਦੀ ) ਬ੍ਰਿਤਿ। [7]ਪ੍ਰਸੰਨ ਹੋਵੇਗਾ ਅਤਿਸ਼ੇ ਪ੍ਰੇਮ (ਦੇਖਕੇ)। [8]ਨਾ ਹਾਰ ਹੋਵੇਗੀ। (ਅ) ਗੁਰੂ ਕਦੇ ਹਾਰ ਨਹੀਂ ਦੇਵੇਗਾ।

*ਪਾ:-ਕਰੀਅਹੁ। †ਪਾ:-ਧਰੀਅਹੁ। ‡ਚਾਰ ਘੜੀ ਦਾ ਉਪਦੇਸ਼ ਉਹਨਾਂ ਨੂੰ ਦਿੱਤਾ ਹੈ ਜੋ ਅਠੇ ਪਹਿਰ ਗ਼ਫਲੀ ਵਿਚ ਡੁੱਬੇ ਹੋਏ ਸਨ ਤਾਕਿ ਅੰਮ੍ਰਿਤ ਵੇਲਾ ਰੱਬ ਵੱਲ ਲਾਉਣ, ਇਸ ਦਾ ਅਤਯੰਤ ਲਾਭ ਹੈ, ਸਾਰਾ ਦਿਨ ਅਸਰ ਜਾਰੀ ਰਹਿੰਦਾ ਹੈ। ਫਿਰ ਸਤਿਸੰਗ ਪ੍ਰਾਪਤ ਪੁਰਖ ਸਹਿਜੇ ਸਹਿਜੇ ਸ੍ਵਾਸ ਸ੍ਵਾਸ ਸਿਮਰਨ ਵਿਚ ਆ ਜਾਂਦੇ ਹਨ।

ਗੋਪੀ ਦੂਸਰ ਰਾਮੂ ਮਹਿਤਾ। ਮੋਹਣ ਮਲ ਅਮਰੂ ਕੇ ਸਹਿਤਾ। ਚਾਰਹੁੰ ਆਇ ਲਗੇ ਗੁਰ ਚਰਨੀ। ਕਰ ਜੋਰਤਿ, ਕਹਿੰ 'ਰਾਖਹੁ ਸ਼ਰਨੀ ॥ ੨੪ ॥ ਬਿਰਦ ਗ਼ਰੀਬ ਨਿਵਾਜ ਤੁਮਾਰਾ। ਉਪਦੇਸ਼ਹੁ ਜਿਮਿ ਹੋਹਿ ਉਧਾਰਾ'। ਸ੍ਰੀਗੁਰ ਅਮਰਦਾਸ ਤਬਿ ਕਹ੍ਯੋ। 'ਹਉਮੈਂ ਕਰਿ ਬੰਧਨ* ਕੋ ਲਹ੍ਯੋ ॥੨੫॥ ਅਣਹੋਵਤਿ ਹੀ ਇਹੁ ਬਨਿਆਈ। ਬੁਰੀ ਬਲਾਇ ਸਭਿਨਿ ਲਪਟਾਈ। ਪਰਮੇਸ਼ੁਰ ਕਹੁ ਦੇਤਿ ਭੁਲਾਇ। ਅਨਹੋਵਤਿ ਦੁਖ ਦੇ ਸਮੁਦਾਇ ॥ ੨੬॥ ਯਾਂਤੇ ਇਸ ਕੋ ਦੀਜਹਿ ਤ੍ਯਾਗੋ। ਪ੍ਰਭੁ ਕੇ ਸੰਗ ਗੰਢ ਤਬਿ ਲਾਗੋ।'[1] ਚਾਰਹੁੰ ਸੁਨਿ ਪੁਨਿ ਸਤਿਗੁਰ ਪੂਛੇ। 'ਕਿਮਿ ਇਸ ਤੇ ਹਮ ਹੋਵਹਿਂ ਛੂਛੇ ?' ॥ ੨੭॥ ਕਹ੍ਯੋ ਕਿ 'ਜਾਨਹੁ ਤਨ ਕੋ ਕੂਰਾ। ਬਿਨਸੈ ਹੋਇ ਸਮਾਂ ਜਬਿ ਪੂਰਾ। ਸਨੇ ਸਨੇ ਇਸ ਤੇ ਬ੍ਰਿਤਿ ਛੋਰਿ। ਕਰਹੁ ਲਗਾਵਨ ਆਤਮ ਓਰਿ ॥੨੮॥ ਸਹਿਨ ਸ਼ੀਲਤਾ ਛਿਮਾ ਧਰੀਜੈ। ਕਿਸ ਕੇ ਸੰਗ ਨ ਦ੍ਵੈਸ਼ ਰਚੀਜੈ। ਬਾਕ ਕਠੋਰ ਅਨਾਦਰ ਕਰੇ। ਸੁਨਿ ਕਰਿ ਤਪਹਿ ਨ ਰਿਸਿ ਕਬਿ ਧਰੇ[2]†' ॥੨੯॥ ਸੁਨਿ ਉਪਦੇਸ਼ ਕਰਨ ਸੋ ਲਾਗੇ। ਅੰਤਰ ਬ੍ਰਿਤੀ ਧਰਹਿਂ ਬਡਭਾਗੇ। ਗੰਗੂ ਅਪਰ ਸਹਾਰੂ ਭਾਰੂ। ਕਰਿ ਬੰਦਨ ਬੈਠੇ ਦੁਖਿਆਰੂ[3]‡ ॥੩੦॥ ਤਿਨ ਕੋ ਭੀ ਉਪਦੇਸ਼ਨ ਕੀਨਿ। 'ਵੰਡ ਖਾਹੁ ਧਰਿ ਭਾਉ ਪ੍ਰਬੀਨ ?। ਮਧੁਰ ਗਿਰਾ ਸਭਿ ਸੰਗ ਉਚਾਰਹੁ। ਕਹਿਨ ਕਠੋਰ[4] ਨਹੀਂ ਰਿਸ ਧਾਰਹੁ ॥੩੧॥ ਗੁਰ ਸਿੱਖਨ ਕੋ ਪ੍ਰਥਮ ਅਚਾਵਹੁ। ਸ਼ੇਸ਼ ਰਹੈ ਭੋਜਨ ਤੁਮ ਖਾਵਹੁ। ਮਹਾਂ ਪਵਿੱਤ੍ਰ ਹੋਤਿ ਹੈ ਸੋਇ। ਸਿੱਖਜਨ ਪੀਛੇ ਅਚੀਯਤਿ ਜੋਇ§ ॥੩੨॥ ਸਿਮਰੋ ਵਾਹਿਗੁਰੂ ਨਿਤ ਨਾਮੂ। ਲਿਵ ਲਾਗੇ ਪਦ ਦੇ ਅਭਿਰਾਮੂ[5]। ਮੜ੍ਹੀ, ਟੋਭੜੀ, ਮਠ ਅਰੁ ਗੋਰ। ਇਨਹੁੰ ਨ ਸੇਵਹੁ ਸਭਿ ਦਿਹੁ ਛੋਰ' ॥੩੩॥

ਖਾਨੂ ਛੁਰਾ ਅਰੁ ਬੇਗਾ ਪਾਸੀ। ਨੰਦ ਸੂਦਨਾ ਹੋਇ ਹੁਲਾਸੀ। ਉਗਰੂ, ਤਾਰੂ, ਝੰਡਾ, ਪੂਰੋ। ਸੁਨਿ ਜਸੁ ਆਇ ਗੁਰੂ ਹਜੂਰੇ ॥੩੪॥ ਮਸਤਕ ਟੇਕਿ ਅਦਬ ਤੇ ਬੈਸੇ। ਬੂਝਤਿ ਭਏ ਸ਼੍ਰੇਯ ਹੁਇ ਜੈਸੇ। ਸ੍ਰੀਗੁਰ ਅਮਰ ਕਹ੍ਯੋ 'ਸੁਨਿ

[1]ਭਾਵ ਮੇਲ ਹੋ ਜਾਂਦਾ ਹੈ। [2]ਧਾਰਨ ਕਰੇ। [3]ਦੁਖੀ। [4](ਕਿਸੇ ਦੇ) ਕਠੋਰ ਕਹਿਣ ਤੇ। [5]ਪ੍ਰਾਪਤ ਹੋਵੇਗਾ ਸੁੰਦਰ ਪਦ। *ਪਾ:-ਬੰਦਨ। †ਬਿਨਾਂ ਨਾਮ ਦੇ ਬ੍ਰਿਤੀ ਸਾਧੀ ਜਾਣੀ ਗੁਰਮਤ ਵਿਚ ਕਠਨ ਦੱਸੀ ਹੈ:-"ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥" ‡ਪਾ:-ਦੁਖ ਆਰੂ=ਦੁੱਖਾਂ ਦੇ ਸ਼ੱਤ੍ਰੂ-ਗੁਰੂ ਜੀ। §ਸਿੱਖ ਤੇ ਸੰਤ ਪਦ ਜੋ ਇਸ ਤਰ੍ਹਾਂ ਵਰਤੀਂਦੇ ਹਨ ਓਹ 'ਜੀਉਂਦੇ ਨਾਮ ਰਸੀਆਂ' ਤੋਂ ਮੁਰਾਦ ਹੁੰਦੀ ਹੈ। ਸ਼ੋਕ ਹੈ ਕਿ ਅਜ ਕਲ ਸਿੱਖਾਂ ਨੂੰ ਪ੍ਰਸ਼ਾਦ ਛਕਾਉਣ ਦੀ ਮਿਰਯਾਦਾ ਪਛਮੀ ਮਾਦਾ ਪ੍ਰਸਤੀ ਦੀ ਅੰਧੇਰੀ ਅੱਗੇ ਉਡਦੀ ਜਾਂਦੀ ਹੈ।

ਲੀਜੈ। ਅਬਿ ਕਲਿ ਕਾਲ ਬਿਸਾਲ ਜਨੀਜੈ ॥੩੫॥ ਪ੍ਰਥਮ ਜੁਗਨ ਮਹਿਂ ਜੱਗ ਕਰੰਤੇ। ਹੋਮਤਿ[੧] ਦੇਵਤਾਨ ਤ੍ਰਿਪਤੰਤੇ। ਤਿਹ ਸਮ ਫਲ ਸਿਖ ਦੇਹੁ ਅਹਾਰਾ[੨]। ਭਾਉ ਕਰਿਹੁ ਲਿਹੁ ਭਗਤਿ ਅਧਾਰਾ॥੩੬॥ਜੀਵਤਿ ਰਹੋ ਸਰਬ ਸੁਖ ਪਾਵੈ। ਵਾਹਿਗੁਰੂ ਉਰ ਬਿਖੈ ਬਸਾਵੈ*। ਗ੍ਰਿਹਸਤ ਬਿਖੈ ਸੁਖ ਲਹੋ ਸੁਖਾਰੇ। ਜਥਾ ਕਰਨ ਤਪ ਬਿਪਨ ਮਝਾਰੇ[੩]" ॥ ੩੭ ॥

ਦੁਇ ਛੀਂਬੇ ਮੱਲਜਾਰ ਸਹਾਰੂ। ਪਰੇ ਚਰਨ ਲਖਿ ਗੁਰ ਸੁਖਕਾਰੂ। ਤਿਨ ਪ੍ਰਤਿ ਕਰਤਿ ਭੁਏ ਉਪਦੇਸ਼।"ਸਿੱਖਨ ਸੇਵਾ ਕਰਿਹੁ ਵਿਸ਼ੇਸ਼॥ ੩੮॥ ਸੀਂਵਹੁ ਬਸਤ੍ਰ ਅੰਗ ਪਹਿਰਾਵੈ। ਹੁਇ ਮਲੀਨ ਜੋ,ਮੈਲ ਗਵਾਵੈ। ਉੱਜਲ ਆਛੇ ਕਰਿ ਕਰਿ ਦੇਹੁ । ਉਰ[੪] ਉੱਜਲਤਾ ਪੁਨ ਤੁਮ ਲੇਹੁ ॥ ੩੯ ॥ ਗੁਰ ਕੇ ਸੰਗ ਗੰਢ ਤਬ ਪਰੈ[੫]। ਸਤਿ ਸੰਗਤਿ ਮਨ ਕੀ ਮਲੁ ਹਰੈ। ਸ਼ਰਧਾ ਧਰਿਹੁ ਕਰਹੁ ਗੁਰ ਸੇਵਾ । ਸਿਮਰਹੁ ਨਾਮ ਜੁ ਦੇਵਨਦੇਵਾ[੬]" ॥੪੦॥

ਇਕ ਪਾਧਾ ਬੂਲਾ ਜਿਸ ਨਾਮੂ।ਨਮੋ ਠਾਨਿ ਆਯੋ ਗੁਰ ਸਾਮੁ[੭]।ਕਹਤਿ ਭਯੋ"ਸੇਵਾ ਨਹਿਂ ਹੋਇ। ਦਿਜ ਕੋ ਜਾਨਿ ਕਰਾਇ ਨ ਕੋਇ ॥ ੪੧ ॥ ਜਿਸ ਪ੍ਰਕਾਰ ਹੁਇ ਮਮ ਕੱਲਜਾਨਾ।ਕਰੋ ਆਪ ਉਪਦੇਸ਼ ਬਖਾਨ"। ਕਰਜੋ ਬਚਨ "ਪਠਿ ਸਤਿਗੁਰ ਬਾਨੀ।ਕੀਜਹਿ ਕਥਾ ਪ੍ਰੇਮ ਕੋ ਠਾਨੀ॥੪੨॥ਸਤਿ ਸੰਗਤਿ ਮਹਿਂ ਕਰਿਹੁ ਸੁਨਾਵਨਿ। ਗੁਰਮਤਿ ਸਿੱਖਨ ਕੋ ਸਿਖਰਾਵਨਿ। ਪੋਥੀ ਲਿਖਹੁ ਸੁਫਲ ਗੁਰਬਾਨੀ। ਗੁਰ ਨਮਿੱਤ ਦੀਜਹਿ ਸਿਖ† ਜਾਨੀ[੮]॥੪੩॥ ਜੋ ਕੋ ਆਪ ਦਰਬ ਦੇ ਜਾਇ। ਧਰਿ ਸੰਤੋਖ ਬਰਤਿਯਹਿ ਪਾਇ[੯]। ਨਹੀਂ ਆਪ ਜਾਚਹੁ ਕਿਸ ਪਾਸੀ।ਇਹ ਸੇਵਾ ਬਡ ਫਲਹਿ ਪ੍ਰਕਾਸ਼ੀ[੧੦]" ॥੪੪ ॥

ਡੱਲੇ ਬਾਸੀ ਸਿਖ ਸਮੁਦਾਇ।ਇਕ ਦਿਨ ਸਕਲ ਗੁਰੂ ਢਿਗ ਆਇ। ਦੇਖਿ ਦਿਯੋ ਸਾਂਝਾ ਉਪਦੇਸ਼।ਸ੍ਰੀ ਸਤਿਗੁਰ ਕਰਿ ਕ੍ਰਿਪਾ ਵਿਸ਼ੇਸ਼॥੪੫॥"ਦਿਨ ਗੁਰ ਪੁਰਬ ਦਰਸ[੧੧] ਸ਼ੰਕ੍ਰਾਤਿ[੧੨]। ਦੀਪਮਾਲ ਆਦਿਕ ਬੱਖਜਾਤਿ। ਹੋਹਿ ਦੁਸਹਿਰਾ ਮਿਲਿ ਇਕ ਥਾਇ। ਕਰਿਹੁ ਕਰਾਹੁ[੧੩] ਉਛਾਹ ਬਧਾਇ॥੪੬॥

---

[੧]ਹੋਮ ਕਰਕੇ। [੨]ਫਲ ਹੋਵੇਗਾ ਜੇ ਸਿੱਖਾਂ ਨੂੰ ਭੋਜਨ ਦਿਓਗੇ। [੩]ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਕੇ ਗ੍ਰਿਹਸਤ ਦੇ ਸੁਖਾਂ ਵਿਚ ਬੈਠੇ ਰਹਿਣਾ ਐਸਾ ਹੀ ਹੈ ਜੈਸੇ ਬਨ ਵਿਚ ਤਪ ਕਰਨਾ। [੪]ਰਿਦੇ ਦੀ। [੫]ਤਾਂ ਪ੍ਰੀਤੀ ਪਵੇਗੀ। [੬]ਦੇਵਤਿਆਂ ਦਾ ਭੀ ਪ੍ਰਕਾਸ਼ਕ ਹੈ। [੭]ਗੁਰੂ ਸ਼ਰਨ। [੮]ਸਿਖ ਜਾਣਕੇ। [੯]ਲੈਕੇ ਵਰਤੇ। [੧੦]ਪ੍ਰਕਾਸ਼ ਸਹਿਤ ਫਲੇਗੀ। [੧੧]ਮੱਸਿਆ [ਸੰਸ:, दर्श दਰ੍ਸ਼]। [੧੨]ਸੰਗਰਾਂਦ, ਮਹੀਨੇ ਦਾ ਪਹਿਲਾ ਦਿਨ। [੧੩]ਕੜਾਹ ਪ੍ਰਸ਼ਾਦਿ। *ਪਾ:-ਸਮਾਵੈ। †ਪਾ:-ਸੁਖ ।

ਗੁਰ ਨਮਿੱਤ ਕਰਿ ਦਿਹੁ ਬਰਤਾਈ॥ਸ਼ਬਦ ਕੀਰਤਨ ਕਰੋ ਬਨਾਈ। ਸਿਖ ਗਰੀਬ ਹੁਇ ਬਸਤ੍ਰ ਬਿਹੀਨਾ।ਦੀਜਹਿ ਤਿਸਹਿ ਸਿਵਾਇ[1]*ਨਵੀਨ॥੪੭॥ ਪਿਖਹੁ ਛੁਧਿਤਿ ਕੋ ਦੇਹੁ ਅਹਾਰੋ। ਮਿਲਿ ਕਰਿ ਸਕਲ ਏਵ ਪ੍ਰਤਿਪਾਰੋ[2]। ਕਿਹਂ ਸਿਖ ਕੋ ਕਾਰਜ ਅਰਿ ਜਾਇ[3]। ਨਹਿਂ ਤਿਸ ਤੇ ਕਨੋਹੂ ਬਨਿਆਇ॥ ੪੮॥ ਮਿਲਹੁ ਸਕਲ ਮਹਿਂ ਕਰਿ ਅਰਦਾਸ[4]। ਜਥਾਸ਼ਕਤਿ ਲੀਜਹਿ ਸਭਿ ਪਾਸਿ। ਇਕਠੋ ਕਰਿ ਧਨ ਦਿਹੁ ਤਿਸੁ ਤਾਈਂ। ਜਿਸਤੇ ਕਾਰਜ ਕੋ ਬਨ ਜਾਈ॥੪੯॥ਇਹੀ ਰੀਤਿਨਿ ਜਬਿਖੇ ਚਲਾਵਹੁ।ਕਰੋ ਜੋਰ[5] ਸ਼ੁਭ ਦਿਨ ਜਬਿ ਪਾਵਹੁ। ਪੁੱਤ੍ਰ ਪੌਤ੍ਰ ਹੋਹਿਂ ਤੁਮਾਰੇ। ਕਰਹਿਂ ਕਾਰ ਇਸ ਰੀਤੀ ਸਾਰੇ ॥੫੦॥ ਇਹ ਰਹਿਰਾਸੁ ਕਦੀਮੀ[6] ਚਲਹਿ। ਸਿੱਖੀ ਧਰੇ ਮਹਾਂ ਸੁਖ ਮਿਲਹਿ। ਧਰਿ ਸ਼ਰਧਾ ਗਾਵਹਿ ਗੁਰ ਬਾਨੀ।ਪਰਾਲਬਧ ਜਿਨ ਹੋਇ ਮਹਾਂਨੀ†॥੫੧॥ਅਸ ਉਪਦੇਸ਼ ਸਭਿਨਿ ਕੋ ਕਰਿਕੇ। ਗੁਨ‡ ਸਿਖਰਾਇ ਅਗੁਨ ਪਰਿਹਰਿ ਕੈ[7]। ਗੋਇੰਦਵਾਲ ਗੁਰੂ ਚਲਿ ਆਏ। ਸੇਵਕ ਸੰਗ ਅਹੈਂ ਸਮੁਦਾਏ॥੫੨॥ਭਜਨ ਕੀਰਤਨੁ ਲਾਗਤਿ ਰੰਗ।ਹੋਤਿ ਅਨੰਦ ਗੁਰੂ ਕੇ ਸੰਗ॥ਅੰਮ੍ਰਿਤ ਸਮ ਅਹਾਰ ਨਿਤਿ ਹੋਵੈ। ਦਰਸ਼ਨ ਕਰਹਿਂ ਕਲੁਖਨ ਖੋਵੈਂ ॥੫੩॥ ਆਇ ਸ਼ਰਨ ਤਿਸ ਕਰਹਿਂ ਉਧਾਰੇ। ਉਪਦੇਸ਼ਹਿਂ ਸਤਿਨਾਮ ਸੁਖਾਰੇ। ਜਹਿਂ ਕਹਿਂ ਸਿੱਖੀ ਬਹੁ ਬਿਦਤਾਈ।ਕਿਨਿ ਸਿੱਖਨ ਤੇ ਗੁਰਮਤਿ ਪਾਈ॥੫੪॥ਕੋ ਗੁਰਮੁਖ ਤੇ[8] ਸੁਨਿ ਉਪਦੇਸ਼। ਮੇਟਹਿ ਬੰਧਨ ਕਸ਼ਟ ਅਸ਼ੇਸ਼। ਬਾਵਨ ਚੰਦਨ ਕੀ ਸਮ ਹੋਇ। ਨਰ ਤਰੁ ਸੁਜਸ ਸੁਗੰਧਤਿ ਸੋਇ[9] ॥੫੫॥ ਨਿਕਟ ਬਸੇ ਪੂਰਬ ਬਡਿਭਾਗੀ।

---

[1]ਸਿਵਾ ਦਿਓ। [2]ਪਾਲਨਾ ਕਰੋ। [3]ਅੜ ਜਾਵੇ। [4]ਓਹ ਬਿਨੇ ਜਿਸ ਨਾਲ ਲੋੜ ਪ੍ਰਗਟ ਕੀਤੀ ਜਾਵੇ। [5]ਜੋੜ ਮੇਲ। [6]ਪੁਰਾਣੀ ਮਿਰਜਾਦਾ। [7]ਗੁਣ ਸਿਖਾਲੇ ਤੇ ਔਗਣ ਦੂਰ ਕੀਤੇ। [8]ਗੁਰਮੁਖਾਂ (ਭਾਵ ਮੰਜੀਆਂ ਦੀ ਬਖਸ਼ਿਸ਼ ਵਾਲੇ ਹਰੀਜਨਾਂ) ਤੋਂ। ਤ੍ਰੈ ਤਰ੍ਹਾਂ ਨਾਲ ਉਪਦੇਸ਼ ਮਿਲਦਾ ਸੀ, ਇਕ ਗੁਰੂ ਜੀ ਤੋਂ, ਦੂਜੇ ਸਿਖਾਂ ਤੋਂ (ਦੇਖੋ ਅੰਕ ੫੩) ਤੀਜੇ ਗੁਰਮੁਖਾਂ ਤੋਂ। ( ਅ ) ਗੁਰੂ ਜੀ ਦੇ ਮੁਖ ਤੋਂ। [9](ਵਾਹਿਗੁਰੂ ਜੀ ਦਾ ਸੁਜਸ) ਕੀਰਤਨ ਰੂਪੀ (ਸੁਗੰਧੀ) ਨਾਲ ਸੁਗੰਧਿਤ ਹੋਏ ਓਹ ਨਰ ਰੂਪ ਬ੍ਰਿੱਛ ਬਾਵਨ ਚੰਦਨ ਵਾਂਗੂ (ਦੂਸਰਿਆਂ ਨੂੰ ਸੁਗੰਧਿਤ ਕਰਦੇ ਸਨ)।

*ਪਾਃ—ਕਰਾਇ।

†ਇਨ੍ਹਾਂ ਕਥਾਂ ਵਿਚ ਐਉਂ ਜਾਪਦਾ ਹੈ ਕਿ ਨਿਰਾ ਇਹ ਉਪਦੇਸ਼ ਹੋਇਆ ਹੈ, ਅਸਲ ਬਾਤ ਹੈ ਕਿ 'ਨਾਮ' ਦੇ ਨਾਲ ਇਹ ਸੇਵਾ ਦੇ ਤਰੀਕੇ ਦੱਸੇ ਜਾਂਦੇ ਸਨ, ਜੋ ਨਿਸ਼ਕਾਮ ਕਰਮਾਂ ਨਾਲ ਮਨ ਨਿਰਮਲ ਹੁੰਦਾ ਜਾਵੇ, ਹਉਂ ਘਟਦੀ ਜਾਵੇ ਤੇ ਨਾਮ ਅੰਦਰ ਰਚਦਾ ਜਾਵੇ।

‡ਪਾਃ—ਗੁਰ।

ਸੱਤਿਨਾਮ ਸੋਂ ਉਰ ਲਿਵਲਾਗੀ।'ਧੰਨ ਧੰਨ ਗੁਰ ਅਮਰ' ਉਚਾਰੈਂ।ਅੰਤਰ ਬ੍ਰਿਤੀ ਬੈਠਿ ਨਿਤ ਧਾਰੈਂ ॥ ੫੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿਖਨ ਪ੍ਰਸੰਗ' ਬਰਨਨੰ ਨਾਮ ਚੱਤ੍ਵਾਰਿਸਤੀ ਅੰਸੂ ॥ ੪੦ ॥

੪੧. [ਸ੍ਰੀ ਗੁਰ ਰਾਮਦਾਸ ਜੀ ਦੀ ਮੁੱਢਲੀ ਕਥਾ। ਬੀਰਬਲ]।

ਦੋਹਰਾ॥ ਬਿਸ਼ੈ ਅਗਨਿ ਕੋ ਨੀਰ ਸਮ ਦਾਸ ਭੀਰ ਕਟ ਦੇਤਿ[1]। ਅਮਰਦਾਸ ਗੁਰ ਪਦ ਪਦਮ ਬੰਦੌਂ ਨਿੱਤਨੇਤ[2] ॥ ੧ ॥ ਚੌਪਈ ॥ ਸੰਮਤ ਸ਼ਤ ਦਸ ਪੰਚ ਇਕਾਸੀ[3]। ਲਵਪੁਰਿ ਨਗਰ ਸਦਾ ਜਿਨ ਵਾਸੀ। ਬੰਸ ਲਊ ਕੋ ਸਿੰਧ ਮਨਿੰਦੂ[4]। ਜਨਮੇ ਰਾਮਦਾਸ ਗੁਰ ਇੰਦੂ ॥ ੨ ॥ ਸਭਿ ਪੁਰਿ ਹਰਖ ਅਚਾ-ਨਕ ਲਹਯੋ। ਨਦੀਅਨ ਨੀਰ ਛੀਰ ਹ੍ਵੈ ਬਹਯੋ[5]। ਸਨੇ ਸਨੇ ਭੇ ਬਡੇ ਕ੍ਰਿਪਾਲਾ[6]। ਬੁਧਿ ਬਿਲੰਦ ਨਿਕੰਦਨ ਕਾਲਾ[7] ॥੩॥ ਪਾਸ ਬੁਲਾਇ ਕਹਯੋ ਹਰਿਦਾਸ। 'ਕਾਮ ਕਰੋ ਘਰ ਕੋ ਸੁਖ ਰਾਸ। ਖੇਲਨ ਕੇ ਦਿਨ ਖੇਲ ਗਏ ਹੈਂ[8]। ਯਾਂਤੇ ਮੈਂ ਬਚ ਤੋਹਿ ਕਹੇ ਹੈਂ' ॥ ੪ ॥ "ਸੱਤਿ ਬਚਨ ਜੋ ਕਹੋ ਸੁ ਕਰਿਹੂੰ।ਮੈਂ ਰਾਵਰਿ ਕੇ ਸਦ ਅਨੁਸਰਿਹੂੰ"।ਨਿਸਿ ਬੀਤੀ ਤਬਿ ਭਯੋ ਸਕਾਰੇ। ਚਨਕ ਉਦਕ ਸਨ ਮਾਤ ਉਬਾਰੇ[10] ॥ ੫ ॥ ਭਰਿ ਚੰਗੇਰ ਸੁਤ ਕੋ ਕਰ ਦੀਨੀ।'ਬੇਚਹੁ ਪੁੱਤ੍ਰ ਲਾਭ ਦਾ ਚੀਨੀ[11]'। ਲੈ ਕਰਿ ਗਏ ਬਜਾਰ ਕ੍ਰਿਪਾਲਾ। ਹੋਕਾ ਦੇਵਤਿ ਮਧੁਰ ਬਿਸਾਲਾ ॥ ੬ ॥ ਇਕ ਸੁ ਸਾਧੁ ਤਿਨ ਲਿਯੋ ਬੁਲਾਈ। 'ਹਮੈ ਦੇਹੁ' ਇਉਂ ਗਿਰਾ ਅਲਾਈ। ਸੁਨਿ ਇਕ ਮੁਸ਼ਟ ਲਗੇ ਭਰਿ ਦੇਨਿ। 'ਹਮੈ ਨ ਚਾਹਿ ਏਕ ਕੀ ਲੇਨਿ'॥੭॥ਇਸ ਬਿਧਿ ਦ੍ਵੈ ਤ੍ਰੈ ਦੇਹਿਂ ਨ ਲੇਵੈ। ਸਕਲ ਚੰਗੇਰ ਪਲਟ ਦੀ ਏਵੈਂ। ਗ੍ਰਿਹ ਆਏ ਪਿਤ ਦੇਖਯੋ ਖਾਲੀ। ਲੋਚਨ ਪੂਰ ਲਏ ਤਬਿ ਲਾਲੀ[12] ॥੮॥ ਦਿਖਿ ਪਿਤ ਨੈਨ ਬਹਿਰ ਨਿਕਸਾਏ। ਰੁਦਨ ਕਰਤਿ ਜਲ ਨੇਤ੍ਰ* ਬਹਾਏ। ਸੰਗਤਿ ਤਿਹ ਤੇ ਚਲੀ ਨਿਹਾਰੀ। ਗੋਇੰਦਵਾਲਹਿ ਪੁਰੀ ਬਿਚਾਰੀ ॥੯॥ ਤਿਨ ਸੰਗ ਚਲੇ ਕ੍ਰਿਪਾਲ ਬਿਸਾਲਾ। ਗੋਇੰਦਵਾਲ ਸਮੂਹ ਉਤਾਲਾ[13]। ਸਭਿ ਸੰਗਤਿ ਗੁਰ ਦਰਸ਼ਨ

[1]ਦਾਸਾਂ ਦੀ ਭੀੜਾਂ ਨੂੰ ਕੱਟ ਦੇਣ ਵਾਲੇ। [2]ਨਿਤਾਪ੍ਰਤੀ, ਨਿਯਮ ਨਾਲ [ਸੰਸ:, ਨਿਤ੍ਯ, ਨੀਯਤਿ]। [3]੧੫੮੧। [4](ਸ੍ਰੀ ਰਾਮਚੰਦ੍ਰ ਜੀ ਦੇ ਪੁੱਤ੍ਰ) ਲਊ ਦਾ ਬੰਸ ਜੋ ਸਮੁੰਦਰ ਵਾਂਙ ਹੈ ( ਉਸ ਵਿਚ )। [5](ਮਾਨੋ) ਨਦੀਆਂ ਦਾ ਪਾਣੀ ਦੁੱਧ ਹੋ ਵਗਿਆ। [6]ਭਾਵ ਸ੍ਰੀ ਗੁਰੂ ਰਾਮਦਾਸ ਜੀ। [7]ਵਿਸ਼ਾਲ ਬੁੱਧੀ ਵਾਲੇ ਤੇ ਮੌਤ ਦੇ ਦੂਰ ਕਰਨ ਵਾਲੇ। [8]ਗੁਜ਼ਰ ਗਏ ਹਨ। [9]ਸ੍ਰੀ ਰਾਮਦਾਸ ਜੀ ਬੋਲੇ। [10]ਛੋਲੇ ਪਾਣੀ ਨਾਲ (ਭਿੱਜੇ) ਮਾਤਾ ਨੇ ਉਬਾਲੇ। [11]ਨਫੇ ਵਾਲੀ ( ਚੀਜ ) ਜਾਣਕੇ। [12]ਭਾਵ ਗੁੱਸੇ ਹੋਏ। [13]ਸਾਰੀ (ਸੰਗਤ ਨਾਲ) ਛੇਤੀ।

*ਪਾ:—ਜਸੁ ਨਦੀ। ਜਲ-ਨਦੀ।

ਪਾਈ।ਕਛੁਕਕਾਲ ਰਹਿਬਿਦਾ ਸਿਧਾਈ॥੧੦॥ਰਹਤਿ ਭਏਗੁਰਕੇਰ ਹਦੂਰਾ। ਜੋ ਭਾਖੈਂ ਕਰਿ ਹੈਂ ਦ੍ਰਿਤਿ ਰੂਰਾ। ਲੰਗਰ ਸੇਵਾ ਸਰਬ ਸੁ ਕਰਿਹੈਂ। ਸਭਿ ਸੰਗਤਿ ਅਨੁਸਾਰੀ ਚੇਰਿ ਹੈਂ[1] ॥੧੧॥ ਇਤ ਏ ਭਈ ਔਰ ਸੁਨਿ ਕਾਨੀ। ਮਹਲ[2] ਕਹ੍ਯੋ ਜਿਮਿ ਗੁਰ ਪ੍ਰਤਿ ਬਾਨੀ। 'ਮਹਾਂਰਾਜ ਸੁਨੀਏ ਬਚ ਮੇਰਾ। ਭਾਨੀ ਬਡੀ ਭਈ ਮੈਂ ਹੇਰਾ॥੧੨॥ਇਸ ਕੀ ਬਨਹਿ ਸਗਾਈ ਕਰੀ'। ਇਮਿ ਮਾਤਾ ਤਬਿ ਗਿਰਾ ਉਚਰੀ। ਇਮਿ* ਸੁਨਿ ਗੁਰ ਆਏ ਨਿਜ ਥਾਨਾ। ਬੈਠੇ ਬਾਰੀ ਬੀਚ ਨਿਧਾਨਾ॥੧੩॥ਬਿੱਪ੍ਰ ਬੁਲਾਇ ਕਹ੍ਯੋ 'ਸੁਨ ਪ੍ਰੋਧਾ!ਕਰੋ ਸਗਾਈ ਭਾਨੀ ਸੋਧਾ[3]'। ਸੁਨਿ ਦਿਜ† ਕਹ੍ਯੋ ਕਿ 'ਸੁਨੋ ਕ੍ਰਿਪਾਲੂ! ਏਸ ਬਾਲ ਸਮ ਹੋਵੈ ਬਾਲੂ?‡'॥੧੪॥ ਸੁਨਿ ਬਚ ਬਿੱਪ੍ਰ,ਮੌਨ ਗਹਿ ਲੀਨੀ[4]।'ਇਸੈ ਬੁਲਾ-

---

[1]ਵਿਚਰਦੇ ਹਨ। [2]ਸ੍ਰੀ ਗੁਰੂ ਅਮਰਦਾਸ ਜੀ ਦੇ ਮਹਲ। [3]ਵਿਚਾਰਕੇ। [4]ਭਾਵ ਗੁਰੂ ਜੀ ਨੇ।

*ਪਾ:--ਇਹ। †ਪਾ:--ਬਿਪ੍ਰ। ‡ਮਹਿਮਾਂ ਪ੍ਰਕਾਸ਼ ਵਿਚ ਦੋਹਾਂ ਬੀਬੀਆਂ ਦੇ ਵਿਵਾਹ ਗੁਰੂ ਅਮਰਦੇਵ ਜੀ ਖਡੂਰ ਆਉਣ ਤੋਂ ਪਹਿਲਾਂ ਕਰ ਚੁਕੇ ਲਿਖੇ ਹਨ। ਗੁਰੂ ਅੰਗਦ ਦੇਵ ਜੀ ਵਰ ਦਾਨ ਦੇਕੇ ਸ੍ਰੀ ਅਮਰ ਦੇਵ ਜੀ ਤੋਂ ਪੁਛਦੇ ਹਨ:—'ਹੋਇ ਦਿਆਲ ਪ੍ਰਭੁ ਪੂਛਤ ਭਏ ॥ ਤੁਮਰੇ ਸੰਤਾਨ ਪੁਰਖਾ ਕਿਆ ਅਹੇ ॥ ਗੁਰ ਅਮਰ ਸਾਹਿਬ ਸਭ ਕਥਾ ਸੁਨਾਈ ॥ ਦੁਇ ਕੰਨਿਆ ਥੀ ਸੋ ਦੁਊ ਬਿਆਹੀ ॥੧੯॥' ਫਿਰ ਲਿਖਿਆ ਹੈ ਜਦੋਂ ਬ੍ਰਾਹਮਣ ਨੇ ਸ੍ਰੀ ਅਮਰ ਦਾਸ ਜੀ ਦੇ ਚਰਨਾਂ ਵਿਚ ਕਮਲ ਡਿੱਠਾ ਹੈ, ਉਸ ਤੋਂ ਪਹਿਲਾਂ ਲਿਖਦੇ ਹਨ ਕਿ 'ਅਬ ਗ੍ਰਿਹ ਆਸ਼੍ਰਮ ਬਿਧਿ ਸੁਨੋਂ ਜੁ ਅਹੀ ॥ ਦੁਇ ਕੰਨਿਆ ਸਾਹਿਬ ਗ੍ਰਿਹ ਭਈ ॥ ਤਾਕਾ ਕੁਟੰਬ ਕਾਜ ਸਭ ਕੀਨਾ ॥ ਬਿਧ ਸੰਜੋਗ ਬਯਾਹ ਕਰ ਦੀਨਾ ॥' ਹੁਣ ਜੋ ਕਵਿ ਸੰਤੋਖ ਸਿੰਘ ਜੀ ਦਾ ਆਪਣਾ ਦਿੱਤਾ ਹਿਸਾਬ ਕਰੀਏ ਤਾਂ ਬੀ ਬੀਬੀ ਭਾਨੀ ਜੀ ਦਾ ਵਿਆਹ ਖਡੂਰ ਸਾਹਿਬ ਆਉਣ ਤੋਂ ਪਹਿਲੇ ਹੋ ਚੁਕਾ ਸਿੱਧ ਹੁੰਦਾ ਹੈ। ਯਥਾ:--

ਗੁਰੂ ਅਮਰ ਦੇਵ ਜੀ ਦਾ ਅਵਤਾਰ ਦਾ ਸੰਮਤ ੧੫੨੬ ਹੈ ਤੇ ਕਵਿ ਜੀ ਲਿਖਦੇ ਹਨ ਕਿ ੮੪ ਵਰ੍ਹੇ ਦੀ ਉਮਰ ਵਿਚ ਗਦੀ ਤੇ ਬੈਠੇ, (ਦੇਖੋ ਇਸੇ ਰਾਸਿ ਦਾ ਅੰਸੂ ੭ ਅੰਕ ੧੮)। ਇਸ ਹਿਸਾਬ ਗੱਦੀ ਦਾ ਸੰਮਤ ੧੬੧੦ ਹੋਇਆ, ਤੇ ਇਸੇ ਅੰਸੂ ਦੇ ਅੰਕ ੨੦ ਵਿਚ ਕਵੀ ਜੀ ਪ੍ਰਿਥੀਏ ਦਾ ਜਨਮ ੧੬੦੫ ਵਿਚ ਦੱਸਦੇ ਹਨ, ਸੋ ਸਾਫ ਸਿੱਧ ਹੋ ਗਿਆ ਕਿ ਗੁਰੂ ਅਮਰ ਦੇਵ ਜੀ ਦੇ ਗੱਦੀ ਬਿਰਾਜਣ ਤੋਂ ਪਹਿਲੇ ਬੀਬੀ ਭਾਨੀ ਦਾ ਵਿਵਾਹ ਹੋ ਚੁਕਾ ਸੀ। ਤਾਂਤੇ ਇਹ ਸਾਖੀ ਯਾਂ ਤਾਂ ਹੋਈ ਹੀ ਨਹੀਂ, ਜੇ ਹੋਈ ਹੈ ਤਾਂ ਬਾਸਰਕੇ ਰਹਿੰਦਿਆਂ ਦੀ ਵਾਰਤਾ ਹੈ, ਜਦੋਂ ਅਜੇ ਆਪ ਗੁਰੂ ਅੰਗਦ ਜੀ ਦੇ ਪਾਸ ਆਏ ਨਹੀਂ ਸਨ, ਪਰ ਮਹਿਮਾਂ ਪਰਕਾਸ਼ ਵਿਚ ਓਥੇ ਬੀ ਇਹ ਸਾਖੀ ਨਹੀਂ ਦਿੱਤੀ। ਇਹ ਬੀ ਔਖਾ ਦਿੱਸਦਾ ਹੈ ਕਿ ਕਵਿ ਜੀ ਆਪਣੇ ਦਿਤੇ ਸੰਮਤਾਂ ਦਾ ਹਿਸਾਬ ਨਾ ਕਰਨ ਤੇ ਭੁੱਲ ਵਿਚ ਲਿਖ ਜਾਣ, ਤਾਂਤੇ ਇਹੋ ਸ਼ੁਬਹ ਹੁੰਦਾ ਹੈ ਕਿ ਕਿਤੇ ਇਹ ਕਿਸੇ ਸਜਣ ਦਾ ਆਖੇਪ ਨਾ ਹੋਵੇ। ਪਰ ਇਹ ਨਿਸਚੇ ਹੈ ਕਿ ਬੀਬੀ ਭਾਨੀ ਦਾ ਵਿਆਹ ਆਪ ਦੀ ਗਦੀ ਨਸ਼ੀਨੀ ਤੋਂ ਪਹਿਲਾਂ ਹੋ ਚੁਕਾ ਸੀ।

ਵਹੁ’ ਗੁਰ ਕਹਿ ਦੀਨੀ*।ਸੁਨਿ ਬਿਪ ਰਾਮਦਾਸ ਬੁਲਿਵਾਵਾ। ਆਇ ਗੁਰੂ ਢਿਗ ਸੀਸ ਨਿਵਾਵਾ॥੧੫॥ਹਾਥ ਜੋਰਿ ਬੈਠਯੋ ਗੁਰ ਪਾਸ।ਅਮਰਦਾਸ ਗੁਰ ਬਾਕ ਪ੍ਰਕਾਸ਼। ‘ਕਾਂ ਕੋ ਸੁਤ?ਕੋ ਜਾਤ ਸਥਾਨਾ[1]?।ਕਹੋ ਮੋਹਿ ਢਿਗ ਸਭਿ ਬਿਬਧਾਨਾ[2]†’॥੧੬॥‘ਸੋਢਬੰਸ,ਲਵਪੁਰਿ ਪ੍ਰਭੁ!ਬਾਸਾ॥ਸੁਤ ਹਰਿਦਾਸ,ਨਾਮ ਰਮਦਾਸਾ’। ਸੁਨਿ ਬਚ ਹਰਖੇ ਪਰਮ‡ ਕ੍ਰਿਪਾਲ॥ ਲਿਖਿ ਪੱਤ੍ਰੀ[3] ਲਵਪੁਰਿ ਤਤਕਾਲਾ ॥੧੭॥ ਲੀਨ ਸਦਾਇ ਮਾਤ ਪਿਤ ਤਬੈ। ਕਰੀ ਸਗਾਈ ਹਰ-ਖਤਿ ਸਬੈ।ਕੁਛਕ ਕਾਲ ਲੌ ਕਰਯੋ ਬਿਵਾਹਾ॥ ਸਭਿਹਿਨਿ ਬੀਚ ਭਯੋ ਉਤ-ਸਾਹਾ§॥੧੮॥ਤਿਨ ਕੋ ਬਿਦਾ ਕੀਨਿ ਲਵਪੁਰਿ. ਕੋ।ਪਾਸ ਰਹੇ ਅਨੁਗਾਮੀ[4] ਗੁਰ ਕੋ। ਸੇਵਾ ਕਰੈਂ ਸਕਲ ਗੁਨ ਖਾਨੀ। ਜੋ ਭਾਖੈਂ ਗੁਰ,ਆਇਸੁ ਮਾਨੀ[5]‖ ॥੧੯॥ ਯਾ ਬਿਧਿ ਸੰਮਤ ਬਹੁਤ ਬਿਤਾਇ।ਸੇਵਾ ਕਰਤਿ ਸਕਲ ਹਰਖਾਇ। ਸੰਮਤ ਸੋਲਹ ਸਤ ਇਕ ਚਾਰੀ[6]।ਜਨਮਯੋ ਪ੍ਰਿਥੀਆ ਪ੍ਰਥਮ ਹੰਕਾਰੀ॥੨੦॥ ਰਿਦੈ ਅਨੰਦਤਿ ਦੰਪਤਿ ਹ੍ਵੈ ਕੈ। ਪ੍ਰਤਿਪਾਰਯੋ ਬਹੁ ਲਾਡ ਲਡੈ ਕੈ। ਸਮਾਂ ਬਿਤਾਯੋ ਕੇਤਿਕ ਧਾਮ।ਜਨਮਯੋ ਮਹਾਂਦੇਵ ਅਭਿਰਾਮ ॥੨੧॥ ਸੰਮਤ ਖੋੜਸ ਸੈ¶ਅਰੁ ਅਸ਼੍ਟ[7]। ਪ੍ਰਤਿਪਾਰੇ ਦੋਨਹੁ ਕਰਿ ਪੁਸ਼੍ਟ[8]। ਸੋਲਾਂ ਸੈ ਦਸ[9]ਊਪਰ ਭੁਇ ਵਦੀ ਵਿਸਾਖ ਸਪਤਮੀ ਥਿਯੇ॥੨੨॥ਮੇਖ ਪ੍ਰਵਿਸ਼੍ਯੋ ਅਠਦਸ ਕੇਰਾ[10]।ਮੰਗਲ ਵਾਰ ਲਗਨ ਸ਼ੁਭ ਹੇਰਾ॥ਜੁਗਮੰ ਜਾਮ ਜਾਮਨੀ[11]ਜਬੈ।ਹੁਤੋ ਨਿਛੱਤ੍ਰ ਰੋਹਿਣੀ ਤਬੈ ॥੨੩॥ ਸ਼੍ਰੀ ਗੁਰ ਅਰਜਨ ਕੁਲ ਨਭ ਚੰਦ[12]। ਲੀਨੋ ਜਨਮ ਅਨੰਦ ਬਿਲੰਦ। ਸਦਨ ਨਾਨਕੇ ਭੁਇ ਬਡੇਰੇ।ਬਾਲ ਆਰਬਲ,ਤਰੁਨ ਸੁ ਫੇਰੇ॥੨੪॥ ਬਨਾਹ ਆਦਿ ਮੰਗਲ ਜੇ ਨਾਨਾ॥ਹੋਇ ਗੋਇੰਦਵਾਲ ਮਹਾਂਨ॥ਮਹਿਲਾ ਗੰਗਾ ਅਰਜਨ ਪਨਾਰੀ।ਰਹੇ ਅਨੰਦ ਸਦਾ ਸੁਖਕਾਰੀ() ॥੨੫॥ ਦੋਹਰਾ॥ ਅਕਬਰ ਕੋ ਮੰਤ੍ਰੀ ਹੁਤੋ ਬਿੱਪ੍ਰ ਬੀਰਬਲ ਨਾਮ।ਪਸ਼ਚਮ ਦਿਸ਼ਾ ਮੁਹਿੰਮ ਕਰਿ[13]ਚਢਯੋ ਜੀਤਿਬੇ ਕਾਮ[14]॥੨੬॥ਚੌਪਈ॥ਰਖਹਿ ਸ਼ਾਹੁ ਤਿਹ ਸੰਗ ਸਨੇਹੂ। ਪ੍ਰਿਥਕ ਨ

---

[1]ਕਿਸਦਾ ਪੁੱਤ੍ਰ, ਕੀ ਜਾਤ ਤੇ ਕਿਹੜਾ ਵਤਨ ਹੈ ? [2]ਵੇਰਵਾ। [3]ਪੱਤ੍ਰਿਕਾ। [4]ਅਨੁਸਾਰੀ ਹੋਕੇ। [5]ਆਗਿਆ ਮੰਨਣ। [6]੧੬੦੫। [7]੧੬੦੮। [8]ਤਕੜੇ। [9]੧੬੧੦। [10]ਵਿਸਾਖ ਦਿਨ ੧੮ ਦਾ। [11]ਦੋ ਪਹਿਰ ਰਾਤ। [12]ਅਕਾਸ਼ ਰੂਪੀ ਕੁਲ ਵਿਚ ਚੰਦਰਮਾ ਰੂਪ। [13]ਜੰਗ ਕਰਨ ਨੂੰ। [14]ਜਿੱਤਣ ਲਈ।

*ਪਾ:-ਪੁਨ ਬੋਲੇ ‘ਯਾ ਬੁਲਾਵ ਪ੍ਰਬੀਨੀ’।

†ਪਾ:-ਬਿਧਿ ਨਾਨਾ। ‡ਪਾ:-ਬਜੀਤ। §ਪਾ:-ਬਧਾਹਾ=ਵਧਾਈਆਂ।

‖ਪਾ:-ਜੋ ਆਇਸੁ ਗੁਰ ਕਹੈਂ ਬਖਾਨੀ ¶ਪਾ:-ਸ਼ਤ। ()ਪਾ:-ਸੁਖਧਾਰੀ।

ਹੋਨਿ ਦੇਤਿ ਕਬਿ ਕੋਹੂ[1]। ਹੋਨਹਾਰ ਜਬਿ ਤਿਹ ਸਿਰ ਆਈ। ਕਹਤਿ ਭਯੋ
'ਮੈਂ ਕਰੌਂ ਚਢਾਈ॥੨੭॥ ਸਕਲ ਮਵਾਸ[2] ਤੋਰ ਕਰਿ ਆਵੌਂ। ਬਾਰ ਬਾਰ ਕੋ
ਝਗਰ ਚੁਕਾਵੌਂ'। ਸੁਨਿ ਅਕਬਰ ਬਹੁ ਭਯੋ ਪ੍ਰਸੰਨ। ਕਹ੍ਯੋ ਬੀਰਬਰ ਕੋ
'ਤੁਮ ਧੰਨ॥੨੮॥ ਤੋਹਿ ਗਏ ਬਿਨ ਕਾਜ ਨ ਸਰੈ। ਔਰ ਕੁਮਤਿ ਕਰਿ ਕੋਇ
ਨ ਅਰੈ'। ਬਹੁ ਸੈਨਾ ਇਸ ਸੰਗ ਚਢਾਈ। ਤੋਪ ਰਹਕਲਾ[3] ਦੇ ਸਮੁਦਾਈ॥੨੯॥
ਪਿਖਿ ਸਮਾਜ[4] ਹੰਕਾਰ੍ਯੋ ਬਿੱਪ੍ਰ। ਕਹੈ 'ਹਤੌਂ ਸ਼ੱਤ੍ਰਗਨ ਛਿੱਪ੍ਰ[5]'। ਅਕਬਰ ਹਰ-
ਖਤਿ ਬਾਕ ਬਖਾਨਾ। ਲਿਖਿ ਕਰਿ ਪਾਨ ਦਿੱਯੋ ਪਰਵਾਨਾ[6]॥੩੦॥ 'ਖੱਤ੍ਰੀ
ਜਾਤ ਜਿਤਿਕ ਜਿਸ ਦੇਸ਼। ਗ੍ਰਾਮ ਕਿ ਨਗਰ ਬਸੰਤ*ਅਸ਼ੇਸ਼[7]। ਇਕ ਘਰ
ਏਕ ਰਜਤਪਣ[8] ਦੈ ਕੈ। ਮਿਲਹਿ ਤੋਹਿ ਨੰਮ੍ਰੀ ਸਿਰ ਕੈ ਕੈ'॥੩੧॥ ਇਮਿ
ਸਭਿ ਲਿਖਤ ਦਈ ਕਰਿ ਹਾਥ। ਲਈ ਬੀਰਬਲ ਹੁਇ ਮਦ[9] ਸਾਥ। ਦਿੱਲੀ
ਤੇ ਚਢਿ ਚਲਿ ਕਰਿ ਆਯੋ। ਬਡ ਲਸ਼ਕਰ ਜਿਹ ਸੰਗ ਸਿਧਾਯੋ॥ ੩੨॥
ਜਾਇ ਦੇਸ਼ ਜਿਸ ਉਤਰੈ ਸੋਇ। ਖੱਤ੍ਰੀ ਆਨਿ ਮਿਲਹਿਂ ਸਭਿ ਕੋਇ। ਗਿਨ
ਗਿਨ ਘਰਨਿ ਰਜਤਪਣ ਦੇਤਿ। ਖੋਜਿ ਖੋਜਿ ਤਿਸ ਕੇ ਨਰ ਲੇਤਿ॥੩੩॥
ਇਮਿ ਹੀ ਕਰਤਿ ਲਏ ਭਟ ਭੀਰ[10]। ਉਤਰ੍ਯੋ ਆਨਿ ਬਿਪਾਸਾ ਤੀਰ। ਕਰੀ
ਸਕੇਲਨ ਤਰਨੀ[11] ਘਨੀ। ਤਰ ਕਰਿ ਪਾਰ ਪਰੀ ਸਭਿ ਅਨੀ[12]॥ ੩੪॥
ਗੋਇੰਦਵਾਲ ਸਿਵਰ ਕੋ ਘਾਲਾ[13]। ਬਿੱਪ੍ਰ ਬੀਰਬਲ ਚਮੂੰ ਬਿਸਾਲਾ। ਪੁਰਿ ਮੈਂ
ਪ੍ਰਵਿਸ਼ੇ ਨਰ ਮਤਿ ਹੀਨ। ਘਰ ਖੱਤ੍ਰੀਨ ਖੋਜਿ ਕਰਿ ਲੀਨ॥੩੫॥ 'ਆਇ
ਦਿਵਾਨ ਬੀਰਬਲ ਬੈਠਾ। ਮਿਲਹੁ ਸਕਲ ਦੇ ਕਰਿ ਤੁਮ ਭੇਟਾ'। ਸੁਨਿ ਕਰਿ
ਗੁਰ ਸਨਬੰਧੀ ਘਨੇ। ਅਪਰ ਮਿਲੇ ਕੁਛ ਗੁਰ ਢਿਗ ਭਨੇ॥ ੩੬॥ 'ਆਗ੍ਯਾ
ਦੇਹੁ ਜਥਾ ਹਮ ਕਰੈਂ। ਨਾਂਹਿ ਤ ਬਿੱਪ੍ਰ ਦ੍ਵੈਖ ਕੋ ਧਰੈ'। ਸ਼੍ਰੀ ਗੁਰ ਅਮਰ
ਭਨ੍ਯੋ 'ਜੁਗ[14] ਜਾਵਹੁ। ਹਮਰੀ ਦਿਸ਼ ਤੇ ਭਾਖਿ ਸੁਨਾਵਹੁ॥੩੭॥ -ਇਹ ਗੁਰ
ਪੁਰਿ ਜਾਨਹੁ ਉਰ ਮਾਂਹੀ। ਕਾਰ ਵਿਹਾਰ ਕਰਤਿ ਕੋ ਨਾਂਹੀ[15]। ਜੋ ਪਰਮੇਸੁਰ
ਦੇਤਿ ਪਠਾਇ। ਸੋ ਅਚਿ, ਔਰਨ ਦੇਂ ਅਚਵਾਇ†॥੩੮॥ ਭੋਜਨ ਲੇਹੁ ਦੇਗ
ਤੇ ਜੇਤਾ। ਤੁਮਰੇ ਨਿਕਟ ਪਠਹਿਂ ਹਮ ਤੇਤਾ। ਨਹੀਂ ਰਜਤਪਣ ਲੇਤਿ ਨ ਦੇਤਿ।

---

[1]ਕਿਸੇ ਤਰ੍ਹਾਂ। [2]ਆਕੀ। [3]ਛੋਟੀ ਤੋਪ। [4]ਸਮਿੱਗ੍ਰੀ। [5]ਛੇਤੀ ਹੀ। [6]ਹੱਥ ਦਿੱਤਾ ਪਰਵਾਨਾ। [7]ਵਸਦੇ ਹਨ (ਓਹ) ਸਾਰੇ। [8]ਰੁਪੱਯਾ। [9]ਹੰਕਾਰ। [10]ਸੂਰਮਿਆਂ ਦੀ ਭੀੜ। [11]ਬੇੜੀਆਂ। [12]ਸੈਨਾਂ। [13]ਡੇਰਾ ਪਾਇਆ। [14]ਦੋ (ਪੁਰਸ਼)। [15]ਕੋਈ ਕਾਰ ਵਿਹਾਰ ( ਗੁਰੂ ਜੀ ) ਨਹੀਂ ਕਰਦੇ।

*ਪਾਃ—ਜਿ ਬਸੈਂ। †ਪਾਃ—ਦੇਤ ਅਚਾਇ।

ਇਹੀ ਰੀਤਿ ਹੈ ਗੁਰੂ ਨਿਕੇਤ[1]-'॥੩੯॥ਤਿਸਕੇ ਨਰਨ ਸੰਗ ਸਿਖ ਗਏ। ਬੈਠਯੋ ਬਿੱਪ੍ਰ ਅਹੰਕ੍ਰਿਤ ਕਏ[2]।ਖਰੇ ਹੋਇਕਰਿ ਬਾਤ ਸੁਨਾਈ। 'ਸ੍ਰੀ ਨਾਨਕ ਗਾਦੀ ਇਸ ਥਾਈਂ॥੪੦॥ਤ੍ਰਿਤੀ ਥਾਨ ਗੁਰੁ ਅਮਰ ਸੁਹਾਏ।ਸਿਖ ਸੰਗਤਿ ਉਪਦੇਸ਼ ਦ੍ਰਿੜ੍ਹਾਏ। ਦੇਗ ਚਲਾਵਤਿ ਭੋਜਨ ਦੇਤਿ। ਨਹਿਂ ਸੰਚੈ ਕੁਛ ਰਖੈਂ ਨਿਕੇਤ[3] ॥੪੧॥ਤਿਨ ਕੀ ਪੁਰੀ ਬਸਹਿਂ ਨਰ ਨਾਰੀ। ਕਰਹਿਂ ਸਭਿਨਿ ਕੀ ਨਿਤ ਰਖਵਾਰੀ। ਧਾਰਹੁ ਸ਼ਰਧਾ ਚਹਹੁ ਅਹਾਰੇ। ਤੌ ਆਨਹਿਂ ਜੇਤਿਕ ਗੁਰਦ੍ਵਾਰੇ' ॥੪੨॥ ਸੁਨਿਕੈ ਕਹਯੋ ਬੀਰਬਲ ਫੇਰ। 'ਜੇਤਿਕ ਖੱਤ੍ਰੀ ਕੇ ਘਰ ਹੇਰਿ।ਸਭਿ ਮਿਲ ਸੰਚਿ ਰਜਤਪਣ ਲਜਾਵਹਿਂ। ਪੁਨ ਆਗੇ ਹਿਤ[4] ਨਾਮ ਲਿਖਾਵਹਿਂ॥੪੩॥ਕਰਹਿਂ ਬਹਾਨੇ ਅਨਿਕ ਪ੍ਰਕਾਰੇ। ਇਹ ਨਹਿਂ ਮਿਟਹਿਂ* ਲੇਹੁ ਉਰਧਾਰੇ[5]।ਜਿਸ ਕੇ ਗੁਰ ਤਿਸ ਕੇ ਬਨ ਰਹੋ। ਹਮੈਂ ਸੁਨਾਵਨਿ ਹਿਤ ਕਿਮਿ ਕਹੋ॥੪੪॥ਕਾਰ[6]ਕਦੀਮੀ ਹਟਹਿ ਨ ਮੋਰੀ।ਸਭਿ ਪਰ ਦੰਡ ਲਗਯੋ ਚਹੁੰ ਓਰੀ'। ਸੁਨਿਕੈ ਸਿਖ ਅਨਮਨ[7] ਹੁਇ ਆਏ। ਸਤਿਗੁਰ ਨਿਕਟ ਬ੍ਰਿਤੰਤ ਸੁਨਾਏ॥੪੫॥'ਇਹੁ ਦਿਜ ਹੰਕਾਰੀ ਨਹਿਂ ਜਾਨਹਿ।-ਕਰ[6]ਮੇਰੋਅਬ ਦੇਹੁ-ਬਖਾਨਹਿ। ਨਾਂਹਿ ਤ ਬਲ ਕੋ ਕਰਹਿ, ਕੁਚਾਲੀ। ਲਾਖਹੁੰ ਸੈਨਾ ਕੇ ਭਟ ਨਾਲੀ' ॥੪੬॥ ਸੁਨਿ ਸ੍ਰੀ ਅਮਰ ਦਾਸ† ਮੁਸਕਾਏ। 'ਜਿਨਹੁੰ ਜਗਤ ਪ੍ਰਭੁਤਾ ਕਿਤ ਪਾਏ[8]।ਮਦ[9]ਕਰਿ ਅੰਧ ਹੋਤਿ ਮਤਿ ਬੌਰੋ। ਅਪਨੇ ਸਮ ਨਹਿਂ ਜਾਨਹਿਂ ਔਰੇ ॥੪੭॥ ਬਿਨ ਗੁਰ ਸੇਵੇ ਹੋਵ ਸੰਤਾਪ। ਠਾਨਤਿ ਮੂਰਖਿ ਬਹੁ ਬਿਧਿ ਪਾਪ। ਕਰਤਿ ਸਾਹਿਬੀ[10]ਕੇਤਿਕ ਦਿਨਿ ਕੀ। ਬਿਸਰ ਜਾਤਿ ਗਤਿ ਜਨਮ ਮਰਨ ਕੀ॥੪੮॥ਨਹਿਂ ਦੀਰਘ ਦਰਸੀਹੁਇ ਹੇਰੈਂ[11]।-ਅੰਤਸਮੈਧਨ ਸੰਗ ਨ ਮੇਰੈ-।ਔਚਕ ਗਹੈ ਆਇ ਜਰਵਾਣਾ[12]। ਨਗਨਇਕਾਕੀ[13]ਕਰਹਿ ਪਯਾਣਾ॥੪੯॥ਪਿਖਿਯ ਨ ਜਬਿਲੌ[14]ਨਾਂਹਿਨ ਮਾਨਹਿਂ। ਪਹੁੰਚੀ ਜਰ[15]ਤਨ ਇਸ, ਨਹਿਂ ਜਾਨਹਿਂ। ਬਿਰਮਯੋ ਮਾਯਾ ਮੋਹ ਜੁ ਮੀਠਾ[16]। ਪਰਚਯੋ ਚਿਤ

[1]ਗੁਰੂ ਘਰ ਦੀ। [2]ਹੰਕਾਰ ਕਰੇ। [3]ਘਰ ਵਿਚ। [4]ਅੱਗੇ ਵਾਸਤੇ। [5]ਇਹ (ਕਰ) ਨਹੀਂ ਹਟੇਗਾ ਰਿਦੇ ਵਿਚ ਧਾਰ ਲੋ। [6]ਕਾਰ=ਕੁਲ ਪ੍ਰੋਹਿਤ ਆਦਿਕਾਂ ਲਈ ਬੱਧੀ ਹੋਈ ਭੇਟ। [7]ਢੱਠੇ ਮਨ, ਚਿੰਤਾਤੁਰ। [8]ਜਿਨ੍ਹਾਂ ਨੂੰ ਜਗਤ ਦੀ ਵਡਿਆਈ ਕੁਛਕੁ ਮਿਲ ਗਈ ਹੋਵੇ। [9]ਹੰਕਾਰ। [10]ਅਮੀਰੀ, ਵਡਿਆਈ। [11]ਲੰਮੀ ਨਿਗਾਹ ਵਾਲੇ ਹੋਕੇ ਨਹੀਂ ਦੇਖਦੇ। [12]ਭਾਵ ਜਮਦੂਤ। [13]ਨੰਗਾ ਤੇ ਇਕੱਲਾ, ਗੁਰਵਾਕ—ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ। [14](ਮੌਤ) ਦੇਖਣ ਨਾ ਜਦ ਤੀਕ। [15]ਬੁਢੇਪਾ। [16]ਮਾਇਆ ਦਾ ਮੋਹ ਜੋ ਮਿੱਠਾ ਹੈ (ਉਸ ਵਿਚ) ਭਰਮ ਰਿਹਾ ਹੈ।

*ਪਾ:—ਛੁਟਹਿ। †ਪਾ:—ਮੰਦ।

ਬਨਿਤਾ ਸੁਤ ਈਠਾ[1]" ॥੫੦॥ ਸੁਨਿ ਸਿੱਖਜਨ ਪੁਨ ਬੂਝਨ ਠਾਨੇ। 'ਇਸ ਕੌ ਕਿਮਿ ਉਪਾਵ ਹਮ ਜਾਨੇ?।ਕਰਹਿ ਅਵੱਗ੍ਯਾ ਦੇਹ ਬਿਖਾਦੂ[2]। ਜਿਸ ਕੇ ਗੁਰੂ ਮਹਿਮਾ ਨਹਿਂ ਯਾਦੂ'॥੫੧॥ਸਹਜ ਸੁਭਾਇਕ ਸਤਿਗੁਰ ਬੋਲੇ।'ਨਿਸ਼ਚੈ ਰਾਖਹੁ ਕਸੌਂ ਮਨ ਡੋਲੇ। ਦੇਖਹੁ ਕਹਾਂ ਕਰਹਿ ਕਰਤਾਰ। ਸਿਰ ਲਾਗੇ ਤੇ ਸਮਝ ਗਵਾਰ[3]॥੫੨॥ਜਾਇ ਬਿਲੋਕਹੁ ਤਹਿਂ ਤੁਮ ਦੋਊ।ਕਹੈ ਬਾਰਤਾ ਸੁਨੀ-ਅਹਿ ਸੋਊ'।ਆਇਸੁ ਮਾਨਿ ਗਏ ਤਤਕਾਲ।ਬੈਠੇ,ਜਿਹ ਠਾਂ ਪੌਰ ਬਿਸਾਲਾ ॥੫੩॥ ਤਿਸ ਛਿਨ ਅਕਬਰ ਕੇ ਪਰਵਾਨੇ। ਆਏ ਬਡ ਤੂਰਨਤਾ ਠਾਨੇ। ਭਨ੍ਯੋ ਬੀਰਬਲ ਸੋਂ ਤਿਨ ਨਰਨ। 'ਇਸ ਪੁਰਿ ਮਹਿਂ ਗਨ ਖੱਤ੍ਰੀ ਬਰਨ[4] ॥੫੪॥ਅਬਿਲੋ ਹੁਕਮ ਮਾਨਿ ਨਹਿਂ ਆਏ।ਸੰਧ੍ਯਾ ਪਰੀ ਸੁ ਸਮਾਂ ਬਿਤਾਏ। ਹੁਕਮ ਆਪਕੋ ਹੋਇ ਸੁ ਕਰੈਂ।ਜਾਇਂ ਤਿਨਹੁ ਢਿਗ,ਕੈ ਇਤ ਟਰੈਂ[5]"॥੫੫॥ ਕਹ੍ਯੋ ਬੀਰਬਲ'ਅਬਿ ਨਿਸ ਪਰੀ।ਪ੍ਰਾਤ ਮੁਕਾਮ[6]ਕਰਹਿਂ ਇਸੁ ਪੁਰੀ। ਤਬਿ ਸਭਿ ਕੋ ਗਹਿਕੈ ਮੰਗਵਾਵੈਂ।ਨਾਂਹਿ ਤ ਹੁਕਮ ਮਾਨਿ ਕਰਿ ਆਵੈਂ'॥੫੬॥ਭਯੋ ਤਿਮਰ ਸਿਖ ਸੁਨਿ ਕਰਿ ਆਏ।'ਬਿਗਰਹਿ ਪ੍ਰਾਤੀ'ਗੁਰਨਿ ਬਤਾਏ[7]। ਕਹਿਂ ਸ੍ਰੀ ਅਮਰ 'ਮੁਕਾਮ ਨ ਹੋਇ। ਬੇਗ ਇਹਾਂ ਤੇ ਗਮਨਹਿ ਸੋਇ॥੫੭॥ਨਹਿ ਚਿੰਤਾ ਚਿਤ ਬਿਖੇ ਬਿਚਾਰੋ।ਰਹੋ ਅਨੰਦਤਿ ਸਦਨ ਸਿਧਾਰੋ'।ਸੁਨ੍ਯੋ ਬੀਰ-ਬਲ ਜਬਹਿ ਪ੍ਰਵਾਨਾ। ਲਿਖੀ ਜਿਸੀ ਮਹਿਂ ਸ਼ੀਘ੍ਰ ਮਹਾਂਨਾ ॥੫੮॥ 'ਤਿਸੀ ਦੇਸ਼ ਭਾ ਦੁੰਦ ਘਨੇਰਾ[8]।ਲੂਟ ਕੂਟ ਲੀਨੋ ਦਲ ਡੇਰਾ[9]।ਨਹਿਂ ਕਿਤ ਠਹਿਰ ਮੁਕਾਮ ਕਰੀਜਹਿ। ਦੀਹ ਮਜਲ ਤੇ ਤਹਿਂ ਪਹੁੰਚੀਜਹਿ ॥ ੫੯ ॥ ਕਰਹੁ ਜਾਇ ਸਰ[10]ਲਰਹੁ ਘਨੇਰੇ। ਦੀਰਘ ਲਸ਼ਕਰ ਹੈ ਸੰਗ ਤੇਰੇ'। ਸੁਨਿ ਨਿਸ ਮਹਿਂ ਤ੍ਯਾਰੀ ਕਰਿਵਾਈ। 'ਬਡੀ ਪ੍ਰਾਤਿ ਤੇ ਹੋਹਿ ਚਢਾਈ'॥ ੬੦॥ ਸਭਿ ਲਸ਼ਕਰ ਮਹਿਂ ਸੁਧਿ ਕਰਿ ਦੀਨਿ। ਨਿਸਾ ਬਿਤਾਵਨ ਤਿਹਠਾਂ ਕੀਨਿ।ਭੋਰ ਭੂਰ ਤੇ[11] ਬਜੇ ਨਗਾਰੇ। ਸੁਨਿ ਸਭਿ ਜ਼ੀਨ ਤੁਰੰਗਨ ਡਾਰੇ[12]॥੬੧॥ਆਪ ਚਢਿਨ ਕੀ ਤ੍ਯਾਰੀ ਕੀਨਿ।ਚਲ੍ਯੋ ਪ੍ਰਸੰਗ ਤਬਹਿ ਖੱਡੂਨਾ।'ਇਸ ਪੁਰਿ ਕੇ

[1]ਪਿਆਰਿਆਂ ਨਾਲ। [2]ਦੁੱਖ। [3]ਮੂਰਖ ਨੂੰ ਸਿਰ ਲੱਗਿਆਂ ਹੀ ਸਮਝ ਆਉਂਦੀ ਹੈ। [4]ਕਹੀਦੇ ਹਨ (ਅ) ਜਾਤਿ ਦੇ। [5]ਅਥਵਾ ਇਥੋਂ ਟਲ ਜਾਈਏ। [6]ਡੇਰਾ, ਟਿਕਾਉ। [7]ਗੁਰੂ ਜੀ ਨੂੰ ਦੱਸਿਆ 'ਸਵੇਰੇ ਵਿਗਾੜ ਹੋ ਜਾਇਗਾ'। [8]ਭਾਵ ਪਸ਼ਚਮ ਦੇਸ਼ ਵਿਚ ਬੜਾ ਉਪੱਦ੍ਰਵ ਹੋ ਪਿਆ ਹੈ। [9](ਹੇ ਬੀਰਬਲ ਤੈਥੋਂ ਅੱਗੇ ਜੇਹੜਾ ਇਧਰ ਦਾ) ਦਲ (ਸੀ), ਉਸ ਦਾ ਡੇਰਾ ਲੁੱਟ ਕੁੱਟ ਲਿਆ ਹੈ (ਵੈਰੀ ਨੇ)। [10]ਫਤੇ ਕਰੋ। [11]ਬਹੁਤ ਸਵੇਰ ਸਾਰ ਤੋਂ। [12]ਘੋੜਿਆਂ ਪਰ ਕਾਠੀਆਂ ਪਾਈਆਂ।

ਨਹਿੰ ਚਲਿ ਕਰਿ ਆਏ । ਨਹੀਂ ਰਜਤਪਣ ਕਿਨਹੁੰ ਪਠਾਏ ॥੬੨॥ ਕਿਸ
ਅਲੇਬ ਹੰਕਾਰ ਕਰੰਤੇ।ਬਡੋ ਆਪ ਤੇ ਕਿਸਹਿ ਲਖੰਤੇ[੧]?ਜਿਸ ਤੇ ਤ੍ਰਾਸ ਨ
ਧਰਹਿੰ ਤੁਮਾਰੋ[੨]।ਕਹੈਂ ਕਿ-ਹਮ ਤੇ ਲੇਹੁ ਅਹਾਰੋ-'॥੬੩॥ਸੁਨਿ ਕਰਿ ਕਹ੍ਯੋ
ਬੀਰਬਲ ਤਬੈ।'ਭਈ ਸ਼ੀਘ੍ਰ ਚਾਲੇ ਚਢਿ ਅਬੈ।ਹਟਿ ਕੈ ਆਵੇਂ ਜਬਿ ਇਸ
ਪੁਰਿ ਕੋ।ਕਰਹਿੰ ਬਿਲੋਕਨ ਤਬਿ ਹਮ ਗੁਰ ਕੋ ॥੬੪॥ ਅਬਿ ਤੇ ਦਸ ਗੁਨਾ
ਧਨ ਲੇਹਿਂ।ਅਪਰ ਸਜਾਇ ਕਛੂ ਇਨ ਦੇਹਿਂ।ਨਹਿੰ ਰਾਖੀ ਮੇਰੀ ਬਡਿਆਈ।
ਮਿਲੇ ਨ ਦਯੋ ਦਰਬ ਸਮੁਦਾਈ' ॥ ੬੫ ॥ ਇਮਿ ਇਕ ਨਰ ਸੋਂ ਭਾਖਿ
ਪਠਾਯੋ[੩]।ਆਪ ਅਰੂਢ੍ਯੋ ਪੰਥ ਸਿਧਾਯੋ।ਸ਼ੀਘ੍ਰ ਕਰਤਿ ਹੀ ਲਸ਼ਕਰ ਚਾਲਾ।
ਦੂਰ ਬਿਸਾਲ ਸਿਵਰ ਕੋ ਘਾਲਾ॥੬੬॥ਸੋ ਨਰ ਚਲਿ ਕਰਿ ਗੁਰ ਢਿਗ ਆਯੋ।
ਕਹ੍ਯੋ ਬੀਰਬਲ ਕੇਰ ਸੁਨਾਯੋ । 'ਤੁਮ ਪਰ ਹੋਯੋ ਕ੍ਰੋਧ ਘਨੇਰੇ ।-ਦੇਉਂ
ਸਜਾਇ ਆਇ ਜਿਸ ਬੇਰੇ॥੬੭॥ਕ੍ਯੋਂ ਨਹਿ ਚਾਹ੍ਯੋ ਅਪਨ ਭਲੇਰਾ।ਮਿਲੇ
ਕ੍ਯੋਂ ਨ ਦੇ ਦਰਬ ਬਡੇਰਾ*-।ਹਟਿ ਆਵਹਿ ਬਹੁ ਦੇਇ ਬਿਖਾਦਾ[੪]।ਕਰਹਿ
ਕੈਦ,ਧਨ ਲੇ ਬਹੁ ਬਾਦਾ' ॥੬੮॥ ਬੋਲੇ ਅਮਰ ਗੁਰੂ ਸੁਨਿ ਸੋਇ।'ਇਹਾਂ†
ਨ ਆਵਨ ਇਸਕੋ ਹੋਇ। ਬਰਫ ਸੰਗ ਤਿਹ ਠਾਂ ਗਰ ਜਾਇ[੫]‡ । ਹੰਕਾਰੀ
ਨਹਿ ਜੀਵਨ ਪਾਇ॥੬੯॥ਚਿਤਵਹਿ ਬੁਰਾ ਗੁਰੂ ਘਰ ਸੰਗ।ਕਿਮ ਠਹਿਰਹਿ
ਤੂਰਨ ਹੁਇ ਭੰਗ'।ਇਮ ਕਹਿ ਤੂਸ਼ਨ ਭਏ ਗੁਸਾਈਂ।ਗਯੋ ਬਿੱਪ੍ਰ ਤੁਰਕਨ
ਪਰ ਧਾਈ॥੭੦॥ਇਕ ਦੁਇ ਜੰਗ ਅਖਾੜੇ ਭਏ।ਬਰਫ ਗਿਰਨ ਮਹਿਂ[੬]ਸਭਿ
ਧਸਿ ਗਏ।ਨਾਕ ਸੀਤ ਤੇ ਠਰ ਗਿਰ ਪਰ੍ਯੋ।ਦੁੰਦਭਿ ਤਬੈ ਬਜਾਵਨ ਕਰ੍ਯੋ
॥ ੭੧ ॥ ਭਈ ਬਰਫ ਨਭ[੭] ਬਰਖਾ ਘਨੀ । ਦਬ੍ਯੋ ਬੀਰਬਲ ਜੁਤਿ ਸਭਿ
ਅਨੀ§।ਗੁਰ ਕੋ ਬਾਕ ਸਦਾ ਸੁਫਲਾਵੈ।ਨਹੀਂ ਸੁਰਾਸੁਰ ਕੋ ਉਲਟਾਵੈ॥੭੨॥

---

[੧](ਹੋਰ) ਕਿਸ ਨੂੰ ਜਾਣਦੇ ਹਨ ? [੨]ਜਿਸ ਦੀ (ਸ਼ਹਿ ਕਰਕੇ) ਤੇਰੇ ਪਾਸੋਂ ਡਰਦੇ ਨਹੀਂ । [੩]ਕਹਿ ਭੇਜਿਆ (ਗੋਇੰਦਵਾਲ) । [੪]ਝਗੜਾ ਕਰਕੇ । [੫]ਗਲ ਜਾਏਗਾ । [੬]ਪਹਾੜਾਂ ਦੀ ਬਰਫ ਵਿਚ । [੭]ਅਕਾਸ਼ ਤੋਂ । *ਪਾ:-ਘਨੇਰਾ । †ਪਾ:-ਬਹੁਰ ।

‡ਇਸ ਤਰ੍ਹਾਂ ਦੇ ਵਾਕ ਸ੍ਰਾਪ ਨਹੀਂ ਹਨ। ਏਹ ਸਹਿਜ ਸੁਭਾਵ ਦੇ ਵਾਕ ਹਨ। ਬੀਰਬਲ ਏਥੇ ਅਵੱਗਜਾ ਕੀਤੀ ਤੇ ਡਰਾਵਾ ਦੇ ਗਿਆ ਜਿਸ ਪਰ ਸਿੱਖਾਂ ਦੇ ਘਬਰਾਉਣ ਤੇ ਆਪ ਨੇ ਭਵਿੱਖਤ ਵਾਚ ਲਈ ਤੇ ਦੱਸ ਦਿੱਤੀ ਕਿ ਇਸ ਵਿਚਾਰੇ ਨੇ ਆਕੇ ਕੀਹ ਦੁਖ ਦੇਣਾ ਹੈ, ਇਸ ਦਾ ਅੰਤ ਤਾਂ ਓਥੇ ਹੀ ਬਿਦਿਆ ਹੈ। ਇਹ ਅਗੰਮ ਵਾਚਣਾ ਹੈ। 'ਹਰ ਕੇ ਦਰ ਵਰਤਿਆ' ਦੱਸ ਦੇਣਾ ਹੈ। ਇਹ ਪ੍ਰਸੰਗ ਮਹਿੰਮਾ ਪ੍ਰਕਾਸ਼ ਵਿਚ ਨਹੀਂ ਆਇਆ।

§ਇਸ ਨਿਸ਼ਾਨ ਦੀ ਟੂਕ ਦੇਖੋ ਅਗਲੇ ਪੰਨੇ ਹੇਠ

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਬੀਰਬਲ ਪ੍ਰਸੰਗ' ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥ ੪੧ ॥

### ੪੨. [ਇਕ ਮਾਈ ਦਾ ਪੁੱਤ੍ਰ ਜਿਵਾਉਣਾ, ਤੇਈਆ ਤਾਪ ਦਾ ਪ੍ਰਸੰਗ]

ਦੋਹਰਾ॥ ਇਕ ਦਿਨ ਸਤਿਗੁਰ ਨਿਸਾ ਮਹਿਂ ਸਿਹਜਾ ਪਰ ਸੁਪਤਾਇ[1]। ਕੂਕ ਪੁਕਾਰੀ ਨਾਰਿ ਇਕ ਸਗਰੀ ਪੁਰੀ ਸੁਨਾਇ ॥ ੧॥ ਚੌਪਈ ॥ ਗੁਰ ਕੇ ਖੁਲੇ ਸੁਨਤਿ ਹੀ ਨੈਨ। ਬੋਲੇ ਦਾਸ ਸੰਗ ਸੁਖ ਦੈਨ। 'ਕੌਨ ਅਚਾਨਕ ਕੀਨ ਪੁਕਾਰੀ?।ਕਿਸ ਤੇ ਦੁਖ ਪਾਯੋ ਇਸ ਨਾਰੀ?' ॥੨॥ ਸੁਨਿ ਬੱਲੂ ਨੇ ਤਬਹਿ ਬਤਾਈ। '-ਪੁੱਤ੍ਰ ਪੁੱਤ੍ਰ-ਕਹਿ ਕੈ ਬਿਲਲਾਈ। ਕਹਾਂ ਭਯੋ ਕੁਛ ਜਾਇ ਨ ਜਾਨਾ।ਨੰਦਨ ਦੁਖੀ ਕਿ ਹਤਿ ਭਾ ਪ੍ਰਾਨਾ'॥੩॥ਸਤਿਗੁਰ ਕਹ੍ਯੋ 'ਜਾਇ ਸੁਧ ਆਨਹੁ। ਭਈ ਦੁਖੀ ਕਿਮਿ ਹਮਹਿਂ ਬਖਾਨਹੁ'।ਸੁਨਿ ਆਇਸੁ ਬੱਲੂ ਚਲਿ ਗਯੋ। ਮ੍ਰਿਤਕ ਪੁੱਤ੍ਰ ਤਿਹ ਦੇਖਤਿ ਭਯੋ ॥੪॥ਸਭਿ ਬਿਧਿ ਬੂਝਿ ਗੁਰੂ ਢਿਗ ਕਹ੍ਯੋ। 'ਤ੍ਰਿਯ ਬਿਧਵਾ ਕੇ ਇਕ ਸੁਤ ਰਹ੍ਯੋ[2]। ਤੇਈਆ ਤਾਪ ਖੇਦ ਤਿਸੁ ਦੈਕੈ।ਕਰ੍ਯੋ ਮ੍ਰਿਤਕ ਬਹੁ ਨਿਰਬਲ ਕੈਕੈ' ॥੫॥ ਸੁਨਿ ਗੁਰ ਕਹ੍ਯੋ 'ਪ੍ਰਾਤਿ ਜਬਿ ਹੋਇ। ਮਰ੍ਯੋ ਪੁੱਤ੍ਰ ਤਿਸ ਜੀਵਨ ਹੋਇ।ਅਬਿ ਕਹਿ ਦੇਹੁ ਨ ਕਰਹਿ ਬਿਲਾਪ। ਬੰਧਹਿਂ ਕੈਦ ਜਿ ਤੇਈਆ ਤਾਪ' ॥ ੬ ॥ ਸੁਨਿ ਬੱਲੂ ਨੇ ਜਾਇ ਹਟਾਈ। ਭਈ ਭੋਰ ਸੁਤ ਮ੍ਰਿਤੁ ਲੈ ਆਈ। ਉਠਿ ਸਤਿਗੁਰ ਤਿਹ ਚਰਨ ਲਗਾਯੋ। ਤੂਰਨ ਬਾਲਕ ਤਬਹਿ ਜਿਵਾਯੋ ॥੭॥ ਪੁਨ ਗੁਰ ਤੇਈਆ ਤਾਪ ਹਕਾਰ੍ਯੋ। ਤਿਸਕੋ ਬਾਲਕ ਸਮ ਤਨ ਧਾਰ੍ਯੋ। ਚਰਨ ਜੰਜੀਰ ਡਾਰ ਕਰਿ ਦੀਨ। ਗਰ ਮਹਿਂ ਤੌਕ ਪਾਇਬੋ ਕੀਨ ॥ ੮ ॥ ਜੁਗ ਹਾਥਨ ਮਹਿਂ ਡਾਰਿ ਹਥੌਰੀ।ਲੋਹ ਪਿੰਜਰੇ ਮਹਿ ਤਿਸ ਠੌਰੀ। ਪਾਇ ਬੀਚ ਨਿਜ ਪੌਰ ਟਿਕਾਯੋ। ਕਹ੍ਯੋ ਗੁਰੂ'ਇਨ ਤ੍ਰਾਸ ਨ ਪਾਯੋ[3]॥੯॥ ਆਨਿ ਅਵੱਗ੍ਯਾ ਪੁਰਿ ਮਹਿਂ ਕੀਨਿ। ਬਿਧਵਾ ਕੋ ਬਾਲਕ ਹਤਿ ਦੀਨ।ਹਮਰੋ।ਕਰਿਓ ਪ੍ਰਣ ਨਹਿਂ ਜਾਨ੍ਯੋ।ਮਾਤਹਿ ਪਿਤਹਿਂ ਪਿਖਤਿ[4]ਸੁਤ ਹਾਨ੍ਯੋ ॥੧੦॥ ਏਕ ਰੋਗ ਕੋ ਹੋਇ ਸਜ਼ਾਇ। ਪੁਨ

---

[1]ਸੁੱਤੇ।[2]ਇਕ ਪੁੱਤ੍ਰ ਹੈ ਸੀ।[3]ਇਸ ਨੇ (ਸਾਡਾ) ਡਰ ਨਹੀਂ ਮੰਨਿਆ। [4]ਮਾਤ ਪਿਤਾ ਦੇ ਦੇਖਦਿਆਂ।

☞ਪਿਛਲੇ ਪੰਨੇ ਦੇ §ਨਿਸ਼ਾਨ ਦੀ ਟੂਕ—

§ਬੀਰਬਲ ਤੇ ਉਸ ਦੀ ਸਾਰੀ ਫ਼ੌਜ ਤੇ ਜ਼ੈਨਖਾਂ ਦੀ ਫ਼ੌਜ ਬਿਲੰਦਜ਼ਈ ਤੇ ਕਰਾਹ ਤੁਗਾਹ ਆਦਿ ਦਰਿਆਂ ਵਿਚ,ਜੋ ਗ਼ਾਲਬਨ ਸ੍ਵਾਤ ਦੇ ਪਹਾੜਾਂ ਵਿਚ ਹਨ, ਮਾਰੀ ਗਈ ਸੀ, ਕੋਈ ਨਹੀਂ ਸੀ ਬਚਿਆ। ਅੱਬੁਲ ਫਜ਼ਲ ਲਿਖਦਾ ਹੈ ਕਿ ੫੦੦ ਜੁਵਾਨ ਮੋਏ, ਪਰ ਖ਼ਾਫ਼ੀਖਾਂ ਲਿਖਦਾ ਹੈ ਕਿ ਪੰਜਾਹ ਹਜ਼ਾਰ ਜਾਂ ਚਾਲੀ ਹਜ਼ਾਰ ਪੈਦਲ ਤੇ ਸਵਾਰਾਂ ਵਿਚੋਂ ਇਕ ਵੀ ਨਾ ਬਚਿਆ।

ਹਮਰੇ ਪੁਰਿ ਕੋਇ ਨ ਆਇ। ਰਹੈ ਪਿੰਜਰੇ ਮਹਿਂ ਇਹੁ ਪਰਯੋ।ਗੋਇੰਦਵਾਲ ਨਿਡਰ ਹੁਇ ਬਰਯੋ' ॥ ੧੧ ॥ ਇਮਿ ਕਹਿ ਅਪਨੇ ਪੌਰ ਰਖਾਯੋ। ਕੇਤਿਕ ਮਾਸਨ ਸਮਾਂ ਬਿਤਾਯੋ।ਗੁਰ ਬਚ ਸੰਗਲ ਸੰਗ ਰਹਯੋ ਹੈ[1]।ਛੁਧਤਿ ਅਧਿਕ ਨ ਅਹਾਰ ਲਹਯੋ ਹੈ॥੧੨॥ਦੁਰਬਲ ਅੰਗ ਹੋਇ ਬਹੁ ਗਯੋ। ਗੁਰ ਸਿੱਖਨ ਕੋ ਬੰਦਤਿ ਭਯੋ।–ਕੋ ਆਵਹਿ ਐਸੋ ਉਪਕਾਰੀ।ਮੋਹਿ ਮੁਚਾਵਹਿ[2] ਕਰੁਨਾਧਾਰੀ– ॥੧੩॥ਨਿਕਟ ਕਦੀਮੀ[3] ਸੇਵਕ ਜੋਇ।ਲਖਹਿਂ ਦੁਖਦ ਹਿਤ ਕਹੈਂ ਨ ਸੋਇ[4]। ਡੱਲੇ ਗ੍ਰਾਮ ਬਿਖੈ ਸਿਖ ਜੇਈ। ਗੁਰ ਦਰਸ਼ਨ ਹਿਤ ਆਏ ਸੇਈ ॥ ੧੪ ॥ ਅਰਪਿ ਅਕੋਰ ਅਨੇਕ ਪ੍ਰਕਾਰਾ। ਸ਼੍ਰੀ ਸਤਿਗੁਰ ਮੁਖ ਕਮਲ ਨਿਹਾਰਾ।ਕਰਿ ਕਰਿ ਬੰਦਨ ਬੈਠਿ ਨਜੀਕਾ। ਬੋਲੇ ਗੁਰੂ ਗਿਰਾ ਰਮਣੀਕਾ॥੧੫॥ 'ਕੁਸ਼ਲ ਅਨੰਦ ਸਭਿਨਿ ਮਹੁਂ ਅਹੇ । ਮਿਲਿ ਸਭਿ ਸੰਗਤਿ ਕੋ ਰਸ ਲਹੇ[5] ॥ ਡੱਲੇ ਮਹਿਂ ਸਿਖ ਸੇਵਕ ਮੇਰੇ।ਪਾਰੋ ਲਾਲੋ ਆਦਿ ਬਡੇਰੇ॥੧੬॥ਨਿਤਿ ਪ੍ਰਤਿ ਮੋਕਹੁ ਅਤਿਸ਼ੈ ਪਯਾਰੇ।ਜਿਨ ਮਿਲਿਬੋ[6] ਨਰ ਔਰ ਉਧਾਰੇ'। ਸੁਨਿ ਲਾਲੋ ਕਰ ਜੋਰਿ ਬਖਾਨੀ। 'ਬਖਸ਼ਹੁ ਅਪਨੀ ਸੰਗਤਿ ਜਾਨੀ[7] ॥੧੭॥ ਜੋ ਕਿਛੁ ਅਹੈ ਪ੍ਰਤਾਪ ਤੁਮਾਰਾ । ਹਮ ਸਮ ਬਪੁਰੇ ਕਹਾਂ ਬਿਚਾਰਾ[8]'।ਇੱਤਯਾਦਿਕ ਬਚ ਸੁਨਿ ਅਰੁ ਕਹਿਕੇ । ਇਕ ਦੁਇ ਦਿਵਸੁ ਬਿਤਾਇ ਰਹਿਕੈ ॥ ੧੮ ॥ ਆਵਤਿ ਜਾਤਿ ਪਿੰਜਰਾ ਹੇਰਾ । ਬਾਲਕ ਦੁਰਬਲ ਬੀਰ ਬਡੇਰਾ। ਦੇਖਿ ਘਨੀ ਕਰੁਨਾ ਮਨ ਆਈ।ਸਤਿਗੁਰ ਕੇ ਢਿਗ ਜਾਇ ਸੁਨਾਈ ॥੧੯॥ 'ਮਹਾਂਰਾਜ ਇਸ ਕਰਹੁ ਖਲਾਸੀ । ਦੁਰਬਲ ਅਧਿਕ ਲਹੈ ਦੁਖਰਾਸੀ[9] । ਭਯੋ ਦੀਨ ਕਰ ਜੋਰਿ ਦਿਖਾਵੈ[10]। ਛੁਟਿਬੇ ਕਾਰਨ ਬਿਨੈ ਸੁਨਾਵੈ' ॥੨੦॥ ਤਬਿ ਸ਼੍ਰੀ ਅਮਰ ਕਹਯੋ 'ਛੁਟਵਾਉ।ਸੰਗ ਆਪਨੇ ਲੇ ਕਰਿ ਜਾਉ।ਹਮਰੀ ਦਿਸ਼ਾ ਬਹੁਰ ਨਹਿਂ ਆਵੈ। ਮਿਲੀ ਸਜਾਇ ਥਿਰਯੋ ਪਛੁਤਾਵੈ[11]' ॥ ੨੧ ॥ ਇਮ ਆਗਯਾ ਸਤਿਗੁਰ ਕੀ ਲੀਨਿ । ਆਇ ਖਲਾਸੀ ਤਤਛਿਨ ਕੀਨ । ਗੁਰ ਤੇ ਬਿਦਾ ਹੋਇ ਸਭਿ ਚਾਲੇ[12] । ਤਿਸ ਬਾਲਿਕ ਕੋ ਲੀਨਸਿ ਨਾਲੇ ॥ ੨੨ ॥ ਪਹੁੰਚੇ ਕਿਤਿਕ ਕੋਸ

---

[1]ਗੁਰੂ ਜੀ ਦੇ ਬਚਨ (ਰੂਪੀ) ਜੰਜੀਰ ਨਾਲ ਬੰਨ੍ਹਿਆਂ ਰਹਿਆ। [2]ਛੁਡਾਵੇ। [3]ਪੁਰਾਣੇ। [4]ਦੁਖ ਦੇਵਾ ਜਾਣਕੇ ਉਸ ਦੇ ਭਲੇ ਲਈ ( ਗੁਰੂ ਜੀ ਪਾਸ ) ਨਹੀਂ ਕਹਿੰਦੇ। [5]ਅਨੰਦ ਲੈਂਦੇ ਹੋ। [6]ਜਿਨ੍ਹਾਂ ਦਾ ਮਿਲਣਾ। ਜਿਨ੍ਹਾਂ ਨੂੰ ਮਿਲਣ ਨਾਲ। [7]ਜਾਣਕੇ। [8]ਵਿਚਾਰੇ ਦਾਸ ਕੀ ਹਾਂ। [9]ਬਹੁਤਾ ਕਮਜ਼ੋਰ (ਹੈ ਤੇ) ਪਾ ਰਿਹਾ ਹੈ ਬਹੁਤ ਦੁੱਖ। [10]ਹੱਥ ਜੋੜਕੇ ਦੱਸਦਾ ਹੈ। [11]ਬੈਠਿਆਂ ਪਛੁਤਾਂਵਦਾ ਹੈ। [12]ਸਾਰੇ (ਡੱਲੇ ਵਾਸੀ ਸਿਖ) ਚੱਲੇ।

ਜਬਿ ਜਾਇ। ਤੇਈਆ ਤਾਪ ਛੁਧਿਤ ਬਿਕੁਲਾਇ। ਲਾਲੋ ਸੰਗ ਕਹਜੋ ਕਰ ਜੋਰਿ। 'ਬਹੁ ਚਲਿਬੇ ਕੋ ਨਹਿੰ ਮਮ ਜੋਰ[1] ॥੨੩॥ਭੂਖ ਅਧਿਕ ਲਾਗੀ ਤਨ ਮੇਰੇ। ਬਿਨ ਅਹਾਰ ਦਿਨ ਬਿਤੇ ਘਨੇਰੇ। ਵਿਹੁ ਆਗਜਾ ਮੈਂ ਅਬਿ ਤ੍ਰਿਪਤਾਵੋਂ। ਪੁਨ ਤੁਰਨ ਤੁਮ ਸਾਥ ਸਿਧਾਵੋਂ' ॥ ੨੪ ॥ ਸੁਨਿ ਲਾਲੋ ਕਰਿ ਦਯਾ ਉਚਾਰੀ।'ਆਗੇ ਚਲਿ ਹੈਂ ਗ੍ਰਾਮ ਮਝਾਰੀ। ਪਹਿਤ[2]ਚੂਨ[3] ਲੇ ਬਹੁਤ ਪਕਾਵੈਂ। ਨੀਕੀ ਰੀਤਿ ਤੋਹਿ ਤ੍ਰਿਪਤਾਵੈਂ ॥ ੨੫ ॥ ਨਹੀਂ ਦੂਰ ਕਛੁ ਨੇਰੇ ਜਾਨਿ[4]। ਮਨ ਭਾਵਤ ਕੀਜੈ ਤਹਿੰ ਖਾਨ। ਪੁਨ ਤੁਝ ਕੋ ਲੇ ਸੰਗ ਸਿਧਾਰੈਂ। ਸਨੇ ਸਨੇ ਚਲਿ,ਨਾਂਹਿ ਨ ਹਾਰੈਂ[5]॥੨੬॥ਸੁਨਿ ਬਾਲਕ ਤਬਿ ਬਾਕ ਬਖਾਨਾ। 'ਮਮ ਅਹਾਰ ਅਬਿ ਹੈ ਇਸ ਥਾਨਾ। ਤੁਮ ਆਗਜਾ ਬਿਨ ਸਕੋਂ ਨ ਖਾਇ। ਕਹਹੁ ਤੁਰਤ ਹੀ ਹ੍ਵੈ ਤ੍ਰਿਪਤਾਇ' ॥੨੭॥ ਸਹਜ ਸੁਭਾਇਕ ਲਾਲੋ ਕਹਜੋ। 'ਤ੍ਰਿਪਤਾਵਹੁ ਅਹਾਰ ਜਹਿੰ ਲਹਜੋ। ਘਰੀ ਮਾਤ੍ਰ ਹਮ ਠਹਿਰਨਿ ਕਰੈਂ। ਪੁਨ ਹਮ ਚਲੈਂ ਤੋਹਿ ਸੰਗ ਧਰੈਂ[6] ॥੨੮॥ ਤਹਿੰ ਧੋਬੀ ਇਕ ਬਸਤ੍ਰ ਪਖਾ-ਰਹਿ।ਜਲ ਨਿਚੋਰ ਸ਼ੁਸ਼ਕਨਿ ਕੋ ਡਾਰਹਿ।ਜਬਿ ਲਾਲੋ ਤੇ ਆਗਜਾ ਲੀਨਿ। ਤਤਛਿਨ ਚਢਿਬੋ ਤਿਸ ਤਨ ਕੀਨਿ॥੨੯॥ਭਯੋ ਕੰਪ ਧੋਬੀ ਗਿਰ ਪਰਜੋ। ਸਰਬ ਸਰੀਰ ਪੀਰਬੋ[7] ਕਰਜੋ। ਰੁਧਿਰ ਨਿਚੋਰ ਲੀਨਿ ਤਬਿ ਐਸੇ। ਬਸਤ੍ਰ ਨਿਚੋਰਤਿ ਜਲ ਕੋ ਜੈਸੇ ॥ ੩੦ ॥ ਤਹਿੰ ਘਟ ਫੋਰਿ ਠੀਕਰਾ ਭਰਜੋ। ਲਾਲੋ ਨਿਕਟ ਲਜਾਇਬੋ ਕਰਜੋ। ਲਗਜੋ ਦਿਖਾਵਨ 'ਲੇਹੁ ਨਿਹਾਰ। ਇਸ ਪ੍ਰਕਾਰ ਕੋ ਮੋਰਿ ਅਹਾਰ॥੩੧॥ਚਿਰੰਕਾਲ ਤੇ ਛੁਧਤਿ ਬਿਸਾਲ।ਪਾਨ ਕਰੌਂ ਤ੍ਰਿਪਤੌਂ ਇਸ ਕਾਲ।ਕ੍ਰਿਪਾ ਆਪਕੀ ਮੋਹਿ ਬਚਾਯੋ।ਬਡ ਬੰਧਨ ਤੇ ਖੋਲਿ* ਮੁਚਾਯੋ[8]॥੩੨॥ਸੁਨਿ ਅਰ ਪਿਖਿ ਲਾਲੋ ਉਰ ਤ੍ਰਾਸਾ।—ਗਹਜੋ ਪਿੰਜਰੇ ਬਿਖੈ ਨਿਕਾਸਾ[9]। ਬਡੀ ਬਲਾਇ ਨ ਮੈਂ ਕੁਛ ਜਾਨਾ। ਸੰਗ ਕ੍ਰੂਰ ਕਰਮਾਂ ਅਬਿ ਆਨਾ[10]—॥ ੩੩ ॥ ਕਹਨਿ ਲਗਜੋ 'ਚਲਿ ਹਟਿ ਗੁਰਪੌਰ[11]।ਮੈਂ ਨ ਲਿਜਾਵੌਂ ਅਪਨੀ ਠੌਰ†। ਜੀਵਨ[12] ਕੌ ਦੁਖਦਾਯਕ ਪਾਪੀ। ਬਜਾਕੁਲ ਕਰਹਿ ਮਹਾਂ ਸੰਤਾਪੀ ॥ ੩੪ ॥ ਗੁਰ ਰਾਖਹਿੰਗੇ ਕੈਦ ਮਝਾਰੀ। ਕਹਾਂ ਰੁਧਰ ਕੋ ਪਾਇ

[1]ਤਾਕਤ। [2]ਦਾਲ। [3]ਆਟਾ। [4]ਨੇੜੇ ਜਾਣ (ਕਿ ਪਿੰਡ ਹੈ)। [5]ਹੌਲੀ ਹੌਲੀ ਤੁਰ, ਥੱਕੇਂਗਾ ਨਹੀਂ। [6]ਤੈਨੂੰ ਨਾਲ ਕਰਕੇ। [7]ਦੁਖੀ,ਪੀੜਿਤ। [8]ਛੁਡਾਇਆ। [9]ਫੜਿਆ ਹੋਇਆ ਸੀ, ਪਿੰਜਰੇ ਵਿਚੋਂ (ਮੈਂ) ਕਢਾਇਆ। [10]ਭਿਆਨਕ ਕਰਮਾਂ ਵਾਲਾ ਆਪਣੇ ਨਾਲ ਆਂਦਾ ਹੈ। [11]ਗੁਰੂ ਜੀ ਦੇ ਦਰਵਾਜੇ। [12]ਜੀਆਂ ਨੂੰ।

*ਪਾ:—ਬੋਲਿ। †ਪਾ:—ਓਰ।

ਅਹਾਰੀ'।ਸੁਨਿ ਤੇਈਆ ਚਿਤ ਅਤਿਸ਼ੈਤ੍ਰਾਸਾ।'ਨਹਿ ਲੇ ਜਾਹੁ ਅਬਹਿ ਗੁਰ ਪਾਸਾ ॥੩੫॥ ਮੈਂ ਤੁਮਰੇ ਬਾਕਨ ਅਨੁਸਾਰੀ। ਜਿਮਿ ਉਚਰਹੁ ਸੋ ਕਰਿਹੌਂ ਕਾਰੀ।ਅਬਿ ਤੇ ਆਗੇ ਇਹੀ ਪ੍ਰਸੰਗ।ਜਿਸ ਬਿਧਿ ਹੋਯੋ ਹਮ ਤੁਮ ਸੰਗ॥੩੬॥ ਕਹੈ ਕਥਾ ਕੋ ਸੁਨਹਿ ਸੁਨਾਵੈ। ਸ਼੍ਰੀ ਗੁਰ ਅਮਰ ਨਾਮ ਕੋ ਧਯਾਵੈ। ਤਹਾਂ ਨ ਮੈਂ ਦੁਖ ਦੇਹੁਂ ਬਿਸਾਲਾ। ਸੁਨਿ ਪ੍ਰਸੰਗ ਗਮਨੌਂ ਤਤਕਾਲਾ॥੩੭॥ ਕਰੁਨਾ ਕਰਹੁ ਛੋਰ ਅਬਿ ਜਾਵਹੁ। ਨਿਜ ਉਪਕਾਰ ਕਰਯੋ ਨ ਮਿਟਾਵਹੁ'। ਬਿਨੈ ਸੁਨੀ ਲਾਲੋ ਤਜਿ ਗਯੋ।ਗੁਰੂਕੈਦ ਤੇ ਛੂਟਤਿ ਭਯੋ॥੩੮॥ਬਹੁਰ ਨ ਗੋਇੰਦ-ਵਾਲ ਪ੍ਰਵੇਸ਼ਾ। ਸੁਨੇ ਨਾਮ ਡਰ ਧਾਰਿ ਵਿਸ਼ੇਸ਼ਾ। ਇਸ ਪ੍ਰਕਾਰ ਸਭਿ ਰੋਗ ਭਰਾਏ।ਗੁਰ ਪੁਰਿ ਬਿਖੈ ਨ ਫੇਰੋ ਪਾਏ[1]*॥੩੯॥ਇਤਿ ਸ੍ਰੀਗੁਰ ਪ੍ਰਤਾਪ ਸੂਰਜਗ੍ਰਿੰਥੇ ਪ੍ਰਥਮ ਰਾਸੇ 'ਤੇਈਆ ਤਾਪ† ਕੋ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥ ੪੨ ॥

੪੩. [ਮੇਲੇ ਦੀ ਰੀਤਿ ਤੋਰਨੀ,ਖੱਤ੍ਰੀਆਂ ਬ੍ਰਾਹਮਣਾਂ ਗੁਰੂ ਜੀ ਤੇ ਪੁਕਾਰ ਕਰਨੀ]।

ਦੋਹਰਾ॥ਇਕ ਦਿਨ ਪਾਰੋ ਨੇ ਕਰੀ ਗੁਰ ਆਗੇ ਅਰਦਾਸ। 'ਪ੍ਰਿਥਕ ਪ੍ਰਿਥਕ ਸਿਖ ਸੰਗਤਾਂ ਆਵਤਿ ਹੈਂ ਤੁਮ ਪਾਸ॥੧॥ਚੌਪਈ॥ਨਹੀਂ ਪਰਸਪਰਮਿਲਿਬੋ ਹੋਇ।ਭਾਉ ਪ੍ਰੇਮ ਨਹਿਂ ਧਾਰਹਿ ਕੋਇ। ਕਿਹ ਕੀ ਕਿਹ ਸੌਂ ਹ੍ਵੈ ਨ ਚਿਨਾਰੀ। ਦਰਸ ਜਾਇਂ[2] ਘਰ ਵਾਰੋ ਵਾਰੀ ॥੨॥ ਆਪਸ ਮਹਿਂ ਜਬਿ ਪ੍ਰਾਪਤਿ ਮੇਲਾ। ਭਾਉ ਭਗਤਿ ਬਹੁ ਵਧਹਿ ਸੁਹੇਲਾ[3]। ਕਰਿਬੇ ਉਚਿਤ ਹੋਇ ਅਸ ਬਾਤੀ।

---

[1]( ਕਸੇ ਰੋਗ ਨੇ) ਫੇਰਾ ਨਾ ਪਾਇਆ। [2]ਦਰਸ਼ਨ ਕਰਕੇ ਜਾਂਦੇ ਹਨ। [3]ਸੁਖਦਾਈ।

*ਭਾਵ ਇਹ ਹੈ ਕਿ ਆਪਣੀ ਆਤਮਕ ਸ਼ਕਤੀ ਨਾਲ ਗੁਰੂ ਜੀ ਨੇ ਆਪਣੀ ਨਗਰੀ ਨੂੰ ਅਰੋਗ ਰੱਖਿਆ।

†ਕੋਈ ਰੋਗਾਂ ਆਦਿ ਨੂੰ ਖਿਲਤਾਂ ਦੇ ਵਿਗਾੜ ਤੋਂ ਦੱਸਦਾ ਹੈ, ਕੋਈ ਹਵਾਵਾਂ ਬੂਆਂ ਤੋਂ, ਹੁਣ ਬਹੁਤੇ ਰੋਗ ਅਤਿ ਨਿੱਕੇ ਜੀਉਂਦੇ ਕਿਰਮਾਂ ਤੋਂ ਸਹੀ ਕਰ ਰਹੇ ਹਨ। ਕੀਹ ਜਾਣੀਏ ਕਦੇ ਰੋਗਾਂ ਦੇ ਕਾਰਣ ਨੀਵੀਂ ਦਰਜੇ ਦੀ ਰੂਹਾਨੀ ਦੁਨੀਆਂ ਵਿਚੋਂ ਵੀ ਅਜ ਕਲ ਦੀ ਵਿੱਦਿਆ ਨੂੰ ਲੱਭ ਪੈਣ। ਇਹ ਗੱਲ ਤਾਂ ਹੁਣ ਬੀ ਮੰਨੀ ਜਾ ਰਹੀ ਹੈ ਕਿ ਆਪਣੇ ਤਨ ਤੇ ਮਨ ਦੀ ਮਜ਼ਬੂਤੀ ਰੋਗਾਂ ਦਾ ਮੁਕਾਬਲਾ ਕਰਦੀ ਤੇ ਉਹਨਾਂ ਨੂੰ ਦਲਦੀ ਤੇ ਜਿੱਤਦੀ ਹੈ, ਇਸੀ ਤਰ੍ਹਾਂ ਰੋਗ ਦੇ ਕਾਰਣਾਂ ਵਿਚ ਬੀ ਕੋਈ ਜਿਰਮਾਂ ਵਾਂਙੂ ਇਸ ਤੋਂ ਬੀ ਸੂਖਮ ਕੋਈ ਹੋਰ ਗੱਲ ਹੋਵੇ, ਇਹ ਪਤਾ ਲੱਗਣਾ ਸੰਭਵ ਹੈ। ਪੁਰਾਤਨ ਹਿੰਦੀ ਵਿਦਵਾਨ ਤੇ ਤਪੱਸ੍ਵੀ ਲੋਕ ਇਹ ਗਲ ਮੰਨਦੇ ਸਨ ਕਿ ਰੋਗਾਂ ਦੇ ਕਾਰਣ ਨੀਵੇਂ ਕਿਸਮ ਦੀਆਂ ਅਦ੍ਰਿਸ਼ਟ ਰੂਹਾਨੀ ਵਜਕਤੀਆਂ ਬੀ ਹਨ।

ਆਵਹਿ ਸੰਗਤਿ ਉਰ ਹਰਖਾਤੀ॥੩॥ ਏਕ ਦਿਵਸ ਮਹਿਂ ਮੇਲੋ ਹੋਇ। ਬਹੁ ਦੇਸ਼ਨਿ ਪੁਰਿ ਸੰਗਤਿ ਜੋਇ।ਰਾਵਰ ਕੀ ਰਜਾਇ ਬਨਿ ਜੈ ਹੈ।ਦੂਰਿ ਦੂਰਿਕੇ ਸਿੱਖ ਮਿਲੈ ਹੈਂ'॥੪॥ਸੁਨਿ ਸ੍ਰੀ ਅਮਰ ਸੁ ਭਏ ਪ੍ਰਸੰਨ। ਕਹਜੋ ਬਾਕ 'ਪਾਰੋ ਤੁਮ ਧੰਨ। ਪਰਉਪਕਾਰ ਬਿਚਾਰਨ ਕਰੈਂ। ਸਿੱਖ ਅਨੇਕ ਮਿਲਹਿਂ ਨਿਸ-ਤਰੈਂ॥੫॥ਜੋ ਤੁਮ ਚਿਤਵੀ ਮਮ ਚਿਤ ਸੋਇ।ਸਗਰੇ ਆਵਹਿਂ ਦਿਵਸਬਸੋਏ[1]। ਸਭਿ ਸਿੱਖਨ ਕੋ ਲਿਖਹੁ ਪਠਾਵਹੁ। ਗੁਰ ਦਰਸ਼ਨ ਕੋ ਇਕਠੇ ਆਵਹੁ' ॥੬॥ਤਬਿ ਪਾਰੋ ਨੇ ਲਿਖਿ ਪਰਵਾਨੇ। ਪਠੇ ਪੁਰਨਿ ਜਹਿਂ ਜਹਿਂ ਸਿਖ ਜਾਨੇ। ਸੁਨਤਿ ਹੁਕਮਨਾਮਾ ਗੁਰਕੇਰਾ। ਸਿੱਖਨ ਕੇ ਚਿਤਚਾਉ ਘਨੇਰਾ ॥੭॥ ਰਹੇ ਉਡੀਕਤਿ ਪੁਨ ਸਭਿ ਕੋਇ।ਪਹੁੰਚਹਿਂ ਗੁਰਢਿਗ ਦਿਵਸ ਬਸੋਇ।ਦਿਨਪ੍ਰਤਿ ਵਧਤਿਰਹਤਿ ਬਡਭਾਉ।ਗੁਰਦਰਸ਼ਨ ਕੋ ਚੌਗੁਨ ਚਾਉ॥੮॥ਬੀਤੀਸਿਸੁਰ[2] ਬਸੰਤ ਪ੍ਰਕਾਸ਼ਾ। ਸੁਮਨ ਸੁ ਬਨ ਉਪਬਨਹਿਂ ਬਿਕਾਸਾ[3]। ਬਹੁਤੀ ਉਸਨ[4] ਨ ਸੀਤਲਤਾਈ। ਚਲਨ ਪੰਥ ਕੋ ਹੈ ਸੁਖਦਾਈ॥੯॥ ਜਹਿਂ ਜਹਿਂ ਸਤਿਗੁਰ ਕੇ ਸਿਖ ਬ੍ਰਿੰਦੇ। ਦਰਸ਼ਨ ਕੋ ਉਮਗੇ ਆਨੰਦੇ। ਬੰਧੇ ਟੋਲ ਸੰਗਤਾਂ ਆਈ। ਚਹੁੰ ਦਿਸ਼ ਤੇ ਵਸਤੂ ਗਨ ਲਜਾਈ ॥੧੦॥ ਆਨਿ ਸਥਿਾਨ ਗੁਰੁ ਦਰਸ਼ਨ ਹੇਰਾ।ਮੇਲਾ ਮਿਲਿਕੈ ਭਯੋ ਬਡੇਰਾ।ਜਥਾ ਚਕੋਰ ਹੋਇ ਸਮੁਦਾਯਾ। ਸ੍ਰੀ ਸਤਿ-ਗੁਰ ਨਿਸਪਤਿ[5] ਦਰਸਾਯਾ ॥੧੧॥ਗੋਇੰਦਵਾਲ ਬਿਸਾਲ ਸੁ ਭੀਰ।ਦਰਸੈਂ ਵਾਰ ਨ ਪਾਵਹਿਂ ਤੀਰ[6]। ਪਾਇਨ ਪਾਸ ਉਪਾਇਨ ਧਰਿ ਧਰਿ। ਆਵਹਿਂ

---

[1]ਬਸੋਏ ਦਾ ਆਮ ਅਰਥ ਵਿਸਾਖੀ ਲੈਂਦੇ ਹਨ, ਪਰ ਕਈ ਥਾਈਂ (ਲਹਿੰਦੇ ਵਲ) ਇਹ ਪਦ ਬਰਸਾਤ ਲਈ ਵਰਤੀਂਦਾ ਹੈ। ਰਾਸ ੫ ਅੰਸੂ ੩੮ ਅੰਕ ੧੦, ਰਾਸਿ ੬ ਅੰਸੂ ੫੭ ਅੰਕ ੨੯ ਤੇ ਰਾਸਿ ੧੦ ਅੰਸੂ ੪ ਅੰਕ ੪ ਵਿਚ ਤੇ ਇਥੋਂ ਦੀਆਂ ਅਗਲੀਆਂ ਤੁਕਾਂ ਦਸਦੀਆਂ ਹਨ ਕਿ ਭਾਈ ਸੰਤੋਖ ਸਿੰਘ ਜੀ ਇਸ ਨੂੰ ਵਿਸਾਖੀ ਲਈ ਵਰਤ ਰਹੇ ਹਨ, ਪਰ ਅੰਕ ੨੭ ਵਿਚ ਜੋ ਦਸਿਆ ਹੈ ਕਿ ਮੇਲੇ ਦੀ ਰੀਤ ਟੋਰੀ ਤੇ ਪ੍ਰਗਟ ਕੀਤਾ ਕਿ ਇਹ ਹੁਣ ਸਦਾ ਹੋਵੇਗਾ। ਤੇ ਜੋ ਮੇਲਾ ਹੁਣ ਸਦਾ ਗੋਇੰਦਵਾਲ ਵਿਚ ਹੁੰਦਾ ਹੈ, ਇਸ ਨੂੰ ਤੱਕੀਏ ਤਾਂ ਮੇਲਾ ਤੇ ਜੱਗ ਗੋਇੰਦਵਾਲ ਹੁਣ ਤਕ ਬਰਸਾਤ ਵਿਚ ਅਰਥਾਤ ਭਾਦਰੋਂ ਦੇ ਮਹੀਨੇ ਪੂਰਨਮਾਸ਼ੀ ਨੂੰ ਹੁੰਦੇ ਹਨ। ਚਾਹੇ ਇਸ ਨੂੰ ਹੁਣ ਗੁਰੂ ਪਯਾਨੇ ਨਾਲ ਜੋੜਦੇ ਹਨ ਪਰ ਮੇਲਾ ਜਾਰੀ ਹੈ, ਜੱਗ ਹੁਣ ਤਕ ਹੁੰਦਾ ਹੈ। ਇਸੇ ਅੰਸੂ ਦੇ ਅੰਕ ੨੭ ਵਿਚ ਕਵੀ ਜੀ ਬੀ 'ਹੁਇ ਅਬਿ ਨੀਤਿ' ਕਹਿੰਦੇ ਹਨ, ਸੋ ਮੁਮਕਿਨ ਹੈ ਕਿ ਏਥੇ ਵਸੋਏ ਦਾ ਭਾਵ ਬਰਸਾਤ ਹੋਵੇ। [2]ਪਤ ਝੜ ਰੁੱਤ। [3]ਫੁਲ ਬਨਾਂ ਤੇ ਬਗੀਚਿਆਂ ਵਿਚ ਖਿੜੇ। [4]ਗਰਮੀ। [5]ਚੰਦਰਮਾ। [6]ਉਰਾਰ ਪਾਰ ਦਾ ਕੰਢਾ ਨਹੀਂ ਪਾਈਦਾ ਸੰਗਤ ਬਿਅੰਤ ਜੁੜੀ। (ਅ) ਨਜੀਕ ਹੋਕੇ ਦਰਸ਼ਨ ਕਰਨ ਦੀ ਵਾਰੀ ਨਹੀਂ ਮਿਲਦੀ।

ਜਾਹਿਂ ਬੰਦਨਾ ਕਰਿ ਕਰਿ॥੧੨॥ਸਿਖ ਅਨੇਕ ਦੇਗ਼ ਕੋ ਲਾਗੇ।ਕਰਹਿਂ ਪਾਕ ਸਿਧ ਉਰ ਅਨੁਰਾਗੇ।ਕੇਤਿਕ ਨੀਰ ਆਨਿਬੋ ਕਰਿਹੀਂ। ਸੰਗਤਿ ਕੋ ਸੇਵਹਿਂ ਹਿਤ ਧਰਿਹੀਂ॥੧੩॥ਮਹਾਂ ਕੁਲਾਹਲ ਮੇਲਾ ਹੋਵਾ।ਹਰਖਤਿ ਸੰਗਤਿ ਦੀਰਘ ਜੋਵਾ[1]। ਕਰਹਿਂ ਪਰਸਪਰ ਭਾਉ ਬਿਸਾਲਾ। ਉਚਰਹਿਂ ਮਿਲਿ ਗੁਰ ਕੋ ਜਸੁ ਜਾਲਾ॥੧੪॥ ਅਤਿ ਅਨੰਦ ਸੰਗਤਿ ਮਹਿਂ ਹੋਇ।ਸਖਿ ਮੇਲੇ ਕੋ ਲਹਿ ਸਭਿ ਕੋਇ। ਕਿਤਿਕ ਸਮੋ ਬੀਤ੍ਯੋ ਜਬਿ ਜਾਨ੍ਯੋ। ਸ਼੍ਰੀ ਸਤਿਗੁਰ ਕਿਰਪਾਲ ਬਖਾਨ੍ਯੋ॥੧੫॥'ਰਾਮਦਾਸ ਕੋ ਚਿਰ ਬਹੁ ਹੋਵਾ।ਕਹਾਂ ਗਯੋ,ਹਮ ਨਿਕਟਿ ਨ ਜੋਵਾ'।ਸੇਵਕ ਬੱਲੂ ਕਹ੍ਯੋ ਸੁਨਾਇ।'ਸੰਗਤਿ ਕੀ ਬਹੁ ਸੇਵ ਕਮਾਇ ॥੧੬॥ ਦੇਗ ਤਯਾਰ ਕਰਿ ਦੇਹਿ ਅਹਾਰਾ।ਪੰਕਤਿ ਕੋ ਬਿਠਾਇ ਇਕ ਸਾਰਾ।ਸੀਤਲ ਜਲ ਕੋ ਭਰਿ ਭਰਿ ਲ੍ਯਾਵੈ। ਬੂਝਿ ਬੂਝਿ ਸੰਗਤਿ ਕੋ ਪਯਾਵੈ ॥੧੭॥ ਛੁਧਾ ਪਿਪਾਸਾ ਸਭਿ ਕੀ ਹਰੈ। ਬਾਂਛਤ ਸਿੱਖਜਨਿ ਦੈਬੋ ਕਰੈ। ਕਰ ਮਹਿਂ ਗਹੈ ਬੀਜਨਾ ਫੇਰ।ਬਾਯੂ ਕਰਤਿ ਉਸ਼ਨ ਬਹੁ ਹੇਰਿ॥੧੮॥ਸਭਿ ਸੰਗਤਿ ਕੋ ਖੁਸ਼ੀ ਕਰੰਤ।।ਇਤ ਉਤ ਫਿਰਕੇ ਸੇਵ ਬੁਝੰਤ[2]।ਚਹੇ ਜੁ ਦੇਹਿ ਅਹਾਰਕਿ ਪਾਨੀ। ਇਸ ਪ੍ਰਕਾਰ ਕੀ ਸੇਵਾ ਠਾਨੀ ॥ ੧੯ ॥ ਯਾਂ ਤੇ ਨਹਿਂ ਆਵਨ ਤਿਸ ਕੇਰਾ। ਰਹ੍ਯੋ ਰੁਕ੍ਯੋ ਜਹਿਂ ਕਾਜ ਬਡੇਰਾ'। ਸੁਨਿ ਸ਼੍ਰੀ ਸਤਿਗੁਰ ਅਮਰ ਪ੍ਰਸੰਨ। ਕਹ੍ਯੋ ਕਿ 'ਰਾਮਦਾਸ ਹੈ ਧੰਨ ॥੨੦॥ ਜਿਨ ਸੰਗਤਿ ਕੀ ਸੇਵਾ ਕਰੀ।ਹਮਰੇ ਹਿਤ ਇਮਿ ਪ੍ਰੀਤੀ ਧਰੀ। ਦੁਲਭ ਪਦਾਰਥ ਹੋਇ ਨ ਕੋਇ[3]। ਨੌ ਨਿਧਿ ਸਿਧਿ ਪਾਇ ਹੈ ਸੋਇ॥੨੧॥ਸਿਖ ਮੇਰੇ ਸੇਵੇ ਅਨੁਰਾਗ[4]।ਅਪਰ ਨ ਇਸਤੇ ਕੋ ਬਡਿਭਾਗ। ਜਗ ਮਹਿਂ ਬੰਸ ਬਿਸਾਲ ਜੁ ਇਸਕੋ। ਪੂਜਮਾਨ ਹੋਵਹਿ ਚਹੁੰ ਦਿਸ਼ ਕੋ ॥੨੨॥ ਜੋ ਨਰ ਮਮ ਸੰਗਤਿ ਕੋ ਸੇਵਹਿ।ਹਲਤ ਪਲਤ ਮਹਿਂ ਸ਼ੁਭ ਫਲ ਲੇਵਹਿ। ਮੋਰ[5] ਮਹਾਤਮ ਜੇਤਿਕ ਅਹੈ। ਰਾਮਦਾਸ ਜਾਨਹਿ ਫਲ ਲਹੈ ॥ ੨੩ ॥ ਦੁਇ ਲੋਕਨਿ ਮਹਿਂ ਜੋ ਪਦ ਊਚੇ। ਰਾਮਦਾਸ ਤਹਿਂ ਜਾਇ ਪਹੂਚੇ।ਜਗ ਮਹਿਂ ਪ੍ਰਗਟ ਪ੍ਰਕਾਸ਼ੁ ਕਰਹਿੰਗੇ*।ਇਸ ਪੀਛੇ ਸਿਖ ਬ੍ਰਿੰਦ ਤਰਹਿੰਗੇ' †॥੨੪॥ਇੱਤ੍ਯਾਦਿਕ ਬਹੁ ਜਸ ਕੋ ਕਹ੍ਯੋ।ਇਹੁ ਲਾਯਕ ਸਤਿਗੁਰ ਨੇ ਲਹ੍ਯੋ। ਬਹੁਤ ਸੰਗਤਾਂ ਭਈ ਇਕੱਤ੍ਰ। ਗੁਰ ਭਾਈ, ਪ੍ਰੇਮੀ ਭਏ ਮਿੱਤ੍ਰ

[1]ਬੜਾ (ਮੇਲਾ) ਵੇਖਕੇ। [2]ਸੇਵਾ ਪੁੱਛਦਾ ਹੈ। [3]ਉਸ ਨੂੰ ਕੋਈ ਪਦਾਰਥ ਦੁਰਲੱਭ ਨਹੀਂ ਹੋਵੇਗਾ। ਭਾਵ ਸੁਲਭ ਪ੍ਰਾਪਤ ਹੋਵੇਗਾ। [4]ਪ੍ਰੇਮ ਕਰਕੇ ਸੇਵੇ। [5]ਸਾਡੀ (ਸੇਵਾ ਦਾ)।

*ਪਾ:-ਕਰਹਿਗੇ। †ਪਾ:-ਤਰਹਿਗੇ।

॥੨੫॥ਗੁਰ ਸਮ ਸਿਖ ਕੋ ਸਿਖ ਮਿਲ ਸੇਵਹਿਂ। ਚਰਨ ਧੋਇ ਚਰਨਾਂਮ੍ਰਿਤ ਲੇਵਹਿਂ। ਸਗਲ ਨਗਰ ਕਿਰਤਨ ਧੁਨਿ ਹੋਇ। ਵਾਹਿਗੁਰੂ ਸਿਮਰਹਿ ਸਭਿ ਕੋਇ॥੨੬॥ ਤਿਸ ਦਿਨ ਤੇ ਮੇਲੇ ਕੀ ਰੀਤਿ। ਕਰੀ ਬਿਦਤਿ ਗੁਰ 'ਹੁਇ ਅਬਿ ਨੀਤਿ[1]'। ਪਿਖਿ ਪ੍ਰਭਾਉ[2] ਸਤਿਗੁਰ ਬਡਿਆਈ। ਨਿੰਦਕ ਦੁਸ਼ਟ ਮਹਾਂ ਦੁਖ ਪਾਈ॥ ੨੭॥ ਮੇਲਾ ਬਿਛੁਰੇ ਪੁਰਿ ਪੁਰਿ ਗਏ। ਗੁਰੂ ਬ੍ਰਿਤਾਂਤ ਸੁਨਾਵਤਿ ਭਏ। 'ਪੰਥ ਨਵੀਨ ਪ੍ਰਕਾਸ਼ਨ ਕਰਨੋ। ਭੇਦ ਬਰਨ ਜਾਤੀ ਪਰ-ਹਰਨੋ॥੨੮॥ਚਤੁਰ ਬਰਨ ਇਕ ਦੇਗ਼ ਅਹਾਰ॥ਇਕਸਮਸੇਵਹਿਂ ਧਰਿ ਉਰ ਪਯਾਰ। ਚਰਨਾਂਮ੍ਰਿਤ ਕੋ ਦੇ ਸਿਖ ਕਰੈਂ[3]।ਵਾਹਿਗੁਰੂ ਸਿਮਰਹਿਂ ਹਿਤ ਧਰੈਂ' ॥੨੯॥ਸੁਨਿ ਖੱਤ੍ਰੀ ਦਿਜ ਗਨ ਅੱਗਯਾਨੀ[4] ਪਰਮ ਅਭਗਤ ਜਾਤਿ ਅਭਿ-ਮਾਨੀ।ਜਰਹਿਂਨ[5]ਗੁਰਕੀ ਸਿਫਤਿ ਉਦਾਰ।ਕਹੈਂ'ਸੁ'ਕਯਾਪਰਪੰਚ ਪਸਾਰਾ?' ॥ ੩੦ ॥ ਇਕ ਦਿਨ ਮਿਲਿ ਸਭਿ ਮਸਲਤ ਕਰੀ। 'ਇਹਤੋ ਰੀਤਿ ਬੁਰੀ ਜਗ ਪਰੀ।ਅਬਿ ਦਿਜ ਕੋ ਨਹਿਂ ਮਾਨਹਿ ਕੋਇ। ਖੱਤ੍ਰੀ ਧਰਮ ਨਸ਼ਟ ਸਭਿ ਹੋਇ॥੩੧॥ਚਤੁਰ ਬਰਨ ਕੋ ਇਕ ਮਤ ਕਰਯੋ। ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ।ਇਕ ਥਲ ਭੋਜਨ ਸਭਿ ਕੋ ਖਈ[6]*।ਸੰਕਰਿ ਬਰਨ[7]ਪ੍ਰਜਾ ਅਬਿ ਭਈ॥੩੨॥ ਦੇਵ ਪਿਤਰ ਕੀ ਮਨਤਾ ਛੋਰੀ। ਸਭਿ ਮਿਰਯਾਦ ਜਗਤ ਕੀ ਤੋਰੀ[8]। ਅਬਿ ਉਪਾਇ ਇਕ ਕਰਨ ਪੁਕਾਰ[9]। ਬਰਜਹਿ ਪਾਤਸਾਹਿ ਇਸ ਢਾਰ[10]'॥੩੩॥ ਇਮ ਮਸਲਤ ਕਰਿ ਇਕਠੇ ਹ੍ਵੈ ਕੈ। ਦਿਜ ਖੱਤ੍ਰੀ ਮੁਖਿ[11] ਅਤਿ ਦੁਖ ਪੈ ਕੈ†। ਲਵਪੁਰਿ ਗਏ ਫਿਰਾਦੀ[12] ਸਾਰੇ। ਢਿਗ ਅਕਬਰ ਕੇ ਜਾਇ ਪੁਕਾਰੇ ॥੩੪॥ 'ਤੁਮ ਮਿਰਯਾਦਾ ਰਾਖਨ ਹਾਰੇ। ਬਿਗਰਤਿ ਕੋ ਜਗ ਦੇਤਿ ਸੁਧਾਰੇ। ਗੋਇੰਦਵਾਲ ਅਮਰ ਗੁਰੁ ਹੋਵਾ। ਭੇਦ ਬਰਨ ਚਾਰਹੁੰ ਕਾ ਖੋਵਾ ॥੩੫॥ ਰਾਮ ਗਾਇਤ੍ਰੀ ਮੰਤ੍ਰ ਨ ਜਪੈ।ਵਾਹਿਗੁਰੂ ਕੀ ਥਾਪਨ ਥਪੈ[13]।— ਜੁਗ ਚਾਰਹੁੰ ਮਹਿਂ ਕਹੀਂ ਨ ਹੋਈ। ਜਿਮਿ ਮਿਰਯਾਦ ਬਿਗਾਰੀ ਸੋਈ॥ ੩੬॥ਸ੍ਰੁਤਿ ਸਿੰਮ੍ਰਿਤਿ ਕੇ ਰਾਹੁ ਨ ਚਾਲੇ।ਮਨ ਕੋ ਮਤਿ ਕਰਿ ਭਏ ਨਿਰਾਲੇ।

[1]ਹੁਣ ਸਦਾ (ਇਹ ਰੀਤ) ਹੋਵੇਗੀ। [2]ਪ੍ਰਤਾਪ। [3]ਸਿੱਖ ਬਣਾਂਵਦੇ ਹਨ। [4]ਅਗਯਾਨੀ ਖੱਤ੍ਰੀ ਤੇ ਪੰਡਤ ਸਮੂਹ ਸੁਣਕੇ। [5]ਸਹਾਰਦੇ ਨਹੀਂ। [6]ਸਭ ਕਿਸੇ ਨੂੰ ਖੁਵਾਂਦੇ ਹਨ। [7]ਜਾਤ ਭੇਦ ਦਾ ਨਾਂ ਰਹਿਣਾ, ਜਾਤਾਂ ਦਾ ਰਲ ਮਿਲ ਜਾਣਾ। [8]ਤੋੜ ਦਿੱਤੀ। [9](ਬਾਦਸ਼ਾਹ ਪਾਸ) ਫਰਿਯਾਦ ਕਰਨ ਦਾ ਹੈ। [10]ਇਸ ਰੀਤੀ ਤੋਂ। [11]ਆਗੂ। [12]ਪੁਕਾਰ ਕਰਨ ਵਾਲੇ ਹੋਕੇ। [13]ਰਚਨਾ ਰਚਦੇ ਹਨ।

*ਪਾ:—ਬਿਈ। †ਪਾ:—ਦਿਜ ਖੱਤ੍ਰੀ ਮੁਖ ਮੁਖਿ ਦੁਖਿ ਪੈਕੇ।

ਹਮਰੀ ਕਰਹੁ ਅਦਾਲਤ[1] ਏਹੀ। ਦ੍ਰਿੜ ਹੁਇ ਧਰਮ ਸੁ ਰਾਜ ਬ੍ਰਿਧੇਹੀ[2] ॥੩੭॥ਪਸਰ ਜਾਇ[3] ਸਭਿ ਜਗਤ ਬਿਸਾਲਾ। ਪੁਨ ਮੁਸ਼ਕਲ ਇਹੁ ਟਲਹਿ ਨ ਟਾਲਾ[4]। ਸੁਨਿ ਅਕਬਰ ਨੇ ਦੀਨ ਦਿਲਾਸਾ। 'ਕਰਹੁੰ ਨਯਾਉਂ ਰਾਖਹੁ ਭਰਵਾਸਾ॥੩੮॥ਤਿਨ ਕੋ ਇਸ ਬਲ ਲੇਹਿੰ ਬੁਲਾਈ। ਸਭਿ ਬਿਧਿ ਬੂਝਹਿੰ ਬਿਚ ਸਮੁਦਾਈ[5]। ਅਪਨੀ ਬਾਤ ਤਬਹਿ ਤੁਮ ਕਹੋ। ਦੋਨਹੁ ਕੀ ਸੁਨਿ ਹੈਂ ਜਿਮ ਲਹੋ[6] ॥ ੩੯ ॥ ਝੂਠ ਸਾਚ ਤਬਿ ਕਰਹਿੰ ਨਿਤਾਰਾ। ਸੁਨਿ ਕੈ ਸਭਿ ਸੰਬਾਦ[7] ਤੁਮਾਰਾ।ਕਰੌਂ ਅਦਾਲਤ ਨੀਕੇ ਬੈਸ।ਬਹੁ ਪੁਰਿ ਕੇ ਮੁਖਿ ਮੁਖਿ ਤੁਮ ਹੈਸ[8]॥੪੦॥ਇਮਿ ਸੁਨ ਸਗਰੇ ਲਵਪੁਰਿ ਰਹੇ।–ਗੁਰ ਕੋ ਮਤਿ ਮੋਰਹਿਂ–ਚਿਤ ਚਹੇ[9]। ਦਿਜ ਖੱਤ੍ਰੀ ਸੁ ਜਾਤਿ* ਅਭਿਮਾਨੀ। ਭਏ ਇਕੱਤ੍ਰ ਦੁਜਨ ਅਨਜਾਨੀ†॥੪੧॥ਕੇਤਿਕ ਦਿਨ ਮਹਿਂ ਅਕਬਰ ਸ਼ਾਹੂ। ਲਿਖਿ ਪਰਵਾਨਾ ਭੇਜਯੋ ਪਾਹੂ[10]।'ਤੁਮ ਪਰ ਭਏ ਵਿਰਾਦੀ ਆਇ।ਬਹੁ ਪੁਰਿਕੇ ਨਰ ਹੈ ਸਮੁਦਾਇ॥੪੨॥ ਕਰਹੁ ਜਬਾਬ ਦਿਹੀ ਇਨ ਸੰਗ‡। ਨਾਤੁਰ ਇਨਕੇ ਚਾਲਹੁ ਢੰਗ'। ਪਰਵਾਨਾ ਸਤਿਗੁਰ ਪਹਿ ਆਯੋ । ਸੁਨਯੋ ਸ਼੍ਰਵਨ–ਹਮ ਸ਼ਾਹੁ ਬੁਲਾਯੋ–॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਦਿਜ ਬਾਹਜ ਫਰਿਆਦੀ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅਸੂ ॥ ੪੩ ॥

### ੪੪. [ਸ੍ਰੀ ਰਾਮਦਾਸ ਜੀ ਦਾ ਅਦਾਲਤ ਵਿਚ ਜਾਣਾ ਤੇ ਮੁੜਦੀ ਵਾਰੀ ਸ਼ਰਧਾ ਦੇ ਬਸਤ੍ਰ ਤੇ ਕੁਰੱਤਾ ਅੰਬ ਭੇਟਾ ਕਰਨਾ]

ਦੋਹਰਾ ॥ ਸੁਨਿ ਪਰਵਾਨਾ ਸ਼ਾਹੁ ਕੋ ਸਤਿਗੁਰ ਕਰਯੋ ਬਿਚਾਰ।–ਕੋ ਲਾਯਕ ਤਹਿ ਭੇਜਿਬੇ ਬੋਲੈ[11] ਸਭਾ ਮਝਾਰ ॥੧॥ ਚੌਪਈ॥ਅਜਰ ਜਰਨ ਅਰ ਚਤੁਰ ਮਹਾਨਾ। ਕਹਨਿ ਸੁਨਨਿ ਗਤਿ ਜਾਨਹਿ ਨਾਨਾ। ਜਥਾ ਜੋਗ ਪ੍ਰਸ਼ਨੋਤਰ ਕਰੈ। ਕੂਰੇ ਬਨਹਿ ਪੁਕਾਰ ਜਿ ਧਰੈ[12]–॥ ੨ ॥ ਸਭਿ ਬਿਧਿ ਕੋ ਲਾਯਕ ਮਨ ਜਾਨਾ। ਰਾਮਦਾਸ ਗੁਨ ਮਨਹੁ ਖਜ਼ਾਨਾ। ਨਿਕਟਿ ਹਕਾਰਯੋ ਲੀਨ ਬਿਠਾਇ।ਹਿਤ ਸੋਂ ਨੀਕੇ ਤਿਹ ਸਮਝਾਇ॥੩॥'ਹੇ ਸੁਤ! ਦਿਜ ਖੱਤ੍ਰੀ ਕੁਲ-

---

[1]ਇਨਸਾਫ। [2](ਆਪ ਦਾ) ਰਾਜ ਵਧੇਗਾ। [3]ਭਾਵ, ਇਹ ਨਵੀਂ ਮਿਰਯਾਦਾ ਜੇ ਫੈਲ ਜਾਏਗੀ। [4]ਹਟਾਇਆਂ ਨਾ ਹਟੇਗੀ (ਇਹ ਚਾਲ)। [5]ਸਾਰਿਆਂ ਦੇ ਵਿਚ ਪੁੱਛਾਂਗੇ। [6]ਜਿਵੇਂ ਜਾਣਾਂਗੇ। [7]ਝਗੜਾ। [8]ਮੁਖੀਏ ਮੁਖੀਏ ਤੁਸੀਂ ਹੋ। [9]ਚਿੱਤੋਂ ਚਾਹੁੰਦੇ ਹਨ ਕਿ ਗੁਰੂ ਜੀ ਦੇ ਚਲਾਏ ਮਤ ਨੂੰ ਮੋੜ (ਭਾਵ ਬੰਦ ਕਰ) ਦੇਈਏ। [10](ਗੁਰੂ ਜੀ ਦੇ) ਪਾਸ। [11]ਜੋ ਬੋਲਣਾ ਜਾਣੇ। [12]ਪੁਕਾਰ ਕਰਨ ਵਾਲੇ ਝੂਠੇ ਪੈ ਜਾਣ।

*ਪਾ:–ਜੁ ਜਾਤ।

†ਪਾ:–ਅੱਗਜਾਨੀ।

‡ਪਾ:–ਕਰਹੁ ਜਵਾਬ ਆਇ ਹੈ ਸੰਗ।

ਵਾਨ। ਗਏ ਪੁਕਾਰੂ ਜਾਤਿ ਗੁਮਾਨ[੧]। ਹਮ ਕੋ ਦੇਖਿ ਸਕਹਿਂ ਨਹਿ ਸੋਇ। ਅੱਗਜਾਨੀ ਮਤਿ ਮੂਰਖ ਹੋਇ॥੪॥ਬਹੁ ਪੁਰਿ ਕੇ ਮਿਲਿ ਗਏ ਵਿਰਾਦੀ।ਮਤ-ਸਰ ਕਰਿ ਮਿਥਨਾ ਅਪਵਾਦੀ[੨]। ਬੀਚ ਕਚਹਿਰੀ ਕੇ ਸੰਬਾਦ। ਕਹਿ ਕਹਿ ਜੀਤਹੁ ਧਰਿ ਅਹਿਲਾਦ॥੫॥ ਜਿਮਿ ਬੂਝਹਿਂ ਤਿਮ ਦੇਹੁ ਜਬਾਬ। ਕਰਹੁ ਨ ਡੇਰੀ ਜਾਹੁ ਸ਼ਿਤਾਬ'। ਸੁਨਤਿ ਖਰੇ ਹੁਇ ਬਿਨਤੀ ਠਾਨੀ। 'ਹੇ ਸਤਿਗੁਰ ! ਸਭਿ ਮਤਿ ਗੁਨ ਖਾਨੀ॥੬॥ਤੁਮਰੇ ਪ੍ਰੇਮਬਿਨਾ ਕੁਛ ਆਨਾ।ਮੈਂ ਨਹਿਂ ਜਾਨਤਿ ਕਹਾਂ ਬਖਾਨ[੩]। ਗਾਇੱਤ੍ਰੀ ਸ਼੍ਰੁਤਿ ਸਿੰਮ੍ਰਿਤਿ ਸਾਰ। ਪੜ੍ਹੇ ਨ ਕਬਹੂੰ ਕਰੇ ਬਿਚਾਰ[੪]॥੭॥ਆਗਯਾ ਤੁਮਰੀ ਕੇ ਅਨੁਸਾਰ।ਮੈਂ ਬੋਲੌਂ ਸੰਗ ਹੋਹਿਂ ਹਜਾਰ[੫]। ਬਿਰਦ ਲਾਜ ਤੁਮ ਕੋ ਸਭਿ ਅਹੈ। ਹਮਰੇ ਨਾਮ ਨ ਕੋਊ ਕਹੈ[੬]'॥੮॥ਇਮਿ ਬਿਨਤੀ ਸੁਨਿ ਸ਼੍ਰੋਨ ਕ੍ਰਿਪਾਲ।ਕ੍ਰਿਪਾ ਦ੍ਰਿਸ਼ਟਿ ਪਿਖਿਕੈ ਤਿਸਕਾਲ।ਸਤਿਗੁਰ ਕਹਯੋ ਭਲੇ ਸਮੁਝਾਇ।'ਹੇ ਸੁਤ ਤ੍ਰਾਸ ਨ ਕੀਜਹਿ ਕਾਇ॥੯॥ ਨਿਜ ਭੁਜ ਪਿਖਹੁ ਦਾਹਿਨੀ ਜਬੈ।ਸਭਾ ਬਿਖੈ ਫੁਰ ਆਵਹਿ ਸਬੈ। ਚਾਰਹੁੰ ਬੇਦ ਭੇਦ ਕੋ ਪਾਵਹਿਂ*।ਖਟ ਸ਼ਾਸਤ੍ਰ ਵਕਤਾ ਹੁਇ ਜਾਵਹਿਂ†॥੧੦॥ਅਪਰ ਜਿ ਉਕਤਿ ਜੁਕਤਿ ਸਭਿ ਹੋਇ।ਸਾਰ ਪੁਰਾਨਨ ਕੋ[੭] ਲਖਿ ਸੋਇ।ਨਿਰਭੈ ਸਭਿ ਮਹਿਂ‡ ਕਹੀਅਹਿ ਬਾਨੀ। ਹੇ ਸੁਤ ਪ੍ਰਾਪਤਿ ਬਿਜੈ ਮਹਾਨੀ॥ ੧੧॥ ਸ਼ਾਸਤ੍ਰਨ ਕੇ ਕਰਤਾ ਜੋਇ।ਤੁਝ ਸੰਗ ਕਹੈਂ ਸਮਰਥ ਨ ਸੋਇ[੮]।ਇਹੁ ਨਰ ਬਪੁਰਨਿ ਕੀ ਕਯਾ ਗਿਨਤੀ।ਸਰਬ ਸੁਰਾਸੁਰ ਠਾਨਹਿਂ ਬਿਨਤੀ'॥੧੨॥ਇਮਿ ਸੁਨਿ ਬਾਕ-ਨਿ ਧਰਯੋ ਭਰੋਸਾ।ਕਰਿ ਬੰਦਨ ਕੋ ਚਲੇ ਅਦੋਸ਼ਾ[੯]।ਲਵਪੁਰਿ ਅਪਨੇ ਗ੍ਰਿਹਿ ਮਹਿਂ ਗਏ।ਉਠੇ ਪ੍ਰਾਤ ਤਹਿਂ ਜਾਵਤਿ ਭਏ॥੧੩॥ ਸੁਨਿ ਅਕਬਰ ਨੇ ਸਰਬ ਹਕਾਰੇ।ਦਿਜ ਖੱਤ੍ਰੀ ਪਹੁੰਚੇ ਤਬਿ ਸਾਰੇ। ਅਪਰ ਲੋਕ ਅਰੁ ਸਭਿ ਉਮਰਾਵ। ਮਿਲਿ ਇਕਠੇ ਹੋਏ ਤਿਸ ਥਾਂਵ॥੧੪॥ ਸਭਿਨਿ ਸੰਗ ਅਕਬਰ ਨੇ ਕਹਯੋ। 'ਕੌਨ ਖੋਟ ਇਨ ਮਹੁਂ ਤੁਮ ਲਹਯੋ?।ਜਿਸ ਪਰ ਕਰਿ ਪੁਕਾਰ ਸਭਿ ਆਏ। ਅਪਨੋ ਧਰਮ ਕਹਹੁ ਸਮੁਝਾਏ'॥੧੫॥ਦਿਜ ਖੱਤ੍ਰੀ ਪੰਡਿਤ ਬਿਚ ਕੋਈ।ਮਤ-ਸਰ ਅਗਨਿ ਜਰਤਿ ਹੈਂ ਜੋਈ। ਸੋ ਬੋਲੇ'ਇਨ ਖੱਤ੍ਰੀ ਜਾਤਿ। ਅਪਨੋ ਪੰਥ

[੧]ਜਾਤ ਦੇ ਗੁਮਾਨ ਵਾਲੇ। [੨]ਝੂਠੇ ਨਿੰਦਕ ਈਰਖਾ ਕਰ ਰਹੇ ਹਨ। [੩](ਮੈਂ ਓਥੇ)ਕੀ ਕਹਾਂਗਾ। [੪]ਨਾ ਪੜ੍ਹੇ ਤੇ ਨਾ ਕਦੇ ਵਿਚਾਰੇ ਹੀ ਹਨ। [੫]ਮੈਂ ਬੋਲਾਂਗਾ(ਤਿਨ੍ਹਾਂ)ਨਾਲ ਜੋ ਭਾਵੇਂ ਹਜ਼ਾਰਾਂ ਹੋਣਗੇ। [੬]ਭਾਵ ਇਹ ਹੈ ਕਿ ਸਾਡਾ ਨਾਮ ਲੈਕੇ ਕੋਈ ਅਪਜਸ ਕਰੇ ਤਾਂ ਜੀ ਸਦਕੇ ਕਰੇ ਪ੍ਰੰਤੂ ਨਾਮ ਤੁਹਾਡਾ ਹੈ ਤੇ ਤੁਹਾਡੇ ਨਾਮ ਨਾਲ ਕੋਈ ਅਜੋਗ ਗੱਲ ਨਹੀਂ ਸਹੀ ਜਾ ਸਕਦੀ ਤਾਂਤੇ ਸਹਾਇਤਾ ਕਰਕੇ ਲਾਜ ਰੱਖਲੈਣੀ। [੭]ਪੁਰਾਣਾਂ ਦਾ ਸਿੱਧਾਂਤ। [੮]ਤੇਰੇ ਨਾਲ(ਪ੍ਰਸ਼ਨ ਉੱਤ੍ਰ)ਕਹਿਣ ਵਿਚ ਸਮਰੱਥ ਨਹੀਂ ਹੋਣਗੇ। [੯]ਭਾਵ ਸ੍ਰੀ (ਗੁਰੂ) ਰਾਮਦਾਸ ਜੀ। *ਪਾ:-ਪਾਵਹੁ। †ਪਾ:-ਜਾਵਹੁ। ‡ਪਾ:-ਨ੍ਰਿਭੈ ਸਭਾਂ ਮਹਿ।

ਕਰਨੋ* ਬੱਖਨਾਤ॥੧੬॥ ਬੇਦ ਰੀਤ ਕੋ ਤਜਾਗਨ ਕਰਨੋ। ਔਰੇ ਮਤ ਅਪਨੋ ਪਰਚੁਰਨੋ[1]।ਅਪਰ ਬਾਤ ਤੋ ਕਹਿਨੀ ਕਹਾਂ।ਹਿੰਦੁਨਿ ਧਰਮ ਗਾਇੱਤ੍ਰੀ ਮਹਾਂ ॥੧੭॥ਸੋ ਭੀ ਨਹਿਂ ਜਾਨਹਿਂ ਨਹਿਂ ਜਪੈਂ । ਗੁਰਬਾਨੀ ਕੁਛ ਔਰਹਿ ਥਪੈਂ[2]। ਤਬਿ ਅਕਬਰ ਨੇ ਇਨ ਦਿਸ਼ ਦੇਖਾ।'ਗਾਇੱਤ੍ਰੀ ਤੁਮ ਧਰਮ ਵਿਸ਼ੇਖਾ॥੧੮॥ ਸੋ ਭੀ ਪਠੀ ਨ ਤੁਮ ਨੇ ਕੈਸੇ।ਹਿੰਦੂ ਧਰਮ ਖੱਤ੍ਰੀ ਕਿਮਿ ਹੈਸੇ?'। ਰਾਮਦਾਸ ਗੁਰ ਬਚਨ ਸੰਭਾਰਾ। ਭੁਜਾ ਦਾਹਿਨੀ ਦਿਸ਼ਾ ਨਿਹਾਰਾ॥੧੯॥ਸਭਿ ਬਿੱਦਯਾ ਪ੍ਰਾਪਤ ਭੀ ਐਸੇ।ਚਿਰੰਕਾਲ ਪਠਿ ਪਾਵਹਿ ਜੈਸੇ[3]।ਬੋਲੇ ਰਾਮਦਾਸ ਸੰਗਸ਼ਾਹੂ। 'ਪਠਹਿਂ ਗਾਇੱਤ੍ਰੀ ਹਮ ਤੁਮ ਪਾਹੂ॥੨੦॥ਅਰਥ ਸਮੇਤਿ ਸੁਨਾਵਹਿਂ ਸਾਰੀ। ਜੋ ਆਸ਼ੈ ਹੈ ਤਾਂਹਿ ਮਝਾਰੀ।ਸਭਿ ਕੇ ਬੀਚ ਪਾਠ ਤਿਸ ਪਢੋ।ਪਾਪ ਪੁੰਨ ਸਭਿ ਜਿਨ ਮਿਲ ਚਹੈ[4]'॥੨੧॥ਇਮਿ ਕਹਿ ਧੁਨਿ ਕੀਨਸਿ ਇਸ ਭਾਂਤਿ। ਸਕਲ ਅਰਥ ਕੋ ਕਹਿ[5] ਬੱਖਨਾਤ । 'ਓਅੰਕਾਰ' ਉਚਾਰਨ ਕਰਨੋ†। ਸੁਨਿ ਧੁਨਿ ਬਾਯੂ ਗਮਨਤਿ ਥਿਰਨੋ[6]॥੨੨॥ ਪਾਥਰ ਮ੍ਰਿਦੁਲ ਤਹਾਂ ਹੁਇ ਗਏ । ਸੁਨਿ

[1]ਪ੍ਰਚਾਰਿਆ ਹੈ, ਜਾਰੀ ਕੀਤਾ ਹੈ। [2]ਬਣਾਈ ਹੈ। [3]ਜਿਵੇਂ (ਕੋਈ) ਚਿਰ ਕਾਲ ਪੜ੍ਹਕੇ ਪ੍ਰਾਪਤ ਕਰਦਾ ਹੈ। [4]ਹਿੰਦੂ ਨਿਸਚੇ ਮੂਜਬ ਗਾਯਤ੍ਰੀ ਦਾ ਪਾਠ ਮਲੇਛ ਸਭਾ ਵਿਚ ਤੇ ਖਾਸ ਸਾਧਨ ਤੋਂ ਬਿਨਾਂ ਪੜ੍ਹਨਾਂ ਵਿਹਤ ਨਹੀਂ', ਉਸ ਨਿਸ਼ਚੇ ਵਲ ਇਸ਼ਾਰਾ ਕਰਕੇ ਸ੍ਰੀ ਜੇਠਾ ਜੀ ਵਜੰਗ ਨਾਲ ਇਹ ਵਾਕ ਕਹਿੰਦੇ ਹਨ। [5]ਅਰਥ ਕਹੇ ਪ੍ਰਗਟ, ਅਗੇ ਅੰਕ ੨੭ ਵਿਚ ਬੀ ਲਿਖਿਆ ਹੈ, 'ਅਰਥ ਸਹਤ ਗਾਇੱਤ੍ਰੀ ਬਖਾਨੀ'। [6]ਚਲਦੀ ਹੋਈ ਹਵਾ ਖੜੋ ਗਈ।　　*ਪਾ:-ਕਰਹਿ।

†ਕਵਿ ਜੀ ਇਸ ਤੋਂ ਪਹਿਲੇ ਕਹਿ ਆਏ ਹਨ ਕਿ ਗਾਯਤ੍ਰੀ ਦੀ ਧੁਨਿ ਤੇ ਅਰਥ ਪ੍ਰਗਟ ਕਰਕੇ ਦੱਸ ਦਿੱਤੇ, ਫੇਰ ਉਨ੍ਹਾਂ ਉਚਾਰਿਆ ਹੈ ਓਅੰਕਾਰ। ਇਹ ਪਦ ਸਿਖ ਲੇਖਕ ਗੁਰਬਾਨੀ ਦੇ ੧ ਓ ਲਈ ਅਕਸਰ ਵਰਤ ਲੈਂਦੇ ਹਨ। ਸੋ ਕਵਿ ਜੀ ਦਾ ਆਸ਼ਾ ਜਾਪਦਾ ਹੈ ਕਿ ਗੁਰ ਘਰ ਦੇ 'ਇਕ ਓਅੰਕਾਰ' ਦੀ ਧੁਨਿ ਸ੍ਰੀ ਰਾਮਦਾਸ ਜੀ ਨੇ ਕੀਤੀ ਜਿਸ ਨਾਲ ਸਭ ਸਮਾਧੀ ਹੋ ਗਏ। ਕਵਿ ਜੀ ਇਹ ਨਹੀਂ ਕਹਿੰਦੇ ਕਿ ਓਅੰਕਾਰ ਦੇ ਮਗਰੋਂ ਉਹਨਾਂ ਨੇ 'ਭੂਰ ਭਵਾ ਸ੍ਵਾਹਾ ਤੱਤ ਵਿਤਰ' ਆਦਿ ਵਾਕ ਹੋਰ ਬੀ ਕਹੇ ਜਿਸ ਤੋਂ ਇਸ ਵੇਲੇ ਗਾਯਤ੍ਰੀ ਦਾ ਉਚਾਰਨ ਸਿੱਧ ਹੋ ਸੱਕੇ, ਗਾਯਤ੍ਰੀ ਦਾ ਉਚਾਰ ਤੇ ਅਰਥ ਪਹਿਲਾਂ ਹੋ ਚੁਕਾ ਹੈ। ਵਾਰਤਕ ਮਹਿਮਾ ਪ੍ਰਕਾਸ਼ ਵਿਚ ਭੀ ਲਿਖਿਆ ਹੈ ਕਿ ਸ੍ਰੀ ਜੇਠਾ ਜੀ ਨੇ ਸਤਿਗੁਰੂ ਜੀ ਦਾ ਮੰਤ ਅਤੇ ਗੁਰਬਾਨੀ ਸਭਾ ਵਿਚ ਸੁਣਾਈ। ਫਰਿਆਦੀਆਂ ਨੇ ਗੁਰਬਾਨੀ ਪਰ ਉਪਰ ਛੰਦ ੧੮ ਵਿਚ ਤਰਕ ਕੀਤੀ ਹੈ। ਸੋ ਪਹਿਲਾਂ ਵਾਦੀਆਂ ਦੇ ਇਸ ਦਾਵੇ ਨੂੰ ਖੰਡਨ ਕੀਤਾ ਕਿ ਇਨ੍ਹਾਂ ਨੂੰ ਗਾਯਤ੍ਰੀ ਆਦਿ ਦੀ ਸੋਝੀ ਨਹੀਂ, ਫਿਰ ਵਾਦੀਆਂ ਦੇ ਦੂਸਰੇ ਦਾਅਵੇ ਨੂੰ ਖੰਡਨਾ ਅਵੱਸ਼ਕ ਹੈ ਕਿ ਇਨ੍ਹਾਂ ਨਵੀਂ ਬਾਨੀ ਰਚੀ ਹੈ। ਉਸ ਬਾਨੀ ਦੀ ਗੌਰਵਤਾ ਅਕਬਰ ਦੇ ਦਿਲ ਤੇ ਬਿਠਾਉਣੀ ਜ਼ਰੂਰੀ ਸੀ। ਦੁਇ ਕਾਰਜ ਸ੍ਰੀ ਜੀ ਨੇ ਕਰ ਦਿਖਾਏ ਜਿਸ ਤੋਂ ਅਕਬਰ ਨੂੰ ਨਿਸ਼ਚਾ ਹੋ ਗਿਆ ਕਿ ਵਾਦੀਆਂ ਦੀ ਪੁਕਾਰ ਝੂਠੀ ਹੈ, ਏਹ ਸ਼ਾਸਤ੍ਰ ਜਾਣਦੇ ਹਨ, ਅਰ ਗੁਰੂ ਕੀ ਗੁਰਬਾਣੀ ਸ਼ਾਸਤ੍ਰਾਂ ਤੋਂ ਬੀ ਮਹਾਨ ਉਤਮ ਹੈ।

ਸਭਿ ਲੋਕ ਬਿਸਮਤੇ ਭਏ। ਦ੍ਰਵਨੋ ਸੁ ਮਨ ਸਭਿ ਕੋ ਤਿਸਕਾਲ। ਤੂਸ਼ਨਿ ਪੰਡਤਿ ਕੀਨਿ ਬਿਸਾਲ॥੨੩॥ਸੀਤਲ ਰਿਦੈ ਭਏ ਸਭਿ ਕੇਰ।ਪ੍ਰਗਟੀ ਪ੍ਰੀਤ ਰਹੇ ਮੁਖ ਹੇਰਿ।ਅਚਰ ਚਰੇ,ਚਰ ਅਚਰ[1] ਭਏ ਜਬਿ। ਕਨਾ ਗਿਨਤੀ ਨਰ ਬਪੁਰਨ ਕੀ ਤਬਿ॥੨੪॥ਅਕਬਰ ਅਤਿ ਪ੍ਰਸੰਨ ਹੁਇਗਯੋ।ਸਭਿਨਿ ਸੁਨਾਇ ਬਖਾਨਤਿ ਭਯੋ। 'ਪਰਮੇਸੁਰ ਦਰਵੇਸ਼ ਜਿ ਦੋਊ। ਨਹੀਂ ਭੇਦ ਏਕੋ ਇਹ ਸੋਊ॥੨੫॥ਇਨ ਸੋਂ ਸਮਤਾ ਤੁਮ ਹੁਇ ਨਾਂਹੀ।ਇਹ ਸਾਰੇ ਤੁਮ ਮਿੱਥਨਾ ਮਾਂਹੀ[2]। ਬੇਦ ਪੁਰਾਨ ਕਹਨੋ ਇਨ ਕਰਨੋ[3]। ਤੁਮ ਕਹਿਬੇ ਮਾਤ੍ਰ ਮੈ ਥਿਰਨੋ[4] ॥੨੬॥ ਕਨੋਂ ਨ ਕਹਹੁ ਅਬਿ ਸਨਮੁਖ ਬਾਨੀ। ਅਰਥ ਸਹਤ ਗਾਇੱਤ੍ਰੀ ਬਖਾਨੀ। ਇਸ ਮਹਿਂ ਕਰਹੁ ਪ੍ਰਸ਼ਨ ਜੋ ਜਾਨਹੁ। ਨਾਂਹਿ ਤ ਅਬਿ ਬੰਦਨ ਕੋ ਠਾਨਹੁ' ॥੨੭॥ਪਿਖਿ ਅਕਬਰ ਕੋ ਤੇਜ ਬਿਸਾਲਾ। ਝੂਠੇ ਹੋਇ ਸਕਲ ਤਿਸ ਕਾਲਾ। ਬਾਕ ਨ ਕਿਨਹੁ ਉਚਾਰਨਿ ਕੀਨਾ।ਉਠਿ ਸਭਿਨੇ ਘਰ ਮਾਰਗ ਲੀਨਾ॥੨੮॥ ਰਾਮਦਾਸ ਕੇ ਸੰਗ ਪਿਛਾਰੀ।ਬਾਨੀ ਅਕਬਰ ਸ਼ਾਹੁ ਉਚਾਰੀ। 'ਜਗ ਕੇ ਲੋਕ ਦੁਖਹਿ ਤੁਮਿ ਹੇਰ।ਅਨਿਕ ਭਾਂਤਿ ਕੀ ਨਿੰਦਾ ਟੇਰਿ॥੨੯॥ਯਾਂਤੇ ਸਭਿਹਿਨਿ ਕੋ ਮਨ ਰਾਖਨਿ।ਮਮ ਦਿਸ਼ ਤੇ ਗੁਰ ਸੋਂ ਕਰਿ ਭਾਖਨਿ[5]।ਕਰਨਿ ਤੀਰਥਨ ਕੋ ਇਸ਼ਨਾਨਾ।ਅੰਗੀਕਾਰ ਕਰਹਿਂ ਰੁਚਿ ਠਾਨਿ*॥੩੦॥ ਤੁਮ ਹੋ ਬਡੇ ਰਖਹੁ ਮਿਰਜਾਦਾ।ਅਰ ਸਭਿਹਿਨਿ ਕੋ ਮਿਟਹਿ ਬਿਬਾਦਾ[6]। ਤੀਰਥ ਪਾਵਨ ਤੁਮ ਤੇ ਹੋਇਂ। ਮੂਰਖ ਨਰ ਨਹਿਂ ਜਾਨਹਿ ਕੋਇ' ॥ ੩੧ ॥ ਇਸ ਪ੍ਰਕਾਰ ਕਹਿ

[1]ਨਾ ਵਿਚਰਨ ਵਾਲੇ ਚੱਲਣ ਲਗ ਗਏ, ਤੇ ਚੱਲਣ ਵਾਲੇ ਜੜ੍ਹ ਹੋ ਗਏ। [2]ਝੂਠ ( ਖਿਆਲਾਂ ) ਵਿਚ ਹੋ। [3]ਬੇਦ ਪੁਰਾਨ ਦੇ ਕਹੇ ਤੇ (ਹਕੀਕਤ ਵਿਚ) ਇਨ੍ਹਾਂ ਨੇ (ਅਮਲ) ਕੀਤਾ ਹੈ। [4]ਟਿਕੇ ਹੋ। [5]ਭਾਵ, ਸੁਨੇਹਾ ਦੇਣਾ। [6]ਮਿਟ ਜਾਇਗਾ ਝਗੜਾ।

*ਇਹ ਗੱਲ ਗੁਰਬਾਣੀ ਦੇ ਅਨਕੂਲ ਨਹੀਂ। ਸ੍ਰੀ ਗੁਰੂ ਜੀ ਨੇ ਜਗਤ ਦੇ ਉਧਾਰ ਵਾਸਤੇ ਤੀਰਥਾਂ ਤੇ ਜਾਣਾ ਕੀਤਾ ਸੀ, ਸ੍ਰੀ ਗੁਰੂ ਰਾਮਦਾਸ ਜੀ ਦਾ ਆਪਣਾ ਵਾਕ ਹੈ। ਯਥਾ:— 'ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥' ਮਹਿਮਾ ਪ੍ਰਕਾਸ਼ ਤੋਂ ਪਤਾ ਲੱਗਦਾ ਹੈ ਕਿ ਅਕਬਰ ਗੁਰੂ ਜੀ ਦੀ ਅਲੂਹੀਯਤ ਨੂੰ ਮੰਨ ਗਿਆ ਤੇ ਗੰਗਾ ਜਾਣਾ ਉਸ ਨੇ ਮੂਰਖ ਰਸਮ ਪ੍ਰਸਤੀਆਂ ਨੂੰ ਸੱਚਾ ਗਿਆਨ ਦਾਨ ਦੇਣ ਵਾਸਤੇ ਆਖਿਆ, ਯਥਾ:—ਤਬ ਕਹਿਓ ਅਕਬਰ ਸ਼ਾਹੁ। ਸਭਿ ਲੋਕ ਨਿਜ ਗ੍ਰਿਹ ਜਾਉ। ਯਹਿ ਫਕਰ ਮੌਲਾ ਜਾਤ। ਨਹੀਂ ਚਲੇ ਇਨ ਸੋਂ ਬਾਤ। ਮੌਲਾ ਵਲੀ ਨਹੀਂ ਭੇਦ। ਕਿਆ ਹੋਇ ਪੜ੍ਹਿਐ ਬੇਦ। ਪੁਨਾ:—ਏਕ ਬਾਰ ਗੰਗਾ ਤੁਮ ਆਈਐ। ਮੂਰਖ ਲੋਗਨ ਭਰਮ ਮਿਟਾਈਐ। ਤੁਮ ਬਡੇ ਵਲੀ ਹੋ ਜਗ ਸੋਂ ਨਿਆਰੇ। ਸੁਖਦਾਈ ਸਭ ਜਗ ਕੇ ਪਿਆਰੇ।ਯਹ ਮੂਰਖ ਮਹਿਮਾ ਨਹੀਂ ਜਾਨੇ। ਮੌਲਾ ਆਪ ਫਕਰ ਕੋ ਮਾਨੇ। ਵਾਰਤਕ ਮਹਿਮਾ ਪ੍ਰਕਾਸ਼ ਵਿਚ ਅਕਬਰ ਵਲੋਂ ਤੀਰਥ ਜਾਣ ਦੀ ਪ੍ਰੇਰਨਾ ਹੋਈ ਨਹੀਂ ਲਿਖੀ।

ਅਕਬਰ ਸ਼ਾਹੁ। ਰਾਮਦਾਸ ਕਰਿ ਬਿਦਾ ਉਮਾਹੂ॥ਇਕ ਦਿਨਅਪਨੇ ਗ੍ਰਹਿ ਰਹਿ ਕਰਿਕੈ। ਸ੍ਰੀ ਗੁਰ ਕੋ ਮਨ ਪ੍ਰੇਮ ਸੰਭਰਿ ਕੈ॥੩੨॥ਜਬਿ ਬਜਾਰ ਮਹਿਂ ਪਹੁੰਚੇ ਜਾਇ। ਬਹੁਤ ਮੋਲ ਕੇ ਬਸਤ੍ਰ ਬਿਕਾਇਂ[1]। ਅਤਿ ਸੁੰਦਰ ਕੋ ਦੇਖਨ ਲਾਗੇ।-ਇਹ ਗੁਰ ਉਚਿਤ-ਚਿਤਵਬੇ ਲਾਗੇ ॥ ੩੩ ॥-ਗਰ[2]* ਕੋ ਬਸਤ੍ਰ ਹੋਇ ਇਸ ਕੇਰਾ। ਇਹ ਊਪਰ ਕੋ ਬਨਹਿ ਬਡੇਰਾ-।ਧਨ ਢਿਗ ਨਹੀਂ ਮੋਲ ਜੋ ਦੇਇਂ। ਗੁਰ ਹਿਤ ਬਸਤ੍ਰ ਬਨਾਇ ਜਿ ਲੇਇਂ ॥ ੩੪ ॥ ਗੁਰ ਕੇ ਉਚਿਤ ਜਾਨਿ ਨਹਿਂ ਤਜੈ[3]। ਖਰੋ ਰਹਨੋ ਹਿਰਦੇ ਮਹਿਂ ਜਜੈ[4]। ਮਨ ਕਰਿ ਬਸਤ੍ਰ ਸੀਵਤੋ ਖਰਨੋ।ਗਰ ਗੁਰ ਕੇ ਪਹਿਰਾਵਨ ਕਰਨੋ॥੩੫॥ਪੁਨ ਊਪਰ ਕੋ ਬਸਤ੍ਰ ਸੁਧਾਰਹਿ।ਪਹਿਰਾਵਹਿ ਗੁਰ ਧ੍ਯਾਨ ਸੁ ਧਾਰਹਿ। ਗੋਇੰਦਵਾਲ ਜਾਨਕਰਿ ਭਾਉ।ਸ੍ਰੀਗੁਰ ਪਹਿਰਹਿਂ ਅੰਗ ਹਿਲਾਉ[5]॥੩੬॥ਕਬਿ ਹਾਥਨ ਕੋ ਊਚੇਕਰੈਂ। ਕਬਹਿ ਤਨੀ ਬੰਧਨ[6] ਕੋ ਧਰੈਂ। ਇਤ ਉਤ ਹੇ ਕਰਿ ਦੇਹਿ ਹਿਲਾਵਹਿਂ। ਸਭਿ ਸਿਖ ਦੇਖਿ ਦੇਖਿ ਬਿਸਮਾਵਹਿਂ ॥ ੩੭ ॥ ਬੈਠੇ ਸ੍ਰੀ ਸਤਿਗੁਰ ਬਿਨ ਕਾਰਨ।ਇਤ ਉਤ ਤਨਿ ਕਰਿ ਭੁਜਾ ਉਸਾਰਨ[7]†। ਸਭਿਕੈ ਮਨ ਕੀ ਬੱਲੂ ਜਾਨ।ਸੰਸੈ ਜੁਤਿ ਹੁਇ ਬੂਝਨਿ ਠਾਨਿ॥੩੮॥'ਹੇਪ੍ਰਭੂ!ਸਿੰਘਾਸਨ ਪਰ ਥਿਰੇ। ਕਿਮਿ ਇਤ ਉਤ ਅੰਗਨ ਕੋ ਕਰੇ?। ਰਾਵਰਿ ਲੀਲਾ ਲਖੀ ਨ ਜਾਇ। ਕਹੀਅਹਿ ਪ੍ਰਭੁ ਚਾਹਤਿ ਸਮੁਦਾਇ' ॥੩੯॥ ਤਬਿ ਸ੍ਰੀ ਅਮਰ ਭਨਨੋ ਮਨ ਭਾਵਤਿ। 'ਰਾਮਦਾਸ ਮੁਹਿ ਪਟ ਪਹਿਰਾਵਤਿ। ਲਵਪੁਰਿ ਕੇ ਬਜਾਰ ਮਹਿ ਥਿਰਨੋ।ਤਹਿਂ ਪਿਖਿਪਟਪਹਿਰਾਵਨਕਰਨੋ'॥੪੦॥ਸੁਨਿਸਭਿਹਿਨਿਤਬਿਸੀਸ ਨਿਵਾਯਹੁ। ਭਾਉ ਸਦਾ ਸਿੱਖਨ ਕੋ ਭਾਯਹੁ। ਇਮ ਤਹਿਂ ਬਸਤ੍ਰ ਨਿਵੇਦਨ ਕਰੇ[8]।ਲਖਿ ਗੁਰ ਉਚਿਤ ਪ੍ਰੇਮ ਤੇ ਭਰੇ॥੪੧॥ਰਾਮਦਾਸ ਪੁਨ ਚਲੇ ਅਗਾਰੇ। ਆਏ ਚੌਂਕ ਨਖਾਸ[9]ਮਝਾਰੇ। ਬਿਨ ਰੁਤਿ ਤੇ ਤਹਿ ਆਂਬ ਬਿਕਾਇਂ।ਅਤਿ ਸੁੰਦਰ ਪਿਖਿ ਰਹਨੋਲੁਭਾਇ॥੪੨॥-ਲਵਪੁਰਿ ਕੀ ਇਹ ਵਸਤੁ ਅਜਾਇਬੁ। ਅਰਪਨ ਉਚਿਤ‡ ਸਰਸ ਗੁਰ ਸਾਹਿਬ[10]। ਰਿਕਤ[11] ਹਾਥ ਬਡਿਅਨਿ

[1]ਵਿਕਦੇ ਸਨ। [2]ਗਲੇ ਦਾ। [3]ਛੱਡਦੇ ਭੀ ਨਹੀਂ। [4]ਖੜੋਕੇ ਦਿਲ ਵਿਚ ਅਰਪਦਾ ਰਿਹਾ। [5]ਭਾਵ-ਉਧਰ ਗੋਇੰਦਵਾਲ ਵਿਚ ਗੁਰੂ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰੇਮ ਨੂੰ ਜਾਣਕੇ ਅੰਗ ਇਉਂ ਹਿਲਾਉਣ ਜਿਵੇਂ (ਕੱਪੜੇ) ਪਹਿਨਦੇ ਹਨ। [6]ਤਣੀਆਂ ਬੰਨ੍ਹਣ। [7]ਉੱਚੀਆਂ ਕਰਨ। [8]ਅਰਪਣ ਕੀਤੇ। [9]ਮੰਡੀ [ਅ:, ਨਖਾਸ ]। [10]ਗੁਰੂ ਸਾਹਿਬ ਜੀ ਨੂੰ ਭੇਟਾ ਕਰਨੇ ਜੋਗ ਹੈਨ। [11]ਖਾਲੀ। *ਪਾ:-ਗੁਰ। †ਪਾ:-ਪਸਾਰਨਿ।

‡ਪਾ:-ਅਪਰ ਨ ਉਚਿਤ=ਹਰ ਕੋਈ ਲੋਕ ਨਹੀਂ' (ਸ੍ਰੇਸ਼ਟ ਗੁਰੂ ਜੀ ਤੋਂ ਬਿਨਾਂ)।

ਢਿਗ ਜਾਨਾ॥ਇਸ ਤੇ ਪਰੇ ਆਨ ਕੋ ਹਾਨ॥੪੩॥ਅਦਭੁਤ ਬਿਨ ਰੁਤ ਫਲ
ਲੈ ਜੈ ਹੌਂ।ਅਰਪਿ ਅਗਾਰੀ ਬੰਦਨ ਕੈ ਹੌਂ।ਬਹੁ ਦਿਨ ਕੇ ਬਿਛਰੇ ਦਰਸੈ ਹੌਂ।
ਪਿਖਿ ਸਰੂਪ ਲੋਚਨ ਤ੍ਰਿਪਤੈ ਹੌਂ–॥੪੪॥ਢਿਗ ਹੁਇ ਬੂਝਯੋ ਵੇਚਨ ਵਾਰੋ।
'ਕਹਹੁ ਮੋਲ ਇਹੁ, ਫਲ ਬਿਵਹਾਰੋ[1]!'। 'ਏਕ ਰਜਤਪਣ'ਮੋਲ ਕਿਯੋ ਹੈ।
ਸੋ ਦੇ ਕਰਿ ਨਿਜ ਹਾਥ ਲਿਯੋ ਹੈ ॥ ੪੫ ॥ ਕਰੇ ਸ਼ੀਘ੍ਰਤਾ ਗਮਨਯੋ ਫੇਰ।
ਗੋਇੰਦਵਾਲ ਪੰਥ ਕੋ ਹੇਰਿ॥ਬਢਯੋ ਪ੍ਰੇਮ ਸ਼੍ਰੀ ਸਤਿਗੁਰ ਪੂਰਨ।ਮਿਲਯੋ ਚਹੈ
ਚਲਿ ਕਰਿ ਮਗ ਤੂਰਨ ॥੪੬॥ ਚਲਤਿ ਚਲਤਿ ਦਿਨਮਨਿ[2]ਅਸਤਾਯਹੁ।
ਗ੍ਰਾਮ ਬਿਖੈ ਬਸਿ ਨਿਸਾ ਬਿਤਾਯਹੁ। ਬਡੀ ਪ੍ਰਭਾਤਿ ਉਠੇ ਪੁਨ ਚਲੇ। ਚਿਤ
ਮਹਿਂ ਪਯਾਸ ਅਧਿਕ–ਗੁਰ ਮਿਲੇ–॥ ੪੭ ॥ ਭੈਰੋਵਾਲ ਗ੍ਰਾਮ ਤਬਿ ਆਏ।
ਗੋਇੰਦਵਾਲ ਰਹਯੋ ਨਿਕਟਾਏ। ਲਗੀ ਉਸ਼ਨਤਾ ਕਰ ਕੀ[3]ਫਲ ਕੋ। ਫੂਟ
ਗਯੋ ਰਸ ਨਿਕਸਤਿ ਫਲ ਕੌ[4]॥੪੮॥–ਗੁਰਲਗ ਨਹਿਂ ਪਹੁੰਚੈ–ਚਿਤ ਚੀਨ।
ਤਬ ਸ਼੍ਰੀ ਅਮਰ ਧਯਾਨ ਧਰਿ ਲੀਨਿ।'ਹੇ ਪ੍ਰਭੁ! ਇਹ ਫਲ ਅਰਪਨ ਕਰਯੋ।
ਬਿਨ ਰੁਤ ਕੋ ਰਸੁ ਜਾਇ ਸੁ ਢਰਯੋ॥੪੯॥ਅੰਗੀਕਾਰ ਕਰਹੁ ਮੁਖ ਪਾਵਹੁ।
ਮਮ ਮਨਸਾ ਕੋ ਪੂਰ ਕਰਾਵਹੁ'।ਇਮਿ ਕਹਿ ਆਂਬ ਖਾਇ ਸੋਂ ਲੀਨਿ।
ਇਤ ਸ਼੍ਰੀ ਗੁਰ ਰਸ ਚੂਸਨਿ ਕੀਨਿ॥੫੦॥ ਬਹੁਤ ਪ੍ਰੀਤਿ ਸੋਂ ਸ੍ਵਾਦਤਿ ਕਰਿ
ਕਰਿ।ਰਸ ਚੂਸਤਿ ਘੂਟਨਿ ਬਰ ਭਰਿ ਭਰਿ। ਕਿਤਿਕ ਸਮੈਂ ਗੁਠਲੀ ਮੁਖ
ਰਾਖੀ। ਬਹੁਰ ਨਿਕਾਸਿ ਦਾਸ ਸੋਂ ਭਾਖੀ ॥ ੫੧ ॥ 'ਇਸਕੋ ਰਾਖਹੁ ਤਾਕ
ਮਝਾਰੀ[5]।ਪੁਨ ਹਮ ਲੈਹੈਂ ਕਬਿ ਇਕ ਬਾਰੀ'। ਬੱਲੂ ਨੇ ਆਇਸੁ ਕੋ ਮਾਨਿ।
ਧਰੀ ਸੰਭਾਰਿ ਸਭਾ ਕੇ ਥਾਨ॥੫੨॥ ਰਾਮਦਾਸ ਕੇਤਿਕ ਚਿਰ ਪਾਛੇ। ਪਹੁੰ-
ਚਤਿ ਭਏ ਪ੍ਰੇਮ ਚਿਤ ਬਾਂਛੇ। ਦੇਖਿ ਦੂਰ ਤੇ ਮੁਦਤਿ ਮਹਾਨਾ। ਜਿਉਂ ਰਵਿ
ਹੇਰਿ ਕਮਲ ਬਿਗਸਾਨਾ ॥ ੫੩ ॥ ਚਰਨ ਸਰੋਜਨ ਕੇ ਦ੍ਰਿਗ ਭੌਰ[6]। ਕਰੀ
ਨਮੋ ਤੂਰਨ ਹੀ ਦੌਰਿ। ਸਤਿਗੁਰ ਨੇ ਗਹਿ ਭੁਜਾ ਉਠਾਵਾ। ਜਾਨਿ ਪ੍ਰੇਮ ਬਹੁ
ਕੰਠ ਲਗਾਵਾ ॥ ੫੪ ॥ ਕ੍ਰਿਪਾ ਦ੍ਰਿਸ਼ਟਿ ਸੋਂ ਦੇਖਯੋ ਕੈਸੇ। ਜਲਦ ਤ੍ਰਿਖਤਿ
ਚਾਤ੍ਰਿਕ ਕੋ ਜੈਸੇ[7]। ਸਨਮਾਨਤਿ ਸਨਮੁਖ ਥਿਰ ਥੀਵਾ। ਮਨਹੁਂ ਪ੍ਰੇਮ
ਦੀਰਘ ਕੀ ਸੀਵਾ[8] ॥੫੫॥ਬੂਝਯੋ 'ਕਹੁ ਬ੍ਰਿਤਾਂਤ ਸੁਲਤਾਨ[9]। ਕਿਮਿ ਦ੍ਵਿਜ

---

[1]ਹੇ ਫਲ ਵੇਚਣ ਵਾਲੇ! ਇਸ ਦਾ ਮੁੱਲ ਕਰ। [2]ਸੂਰਜ। [3]ਗਰਮੀ ਹੱਥ ਦੀ। [4]ਨਿਕਲਕੇ ਵਗ ਪਿਆ। [5]ਤਾਕੀ ਵਿਚ। [6]ਚਰਨ ਕਵਲਾਂ ਦੇ ਨੇਤ੍ਰ ਭੌਰੇ (ਕਰਕੇ)। [7]ਬੱਦਲ ਨੇ ਪਿਆਸੇ ਪਪੀਹੇ ਨੂੰ ਜਿਵੇਂ। [8]ਹੱਦ। [9]ਬਾਦਸ਼ਾਹ ਦਾ।

ਬਾਹਜ ਕੀਨਿ ਬਖਾਨ?।ਤੁਮਨੇ ਕੋ ਉੱਤਰ ਦੇ ਮੋਰੇ[1]*?। ਕਿਮਿ ਅਕਬਰ
ਕਹਿ ਕੀਨਸਹੋਰੇ[2]?॥੫੬॥ਹਾਥਜੋਰਬਿਰਤਾਂਤ ਬਖਾਨਾ।'ਸੁਨਹੁ ਪ੍ਰਭੁਕਿਛੁ
ਜਾਇ ਨ ਜਾਨਾ। ਪਾਠ ਕਰਨ ਗਾਇੱਤ੍ਰੀ ਚਹਯੋ।ਸਭਿ ਨਰ ਅਰੁ ਅਕਬਰ
ਨੇ ਕਹਯੋ॥੫੭॥ ਨਹਿਂ ਮੈ ਜਾਨਤਿ ਹੁਤੋ ਅਗਾਰੀ।ਬਚ ਸੰਭਾਰਿ ਤੁਮ ਭੁਜਾ
ਨਿਹਾਰੀ।ਸਰਬਗਯਾਤ†ਤਤਛਿਨ ਹੁਇ ਆਇਵ।ਪੂਰਬ ਓਅੰਕਾਰ ਸੁਨਾ-
ਇਵ[3] ॥੫੮॥ ਸੁਨਿ ਧੁਨਿ ਚੱਕ੍ਰਿਤ ਚਿਤ ਮਹਿਂ ਚਮਕੇ[4]।ਸਕਯੋ ਨ ਕਹਿ ਕੋ
ਤਬ ਬਚ ਸਮ ਕੇ[5]।'ਸਤਿਗੁਰ ਧੰਨ' ਬਖਾਨਤਿ ਸ਼ਾਹੂ[6]। ਭਾ ਪ੍ਰਤਾਪ ਤੁਮਰੋ
ਸਭਿ ਮਾਂਹੂ ॥੫੯॥ ਇਕ ਪਠਿਬੋ ਗਾਇੱਤ੍ਰੀ ਤਬੈ‡। ਭਏ ਮੌਨ ਨਹਿ ਬੋਲੇ
ਸਬੈ'। ਸੁਨਿ ਸਤਿਗੁਰੂ ਪ੍ਰਸੰਨ ਮਹਾਨਾ। ਬੂਝਯੋ, 'ਹਮ ਹਿਤ ਕਯਾ ਤੁਮ
ਆਨਾ?॥੬੦॥ਨਗਰ ਬਿਸਾਲ ਬਿਖੈ ਚਲਿ ਗਯੋ।ਕਯਾ ਵਸਤੁ ਤਹਿਂ ਲਯਾ-
ਵਤਿ ਭਯੋ'।ਹਾਥ ਜੋਰਿ ਕਹਿ'ਤੁਮ ਸਭਿ ਜਾਨੋ।ਜਥਾ ਬਸਤ੍ਰ ਪਹਿਰਾਵਨਿ
ਠਾਨੋ॥੬੧॥ ਬਿਨਾ ਮੋਲ ਤੇ ਅਰਪਨ ਕਰੇ। ਰਾਵਰਿ ਉਚਿਤ ਜਾਨ ਕਰਿ
ਖਰੇ[7]। ਬਿਨ ਰੁਤਿ ਫਲ ਰਸਾਲ ਕੋ ਆਗੇ[8]। ਪਿਖਤਿ ਭਯੋ, ਬਹੁ ਸੁੰਦਰ
ਲਾਗੇ॥੬੨॥ਆਨਯੋ ਮੋਲ ਆਪਕੇ ਕਾਰਨ।ਤੂਰਨ ਕੀਨਸਿ ਪੰਥ ਪਧਾਰਨ।
ਨਿਕਟ ਰਹਯੋ ਪੁਰਿ ਅਪਨੇ ਆਵਨਿ। ਹੁਤੋ ਪਾਕ ਰਸੁ ਲਾਗ ਚੁਚਾਵਨ[9]॥
੬੩ ॥ ਫੂਟ ਗਯੋ ਰਸ ਨਿਕਸਤਿ ਜਾਨਾ। ਪਹੁੰਚਯੋ ਭੈਰੋਂਵਾਲ ਸਥਾਨਾ।
ਅਰਪਯੋ ਧਰਿ ਕਰਿ ਧਯਾਨ ਤੁਮਾਰਾ।ਹੁਇ ਨਿਸੰਕ ਨਿਜ ਮੁਖ ਮਹਿਂ ਡਾਰਾ
॥ ੬੪ ॥ ਪੂਰਨ ਸਭਿ ਘਟਿ ਬਿਖੈ ਕ੍ਰਿਪਾਲ। ਰਾਖਹੁ ਸ਼ਰਧਾ ਜਨ[10] ਸਭਿ
ਕਾਲ। ਅਰਪਤਿ ਜੋ ਤੁਮ ਕੋ ਜਨ ਲੋਗ।ਭੋਗਤਿ ਹੋ ਇਹ ਰਾਵਰਿ ਜੋਗ[11]'
॥ ੬੫ ॥ ਪ੍ਰੇਮ ਮਗਨ ਸਤਿਗੁਰੂ ਸੁਨਾਇਵ। 'ਫਲ ਰਸਾਲ ਜੋ ਮਮ ਹਿਤ
ਲਯਾਇਵ। ਸੋ ਹਮ ਖਾਯੋ ਗੁਠਲੀ ਧਰੀ'।ਬੱਲੂ ਤਬਹਿ ਦਿਖਾਵਨਿ ਕਰੀ॥
੬੬॥ਰਾਮਦਾਸ ਅਰੁ ਨਰ ਗਨ ਸਾਰੇ।ਹੇਰਤਿ ਅਚਰਜ ਬਿਰੇ§ਬਿਚਾਰੇ[12]।

[1]ਮੋੜਵਾਂ ਉਤ੍ਰ ਕੀ ਦਿੱਤਾ (ਅ) ਮੋੜੇ। [2]ਹੌਲੇ ਕੀਤਾ (ਬ੍ਰਾਹਮਣ ਖੱਤ੍ਰੀਆਂ ਨੂੰ)। [3]ਸੁਣਾਇਆ। [4]ਚਮਕ—ਦਿਲ ਦੀ ਉਹ ਹੈਰਾਨੀ ਜਿਸ ਵਿਚ ਸਾਰੀ ਸਟੀਪਟੀ ਭੁਲ ਜਾਵੇ। [5]ਬਰਾਬਰੀ ਦੇ ਵਚਨ। [6]ਸ਼ਾਹ ਨੇ ਕਹਿਆ 'ਸਤਿਗੁਰ ਧੰਨ ਹਨ'। [7]ਖਲੋਕੇ (ਅ) ਚੰਗੇ (ਕਪੜੇ)। [8]ਅੰਬ ਅਗੇਤਰੇ (ਅ) (ਲਾਹੌਰ ਵਿਚ) ਬੇਰੁਤੇ ਅੰਬ ਦੇ ਫਲ ਆ ਗਏ ਸਨ। [9]ਪੱਕੇ ਸਨ ਰਸ ਚੋਵਣ ਲਗ ਪਿਆ। [10]ਦਾਸਾਂ ਦੀ। [11]ਤੁਹਾਡੇ ਲੋਕ (ਸਮਝਕੇ ਜੋ ਸ਼ੈ) ਤੁਹਾਨੂੰ ਦਾਸ ਲੋਕ ਅਰਪਦੇ ਹਨ, ਤੁਸੀਂ ਭੋਗਦੇ ਹੋ। [12]ਵਿਚਾਰਨ ਲਗੇ।　　*ਪਾ:—ਤੁਮਨੇ ਸੁਨਯੋ ਉੱਤਰ ਦੇ ਮੋਰੇ।

†ਪਾ:—ਸਰਬ ਗਯਾਨ।　　‡ਪਾ:—ਇਕ ਕਿਯ ਪਾਠ ਗਾਇਤ੍ਰੀ ਜਬੈ।　　§ਪਾ:—ਰਿਦੇ।

–ਸ਼੍ਰੀ ਸਤਿਗੁਰ ਨਿਤ ਭਾਉ ਅਧੀਨਾ–। ਸਭਿਨਿ ਪ੍ਰਬੀਨਨਿ ਲੀਨਸਿ ਚੀਨਾ[੧] ॥੬੭॥ ਬੰਦਤਿ[੨]–ਲਖੀ ਨ ਜਾਵਹਿ ਲੀਲਾ। ਪਾਰਬ੍ਰਹਮ ਸ਼੍ਰੀ ਗੁਰੂ ਗਹੀਲਾ॥ ਸਿੱਖਜਨ ਹਿਤ ਅਚਰਜ ਦਿਖਰਾਵਤਿ। ਸਦਾ ਪ੍ਰੇਮ ਬਸਿ ਇਹੀ ਜਨਾਵਤਿ–॥੬੮॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਲਵਪੁਰਿ ਤੇ ਸ੍ਰੀ ਰਾਮਦਾਸ ਆਗਵਨ' ਪ੍ਰਸੰਗ ਬਰਨਨੰ ਨਾਮ ਚਤਰ ਚੱਤ੍ਵਾਰਿੰਸਤੀ ਅੰਸੂ ॥੪੪॥

## ੪੫. [ਸਤਿਗੁਰੂ ਜੀ ਦਾ ਤੀਰਥ ਪਵਿੱਤ੍ਰ ਕਰਨ ਜਾਣਾ। ਪਹੋਆ]।

ਦੋਹਰਾ ॥ ਸ਼੍ਰੀ ਸਤਿਗੁਰ ਇਸ ਰੀਤਿ ਨਿਤਿ ਕਰਤਿ* ਸਿਖਨ ਕੱਲਯਾਨ। ਨਾਮ ਦਾਨ ਦੇਂ ਮੁਕਤਿ ਹਿਤ[੩] ਜਾਹਰ ਜੋਤਿ ਜਹਾਨ ॥੧॥ ਸੋਰਠਾ॥ ਦਰਸ਼ਨ ਪੁਰਬ ਅਭੀਚ ਪੁੰਨ ਰੂਪ ਤੀਰਥ ਗੁਰੂ[੪]।ਮਿਟਹਿ ਜਨਮ ਅਰੰ ਮੀਚ[੫] ਮਜਹਿਂ[੬] ਜੋ ਪ੍ਰੇਮੀ ਭਗਤੁ ॥ ੨ ॥ ਚੌਪਈ ॥ ਨਿਰਮਲ ਗ੍ਯਾਨ ਜਾਂਹਿ ਬਰ ਬਾਰੀ[੭]।ਜੋਗ ਵਿਰਾਗ ਕੂਲ ਸੁਖਕਾਰੀ[੮]।ਸਿਖ ਸੰਗਤਿ ਜਲ ਜੰਤੁ[੯] ਅਨੇਕਾ। ਸਮ ਦਮ ਸਤਿ ਸੰਤੋਖ ਬਿਬੇਕਾ[੧੦]॥੩॥ਸੁਚ[੧੧] ਸੰਜਮ ਇਸ਼ਨਾਨ ਰੁ ਧ੍ਯਾਨਾ। ਇਹੁ ਸਭਿ ਖਿਰੇ ਕਮਲ ਬਿਧਿ ਨਾਨਾ। ਕਲਮਲ ਕਲਿ ਕੇ ਕਾਲ ਮਲੀਨਾ[੧੨]। ਦਰਸ਼ਨ ਮੱਜਨ[੧੩] ਤੇ ਕਰਿ ਹੀਨਾ[੧੪] ॥੪॥ ਸੀਤਲਤਾ ਮੁਕਤੀ ਜਿਸ ਮਾਂਹੀ। ਬਡੇ ਭਾਗ ਪ੍ਰਾਪਤਿ ਹੁਇ ਤਾਂਹੀ। ਅਸ ਸਤਿਗੁਰ ਤੀਰਥ ਅਤਿ ਪਾਵਨਿ। ਇੱਛਤਿ ਭੇ ਛਿਤ ਤੀਰਥ ਜਾਵਨ[੧੫] ॥੫॥ ਗੰਗਾ ਆਦਿਕ ਤੀਰਥ[੧੬] ਜੇਈ। ਮੱਜਹਿ ਕਲੀ ਕਾਲ ਨਰ ਤੇਈ[੧੭]। ਅਨਗਨ ਪਾਪ ਤਜੈਂ ਤਿਨ ਮਾਂਹੀ। ਤਿਨ ਕੋ ਭਾਰ ਸਹਾਰਤਿ ਨਾਂਹੀ[੧੮] ॥੬॥ ਯਾਂਤੇ ਸ਼੍ਰੀ ਸਤਿਗੁਰੂ ਅਰਾਧਾ[੧੯]।'ਆਨਿ ਚਰਨ ਪਾਵੋ ਹਤਿ ਬਾਧਾ[੨੦]।ਪਾਪਨਿ ਤੇ ਪੀੜਤਿ ਹਮ ਹੋਏ। ਕਰਿ ਕਰਿ ਦੋਸ਼ੁ ਹਮਹੁੰ ਮਹੁੰ ਧੋਏ[੨੧]॥੭॥ ਹੇ ਸਤਿਗੁਰ ਤੁਮਰੇ ਪਗ ਪਾਵਨ

[੧]ਸਿਆਣਿਆਂ ਨੇ ਸਮਝ ਲਿਆ। [੨]ਮੱਥਾ ਟੇਕਦੇ ਹਨ (ਸੋਚਦੇ ਹੋਏ ਕਿ ਗੁਰੂ ਦੀ)। [੩]ਮੁਕਤ ਹੋਣ ਵਾਸਤੇ ਨਾਮ ਦਾਨ ਦੇਂਦੇ ਹਨ। [੪]ਪੁੰਨ ਰੂਪ ਤੀਰਥ ਗੁਰੂ ਜੀ ਦਾ ਦਰਸ਼ਨ ਅਭਿਜਿਤ ਨਿਛੱਤ੍ਰ ਦੇ ਪੁਰਬ ਵਾਂਙੂ ਹੈ। [੫]ਮੌਤ। [੬]ਇਸ਼ਨਾਨ ਕਰਦੇ ਹਨ (ਗੁਰੂ ਰੂਪ ਤੀਰਥ ਵਿਚ)। [੭]ਸ੍ਰੇਸ਼ਟ ਜਲ। [੮]ਕਿਨਾਰੇ ਸੁਖਾਂ ਦੇ ਦੇਣੇ ਵਾਲੇ। [੯]ਜਲ ਜੀਵ। [੧੦]ਵਿਚਾਰ। [੧੧]ਪਵਿੱਤ੍ਰਤਾ। [੧੨]ਕਲਜੁਗ ਦੇ ਸਮੇਂ ਦੇ ਮਲੀਨ (ਜੀਵਾਂ ਦੇ)ਪਾਪ। [੧੩]ਦਰਸ਼ਨ ਰੂਪ ਇਸ਼ਨਾਨ। [੧੪]ਨਾਸ਼ ਕਰਦੇ ਹਨ। [੧੫]ਪ੍ਰਿਥਵੀ ਦੇ ਤੀਰਥਾਂ ਪਰ ਜਾਣੇ ਦੀ ਇੱਛਾ ਕੀਤੀ। (ਆਪ ਜੀਉਂਦੇ ਤੀਰਥ ਹੋਕੇ ਪ੍ਰਿਥਵੀ ਦੇ ਜਲ ਪਖਾਣ ਰੂਪੀ ਤੀਰਥਾਂ ਨੂੰ ਕਿਉਂ ਟੁਰਣ ਲਗੇ ਹਨ ਇਸ ਦਾ ਕਾਰਣ ਕਵਿ ਜੀ ਅੱਗੇ ਦੇਂਦੇ ਹਨ ਜੋ ਅਠ ਅੰਕ ਤੇ ਮੁਕਦਾ ਹੈ)। [੧੬]ਤੀਰਥਾਂ ਵਿਚ। [੧੭]ਉਨ੍ਹਾਂ ਗੰਗਾ ਆਦਿਕਾਂ ਵਿਚ। [੧੮]ਭਾਵ ਤੀਰਥ ਲੋਕਾਂ ਦੇ ਪਾਪਾਂ ਦਾ ਭਾਰ ਨਹੀਂ ਸਹਾਰਦੇ। [੧੯]ਸਤਿਗੁਰੂ ਜੀ ਦੀ ਅਰਾਧਨਾ ਕੀਤੀ (ਗੰਗਾ ਆਦਿਕ ਤੀਰਥਾਂ ਨੇ)। [੨੦]ਸਾਡੀ ਪੀੜਾ ਦੂਰ ਕਰੋ। [੨੧]ਲੋਕੀ ਧੋਂਦੇ ਹਨ। *ਪਾ:–ਕ੍ਰਿਤ।

ਜਬਿ ਹਮ ਬਿਖੈ ਕਰਹੁਗੇ ਪਾਵਨ। ਤਤਛਿਨ ਹਮ ਸਭਿ ਹੋਹਿਂ ਸੁਖਾਰੇ। ਆਵਹੁ ਤੂਰਨ ਕਰੁਨਾ ਧਾਰੇ[1]॥੮॥ਸਭਿ ਤੀਰਥ ਕੋ ਲਖਿ ਭਿੱਪ੍ਰਾਯ[1]ਭਏ ਤਯਾਰ ਸੰਗਤਿ ਸੰਗ ਲਾਯ[2]। ਜਹਿਂ ਜਹਿਂ ਸਿੱਖਨ ਜਿਸ ਜਿਸ ਗ੍ਰਾਮ। ਜਾਤ੍ਰਾ ਸੁਨੀ ਗੁਰੂ ਸੁਖਧਾਮ[3] ॥੯॥ ਤਹਿਂ ਤਹਿਂ ਤੇ ਹੁਇ ਤਯਾਰ ਚਲੇ ਹੈਂ। ਆਨਿ ਸਤਿਗੁਰੂ ਸੰਗਿ ਮਿਲੇ ਹੈਂ। ਗੁਰ ਗ੍ਰਿਹ ਕੇ ਸੰਬੰਧੀ ਜੇਤੇ। ਭਏ ਤਯਾਰ ਚਲਨੇ ਕਹੁ ਤੇਤੇ ॥ ੧੦ ॥ ਸਤਿ ਸੰਗਤਿ ਸਿਮਰਨਿ ਹਰਿ ਨਾਮੂ। ਹੋਤਿ ਕੀਰਤਨਿ ਧੁਨਿ ਅਭਿਰਾਮੂ। ਗੋਇੰਦਵਾਲ ਤਯਾਗਿ ਕਰਿ ਚਲੇ। ਸਨੇ ਸਨੇ ਮਗ ਮਹਿਂ ਬਹੁ ਮਿਲੇ ॥ ੧੧ ॥ ਇਕ ਤੌ ਨਿਤਿ ਗੁਰ ਦਰਸ਼ਨ ਕਰੈਂ।ਕਿਰਤਨ ਸੁਨਹਿਂ ਅਘਨ ਪਰਹਰੈਂ। ਬਹੁਰ ਜੇਜਵਾ[4]ਤਰਕਨ ਕੇਰਾ। ਉਲੰਘਹਿਂ ਤਿਸਕੋ ਇਹ ਸੁਖ ਹੇਰਾ[5] ॥ ੧੨ ॥ ਯਾਤੇ ਮਿਲਹਿਂ ਸੰਗ ਬਡਿ-ਭਾਗੇ।ਚਲੇ ਜਾਤਿ ਰਸ ਪ੍ਰੇਮ ਸੁ ਪਾਗੇ।ਉਲੰਘਿ ਬਿਪਾਸਾ ਸਲਿਤਾ ਸਾਰੇ।ਦੇਸ਼ ਦੁਆਬੇ ਬੀਚ ਪਧਾਰੇ ॥੧੩ ॥ ਸਨੇ ਸਨੇ ਕਰਿ ਤਯਾਗਯੋ ਸਾਰੋ। ਸਤੁੱਦ੍ਰਵ ਕੋ ਪੁਨ ਆਇ ਨਿਹਾਰੋ। ਬਹੁ ਗੰਭੀਰ ਨੀਰ ਜਿਸ ਮਾਂਹੀ। ਸਭਿ ਸੰਗਤਿ ਮੱਜਨ ਕਰਿ ਤਾਂਹੀ ॥ ੧੪ ॥ ਚਢਿ ਕਰਿ ਤਰੀ ਭਏ ਪੁਨ ਪਾਰੀ[6]। ਗਮਨੇ ਸਤਿਗੁਰ ਬਹੁਰ ਅਗਾਰੀ। ਕਬਿ ਬਡ਼ਵਾ ਪਰ ਕਰਹਿਂ ਪਯਾਨ। ਕਬਿ ਗੁਰ ਗਮਨਹਿਂ ਚਢਿ ਝੰਪਾਨ[7] ॥ ੧੫ ॥ ਸ਼ਮਸ ਸ੍ਵੇਤ ਬਹੁ ਬ੍ਰਿਧ ਸਰੀਰ। ਅਤਿਸ਼ੈ ਸੇਤ ਧਰੇ ਬਰ ਚੀਰ। ਸੁਜਸੁ ਸ੍ਵੇਤ ਬਿਸਤਰਹਿ ਬਿਸਾਲਾ। ਤਥਾ ਸ੍ਵੇਤ ਮਨ ਹੈ ਸਭਿ ਕਾਲਾ ॥ ੧੬ ॥ ਹਾਥ ਲਸ਼ਟਕਾ ਬਰ ਕਦ ਛੋਟਾ। ਮਨਹੁੰ ਭਏ ਬਾਵਨ ਕੇ ਜੋਟਾ[8]। ਧਾਰਤਿ ਸ਼ਕਤਿ ਮਹਿਦ ਮਹੀਆਨ। ਗਮਨਹਿਂ ਮੰਦ ਮੰਦ ਸਭਿ ਥਾਨ ॥੧੭॥ ਪਹੁੰਚੇ ਆਨ ਪਹੋਏ[9] ਥਾਨਾ ਜਹਾਂ ਸਰਸੁਤੀ ਪੁੰਨ ਮਹਾਨ[10]।ਨਾਨਾ ਘਾਟ ਰਿਖਨਿ ਤਪ ਤਪੇ।ਬਰਖ ਹਜ਼ਾਰਹੁੰ ਜਾਪਨ ਜਪੇ[11]॥੧੮॥ਬ੍ਰਹਮਲੋਕ[12]ਕੋ ਪ੍ਰਾਪਤਿ ਹੋਇ।ਜਨਮ ਮਰਨਕੇ ਸੰਕਟ

---

[1]ਮਤਲਬ [ਸੰਸ:, ਅਭਿਪ੍ਰਾਯ]। [2]ਲੈਕੇ। [3]ਸੁਖਾਂ ਦੇ ਘਰ ਜੀ ਦੀ। [4]ਜੇਜ਼ੀਆ [ਅ: ਜਜ਼ੀਆ, ਉਹ ਮਸੂਲ ਜੋ ਮੁਸਲਮਾਨ ਪਾਤਸ਼ਾਹ ਹਿੰਦੂਆਂ ਤੋਂ ਤੀਰਥ ਯਾਤ੍ਰਾ ਦਾ ਲੈਂਦੇ ਸਨ]। [5]ਭਾਵ ਜੇਜੀਆ ਨਾ ਲੱਗੇਗਾ। [6]ਪਾਰ। [7]ਖਾਸੇ ਤੇ। [8]ਵਾਮਨ ਅਵਤਾਰ ਦੇ ਤੁੱਲ। (ਵਿਸ਼ਨੂੰ ਦਾ ਪੰਜਵਾਂ ਅਵਤਾਰ ਵਾਮਨ ਸੀ ਜੋ ਬਹੁਤਾ ਮਧਰੇ ਕੱਦ ਦਾ ਸੀ। ਕੱਦ ਲਈ ਦ੍ਰਿਸ਼ਟਾਂਤ ਮਾਤਰ ਵਰਤਿਆ ਹੈ ਕਵਿ ਜੀ ਨੇ)। [9]ਕੁਰਖੇਤਰ, ਸਨਾਤਨ ਤੀਰਥ ਹੈ, ਅੰਬਾਲੇ ਤੋਂ ਨੇੜੇ ਹੈ। [10]ਜਿੱਥੇ ਮਹਾਂ ਪਵਿੱਤ੍ਰ ਸਰਸ੍ਵਤੀ ਨਦੀ ਹੈ। [11]ਜਾਪਾਂ ਨੂੰ ਜਪਿਆ ਹੈ। [12]ਭਾਵ, ਬੈਕੁੰਠ।

ਖੋਇ।ਤਹਾਂ ਸਤਿਗੁਰੂ ਕੀਨਸਿ ਡੇਰਾ।ਸੰਗ ਸੰਗਤਾਂ ਮੇਲ ਘਨੇਰਾ॥੧੯॥ ਬਹੁ ਘਾਟਨ ਪਿਖਿ ਸਾਰਸੁਤੀ ਕੋ।ਸਿਖ ਕਰ ਜੋਰਿ ਪ੍ਰਸ਼ਨ ਕਿਯ‡ਨੀਕੋ।'ਸਲਿਤਾ ਸਾਰਸੁਤੀ ਇਕ ਪਾਵਨ । ਕਹੈਂ ਮਹਾਤਮ ਇਸ ਬਹੁ ਥਾਵਨ ॥ ੨੦ ॥ ਕੋ ਕਾਰਨ ਇਹੁ?ਗੁਰੂ! ਬਖਾਨੋ । ਭੂਤ ਭਵਿੱਖ ਗਤੀ ਤੁਮ ਜਾਨੋ।ਸਭਿ ਸੰਗਤਿ ਕੈ ਇਹੁ ਸੰਦੇਹੂ।ਕ੍ਰਿਪਾ ਕਰਹੁ ਉਚਰਹੁ ਸੁਖ ਦੇਹੂ'॥੨੧॥ਸਿੱਖਨ ਤੇ ਸੁਨਿਕੈ ਗੁਰ ਕਹਯੋ।'ਇਹੁ ਸਥਾਨ ਪਾਵਨ ਅਤਿ ਲਹਯੋ*। ਪ੍ਰਥਮ ਜੁਗਨਿ† ਸਮ-ਰਥ,ਸਭਿ ਜੀਵ[੧]। ਤਨ ਪਰ ਸੰਕਟ ਸਹਿਬੋ[੨] ਕੀਵ ॥ ੨੨ ॥ ਬਿਸਵਾਮਿੱਤ੍ਰ ਆਦਿ ਰਿਖਿ ਘਨੋ।ਕੀਨਸਿ ਤਪ ਕੁਛ ਜਾਹਿਂ ਨ ਗਨੋ।ਇਕ ਸਮੇਂ ਦੱਖਨ ਕੇ ਮੁਨਿ ਗਨਾ।ਆਏ ਤਪ ਸਾਧਨ ਬਾਂਛਤ ਮਨ[੩]॥੨੩॥ਅਠਤਾਲੀਸ ਕੋਸ ਬਿਚ ਫਿਰੇ। ਬੈਠਬਿ[੪] ਥਾਨ ਕਹੂੰ ਨ ਨਿਹਰੇ। ਤਪਸੀ ਗਨ ਕੀ ਭੀਰ ਬਿਸਾਲਾ। ਜਹਿਂ ਕਹਿਂ ਕਰਤਿ ਘਾਲਨਾ ਘਾਲਾ[੫] ॥੨੪॥ ਜਬਿ ਸਥਾਨ ਕਿਤਹੂੰ ਨਹਿਂ ਪਾਯੋ । ਸਾਰਸੁਤੀ ਕੋ ਤਬਿਹੁਂ ਧਿਆਯੋ‡।ਕਹਯੋ ਬਿਦਤਿ ਹੁਇ[੬]ਮੁਨਿ ਗਨ ਸੰਗਾ ।–ਕਯਾ ਬਾਂਛਤਿ ਤੁਮ ਕਹੋ ਨਿਸੰਗਾ ?–॥ ੨੫ ॥ ਤਿਨਹੁ ਜਾਚਨਾ ਕੀਨਿ[੭] ਸੁਜਾਨ ।–ਹੇ ਦੇਵੀ ! ਦਿਹੁ ਬੈਠਨਿ ਥਾਨ–। ਤਬਿ ਇਹ ਸਲਿਤਾ ਮੁਨਿ ਗਨ ਹੇਤ। ਹਟੀ ਕੋਸ ਦ੍ਵਇ ਬੇਗ ਸਮੇਤ[੮] ॥੨੬॥ ਤਿਨਿ ਬੈਠਨ ਕੋ ਦੀਨਸਿ ਥਲ ਹੈ।ਬਸੇ ਮੁਨੀ ਤਪ ਕੀਨਸਿ ਭਲ ਹੈ।ਜਸ ਤਪ ਤਪਯੋ§ਘਾਲ ਬਹੁ ਘਾਲਿ।ਕੋ ਗਨਨਾ ਕਰ ਸਕਹਿ ਬਿਸਾਲ ॥੨੭॥ ਸਭਿ ਕੀ ਕਥਾ ਕਹਾਂ

[੧]ਪਹਿਲੇ ਜੁਗਾਂ ਦੇ ਜੀਵ ਸਮਰੱਥ ਸਨ । [੨]ਸਹਿਆ । [੩]ਤਪ ਸਾਧਨਾਂ ਮਨ ਵਿੱਚ ਚਾਹ ਕੇ ਆਏ। [੪]ਬੈਠਣੇ ਦੀ । [੫]ਜਿਥੇ ਕਿਥੇ ਭਾਵ, ਇਥੇ ਹਰ ਥਾਵੇਂ ਘਾਲਾਂ ਘਾਲਦੇ ਸਨ । [੬](ਸਰਸੁਤੀ ਨੇ) ਪ੍ਰਗਟ ਹੋਕੇ ਕਹਿਆ । [੭]ਤਿਨ੍ਹਾਂ (ਮੁਨੀਆਂ ਨੇ) ਮੰਗ ਕੀਤੀ। [੮]ਪ੍ਰਵਾਹ ਸਣੇ ।

*ਪਿਛੇ ਕਵਿ ਜੀ ਦੱਸ ਆਏ ਹਨ ਕਿ ਤੀਰਥਾਂ ਦੀ ਮੈਲ ਹਰਨ ਲਈ ਸਤਿਗੁਰੂ ਜੀ ਤੀਰਥਾਂ ਨੂੰ ਟੁਰੇ। ਇਹੋ ਗਲ ਤੁਖਾਰੀ ਮਹਲਾ ੪ ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ 'ਨਾਵਣੁ ਪੁਰਬੁ ਅਭੀਚ' ਵਾਲੇ ਸ਼ਬਦ ਵਿਚ ਦੱਸੀ ਹੈ। ਕਿਆ ਤੀਰਥ ਕਲਯਾਨ ਕਰਦੇ ਹਨ ? ਇਸ ਪਰ ਭੀ ਗੁਰੂ ਅਮਰਦੇਵ ਜੀ ਦਾ ਵਾਕ ਹੈ 'ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ' ।

†ਪਾਃ–ਜਗਨਿ ।

‡ਕਿਸ ਤਰ੍ਹਾਂ ਸਰਸ੍ਵਤੀ ਦੇ ਕਿਨਾਰੇ ਹੋਮ ਯੱਗ ਕਰਦਿਆਂ ਵਿੱਦ੍ਯਾ ਵਧਣ ਤੇ 'ਵਾਚ ਸ਼ਕਤੀ' ਦਾ ਨਾਮ ਸਰਸ੍ਵਤੀ ਪਿਆ, ਇਸ ਲਈ ਪੜ੍ਹੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੧ ਅੰਕ ੨ ਦਾ ਭਾਵ ।

§ਤਪ ਘਾਲਣ ਨੂੰ ਤੀਸਰੇ ਸਤਿਗੁਰੂ ਜੀ ਆਪ ਪਸੰਦ ਨਹੀਂ ਸਨ ਕਰਦੇ,ਯਥਾਃ–'ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥' ਇਸ ਲਈ ਉਪਰ ਕਹੇ ਵਾਕ ਸ੍ਰੀ ਮੁਖਵਾਕ ਨਹੀਂ ਹਨ ।

ਲਗ ਕਹੈਂ। ਸੁਨੀਅਹਿ ਇਕ ਮੁਨਿ ਕੀ ਜਿਮਿ ਅਹੈ।ਅਹੈ ਪਹੋਏ ਤੇ ਤ੍ਰੈਕੋਸ। ਇਕ ਮੰਕਨ ਮੁਨਿ[੧] ਹੁਤੋ ਅਦੋਸੁ॥੨੮॥ ਮਹਾਂ ਬਿਖਮ ਤਪੁ ਘਾਲਯੋ ਤਾਹੂ। ਤੀਰ ਸਰਸ੍ਵਤੀ ਕੇਰ ਪ੍ਰਵਾਹੂ। ਛੁਧਾ ਤ੍ਰਿਖਾ ਸਹਿ ਕਠਨ ਕਰਾਲਾ। ਬਰਖਾ ਸੀਤ ਉਸ਼ਨ ਤਨ ਝਾਲਾ॥੨੯॥ਬਹੁਤ ਬਰਖ ਐਸੇ ਤਪੁ ਸਾਧਯੋ। ਸਰਬੋ-ਤਮ[੨] ਪਦ ਲੈਨ ਅਰਾਧਯੋ। ਇਕ ਦਿਵਸ ਕਿਮਿ ਆਂਗੁਰ ਚੀਰਾ[੩]। ਰੁਧਿਰ ਨਹੀਂ ਨਿਕਸਯੋ ਤਿਸ ਧੀਰਾ[੪]॥ ੩੦ ॥ ਹਰਿਤ ਪੱਤ੍ਰ ਤੇ ਰਸ ਤਸ ਨਿਕਸਾ[੫]। ਤਿਸ ਕੋ ਦੇਖਿ ਮੁਨੀ ਬਹੁ ਬਿਗਸਾ।–ਐਸੋ ਤਪ ਮੈਂ ਤਪਯੋ ਬਿਸਾਲਾ। ਜਿਸਤੇ ਤਨ ਮਹਿਂ ਰੁਧਿਰ ਨ ਚਾਲਾ[੬]॥੩੧॥ ਜਥਾ ਹਰਿਤ ਦਲ ਕੋ ਰਸ ਹੋਇ[੭]। ਤਥਾ ਸਰੀਰ ਬਿਖੇ ਮਮ ਜੋਇ[੮]–। ਇਮਿ ਮਨ ਜਾਨਿ ਅਧਿਕ ਉਤਸਾਹਾ।–ਭਯੋ ਧੰਨ ਮੈਂ ਅਸ ਤਪ ਮਾਂਹਾ–॥੩੨॥ ਉਠਿ ਕਰਿ ਲਗਯੋ ਨਾਚਿਬੇ ਸੋਊ। ਭੁਜਾ ਉਸਾਰਤਿ[੯] ਊਚੇ ਹੋਊ। ਪਾਇਨ ਕੀ ਗਤਿ[੧੦] ਕਰਿ ਕਰ ਨਾਚਹਿ। ਅਨਦ ਬਿਲੰਦ ਬਿਖੈ ਮਨ ਮਾਚਹਿ[੧੧] ॥੩੩॥ ਤਿਸ ਤੇ ਤਪ ਪ੍ਰਭਾਵ ਕੇ ਸੰਗ। ਸਭਿ ਜਗ ਨਾਚਨ ਲਗਯੋ ਉਮੰਗ। ਭੂਲਿ ਗਏ* ਸੁਧਿ ਸਭਿ ਬਿਵਹਾਰ। ਨਾਚਹਿ ਸਭਿ ਜਗ ਅੰਗ ਸੁਧਾਰਿ ॥ ੩੪ ॥ ਅਸ ਅਨੀਤਿ ਪਿਖਿ ਦੇਵ ਦੁਖਾਰੇ।ਸ਼ਰਨ ਸ਼ੰਭੁ[੧੨]ਕੀ ਸਕਲ ਸਿਧਾਰੇ।–ਸ਼ੰਕਰ[੧੨]! ਕਰਹੁ ਕ੍ਰਿਪਾ ਪਿਖਿ ਜਗ ਕੋ। ਭੂਲ ਗਏ ਸੁਧ, ਨਾਚਨ ਲਗ ਹਾ ੩੫॥ਤਪ ਪ੍ਰਭਾਵ ਰਿਖਿ ਕੇਰ ਬਿਸਾਲਾ॥ਅਪਰਨ ਤੇ ਨ ਹਟਹਿ ਇਸ ਕਾਲਾ। ਕਰਹੁ ਉਪਾਵ ਆਪ ਅਬਿ ਕੋਈ। ਜਿਸ ਤੇ ਜਗਤ ਸਥਿਰਤਾ ਹੋਈ–॥੩੬॥ਸੁਨੀ ਸੁਰਨ ਕੀ ਬਿਨੈ ਮਹਾਨੀ।ਸ਼ੰਕਰ ਕਰਿ ਬਿਚਾਰ ਸੁਖ ਦਾਨੀ।ਮੁਨਿ ਕੋ ਮਨ ਕੋ ਲਖਿ ਉਤਸਾਹਾ।ਤਿਸੇ ਨਿਵਾਰਨਿ ਕੋ ਚਿਤ ਚਾਹਾ॥੩੭॥ਅਪਰ ਬੇਸ ਕੋ ਧਰਿ ਗੌਰੀਸ਼ਾ[੧੨]। ਆਵਤਿ ਭਾ ਜਹਿਂ ਹੁਤੋ ਮੁਨੀਸ਼ਾ[੧੩]। ਨਿਕਟ ਹੋਇ ਕਰਿ ਬੂਝਨ ਕੀਨਾ॥–ਕਯੋਂ ਨਾਚਤਿ ਤੈਂ ਕਹਾ ਚਿਤ ਚੀਨਾ? ॥੩੮॥ਕਹਾ ਆਸ਼ੈ

---

[੧]ਮੰਕਣ ਨਾਮ ਦਾ ਮੁਨੀ। [੨]ਸਭ ਤੋਂ ਉਤਮ। [੩]ਕਿਵੇਂ ਉਂਗਲੀ ਚੀਰੀ ਗਈ। [੪]ਬੁਧੀ ਮਾਨ (ਤਪੱਸ੍ਵੀ ਦਾ)। [੫]ਹਰੇ ਪੱਤੇ ਤੋਂ (ਜਿਵੇਂ) ਜਲ ( ਨਿਕਲਦਾ ਹੈ ) ਤਿਵੇਂ ( ਜਲ ) ਨਿਕਲਿਆ। [੬]ਲਹੂ ਭੀ ਨਹੀਂ ਚਲਿਆ। [੭]ਜਿਵੇਂ ਹਰੇ ਪੱਤੇ ਦਾ ਪਾਣੀ ਹੋਵੇ। [੮]ਵੇਖੀਦਾ ਹੈ। [੯]ਖੜੀਆਂ ਕਰਕੇ ਬਾਂਹਾਂ। [੧੦]ਪੈਰਾਂ ਦੀ ਚਾਲ ( ਅ ) ਤਾਲ ਦੀ ਚਾਲ ਜੋ ਨੱਚਣ ਵਾਲੇ ਦੇ ਪੈਰਾਂ ਤੋਂ ਅਦਾ ਹੁੰਦੀ ਹੈ। [੧੧]ਮਸਤ ਹੋਇਆ। [੧੨]ਸ਼ਿਵ ਜੀ। ਗੌਰੀਸ਼=ਗੌਰੀ ਦਾ ਈਸ਼ਰ=ਸ਼ਿਵਜੀ। [੧੩]ਮੁਨੀਆਂ ਦਾ ਈਸ਼੍ਵਰ,ਭਾਵ ਮੰਕਣ ਮੁਨੀ। *ਪਾ:–ਗਈ।

ਅਸ ਤਵ ਮਨ ਅਹੈ?।ਜਿਸ ਤੇ ਨਿਤ ਹੀ ਨਾਚਤਿ ਰਹੈਂ–।ਸੁਨਿ ਮੰਕਣ ਨੇ ਬਾਕ ਬਖਾਨਾ।–ਮੈਂ ਇਹਠਾਂ ਤਪ ਤਪਯੋ ਮਹਾਂਨਾ॥੩੯॥ ਇਕ ਦਿਨ ਚੀਰ ਅੰਗੁਰੀ ਆਵਾ।ਹਰਿਤ ਪੱਤ੍ਰ ਰਸ ਸਮ ਨਿਕਸਾਵਾ।ਨਹੀਂ ਰੁਧਿਰ ਭੀ ਦੇਹਿ ਮਝਾਰ।।ਯਾਂਤੇ ਭਾ ਮੁਝ ਹਰਖ ਅਪਾਰ॥੪੦॥ਨਹੀਂ ਸਮਾਵਤਿਹੈ ਚਿਤਮਾਂਹੀ। ਨਾਚਤਿ ਰਹੌਂ ਹੋਤ ਲਖ ਯਾਂਹੀ*–।ਸੁਨਿ ਸ਼ਿਵ ਨੇ ਨਿਜ ਅੰਗੁਰੀ ਚੀਰੀ। ਨਿਕਸੀ ਭਸਮ[1] ਪਰੀ ਤਿਸ ਤੀਰੀ[2] ॥ ੪੧ ॥ ਕਹ੍ਯੋ–ਦੇਖਿ ਤਪ ਹੋਵਤਿ ਐਸੋ।ਕਰਯੋ ਦਿਖਾਵਨਿ ਕੋ ਅਬਿ ਜੈਸੋ।ਅਪਰ ਅੰਸ ਕੁਛ ਰਹੀ ਨ ਤਨਮੈਂ। ਧੀਵਤਿ ਭਸਮ ਰਹਯੋ ਨਿਤਿ ਬਨ ਮੈਂ॥੪੨॥ਯਾਂਤੇ ਸਭਿ ਸਰੀਰ ਕੇ ਮਾਂਹੀ। ਬਿਨਾ ਭਸਮ ਸ਼੍ਰੋਣਤ ਕਿਤ ਨਾਂਹੀ।ਤਊ ਨ ਮੁਝ ਅਸ ਆਨੰਦ ਆਵਾ।ਜਸ ਤੂੰ ਦੇਖਿ ਰਿਦੇ ਗਰਬਾਵਾ–॥੪੩॥ਸੁਨੇ ਬਾਕ ਅਰੁ ਨੈਨ ਨਿਹਾਰਯੋ। ਮੁਨਿ† ਮੰਕਣ ਚਿਤ ਚਾਉ ਨਿਵਾਰਯੋ। ਹਟਯੋ ਨਾਚਿਬੇ ਤੇ, ਜਗ ਸ਼ਾਂਤੀ। ਇਸ ਪ੍ਰਕਾਰ ਮੁਨਿ ਭਏ ਸੰਗਾਤੀ॥੪੪॥ਤਿਨ ਕੇ ਤਪ ਕਰਿਬੇ‡ਇਸਥਾਨ।ਭਏ ਅਧਿਕ ਪਾਵਨ ਮਨ ਜਾਨਿ। ਕਰਹਿ ਸ਼ਨਾਨ ਸੁ ਹੋਇ ਪੁਨੀਤ§'। ਇਮਿ ਪ੍ਰਸੰਗ ਸੁਨਿਕੈ ਸ਼ੁਭ ਰੀਤਿ॥੪੫॥ਸੰਗਤ ਭਈਹਰਖ,ਕਰਿ ਨਮੋ। ਸਾਰਸੁਤੀ ਮੱਜੇ ਤਿਹ ਸਮੋ।ਸ੍ਰੀ ਗੁਰ ਅਮਰ ਕੀਨ ਇਸ਼ਨਾਨ। ਮਿਲੇ ਬਿੱਪ੍ਰ ਤਿਨਿ ਦੀ-

---

[1]ਸੁਆਹ। [2](ਉਸ ਰਿਖੀ) ਕੋਲ ਜਾ ਪਈ (ਅ) ਧਾਰ।

*ਪਾ:–ਪਾਹੀ। †ਪਾ:–ਸੁਨਿ।

‡ਤਪ ਦੀ ਮਹਿਮਾ ਜੋ ਇੱਥੇ ਦੱਸੀ ਹੈ, ਸ੍ਰੀ ਗੁਰੂ ਜੀ ਦੇ ਮਤ ਵਿਚ ਨਿਰੇ ਤਪ ਦੀ ਕੋਈ ਥਾਂ ਨਹੀਂ। ਹਾਂ ਗੁਰਮੁਖ ਸੇਵਾ, ਬਾਣੀ ਦਾ ਅਭਿਆਸ, ਨਾਮ ਸਿਮਰਣ, ਕੀਰਤਨ ਸ਼੍ਰਵਣ, ਕੀਰਤਨ ਕਰਨਾ ਏਹ ਤਪ ਸਾਰੇ ਦੱਸੇ ਹਨ। ਫੋਕੇ ਤਪਾਂ ਦੀ ਗੁਰਬਾਣੀ ਵਿਚ ਨਿਖੇਧੀ ਹੈ। ਇਸ ਪ੍ਰਸੰਗ ਵਿਚ ਭੀ ਤਪ ਦੇ ਅਖੀਰ ਤੇ ਹੰਕਾਰ ਹੀ ਪਲੇ ਪਿਆ ਦੱਸਿਆ ਹੈ। ਗੁਰੂ ਵਾਕ– 'ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ' ॥ ਤਥਾ–'ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ' ॥ ਜੋ ਇਸ਼ਨਾਨ ਦਾ ਮਹਾਤਮ ਦਿੱਤਾ ਹੈ: ਉਸ ਪਰ ਇਸ ਯਾਤਰਾ ਸੰਬੰਧੀ ਗੁਰੂ ਰਾਮਦਾਸ ਜੀ ਨੇ ਆਪ ਦੱਸਿਆ ਹੈ ਕਿ ਪ੍ਰਯੋਜਨ ਤੀਰਥਾਂ ਦੇ ਸ਼ਨਾਨ ਤੋਂ ਮੁਕਤੀ ਪ੍ਰਾਪਤੀ ਦਾ ਨਹੀਂ ਸੀ ਸਗੋਂ ਤੀਰਥਾਂ ਦੀ ਅਰਦਾਸ ਸੀ ਕਿ ਸਾਡੇ ਵਿਚ ਮੈਲ ਪਈ ਹੈ ਸੋ ਦੂਰ ਕਰੇ। ਯਥਾ–ਤੀਰਥ ਕਹਿੰਦੇ ਹਨ: 'ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗੁਆਈ' ॥

§ਗੁਰੂ ਸਾਹਿਬ ਜੀ ਦਾ ਸਿੱਧਾਂਤ ਇਹ ਹੈ:–ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ [ਸਿਰੀ ਰਾਗੁ ਮ: ੩

ਨਸਿ-ਦਾਨ*॥੪੬॥ਏਕ ਨਿਸਾ ਬਸਿ ਤਹਾਂ ਬਿਤਾਈ।ਉਠੇ ਪ੍ਰਾਤਿ ਕਿਰਤਨ ਧੁਨਿ ਗਾਈ। ਕਰਿ ਸ਼ਨਾਨ ਸੁਖ ਮਾਨਿ ਘਨੇਰਾ। ਕਰਨੋ ਕੂਚ ਪੁਨ ਆਗੇ ਡੇਰਾ ॥ ੪੭ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸ੍ਰੀ ਅਮਰ ਜੀ ਕੋ ਤੀਰਥ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥ ੪੫ ॥

## ੪੬. [ਤੀਰਥਾਂ ਦਾ ਪ੍ਰਸੰਗ। ਕੁਰਛੇਤ੍ਰ]।

ਦੋਹਰਾ॥ਤਹਿਂਤੇ ਪੁਨ ਆਗੇਚਲੇਸੰਗਤਿ ਸਤਿਗੁਰ ਸੰਗ॥ 'ਜੋਤੀਸਰ'ਤੀਰਥ[1] ਨਿਕਟ ਪਹੁੰਚੇ,ਸੁਨੋ ਪ੍ਰਸੰਗ ॥੧॥ ਚੌਪਈ॥ 'ਕੈਰਵ ਪਾਂਡਵ ਕੇ ਦਲ ਭਾਰਾ। ਇਹਾਂ ਆਨਿ ਕਿਯ ਜੰਗ ਅਖਾਰਾ॥ਇਕਠੀ ਅਠਦਸ ਛੂਹਨਿ[2]ਭਈ। ਹੋਇ ਸਨੱਧਬੱਧ ਥਿਰ ਥਈ[3]॥੨॥ਇਕ ਦਿਸ਼ਿ ਸਪਤ, ਇਕਾਦਸ਼ ਦੂਈ[4]।ਇਸ ਥਲ ਸੋ ਮੁਕਾਬਲੈ ਹੂਈ। ਤਬ ਅਰਜਨ ਤਿਨਿ ਦੇਖਿ ਬਿਚਾਰਾ। ਕਿਸ ਕੋ ਕਰਿਹੌਂ ਇਹਾਂ ਸੰਘਾਰਾ॥੩॥ ਗੁਰੂ ਪਿਤਾਮਾ[5] ਆਦਿਕ ਸਾਰੇ। ਜਾਨਤੇ ਪਰੈ ਅਪਨਿ ਪਰਵਾਰੇ।ਕੁਲ ਨਾਸ਼ਕ ਕੈਸੇ ਅਬਿ ਹੋਵੌਂ।ਅਪਰ ਸ਼ੱਤ੍ਰ ਕੋ ਇਹਾਂ ਨ ਜੋਵੌਂ॥੪॥ਨਿਜ ਦਲ ਤੇ ਨਿਕਾਸਿ ਕਰਿ ਸਯੰਦਨ। ਇਸ ਥਲੋਂਥਿਤਿ ਕਿਯ ਨੰਦ ਸੁ ਨੰਦਨ[6]।ਆਸ਼ੈ ਅਰਜਨ ਕੋ ਜਬਿ ਜਾਨਾ।ਕਰਿ ਉਪਦੇਸ਼ਦਯੋ ਮਨ ਗਯਾਨਾ॥ ੫ ॥–ਤਨ ਸੰਬੰਧ ਕੋ ਮਿੱਥਯਾ ਜਾਨਿ। ਸਤ ਚੇਤਨ ਹੈ ਅਲਿਪ ਮਹਾਨ[7]। ਕਰਤਾ ਭੁਕਤਾ[8] ਆਪ ਨ ਲਖੀਯਹਿ। ਮਤਿ ਕਰਿ ਨਿਜ ਸਰੂਪ ਕੋ ਪਿਖਯਹਿ[9]–॥ ੬ ॥ ਇੱਤਯਾਦਿਕ ਗੀਤਾ ਮਹਿਂ ਕਹਯੋ। ਰਿਦੈ ਗਯਾਨ ਅਰਜਨ ਸੁਨਿ ਲਹਯੋ। ਬਾਸੁਦੇਵ[10] ਕਹਿ ਅਨਿਕ ਪ੍ਰਕਾਰਾ। ਕਰਿਵਾਇਸਿ ਬਡਿ ਜੰਗ ਅਖਾਰਾ ॥ ੭ ॥ ਇਸਿ ਥਲ ਥਿਤਿ

---

[1]ਕੁਰਖੇਤ੍ਰ ਦੇ ੮੪ ਤੀਰਥਾਂ ਵਿਚੋਂ ਇਕ। [2]ਖੂਹਣੀਆਂ (ਫੌਜ)। [3]ਹਥਿਆਰਾਂ ਨਾਲ ਤਿਆਰ ਬਰਤਿਆਰ ਹੋਕੇ ਡਟ ਗਈ। [4]ਇਕ ਪਾਸੇ ਸੱਤ (ਖੂਹਣੀ, ਤੇ) ਗਿਆਰਾਂ (ਖੂਹਣੀ) ਦੂਜੀ ਵਲ। [5]ਦਾਦਾ। [6]ਨੰਦ ਦੇ ਪੁੱਤ੍ਰ ਸ੍ਰੀ ਕ੍ਰਿਸ਼ਨ ਜੀ ਨੇ। [7]ਛੋਟਿਆਂ ਵਡਿਆਂ ਵਿਚ ਸਤ ਚੇਤਨ ਹੈ (ਅ) ਸਤ ਚੇਤਨ ਅਤਿਸ਼ੈ ਕਰ ਨਿਰਲੇਪ ਹੈ। [8]ਕਰਨ ਵਾਲਾ ਤੇ ਭੋਗਣ ਵਾਲਾ। [9]ਆਪਣੇ ਸਰੂਪ ਨੂੰ ਇਸ ਕਰਕੇ (ਕਰਤਾ, ਭੁਗਤਾ) ਮਤ ਜਾਣੋਂ (ਅ) ਅਥਵਾ–ਬੁੱਧੀ ਨਾਲ ਨਿਜ ਸਰੂਪ ਨੂੰ ਦੇਖ। [10]ਕ੍ਰਿਸ਼ਨ ਜੀ ਨੇ।

*ਬਿਨਾ ਜਾਤਿ ਪ੍ਰਾਤ ਦੇ ਖਿਆਲ ਦੇ ਦੀਨ, ਦੁਖੀ ਤੇ ਅਨਾਥਾਂ ਨੂੰ ਦਾਨ ਦੇਣਾ ਗੁਰਮਤ ਅਨਕੂਲ ਹੈ, ਜਿਹਾਕਿ ਇਸੇ ਅੰਸੂ ਦੇ ਅੰਕ ੩੫ ਵਿਚ ਦੱਸਿਆ ਹੈ। 'ਜਥਾ ਸ਼ਕਤਿ ਸਭਿਹਿਨਿ ਦੇ ਦਾਨ'। ਜੇ ਇਸ ਦਾਨ ਤੋਂ ਮੁਕਿਤ ਪ੍ਰਾਪਤੀ ਭਾਵ ਲਿਆ ਜਾਵੇ ਤਾਂ ਉਸ ਦੀ ਨਿਖੇਧੀ ਵਿਚ ਤੀਸਰੀ ਪਾਤਸ਼ਾਹੀ ਜੀ ਆਪ ਫੁਰਮਾਉਂਦੇ ਹਨ 'ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ' ॥

ਰਥ ਕ੍ਰਿਸ਼ਨ ਪੁਨੀਤਾ। ਅਰਜਨ ਸਾਥਿ ਕਹੀ ਸ਼ੁਭ ਗੀਤ॥ ਯਾਂਤੇ ਪਾਵਨ ਇਹ ਇਸਥਾਨ॥ ਸੰਗਤਿ ਸਗਰੀ ਕਰਹੁ ਸ਼ਨਾਨ॥*॥੮॥ ਸੁਨਿ ਸਿੱਖਨਿ ਸੁਖ ਪਾਇ ਬਿਸਾਲਾ॥ਕੀਨਿ ਸ਼ਨਾਨ ਦਾਨ ਤਿਸਿ ਕਾਲਾ॥ ਬਹੁਰ ਥਨੇਸਰ ਸਤਿਗੁਰ ਗਏ॥ਭੀਰ ਸੰਗ ਬਹੁ ਡੇਰਾ ਕਏ ॥ ੯ ॥ ਖਾਨ ਪਾਨ ਕਰਿ ਨਿਸਿ ਬਿਸਰਾਮੇ॥ਕਰਨਿ ਕੀਰਤਨ ਉਠਿ ਰਹਿ ਜਾਮੇ[1]। ਰਾਗਨਿ ਕੀ ਧੁਨਿ ਸੁੰਦਰ ਸਾਥ॥ਉਪਜਤਿ ਪ੍ਰੇਮ ਪ੍ਰਮੇਸ਼ੁਰ ਨਾਥ॥੧੦॥ਭਯੋ ਪ੍ਰਕਾਸ਼ ਪ੍ਰਾਤਿ ਕੋ ਜਾਨਾ। ਕੀਨ ਤੀਰਥਨਿ ਬਿਖੈ ਸ਼ਨਾਨਾ। ਸਾਰਸੁਤੀ ਸਲਿਤਾ ਜਲ ਪਾਵਨ। ਗਯੋ ਪ੍ਰਵਾਹ ਪੁੰਨ ਬਹੁ ਥਾਵਨ ॥੧੧॥ ਤੀਰਥ ਬ੍ਰਿੰਦ ਬਿਖੈ ਬਹਿ ਬਾਰੀ[2]।ਪਾਵਨ ਕਰੀ ਭੂਮਿਕਾ ਸਾਰੀ॥ਤਿਸਿ ਮਹਿਂ ਕਰਿ ਸ਼ਨਾਨ ਹਰਖਾਇ॥ਜਪਿ ਪ੍ਰਭੁ ਦਾਨ ਦੀਨਿ ਸਮੁਦਾਇ॥੧੨॥ਸਭਿ ਤੀਰਥ ਅਰੁ ਨਗਰ ਮਝਾਰਾ॥ਸੁਨਿ ਸੁਨਿ ਸੁਧਿ ਨਰ ਕਰਹਿਂ ਉਚਾਰਾ†।'ਸ੍ਰੀ ਨਾਨਕ ਤੇ ਤੀਸਰ ਥਾਨ। ਬੈਠੇ ਗਾਦੀ ਗੁਰੂ ਮਹਾਨ ॥੧੩॥ ਸੋ ਤੀਰਥ ਕਰਿਬੇ ਕਹੁ ਆਯਹੁ। ਮਹਾਂ ਜੋਤਿ ਜਿਨ ਜਗ ਬਿਦਤਾਯਹੁ॥ਸੰਨਯਾਸੀ ਬ੍ਰਹਮਚਾਰੀ ਬ੍ਰਿੰਦ॥ਪੰਡਿਤ ਬਿੱਦਯਾ ਬਿਖੈ ਬਿਲੰਦ॥ ੧੪॥ਬੈਰਾਗੀ ਆਦਿਕ ਬਹੁ ਬੇਖਨਿ। ਚਲਿ ਆਏ ਸਤਿਗੁਰ ਕਹੁ ਦੇਖਨਿ। ਨਰ ਗ੍ਰਿਹਸਥੀ ਗੁਰ ਕੇ ਸਿਖ ਕੋਈ॥ਗੁਰੂ ਦਰਸ਼ ਹਿਤ ਆਏ ਤੇਈ ॥੧੫॥ ਲੇ ਕਰਿ ਕੇਤਿਕ ਸ਼ੁਭ ਪਕਵਾਨ॥ਕਿਨਹੂੰ ਸੁਮਨ ਸੁ ਲੀਨਸਿ ਪਾਨ॥ਕੋ ਫਲ ਮੂਲ ਲਯਾਇਬੋ ਕਰੈਂ। ਚਾਰਹੁੰ ਬਰਨ ਭੇਟ ਕੋ ਧਰੈਂ॥੧੬॥ ਦਰਸਹਿਂ ਸਤਿ-ਗੁਰ ਕਰਿ ਕਰਿ ਨਮੋ। ਭਈ ਭੀਰ ਭਾਰੀ ਤਿਹ ਸਮੋ। ਦੇਖਤਿ ਸਰਬ ਪ੍ਰਤਾਪ ਉਚੇਰੋ। ਧਰਯੋ ਸਰੂਪ ਜਨੁ ਗਯਾਨ ਬਡੇਰੋ[3] ॥ ੧੭ ॥ ਪੰਡਿਤ ਅਰੁ ਸੰਨਯਾਸੀ ਬ੍ਰਿੰਦ। ਢਿਗਿ ਬੈਠੇ ਹੰਕਾਰ ਬਿਲੰਦ॥ਸ੍ਰੀ ਸਤਿਗੁਰ ਕੋ ਦਰਸ਼ਨ ਕਰਯੋ॥ਕਰਿ ਬੰਦਨ ਕੋ ਪ੍ਰਸ਼ਨ ਉਚਰਯੋ ॥੧੮॥ 'ਸ੍ਰੀ ਨਾਨਕ ਜੋ ਕੀਨਸਿ ਬਾਨੀ॥ਤਿਸ ਕੋ ਕਾਰਨ ਪਰਹਿ ਨ ਜਾਨੀ[4]। ਆਗੈ ਹੁਤੇ ਸੁ ਬੇਦ ਪੁਰਾਨ। ਪਠਹਿਂ ਸੁਨਹਿਂ ਬਿਸਤਰੇ ਜਹਾਨ[5]॥੧੯॥ਸੋ ਕੱਲਯਾਨ ਕਰਤਿ ਜੱਗਯਾਸੀ॥

---

[1]ਪਹਿਰ (ਰਾਤ) ਰਹੀ ਤੋਂ। [2]ਵਗਦਾ ਹੈ ਜਲ। [3]ਮਾਨੋ ਗਿਆਨ ਨੇ ਬਜ਼ੁਰਗ ਸਰੀਰ ਧਾਰਨ ਕੀਤਾ ਹੈ। [4]ਨਹੀਂ ਜਾਣਿਆ ਜਾਂਦਾ। [5]ਪੜ੍ਹਨਾ ਸੁਣਨਾ ਫੈਲਿਆ ਜਹਾਨ ਵਿਚ।

*ਇਸੇ ਅੰਸੂ ਦੇ ਆਦ ਵਿਚ 'ਪੁੰਨ ਰੂਪ ਤੀਰਥ ਗੁਰੂ' ਕਵੀ ਜੀ ਆਪ ਕਹਿ ਆਏ ਹਨ, ਹੁਣ ਸਿੱਖ ਨੂੰ ਕਿਸੇ ਹੋਰ ਪਾਵਨ ਕਰਨ ਵਾਲੇ ਤੀਰਥ ਦੀ ਲੋੜ ਨਹੀਂ, ਗੁਰਬਾਣੀ ਤਾਂ ਇਸ ਉਪਦੇਸ਼ ਨਾਲ ਭਰੀ ਪਈ ਹੈ।

†ਪਾ:-ਕਰਹਿਂ ਵਿਚਾਰਾ।

ਚਲਹਿਂ ਕਹੇ ਪਰ,ਕਾਟਹਿਂ ਫਾਸੀ[1]। ਮੁਕਤਿ ਪੰਥ ਕੋ ਨੀਕੀ ਭਾਂਤਿ। ਬਰ-ਨੈ ਉਪਦੇਸ਼ ਜੁ ਬਖਜਾਤ*॥੨੦॥ਤਿਨਿ ਕੇ ਹੋਤੇ ਸ੍ਰੀ ਗੁਰ ਬਾਨੀ†।ਕਯੋਂ ਕੀਨਸਿ ਕੁਛ ਜਾਇ ਨ ਜਾਨੀ?'। ਇਸ ਪ੍ਰਕਾਰ ਤਿਨਿ ਤੇ ਸੁਨਿ ਕਾਨ। ਸ੍ਰੀ ਗੁਰ ਕੀਨਸਿ ਸ਼ਬਦ ਬਖਾਨਿ ॥ ੨੧ ॥ ਸ੍ਰੀ ਮੁਖ ਵਾਕ:—

ਮਹਲਾ ੩ ਗਉੜੀ ਬੈਰਾਗਣਿ ॥

ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥ ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥ ੧ ॥ ਬਾਬਾ ਤੂੰ ਐਸੇ ਭਰਮੁ ਚੁਕਾਹੀ ॥ ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥ ੧ ॥ ਰਹਾਉ ॥ ਇਸਤਰੀ ਪੁਰਖ ਹੋਇਕੈ ਕਿਆ ਓਇ ਕਰਮ ਕਮਾਹੀ ॥ ਨਾਨਾ ਰੂਪ ਸਦਾ ਹਹਿ ਤੇਰੇ ਤੁਝਹੀ ਮਾਹਿ ਸਮਾਹੀ ॥ ੨ ॥ ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥ ਜਾਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥ ੩ ॥ ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥ ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥ ੪ ॥ ੧ ॥ ੧੫ ॥ ੩੫ ॥

ਚੌਪਈ॥ 'ਬੇਦ ਪੁਰਾਨਨਿ ਕੋ ਉਪਦੇਸ਼। ਕਿਸਹੂ ਕੋ ਪ੍ਰਾਪਤਿ ਕਿਸਿ ਦੇਸ਼। ਪ੍ਰਥਮੇ ਨੀਕੀ ਹੋਵਹਿ‡ ਜਾਤਿ§। ਪੁਨ ਤਿਸਿ ਤੇ ਚਹਿ ਮਤਿ ਅਵਿਦਾਤਿ[2] ॥੨੨॥ਬਹੁਰ ਅੱਭਯਾਸ ਕਮਾਵਹਿਂ ਘਨੋ।ਦੁਰਿ ਦੁਰਿ ਬੈਠਤਿ ਕਬਹੂ ਭਨੋ[3]। ਪੁਨਹਿ ਪ੍ਰੇਮ ਪਰਲੋਕ ਕਰੈ।ਜੋ।ਕੋਟਿ ਮਧੇ ਨਰਕੋ ਨਿਤਰੈ ਜੋ[4]¶॥੨੩॥ਜਥਾ ਕੂਪ ਕੋ ਨੀਰ ਪਛਾਨ। ਕੋ ਜਬ ਘਾਲਹਿ ਘਾਲ ਮਹਾਂਨ[5]। ਨਿਜ ਹਿਤ ਕੁਛ ਖੇਤੀ ਕਰਿ ਲੇਤਿ।ਜੇ ਨਿਤ ਪਾਲਨਿ ਸੋਂ ਕਰਿ ਹੇਤ[6]॥੨੪॥ਸ੍ਰੀ ਸਤਿ-ਗੁਰ ਕੋ ਸਬਦ ਸੁਖਾਰੋ। ਸਰਬ ਜਾਤਿ ਕੋ ਹੈ ਅਧਿਕਾਰੋ।ਸਰਬ ਕਾਲ ਅਰੁ ਸਗਰੇ ਦੇਸ਼। ਲਘੁ ਬਿਸਾਲ ਸਭਿ ਹਤਹਿਂ ਕਲੇਸ਼[7]॥੨੫॥ਧਨੀ ਨਿਰਧਨੀ ਸਭਿ ਲੇ ਪਾਇ।ਊਠਤਿ ਬੈਠਤਿ ਹਰਿ() ਗੁਨਗਾਇ। ਬਿਨਾ ਸੌਚ,ਕੈ ਕਰਹਿ

[1]ਜੇ (ਉਨ੍ਹਾਂ ਦੇ) ਕਹੇ ਪਰ ਚਲਦੇ ਸੀ ਉਸ ਦੀ ਫਾਂਸੀ ਕਟੀ ਜਾਂਦੀ ਸੀ। [2]ਉਸ ਤੋਂ (ਅਗੇ) ਫੇਰ ਮਤ ਉਜਲ ਚਾਹੀਦੀ ਹੈ। [3]ਕਦੇ ਛੁਪ ਛੁਪ ਕੇ ਬੈਠਕੇ ਉਚਾਰੇ, ਭਾਵ, ਏਕਾਂਤ ਬੈਠਕੇ ਵਿਦਯਾ ਘੋਖੇ। [4]ਕ੍ਰੋੜਾਂ ਵਿਚ ਕੋਈ ( ਇਕ ) ਨਰ ( ਹੀ ਹੁੰਦਾ ਹੈ ) ਜੋ ਨਿਤਰਦਾ ਹੈ। [5]ਮਹਾਂਨ ਕਮਾਈ ਕਰੇ। [6](ਉਹ ਬੀ ਤਾਂ) ਜੇ ਨਿੱਤ (ਖੇਤੀ ਦੇ) ਪਾਲਣ ਦਾ ਹਿਤ ਕਰੀ ਰਖੇ। [7]ਛੋਟੇ ਵਡੇ ਸਭ ਦੇ ਕਲੇਸ਼ ਨਾਸ਼ ਕਰਦੇ ਹਨ (ਗੁਰਸ਼ਬਦ)।*ਪਾ:—ਬਰਨਜੋ ਹੈ ਉਪਦੇਸ਼ ਬਖਜਾਤ।†ਪਾ:—ਸਤਿਗੁਰ ਬਾਣੀ। ‡ਪਾ:—ਹੋਵਤ। §ਸ਼ੂਦਰ ਆਦਿ ਜਾਤੀਆਂ ਨੂੰ ਵੇਦ ਪੜ੍ਹਨੇ ਦਾ ਅਧਿਕਾਰ ਨਹੀਂ। ਸੋ ਸਰਬ ਸਾਧਾਰਣ, ਕਿਰਤੀ, ਜ਼ਿਮੀਦਾਰ, ਮਜ਼ਦੂਰ ਤਾਂ ਮੁਕਤੀ ਤੋਂ ਏਨੀ ਗਲ ਨਾਲ ਹੀ ਵਾਂਜੇ ਗਏ। ¶ਪਾ:—ਕੋਇ ਤਰੈ ਜੋ। ()ਪਾ:—ਰਹਿ।

ਸ਼ਨਾਨ। ਕਰਹਿ ਭਜਨ ਪਾਵਹਿ ਕੱਲਜਾਨ ॥ ੨੬॥ ਨੀਚ ਊਚ ਸਭਿ ਕੌ ਇਕਿ ਸਾਰ।ਤਿਸਿ ਪਰ ਸੁਨਿ ਦ੍ਰਿਸ਼ਟਾਂਤ ਉਦਾਰ। ਬੇਦ ਪੁਰਾਨ ਕੂਪ ਜਲ ਜੈਸੇ।ਬਰੌਸਾਇ ਕੋ ਇਕ ਕਿਤਿ ਕੈਸੇ[1]॥੨੭॥ਸਤਿਗੁਰ ਬਾਨੀਮੇਘ[2] ਸਮਾਨ। ਬਰਖੈ ਚਹੁੰਦਿਸ਼ਿ ਬਿਖੇ ਮਹਾਂਨ। ਬਨ ਕੇ ਪਸੁ ਪੰਛੀ ਸੁਖ ਪਾਵਹਿਂ।ਕਰਹਿ ਪਾਨ ਅਰੁ ਤਪਤ ਮਿਟਾਵਹਿਂ॥੨੮॥ਕੂਪ ਕਿਸੂ ਕੈ ਹੋਇ ਕਿ ਨਾਂਹੀ। ਇਕ ਸਮ ਘਨ ਤੇ ਸਭਿ ਸੁਖ ਪਾਂਹੀ। ਸਗਰੇ ਖੇਤੀ ਬੋਇ ਪਕਾਇਂ[3]। ਬਿਨਾ ਜਤਨ ਸਭਿ ਹੀ ਸੁਖ ਪਾਇਂ॥੨੯॥ਤਜੌਂ ਸਤਿਗੁਰ ਕੇ ਸ਼ਬਦ ਸੁਖੈਨ।ਪਢਿ ਗਤਿ ਪ੍ਰਾਪਤਿ ਜੋਨ ਰੁ ਕੋਨ[4]।ਧਰਤੀ ਬਿਖੈ ਕੂਪ ਕੋ ਪਾਨੀ।ਤਊ ਮੇਘ ਬਰਖਹਿ,ਸੁਖ ਠਾਂਨੀ॥੩੦॥ਯਾਂਤੇਪੰਡਿਤ ਰਿਦੈ ਬਿਚਾਰਹੁ।ਘਨ ਅਰੁ ਕੂਪ ਨੀਰ ਨਿਰਧਾਰਹੁ।ਗੁਰ ਬਾਨੀ ਕੋ ਕਾਰਨ ਏਹੁ।ਸੁਨਹੁ ਸੁਜਨ ਨਹਿਂ ਕਰਹੁਸੰਦੇਹੂ ॥੩੧॥ ਬਰੌਸਾਇਂ ਲਾਖਹੁਂ ਗੁਰ ਬਾਨੀ।ਊਚ ਨੀਚੁ ਕੈ ਏਕ ਸਮਾਨੀ। ਪ੍ਰੇਮ ਠਾਨਿ ਜੋ ਪਠਹਿ ਬਿਚਾਰਹਿ।ਬਹੁਰ ਕਮਾਵਹਿ ਹੁਇ ਨਿਸਤਾਰਹਿ'॥੩੨॥ ਨਗਰ ਤੀਰਥਨਿ ਪਰ ਜੋ ਬਾਸੀ।ਸੁਨਿ ਕਰਿ ਸਗਰੇ ਭੁਏ ਹੁਲਾਸੀ।ਬੰਦਨ ਕਰਿ ਸਭਿਹੂੰਨਿ ਸਰਾਹੇ। ਗਏ ਆਪਨੇ ਧਾਮਨਿ* ਮਾਂਹੇ ॥ ੩੩ ॥ ਇਸ ਪ੍ਰਕਾਰ ਕੁਛ ਚਰਚਾ ਭਈ।ਸੁਨਿ ਕੇਤਿਕ ਕੀ ਦੁਰਮਤਿ ਗਈ। ਖਾਨ ਪਾਨ ਕਰਿ ਸੰਗਤਿ ਸਾਥ। ਦੂਜੀ ਨਿਸ ਬਾਸੇ ਜਗਨਾਥ ॥ ੩੪ ॥ ਦਿਵਸ ਤੀਸਰੇ ਤੀਰਥ ਆਨ। ਸਭਿ ਸਿੱਖਜਨ ਜੁਤਿ ਕੀਨਿ ਸ਼ਨਾਨ। ਜਥਾ ਸ਼ਕਤਿ ਸਭਿਹਿਨਿ ਦੇ ਦਾਨ। ਬੈਠੇ ਡੇਰੇ ਕ੍ਰਿਪਾ ਨਿਧਾਨ ॥੩੫॥ ਖਾਨਪਾਨ ਸੰਗਤਿ ਸਭਿ ਕਰਿਕੈ। ਗੁਰ ਢਿਗ ਆਇ ਹਰਖ ਕਹੁ ਧਰਿਕੈ। ਹਾਥ ਜੋਰਿ ਸਭਿ ਬੂਝਨ ਕੀਨੋ।'ਸ਼੍ਰੀ ਗੁਰ! ਤੁਮ ਉਰ ਸਭਿ ਕੁਛਚੀਨੋ॥੩੬॥ਇਹ ਕੁਰਛੇਤ੍ਰ ਕੋਸ ਅਠਤਾਲੀ। ਕਿਮਿ ਪੁਨੀਤ ਇਹ ਭਯੋ ਬਿਸਾਲੀ। ਤੀਰਥ ਜਿਸ ਮਹਿਂ ਬਨੇ ਹਜ਼ਾਰੋਂ।ਅਨਿਕ† ਭਏ ਤਪਸੀ ਤਪ ਧਾਰੋ॥੩੭॥ਥਾਨ ਪੁਨੀਤ ਜਾਨਿ ਇਹ ਮਹਾਂ। ਕੈਰਵ ਪਾਂਡਵ ਲਰਿ ਮਰਿ ਜਹਾਂ। ਕਿਸਿ ਕਾਰਣ ਤੇ ਪਾਵਨ ਭਯੋ?।ਬਹੁਤਿ ਨਰਨਿ ਤਨ ਤਜਾਗਨਿ ਕਿਯੋ॥੩੮॥ਕੌਤਕਬਰਤੈ ਰਿਦੈ ਹਮਾਰੇ। ਸਕਲ ਸੁਨਾਵਹੁ ਕਥਾ ਉਚਾਰੇ'। ਸਭਿ ਸੰਗਤਿ ਕੇ ਸੁਨਿ ਕੈ ਬੈਨ।ਕਰੁਨਾ ਭਰੇ ਰਸੀਲੇ ਨੈਨ॥੩੯॥ਪਰਉਪਕਾਰ ਕਰਨਿ ਨਿਤਿ ਚਾਹਤਿ। ਬਹੁ ਲੋਕਨ ਕੀ ਦੂਰਮਤਿ ਦਾਹਤਿ।ਜਿਸ ਕਾਰਨ ਕੋ ਧਰਿ ਅਵਿਤਾਰਾ।

[1]ਫਰੌਸਾਉਂਦਾ ਹੈ ਭਾਵ ਲਾਭ ਪ੍ਰਾਪਤ ਕਰਦਾ ਹੈ ਕੋਈ ਇਕ ਕਿਧਰੇ। [2]ਬੱਦਲ। [3]ਬੀਜ ਕੇ ਪਕਾਉਂਦੇ ਹਨ। [4]ਜਿਸ ਕਿਸੇ ਨੇ। *ਪਾ:—ਥਾਨਨ। †ਪਾ:—ਅਧਿਕ।

ਸੋ ਨਿਤ ਕਰਤਿ ਭਗਤਿ ਬਿਸਥਾਰਾ ॥ ੪੦ ॥ ਕਥਾ ਪੁਰਾਤਨ ਬਹੁ ਚਿਰ ਕੇਰੀ।ਗਿਨਤੀ ਸੰਮਤ[1]ਪਰਹਿ ਨ ਹੇਰੀ।ਜਗਤ ਆਦਿ ਕੋ ਇਹ ਬਿਰਤਾਂਤ[2] । ਸ੍ਰੀ ਗੁਰ ਚਹਸੋ ਕਰਨਿ ਬੱਖਯਾਤ ॥ ੪੧ ॥ 'ਭੋ ਸੰਗਤਿ ! ਸੁਨੀਅਹਿ ਦੇ ਕਾਨ।ਉਪਜਯੋ ਨਹਿਂ ਜਬਿ ਜਗਤ ਮਹਾਂਨ। ਸ੍ਰੀ ਨਾਰਾਇਣ ਬੈਠੇ ਇਹਾਂ। ਭਯੋ ਇਤਕ ਮਹਿਂ[3] ਆਸਨ ਮਹਾਂ॥੪੨॥ਅਸ਼ਟ ਕੋਸ ਲਗਿ ਨੀਚੇ ਥਾਨ।ਆਗੇ ਜਾਨੁ[4]ਬਧੇ ਮਹਾਂਨ।ਉੱਤਰ ਦਿਸ਼ਿ ਭੀ ਪ੍ਰਿਸ਼ਟਿਬਡੇਰੀ।ਦੱਖਣ ਕੋ ਮੁਖ ਕਿਯ ਤਿਸ ਬੇਰੀ ॥ ੪੩ ॥ ਅਸ਼ਟ ਕੋਸ੍ ਚਉਗਿਰਦੇ ਮਾਂਹਿ। ਮੱਧ ਥਾਨ ਭਗਵਾਨ ਸੁ ਆਹਿ[5]।ਸੋ ਥਲ ਇਹੈ ਥਨੇਸਰ ਜਾਨਹੁ।ਮਹਾਂ ਮਹਾਤਮ ਰਿਦੈ ਪ੍ਰਮਾਨਹੁ'॥੪੪॥ਸੁਨਿ ਸੰਗਤਿ ਗੁਰਿ ਬੂਝਨ ਕੀਨੋ। 'ਇਹਾਂ ਪ੍ਰਮੇਸ਼ੁਰ ਕਿਮ ਆਸੀਨੋ ?। ਕੋ ਕਾਰਨ ਭਾ ?ਬਰਨਨ ਕਰਿਯਹਿ। ਸਭਿ ਸਿੱਖਨਨਿ ਕੀ ਇੱਛਾ ਪੁਰਿਯਹਿ॥੪੫॥ ਭੂਤ ਭਵਿੱਖਯ ਤੀਨਹੂੰ ਕਾਲ।ਰਾਵਰਿ ਕੋ ਸਭਿ ਗ੍ਯਾਤ ਬਿਸਾਲ'।ਸ੍ਰੀ ਗੁਰ ਅਮਰਦਾਸ ਸੁਖਰਾਸ।ਨਿਜ ਦਾਸਨ ਕੀ ਪੂਰਤਿ ਆਸ ॥੪੬॥ ਕਹਨਿ ਲਗੇ ਇਤਿਹਾਸ ਪੁਰਾਤਨਿ*। ਜਿਮ ਕੀਨੋ ਸ੍ਰੀ ਪ੍ਰਭੁ ਸਨਾਤਨ । ਸੰਗਤਿ ਸੁਨਹੁ ਸੁ ਕਥਾ ਨਰਾਯਨ। ਜਿਸਤੇ ਹੋਵਤਿ ਪਾਪ ਪਲਾਯਨ ॥ ੪੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਕੁਰਛੇਤਰ ਆਗਮਨ ਸ੍ਰੀ ਅਮਰ' ਪ੍ਰਸੰਗ ਬਰਨਨੰ ਨਾਮ ਖ਼ਸ਼ਟ ਚੱਤ੍ਵਾਰਿੰਸਤੀ ਅੰਸੂ ॥ ੪੬ ॥

---

[1]ਬਰਸਾਂ ਦੀ। [2]ਜਗਤ ਦੇ ਮੁੱਢ ਦਾ ਇਹ ਬ੍ਰਿਤਾਂਤ। [3]ਇਤਨੀ ਥਾਂ ਵਿਚ। [4]ਗੋਡੇ। [5]ਵਿਸ਼ਨੂੰ ਦਾ ਹੈਸੀ।

*ਧਰਤੀ ਦਾ ਇਕ ਨਾਮ ਮੇਦਨੀ ਹੈ। ਮੇਦਾ ਨਾਮ ਮਿੱਝ ਦਾ ਹੈ। ਪੁਰਾਣਾਂ ਨੇ ਮੇਦਨੀ ਦੇ ਬਣਨ ਦਾ ਕਾਰਨ (ਮੇਦਾ=) ਮਿੱਝ ਦੱਸਿਆ ਹੈ, ਤੇ ਦੋ ਰਾਖਸ਼ਾਂ ਦੇ ਮਾਰੇ ਜਾਣ ਤੇ ਉਹਨਾਂ ਤੋਂ ਧਰਤੀ ਬਣਨ ਦੀ ਕਥਾ ਲਿਖੀ ਹੈ। ਸੋ ਕਥਾ ਪੁਰਾਣਾਂ ਵਿਚੋਂ ਵਾਚੀ ਹੋਈ ਕਵਿ ਜੀ ਅੱਗੇ ਦੇਣ ਲੱਗੇ ਹਨ। ਅੱਗੇ ਆਉਣ ਵਾਲੀ ਸਾਰੀ ਕਹਾਣੀ ਨੂੰ ਗੁਰੂ ਜੀ ਵਲੋਂ ਨਹੀਂ ਸਮਝਣਾ ਚਾਹੀਏ। ਉਹਨਾਂ ਦੀ ਬਾਣੀ ਦੱਸਦੀ ਹੈ ਕਿ ਐਸੀਆਂ ਕਹਾਣੀਆਂ ਪਰ ਸਤਿਗੁਰਾਂ ਦਾ ਵਿਸ਼ਵਾਸ਼ ਨਹੀਂ ਸੀ ਤੇ ਨਾ ਆਪ ਐਸੇ ਉਪਦੇਸ਼ ਕਰਦੇ ਸਨ।

ਚੌਵੀਸ ਅਵਤਾਰ ਨਾਮੇ ਰਚਨਾ ਵਿਚ ਲਿਖਿਆ ਹੈ ਕਿ ਬਿਸ਼ਨੁ ਪੰਜ ਹਜ਼ਾਰ ਵਰ੍ਹੇ ਮਧੁਕੈਟਭ ਨਾਲ ਲੜਦਾ ਜਿੱਤ ਨਾ ਸਕਿਆ ਤਾਂ ਅਕਾਲ ਪੁਰਖ ਨੇ ਸਹਾਇਤਾ ਕੀਤੀ ਤਾਂ ਫਤੇ ਹੋਈ। ਓਥੇ ਵਿਸ਼ਨੂੰ ਵੱਖਰਾ ਹੈ ਤੇ ਅਕਾਲ ਪੁਰਖ ਵੱਖਰਾ ਹੈ ਜੋ ਸਰਬ ਸ਼ਿਰੋਮਣੀ ਹੈ। ਵਿਸ਼ਨੂੰ ਤੇ ਅਕਾਲ ਪੁਰਖ ਦਾ ਕਵੀ ਜੀ ਨੇ ਏਥੇ ਫਰਕ ਨਹੀਂ ਵਿਖਾਇਆ। ਇਸ ਪ੍ਰਸੰਗ ਵਿਚ ਕਵਿਤਾ ਦੇ ਨੁਕਤੇ ਤੋਂ ਬੀਰਰਸ ਦਾ ਵਰਣਨ ਸੁਹਣਾ ਹੈ।

### ੪੭. [ਮੇਦਨੀ ਦੀ ਆਦ ਕਥਾ, ਮਧੁ ਕੈਟਭ ਦਾ ਯੁੱਧ]।

ਦੋਹਰਾ॥ ਸ੍ਰੀ ਨਾਰਾਯਣ*ਹਰਿ ਪ੍ਰਭੁ ਸੇਜ ਸ਼ੇਸ਼ ਤੇ ਪਾਇ।ਸੁਪਤਿ ਜਥਾ ਸੁਖ ਕਾਲ ਚਿਰ[੧], ਜਿਹ ਜੋਗੀ ਜਨ ਧਯਾਇ ॥੧॥ ਚੌਪਈ ॥ ਪਰਮ ਸਰੂਪ ਤੇਜ ਅਤੁਲਤਹੈ।ਬੀਜ ਭੂਤ ਸਭਿ ਜਗ ਕੋ ਅਤਿਹੈ[੨]।ਨਿਜ ਮਹਿੰ ਧਰਤਿ ਸ਼ਕਤਿ ਅਨੰਤ। ਸ੍ਰਿਸ਼ਟਿ ਸਥਿਤ ਸੰਘਾਰ ਕਰੰਤ[੩] ॥ ੨ ॥ ਪਰਮ ਪੁਰਖ ਪਰਮੇਸ਼ੁਰ ਪੂਰਨ।ਅਨਉਪਮਾ ਗਨ ਸ਼ੱਤ੍ਰ ਚੂਰਨ[੪]। ਨਿਰਭੈ ਅਨੰਦ ਰੂਪ ਪਰਮਾਤਮ। ਹੋਤਿ ਚਰਾਚਰ[੫]ਸਭਿ ਕੋ ਆਤਮ ॥੩॥ ਸ਼ਯਾਮਲ ਅਲਸੀ ਕੁਸਮ ਸਮਾਨ। ਮ੍ਰਿਦੁਲ ਮਧੁਰ ਮੁਖਤੇ ਮੁਸਕਯਾਨ।ਅਧੁਤ ਬਿਲੋਚਨ ਮੁੱਦ੍ਰਿਤਕਰੇ। ਰਤਨ ਤਲਪ[੬]ਪਰ ਸ਼੍ਰੀ ਪ੍ਰਭੁ ਥਿਰੇ ॥ ੪ ॥ ਚਹੁੰਦਿਸ਼ਿ ਮਹਿੰ ਪਸਰਯੋ ਜਲ ਜਾਲਾ। ਅਪਰ ਨ ਕੁਛ ਪੱਧਤਿ ਕਿਤਿ ਭਾਲਾ[੭]†। ਕਰਤਾ ਪੁਰਖ ਇੱਛ ਅਨੁਸਾਰੇ। ਕਮਲ ਨਾਭਿ ਭਾ ਧੁਤ ਬਿਸਥਾਰੇ[੮] ॥੫॥ ਤਿਸਤੇ ਬ੍ਰਹਮਾ ਉਤਪਤਿ ਹੋਵਾ। ਨੇਤ੍ਰਨਿ ਤੇ ਜਲ ਜਹਿੰ ਕਹਿੰ ਜੋਵਾ। ਤਿਸੀ ਕਮਲ ਕੇ ਥਲ ਕੋ ਪਾਇ। ਲਗਯੋ ਕਰਨਿ ਤਪ ਕੋ ਤਪਤਾਇ॥੬॥ਪੁਨਹ ਅਕਾਲ ਪੁਰਖ ਇਛ ਠਾਨਿ। ਹਾਥ ਆਂਗੁਰੀ ਦੇ ਕਰਿ ਕਾਨ। ਕੁਛਕ ਹਲਾਇ ਸੁਕੇਡੂੰ[੯] ਕਰਿਕੈ। ਕਿਤਿਕ ਤਹਾਂ ਤੇ ਮੈਲ ਨਿਕਰਿਕੈ ॥੭॥ ਨਿਜ ਅਨਾਮਿਕਾ ਤੇ ਸੁ ਬਗਾਈ[੧੦]।ਜੋਜਨ ਕਿਤਿਕ ਪਰੀ ਕਿਤਿ ਜਾਈ।ਤਿਸਤੇ ਦੈਂਤ ਦੋਇ ਤਨ ਧਾਰੇ।ਬਲੀ ਬਿਸਾਲ ਬਡੀ ਭੁਜ ਵਾਰੇ ॥ ੮ ॥ ਬ੍ਰਿਧੇ ਕਲੇਵਰ[੧੧] ਤਿਨ ਤਤਕਾਲਾ। ਅੱਪ੍ਰਮਾਨ[੧੨] ਬਲ ਮਹਤ ਕਰਾਲਾ। ਚਹੁੰਦਿਸ਼ਿ ਬਿਚਰਹਿੰ ਜਲਕੇ ਮਾਂਹੀ। ਭਰੇ ਗਰਬ ਤੇ ਰਣ ਉਤਸਾਹੀ॥੯॥ਮਹਾਂ ਬਦਨ ਅਰੁ ਦਾੜ੍ਹ[੧੩]ਜਿਨਹੁੰ ਕੇ। ਰਕਤ ਬਿਲੋ-

---

[੧]ਜੋ ਸ਼ੇਸ਼ ਨਾਗ ਦੀ ਸੇਜਾ ਪਰ ਪੈਕੇ ਸੌਂਦੇ ਹਨ ਚਿਰ ਕਾਲ ਤੱਕ ਸੁਖ ਪੂਰਬਕ। [੨]ਜੋ ਵੱਡਾ ਮੂਲ ਤੱਤ ਸਾਰੇ ਜਗਤ ਦਾ ਹੈ। [੩]ਦੁਨੀਆਂ ਦੀ ਉਤਪਤੀ ਪਾਲਣਾ ਤੇ ਨਾਸ਼ ਕਰਦਾ ਹੈ। [੪]ਉਪਮਾ ਤੋਂ ਰਹਿਤ ਤੇ ਸਮੂਹ ਸ਼ੱਤ੍ਰੂਆਂ ਦੇ ਚੂਰਨ ਕਰਨ ਵਾਲਾ ਹੈ। [੫]ਚਰ+ਅਚਰ=ਜੜ੍ਹ ਚੇਤਨ। [੬]ਰਤਨਾ ਜੜੀ ) ਸੇਜ। [੭]ਢੂੰਡਿਆ ਹੋਇਆ। [੮]ਨਾਭੀ ਦਾ ਕਮਲ ਵਿਸਤਾਰ ਸਹਿਤ ਹੋਇਆ। [੯]ਖੁਰਕ ਕੇ। [੧੦]ਚੀਚੀ ਨਾਲ ਦੀ ਉਂਗਲੀ ਨਾਲ ਵਗਾਹ ਮਾਰੀ। [੧੧]ਸਰੀਰ ਵਧੇ। [੧੨]ਬਿਅੰਤ। [੧੩]ਦਾੜ੍ਹਾਂ।

*ਨਾਰਾਯਣ ਨਾਮ ਆਮ ਕਰਕੇ ਵਿਸ਼ਨੂੰ ਦਾ ਹੀ ਹੈ। ਪੋਰਾਣਾਂ ਵਿਚ ਅਨੇਕ ਵਿਤਪਤੀਆਂ ਇਸ ਦੀਆਂ ਹਨ ਪਰ ਆਮ ਪ੍ਰਸਿੱਧ ਇਹ ਹੈ—ਨਾਰ=ਜਲ, ਆਯਨ=ਘਰ।=ਜਿਸ ਦਾ ਸਭ ਤੋਂ ਪਹਿਲਾਂ ਅਯਣ (ਅਧਿਸ਼੍ਠਾਨ) ਜਲ ਹੋਇਆ ਸੀ। ਯਜੁਰ ਵੇਦ ਅਰ ਸ਼ਤਪਥ ਬ੍ਰਾਹਮਣ ਵਿਚ ਇਹ ਪਦ ਵਿਸ਼ਨੂੰ ਤੇ ਪ੍ਰਥਮ ਪੁਰਖ ਦੇ ਅਰਥਾਂ ਵਿਚ ਆਇਆ ਹੈ।

†ਪਾ:—ਕਾਲਾ।

ਚਨ ਭੀਮ ਤਿਨਹੁੰ ਕੇ। ਦੰਭ ਪ੍ਰਚੰਡ[1] ਬਜਾਵਹਿਂ ਬਲਤੇ। ਭੈਰਵ[2] ਗਰਜ ਉਤਾਇਲ ਚਲਤੇ ॥੧੦॥ ਬਿਚਰਤਿ ਆਇ ਪਹੁੰਚੇ ਤਹਿੰਵਾ। ਹੁਤੋ ਕਮਲ ਪਰ ਬ੍ਰਹਮਾ ਜਹਿੰਵਾ। ਦੇਖਿ ਦੁਹਨ ਕੋ ਡਰਯੋ ਬਿਸਾਲੇ। ਕਾਲੇ ਪਰਬਤ ਮਨਹੁੰ ਕਰਾਲੇ[3] ॥੧੧॥ ਤਨ ਰੁਹਿ ਖਰੇ ਤਰੋਵਰੁ ਜਾਲ[4]।ਜਾਨੁ ਜੁਗ ਜੁਗ ਸ਼ਿੰਗ ਬਿਸਾਲ[5]। ਭੁਜਾ ਭੁਜੰਗਰਾਜ ਸੇ[6] ਨਿਕਸੇ। ਮਹਿਦ ਤਲਾਉ ਬਿਲੋ-ਚਨ ਬਿਕਸੇ॥੧੨॥ਰਕਤ ਬਰਨ ਸ਼ੋਣਤ ਕੇ ਪੂਰੇ। ਸੈਲ ਦਧਧ ਜਨੁ ਆਇ ਹਦੂਰੇ[7]*।ਨਿੰਦ੍ਰਾ ਜੋਗ ਬਿਖੈ ਗੋਸਾਈਂ।ਲਖਿਬਿਧਿ ਨੇ[8] ਤਬਿਕੀਨ ਉਪਾਈ ॥੧੩॥ ਸਭੁਤ ਮਹਾਂ ਮਾਯਾ ਕੀ ਠਾਨੀ†। 'ਉਤਪਤ ਸਥਿਤ ਹਤਨ ਜਗ ਰਾਨੀ[9]।ਨਿੰਦ੍ਰਾ ਰੂਪ ਭਗਵਤੀ ਮਹਾਂ।ਸ੍ਵਾਹਾ ਸੁਧਾ ਬਖਟਕ੍ਰਿਤ ਅਹਾ[10]॥੧੪॥ ਰ੍ਰੀ ਸ੍ਰੀ ਪਰਮ ਈਸ਼੍ਵਰੀ ਪੁਸ਼ਟੀ[11]।ਸਰਬ ਚਰਾਚਰ ਰੂਪਾ ਤੁਸ਼ਟੀ[12]। ਖੜਗ-

---

[1]ਭੁਜਦੰਡ ਤੀਖਣ। [2]ਭਿਆਨਕ। [3]ਮਾਨੋਂ ਕਾਲੇ ਪਹਾੜ ਭਿਆਨਕ। [4]ਤਨ ਦੇ ਰੋਮ ਮਾਨੋ ਖੜੇ ਹਨ ਦਰਖਤ ਸਮੂਹ। [5]ਦੋ ਗੋਡੇ ਮਾਨੋਂ ਪਹਾੜ ਦੇ ਟਿਲੇ ਹੀ ਹਨ। [6]ਬਾਹਵਾਂ ਸ਼ੇਸ਼ਨਾਗ ਵਤ। [7]ਮਾਨੋਂ ਦਗ ਦਗ ਕਰਦੇ (ਭਾਵ ਬਲਦੇ) ਪਹਾੜ ਸਾਮ੍ਹਣੇ ਆਏ। [8]ਬ੍ਰਹਮਾਂ ਨੇ ਲਖ ਕੇ। [9]ਪੈਦਾ ਕਰਨ, ਪਾਲਨ ਤੇ ਮਾਰਨ ਵਾਲੀ ਹੇ ਜਗਤ ਦੀ ਰਾਣੀ।

[10]ਸ੍ਵਾਹਾ=ਦੇਵਤਿਆਂ ਨਮਿੱਤ ਅਹੂਤੀ ਦੇਕੇ ਇਹ ਸ਼ਬਦ ਉਚਾਰ ਹੁੰਦਾ ਹੈ,[ਸੰਸ: ਸ੍ਵਾਹਾ]। (ਅ) ਇਹ ਅਹੂਤੀ ਵਜ਼ਕਤੀਵਾਨ ਵੀ ਸਮਝਦੇ ਹਨ, ਤੇ ਇਸ ਨੂੰ ਅਗਨਿ ਦੇਵਤਾ ਦੀ ਇਸਤ੍ਰੀ ਆਖਦੇ ਹਨ, ਇਸ ਦਾ ਸਰੀਰ ਚਾਰ ਵੇਦਾਂ ਦਾ, ਤੇ ਇਸ ਦੇ ਅੰਗ ਛੇ ਅੰਗਾਂ ਦੇ ਬਣੇ ਦੱਸੀਦੇ ਹਨ। (ੲ) ਸ੍ਵਾਹਾ ਨੂੰ ਰੁਦ੍ਰ ਪਸ਼ੁਪਤੀ ਦੀ ਇਸਤ੍ਰੀ ਵੀ ਕਹਿੰਦੇ ਹਨ।

ਸੁਧਾ=ਸ੍ਵਧਾ,--ਇਕ ਸ਼ਬਦ ਜੋ ਪਿਤ੍ਰਾਂ ਨਮਿੱਤ ਅਹੂਤੀ ਦੇਕੇ ਉਚਾਰਦੇ ਹਨ। ਮਨੂੰ ਅਨੁਸਾਰ ਇਸ ਦਾ ਉਚਾਰਣ ਸ਼੍ਰਾਧ ਕਰਨ ਵਾਲੇ ਲਈ ਬਹੁਤ ਗੁਣਕਾਰੀ ਹੈ (ਮਨੂੰ ੩. ੨੫੨)। (ਅ) ਦਕਸ਼ ਦੀ ਇਕ ਕੰਨਿਆਂ ਜੋ ਪਿਤਰਾਂ ਦੀ ਇਸਤ੍ਰੀ ਕਹੀ ਗਈ ਹੈ। ਕਈ ਵੇਰ ਅੰਗਿਰਾ, ਰੁਦਰ ਤੇ ਅਗਨੀ ਦੀ ਇਸਤ੍ਰੀ ਨੂੰ ਬੀ 'ਸ੍ਵਧਾ' ਕਿਹਾ ਗਿਆ ਹੈ।

ਬਖਟ=ਵਖਟ,--ਵਖਟ ਸ਼ਬਦ ਦੇਵਤਿਆਂ ਨੂੰ ਅਹੂਤੀ ਦੇਕੇ ਉਚਾਰਦੇ ਹਨ। ਇਹ ਪਦ ਵੈਦਕ ਯੱਗਾਂ ਵਿਚ ਵਰਤੀਂਦਾ ਸੀ। (ਅ) ੩੩ ਦੇਵਤਿਆਂ ਵਿਚੋਂ ਇਕ ਦਾ ਨਾਮ ਜੋ ਵੈਦਕ ਦੇਵਤੇ ਕਹੀਦੇ ਹਨ। ਵਖਟਕ੍ਰਿਤ='ਵਖਟ' ਸ਼ਬਦ ਕਹਿਕੇ ਅਗਨੀ ਵਿਚ ਦਿੱਤੀ ਗਈ ਅਹੂਤੀ। ਪਰੰਤੂ ਇਥੇ ਕਵਿ ਜੀ ਦੀ ਮੁਰਾਦ ਇਹ ਹੈ ਕਿ ਉਹ ਦੇਵੀ ਦੇ ਨਾਵਾਂ ਵਿਚ ਇਹ ਬੀ ਉਸੇ ਦੇ ਨਾਮ ਗਿਣ ਰਹੇ ਹਨ।

[11]ਦੇਵੀ ਦੇ ਨਾਮ ਹਨ। ਪੁਸ਼ਟੀ=ਵਧੀ ਯਾ ਮੋਟਿਆਂ ਕਰਨ ਵਾਲੀ। [12]ਪ੍ਰਸੰਨ ਰੂਪ।

*ਪਾ:--ਅਦੂਰੇ। †ਪਾ:--ਆਦਿ ਸ਼ਕਤਿ ਦੀ ਉਸਤਤਿ ਠਾਨੀ।

ਨਿ ਸੂਲਨਿ ਚੱਕ੍ਰਨਿ ਘੋਰਾ[1] । ਮਹਾਂ ਨਾਦਨੀ[2] ਸੇਖਨ ਸ਼ੋਰਾ ॥੧੫॥ ਪਰਮ ਸੁੰਦਰੀ ਨਮੋ ਹਮਾਰੀ। ਬੁੱਧ ਰੁ ਬੋਧ ਲੱਛਨਾ ਭਾਰੀ[3]।ਜਗ ਸ੍ਵਾਮੀ ਪਰਬੋਧਨ ਕਰਿਯਹਿ[4]।ਤ੍ਰਾਸ ਬਿਸਾਲ ਮੋਰ ਪਰਹਰਿਯਹਿ' ॥੧੬॥ ਇਮ ਉਸਤਤਿ ਕੋ ਕੀਨਿ ਮਹਾਨੀ।ਅਰੁ ਪੰਕਜ ਕੋ ਗਹਿ ਕਰਿ ਪਾਨੀ। ਸਕਲ ਓਜ ਸੋਂ ਕੀਨਿ ਕੰਪਾਵਨਿ।ਜਗਤਨਾਥ ਕੋਹੇਤੁ ਜਗਾਵਨਿ।।੧੭॥ਭਗਤਵਛਲ ਭੈ ਕਾਟਨ-ਹਾਰੇ। ਜਾਗੇ ਪ੍ਰਭੁ ਦਯਾ ਉਰ ਧਾਰੇ। ਕਮਲਾਸਨ[5] ਕੋ ਧੀਰਜ ਦੀਨੰਸਿ। 'ਨਿਰਭੈ ਰਹੁ ਰੱਛਕ ਮੁਝ ਚੀਨਸਿ॥੧੮॥ਦੁਸ਼ਟ ਦੈਤ ਜਿਨ ਬਡ ਆਕਾਰ। ਕਰਿ ਸੰਘਰ ਕੋ ਲੇਹੁੰ ਸੰਘਾਰ[6]'। ਸ਼੍ਰੀ ਪ੍ਰਭੁ ਨਿਜ ਸਰੂਪ ਦਿਖਰਾਯੋ। ਸ਼ਯਾ-ਮਲ ਮੇਘ ਮਨਹੁ ਬਿਦਤਾਯੋ ॥ ੧੯॥ ਦੇਖਤਿ ਦੈਂਤਨਿ ਅਚਰਜ ਮਾਨਾ। 'ਇਹ ਕੋ ਹੈ ਜਿਹ ਧੀਰ ਮਹਾਨਾ?।ਹਮਹਿੰ ਬਿਲੋਕਤਿ ਭੈ ਨਹਿਂ ਮਾਨੋ।ਦਰ-ਪਤਿ[7] ਰਿਦੈ ਸਥਿਰਤਾ ਠਾਨੇ ॥ ੨੦ ॥ ਹਮ ਦੋਨਹੁਂ ਇਹੁ ਏਕਲ ਖਰਯੋ। ਬਦਨ ਪ੍ਰਸੰਨ ਨੈਕ ਨਹਿਂ ਡਰਯੋ। ਲਾਂਬੀ ਭੁਜਾ ਬਿਭੂਖਨ ਧਾਰੀ। ਆਯੁਤ ਛਾਤੀ ਸੋਭਨ[8] ਭਾਰੀ ॥ ੨੧ ॥ ਪਕਰਹਿਂ ਇਸਿ ਭੱਛਨ ਕਰਿ ਲੇਹਿਂ। ਛੁਧਾ ਨਿਵਾਰਹਿਂ ਹੈ ਜੁ ਅਛੇਹਿ[9]'। ਇਮ ਕਹਿ ਦੋਨੋ ਓਜ ਸੰਭਾਰਾ। 'ਤਿਸ਼ਟ ਤਿਸ਼ਟ[10]'ਮੁਖ ਉਚ ਉਚਾਰਾ॥੨੨॥ਭੁਜੰਗ ਪ੍ਰਯਾਤ ਛੰਦ ॥ਸੁਨੀ ਸ਼੍ਰੀ ਪ੍ਰਭੂ ਸ਼੍ਰੋਨ ਮੈਂ ਉਚ ਬਾਨੀ। ਭਰੇ ਉਤਸਾਹਿ ਭਏ ਸਾਵਧਾਨੀ। ਕਹਯੋ 'ਮੈਂ ਖਰੋ ਆਪ ਆਵੋਂ ਸੁ ਨੇਰੇ। ਦਿਊਂ ਦੁੰਦ[11]ਜੁੱਧੰ ਸੁ ਕ੍ਰੁੱਧੀ[12] ਘਨੇਰੇ' ॥੨੩॥ ਮਿਲੇ ਆਪ ਮਾਂਹੀ ਜਗੰਨਾਥ ਦੈਤੰ[13]। ਭਰੇ ਬੇਗ ਭੌਰੇ ਚਹੈਂ ਹੋਹਿ ਜੈਤੰ। ਬਿਰੁੱਧੇ[14]ਸੁ ਕ੍ਰੁੱਧੇ ਮਚਯੋ ਸੁੱਧ ਜੁੱਧੰ।ਮਹਾਂ ਦ੍ਰੱਪ ਮੱਧੰ ਕਰੈਂ ਬੱਧ ਉੱਧੰ[15]॥੨੪॥ਗਹੇ ਬਾਹ ਦੋਊ ਕਰੇ ਓਜ ਪੇਲੈਂ[16]।ਅਰੀਲੇ ਹਠੀਲੇ ਮੁਛਾਲੇ[17] ਧਕੇਲੈਂ। ਭਿੜੈਂ ਭੇੜ ਭਾਰੇ ਭਏ ਭੀਮ ਭੇਖੰ।ਚਪੇਟੈਂ ਦਪੇਟੈਂ ਲਪੇਟੈਂ ਅਸ਼ੇਖੰ[18]॥੨੫॥ਅਟਾ ਅੱਟ[19] ਹਾਸੈਂ, ਸਟਾ ਪੱਟ[20] ਜੁੱਟੈਂ। ਲਟਾ ਪੱਟ[21] ਹੋਵੈਂ ਧਟਾ ਧੱਟ[22] ਕੁੱਟੈਂ। ਝਟਾ

[1]ਤਲਵਾਰਾਂ ਤ੍ਰਿਸੂਲਾਂ ਭਿਆਨਕ ਚੱਕਰਾਂ ਵਾਲੀ ਯਾ ਨਾਲ। [2]ਬੜੀ ਧੁਨ ਕਰਨ ਵਾਲੀ। [3]ਬੁੱਧੀ ਤੇ ਗਿਆਨ ਦੀ ਭਾਰੀ ਜਨਾਇਕ। [4]ਭਾਵ ਵਿਸ਼ਨੂੰ ਨੂੰ ਖਬਰ ਕਰੋ, ਜਗਾਓ। [5]ਬ੍ਰਹਮਾਂ। [6]ਮਾਰ ਲੈਂਦਾ ਹਾਂ। [7]ਹੰਕਾਰ ਵਿਚ ਹੋਕੇ। [8]ਸ਼ੋਭਾ ਵਾਲੀ। [9]ਅਛੇਹ=ਇਕ ਰਸ, (ਅ) ਬਹੁਤਾ ਵਡਾ। (ੲ) ਅਛੇਦਯ=ਜੋ ਛੇਦਯਾ ਨ ਜਾਏ, ਭਾਵ ਜੋ ਬੜਾ ਬਲੀ ਜਾਪਦਾ ਹੈ। [10]ਖੜਾ ਹੋ, ਖੜਾ ਹੋ। [11]ਦੋਹਾਂ ਨੂੰ। [12]ਕ੍ਰੋਧਵਾਨ ਹੋਕੇ। [13]ਵਿਸ਼ਨੂੰ ਤੇ ਦੈਂਤ। [14]ਰੁਕੇ। [15]ਉੱਚੀ। [16]ਧੱਕਦੇ ਹਨ। [17]ਅੜਨ ਵਾਲੇ, ਹਠ ਕਰਨ ਵਾਲੇ, ਵੱਡੀਆਂ ਮੁੱਛਾਂ ਵਾਲੇ। [18]ਖਿਝਕੇ ਦਬਾਏ (ਫਿਰ) ਸਾਰੇ ਲਪਟੇ। [19]ਠਾਹ ਠਾਹ। [20]ਛੇਤੀ ਛੇਤੀ। [21]ਜੱਫੋ ਜੱਫੀ। [22]ਧੜਾ ਧੜ।

ਪੱਟ ਝਟਕੈਂ ਪਟੱਕੈਂ ਪਲੱਟੈਂ[੧]। ਕਟਾ ਕੱਟ ਓਠੈਂ ਅਟੱਕੈਂ, ਨ ਲੱਟੈਂ[੨]॥੨੬॥ ਦੂਊ ਦੈਂਤ ਦੌਰੇ ਦਯਾ ਸਿੰਧੁ ਊਪੈਂ[੩]। ਗਹੀ ਬਾਂਹ ਦੋਨੋ ਮਹਾਂ ਭੀਮ ਰੂਪੈ। ਕਰੈਂ ਓਜ ਦਾਬੈਂ ਜਥਾ ਨੈਮਿ ਹੋਵੈਂ[੪]। ਧਰੈਂ ਪਾਇ ਪੇਲੈਂ[੫] ਹਠੀਲੇ ਖਰੋਵੈਂ॥੨੭॥ ਦੋਹਰਾ॥ ਮਧੁਕੈਟਭ ਜੁੱਟੇ ਸੁ ਭਟ[੬] ਗਹੀ ਮਹਾਂ ਬਲਿ ਬਾਂਹ। ਦੋਨਹੁਂ ਦਿਸ਼ਿ ਦੋਨਹੁ ਖਰੇ ਦ੍ਰਿਢ ਪ੍ਰਾਕ੍ਰਮ ਕੇ ਮਾਂਹਿ॥ ੨੮ ॥ ਪਾਧੜੀ ਛੰਦ॥ ਤਬ ਪ੍ਰਭੁ ਆਪਨੋ ਬਲ ਸੰਭਾਰਿ। ਬਾਹੁਨਿ ਉਠਾਇ ਊਰਧ ਉਦਾਰ[੭]। ਲਟਕੇ ਉਤੰਗ ਦੋਨਹੁ ਮਹਾਂਨ। ਕਰਿ ਝਟਕ ਗੇਰ ਦਿਯ ਦੂਰ ਥਾਨ ॥ ੨੯ ॥ ਤਬ ਪਰੇ ਜਾਇ ਜੋਜਨ ਸੁ ਬੀਸ। ਗਿਰ ਕਰਿ ਉਠੇ ਸੁ ਨਿਜ ਦਾਂਤ ਪੀਸ[੮]। ਗਰਜੰਤਿ ਭੂਰ ਤਰਜੰਤਿ ਆਇ[੯]।ਮੁਖਿ'ਮਾਰ ਮਾਰ'ਬਕਤੇ ਰਿਸਾਇ॥੩੦॥ ਉਛਲੰਤ ਨੀਰ ਤਿਨ ਬੇਗ[੧੦]ਸੰਗ।ਸਮ ਸੈਲ ਮੇਰੁ ਮੰਦਰ ਉਤੰਗ[੧੧]। ਇਤਿ ਪ੍ਰਭੁ ਬੇਗ ਕੀਨਸਿ ਉਦਾਰ[੧੨]।ਪੰਕਤਹੁਵੰਤਿ ਜਲ ਕੇ ਪ੍ਰਹਾਰ[੧੩] ॥੩੧॥ਪੁਨ ਭਿੜੇ ਆਇ ਮੁਸ਼ਟਨਿ ਚਪੇਟ[੧੪]।ਬਾਹੁਨਿ ਉਠਾਇ ਹਨਤੇ ਸੁ ਭੇਟ[੧੫]।ਤਬਿ ਅਲੰਕਾਰ ਪ੍ਰਭੁ ਕੇ ਸੁ ਅੰਗ।ਰਣ ਕਰਤਿ ਸ਼ਬਦ ਉਠਤੇ ਉਤੰਗ ॥੩੨॥ਰੁਣ-ਕੰਤਿ[੧੬] ਚਰਨ ਨੂਪਰ[੧੭] ਸੁਹਾਇ।ਜਿਨ ਪਰ ਜਰਾਉ ਗਨ ਰਤਨ ਛਾਇ। ਬਹੁ ਬਜਤਿ ਮੇਖਲਾ ਮੱਧਨ ਦੇਸ਼[੧੮]।ਉਛਲੰਤਿ ਊਰਧ ਜਬਿ ਬਲ ਵਿਸ਼ੇਸ਼[੧੯] ॥੩੩॥ਕਰ ਕੰਕਨ ਦੰਡ ਅੰਗਦਉਦਾਰ[੨੦]।ਡੁਲਧੰਤਿਕਰਨ ਕੁੰਡਲਸੁਚਾਰੁ । ਸਿਰ ਮੁਕਟ ਬਿਰਾਜਤਿ ਦਿਪਤਿ ਜੋਤਿ। ਜਨੁ ਕੋਟਿ ਦਿਵਾਕਰ[੨੧] ਚਮਕ ਹੋਤਿ॥੩੪॥ਵਾਰਨ ਪ੍ਰਹਾਰ ਦਾਵਨ ਲਗਾਇ[੨੨]।ਜਬਿ ਲਗੈ ਘਾਵ ਬਹੁ ਧੁਨਿ

---

[੧]ਝਟਕਕੇ ਪਟਕਾਕੇ ਪਲਟਦੇ ਹਨ। [੨]ਕਟ ਕਟ ਕੇ ਹੋਠ ਅਟਕਦੇ ਹਨ ਹਟਦੇ ਨਹੀਂ (ਲਟਨਾ=ਥੱਕਕੇ ਡਿਗ ਪੈਣਾ)। [੩]ਉਪਰ। [੪]ਜਿਸ ਤਰ੍ਹਾਂ ਕਿ ਨੀਵੇਂ ਹੋਣ (ਵਿਸ਼ਨੂੰ) ਜੀ। [੫]ਰਖਕੇ ਪੈਰ ਧੱਕਦੇ ਹਨ। [੬]ਸੂਰਮੇ ਟੱਕਰੇ। [੭]ਬਾਹਾਂ ਬੜੀਆਂ ਉਪਰ ਨੂੰ ਉਠਾਈਆਂ। [੮]ਅਪਨੇ ਦੰਦ ਪੀਸਕੇ। [੯]ਧਮਕਾਂਵਦੇ ਆਉਂਦੇ ਹਨ। [੧੦]ਤੇਜੀ, ਕਾਹਲੀ। [੧੧]ਸੁਮੇਰ ਪਰਬਤ ਤੇ ਉਚੇ ਮੰਦ੍ਰਾਚਲ ਪਰਬਤ ਵਾਂਗ। [੧੨]ਭਾਵ ਬੜਾ ਜ਼ੋਰ ਕੀਤਾ। [੧੩]ਜਲ ਦੇ ਮਾਰਨੇ ਕਰਕੇ ਕੱਠੇ ਹੁੰਦੇ ਜਾਂਦੇਹਨ।(ਪੰਕ੍ਤਿ=ਜੁਧ ਵਿੱਚ ਦਸ ਆਦਮੀਆਂ ਦਾ ਜੱਥਾ। ਪੰਕਤ ਹੋਣਾ=ਇਕ ਦੂਜੇ ਨਾਲ ਕੱਠੇ ਹੋ ਜਾਣਾ ਦੁਸ਼ਮਨ ਦਾ ਜ਼ੋਰ ਪੈਣ ਤੇ)। (ਅ) ਪਾਣੀ ਦੀ ਬੁਛਾੜ ਨਾਲ ਪੰਕ+ਤ=ਚਿਕੜ ਵਿੱਚ ਫਸਦੇ ਜਾਂਦੇ ਹਨ। (ੲ) ਪ੍ਰ:-ਪਹਾਰ। ਫਿਰ ਅਰਥ-ਛੱਲਾਂ (ਇੰਨੀਆਂ ਉੱਚੀਆਂ) ਉਠ ਰਹੀਆਂ ਹਨ (ਕਿ ਮਾਨੋ) ਜਲ ਦੇ ਪਹਾੜ ਹਨ। [੧੪]ਮੁਕੀਆਂ ਚਪੇੜਾਂ ਨਾਲ। [੧੫] ਮਿਲਕੇ ਮਾਰਦੇ ਹਨ। [੧੬]ਛਣਕਦੇ ਹਨ। [੧੭]ਝਾਂਜਰਾਂ। [੧੮]ਤੜਾਗੀ ਲਕ ਵਿੱਚ (ਪਾਈ ਹੋਈ)। [੧੯]ਬਹੁਤ ਬਲ ਨਾਲ। [੨੦]ਹੱਥ ਦੇ ਕੜੇ, ਭੁਜ ਦੰਡਿਆਂ ਦੇ ਬੁਹੱਟੇ ਬੜੇ ਸ੍ਰੇਸ਼ਟ। [੨੧]ਕ੍ਰੋੜਾਂ ਸੂਰਜਾਂ ਦੀ। [੨੨](ਆਪੋ ਆਪਣਾ) ਦਾਉ ਲਗਾਕੇ ਵਾਰ ਪ੍ਰਹਾਰ ਕਰਦੇ ਹਨ।

ਉਠਾਇ[੧]। ਜਿਮ ਪਰਹਿ ਬੱਜ੍ਰ ਭੂਮੀ ਮਹਾਂਨ[੨]। ਤਿਮ ਲਗਹਿ ਮੁਸ਼ਟ ਕਰਿ ਹਤਹਿ ਤਾਨ[੩] ॥ ੩੫ ॥ ਤਰਜੰਤਿ[੪] ਮਹਤ ਗਰਜੰਤਿ* ਬੀਰ। ਜਿਮ ਪ੍ਰਲੈ ਮੇਘ ਕੀ ਧੁਨਿ ਗੰਭੀਰ। ਉਛਲੰਤਿ ਨੀਰ ਬੇਗੈ ਕਰੰਤਿ[੫]। ਦਸ ਦਿਸ਼ਨਿ ਪੂਰ ਸ਼ਬਦੈ ਉਠੰਤਿ[੬] ॥ ੩੬ ॥ ਦੋਹਰਾ ॥ ਤੀਨਹੁ ਤਨ ਜਲ ਜਾਲ ਮਹਿ[੭] ਬਿਚਰਤਿ ਏਵ ਸੁਹਾਇ। ਤ੍ਰੈ ਗਿਰ ਮੰਦਰ ਪਾਇ ਜਨੁ ਸਾਗਰ ਮਥਹਿਂ ਬਨਾਇ[੮] ॥੩੭ ॥ ਭੁਜੰਗ ਪ੍ਰਯਾਤ ਛੰਦ ॥ਇਤੈ ਏਕ ਪ੍ਰੱਭੂ, ਉਤੈ ਦੋਇ ਭ੍ਰਾਈ। ਰਿਸੇ ਲਾਲ ਨੇਤ੍ਰੰ ਸੁ ਮੁਸ਼ਟੈਂ[੯] ਉਠਾਈ। ਅਰੀਲੇ ਅਰੈਂ ਪਾਇ ਰੋਪੇ ਅਗਾਰੇ[੧੦]। ਭਿਰੇ ਸੰਮੁਖੇ ਸੂਰ ਬਾਂਕੇ ਜੁਝਾਰੇ॥੩੮॥ਗਹੈਂ ਹਾਥ ਜੋਰੈਂ ਮਰੋਰੈਂ ਮਹਾਨਾ[੧੧]। ਭਏ ਰੂਪ ਘੋਰੈਂ ਨ ਛੋਰੈਂ ਸੁ ਥਾਨਾ। ਅਰੈਂ ਅੰਗ ਸੋਂ ਅੰਗ ਮੇਲੈਂ ਧਕੇਲੈਂ। ਚਪੇਟੈਂ ਹਤੈਂ[੧੨] ਦੰਡ ਠੋਕੈਂ ਸੁ ਪੇਲੈਂ[੧੩] ॥ ੩੯ ॥ ਤਪੇ ਤੇਜ ਤੇ ਕ੍ਰੋਧ ਜਾਗੇ ਜਿਨ੍ਹੋ ਕੋ। ਕਰੈਂ ਘਾਵ, ਲਾਗੈਂ ਸਰੀਰੈ ਤਿਨ੍ਹੋਂ ਕੋ। ਕਈ ਕੋਸ ਲੌ ਖੇਤ ਮੈਦਾਨ ਪਾਯੋ[੧੪]। ਫਿਰੈਂ ਬੀਚ ਨੀਰੈ ਸੁ ਸ਼ਬਦੰ ਉਠਾਯੋ ॥੪੦॥ ਜੁਟੇ ਧਰਮ ਜੁੱਧੰ ਬਿਰੁੱਧੰ ਬਿਸਾਲੇ[੧੫]। ਤਕੈਂ ਮਾਰਿਬੇ ਕੋ ਫਿਰੈਂ ਆਲਬਾਲੇ[੧੬]। ਚਪੇਟੈਂ ਚਟਾਕੈਂ[੧੭] ਸੁ ਮੁਸ਼ਟੈਂ ਉਤੰਗੇ। ਕਰੈਂ ਘਾਤ[੧੮] ਜੋਧੇ ਸਹੈਂ ਘਾਵ ਅੰਗੇ[੧੯] ॥੪੧॥ ਤਰੈ ਊਪਰੇ ਤ੍ਰਿਜਗੋ ਦਾਵ ਖੇਲੈਂ[੨੦]। ਫਿਰੈਂ ਦਾਹਨੇ ਬਾਮ ਬਾਹੂਨਿ ਪੇਲੈਂ[੨੧]।ਕਹਾਂ ਲੌ ਕਹੈਂ ਕੋਇ, ਕਾ ਮੈ ਸੁ ਬੁੱਧੰ[੨੨]।ਭਿੜਨੋ ਭੇੜ ਭਾਰੋ ਭਯੋ ਭੂਰ ਜੁੱਧੰ॥੪੨॥ਸ੍ਵੈਯਾ॥ਸੰਮਤ ਪੰਚ ਸਹੰਸ੍ਰ ਬਿਤੇ ਜਬਿ ਹਾਰ ਨਹੀਂ ਕਿਸ ਹੂੰ ਦਿਸ਼ਿ ਮਾਨੀ। ਸ਼੍ਰੀ ਪ੍ਰਭੁ ਨੇ ਤਬਿ ਕੀਨ ਬਿਚਾਰਨਿ[੨੩] ਤੂਰਨ ਪ੍ਰੇਰ ਦਈ ਇਮ ਬਾਨੀ[੨੪]।ਦੈਤਨਿ ਬੀਚ ਪ੍ਰਵੇਸ਼ ਭਈ ਭਰਮਾਇ ਦਈ ਮਤਿ ਯੌਂ ਤਬਿ

[੧]ਜਦ ਲਗੇ (ਵਾਰ ਤਾਂ) ਜ਼ਖਮਾਂ ਦੀ ਅਵਾਜ ਉੱਠਦੀ ਹੈ। [੨]ਜਿਵੇਂ ਪ੍ਰਿਥਵੀ ਤੇ (ਇੰਦ੍ਰ ਦਾ) ਮਹਾਂਨ ਬੱਜਰ ਪੈਂਦਾ ਹੈ। [੩]ਬਲ ਕਰਕੇ ਮਾਰਿਆਂ। [੪]ਤਾੜਨਾ, ਧਮਕਾਉਣਾ, ਦਪਕਨਾ। [ਸੰਸਃ, ਤਰ੍ਜਨ]। [੫]ਜ਼ੋਰ ਕਰਦਾ ਹੈ। [੬]ਅਵਾਜ਼ ਉਠਣ ਨਾਲ ਦਸੋ ਦਿਸ਼ਾ ਭਰ ਜਾਂਦੀਆਂ ਹਨ (ਸ਼ੋਰ ਨਾਲ)। [੭]ਸਾਰੇ ਪਾਣੀ ਵਿੱਚ। [੮]ਤਿੰਨ ਮੰਦ੍ਰਾਚਲ ਪਹਾੜ ਪਾਕੇ ਮਾਨੋ ਸਮੁੰਦਰ ਨੂੰ ਬਨਾਕੇ ਰਿੜਕਦੇ ਹਨ। [੯]ਘਸੁੰਨ। [੧੦]ਅੜਨ ਵਾਲੇ ਅੜਦੇ ਹਨ ਪੈਰ ਰੱਖਕੇ ਅੱਗੇ। [੧੧]ਜ਼ੋਰ ਨਾਲ ਬਹੁਤ ਮਰੋੜਦੇ ਹਨ। [੧੨]ਚਪੇੜਾਂ ਮਾਰਦੇ ਹਨ। [੧੩]ਬਾਹਾਂ (ਭਾਵ ਮੋਢੇ ਯਾ ਅਰਕਾਂ) ਮਾਰਕੇ ਧਕੇਲਦੇ ਹਨ। [੧੪]ਜੰਗ ਭੂਮਕਾ ਰਚੀ। [੧੫]ਰੁਕੇ ਬੜੇ। [੧੬]ਚੜ੍ਹਉਤਰਵੇ। [੧੭]ਚਟਾਕ ਦੇਕੇ (ਮਾਰਦੇ ਹਨ)। [੧੮]ਮਾਰਦੇ ਹਨ। [੧੯]ਅੰਗਾਂ ਤੇ। [੨੦]ਹੇਠ ਉਤੇ ਟੇਢੇ ਦਾਉ ਖੇਲਦੇ ਹਨ [ਸੰਸਃ, ਤਿਰ੍ਯਕ=ਟੇਢਾ]। [੨੧]ਭੁਜਾ ਨੂੰ ਧੱਕਦੇ ਹਨ। [੨੨]ਕਿਸ ਵਿਚ ਇੰਨੀ ਬੁੱਧਿ ਹੈ। [੨੩]ਵਿਚਾਰ ਕੀਤੀ। [੨੪]ਸਰੱਸ੍ਵਤੀ (ਮਾਯਾ)। *ਪਾः—ਗਰਬੰਤ।

ਠਾਨੀ ।–ਦ੍ਵੈ ਹਮ ਬੀਰ ਬਲੀ ਬਡ ਹੈਂ ਇਹ ਏਕਲ ਧੀਰ ਮਹਾਂ ਅਭਿਮਾਨੀ –॥ ੪੩ ॥–ਮਨ ਮੋਹਨਿ[੧] ! ਤੋਹਿ ਸਰੂਪ ਮਹਾਂ ਅਤਿ ਜੁੱਧ ਕਰਯੋ ਅਧਿਕੈ ਘਮਸਾਨਾ।ਹਮ ਰੀਝ ਰਹੇ ਤਵ ਪ੍ਰਾਕ੍ਰਮ ਕੋ ਪਿਖਿ ਭਾਂਤਿ ਅਨੇਕ ਸੁ ਬੁਧਿ ਤੇ ਠਾਨਾ।ਤੁਝ ਸੰਗ ਨ ਜੰਗ ਉਮੰਗ ਕਰੈਂ[੨] ਅਬ ਹੋਹੁ ਨਿਸੰਗ ਉਤੰਗਮਹਾਨਾ । ਚਿਤ ਚਾਹਤਿ ਹੈਂ ਕੁਛ ਦੇਵਨਿ ਕੋ ਅਭਿਬਾਂਛਤਿ[੩] ਜਾਂਚ ਲਿਜੈ ਬਰ ਦਾਨਾ[੪]–॥੪੪॥ਸ੍ਰੀ ਭਗਵਾਨ ਸੁ ਜਾਨਿ ਮਹਾਨ ਭਨਯੋ–ਸਿਰ ਦਾਨ ਅਭੈ ਕਰਿ ਦੀਜੈ[੫] । ਸਾਚ ਕਰੋ ਬਚ ਆਪਨਿ ਕੋ ਅਬਿਨਾਸ਼ਿ ਬਡੋ ਜਸੁ ਕੋ ਬਰ ਲੀਜੈ[੬]। ਯਾ ਬਿਨ ਚਾਹਿ ਨ ਮੋਹਿ ਕਛੂ ਜਿਸ ਤੇ ਤੁਮ* ਕੋ ਕਿਮ ਜਾਚਨ ਕੀਜੈ[੭] । ਕੀਰਤਿ ਜਾਂ ਬਿਸਤੀਰਤਿ ਹੈ, ਨਿਤ ਜੀਵਤਿ ਥੀਵਤਿ ਅੰਮ੍ਰਿਤ ਪੀਜੈ[੮]–॥੪੫॥ਮਧੁ ਕੈਟਭ ਦੈਤ ਉਭੈ ਬਡ ਬੀਰਜ[੯] ਧੀਰਜ ਧਾਰਿ ਯੋ ਬਾਕ ਉਚਾਰਾ।–ਜਲ ਹੀਨ ਜਹਾਂ ਥਲ ਤਾਂ ਤਲ ਊਪਰ ਸੀਸ ਟਿਕਾਇ ਕੇ ਲੇਹੁ ਉਤਾਰਾ।ਕਹਿ ਬਾਕ ਦਯੋ ਨਹਿਂ ਕੂਰ ਕਰੈਂ ਤਿਹ,ਪੂਰਨਿ ਹੋਇ ਸੁ ਪਰਣ† ਹਮਾਰਾ। ਜਸੁ ਜੀਵਨ ਹੈ ਧੰਨ ਥੀਵਨ ਹੈ[੧੦], ਲਿਹੁ ਸੀਸ,ਕਰੋ ਨਹਿਂ ਆਪ ਅਵਾਰਾ–॥੪੬॥ਜਗਨਾਥ ਨਰਾਯਨ ਸ਼੍ਰੀਪੁਰਸ਼ੋਤਮ ਯੋ ਸੁਨਿ ਬਾਕਉਪਾਇ ਬਿਚਾਰਾ । ਨਿਜ ਆਸਨ ਕੋ ਕਰਿਕੈ ਜਲ ਊਪਰ ਬੈਠਿ ਗਏ ਕਰਿਕੈ ਬਿਸਤਾਰਾ। ਤਬ ਦੈਤਕੋਉਰੂ[੧੧]ਦਿਖਾਵਨਿ ਕੀਨਸਿ,–ਹੈਥਲ[੧੨] ਨਾਜਲ[੧੩] ਲੇਹੁ ਨਿਹਾਰਾ । ਤਵ ਗ੍ਰੀਵ ਤੇ ਸੀਸ ਉਤਾਰਨ ਮੇਂ ਹੁਇ ਸਾਚ ਕਹਯੋ ਜਸੁ ਪਾਇ ਉਦਾਰਾ–॥ ੪੭ ॥ ਕੁੰਡਲ ਤੇ ਮੁਖ ਮੰਡਲ ਸ਼ੋਭਤਿ ਸੀਸ ਕਿਰੀਟ ਰਹਯੋ ਚਮਕਾਈ।ਆਨ ਧਰਯੋ ਪ੍ਰਭੁ ਕੇਰ ਉਰੂ ਪਰ ਪੂਰਨ ਪ੍ਰੇਣ ਕੀ ਚੌਂਪ[੧੪] ਬਢਾਈ।ਔਰ ਸਰੀਰ ਪਰਯੋ ਜਲ ਊਪਰ ਦੀਨੋ ਪਸਾਰਿ ਕੈ ਹਾਥੁ ਰੁ ਪਾਈ। ਯੌ ਮਧ ਕੈਟਭ ਦੈਤ ਦੂਊ, ਮਨ ਪਾਵਨ ਤੇ ਦਿਯ ਦਾਨ ਮਹਾਈ॥੪੮॥ਸ੍ਰੀ ਜਗਨਾਥ ਉਭਾਰ ਕੈ ਹਾਥ ਸੁ ਚੱਕ੍ਰ ਸੰਭਾਰ ਹਜ਼ਾਰ ਹੈ ਆਰਾ[੧੫] ।ਦੈਤਨਿ ਕੋ

[੧]ਹੇ ਮਨ ਮੋਹਣ ਵਾਲੇ। [੨]ਹੁਣ ਅਸੀਂ ਤੇਰੇ ਨਾਲ ਜੰਗ ਦੀ ਉਮੰਗ ਨਹੀਂ ਕਰਦੇ । [੩]ਮਨ ਇੱਛਤ। [੪]ਵਰਦਾਨ। [੫]ਸਿਰ ਦਾ ਦਾਨ ਕਰੋ ਨਿਰਭੈ ਹੋਕੇ। [੬]ਅਬਿਨਾਸ਼ੀ ਵੱਡੇ ਜਸ ਦਾ ਵਰ ਲਓ। [੭]ਇਸ ਬਿਨ ਮੈਨੂੰ ਹੋਰ ਕੁਛ ਚਾਹ ਨਹੀਂ ਹੈ ਜਿਸ ਕਰਕੇ ਹੋਰ ਕੁਛ ਤੁਸਾਂ ਤੋਂ ਕਿਵੇਂ ਮੰਗਾਂ। [੮]ਜਿਸ ਦੀ ਕੀਰਤੀ ਫੈਲ ਰਹੀ ਹੈ ਉਹ ਨਿਤ ਜੀਂਦਾ ਤੇ ਥੀਂਦਾ ਹੈ, ਤੇ (ਜਸ ਰੂਪੀ) ਅੰਮ੍ਰਤ ਨੂੰ ਪੀਂਦਾ ਹੈ। [੯]ਦੋਵੇਂ ਬੜੇ ਬਲ ਵਾਲੇ। [੧੦] ਜਸ ਨਾਲ ਜੀਉਣਾ (ਹੀ)ਧੰਨ ਥੀਵਣਾ ਹੈ। [੧੧]ਪੱਟ। [੧੨]ਜ਼ਮੀਨ ਹੈ। [੧੩]ਜਲ ਨਹੀਂ ਹੈ। [੧੪]ਸ਼ੌਕ । [੧੫]ਹਜ਼ਾਰ ਆਰੇ ਵਤ।

*ਪਾ:–ਤੁਝ। †ਪਾ:–ਪ੍ਰਣ ।

ਸਿਰ ਕਾਟ ਦਿਯੋ ਜਿਨ ਕੋ ਧਰ ਭੀਮ[1] ਪਰਯੋ ਬਿਸਤਾਰਾ। ਪੂਰਨ ਕੀਨਿ ਮਨੋਰਥ ਸ੍ਰੀ ਪ੍ਰਭੁ ਤਾਤਨਤੇ ਜਬਿ ਸੀਸਉਤਾਰਾ।ਪੰਕਜ ਆਸਨ[2] ਕੋ ਕਰਿ ਸ੍ਵਾਸਨ[3]-ਜੋ ਤਵ ਕੰਟਕ[4] ਸੰਕਟ ਹਾਰਾ-॥ ੪੯ ॥ ਚੀਕਨਤਾ[5] ਨਿਕਸੀ ਤਿਨ ਭਾਲ ਤੇ ਊਪਰ ਨੀਰ ਰਹੀ ਤਰ ਛਾਈ[6]।ਤਾਂਹੀਤੇਹੋਤਿ ਭਈ ਧਰਨੀ ਜਗਦੀਸ਼ ਕਲਾ ਨਿਜ ਤੇ ਠਹਿਰਾਈ। ਆਸਨ ਕੇ ਤਰ ਮੇਦ ਨਹੀਂ ਪਰਿ[7] ਪਾਵਨ ਯਾਹੀਂ ਤੇ ਭੀ ਅਧਿਕਾਈ। ਹੋਇ ਅਸੀਨ ਨਰਾਯਨ ਕੋ ਇਮਿ ਤੀਰਥ ਭੇ ਇਸਮੇ ਸਮੁਦਾਈ ॥੫੦॥ਚੌਪਈ॥ਭਈ ਮੇਦ[5] ਤੇ ਧਰਨੀ ਇਹੈ ਯਾਂਤੇ ਨਾਮ-ਮੇਦਨੀ-ਕਹੈਂ।ਤਿਸ ਪੀਛੇ ਬ੍ਰਹਮਾ ਤਪਘਾਲਾ।ਲਾਖਹੁਂ ਸੰਮਤ ਤਪਯੋ ਬਿਸਾਲਾ ॥ ੫੧ ॥ ਪੁਨ ਸਭਿ ਇਹ ਪਰਪੰਚੁ ਬਨਾਯੋ। ਜੜ੍ਹ ਜੰਗਮ ਜੇਤਿਕ ਦ੍ਰਿਸ਼ਟਾਯੋ।ਲਾਖਹੁਂ ਰਿਖਿ ਇਸ ਥਲ ਮਹਿ ਆਇ। ਤਪ ਕੋ ਤਪਿ ਊਚੋ ਪਦ ਪਾਇ ॥੫੨॥ਭੋ ਸੰਗਤਿ ਇਤਿਹਾਸੁ ਬਿਸਾਲਾ। ਸੁਨਤਿ ਪਠਤਿ ਅਘ ਨਾਸਹਿਂ ਜਾਲਾ*। ਇਮ ਸ੍ਰੀ ਅਮਰਦਾਸ ਮੁਖ ਗਾਯੋ। ਦਿਵਸ ਤੀਸਰੋ ਤਹਾਂ ਬਿਤਾਯੋ ॥੫੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰ ਦਾਸ ਕੁਰਛੇਤ੍ਰ' ਪ੍ਰਸੰਗ ਬਰਨਨੰ ਨਾਮ ਸਪਤ ਚਤ੍ਵਾਰਿੰਸਤੀ ਅੰਸੂ ॥ ੪੭॥

## ੪੮. [ਜਮਨਾ ਦੀ ਆਦਿ ਕਥਾ]

ਦੋਹਰਾ ॥ ਤੀਨ ਦਿਵਸ ਸ੍ਰੀ ਅਮਰ ਜੀ ਕੁਰੁਛੇਤਰ ਮਹਿਂ ਬਾਸ। ਪੁਨ ਆਗੇ ਗਮਨੇ ਸੁਮਗ ਸਿਮਰਤਿ ਸ੍ਰੀ ਅਬਿਨਾਸ਼[8] ॥੧॥ ਚੌਪਈ ॥ ਸਨੈ ਸਨੈ ਸਹਿ† ਸੰਗਤਿ ਚਲੇ। ਸਭਿਹਿਨਿ ਕੀ ਸੁਧਿ ਲੇਵਤਿ ਭਲੇ। ਹੋਹਿ ਸ੍ਰਮਤ[9] ਤਿਸ ਦੇਹਿਂ ਸਹਾਰਾ।ਕਿਹ ਨਹਿਂ‡ਸੰਕਟ ਕਿਸੂ ਪ੍ਰਕਾਰਾ॥੨॥ਸਭਿਹਿਨਿਕੋ ਅਰੋਗ ਕਰਿ ਚਲਿ ਹੈਂ।ਜੈਜੈਕਾਰ ਹੋਤਿ ਸੁਨਿ ਭਲਿ ਹੈਂ।ਜਹਿਂ ਕਹਿਂ ਜਸੁ ਪਸਰਹਿ ਸਤਿਗੁਰ ਕੋ। ਮਿਲਹਿਂ ਬਹੁਤਿ ਨਰ ਪ੍ਰੇਮ ਸੁ ਉਰ ਕੋ ॥੩ ॥ ਪਹੁਂਚਤਿ ਭੇ ਕਾਲਿੰਦ੍ਰੀ ਕੂਲ[10]। ਸੁੰਦਰ ਸ਼ਯਾਮਲ ਜਲ ਅਨੁਕੂਲ[11]।ਸੰਗਤਿ ਭੀਰ ਸੰਗ ਗੁਰ ਭਾਰੀ।ਉਤਰੇ ਸੁੰਦਰ ਛਾਯ ਨਿਹਾਰੀ ॥੪॥ ਪਾਵਨ ਜਲ ਮਹਿਂ ਸਕਲ ਸ਼ਨਾਨੇ। ਜਥਾ ਸ਼ਕਤਿ ਦੀਨਸਿ ਤਹਿਂ ਦਾਨੇ। ਖਾਨ ਪਾਨ ਕਰਿ ਕੈ ਬਿਸ-

---

[1]ਭਯਾਨਕ ਧੜ। [2]ਬ੍ਰਹਮਾ ਨੂੰ। [3]ਧੀਰਜ ਦਿੱਤਾ। [4]ਦੁਖ ਦੇਣੇ ਵਾਲਾ। [5]ਮਿੱਝ। [6]ਪਾਣੀ ਤੇ ਫੈਲਕੇ ਤਰ ਰਹੀ ਸੀ। [7]ਆਸਨ ਦੇ ਹੇਠ ਮਿੱਝ ਨਹੀਂ ਸੀ ਪਈ। [8]ਵਾਹਿਗੁਰੂ ਨੂੰ। [9]ਜੋ ਥਕ ਜਾਵੇ ਉਸਨੂੰ। [10]ਜਮਨਾ ਦੇ ਕੰਢੇ। [11]ਸੁਹਾਵਣਾ। *ਨਿਰਾ ਇਤਿਹਾਸ ਪੜ੍ਹਨ ਮਾਤ੍ਰ ਨਾਲ ਪਾਪ ਦੂਰ ਨਹੀਂ ਹੁੰਦੇ, ਪਰ ਜੇ ਸੁਣਕੇ ਕੋਈ ਸਿੱਖਯਾ ਲਵੇ, ਮਾੜੇ ਕਰਮ ਤਿਆਗੇ, ਭਲੇ ਗ੍ਰਹਣ ਕਰੇ ਤਾਂ ਪਾਪ ਜ਼ਰੂਰ ਦੂਰ ਹੁੰਦੇ ਹਨ। †ਪਾ:-ਮਹਿ । ‡ਪਾ:-ਕੋ।

ਰਾਮੇ। ਉਠਤਿ ਸਕਲ ਸਿਮਰਤਿ ਹਰਿ ਨਾਮੇ ॥ ੫॥ ਸਭਿ ਸੰਗਤਿ ਚਿਤ ਚਾਉ ਘਨੇਰਾ। ਸਤਿਗੁਰ ਬਾਕ ਸੁਨਹਿਂ ਸਭਿ ਬੇਰਾ[1]। ਹਾਥ ਜੋਰਿ ਕਰਿ ਸਭਿਨਿ, ਅਗਾਰੀ[2]। ਬੂਝਨਿ ਕੇ ਹਿਤ ਗਿਰਾ ਉਚਾਰੀ ॥੬॥ 'ਪ੍ਰਭੁ ਜੀ! ਜਮਨਾ ਕੇਰ ਪ੍ਰਸੰਗ। ਕਰਹੁ ਸੁਨਾਵਨਿ ਸੰਗਤਿ ਸੰਗ। ਜਬਿ ਤੀਰਥ ਕੋ ਲਹੈਂ ਬ੍ਰਿਤਾਂਤ। ਭਾਉ ਸਹਤ ਮੱਜਹਿਂ ਸ਼ੁਭ ਭਾਂਤਿ ॥੭॥ ਹਮਹੁ ਲਾਭ ਨਿਤ ਹੋਤਿ ਬਿਸਾਲਾ। ਇਕ ਤੌ ਦਰਸਹਿਂ ਤੁਮ ਸਭਿ ਕਾਲਾ। ਦੁਤੀਏ ਤੀਰਥ ਕਰਹਿਂ ਸ਼ਨਾਨ। ਸਿਮਰਹਿਂ ਨਾਮ, ਦੇਹਿਂ* ਪੁਨਦਾਨ ॥੮॥ ਬਹੁਰਿ ਪ੍ਰਸੰਗ ਤੀਰਥਨਿ ਕੇਰਾ। ਸੁਨਤਿ ਜਾਤਿ ਨਿਤ ਹੋਤਿ ਭਲੇਰਾ। ਯਾਂਤੇ ਅਹੈ ਭਾਵਨਾ ਸਭਿਹੂ। ਕਹਹੁ ਬ੍ਰਿਤਾਂਤ ਨਦੀ ਬਰ ਅਬਹੂੰ ॥੯॥ ਕਿਸ‡ ਤੇ ਜਨਮੀ ਜਮਨਾ ਨਾਮ? ।ਕਿਮ ਪਾਵਨ ਹੈ ਜਲ ਅਭਿਰਾਮ?। ਕ੍ਰਿਪਾਧਾਰਿ ਕੰ ਸਕਲ ਸੁਨਾਵਹੁ। ਸਭਿ ਕੇ ਮਨ ਅਭਿਲਾਖ ਪੁਰਾਵਹੁ[3]" ॥੧੦॥ ਇਮ ਸਿੱਖਨਨਿ ਤੇ ਸੁਨਿ ਕਰਿ ਬੈਨ। ਬੋਲੇ ਪਰਮ ਰਸੀਲੇ ਨੈਨ। "ਚਿਰੰਕਾਲ ਕੋ ਇਹ ਭੀ ਜਾਨਹੁ। ਰੁਚਿਰ ਪ੍ਰਸੰਗ ਸੁਨਹੁ ਹਿਤ ਠਾਨਹੁ† ॥੧੧॥ ਕਾਰੀਗਰ ਸਭਿ ਦੇਵਨਿ[4] ਕੇਰਾ। ਬਿਸ਼ੁਕਰਮਾ[5] ਬੁਧਿਵਾਨ ਬਡੇਰਾ। ਸੁਤਾ ਸੁਬ੍ਰਚਲਾ‡ ਤਿਸ ਕੇ ਭਈ। ਸਰਬ ਅੰਗ ਸੁੰਦਰ ਦੁਤਿ ਮਈ[6] ॥ ੧੨ ॥ ਆਂਖ ਪਾਂਖਰੀ ਕਵਲ ਸਰੀਖੀ[7]। ਜਿਨ ਕੀ ਕੋਰ[8] ਬਾਨ ਸਮ ਤੀਖੀ। ਗਜ ਗਾਮਨਿ[9] ਸੁਠ ਕੰਠ ਕਪੋਤੀ[10]। ਜਿਸ ਕੋ

[1]ਹਰ ਵੇਲੇ। [2]ਸਭ ਨੇ (ਗੁਰੂ ਜੀ) ਅੱਗੇ। [3]ਪੂਰਨ ਕਰੋ। [4]ਦੇਵਤਿਆਂ ਦਾ। [5]ਕਾਰੀਗਰੀ ਦਾ ਦੇਵਤਾ। [6]ਪ੍ਰਕਾਸ਼ ਵਾਲੀ। [7]ਕਵਲ ਦੀ ਪੰਖੜੀ ਵਾਂਙ। [8]ਕੋਨਾ, ਭਾਵ ਅੱਖ ਦੇ ਕੋਨੇ ਦੀ ਮਟਕ। ਮਟੱਕਾ, ਨਜ਼ਰ। [9]ਹਾਥੀ ਵਤ ਚਾਲ ਵਾਲੀ। [10]ਸੁੰਦਰ ਗਰਦਨ ਕਬੂਤਰੀ ਵਰਗੀ।

*ਪਾ:—ਦੇਤਿ। †ਸਤਿਗੁਰੂ ਜੀ ਦੇ ਤੀਰਥਾਂ ਤੇ ਜਾਣ ਸਮੇਂ ਦੇ ਹਾਲ ਵਰਣਨ ਕਰਦਿਆਂ ਹੋਇਆਂ ਜਿਨ੍ਹਾਂ ਜਿਨ੍ਹਾਂ ਤੀਰਥਾਂ ਨੂੰ ਸਤਿਗੁਰੂ ਜੀ ਨੇ ਆਪਣੇ ਪਾਵਨ ਚਰਨਾਂ ਨਾਲ ਪਵਿੱਤ੍ਰ ਕੀਤਾ ਹੈ ਉਹਨਾਂ ਦਾ ਕਵੀ ਜੀ ਨੇ ਇਤਿਹਾਸ ਵੀ ਲਿਖਿਆ ਹੈ, ਇਹ ਇਤਿਹਾਸ ਪੁਰਾਣਾਂ ਤੇ ਹਿੰਦੂ ਮਤ ਦੇ ਹੋਰ ਗ੍ਰੰਥਾਂ ਵਿਚੋਂ ਲਏ ਹਨ, ਪਰ ਕਵੀ ਜੀ ਨੇ ਇਹਨਾਂ ਨੂੰ ਵਰਣਨ ਐਉਂ ਕੀਤਾ ਹੈ ਕਿ ਮਾਨੋਂ ਸਤਿਗੁਰੂ ਜੀ ਆਪਣੇ ਅਨੁਭਵ ਨਾਲ ਇਹਨਾਂ ਤੀਰਥਾਂ ਸਬੰਧੀ ਪੌਰਾਣਕ ਹਾਲਾਤ ਨੂੰ ਦੱਸ ਰਹੇ ਹਨ। ਇਹਨਾਂ ਇਤਿਹਾਸਾਂ ਦੀ ਇਤਹਾਸਕ ਸੱਤਜਤਾ ਉਤੇ ਗੁਰੂ ਸਾਹਿਬ ਨੇ ਆਪਣੀ ਸਾਖੀ ਦੀ ਮੋਹਰ ਛਾਪ ਲਾਈ ਨਹੀਂ ਸਮਝਣੀ ਚਾਹੀਦੀ, ਕਿਉਂਕਿ ਗੁਰੂ ਅਮਰਦੇਵ ਜੀ ਨੇ ਆਪ ਆਪਣੀ ਬਾਣੀ ਵਿਚ ਤੀਰਥਾਂ ਦਾ ਮਹਾਤਮ ਨਹੀਂ ਮੰਨਿਆ।

ਯਥਾ:—ਮਲ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ (ਸਿਰੀ: ਮ: ੩)

ਪੁਨਾ:—ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ॥ (ਮਾਝ ਮ: ੩) ਤਥਾ:—ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥ (ਗੂਜ: ਮ: ੩)

‡ਸੰਸ:, ਸੁਵਰਚੁਲਾ।

ਪਿਖਿ ਰਤਿ ਲੱਜਤਿ ਹੋਤੀ॥੧੩॥ਸੋ ਸੂਰਜ ਨੇ ਬਜਾਹਨ ਠਾਨੀ। ਰੁਚਿਰੰਗੀ[1] ਨਿਜ ਘਰ ਮਹਿਂ ਆਨੀ। ਕੋਮਲ ਅੰਗਾ ਕਟ ਤੇ ਛੀਨੀ[2]। ਮੇਚਕ ਕੇਸ਼ਾ[3] ਉਰੁਜਨਿ ਪੀਨੀ[4]॥੧੪॥ਕਿਤਿਕ ਕਾਲ ਬੀਤਾਵਨਿ ਕੀਨ॥ ਸੂਰਜ ਦੁਸਹ[5] ਤੇਜ ਤੇ ਚੀਨ॥ ਤਊ ਦੁਖਿਤਿ ਹ੍ਵੈ ਰਹੀ ਨਿਕੇਤ। ਕੁਲ ਕੀ ਲਾਜ ਰਾਖ੍ਿਬੇ ਹੇਤੁ ॥ ੧੫ ॥ ਦੋਇ ਪੁੱਤ੍ਰ ਇਕ ਤਨੁਜਾ ਹੋਈ। ਜਮੁਨਾ ਨਾਮ ਜਾਨੀਯਹਿ ਸੋਈ। ਮਨੁ ਅਰੁ ਜਮ[6] ਦੂਸਰ ਸੁਤ ਹੋਵਾ। ਮਹਾਂ ਪ੍ਰਤਾਪ ਸਾਥ ਉਦਤਜੋਵਾ[7] ॥ ੧੬ ॥ ਪਤਿ ਕੇ ਤੇਜ ਸੰਗ ਹੁਇ ਬਿਹਬਲ। ਸਹਜੋ ਨ ਜਾਇ ਅੰਗ ਰਹਿ ਜਲ ਬਲ। ਨਿਜ ਛਾਯਾ ਕੀ ਤੀਯ ਬਨਾਈ[8]। ਨਿਜ ਸਰੂਪ ਸਮ ਸਦਨ ਬਿਠਾਈ॥੧੭॥ ਤ੍ਰਾਸ ਤੇਜ ਕੋ ਪਾਇ ਬਿਸਾਲ॥ਚੋਰੀ ਗਮਨ ਕੀਨਿ ਪਿਤ ਸ਼ਾਲ[9]। ਬਿਸ਼ੁਕਰਮਾ ਨੇ ਜਬਹਿ ਨਿਹਾਰੀ। ਜਾਨਿ ਅਜੋਗ ਕਠੋਰ ਉਚਾਰੀ[10] ॥੧੮॥-ਪਤਿ ਤੇ ਛਪਿ ਕੈ ਬਿਨਾ ਹਕਾਰੇ। ਕਯੋਂ ਆਈ ਚਲਿ ਸਦਨ ਹਮਾਰੇ॥ ਮੋ ਘਰ ਮਹਿਂ ਰਹਿਬੋ ਨਹਿ ਥਾਨ॥ਜਹਿਂ ਇੱਛਾ ਤਹਿ ਕਰਹੁ ਪਯਾਨ-॥ ੧੯॥ ਬਾਕ ਪਿਤਾ ਕੇ ਸੁਨਿ ਕੁਮਲਾਈ॥ ਅਪਨੀ ਦੇਹਿ ਤਬਹਿ ਪਲਟਾਈ॥ਬੜਵਾ ਕੋ[11]ਧਾਰਨਿ ਕਰਿ ਤਨਕੋ॥ਪ੍ਰਾਪਤਿ ਭਈ ਜਾਇ*ਬਡ ਬਨ ਕੋ॥੨੦॥ਇਸ ਕੀ ਗਤਿ ਸੂਰਜ ਨਹਿਂ ਜਾਨੀ। ਛਾਯਾ ਤ੍ਰਿਯਾ ਜਾਨਿ[12] ਰਤਿ ਠਾਨੀ। ਤਿਸ ਤੇ ਭੀ ਦੁਇ ਸੁਤ ਜਨਮਾਏ॥ ਨਾਮ ਸਨੀਚਰ ਆਦਿਕ ਗਾਏ ॥੨੧ ॥ ਏਕ ਸੁਤਾ ਛਾਯਾ ਨਿਪਜਾਈ[13]। ਤਪਤੀ[14] ਨਾਮ ਤਿਸੀ ਕੋ ਗਾਈ[15] ।ਦੱਖਯਨ ਬਿਖੈ ਬਹੀ ਹੁਇ ਸਲਿਤਾ। ਬਿਮਲ ਅਗਾਧ ਜਾਂਹਿ ਜਲ ਚਲਤਾ॥੨੨॥ਜੁਗ ਤਨੁਜਾ ਅਰੁ ਨੰਦਨ ਚਾਰ॥ਮਾਰਤੰਡ ਕੇ ਭਏ ਅਗਾਰ॥ ਏਕ ਦਿਵਸ ਛਾਯਾ ਕੇ ਸਾਥ॥ਜਮ ਲਰਿ ਪਰਯੋ ਬਹਿਸ ਕਿਸਿ ਗਾਥ ॥੨੩॥ ਅਧਿਕ ਕ੍ਰੋਧ ਦੋਇਨ ਕੇ ਹੋਵਾ। ਰਕਤ ਨੇਤ੍ਰ ਆਪਸ ਮਹਿਂ ਜੋਵਾ। ਗਿਰਾ ਕਠੋਰ ਬਿਸਾਲ ਉਚਾਰੀ। ਤਬਿ ਜਮ ਨੇ ਨਿਜ ਲਾਤ ਉਭਾਰੀ ॥੨੪ ॥ ਉਦਤਯੋ[16] ਕਰਨਿ ਪ੍ਰਹਾਰ ਸੁ ਛਾਯਾ॥ਇਨਿ ਦੇਖਤਿ ਇਮ ਸ੍ਰਾਪ ਅਲਾਯਾ॥

---

[1]ਸੁਹਣੇ ਅੰਗਾਂ ਵਾਲੀ। [2]ਕੂਲੇ ਅੰਗਾਂ ਵਾਲੀ ਤੇ ਲੱਕੋਂ ਪਤਲੀ। [3]ਕਾਲੇ ਵਾਲਾਂ ਵਾਲੀ। [4]ਕਠੋਰ ਸਥਨਾਂ ਵਾਲੀ। [5]ਨਾ ਸਹਾਰਨ ਯੋਗ। [6]ਮਨੂ ਤੇ ਧਰਮਰਾਜ। [7]ਪ੍ਰਗਟ ਹਨ, (ਅ) ਪ੍ਰਗਟ ਹੋਏ। [8]ਆਪਣੀ ਛਾਇਆ ਦੀ(ਹੋਰ)ਇਸਤ੍ਰੀ ਬਣਾਈ। [9]ਪਿਤਾ ਦੇ ਘਰ,ਭਾਵ ਪੇਕੇ। [10](ਧੀ ਦਾ ਚੋਰੀ ਤੁਰ ਆਉਣਾ ਤੇ ਪੇਕੇ ਰਹਿਣਾ) ਅਯੋਗ ਜਾਣਕੇ ਕਰੜੀ (ਬਾਣੀ) ਕਹੀ। [11]ਘੋੜੀ ਦਾ। [12]ਛਾਇਆ ਵਾਲੀ ਇਸਤ੍ਰੀ(ਨੂੰ ਆਪਣੀ ਇਸਤ੍ਰੀ)ਜਾਣਕੇ। [13]ਛਾਇਆ ਨੇ ਜੰਮੀ। [14]ਤਾਪਤੀ(ਨਾਮੇ ਨਦੀ)। [15]ਕਹਿੰਦੇ ਹਨ। [16]ਤਿਆਰ ਹੋਇਆ ਛਾਇਆ ਨੂੰ ਲੱਤ ਮਾਰਨ ਵਾਸਤੇ। *ਪਾ:- ਬਹੁਰ।

–ਚਰਨ ਉਭਾਰਯੋ ਮੋਕਹੁ ਜੋਇ। ਚਹੈਂ ਪ੍ਰਹਾਰ ਕਰਨਿ ਕੋ ਸੋਇ॥ ੨੫॥ ਅਬ ਗਰਿ ਜਾਹੁ[1] ਨ ਆਛੋ ਰਹੈ। ਕਰਿ ਅਪਰਾਧ ਉਚਿਤ ਦੁਖ ਸਹੈ–। ਛਾਯਾ ਸ੍ਰਾਪ ਦਯੋ ਇਮ ਜਬੈ। ਜਮ ਕੇ ਚਰਨ ਗਯੋ ਗਰ ਤਬੈ॥੨੬॥ਸੁਧਿ ਸੂਰਜ ਨੇ ਜਬਿਹੂੰ ਸੁਨੀ। ਰਿਦੈ ਬਿਖੈ ਬਹੁ ਬਿਧਿ ਸੋਂ ਗੁਨੀ।–ਇਹੁ ਸੁਤ[2] ਮਾਤਾ[3] ਲਖੀਯਹਿ ਕੈਸੇ। ਘੋਰ ਕਰਮ ਕੀਨਸਿ ਜੁਗ ਐਸੇ–॥ ੨੭॥ ਸਹਤ ਸੰਦੇਹ ਸੂਰ ਜਬਿ ਹੋਵਾ॥ਆਯੋ ਛਾਯਾ ਕੀ ਦਿਸ਼ਿ ਜੋਵਾ॥–ਸਾਚ ਬਤਾਵਹੁ ਹੈ ਤੂੰ ਕੌਨ?। ਸੁਤ ਸੋਂ ਇਮ ਕੋ ਕਰਿ ਹਹਿ ਭੌਨ–॥੨੮॥ਦਿਨਪਤਿ ਜਬਹਿ ਤ੍ਰਾਸ ਉਪਜਾਯਹੁ। ਛਾਯਾ ਸਾਚੁ ਬ੍ਰਿਤਾਂਤ ਬਤਾਯਹੁ। 'ਤੁਵ ਦਾਰਾ ਗਮਨੀ ਪਿਤ ਓਰ।ਮੁਝਕੋ ਗਈ ਰਾਖਿ ਇਸ ਠੌਰ॥੨੯॥ਆਦਿ ਸਨਿਸ਼ਚਰ ਸੰਤਤਿ ਮੇਰੀ। ਮਨੁ ਜਮੁ ਜਮਨਾ ਹੈ ਤਿਸ ਕੇਰੀ॥ਚਿਰੰਕਾਲ ਕੀ ਤ੍ਯਾਗ ਪਲਾਈ॥ ਮੈਂ ਪਾਲਨਿ ਕੀਨੇ ਚਹੁੰਭਾਈ–॥੩੦॥ਸੁਨਿ ਸਪਤਾਸੁ[4]* ਤੁਰਤਹੀ ਧਾਯੋ। ਬਿਸ਼ੁਕਰਮਾ ਕੇ ਘਰਿ ਚਲਿ ਆਯੋ॥ਕਹ੍ਯੋ–ਸੁਤਾ ਤੇਰੀ ਇਤਿ ਆਈ॥ਬਿਤੇ ਕਾਲ ਬਹੁ,ਅਬਿ ਸੁਧਿ ਪਾਈ॥੩੧॥ਕਰੀ ਅਜੋਗ ਬਾਤ ਲਖਿ ਲੀਜੈ॥ਮੋਕਹੁ ਅਬ ਬਤਾਇ ਤਿਸ ਦੀਜੈ–। ਬਿਸ਼ੁਕਰਮਾ ਨੇ ਕਹ੍ਯੋ ਬ੍ਰਿਤਾਂਤ।–ਮੋ ਘਰ ਆਈ ਹੁਤੀ ਪਲਾਤਿ[5]॥੩੨॥ ਨਹੀਂ ਸਦਨ ਮਹਿਂ ਰਹਨਿ ਦਈ ਹੈ। ਹੁਇ ਨਿਰਾਸ ਕਿਤਿਵਹਿਰ ਗਈ ਹੈ॥ਭੋ ਦਿਨਮਣਿ!ਸੁਨਿ,ਹੈ ਸੋ ਸਾਚੀ[6]। ਦੁਖਤਿ ਬਹੁਤ ਲਾਗਹਿ ਤੁਵ ਆਂਚੀ[7] ॥ ੩੩ ॥ ਤੇਜ ਨ ਸਹ੍ਯੋ ਜਾਤਿ ਹੈ ਤੋਰਾ। ਨਿਕਸੀ ਕਰਿ ਉਰ ਤ੍ਰਾਸ ਬਡੇਰਾ॥ ਜੇ ਕਰਿ ਕਹ੍ਯੋ ਮੋਹਿ ਤੂੰ ਮਾਨਹਿਂ॥ਸਭਿ ਗਤਿ ਆਛੀ ਹੋਹਿ ਪਛਾਨਹਿਂ॥ ੩੪ ॥ ਕੁਛਕ ਬਰਨ ਧੂਮਰ ਸਮ[8] ਤੇਰਾ। ਤਪਤ ਅਹੈ ਅਤਿ ਜਾਹਿ ਨ ਹੇਰਾ॥ਮੇਰ ਚਰਖ[9]ਪਰ ਚਢਿ ਇਕ ਬਾਰੀ॥ਛੋਲ ਦੇਹੁਂ[10]ਤੁਝ ਦੇਉਂ ਸਵਾਰੀ॥੩੫॥ਸੁਪ੍ਰਕਾਸ਼ ਇਕ ਤੌ ਹੁਇ ਜਾਇ। ਅਤਿਸ਼ੈ ਤਪਤ ਮਿਟਹਿ ਇਸ ਭਾਇ–।ਆਛੀ ਬਾਤਿ ਜਾਨਿ ਕਰਿ ਪੂਖਨ[11]।ਚਢ੍ਯੋ ਖਰਾਦ ਸੁ ਹੋਨਿ ਅਦੂਖਨ॥੩੬॥ਬਿਸ਼ੁਕਰਮੇ ਲੈ ਤੀਖਨ ਸਾਧਨਿ[12]। ਫੇਰਿ ਤਿਸੀ ਕੋ ਕੀਨਿ ਖਰਾਦਨਿ॥ ਊਪਰ ਕੋ ਤਨ ਛੋਲਨਿ ਕੀਨਾ। ਨਿਕਸ੍ਯੋ

---

[1]ਗਲ ਜਾਏਗਾ। [2],[3]ਪੁੱਤ੍ਰ ਦੀ ਮਾਂ। [4]ਸੂਰਜ [ਸੰਸ:, ਸਪ੍ਤਾਸ਼੍ਵ]। [5]ਨੱਸ ਕਰਕੇ। [6]ਹੇ ਸੂਰਜ ਸੁਣ, ਸੋ ਸੱਚੀ ਹੈ। [7]ਤੇਰੇ ਸੇਕ ਤੋਂ ਉਸ ਨੂੰ ਬਹੁਤ ਦੁਖ ਲਗਦਾ ਹੈ। [8]( ਜੋ ) ਧੂੰਏਂ ਵਤ ਹੈ। [9]ਖਰਾਦ। [10]ਛਿੱਲ ਦੇਵਾਂ। [11]ਸੂਰਜ। [12]ਤਿੱਖਾ ਹਥਿਆਰ। *ਪਾ:–ਸਵਿਤਾ ਸ।

ਸੁੰਦਰ ਰੂਪ ਨਵੀਨਾ ॥ ੩੭ ॥ ਧੂਮ੍ਰਾਕਾਰ ਸੁ ਤੇਜ ਜਿਤੇਕ[1]। ਛੋਲਨੋ ਧਰਨੋ ਖਰਾਦ ਤਿਤੇਕ[2] । ਨਿਜ ਤਨ ਦੇਖਿ ਹਰਖ ਰਵਿ[3] ਭਰਨੋ। ਬਿਸ਼੍ਵਕਰਮੇ ਸੁ ਬਤਾਵਨਿ ਕਰਨੋ[4] ॥੩੮॥—ਅਮੁਕੈ ਬਨ ਮੈਂ ਬੜਵਾ ਤਨ ਹੈ[5]।ਨਿਜ ਦਾਰਾ ਆਨਹੁ ਹਿਤ ਮਨਿ ਹੈ—।ਸੁਨਿ ਸਵਿਤਾ ਅਸੁ ਕੋ ਤਨ ਧਰਨੋ[6]। ਸੋ ਕਾਨਨ ਕੋ ਜਾਇ ਨਿਹਰਨੋ ॥ ੩੯ ॥ ਹੁਤੀ ਤੁਰੰਗਨਿ ਮਿਲਨੋ ਸੁ ਜਾਇ। ਸੂੰਘਿ ਨਾਸਕਾ ਜਬਿ ਸੁਖ ਪਾਇ। ਤਤਛਿਨ ਦ੍ਵੈ ਸੁਤ ਕੋ ਉਪਜਾਯੋ । ਅਸ਼੍ਵਨਿ-ਕੁਮਾਰ ਨਾਮ ਜਿਨ ਗਾਯੋ ॥੪੦॥ ਪੁੱਤ੍ਰ ਸਹਤ ਦਾਰਾ ਨਿਜ ਆਨੀ।ਮਿਲੀ ਸਭਿਨਿ ਸੋਂ ਉਰ ਹਰਖਾਨੀ।ਤਬਿ ਕੀ ਜਮਨਾ ਬਨ ਮਹਿੰ ਜਾਇ। ਤਪ ਕੋ ਤਪਤਿ ਰਹੀ ਬਹੁ ਭਾਇ ॥ ੪੧ ॥ ਦ੍ਵਾਪਰ ਅੰਤ ਭਏ ਗੋਪਾਲ[7] । ਇਨ ਕੋ ਪਤਿ ਕੀਨਸਿ ਤਿਸ ਕਾਲ।ਅਨਿਕ ਪ੍ਰਕਾਰ ਭੋਗ ਸੁਖ ਘਨੋ।ਮਿਲੀ ਸ਼੍ਯਾਮ ਸੋਂ ਸੁਤ ਦਸ ਜਨੇ* ॥੪੨॥ ਸੋ ਜਮੁਨਾ ਸਲਿਤਾ ਹੁਇ ਬਹੀ। ਜਿਸ ਹਿਤ ਸਕਲ ਬਾਰਤਾ ਕਹੀ। ਪਾਵਨ ਜਲ ਪਾਪਨ ਕੋ ਨਾਸਨਿ। ਰੱਛਨਾ ਕਰਹਿ ਆਪਨੇ ਦਾਸਨਿ' ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਜਮਨਾ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥ ੪੮ ॥

੪੯. [ਮਾਰਤੰਡ ਦੀ ਕਥਾ, ਤੁਰਕ ਜਗਾਤੀ, ਕੰਨਖਲ, ਤੇ ਗੋਇੰਦਵਾਲ ਨੂੰ ਮੁੜਨਾ]।

ਦੋਹਰਾ॥ਸੁਨਿ ਪ੍ਰਸੰਗ ਸੰਗਤਿ ਸਰਬ ਸ੍ਰੀ ਗੁਰ ਅਮਰ ਕਿ ਪਾਸ[8]। ਪੁਨਪੂਛਨੋ 'ਕਿਮੁ ਭਾਨੁ ਕੋ ਭਯੋ ਬਰਨ ਧੂਮ੍ਰਾਸ[9]?'॥੧॥ਚੌਪਈ॥ ਸ੍ਰੀ ਗੁਰ ਕਹਤਿ ਭਏ ਇਤਿਹਾਸ।।'ਸੰਗਤਿ ਸੁਨਹੁ ਭਈ ਗਤਿ ਜਾਸ।ਕੱਸਪ ਰਿਖਿ ਅਤਿਸ਼ੈ ਤਪ ਘਾਲਾ। ਜਿਸਕੈ ਭਈ ਭਾਰਜਾ ਜਾਲਾ[10] ॥੨॥ਜਨੇ ਦਿਤੀ[11]ਨੇ ਦੈਤ ਕਰਾਲ। ਦਨੁ[12] ਤੇ ਦਾਨਵ‡ ਭਏ ਬਿਸਾਲ।ਬਿਨਤਾ[13]ਤੇ ਖਗਪਤਿ[14]ਜਨਮਾਯੋ।ਨਾਮ ਗਰੁੜ ਬਡ ਬਲੀ ਸੁਹਾਯੋ॥੩॥ਕੱਦ੍ਰੂ[15]ਨੇ ਪੰਨਗ[16]ਉਪਜਾਏ।ਇੱਤਨਾਦਿਕ

---

[1]ਧੂੰਏਂ ਵਰਗਾ ਤੇਜ ਸੀ ਜਿਤਨਾ ਕੁ। [2]ਤਿਤਨਾ ਖਰਾਦ ਕੇ ਛਿੱਲ ਦਿੱਤਾ। [3]ਸੂਰਜ। [4](ਤੁਰਤ) ਬਿਸ਼੍ਵਕਰਮੈ ਨੇ (ਆਪਣੀ ਧੀ ਦਾ ਪਤਾ) ਦੱਸਿਆ। [5]ਘੋੜੀ ਦੇ ਤਨ ਵਿਚ ਹੈ। [6]ਸੂਰਜ ਨੇ ਘੋੜੇ ਦਾ ਸਰੀਰ ਧਾਰਿਆ। [7]ਸ੍ਰੀ ਕ੍ਰਿਸ਼ਨ ਜੀ। [8]ਜੀ ਦੇ ਪਾਸੋਂ। [9]ਧੂੰਏਂ ਵਰਗਾ ਕਾਲਾ ਰੰਗ ਸੂਰਜ ਦਾ ਹੋ ਗਿਆ ਸੀ। [10]ਬਹੁਤੀਆਂ (ਇਸਤ੍ਰੀਆਂ)। [11]ਦੈਂਤਾਂ ਦੀ ਮਾਤਾ ਦਾ ਨਾਮ ਹੈ। [12]ਕਸਯਪ ਦੀ ਇਕ ਇਸਤ੍ਰੀ ਜਿਸ ਤੋਂ ੪੦ ਪੁਤ੍ਰ ਹੋਏ ਜੋ ਦਨੁਜ ਕਹਾਏ। [13]ਕਸਯਪ ਦੀ ਹੋਰ ਇਸਤ੍ਰੀ ਜੋ ਗਰੁੜ ਦੀ ਮਾਂ ਸੀ। [14]ਗਰੁੜ। [15]ਕਸਯਪ ਦੀ ਇਕ ਹੋਰ ਇਸਤ੍ਰੀ ਦਾ ਨਾਮ। [16]ਸੱਪ।

*ਐਸੀਆਂ ਅਸੰਭਵ ਕਥਾ ਕਦੇ ਸ੍ਰੀ ਅਨੰਦ ਸਾਹਿਬ ਜੀ ਦੇ ਕਰਤਾ ਜੀ ਕਿਸੇ ਨੂੰ ਸੁਣਾ ਨਹੀਂ ਸਕਦੇ। ਪੌਰਾਣਕ ਆਖਯਾਨਕਾਂ ਦੀ ਵਾਕਫੀ ਲੋਕਾਂ ਨੂੰ ਦੇਣੇ ਲਈ ਕਵੀ ਜੀ ਉਥੋਂ ਦੀਆਂ ਕਥਾ ਦੇ ਰਹੇ ਹਨ। †ਦੇਖੋ ਇਸੇ ਰਾਸ ਦੇ ਅੰਸੂ ੪੮ ਦਾ ਅੰਕ ੮। ‡ਪਾ:—ਦੇਵਨ।

ਇਸਤ੍ਰੀ ਸਮੁਦਾਇ। ਅਦਿਤੀ[1] ਤੇ ਸਭਿ ਦੇਵ ਭਏ ਹੈਂ। ਸੁਧਾ ਪਾਨ ਜੁ ਅਮਰ ਥਿਏ ਹੈਂ[2]।੪।ਤਿਸ ਅਦਿਤੀਕੇ ਗਰਭ ਮਝਾਰਾ।ਸੂਰਜ ਹੁਤੋ ਅਪਨਿ ਤਨੁ ਧਾਰਾ। ਇਕ ਦਿਨ ਸਸਿ ਸੁਤਿ ਬੁਧ ਚਲਿ ਆਯੋ। ਬ੍ਰਹਮਚਾਰੀ ਕੌ ਬੇਖ ਬਨਾਯੋ ॥੫॥ ਤਪਕੋ ਤਪਤੁ ਹੁਤੋ ਬਨ ਮਾਂਹੀ। ਭਿੱਛਾ ਹਿਤ ਆਯਹੁ ਤਿਸ ਪਾਂਹੀ। ਅਦਿਤੀ ਗਰਭ ਸਹਤ ਤਿਸ ਕਾਲਾ। ਆਲਸ ਉਠਿਬੇ ਕੇਰ ਬਿਸਾਲਾ ॥੬॥ ਕੇਤਿਕ ਚਿਰ ਬੀਤਾ ਤਿਹ ਖਰੇ। ਦਯੋ ਸ੍ਰਾਪ ਬੁਧ ਨੇ ਰਿਸ ਧਰੇ[3]।– ਜਿਸ ਗ੍ਰਭ ਧਰਿ ਤੈਂ ਆਲਸ ਕੀਨਾ। ਭਿੱਖਯਾ ਮੋਹਿ ਤੁਰਤ ਨਹਿਂ ਦੀਨਾ॥੭॥ ਸੋ ਤਵ ਗਰਭ ਗਰਹੁ[4]ਨਹਿਂ ਬਾਰੇ–।ਇਮ ਕਹਿਗਯੋ ਆਨ ਘਰ ਜਾਰੇ। ਅਦਿਤੀ ਬਹੁਤ ਤ੍ਰਾਸ ਕੋ ਪਾਇ। ਪਤਿ ਕੇ ਨਿਕਟ ਗਈ ਸਹਿਸਾ-ਇ[5] ॥੮॥ ਬੁਧ ਕੋ ਸ੍ਰਾਪ ਸੁਨਾਵਨਿ ਕੀਨਾ।–ਰੱਛਾ ਕਰਹੁ ਜਿ ਗਰਭ ਨ ਛੀਨਾ–। ਸੁਨਿ ਕੱਸਯਪ ਨੇ ਬਰ ਕੋ ਦਯੋ–ਬਚੇ ਗਰਭ ਤਵ ਹੋਹਿ ਨ ਛਯੋ[6]॥੯॥ਤਨ ਊਪਰ ਕੋ ਮ੍ਰਿਤ ਹੁਇ ਜਾਇ। ਤਿਸ ਮਹਿਂ ਅਪਰ ਦੇਹ ਕੋ ਪਾਇ।ਮ੍ਰਿਤਕ ਅੰਡ[7] ਮਰਿ ਹੁਇ ਅਭਿਰਾਮੂ।ਯਾਂਤੇ ਮਾਰਤੰਡ[8]*ਕਹਿਨਾਮੂ– ॥੧੦॥ਇਮ ਬਰ ਪਾਇ ਰਹਯੋ ਬਚ ਸੋਇ। ਮ੍ਰਿਤੁ ਤਨ ਮਹਿਂ ਨੌਤਨ ਤਨ[9] ਹੋਇ। ਜਨਮਯੋ ਸੂਰਜ ਤਨ ਦ੍ਵੈ ਰਹੇ। ਧੂਮ੍ਰ ਬਰਨ ਕੋ ਯਾਂਤੇ ਲਹੇ ॥੧੧॥ ਤਨ ਊਪਰ ਕੋ ਸੁਸ਼ਕ ਰਹਯੋ ਹੈ।ਬਿਚ ਕੋ ਸੁੰਦਰ ਦੇਹਿ ਲਹਯੋ ਹੈ। ਬਿਸ਼੍ਵ-ਕਰਮਾ ਨੇ ਛੋਲਯੋ ਸੋਊ।ਅੰਤਰਿ ਕੋ ਸ਼ੁਭ ਪ੍ਰਗਟਯੋ ਜੋਊ॥੧੨॥ ਧੂਮ੍ਰ ਬਰਨ ਕੁਛ ਤੇਜ ਨਿਵਾਰਾ।ਸੁਪ੍ਰਕਾਸ਼ ਪੁਨ ਕੀਨਿ ਸੁਧਾਰਾ।ਊਪਰ ਤੇ ਰਵਿ ਖ੍ਰੁਰਚਯੋ ਜੇਤੋ। ਅਪਰ ਕਾਰ ਮਹਿਂ ਲਾਯਹੁ ਤੇਤੋ ॥ ੧੩ ॥ ਚੱਕ੍ਰ ਸੁਦਰਸ਼ਨ[10] ਤੇਜ ਬਿਸਾਲਾ। ਬਿਸ਼੍ਵਕਰਮਾ ਕੀਨਸਿ ਤਿਸ ਕਾਲਾ। ਲੱਛਮੀਪਤਿ[11] ਕੇ ਸੋ ਕਰ ਸੋਹੈ।ਮਹਾਂ ਤੇਜ ਯਾਂਤੇ ਤਿਹ ਮੈਂ ਹੈ॥੧੪॥ਪੁਨ ਤ੍ਰਿਸੂਲ ਤਿਸ ਤੇ ਰਚਿਲੀਨੋ। ਸੋ ਤ੍ਰਿਨੈਨ[12] ਕੇ ਕਰ ਮਹਿਂ ਦੀਨੋ। ਇੱਤਯਾਦਿਕ ਕਛ ਔਰ ਬਨਾਵਾ।

---

[1]ਕਸ਼ਯਪ ਦੀ ਇਕ ਹੋਰ ਇਸਤ੍ਰੀ ਜਿਸ ਤੋਂ ੩੩ ਦੇਵਤੇ ਜੰਮੇ। [2]ਅੰਮ੍ਰਿਤ ਪੀ ਕੇ ਅਮਰ (ਚਿਰੰਜੀਵੀ ਜਾਂ ਕਲਪ ਪ੍ਰਯੰਤ ਆਯੂ ਵਾਲੇ)ਹੋਏ ਹਨ। [3]ਗੁੱਸਾ ਕਰਕੇ। [4]ਗਲ ਜਾਵੇ। [5]ਕਾਹਲੀ ਨਾਲ। [6]ਨਾਸ਼। [7]ਮਰੇ ਹੋਏ ਪੜਦੇ ਵਿਚ। [8]ਮ੍ਰਿਤਕ ਅੰਡ ਚੋਂ ਉਪਜਿਆ ਸੋ ਮਾਰਤੰਡ। [9]ਨਵਾਂ ਸਰੀਰ। [10]ਵਿਸ਼ਨੂੰ ਦੇ ਹੱਥ ਵਾਲਾ ਚੱਕ੍ਰ ਸੁਦਰਸ਼ਨ। [11]ਵਿਸ਼ਨੂੰ। [12]ਸ਼ਿਵ।

*ਕਵਿ ਜੀ ਦੀ ਕੋਸ਼ ਦੀ ਵਾਕਫੀ ਤੱਕੋ ਸੂਰਜ ਦੇ ਕਿੰਨੇ ਨਾਮ ਦੇ ਰਹੇ ਹਨ ਤੇ ਕਈਆਂ ਦੀ ਵਿਤਪਤੀ ਬੀ ਦੱਸ ਰਹੇ ਹਨ।

ਇਮ ਪ੍ਰਸੰਗ ਇਹੁਗੁਰਿਰਸੁਨਾਵਾ*।੧੫।ਸੁਨਿ ਸੰਗਤ ਨੇ ਹਰਖ ਉਪਾਯਹੁ। ਸਕਲ ਭੇਵ ਮਨ ਮਹਿਂ ਲਖਿ ਪਾਯਹੁ। ਸ਼੍ਰੀ ਜਮਨਾ ਕੋ ਕਰਿ ਇਸ਼ਨਾਨਾ। ਆਗੈ ਸਤਿਗੁਰ ਕੀਨਿ ਪਯਾਨਾ ॥੧੬॥ ਹੁਤੇ ਜਗਾਤੀ[1] ਸੋ ਚਲਿ ਆਏ। ਦਰਸ਼ਨ ਕਰਿ ਉਰ ਮਹਿਂ ਹਰਖਾਏ।ਲੋਕ ਹਜ਼ਾਰਹੁਂ ਬੰਦਨ ਕਰਤੇ।ਮਹਿਮਾ ਦੀਰਘ ਆਂਖ ਨਿਹਰਿਤੇ॥੧੭॥ਤ੍ਰਾਸਤ ਭਏ ਜਗਾਤੀ ਹੇਰਾ।ਨਹੀਂ ਜੇਜਵਾ[2] ਲੀਨਸਿ ਘੇਰਿ। ਡਰ ਕਰਿ ਨਮੋ ਕਰੀ ਪਗ ਆਇ। ਹਾਥ ਜੋਰਿ ਬੋਲੇ ਹਿਤ ਪਾਇ।੧੮।'ਸਤਿਗੁਰ! ਕਰੁਨਾ ਦ੍ਰਿਸ਼ਟਿਨਿਹਾਰਹੁ।ਨਿਜਸੰਗੀ ਲੇ ਸੰਗਸਿਧਾਰਹੁ। ਤਿਨਤੇ ਹਮ ਕਛ ਲੇਵਹਿਂ ਨਾਂਹੀ। ਤ੍ਰਾਸ ਆਪ ਕੋ ਧਰਿ ਉਰ ਮਾਂਹੀ ॥੧੯॥ ਕ੍ਰੂਰ[3] ਬਾਕ ਨਹਿਂ ਕਹੀਅਹਿ ਕੋਇ।ਲੇਹਿਜੁ ਨਾਮ ਤਜਹਿਂ ਹਮਸੋਇ[4]। ਅਪਰਨ ਤੇ ਧਨਲੇਤਿ ਜਗਾਤਿ[5]।ਤੋ ਆਗੇਮਗਕੋ ਚਲਿਜਾਤਿ'॥੨੦॥ਸੁਨਿ ਸ਼੍ਰੀਸਤਿਗੁਰ ਤਿਨ ਸੋਂ ਕਹਯੋ।'ਹਮਦਿਸ਼ ਤੇ ਜੇ ਕਰਿ ਡਰ ਲਹਯੋ।ਤੌ ਸੁਨਿ ਨਾਮ ਨ ਕਹੀਅਹਿ ਕਾਹੂ[6]। ਜਾਤ੍ਰੀ ਆਇਂ ਸਰਬ ਹਮ ਪਾਹੂ[7]॥੨੧॥ਜੇ ਤੁਮ ਚਾਹਤਿ ਹੋ ਧਨ ਲੇਨਾ।ਤੌਹਮਸੋਂ ਅਬਿਹੂੰ† ਕਹਿ ਦੇਨਾ।ਪੀਛੇਤੇਨਹਿਂ ਰੋਕਹੁ ਕੋਈ।ਅਬਿ ਹਮ ਦੇਹਿਂ ਚਹਹੁ ਧਨ ਜੋਈ'॥੨੨॥'ਸ਼੍ਰੀ ਸਤਿਗੁਰ ਜੇਤਿਕ ਤੁਮ ਸਾਥ।ਸੋ ਸਭਿ ਜਾਹੁ, ਗਹੈਂ ਨਹਿਂ ਹਾਥ[8]'। ਤਬਿ ਸ਼੍ਰੀ ਅਮਰਦਾਸ ਚਲਿ ਪਰੇ। ਲੋਕ ਹਜ਼ਾਰਹੁ ਸੰਗੀ ਕਰੇ॥੨੩॥ ਪੀਛੇ ਜਿਸ ਤੇ ਗਹਿ ਕਰਿ ਮਾਂਗੈਂ[9]। ਸੋ ਗੁਰ ਨਾਮ ਲੇਤਿ ਚਲਿ ਆਗੈ। 'ਹਮ ਤੌ ਗੁਰ ਕੇ ਸੰਗੀ ਅਹੈਂ'। ਚਲੇ ਜਾਤਿ ਐਸੇ ਜਬਿ ਕਹੈਂ ॥੨੪॥ ਤਿਸ ਦਿਨ ਸਗਰੇ ਮਹਿਂ ਨਰ ਨਾਰੀ।ਜਬਿ ਰੋਕਹਿਂ, ਗੁਰ ਨਾਮ ਉਚਾਰੀ[10]।ਤਿਸਕੋ ਤ੍ਯਾਗਹਿਂ, ਜਾਹਿ ਸੁਖਾਰੋ।ਹਰਖਤਿ ਉਚਰਤਿ'ਜੈਜੈਕਾਰੋ' ॥੨੫॥ਪਛੁਤਾਵਤਿ ਜੋ ਹੁਤੇ ਜਗਾਤੀ।ਆਜ ਨਹੀ ਕੋ

---

[1]ਮਸੂਲੀਏ। [2]ਮਸੂਲ। [3]ਕਰੜੇ। [4]ਜੋ ਆਪਦਾ ਨਾਮ ਲਏਗਾ ਉਸ ਨੂੰ ਅਸੀਂ ਛੱਡ ਦਿਆਂਗੇ। [5]ਮਸੂਲ ਦਾ ਧਨ ਲੈਂਦੇ ਹਾਂ। [6]ਸਾਡਾ ਨਾਮ ਸੁਣਕੇ ਕਿਸੇ ਨੂੰ ਕੁਛ ਨਹੀਂ ਕਹਿਣਾ। [7]ਆਵਣ ਦਿਓ ਸਾਰੇ ਸਾਡੇ ਪਿੱਛੇ। [8]ਕਿਸੇ ਦਾ ਹੱਥ ਨਹੀਂ ਫੜਾਂਗੇ। [9]ਫੜਕੇ ਮਸੂਲ ਮੰਗਣ। [10]ਰੋਕਣ (ਤਾਂ ਉਹ)ਗੁਰੂ ਜੀ ਦਾ ਨਾਮ ਕਹਿ ਦੇਣ।

*ਇਹ ਨਿਸਚਾ ਕਰਨ ਕਿ ਇਸ ਤਰ੍ਹਾਂ ਦੇ ਪ੍ਰਸੰਗ ਗੁਰੂ ਜੀ ਸਚ ਸਮਝਕੇ ਸਿੱਖਾਂ ਨੂੰ ਸੁਣਾ ਰਹੇ ਹਨ, ਉਨ੍ਹਾਂ ਦੇ ਅਪਣੇ ਕਥੇ ਗੁਰਬਾਣੀ ਵਿਚ ਅੰਕਤ ਉਪਦੇਸ਼ਾਂ ਦੇ ਅਨੁਕੂਲ ਨਹੀਂ ਹਨ। ਇਹ ਪੌਰਾਣਕ ਆਖਯਾਨਕਾ ਕਵਿ ਜੀ ਅਪਣੇ ਪੜ੍ਹੇ ਸੁਣੇ ਪੁਰਾਣਾਂ ਦੀ ਵਾਕਫੀਅਤ ਤੋਂ ਪਾਠਕਾਂ ਦੀ ਕੇਵਲ ਵਾਕਫੀ ਵਧਾਉਣ ਲਈ ਦੱਸ ਰਹੇ ਹਨ। †ਪਾ:—ਸਭਿਹੂੰ।

ਦਾਮ ਅਗਾਤੀ[1]।ਮੁਖ ਮੁੰਦਨ[2]ਤਿਨ ਕੇ ਪੈ ਰਹੀ*। ਰਿਦੇ ਬਿਸੂਰਤਿ ਰੋਕਹਿਂ ਨਹੀਂ[3]॥੨੬॥—ਸਗਰੋ ਜਗਤ ਪਰਯੋ ਗੁਰ ਪਾਛੈ। ਲੇਂ ਕਿਸ ਤੇ ਹਮ—,ਛੂਛੇ ਗਾਛੈ[4]। ਤਿਸ ਦਿਨ ਕੀ ਨਹਿਂ ਮਿਲੀ ਜਗਾਤਿ। ਬਸ ਨਹਿਂ ਚਲਤਿ ਰਹੇ ਪਛੁਤਾਤਿ॥੨੭॥ ਸ੍ਰੀ ਸਤਿਗੁਰ ਸਭਿ ਨਰਨ ਜਨਾਈ[5]। ਬਡੇ ਭਾਗ ਜਿਸ ਲੇਹਿ ਸੁ ਪਾਈ[6]। ਜਮੁ ਜਾਗਾਤੀ ਸਭਿ ਜਗ ਡੰਡੈ[7]। ਗੁਰ ਕੋ ਨਾਮ ਸੁਨਹਿ ਤਿਸ ਛੰਡੈ[8]†॥੨੮॥ਯਾਂਤੇ ਸਤਿਗੁਰ ਸ਼ਰਨੀ ਪਰੈ।ਜਮ ਕੋ ਤ੍ਰਾਸ ਮਹਾਂ ਪਰਹਰੈ।ਜੈਸੇ ਤੁਰਕ ਜਗਾਤੀ ਅਬੈ।ਸੁਨਿ ਗੁਰ ਨਾਮ ਤਜੇ ਨਰ ਸਬੈ॥੨੯॥ ਅਬਿ ਪ੍ਰਤੱਛਨ ਕਰਿਕੈ ਦਿਖਰਾਈ। ਲੇ ਗੁਰ ਨਾਮ ਸੁ ਜਮ ਛੁਟਕਾਈ[7]। ਤਿਸ ਦਿਨ ਤੇ ਗੁਰ ਕੇ ਸੰਗ ਭੀਰ। ਭਈ ਅਧਿਕ ਮਗ ਚਲਹਿ ਬਹੀਰ ॥੩੦॥ ਜਬਿ ਸੰਧ੍ਯਾ ਕਹੁ ਕਰਿ ਹੈਂ ਡੇਰੋ। ਦਰਸ਼ਨ ਕੋ ਉਮਗਾਇ ਬਡੇਰੋ। ਰੰਗਾ ਸੰਗ ਸਗਲ ਚਲਿ ਆਵੈਂ[9]।ਕਰ ਬੰਦਹਿਂ ਗੁਰ ਦਰਸ਼ਨ ਪਾਵੈਂ ॥੩੧॥ 'ਜੈਜੈਕਾਰ' ਪੁਕਾਰ ਉਚਾਰੈਂ। ਮਿਲਿ ਸਤਿਗੁਰ ਕੋ ਆਨੰਦ ਧਾਰੈਂ। ਇਸੀ ਰੀਤਿ ਸ੍ਰੀ ਗੰਗਾ ਗਏ।ਕਨਖਲ ਬਿਖੈ ਸਿਵਰ ਕੋ ਕਿਏ॥੩੨॥ਸੁਰਸਰਿ ਤਟ ਪਰ ਪੀਪਰ ਥਾਨ। ਬੈਠੇ ਸ੍ਰੀ ਸਤਿਗੁਰ ਭਗਵਾਨ। ਸੁਨਿ ਸੁਨਿ ਲੋਕ ਹਜ਼ਾਰੋਂ ਆਵਹਿਂ। ਚਹੁੰ ਦਿਸ਼ ਭੀਰ ਥਾਉਂ ਨਹਿਂ ਪਾਵਹਿਂ॥੩੩॥ਖਾਨ ਪਾਨ ਪੁਨ ਕਰਿ ਬਿਸਰਾਮੇ। ਜਾਗੇ ਬਹੁਰ ਰਹੀ ਨਿਸ ਜਾਮੇ। ਸ੍ਰੀ ਗੰਗਾ ਕੋ ਉਜਲ ਨੀਰ। ਕੀਨ ਸ਼ਨਾਨ ਸਰੀਰ ਸਧੀਰ[10] ॥ ੩੪ ॥ ਭਈ ਪ੍ਰਭਾਤਿ ਸਭਿਨਿ ਸੁਨਿ ਲੀਨਿ।'ਸ੍ਰੀ ਗੁਰ ਅਮਰ ਆਗਮਨਿ ਕੀਨਿ'। ਰਿਖਿ,ਮੁਨਿ,ਪੰਡਿਤ, ਤੀਰਥ ਬਾਸੀ।ਸੰਤ, ਮਹੰਤ, ਅਨਿਕ ਜੋਗ੍ਯਾਸੀ ॥੩੫॥ ਬ੍ਰਹਮਚਾਰੀ,ਔਧੂ, ਸੰਨ੍ਯਾਸੀ।ਗ੍ਰਿਹਸਤੀ,ਵੈਰਾਗੀ ਮਿਲਿ ਰਾਸੀ। ਅਪਰ ਅਨੇਕ ਬੇਖ ਕੇ ਸਾਧੂ। ਦਰਸ਼ਨ ਕਾਰਨ ਗ੍ਯਾਨ ਅਗਾਧੂ[11] ॥੩੬॥ ਸ੍ਰੀ ਸਤਿਗੁਰ ਚਹੁੰਦਿਸ਼ਿ ਪਰ-ਵਰੇ। ਕਰ ਜੋਰਹਿਂ ਸਿਰ ਬੰਦਨ ਧਾਰੇ। ਨਰ ਪਰਧਾਨ ਨਿਕਟ ਹੁਇ ਬੈਸੇ।

---

[1]ਮਿਲਿਆ। [2]ਮੁੰਦਣ ਭਾਵ ਚੁੱਪ। [3]ਝੂਰਦੇ ਹਨ ਰੋਕਦੇ ਭੀ ਨਹੀਂ। [4]ਅਸੀ ਕਿਸ ਤੋਂ ਲਈਏ ਖਾਲੀ ਤੁਰ ਗਏ। [5]ਪੁਰਸ਼ਾਂ ਨੂੰ ਜਣਾਯਾ। [6]ਜਿਸਦੇ ਬੜੇ ਭਾਗ ਹੋਣ ਉਹ ਸਤਿਗੁਰਾਂ ਦੀ (ਸ਼ਰਨ) ਪਾ ਲੈਂਦਾ ਹੈ। [7]ਡੰਡ ਦੇਂਦਾ ਹੈ (ਜਮ)। [8]ਛਡ ਦੇਂਦਾ ਹੈ। [9]ਰੰਗਾ ਦਾ ਸਾਰਾ ਸੰਗ ਨਾਲ ਚਲਿਆ ਆਵੇ। [10]ਸਮੇਤ ਧੀਰਜ ਦੇ ਗੁਰੂ ਜੀ ਨੇ। [11]ਗਿਆਨ ਦੇ ਸਮੁੰਦ੍ਰ (ਭਾਵ ਸ੍ਰੀ ਗੁਰੂ ਜੀ ਦੇ)।

*ਪਾ:—ਕੋਤਿਨਿ ਕੇ ਰਹੀ।

†ਯਥਾ ਗੁਰ ਪ੍ਰਮਾਣ—ਤਿਨ ਜਮੁ ਜਾਗਾਤੀ ਨੇੜਿ ਨ ਆਇਆ। [ਤੁਖਾਰੀ ਛੰਤ ਮ: ੪]

ਮੁਨਿ ਗਨ ਬਜਾਸ ਪਾਸ ਸੁਭ ਜੈਸੇ ॥੩੭॥ ਜੋਗੀ ਬਡੇ ਦਿਗੰਬਰ[1] ਆਏ। ਖਟ ਦਰਸ਼ਨ ਕੇ ਨਰ ਸਮੁਦਾਏ।ਪ੍ਰਸ਼ਨੋਤਰ ਕਰਿ ਅਨਿਕ ਪ੍ਰਕਾਰਾ।ਆਪ ਆਪਨੇ ਮਤ ਅਨੁਸਾਰਾ॥੩੮॥ਜੇ ਕਰਿ ਚਰਚਾ ਸਕਲ ਬਖਾਨੌਂ। ਗ੍ਰੰਥ ਵਧੈ ਯਾਂਤੇ ਡਰ ਮਾਨੌਂ।ਜਥਾ ਜੋਗ ਸਭਿ ਸੋਂ ਕਹਿ ਕਰਿਕੈ।ਭਏ ਪ੍ਰਸੰਨ ਤੋਖਤਾ[2] ਧਰਿਕੈ ॥੩੯॥ ਸਭਿ ਨੇ ਜਾਨੇ ਗਹਿਰ ਗੰਭੀਰ। ਇਨ ਕੋ ਥਾਹ ਨ ਦੀਰਘ ਧੀਰ। ਕਰਿ ਕਰਿ ਨਮੋ ਬਿਦਾ ਹੁਇਗਏ। ਕਰਤਿ ਸਤੁਤਿ ਮਗ ਗਮਨਤਿ ਭਏ[3]॥੪੦॥ਪੁਨ ਸ਼੍ਰੀ ਗੁਰ ਸੁਰਸਰਿ ਆਰਾਧੀ। 'ਹੇ ਦੇਵੀ ਬਡਿ ਜਤਨਨਿ ਲਾਧੀ[4]। ਕੇਤਿਕ ਨ੍ਰਿਪ ਤਪ ਕਰਿ ਕਰਿ ਮਰੇ।ਬਹੁਰਿ ਭਗੀਰਥ ਲਜਾਵਨਿ ਕਰੇ ॥ ੪੧ ॥ ਸ਼ਿਵ ਨੇ ਧਾਰ ਸੀਸ ਪਰ ਧਾਰੀ। ਅਘ ਹਰਿਬੇ ਕੋ ਧਰ ਪਰ ਬਾਰੀ।ਤੀਨਲੋਕ ਮਾਨੀ ਅਘ ਹਾਨੀ।ਪ੍ਰਥਮ ਸੇਵ ਤੁਮਰੀ ਹਮ ਠਾਨੀ॥੪੨॥ ਤਿਹਕੋ ਫਲ ਸ਼ੁਭ ਪ੍ਰਾਪਤ ਹੋਵਾ।ਸਰਬ ਪ੍ਰਪੰਚਆਪਕਰਿ ਜੋਵਾ[5]। ਦਿਹੁਦਰਸ਼ਨ ਬਿਦਤਹੁ ਨਿਜਦੇਹ[6]।ਨੇਹ ਅਛੇਹਮੋਹਿ ਲਖਿ ਲੇਹ[7]*'॥੪੩॥ਇੱਤਜਾਦਿਕ ਨਿਜ ਸਿਫਤਿ ਸੁਨੀ ਜਬਿ। ਸ਼੍ਰੀ ਗੰਗਾ ਪ੍ਰਗਟੀ ਜਲ ਤੇ ਤਬਿ। ਸ਼੍ਰੀ ਗੁਰ ਅਮਰ ਬੰਦਨਾ ਠਾਨੀ[8]। 'ਧੰਨ ਧੰਨ' ਅਵਲੋਕਿ ਬਖਾਨੀ[9] ॥ ੪੪ ॥ 'ਜਗਤੇਸ੍ਰਰ ਕੀ ਜੋਤਿ ਬਿਸਾਲਾ। ਤੁਮਕੋ ਪ੍ਰਾਪਤਿ ਭਈ ਉਜਾਲਾ। ਤੁਮ ਪਾਵਨਿਪਾਵਨਿਕਰ ਪਾਵਨ[10]।ਕਲਨਰ ਪਾਪਨਿਭਾਰ ਨਸਾਵਨਿ[11]'॥੪੫॥

---

[1]ਨਾਂਗੇ ਰਹਿਣ ਵਾਲੇ।[2]ਤ੍ਰਿਪਤੀ। [3]ਚਲਦੇ ਹੋਏ।[4]ਯਤਨ ਕਰਕੇ ਪ੍ਰਾਪਤ ਹੋਈ। [5]ਸਾਰਾ ਸੰਸਾਰ ਅਪਣਾ ਰੂਪ ਕਰਕੇ ਵੇਖਿਆ। [6]ਪ੍ਰਗਟੋ ਦੇਹ ਵਿਚ।[7]ਇਕ ਰਸ ਪ੍ਰੀਤ ਮੇਰੀ ਦੇਖ ਲੋ।[8]ਗੰਗਾ ਨੇ ਗੁਰੂ ਅਮਰਦਾਸ ਜੀ ਨੂੰ ਬੰਦਨਾ ਕੀਤੀ। [9](ਗੁਰੂ ਜੀ ਨੂੰ) ਵੇਖਕੇ ਗੰਗਾ ਕਹਿਣ ਲਗੀ ਕਿ 'ਧੰਨ ਹੋ ਧੰਨ ਹੋ'। [10]ਪਵਿੱਤ੍ਰ ਚਰਨ ਪਾਵਨਾ ਕਰੋ (ਮੇਰੇ ਵਿਚ)। [11]ਦੂਰ ਕਰਨ ਲਈ, ਭਾਵ–ਹੇ ਗੁਰੂ ਜੀ ਮੇਰੇ ਵਿਚ ਪਏ ਕਲਜੁਗੀ ਜੀਵਾਂ ਦੇ ਭਾਰ ਦੂਰ ਕਰਨ ਲਈ ਅਪਣੇ ਪਵਿੱਤ੍ਰ ਚਰਣ ਮੇਰੇ ਵਿਚ ਪਾਕੇ ਮੈਨੂੰ ਪਵਿੱਤ੍ਰ ਕਰੋ।

*ਇਥੇ ਗੁਰੂ ਜੀ ਗੰਗਾ ਦੀ ਉਸਤਤ ਕਰਦੇ ਦੱਸੇ ਹਨ, ਪਰ ਜਦ ਗੰਗਾ ਪ੍ਰਗਟ ਹੁੰਦੀ ਹੈ ਤਾਂ (ਅੰਕ ੪੪,੪੫ਵਿੱਚ) ਉਹ ਗੁਰੂ ਜੀ ਨੂੰ ਵਾਹਿਗੁਰੂ ਜੀ ਦੀ ਜੋਤ ਕਰਕੇ ਅਰਾਧਦੀ ਹੈ ਤੇ ਯਾਚਨਾ ਕਰਦੀ ਹੈ ਕਿ ਮੇਰੇ ਵਿਚ ਪ੍ਰਵੇਸ਼ ਕਰਕੇ ਮੇਰੇ ਵਿਚ ਪਏ ਪਾਪ ਦੂਰ ਕਰੋ। ਅੰਕ ੪੬ ਵਿਚ ਦਸਦੇ ਹਨ ਕਿ ਇਹ ਸੁਣਕੇ ਗੁਰੂ ਜੀ ਪ੍ਰਸੰਨ ਹੋਏ, ਜਿਸ ਤੋਂ ਸਪਸ਼ਟ ਹੈ ਕਿ ਗੰਗਾ ਨੇ ਦਾਸ ਵਾਂਙੂ ਸਤਿਗੁਰ ਦੀ ਕੀਰਤੀ ਕਹੀ ਹੈ ਤੇ ਉਨ੍ਹਾਂ ਨੇ ਮਾਲਕ ਦੀ ਹੈਸੀਅਤ ਵਿਚ ਸੁਣੀ ਹੈ। ਤੇ ਚੌਥੇ ਸਤਿਗੁਰਾਂ ਨੇ ਸੰਸੇ ਰਹਤ ਕਰਨੇ ਲਈ ਜੋ ਵਾਕ ਗੁਰਬਾਣੀ ਵਿਚ ਕਿਹਾ ਹੈ ਸੋ ਇਹ ਹੈ ਕਿ ਤੀਰਥਾਂ ਨੂੰ ਪਵਿੱਤ੍ਰ ਕਰਨ ਲਈ ਗੁਰੂ ਜੀ ਤੀਰਥਾਂ ਤੇ ਗਏ ਸਨ।

੪੫॥ ਸੁਨਿ ਪ੍ਰਸੰਨ ਸ੍ਰੀ ਗੁਰ ਤਬਿ ਹੋਏ। ਅੰਤਰ ਧ੍ਯਾਨ ਭਈ ਜਲ ਮੋਏ[1]।
ਕੇਤਿਕ ਦਿਨ ਬਸਿ ਕੀਨਿ ਸ਼ਨਾਨਾ। ਮਨ ਭਾਵਤਿ ਦੇਕਰਿ ਤਹਿਂ ਦਾਨਾ॥
੪੬॥ਸਨੈ ਸਨੈ ਪੁਨਿ ਡੇਰਾ ਪਾਵਤਿ।ਗੋਇੰਦਵਾਲ ਦਿਸ਼ਾ ਕੋ ਆਵਤਿ। ਜੈ
ਜੈ ਕਾਰ ਕਰਤਿ ਨਰ ਸੰਗ। ਅਧਿਕ ਅਨੰਦਤਿ ਪਿਖਿ ਗੁਰ ਅੰਗ[2]॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਤੀਰਥ' ਪ੍ਰਸੰਗ ਬਰਨਨੰ ਨਾਮ ਊਨ ਪੰਚਾਸਤਿ ਅੰਸੂ ॥ ੪੯ ॥

੫੦. [ਪਦਮ ਪਛਾਣਨ ਵਾਲੇ ਦਿਜ ਨੂੰ ਬਖਸ਼ੀਸ਼ ਤੇ ਗੋਇੰਦਵਾਲ ਪੁੱਜਣਾ]।

ਦੋਹਰਾ ॥ ਕ੍ਰਮ ਕ੍ਰਮ ਪੰਥ ਉਲੰਘ ਕਰਿ ਤਿਸੀ ਗ੍ਰਾਮ ਕੋ ਆਇ। ਪਦਮ[3]
ਪਛਾਨ੍ਯੋ ਬਿਪ੍ਰ ਜਿਹ ਗੁਰਤਾ ਜਬਿ ਨਹਿਂ ਪਾਇ[4]॥੧॥ਚੌਪਈ॥ਡੇਰਾ ਵਹਿਰ
ਕੀਨ ਗੁਰ ਤਹਾਂ। ਸੰਗਤਿ ਸੰਗ ਭੀਰ ਨਰ ਮਹਾਂ। ਜੈਜੈਕਾਰ ਕਰਤਿ ਦਰ-
ਸੈਤੇ।ਜਹਿਂ ਕਹਿਂ ਕੀਰਤਿ ਮਹਿਤ ਕਰੈਤੇ॥੨॥ਦੁਰਗਾ ਬਿੱਪ੍ਰ ਹੇਰਿ ਨਰ ਭੀਰ।
ਬੂਝਤਿ ਭਯੋ ਏਕ ਕੇ ਤੀਰ। 'ਕਿਸਕੇ ਸਾਥ ਅਹੈਂ ਸਮੁਦਾਇ?। ਉਤਰ੍ਯੋ
ਕੌਨ ਆਇ ਇਸ ਥਾਇਂ?'॥੩॥ਤਿਸ ਨੇ ਸਕਲ ਬਤਾਵਨਿ ਕੀਨਾ।'ਅਮਰ-
ਦਾਸ ਸ੍ਰੀ ਗੁਰੂ ਪ੍ਰਬੀਨਾ। ਸ੍ਰੀ ਨਾਨਕ ਗਾਦੀ ਪਰ ਬੈਸਾ। ਹੋਤਿ ਸਫਲ ਮੁਖ
ਤੇ ਕਹਿ ਜੈਸਾ ॥ ੪ ॥ ਛੱਤ੍ਰੀ ਜਾਤਿ ਬ੍ਰਿੱਧ ਬਯ ਮਹਾਂ। ਤਿਨ ਕੇ ਸੰਗ ਲੋਕ
ਬਹੁ ਇਹਾਂ। ਇਕ ਤੌ ਦਰਸ਼ਨ ਕੋ ਸੁਖ ਪਾਵਹਿਂ। ਤੁਰਕ ਜੇਜਵਾ[5]ਬਹੁਰਿ
ਹਟਾਵਹਿਂ ॥੫॥ ਇਤ੍ਯਾਦਿਕ ਸੁਖਿ ਲਖਿ ਸਭਿ* ਭਾਂਤੀ। ਰਹੈਂ ਸੰਗ ਜਾਤ੍ਰੀ
ਦਿਨ ਰਾਤੀ'। ਸੁਨਿ ਦੁਰਗੇ ਦਿਜਬਰ ਬੀਚਾਰਾ।–ਪਿਖ੍ਯੋ ਹੁਤੋ ਪਦ ਪਦਮ
ਅਕਾਰਾ†॥੬॥ਤਿਨ ਕੋ ਨਾਮ ਰੁ ਜਾਤਿ ਬਤਾਈ।ਸੋਈ ਹੁਇ ਪਾਈ ਬਡਿ-
ਆਈ।ਕਿਧੌਂ ਆਨਹ੍ਵੈ–ਕਰਤਿ ਸੰਦੇਹੂ[6]।ਕੀਨਿ ਗਮਨ ਨਿਜ ਤਜਿਕੈ ਗ੍ਰੇਹੂ
॥੭॥ ਸਨੈ ਸਨੈ ਤਿਹ ਸੰਗ ਮਝਾਰਾ[7]।ਸ੍ਰੀ ਗੁਰ ਕੇ ਤਬਿ ਨਿਕਟ ਸਿਧਾਰਾ।
ਖਰੋ ਦੂਰ ਤੇ ਕਰਤਿ ਚਿਨਾਰੀ।–ਹੈ ਤੌ ਸਹੀ ਸੁ ਲਘੁ ਆਕਾਰੀ[8]–॥ ੮ ॥
ਪਰਮ ਪ੍ਰਸੰਨ ਭਯੋ ਦਿਜ ਹੇਰੇ।ਕਹੀ ਅਸ਼ੀਰਬਾਦ ਹੁਇ ਨੇਰੇ।ਬੈਠਿ ਨਿਕਟ
ਲਖਿ ਨੀਕੀ ਰੀਤਿ। ਨਿਸ਼ਚੈ ਧਰਤਿ ਭਯੋ ਤਬਿ ਚੀਤ ॥੯॥ 'ਹੇ ਪ੍ਰਭੁ! ਮੈਂ
ਦਿਜ ਜਾਨਹੁ ਸੋਈ। ਪੂਰਬ ਮਿਲ੍ਯੋ ਬਰਖ ਬਹੁ ਹੋਈ। ਪਿਖ੍ਯੋ ਪਦਮ ਪਦ

[1]ਜਲ ਵਿਖੇ। [2]ਅੰਗ (ਅ) ਸਰੂਪ। [3]ਚਰਨਾਂ ਵਿਚ ਕਵਲ ਦਾ ਚਿੰਨ੍ਹ। [4]ਜਦੋਂ ਅਜੇ ਗੁਰਿਆਈ ਨਹੀਂ ਪਾਈ ਸੀ। [5]ਮਸੂਲ। [6]ਅਥਵਾ (ਕੋਈ) ਹੋਰ ਹੋਵੇ (ਇਸ ਤਰ੍ਹਾਂ) ਕਰਕੇ ਸੰਸਾ ਕਰੇ। [7]ਤਿਸ ਮੇਲ ਵਿਚ। [8]ਮਧਰੇ, ਛੋਟੇ ਕੱਦ ਵਾਲੇ। *ਪਾ:–ਬਹੁ। †ਪਾ:–ਅਗਾਰਾ।

ਪਦਮ ਮਝਾਰੀ[1]।ਤਬ ਨ ਜਾਚਨਾ ਕੀਨਿ ਤੁਮਾਰੀ॥੧੦॥ਜਬਿ ਇਸ ਕੋ ਫਲ ਪ੍ਰਾਪਤਿ ਹੋਇ।ਤਬਿ ਲੇਵੌਂ ਚਿਤ ਬਾਂਛਤਿ ਜੋਇ।ਕਰਜੋ ਹੁਤੋ ਤਕਰਾਰ[2]*ਸੁ ਜੋਵਾ।ਪ੍ਰਾਪਤਿ ਸਮੈਂ ਆਇ ਸੋ ਹੋਵਾ[3]॥੧੧॥ਮਨ ਬਾਂਛਤਿ ਮੁਝਕੋ ਅਬਿ ਦੀਜੈ। ਪ੍ਰਥਮ ਕਹਜੋ ਸਿਮਰਨਿ ਸੋ ਕੀਜੈ[4]'। ਸ੍ਰੀ ਸਤਿਗੁਰ ਸੁਨਿ ਭਏ ਪ੍ਰਸੰਨ। 'ਕਹਿਬੋ ਦਿਜਬਰ ਤੇਰੋ ਧੰਨ[5]॥੧੨॥ਜਸੋਂ ਤੈਂ ਕਹਜੋ ਸੁ ਨੀਕੇ ਭਯੋ। ਚੱਕ੍ਰਵਰਤਿ ਕੋ ਛੱਤ੍ਰ ਸੁ ਦਯੋ।ਚਹੁ ਚੱਕਨ ਪਰ ਹੁਕਮ ਹਮਾਰਾ।ਜਹਿਂ ਕਹਿਂ ਪਠੈਂ ਨ ਹੈ ਹਟਕਾਰਾ ॥੧੩॥ ਅਬਿ ਮਨ ਬਾਂਛਤਿ ਜੋ ਕੁਛ ਤੇਰੇ। ਸੋ ਲੀਜੈ ਸੁਖ, ਅਹੈ ਨ ਦੇਰੇ†।ਲੋਕ ਬਿਖੈ ਸੁਖ ਅਨਿਕ ਪ੍ਰਕਾਰਾ।ਸੁਤ ਬਿਤ ਆਦਿਕ ਸੁੰਦਰ ਦਾਰਾ ॥੧੪॥ ਜੋ ਚਾਹਹੁ ਸੋ ਜਾਚਨਿ ਕੀਜਹਿ। ਅਬਿ ਤੇ ਪਰਮ ਸੁਖੀ ਹੁਇ ਜੀਜਹਿ[6]।ਜੇਕਰਿ ਜਗ ਕੇ ਸੁਖ ਨਹਿਂ ਚਾਹੈਂ।ਨਾਸ਼ਵੰਤ ਲਖਿ ਨਹਿਂ ਬਿਰਤਾ ਹੈ[7] ॥ ੧੫ ॥ ਤੌ ਪਰਲੋਕ ਅਚਲ ਸੁਖ ਭਾਰੀ। ਜਨਮ ਮਰਨ ਨਹਿਂ ਸੰਕਟ ਭਾਰੀ। ਰੁਚਹਿ ਜਿ[8] ਮਨ ਮਹਿਂ ਜਾਚਹੁ ਸੋਇ। ਨੀਕੇ ਲਿਹੁ ਬਿਚਾਰ ਕਰਿ ਜੋਇ ॥ ੧੬ ॥ ਲੋਕ ਪ੍ਰਲੋਕ ਮਹਾਂ ਸੁਖ ਦੋਈ। ਲੀਜਹਿ ਏਕ,ਜਾਚਿ ਕਰਿ ਸੋਈ'।ਸੁਨਿ ਦਿਜਬਰ ਕੋ ਸੰਸਾ ਪਰਜੋ।ਨਿਰਨੈ ਨਾਂਹਿਨ ਏਕੈ ਕਰਜੋ॥੧੭॥ —ਜੇ ਕਰਿ ਸੁਖ ਪ੍ਰਲੋਕ ਕੋ ਜਾਚੌਂ।ਇਹਾਂ ਰੰਕ ਬਨਿ ਦਾਰਿਦ ਰਾਚੌਂ[9]।ਮਾਂਗਤਿ ਰਹੌਂ,ਨ ਸੁਖ ਹ੍ਵੈ ਕੋਈ। ਅਬ ਪ੍ਰਾਪਤਿ ਕੈਸੇ ਦਿਉਂ ਖੋਈ[10]॥੧੮॥ ਜੇ ਕਰਿ ਲੋਕ ਬਿਖੈ ਸੁਖ ਭਾਰਾ। ਧਨ ਆਦਿਕ ਤੇ ਹੋਹਿ ਸੁਖਾਰਾ। ਜਾਚਿ ਲੇਉਂ ਮੈ ਪ੍ਰਾਪਤਿ ਹੋਵੈ।ਸਗਰੀ ਦਾਰਿਦਤਾ[11] ਕੋ ਖੋਵੈ‡॥੧੯॥ਮਨ ਭਾਵਤਿ ਸੁਖ ਕਰੌਂ ਬਿਲਾਸਾ। ਜਾਚਨਿ ਕੀ ਮਿਟਿਹੈ ਸਭਿ ਆਸਾ। ਜਮ ਕੇ ਬਸਿ ਜਬਿ ਪਰਿਹੌਂ ਜਾਈ।ਦੇਹਿ ਸਾਸਨਾ[12] ਨਰਕ ਗਿਰਾਈ॥੨੦॥ਕਿਤ ਕੋ ਸੁਖ ਅਬਿ ਜਾਚਨਿ ਕਰੌਂ।ਸੰਸੈ ਹੋਤਿ ਨ ਨਿਰਨੋ ਧਰੌਂ—।ਤੂਸ਼ਨਿ ਏਕ ਘਟੀ ਲਗਿ ਹੋਵਾ। ਤਬਿ ਸ੍ਰੀ ਸਤਿਗੁਰ ਤਿਸ ਦਿਸ਼ਿ ਜੋਵਾ ॥ ੨੧ ॥ 'ਭੋ ਦਿਜਬਰ ! ਕਜੋਂ ਤੂਸ਼ਨਿ ਠਾਨੀ। ਜਾਚਨ ਕੀਜੈ ਚਾਹਿ ਮਹਾਂਨੀ। ਸੋ ਹਮ ਤੇ ਲਿਹੁ ਜੋ ਮਨ ਭਾਵਾ।ਸਾਰ

[1]ਕਵਲ ਦਾ ਚਿਨ੍ਹ ਚਰਨ ਕਵਲਾਂ ਵਿਚ। [2]ਇਕਰਾਰ। [3]ਸੋ ਉਸ ਦੇ ਪ੍ਰਾਪਤ ਹੋਣ ਦਾ ਸਮਾਂ ਆ ਗਿਆ ਹੈ। [4]ਯਾਦ ਕਰ ਲਓ। [5]ਤੇਰਾ ਕਹਿਣਾ ਧੰਨ ਹੈਸੀ। [6]ਜੀਵਹੁ। [7]ਲਖਕੇ ਕਿ ਇਹ (ਪਦਾਰਥ) ਥਿਰ ਨਹੀਂ ਨਾਸ਼ਵੰਤ ਹਨ। (ਅ) ਨਾ (ਮਨ ਦਾ) ਟਿਕਾਉ ਹੈ (ਇਨ੍ਹਾਂ ਵਿਚ)। [8]ਚੰਗਾ ਲਗੇ ਜੋ। [9]ਗਰੀਬ ਬਣਕੇ ਕੰਗਾਲਤਾ ਵਿਚ ਰਹਾਂਗਾ। [10]ਹੁਣ ਮਿਲਦਾ ਹੈ (ਸੁਖ ਇਸ ਲੋਕ ਦਾ) ਕਿਵੇਂ ਗੁਆ ਦੇਵਾਂ। [11]ਗਰੀਬੀ। [12]ਤਾੜਨਾ। *ਪਾ:—ਕਰਾਰ।

†ਮੁਰਾਦ ਹੈ ਵਰ ਦੇਣ ਤੋਂ। ‡ਪਾ:—ਦਾਰਿੱਦ੍ਰਤਾ ਖੋਵੈ।

ਕਰਹਿਂ ਬਚ ਹਮ ਜੁ ਅਲਾਵਾ[1] ॥੨੨॥ਸੁਨਿ ਕੈ ਤਬਿ ਹੋਯਹੁ ਦਿਜ ਦੀਨ। ਦ੍ਵੈ ਲੋਕਨਿ ਸੁਖ ਲਾਲਸ ਕੀਨਿ। ਬਿਨੈ ਸਹਤ ਬਚ ਕਹੈ ਬਨਾਇ। ਗੁਰੁ ਪ੍ਰਤਾਪ ਲਖਿ ਸੀਸ ਨਿਵਾਇ ॥੨੩॥ਦਿਜਉ ਵਾਚ॥'ਨਾਮ ਦੇਹਿਂ, ਧਨ ਦੇਹਿਂ ਨ ਜਨ ਕੋ, ਧਨ ਬਿਹੀਨ ਜਨ* ਜਗ ਨ ਸੁਹਾਇ। ਜੇ ਧਨ ਦੇਹਿਂ ਨਾਮ ਨਹਿਂ ਦੇਵੈਂ, ਨਾਮ ਬਿਨਾ ਜਨ ਜਮਪੁਰਿ ਜਾਇ। ਤੁਮ ਪਹਿ ਕਹੀ ਨਹੀਂ ਬਨਿ ਆਵਹਿ[2] ਜਸੋਂ ਭਾਵੈਂ ਤਸੋਂ ਬਨਤਿ ਬਨਾਇ[3]।ਗੁਰ ਅਮਰਦਾਸ ਤੇਜੋ ਕੇ ਨੰਦਨ ਦੋਨਹੁ ਨਿਰਮਲ ਪੱਖ† ਚਲਾਇ[4] ॥ ੨੪॥ਚੌਪਈ॥ ਸੱਤਿਨਾਮ ਜੇ ਦੇਵੈਂ ਜਨ ਕੋ। ਰਹੈ ਦਾਰਿਦੀ ਪਾਇ ਨ ਧਨ ਕੋ।ਇਹਾਂ ਲੋਕ ਪਰਤਾਪ ਨ ਜਾਨਹਿ।-ਅਹੈ ਰੰਕ, ਹੀਨੋ-ਪਹਿਚਾਨਹਿਂ ॥ ੨੫ ॥ ਤੁਮਰੀ ਦਾਤ ਨ ਜਾਨੈ ਕੋਈ।ਸੁਖ ਪ੍ਰਲੋਕ ਨਹਿਂ ਪਾਵਹਿ ਸੋਈ। ਜੇ ਕਰਿ ਧਨ ਦੇਵਹੁ ਨਿਜ ਜਨ ਕੋ।ਭੋਗਹਿ ਅਨਿਕ ਰੀਤਬਿਧਿਧਨ ਕੋ।੨੬।ਬਿਨਾ ਨਾਮ ਜਮਕੇਬਾਸ ਪਰੈ।ਨਾਨਾ ਨਰਕ ਬਿਖੈ ਦੁਖ ਭਰੈ।ਨਹੀਂ ਆਪ ਕੀ ਦਾਤ ਪਛਾਨਹਿ।ਸਭਿ ਸੰਕਟ ਪ੍ਰਾਪਤਿ ਜਿਸ ਜਾਨਹਿਂ ॥੨੭ ॥ ਦੋਨਹੁ ਲੋਕ[5] ਆਪ ਕੋ ਦਾਨ। ਬਿਦਤੇ ਜਨ ਪਾਵਹਿ ਕੱਲ੍ਯਾਨ[6]। ਕਹਨਿ ਬਨਹਿ ਨਹਿਂ ਰਾਵਰਿ ਪਾਸ। ਜਿਮ ਜਾਨਹੁ ਤਿਮ ਪੂਰਹੁ ਆਸ ॥ ੨੮ ॥ ਲੋਕ ਪ੍ਰਲੋਕ ਮਲੀਨ ਬਿਹੀਨ। ਤੁਮਰੋ ਜਨ ਹੋਵੈ ਸੁਖ ਲੀਨ[7]।ਇਮਕਹਿ ਬੰਦਨਦਿਜਨੇਕਰੀ।ਦ੍ਵੈ ਲੋਕਨ ਸੁਖ ਕਾਂਖਾ ਧਰੀ॥੨੯॥ਪਿਖਿ ਸਤਿਗੁਰ ਦਿਜ ਕੀ ਚਤੁਰਾਈ। ਭਏ ਪ੍ਰਸੰਨ ਤਨਕ ਮੁਸਕਾਈ। ਕਹ੍ਯੋ ਬਾਕ 'ਦੋਨਹੁ ਤੁਮ ਲੇਹੁ। ਪ੍ਰਾਪਤਿ ਹ੍ਵੈ ਸੁਖ ਅਬਹਿ ਅਛੇਹੁ॥੩੦॥ਜਬਿ ਲੌ ਜੀਵਹੁ ਧਨ ਬਹੁ ਪਾਵਹੁ। ਸਿਮਰਹੁ ਸੱਤਿ-ਨਾਮ ਲਿਵ ਲਾਵਹੁ।ਅੰਤ ਸਮੈ ਜਮ ਨਹਿਂ ਦਰਸੈਹੋ[8]। ਪੁੰਨਵਾਨ ਕੇ ਲੋਕ[9]

[1]ਜੋ ਕਿਹਾ ਹੈ। [2]ਫਬਦੀ ਨਹੀਂ। [3]ਕੋਈ ਬਨਤ ਬਣਾ ਦਿਓ। [4]ਦੋਹਾਂ ਪਖਾਂ (ਪਾਸਿਆਂ) ਵਿਚ ਨਿਰਮਲਤਾਈ ਵਿਚ ਤੋਰੋ। ਭਾਵ ਲੋਕ ਵਿਚ ਬੀ ਦਰਿਦ੍ਰਤਾਈ ਦੀ ਮੈਲ ਨਾ ਦੇਹੋ ਤੇ ਪ੍ਰਲੋਕ ਵਿਚ ਪਾਪ ਸਾਸਨਾ ਦੀ ਮੈਲ ਨਾਂ ਦਿਓ। ਅਗੇ ਅੰਕ ੨੭, ੨੮, ੨੯,ਵਿਚ ਅਰਥ ਸਪਸ਼ਟ ਹੋ ਜਾਂਦਾ ਹੈ। (ਅ) ਦੋਵੇਂ ਰਸਤੇ ਤੁਸਾਂ ਨਿਰਮਲ ਟੋਰੇ ਹਨ। ਗ੍ਰਿਹਸਤੀ ਤੇ ਅਤੀਤ ਤਾਰੇ ਹਨ। (ੲ) ਕਈ ਦੋਹਾਂ ਪਖਾਂ ਦਾ ਅਰਥ ਨਾਦੀ ਬਿੰਦੀ ਬੀ ਕਰਦੇ ਹਨ। [5]ਦੋਵੇਂ ਲੋਕਾਂ ਦਾ। [6]ਮੁਕਤੀ। [7]ਲੋਕ ਪ੍ਰਲੋਕ ਵਿਚ ਆਪ ਦਾ ਜਨ ਮਲੀਨਤਾ ਬਿਨਾਂ ਹੋਕੇ ਸੁਖ ਵਿਚ ਲੀਨ ਹੋਵੇ, (ਅ) ਤੁਹਾਡਾ ਦਾਸ ਲੋਕ ਵਿਚ ਮਲੀਨ (ਦਰਿਦ੍ਰੀ) ਹੈ ਤੇ ਪ੍ਰਲੋਕ ਵਿਚ (ਪੁੰਨਾਂ ਤੋਂ) ਬਿਹੀਨ ਹੈ,(ਐਸੀ ਕਿਰਪਾ ਕਰੋ ਕਿ ਇਹ ਦੋਹੀਂ ਥਾਈਂ) ਸੁਖ ਵਿਚ ਲੀਨ ਹੋਵੇ। [8]ਨਹੀਂ ਦੇਖੇਗੀ। [9]ਭਾਵ ਬੈਕੁੰਠ ਵਿਚ।

*ਪਾ:-ਨਰ। †ਪਾ:-ਪੰਥ।

ਸਿਧੈ ਹੋ'॥੩੧॥ਬਰ ਲੇ ਕਰਿ ਦ੍ਵਿਜਬਰ ਹਰਖਾਇਵ।ਜਨਮ ਮਰਨ ਸੰਦੇਹ ਮਿਟਾਇਵ। ਨਮਸਕਾਰ ਕਰਿ ਸਦਨ ਸਿਧਾਰਾ। ਤਬਿ ਤੇ ਪ੍ਰਾਪਤਿ ਦਰਬ ਉਦਾਰਾ॥੩੨॥ਸਗਰੀ ਚਿੰਤਾ ਰਿਦੇ ਬਿਨਾਸੀ। ਅਨਿਕ ਭਾਂਤਿ ਕੇ ਲਹਿ ਸੁਖ ਰਾਸੀ।ਅੰਤ ਸਮਾ ਜਬਿ ਪ੍ਰਾਪਤਿ ਹੋਵ।ਨਹੀਂ ਨਰਕ ਕੋ ਸੰਕਟ ਜੋਵ॥੩੩॥ ਪੁੰਨਵਾਨ ਪੁਰਖਨਿ[1] ਗਤਿ ਪਾਈ।ਸ੍ਰੀ ਸਤਿਗੁਰ ਕੀ ਦਾਤ ਸੁਹਾਈ। ਤਹਾਂ ਰਾਤ੍ਰਿ ਬਸਿ ਕਰਿ ਗੋਸਾਈਂ।ਭਈ ਪ੍ਰਾਤਿ ਜਾਗੇ ਸਮੁਦਾਈ ॥੩੪॥ ਨਿਤ ਕੀ ਕ੍ਰਿਯਾ ਕੀਨ ਇਸ਼ਨਾਨੇ। ਸੰਗਤਿ ਭੀਰ ਸੰਗ ਪ੍ਰਸਥਾਨੇ। ਸਨੇ ਸਨੇ ਮਗ ਇਸੀ ਪ੍ਰਕਾਰ। ਨਿਤ ਉਠਿ ਚਲਹਿਂ ਗੁਰੂ ਸੁਖਕਾਰਿ ॥੩੫॥ ਪ੍ਰਾਪਤਿ ਭੁਏ ਬਿਲੋਕਤਿ ਦੇਸ਼[2]।ਬੋਲਤਿ ਜੈਜੈਕਾਰ ਅਸ਼ੇਸ਼।ਜਮਨਾ ਉਲੰਘੇ ਦੇਸ਼ ਅਗਾਰੇ। ਪੁਨ ਆਇ ਸਤੁੱਦ੍ਰਵ[3] ਕਿਨਾਰੇ ॥੩੬॥ ਚਢੇ ਤਰੀ ਪਰ ਹੋਏ ਪਾਰ।ਦੇਸ਼ ਦੁਆਬੇ ਕੇਰ ਮਝਾਰ। ਸਨੈ ਸਨੈ ਉਲੰਘ੍ਯੋ ਜਬਿ ਸਾਰੋ। ਤੀਰ ਬਿਪਾਸਾ[4] ਆਨਿ ਨਿਹਾਰੋ ॥ ੩੭ ॥ ਗੋਇੰਦਵਾਲ ਜਬਹਿ ਸੁਧਿ ਆਈ। ਰਾਮਦਾਸ ਲੈ ਨਰ ਸਮੁਦਾਈ। ਜੁਤ ਉਤਸਾਹ ਅਗਾਰੀ ਚਾਲੇ। ਪਠਹਿ ਸ਼ਬਦ ਕਰਿ ਪ੍ਰੇਮ ਬਿਸਾਲੇ ॥੩੮॥ ਦਰਸ਼ਨ ਕਰੇ ਜਾਇ ਸੁਖਰਾਸੀ[5]। ਧਰਹਿ ਅਕੋਰ ਚਰਨ ਕੇ ਪਾਸੀ। ਸਭਿ ਕੀ ਕੁਸ਼ਲ ਬੂਝਿ ਸਤਿਕਾਰੇ। ਰਾਮਦਾਸ ਸੋਂ ਬਾਕ ਉਚਾਰੇ ॥੩੯॥'ਤੁਮ ਕੋ ਗਏ ਸੌਂਪ ਸਭਿ ਕਾਰੀ। ਕੁਸ਼ਲ ਸੰਗ ਸੋ ਭਲੇ ਸੰਭਾਰੀ?।ਅਨਦ ਸਮੇਤ ਅਪਰ ਸਭਿ ਅਹੈਂ?।ਗੋਇੰਦਵਾਲ ਵਿਖੈ ਜੋ ਰਹੈਂ' ॥੪੦॥ ਹਾਥ ਜੋਰਿ ਕਰਿ ਸਕਲ ਬਤਾਈ।'ਪ੍ਰਭੁ ਤੁਮ ਨੇ ਸਭਿ ਸੁਖ ਬਰਤਾਈ। ਜੇਤਿਕ ਜਿਸਤੇ ਕਾਰ ਕਰਾਈ। ਤੇਤਿਕ ਭਈ ਕੁਸ਼ਲ ਸਮੁਦਾਈ'॥੪੧॥ ਇਮ ਮਿਲਿ ਸਕਲ ਨਰਨ ਕੇ ਸਾਥ।ਉਤਰੇ ਪਾਰ ਬਿਪਾਸਾ ਨਾਥ। ਪੁਰਿ ਮਹਿ ਪ੍ਰਵਿਸ਼ੇ ਮੰਗਲ ਕਰਿਤੇ। ਦਰਸਹਿ ਤ੍ਰਿਯ ਨਰ ਹਰਖ ਸੁ ਧਰਿਤੇ ॥ ੪੨॥ ਆਇ ਬਿਰਾਜੇ ਅਪਨਿ ਸਥਾਨ। ਮੰਗਲ ਹੋਤਿ ਅਨੇਕ ਬਿਧਾਨ।ਜੋ ਗ੍ਰਾਮਨਿ ਕੇ ਸੰਗੀ ਹੁਤੇ।ਕਰਿ ਬੰਦਨ ਘਰ ਗਮਨੇ ਤਿਤੇ ॥੪੩॥ ਸੁਜਸੁ ਕਰਤਿ ਬਹੁ ਸਤਿਗੁਰ ਕੇਰਾ ।ਫੈਲ੍ਯੋ ਦੇਸ਼ ਬਿਦੇਸ਼ ਬਡੇਰਾ।ਕਰਤਿ ਅਨਿਕ ਜੀਵਨਿ ਕੱਲਯਾਨ। ਦਿਨੇਸ ਬਿਤਾਵਹਿ ਗੁਰੁ ਭਗਵਾਨ ॥ ੪੪ ॥ ਦੋਹਰਾ॥ਪ੍ਰਥਮ ਰੀਤਿ ਨਿਤ ਚਲਤਿ ਤਿਮ, ਦੇਗ਼ ਕਰਨਿ ਤੇ ਆਦਿ।ਸਿੱਖਨ

[1]ਪੁੰਨਵਾਨ ਪੁਰਖਾਂ ਵਾਲੀ। [2]ਦੇਸ਼ਾਂ ਨੂੰ ਵੇਖਕੇ। [3]ਸਤਲੁਜ ਦੇ। [4]ਕੰਢਾ ਬਿਆਸਾ ਦਾ। [5]ਸੁਖਾਂ ਦੀ ਖਾਣ ਸ੍ਰੀ ਗੁਰੂ ਜੀ ਦੇ।

ਸੈਂਕਰੋ ਹੋਤਿ ਹੈਂ ਪ੍ਰਾਪਤਿ ਪਰਮ ਪ੍ਰਸਾਦਿ[1] ॥੪੫॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ਼੍ਰੀ ਗੰਗਾ ਤੇ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥ ੫੦ ॥

### ੫੧.[ਬਾਵਲੀ ਰਚਣੀ। ਸ਼੍ਰੀ ਰਾਮਦਾਸ ਜੀ ਦੇ ਸੰਬੰਧੀਆਂ ਦਾ ਮੇਲ]।

ਦੋਹਰਾ॥ਧਰਮ ਧੁਰੰਧਰ[2] ਅਮਰ ਗੁਰੁ ਸਦਾ ਚਹਿਤਿ ਉਪਕਾਰ।ਰਚਿਬੇ ਤੀਰਥ ਬਾਵਲੀ ਸਿੱਖਜਨਿ ਹੇਤੁ ਉਧਾਰ ॥੧॥ ਚੌਪਈ ॥ ਇਕ ਦਿਨ ਸਭਾ ਮਝਾਰ ਉਚਾਰਾ। 'ਇਹਾਂ ਬਾਵਲੀ ਲਗਹਿ ਉਦਾਰਾ। ਸਿਖ ਸੰਗਤਿ ਦਰਸ਼ਨ ਕੋ ਆਵਹਿਂ।ਸਭਿ ਮਿਲਿ ਗੁਰ ਤੀਰਥ ਜਲ ਨਾਵਹਿਂ' ॥੨॥ ਇਮ ਕਹਿ ਸਤਿ-ਗੁਰ ਆਇਸੁ ਦੀਨਸਿ*।'ਲਿਖਹੁ ਹੁਕਮਨਾਮੇ ਹਿਤ ਚੀਨਸਿ[3]†। ਤੀਰਥ ਕੀ ਤਯਾਰੀ ਗੁਰੁ ਕਰੈਂ।ਹੁਇ ਨਿਹਾਲ ਸੇਵਾ ਹਿਤ ਧਰੈਂ'॥੩॥ਪਾਰੋ[4] ਨੇ ਲਿਖਿ ਸਕਲ ਪਠਾਇ।ਪੁਰਿ ਗ੍ਰਾਮਨ ਤੇ ਸੁਨਿ ਸਿਖ ਆਇ। ਭਯੋ ਮੇਲ ਸੰਗਤਿ ਕੋ ਭਾਰੋ।ਜਥਾ ਸ਼ਕਤਿ ਲੈ ਆਵਹਿਂ ਕਾਰੋ॥੪॥ਦਰਸ਼ਨ ਹੇਤੁ ਚੌਂਪ ਚਿਤ ਧਾਰੇ। ਸੇਵਾ ਠਾਨਹਿਂ ਗੁਰੂ ਅਗਾਰੇ। ਮਿਲਿ ਗੁਰ ਪਗ ਕੋ ਬੰਦਨ ਠਾਨਹਿਂ।ਧਰਹਿਂ ਭਾਉ ਅਪਨੋ ਹਿਤ ਜਾਨਹਿਂ ॥ ੫ ॥ ਸ਼੍ਰੀ ਗੁਰੁ ਨੇ ਸ਼ੁਭ ਦਿਵਸਿ ਨਿਹਾਰਾ। ਨਿਕਸੇ ਵਹਿਰ ਅਨੰਦ ਉਦਾਰਾ। ਸਭਿ ਸੰਗਤਿ ਕੋ ਸੰਗਿ ਸੁ ਲੀਨਿ। ਬਹੁ ਮਿਸ਼ਟਾਨ ਮੰਗਾਵਨਿ ਕੀਨਿ ॥ ੬ ॥ ਥਲ ਸੁੰਦਰ ਪਿਖਿ ਪਾਸ ਬਿਪਾਸਾ। ਢਿਗ ਪੁਰਿ ਗੋਇੰਦਵਾਲ ਪ੍ਰਕਾਸ਼ਾ। ਮੰਦ ਮੰਦ ਪਦ ਸੁੰਦਰ ਧਰਿਹੀਂ।ਸੰਗ ਸੰਗਤਾਂ ਭੀਰ ਨਿਹਰਿਹੀਂ॥੭॥ਸੁਥਲ ਜਾਨਿ ਗੁਰੁ ਇਸਥਿਤ ਭਏ। ਟਕ ਲਾਵਨਿ ਕੀ ਆਇਸੁ ਦਏ।ਬੁੱਢੇ ਪ੍ਰਥਮ ਕਹੀ ਕਰ ਗਹੀ[5]।ਜਹਿਂ ਗੁਰ ਕਹੀ ਤਿਰਥ ਕਰਿ ਸਹੀ[6] ॥੮॥ ਤਹਿਂ ਤੇ ਮਾਟੀ ਲੀਨਿ ਉਪਾਟੀ[7]। ਭਰੀ ਟੋਕਰੀ ਸਿਰ ਧਰਿ ਸਾਟੀ[8]। ਬਹੁਰੋ ਸਕਲ ਸਿੱਖਜ ਲਗਿ ਪਰੇ। ਧਰੇ ਚੌਂਪ ਸੇਵਾ ਹਿਤ ਕਰੇ॥੯॥ਸਤਿਗੁਰ ਖਰੇ ਕਰਾਵਤਿ ਕਾਰ।ਸੰਗਤਿ ਕਰਤਿ ਚੌਂਪ ਚਿਤ ਧਾਰਿ। ਜਹਿਂ ਕਹਿਂ ਪਸਰਿ ਗਯੋ ਬਿਰਤੰਤੁ।'ਤੀਰਥ ਰਚਯੋ ਗੁਰੂ ਭਗਵੰਤੁ' ॥ ੧੦ ॥ ਨਿਜ ਘਰ ਤੇ ਕਹੀਆਂ ਬਹੁ ਲਯਾਵਹਿਂ। ਸਿਰ ਪਰ ਧਰੇ ਟੋਕਰੇ ਆਵਹਿਂ। ਜਯੋਂ ਜਯੋਂ ਸੇਵ ਕਰਹਿਂ ਧਰਿ ਭਾਉ। ਤਯੋਂ ਤਯੋਂ ਸਤਿਗੁਰ ਹੋਤਿ

---

[1]ਭਾਵ ਨਾਮ ਦਾਨ ਨੂੰ, ਯਥਾ ਗੁਰਵਾਕ–'ਨਾਮੁ ਨ ਵਿਸਰੈ ਸੰਤ ਪ੍ਰਸਾਦਿ' ॥ ( ਅ ) ਪਰਮ ਦਿਆਲਤਾ। [2]ਧਰਮ ਦੇ ਆਚਾਰਯ, ਧਰਮ ਵਿਚ ਸਭ ਤੋਂ ਮੁਹਰੇ। [3]ਭਲਾ ਜਾਣਕੇ। [4]ਭਾਈ ਪਾਰੋ ਜੁਲਕਾ। [5]ਕਹੀ ਹੱਥ ਫੜੀ। [6]ਜਿਥੇ ਗੁਰੂ ਜੀ ਨੇ ਤੀਰਥ ਨਿਰਨਾ ਕਰਕੇ ਆਖਿਆ (ਕਿ ਟੱਕ ਲਾਓ)। [7]ਪੁੱਟ ਲਈ। [8]ਸੱਟੀ। *ਪਾ:–ਦੀਨੀ। †ਪਾ:–ਚੀਨੀ।

ਪਸਾਊ[1]॥੧੧॥ਨਿਤਪ੍ਰਤਿ ਕਰਤਿ ਕਾਰ ਨਰ ਬ੍ਰਿੰਦ। ਕਾਢਹਿਂ ਮਾਟੀ ਖੋਦਿ ਬਿਲੰਦ॥ਸੰਗਤਿ ਕਾਰ ਕਰਤਿ ਤਹਿਂ ਜੇਤੀ॥ਅਚਹਿ ਦੇਗ ਤੇ ਭੋਜਨ ਤੇਤੀ॥੧੨॥ਲਗਹਿਂ ਮਿਹਨਤੀ ਗਨ ਜੋ ਆਇ। ਸੋ ਦੁਇ ਟਕੇ[2] ਦਿਹਾਰੀ ਪਾਇ। ਲੰਗਰ ਤੇ ਅਹਾਰ ਮਨ ਭਾਵਤਿ॥ਲੇ ਕਰਿ ਸੋ ਭੀ ਤਹਿਂ ਤੇ ਖਾਵਤਿ॥੧੩॥ਦੇਗ ਬਿਸਾਲ ਹੋਨਿ ਤਬਿ ਲਾਗੀ। ਆਨਹਿਂ ਅੰਨ ਸਿੱਖ ਬਡਭਾਗੀ॥ ਕੇਤਿਕ ਦਾਸ ਦਰਬ ਲੇ ਆਇਂ॥ਬੈਠਿ ਮਿਹਨਤੀ ਦੇਤਿ ਲਗਾਇ॥੧੪॥ਰਹੈ ਬਾਵਲੀ ਥਲ ਬਡ ਭੀਰ। ਕਬਿ ਕਬਿ ਸਤਿਗੁਰੁ ਬੈਠਹਿਂ ਤੀਰ। ਧਨ ਤੇ ਤਨ ਤੇ ਸੇਵਹਿਂ ਗੁਰੁ ਕੋ। ਪ੍ਰੇਮ ਕਰਹਿਂ ਦੀਰਘ ਨਰ ਉਰ ਕੋ॥੧੫॥ਘਾਲਹਿਂ ਘਾਲ ਲੇਹਿਂ ਫਲ ਚਾਹ॥ ਹਲਤ ਪਲਤ ਕੋ ਦੀਰਘ ਲਾਹਾ॥ ਸੁਨਿ ਸੁਨਿ ਸੁਧਿ ਕੋ ਸਿਖ ਉਤਲਾਵਤਿ॥ਕਰਤਿ ਚੌਂਪ ਚਿਤ ਤਿਸ ਥਲ ਆਵਤਿ ॥੧੬॥ ਲਵਪੁਰਿ ਆਦਿ ਨਗਰ ਗਨ ਜੋਈ। ਗ੍ਰਾਮ ਬ੍ਰਿੰਦ ਮਹਿਂ ਇਹ ਸੁਧਿ ਹੋਈ। 'ਸਤਿਗੁਰੁ ਤੀਰਥ ਰਚਹਿਂ ਸੁ ਬਾਪੀ[3]।ਫਲਦਾਯਕ,ਜਾਹਿਂ ਉਧਰਹਿਂ ਪਾਪੀ॥੧੭॥ਗਏ ਭਾਵਨੀ ਕਰਿ ਹੁਇ ਪੂਰਨ[4]'। ਇਮ ਸੁਨਿ ਨਰ ਗਨ ਪਹੁੰਚਹਿਂ ਤੂਰਨ। ਧਨ ਤੇ ਲਾਇ ਮਿਹਨਤੀ ਦੇਤਿ। ਪੁਨ ਉਠਿ ਖਨਹਿਂ ਕਹੀ ਕਰ ਲੇਤਿ ॥ ੧੮ ॥ ਇਕ ਜਾਵਹਿਂ ਇਕ ਆਵਹਿਂ ਪਾਸ। ਸਿਖ ਸੰਗਤਿ ਮਹਿਂ ਅਧਿਕ ਹੁਲਾਸ। ਕਾਰ ਬਾਪਿਕਾ ਮਹਿਂ ਅਨੁਰਾਗੇ। ਸਤਿਗੁਰ ਕੀ ਸੇਵਾ ਮੇਂ ਲਾਗੇ ॥ ੧੯ ॥ ਲਵਪੁਰਿ ਤੇ ਮਜੂਰ ਚਲਿ ਆਏ। ਕਰਹਿਂ ਕਾਰ ਚਿਤ ਚੌਂਪ ਬਢਾਏ॥ ਦਿਨ ਮਹਿਂ ਲੰਗਰ ਭੋਜਨ ਖਾਵਤਿ॥ਸੰਝ ਦੁ ਆਨਿ[5] ਦਿਹਾੜੀ ਪਾਵਤਿ ॥੨੦॥ ਇਕ ਸਿਖ ਪ੍ਰੇਮੀ ਤਹਿਂ ਚਲਿ ਆਵੈਂ॥ ਇਕ ਮਿਹਨਤੀ ਦਿਹਾੜੀ ਪਾਵੈਂ। 'ਦਿਨ ਪ੍ਰਤਿ ਬਾਪੀ ਕਾਰ ਮਹਾਨਾ। ਹੋਵਤਿ ਹੈ' ਭੀ ਬਿਦਤ ਜਹਾਨਾ ॥੨੧॥ ਸਭਿ ਮਹਿਂ ਰਾਮਦਾਸ ਮਿਲਿ ਕਰਿਕੈ। ਸਤਿਗੁਰ ਚਰਨ ਪ੍ਰੇਮ ਕੋ ਧਰਿਕੈ। ਕਰਹਿਂ ਬਾਪਿਕਾ[6] ਸੇਵ ਬਿਸਾਲਾ। ਸਰਬ ਗਰਬ ਤੇ ਹੋਹਿ ਨਿਰਾਲਾ ॥ ੨੨ ॥ ਅਤਿ ਹਿਤ ਕਰਿਕੈ ਕਾਰ ਕਮਾਵਹਿਂ । ਧਰਹਿਂ ਟੋਕਰੀ ਸਿਰ, ਨਿਕਸਾਵਹਿਂ[7]। ਨਿਜ ਕੁਲ ਕੀ ਲੱਜਾ ਕੋ ਪਰ-

---

[1]ਪ੍ਰਸੰਨ। [2]ਦੋ ਆਨੇ (ਦੇਖੋ ਅੰਕ ੨੦)। [3]ਬਾਵਲੀ। [4]ਭਾਵਨਾ ਧਾਰਕੇ ਗਇਆਂ (ਜਿੱਥੇ ਆਸਾਂ) ਪੂਰਨ ਹੋਣਗੀਆਂ। (ਅ) ਜੋ ਭਾਵਨੀ ਧਾਰਕੇ ਗਏ ਹਨ (ਉਨ੍ਹਾਂ ਦੀਆਂ) (ਭਾਵਨੀਆਂ) ਪੂਰਨ ਹੋ ਗਈਆਂ ਹੈਨ। [5]ਸੰਝਾਂ ਨੂੰ ਦੋ ਆਨੇ। [6]ਬਾਵਲੀ ਦੀ [7]ਕੱਢਦੇ ਹਨ (ਮਿੱਟੀ)।

ਹਰਿ। ਸਨਬੰਧਿਨਿ ਕੀ ਆਨ ਨਹੀਂ ਧਰਿ[1] ॥ ੨੩ ॥ ਸਭਿ ਜਗ ਕੀ ਰਾਖੀ ਨਹਿਂ ਕਾਨ[2] । ਸੇਵਾ ਕੇ ਤਤਪਰ ਸਵਧਾਨ । ਖੇਦ ਸਰੀਰ ਸੁ ਨਹੀ ਵਿਚਾਰਤਿ। ਪ੍ਰੇਮਾ ਭਗਤਿ ਰਾਤਿ ਦਿਨ ਧਾਰਤਿ ॥੨੪॥ ਅਪਰ ਸੰਗ ਨਹਿਂ ਇਰਖਾ ਠਾਨਹਿਂ।ਕਰਹਿਂ ਟਹਿਲ ਸੁਖ ਮਹਿਲ ਪ੍ਰਮਾਨਹਿਂ[3]।ਖਨਹਿਂਮ੍ਰਿੱਤਕਾ ਸੀਸ ਉਠਾਵੈਂ । ਨਿਕਸਿ ਵਹਿਰ ਕੌ ਦੂਰਿ ਗਿਰਾਵੈਂ ॥ ੨੫ ॥ ਧੂਲ ਸਰੀਰ ਬਸਤ੍ਰ ਕੌ ਲਾਗਹਿ।ਹ੍ਵੈ ਮਨ ਭੰਗ ਨ,ਪ੍ਰੇਮ ਸੁ ਜਾਗਹਿ।ਮਨ,ਬਚ,ਕ੍ਰਮ ਸੇਵਾ ਕੇ ਤਤਪਰ । ਅਪਰ ਮਨੋਰਥ ਕੋ ਨਹਿਂ ਉਰ ਧਰਿ॥੨੬॥ ਸ੍ਰੀ ਗੁਰੂ ਪੂਰਨ ਅੰਤਰਜਾਮੀ।ਤਿਸ ਕੀ ਲਖਹਿਂ ਸੇਵ ਸਭਿ ਸ੍ਵਾਮੀ।ਉਰ ਪਰਪੱਕਨ ਪ੍ਰੇਮ ਕਰਿ ਰੂਰਾ।ਸ਼ਰਧਾ ਸੁਮਤਿ ਸੰਗਿਪਰਿਪੂਰਾ॥੨੭॥ਪਰਮ ਲਾਭ ਸੇਵਾ ਕਹੁ ਜਾਨਹਿ । ਸ੍ਰੀ ਸਤਿਗੁਰੂ ਸਭਿ ਭੇਵ ਪਛਾਨਹਿਂ। ਕਿਤਿਕ ਕਾਲ ਬੀਤਾ ਲਗਿ ਸੇਵਾ। ਲੇਸ਼ ਮਾਤ੍ਰ ਜਿਸ ਨਹਿਂ ਅਹੰਮੇਵਾ[4] ॥ ੨੮ ॥ ਲਵਪੁਰਿ ਸੰਗ ਜਾਤਿ ਗਨ ਰੰਗਾ[5] । ਆਇ ਕਿਯੋ ਡੇਰਾ ਥਲ ਚੰਗਾ । ਬਹੁ ਸਨਬੰਧੀ ਹੈਂ ਤਿਨ ਮਾਂਹਿ। ਰਾਮਦਾਸ ਕੇ ਮੇਲੀ ਆਹਿਂ॥੨੯॥ਕੋ ਗਜਾਤੀ[6],ਭ੍ਰਾਤਾ ਹੈ ਕੋਈ।ਸੋਢਬੰਸ ਕੇ ਨਰ ਬਰ ਸੋਈ।ਕੇਤਿਕ ਤਿਨ ਮਹਿਂ ਸਖਾ ਸਬੈਸ[7]।ਕੇਤਿਕ ਪ੍ਰਿਥਮ ਪਰੋਸੀ ਹੈਸ[8] ॥੩੦॥ ਕੇਤਿਕ ਬ੍ਰਿੱਧ ਅਹੈਂ ਹਿਤਕਾਰੀ[9] ।ਪਿਖਨ ਮਾਤ੍ਰ ਹੀ ਕਿਤਿਕ ਚਿਨਾਰੀ[10]।ਤਾਊ,ਚਚੇ ਕਿਤਿਕ ਕੁਲ ਮਹਿਂ ਕੋ।ਸਭਿਮਿਲਿਬੇ ਹਿਤ ਆਇ ਸੁ ਚਹਿਕੇ ॥੩੧॥ਦਿਜ ਕੇਤਿਕ ਪ੍ਰੋਹਤ ਤੇ ਆਦਿ।ਛੱਤ੍ਰੀ ਕਿਤਿਕ ਪਿਖਿਨਿ ਅਹਿਲਾਦਿ । ਵੈਸ਼ ਸੂਦ੍ਰ ਜੋ ਨਿਕਟ ਬਸੰਤੇ । ਜਿਨ ਸੌਂ ਬੋਲਤਿ ਬਸ ਬਰ-ਤੰਤੇ[11]॥੩੨॥ਕਹਤਿ ਪਰਸਪਰ ਮਿਲਿਕੈ ਬ੍ਰਿੰਦ। 'ਇਹਾਂ ਬਸਹਿ ਹਰਿਦਾਸ ਸੁ ਨੰਦ[12] । ਸ੍ਰੀ ਗੁਰੁ ਅਮਰ ਲੀਨਿ ਗੁਰਿਆਈ। ਨਗਰੀ ਗੋਇੰਦਵਾਲ ਬਸਾਈ॥੩੩॥ਗੁਰ ਕੇ ਹ੍ਵੈ ਅਲੰਬ ਸੁਖ ਲਹਹੀ।ਧਰ ਸਸੁਰਾਰ ਘ੍ਯਾਨਸੋ ਰਹਹੀ। ਬਡੋ ਭ੍ਰਾਤ ਇਨਕੋ ਸੰਹਾਰੀ[13] । ਪਿਤ ਸਥਾਨ ਲਵਪੁਰੀ ਮਝਾਰੀ ॥ ੩੪ ॥

[1]ਸ਼ਰੀਕਾਂ ਦੀ ਸ਼ਰਮ (ਜੀ ਵਿਚ) ਨਾ ਧਾਰਨ ਕਰਕੇ। [2]ਪਰਵਾਹ, ਕਨੌੜ । [3]ਟਹਿਲ ਤੋਂ ਸੁਖ ਦਾ ਮਰਾਤਬਾ ਮਿਲਦਾ ਹੈ ਇਹ ਜਾਣਦੇ ਹਨ । [4]ਹੰਕਾਰ । [5]ਲਾਹੌਰ ਦਾ ਸੰਗ (ਜੋ) ਸਾਰਾ ਜਾਂਦਾ ਸੀ ਰੰਗਾ ਨੂੰ । [6]ਸ਼ਰੀਕ। [7]ਇਕੋ ਜੇਹੀ ਉਮਰ ਦੇ ਮਿੱਤ੍ਰ । [8]ਗਵਾਂਢੀ ਸਨਗੇ । [9]ਬੁਢੇ ਪਿਆਰ ਵਾਲੇ ਹਨ । [10]ਕਈਆਂ ਦੀ ਦੇਖਣ ਮਾਤ੍ਰ ਦੀ ਹੀ ਪਛਾਣ ਸੀ। [11]ਜਿਨ੍ਹਾਂ ਨਾਲ ( ਕੋਲ ਦਾ ) ਵੱਸਣ ਤੇ ਵਰਤੋਂ (ਕਰਕੇ) ਬੋਲ ਚਾਲ ਸੀ । [12]ਭਾਈ ਹਰਦਾਸ ਜੀ ਦੇ ਸਪੁੱਤ੍ਰ (ਸ੍ਰੀ ਰਾਮਦਾਸ ਜੀ) ।[13]ਸ੍ਰੀ ਗੁਰੂ ਰਾਮਦਾਸ ਜੀ ਦੇ ਬੜੇ ਭਾਈ ਦਾ ਨਾਮ ।

ਅਪਨੇ ਸਗਰੇ ਸਦਨ ਸੰਭਾਰੇ।ਰਹਯੋ ਸੁ ਦ੍ਰਿੜ ਗਯਾਤੀਨ ਮਝਾਰੇ[੧]। ਆਨਿ ਬਸਯੋ ਇਹ ਤਜਿ ਪੁਰਿ ਭਲੋ[੨]। ਦੇਖਹਿੰ ਕਹਾਂ ਹਾਲ, ਅਬ ਚਲੋ[੩] ॥੩੫॥ ਵਾਧ ਕਿ ਘਾਟ ਸਮ੍ਰਿੱਧੀ ਤਹਿੰਤੇ।ਕਿਸ ਬਿਧਿ ਭਯੋ ਆਇ ਇਤਿ ਰਹਿਤੇ। ਕਿਰਤਿ ਕੌਨ ਸੀ ਕਰਤਿ ਬਸੰਤਾ। ਜਿਸ ਤੇ ਗ੍ਰਿਹਸਥ ਕਾਰ ਨਿਬਹੰਤਾ'॥ ੩੬॥ਇੱਤ੍ਯਾਦਿਕ ਕਹਿ ਆਪਸ ਮਹੀਆ।ਸਨੈ ਸਨੈ ਆਵਤਿ ਭੇ ਤਹੀਆ। ਜਹਾਂ ਕਾਰ ਬਾਪੀ ਸੁ ਕਮਾਵਹਿੰ। ਧਰੇ ਟੋਕਰੀ ਸਿਰ ਪਰ ਆਵਹਿੰ ॥੩੭॥ ਸਭਿਨਿ ਬਿਲੋਕਯੋ ਸਨਮੁਖ ਆਵਤਿ। ਸਿਰ ਤੇ ਮ੍ਰਿਤਕਾ ਤਹਾਂ ਗਿਰਾਵਤਿ। ਪਿਖਿ ਸਭਿ ਕੋ ਸਨਮੁਖ ਹੁਇ ਕਰਿਕੈ। 'ਰਾਮ ਰਾਮ' ਤਿਨਿ ਸਾਥ ਉਚ-ਰਿਕੈ॥੩੮॥'ਪੈਰੀਪਵਣਾ'ਕਹਿਕਿਹ ਸੰਗ।ਗਹੇਟੋਕਰੀ ਖਰੋਨਿਸੰਗ।ਹੁਤੇ ਜੁ ਬ੍ਰਿੱਧ ਬਿਲੋਕਿ ਰਿਸਾਨੇ। ਕੇਤਿਕ ਦੇਖਿ ਦਸ਼ਾ ਮੁਸਕਾਨੇ॥੩੯॥ ਧੂਲ ਸੰਗ ਛਾਦਤਿ ਸਰਬੰਗ।ਬਸਤ੍ਰ ਮਲੀਨ ਕੁਢੰਗ[੪]ਕੁਰੰਗ[੫]।ਕਹਯੋ ਸਭਿਨਿ'ਕੁਲ ਲੱਜਯਾ ਖੋਈ। ਘਰ ਸਸੁਰਾਰਿ ਮ੍ਰਿਤਕਾ ਢੋਈ॥੪੦॥ਜਨਮਯੋ ਭਲੋ ਸੋਢੀ-ਅਨਿ ਬੰਸਾ।ਰਾਖੀ ਨਹੀਂ ਲਾਜ ਕੀ ਅੰਸ[੬]। ਇਸ ਤੇ ਪਰੈ ਕਰੈ ਕਯਾ ਹੀਨੀ। ਛੱਤ੍ਰੀ ਕੌਨ ਕਰੈ ਜਿਮ ਕੀਨੀ॥੪੧॥ਹੇਤੁ ਜੀਵਕਾ ਅਨਿਕ ਉਪਾਇ। ਸ਼ੁਭ ਮਤਿਵੰਤ[੭] ਕਰਤਿ ਸਮੁਦਾਇ।ਕਰਤਿ ਜਿ ਇਹੀ ਸਮਾਨ ਹਮਾਰੀ[੮]।ਚਲਤਿ ਜੀਵਕਾ ਅਨਿਕ ਪ੍ਰਕਾਰੀ ॥੪੨॥ ਮ੍ਰਿਤਕਾ ਖਨਿਨਿ ਸੀਸ ਪਰ ਧਰਨੋ। ਕੋ ਬਾਹਜ ਅਸ ਕਰਿ ਹੈ ਕਰਨੋ[੯]?।ਹਮ ਸਭਿ ਕੀ ਪਤ ਦਈ ਗਵਾਇ। ਭਲੋ ਨਿਕਾਸਯੋ ਨਾਮ ਸੁ ਆਇ॥੪੩॥ਸਭਿ ਸਨਬੰਧਨਿ ਮਹਿੰ ਲਘੁਤਾਈ।ਕਰੀ ਬਿਦਤਿ ਜਾਨੀ ਨ ਜਿਠਾਈ[੧੦]।ਇੱਤ੍ਯਾਦਿਕ ਤਿਨ ਬਾਕ ਬਖਾਨੇ।ਸੁਨਿ ਸ਼੍ਰੀ ਰਾਮਦਾਸ ਮੁਸਕਾਨੇ ॥੪੪॥ ਕਹਯੋ ਸਭਿਨਿ ਸੋਂ 'ਜਾਨਤਿ ਨਾਹਨ[੧੧]'। ਸ਼੍ਰੀ ਸਤਿਗੁਰ ਮਹਿਮਾ ਦੁਖ ਦਾਹਨਿ[੧੨]।ਇਕ ਬੇਰ ਹੇਰੈਂ ਕਰਿ ਕਰੁਨਾ। ਕਟਹਿੰ ਕੋਟਿ ਸੰਕਟ ਭਵ ਮਰਨਾ ॥੪੫॥ ਪਰਮੇਸ਼ੁਰ ਕੀ ਪ੍ਰਾਪਤਿ ਦੇਤਿ। ਜਿਸਹਿ ਅਰਾਧੇ ਜੋਗ ਸਮੇਤਿ[੧੩]।ਕਿਸੂ ਕ੍ਰਿੱਤਿ ਤੇ ਜੋ[੧੪] ਨਹਿੰ ਪਯਤਿ। ਸੋ ਸਤਿਗੁਰ

[੧]ਸ਼ਰੀਕਾਂ ਵਿਚ ( ਭਾਈ ਸੰਹਾਰੀ)। [੨]ਭਾਵ ਸ੍ਰੀ ਰਾਮਦਾਸ ਜੀ ਛੱਡਕੇ ਸ਼ਹਿਰ ( ਲਾਹੌਰ ) ਭਲੀ ਪ੍ਰਕਾਰ। [੩]ਚਲੋ ਦੇਖੀਏ ਕੀ ਹਾਲ ਹੈਸੁ ਹੁਣ। [੪]ਨ ਚੰਗੀ ਤਰ੍ਹਾਂ ਦੇ। [੫]ਮੈਲੇ ਰੰਗ ਦੇ। [੬]ਸ਼ਰਮ ਰਤੀ ਭਰ। [੭]ਚੰਗੀ ਬੁਧਿ ਵਾਲਾ। [੮]ਜੋ ਇਹ ਭੀ ਸਾਡੇ ਵਾਂਙੂ ਕਿਰਤ ਕਰਦਾ। [੯]ਕੰਮ। [੧੦]ਜਾਣੀ ਨ (ਆਪਣੀ ਕੁਲ ਦੀ) ਵਡਿਆਈ। [੧੧]ਤੁਸੀਂ ਨਹੀਂ ਜਾਣਦੇ। [੧੨]ਦੁਖਾਂ ਦਾ ਦਾਹ ਕਰਨ ਵਾਲੀ ਹੈ। [੧੩]ਭਾਵ ਜੋਗੀ। [੧੪]ਜੋ (ਪਰਮੇਸ਼ੁਰ)।

ਢਿਗ ਸੁਗਮ ਲਭੱਯਤਿ ॥੪੬॥ ਜਿਨਿ ਕੀ ਸੇਵ ਨ ਬਿਰਥੀ ਜਾਇ। ਮਨ ਬਾਂਛਤਿ ਸ਼ਰਧਾ ਤੇ ਪਾਇ। ਇਨ ਕੀ ਸੇਵ ਕਰਹਿਂ ਨਹਿਂ ਜੋਇ। ਤਿਨ ਸਮ ਕੌਣ ਮੰਦ ਮਤਿ ਹੋਇ॥੪੭॥ਜਿਸ ਕੇ ਬਡੇ ਭਾਗ ਸ਼ੁਭ ਅਹੈਂ। ਸੋ ਸਤਿਗੁਰ ਕੀ ਸੇਵਾ ਲਹੈ। ਇਸਤੇ ਪਰੈ ਲਾਭ ਨਹਿਂ ਔਰ। ਹੁਇ ਗੁਰ ਦਾਸ ਸਭਿਨਿ ਸਿਰ ਮੌਰ[੧] ॥ ੪੮ ॥ ਹਿਤ ਕੀ ਬਾਤ ਤਿਨਹੁ ਸੰਗ ਕਹੀ । ਕਰਤਿ ਕੁਤਰਕਨਿ[੨],ਮਾਨਹਿ ਨਹੀਂ।ਮੁਸਕਾਵਤਿ ਨਿਜ ਡੇਰੇ ਗਏ।ਮਹਾਂ ਦੀਨ ਤਾ ਸਮ ਲਖਿ ਲਏ[੩]॥੪੯॥ਦਿਵਸ ਰਹ੍ਯੋ ਜਬਿ ਘਟਿਕਾ ਚਾਰਿ।ਗੁਰ ਦਰਸ਼ਨ ਕੋ ਭੇ ਸਭਿ ਤ੍ਯਾਰਿ। ਪ੍ਰਥਮ ਦੇਗ਼ ਤੇ ਭੋਜਨ ਕਰਿਕੈ।ਬਹੁਰੋ ਪ੍ਰਵਿਸ਼ੇ ਅੰਤਰਿ ਘਰ ਕੈ॥੫੦॥ਅਹੰਕਾਰ ਕੇ ਸਹਤ ਬਿਸਾਲੇ।ਪਦਪੰਕਜ ਪਰਧਰ੍ਯੋ ਨ ਭਾਲੇ। ਲਖੇ-ਸਾਕ ਇਹੁ ਕੁੜਮ ਹਮਾਰੇ। ਲਘੁ ਬਾਨ-ਇਮ ਰਿਦੈ ਬਿਚਾਰੇ ॥੫੧॥ ਨਹਿਂ ਮੰਦਨਿ ਮਹਿਮਾ ਕੁਛ ਜਾਨੀ। ਬੈਠੇ'ਰਾਮ ਰਾਮ'ਕਹਿ ਬਾਨੀ। ਮਿਰਜਾਦਿਕ[੪] ਸ਼੍ਰੀ ਅਮਰ ਮਹਾਨੇ।ਹਿਤ ਮਿਰਯਾਦ ਕੀਨਿ ਸਨਮਾਨੇ॥੫੨॥ ਜਥਾ ਸਥਾਨਭਏ ਥਿਤਿ ਸਾਰੇ।ਤਿਨਿ ਮਹੁੰ ਬਡਿਅਨਿ ਬਾਕਉਚਾਰੇ।'ਅਬ ਤੁਮ ਜਗ ਮਹਿ ਲਹੀ ਬਡਾਈ।ਬਯ ਮਹਿ ਬਡੇ ਬ੍ਰਿੱਧਤਾ ਪਾਈ॥੫੩॥ਸਭਿ ਬਿਵਹਾਰ ਅਲਪ ਅਰੁ ਮਹਤਾ ਤੁਮ ਜਾਨਤਿ ਹੋ ਮੱਤਿ ਕੇ ਸਹਤਾ।ਕੁਲ ਕੀ ਲਾਜ ਸਕਲ ਕੇ ਅਹੈ।ਭ੍ਰਾਤਨਿ ਬਿਖੈ ਅਧਿਕਤਾ ਚਹੈ[੫]॥੫੪॥ਤੁਮ ਹੋਏ ਗੁਰ ਰੂਪ ਉਦਾਰਾ।ਕਛੂ ਨ ਤੁਮਰੇ ਏਹੁ ਬਿਚਾਰਾ। ਖ਼ੱਤ੍ਰੀ ਬੰਸ ਬਿਸਾਲ[੬]ਹਮਾਰੋ। ਸਹਤ ਬਡਾਈ ਕਰਨਿ ਅਚਾਰੋ[੭]॥੫੫॥ਤਉ ਰਹਿ ਆਵਹਿ ਜਾਤਿ ਮਝਾਰਾ। ਹੀਨ ਕਹਾਵਹਿਂ ਨਹਿਂ ਕਿਸ ਬਾਰਾ। ਭ੍ਰਾਤਨਿ ਬਿਖੈ ਨ ਤਰਕ ਸਹਾਰੈਂ। ਯਾਂਤੇ ਠਾਨਤਿ ਕਰਮ ਉਦਾਰੈ'॥੫੬॥ਨਾਮ[੮]ਮੰਗਲਾ ਏਵ ਅਲਾਏ[੯]।ਤਬਿ ਹੂੰ ਰਾਮਦਾਸ ਚਲਿ ਆਏ।ਗੁਰ ਸੂਰਜ ਕੋ ਜਬਹੁ ਨਿਹਾਰਾ।ਬਦਨ ਕਮਲ ਪਰਫੁੱਲਨ[੧੦]ਉਦਾਰਾ ॥ ੫੭॥ ਪਦ ਅਰਬਿੰਦ ਸੁਗੰਧਿ ਅਨੰਦ[੧੧] । ਲੋਚਨ ਭ੍ਰਮਰ ਕਰੇ ਕਰ ਬੰਦਿ[੧੨]।ਤਿਸਕੋ ਦੇਖਤਿ ਲਵਪੁਰਿ ਕੇ ਨਰ। ਕਹ੍ਯੋ ਬਹੁਰ ਤਰਕਨਿ[੧੩] ਕੋ ਉਰ ਧਰ ॥ ੫੮ ॥ 'ਇਹ ਭੀ ਜਨਮ੍ਯੋ ਬੰਸ ਹਮਾਰੇ।ਲਾਜ

[੧]ਗੁਰੂ ਜੀ ਦਾ ਦਾਸ ਸਭ ਦਾ ਸ਼ਿਰੋਮਣੀ ਹੁੰਦਾ ਹੈ। [੨]ਹੁੱਜਤਾਂ। [੩]ਮਹਾਂਨ ਗਰੀਬ ਵਰਗਾ ਜਾਣਕੇ (ਸ਼੍ਰੀ ਰਾਮਦਾਸ ਜੀ ਨੂੰ)। [੪]ਮਿਰਯਾਦਾ ਵਾਲੇ। [੫]ਵਡਿਆਈ (ਸਭ ਕੋਈ)ਚਾਹੁੰਦਾ ਹੈ। [੬]ਵੱਡਾ(ਹੈ)। [੭]ਵਡਿਆਈ ਵਾਲੇ ਕੰਮ ਕਰਦੇ ਹਾਂ। [੮]ਇਕ ਦਾ ਨਾਮ ਸੀ। [੯]ਕਿਹਾ। [੧੦]ਖਿੜ ਗਿਆ (ਸ਼੍ਰੀ ਰਾਮਦਾਸ ਜੀ ਦਾ)। [੧੧]ਚਰਨਾਂ ਕਵਲਾਂ ਦੀ ਅਨੰਦ ਦਾਇਕ ਸੁਗੰਧੀ ਦੇ। [੧੨]ਨੇਤ੍ਰ ਭੌਰੇ ਕਰ ਦਿੱਤੇ ਹਥ ਜੋੜਕੇ। [੧੩]ਭਾਵ ਤਰਕਾਂ ਕੀਤੀਆਂ।

ਗਵਾਈ ਸਰਬ ਪ੍ਰਕਾਰੇ।ਪਿਤ ਕੇ ਮਰੇ ਸਦਨ ਕੋ ਤ੍ਯਾਗਾ। ਘਰ ਸਸੁਰਾਰਿ ਬਸ੍ਯੋ ਨਿਰਭਾਗਾ ॥੫੯॥ ਮਿਲ੍ਯੋ ਮਿਹਨਤੀ ਬ੍ਰਿੰਦ ਮਝਾਰੇ।ਖਨਿ ਮ੍ਰਿਤਕਾ ਕਹੀਅਨਿ ਕਰਧਾਰੇ[1]।ਭਰੇ ਟੋਕਰੀ ਸੀਸ ਉਠਾਵੈ। ਰੰਜ ਤਨ ਲਗੇ ਵਹਿਰ ਨਿਕਸਾਵੈ ॥੬੦॥ ਇਸ ਨੇ ਤੌ ਸਿਰ ਮਾਟੀ ਪਾਈ।ਕਰਹੁ ਬਿਚਾਰ ਨ ਤੁਮ ਉਚਤਾਈ[2]। ਕਾਰ ਅਨੁਚਿਤ ਆਪ ਨੇ ਦੀਨਿ। ਲਾਜ ਕੁਟੰਬ ਨ ਤੁਮ ਨੇ ਚੀਨ॥੬੧॥ਅਪਰ ਕਿਰਤਿ ਕੋ ਅਬ ਇਸ ਦੀਜੈ।ਉਚਿਤ ਅਨੁਚਿਤ ਬਿਚਾਰਿ ਸੁਲੀਜੈ'।ਗੁਰੁ ਸੁਨਿ ਰਾਮਦਾਸ ਦਿਸ਼ਿ ਦੇਖਾ।ਮੁਖ ਪ੍ਰਸੰਨ ਉਰ ਪ੍ਰੇਮ ਵਿਸ਼ੇਖਾ। ੬੨॥ਦੇਖਿ ਦਸ਼ਾ ਸਤਿਗੁਰ ਛਕਿ[3]ਰਹੇ।–ਨਦੀ ਪ੍ਰੇਮ ਮਮ,ਮਨ ਇਸ ਬਹੇ[4]। ਬੈਦਿਕ ਲੌਕਿਕ ਰੀਤਿ ਤ੍ਰਿਣਨਿ ਸਮ।ਪ੍ਰੇਮ ਧਾਰਿ ਜਲ ਤੇ[5]ਠਹਿਰਹਿ ਕਿਮ ॥੬੩॥ਪ੍ਰੇਮ ਭਗਤਿ ਮੇਰੀ ਰੰਗ ਰਾਤੋ।ਤਜੇ, ਨ ਜਾਨਹਿ ਜਾਤਿ ਸੁ ਪਾਤੇ[6]–। ਲਵਪੁਰਿ ਕੇ ਪੰਚਨਿ[7] ਦਿਸ਼ਿ ਹੇਰਿ। ਸਹਜ ਸੁਭਾਇਕ ਗੁਰ ਤਿਸ ਬੇਰਿ। ੬੪॥ਉਰ ਪ੍ਰਸੰਨ ਹ੍ਵੈ ਭਨਤਿ ਬਚਨ ਕੋ।'ਸਭਿ ਜਗ ਛਤ੍ਰ ਦੀਨਿ ਮੈਂ ਇਨ ਕੋ। ਮਾਟੀ ਪਰਿ ਹੈ ਸੀਸ ਤੁਮਾਰੇ।ਗੁਰ ਅਭਗਤਿ,ਤੁਮ ਪ੍ਰੇਮ ਨ ਧਾਰੇ[8]॥੬੫॥ਜੇ ਇਹ ਬੰਸ ਜਨਮ ਨਹਿ ਧਾਰੇ।ਗਿਰਤਿ ਨਰਕ ਮਹਿ ਪਿਤਰ ਤੁਮਾਰੇ'।ਰਾਮ ਦਾਸ ਕਰ ਜੋਰਿ ਉਚਾਰਾ।'ਪਤਿਤ ਉਧਾਰਨ ਬਿਰਦ ਤੁਮਾਰਾ ॥੬੬॥ ਗੁਰ ਮਹਿਮਾ ਕੀ ਗਯਾਤ ਨ ਪਾਈ। ਕਲਾ ਇਨ ਕੇ ਬਸਿ, ਜਗ ਉਰਝਾਈ[9]। ਸੁਨਿ ਕਰਿ ਸਤਿਗੁਰ ਭਏ ਪ੍ਰਸੰਨ। 'ਰਾਮਦਾਸ! ਤੁਝ ਕੋ ਧੰਨ ਧੰਨ॥੬੭॥ ਕਰਿ ਸੇਵਾ ਮੁਝ ਕੋ ਬਸਿ ਕੀਨਾ।ਮੈਂ ਜਾਨੋਂ ਤੁਝ,ਤੈਂ ਮੁਝ ਚੀਨਾ'।ਪੁਨ ਲਵ-ਪੁਰਿ ਕੇ ਨਰ ਸਮੁਦਾਈ।ਕਰੇ ਬਿਦਾ ਗਮਨੇ ਅਗੁਵਾਈ[10]॥੬੮॥ਪਦ ਅਰ-ਬਿੰਦ ਬੰਦਨਾ ਠਾਨੀ। ਸੇਵਹਿ[11]ਬਹੁਰਿ ਕਰਮ ਮਨ ਬਾਨੀ। ਕਰਹਿ ਕਾਰ ਧਰਿ ਚੌਂਪ ਚਗੁਨੇ।ਲੋਕ ਲਾਜ ਤੇ ਹੋਇ ਬਿਹੂਨੇ॥੬੯॥ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਲਵਪੁਰਿ ਨਰਨਿ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥ ੫੧ ॥

---

[1]ਪੱਟਦਾ ਹੈ ਮਿੱਟੀ ਕਹੀਆਂ ਹੱਥ ਫੜਕੇ। [2](ਹੇ ਗੁਰੂ ਅਮਰਦਾਸ ਜੀ) ਆਪ ਭੀ ਵਿਚਾਰ ਨਹੀਂ ਕਰਦੇ ਉਚਜਾਈ ਦੀ। (ਅ) ਆਪ ਹੀ ਯੋਗਤਾਈ ਵਿਚਾਰਦੇ। [3]ਗਦਗਦ। [4]ਮੇਰੇ ਪ੍ਰੇਮ ਦੀ ਨਦੀ ਇਸ ਦੇ ਮਨ ਵਿਚ ਵਹਿ ਰਹੀ ਹੈ। [5]ਪ੍ਰੇਮ ਰੂਪੀ ਜਲ ਦੀ ਧਾਰ (ਕਰਕੇ)। [6](ਪ੍ਰੇਮ ਨੂੰ) ਨਹੀਂ ਤਿਆਗਦਾ, ਤੇ ਨਹੀਂ ਜਾਣਦਾ ਜਾਤ ਪਾਤ (ਦਾ ਮਾਨ)। (ਅ) ਛੱਡ ਦਿੱਤੀਆਂ ਸੁ (ਵੈਦਿਕ ਲੌਕਿਕ ਰੀਤਾਂ ਤੇ) ਨਹੀਂ ਜਾਣਦਾ ਜਾਤ ਪਾਤ ਨੂੰ। [7]ਮੁਖੀਆਂ ਤਰਫ(ਸਨਮੁਖ ਹੋਕੇ ਕਹਿਆ)। [8]ਗੁਰੂ ਦੇ ਭਗਤ ਨਹੀਂ ਹੋ ਤੇ ਤੁਸੀਂ ਪ੍ਰੇਮ ਨਹੀਂ ਧਾਰਿਆ। [9]ਜਗਤ ਵਿਚ ਫਸ ਰਹੇ ਹਨ। [10]ਅਗਾਹਾਂ ਨੂੰ। [11]ਭਾਵ, ਸ਼੍ਰੀ ਰਾਮਦਾਸ ਜੀ ਸੇਵਾ ਕਰਦੇ ਹਨ।

## ੫੨. [ਮਾਈਦਾਸ ਵੈਸ਼ਨੋ]।

ਦੋਹਰਾ॥ਅਤਿ ਆਚਾਰੀ[1]ਵੈਸ਼ਨੋ ਮਾਈ ਦਾਸ ਸੁ ਨਾਮ। ਭਗਤਿ ਕਰਤਿ ਸ੍ਰੀ ਕ੍ਰਿਸ਼ਨ ਕੀ ਪ੍ਰੇਮ ਸਹਤ ਨਿਸ਼ਕਾਮ॥੧॥ਚੌਪਈ॥ਸੰਤਨਿ ਕੀ ਸੰਗਤਿ ਨਿਤ ਕਰੈ।'ਕ੍ਰਿਸ਼ਨ ਕ੍ਰਿਸ਼ਨ' ਮੁਖ ਮਹਿਂ ਜਪੁ ਧਰੈ।ਮੋਰ ਮੁਕਟ ਪੀਤਾਂਬਰ ਧਾਰੀ[2]। ਇਸੀ ਧ੍ਯਾਨ ਕੇ ਮਨ ਆਧਾਰੀ ॥ ੨ ॥ ਨਿਸ ਦਿਨ ਸਿਮਰਹਿ ਅਪਰ ਨ ਕਾਮ।ਮਨ ਕੀ ਲਿਵ ਚਿਤਵਤਿ ਘਨ ਸ਼੍ਯਾਮ। -ਕਮਲ ਪੱਤ੍ਰ ਬਿਸਤਰਤਿ ਬਿਲੋਚਨ। ਕੁੰਡਲ ਗੰਡਸਥਲ[3] ਦੁਖ ਮੋਚਨ॥੩॥ਮੰਦ ਮੰਦ ਸੁੰਦਰ ਮੁਸਕਾਵਨਿ। ਭਗਤਨਿ ਕੇ ਚਿਤ ਚੌਂਪ ਬਧਾਵਨਿ-। ਐਸੇ ਧ੍ਯਾਨ ਬਿਖੈ ਮਨ ਲਾਗਾ। ਸਿਮਰਹਿ ਨਾਮ ਸਦਾ ਅਨੁਰਾਗਾ ॥੪॥ ਤਿਨ ਸ੍ਰੀ ਅਮਰ ਮਹਾਤਮ ਸੁਨ੍ਯੋ। ਬਹੁ ਗੁਰ ਸਿੱਖ੍ਯਨ ਤਿਹ ਸੋਂ ਭਨ੍ਯੋ। ਚਾਹਤਿ ਦਰਸ਼ਨ ਕੋ ਦਿਨ ਬੀਤੇ। ਕਬਿ ਕਬਿ ਚਲਨਿ ਠਟਹਿ ਨਿਜ ਚੀਤੇ ॥ ੫ ॥ ਸਮੋ ਪਾਇ ਗੁਰ ਕੇ ਪੁਰਿ ਆਯੋ। ਥਿਰ੍ਯੋ ਪੌਰ ਪਰ ਪੁਛਿ ਪਠਾਯੋ[4]। ਸੁਨਿ ਸ੍ਰੀ ਅਮਰ ਨੇਮ ਨਿਜ ਭਾਖ੍ਯੋ। 'ਜੋ ਮਨ ਤੁਵ ਦਰਸ਼ਨ ਅਭਿਲਾਖ੍ਯੋ ॥ ੬ ॥ ਕਰਹੁ ਦੇਗ ਤੇ ਭੋਜਨ ਜਾਇ। ਹੋਹਿ ਤ੍ਰਿਪਤ ਪੁਨ ਹਮ ਢਿਗ ਆਇ'। ਮਾਈ ਦਾਸ ਸੁਨਤਿ ਸੰਦੇਹ[5]।-ਬਿਨ ਸੰਜਮ ਤੇ ਇਨ ਕੇ ਗੇਹ[6]॥੭॥ਹੋਤਿ ਅਹਾਰ,ਅਚੋਂ ਨਹਿਂ ਐਸੇ। ਮੇਰੀ ਕ੍ਰਿਆ ਰਹਹਿ ਸੁਚਿ ਜੈਸੇ। ਸੋ ਬਿਧਿ ਕਰਨੀ ਅਬਿ ਬਨਿ ਆਵੈ। ਸੁਚਿ ਬਿਨ ਦਰਸ਼ਨ ਕਹਾ ਫਲ ਪਾਵੈ- ॥ ੮ ॥ ਚਿਤਵਤਿ ਰਹ੍ਯੋ ਚਿੰਤ ਚਿਤ ਖਰ੍ਯੋ*। ਬਹੁਤਿ ਦੇਰਿ ਮਹਿਂ ਨਿਸ਼ਚੈ ਕਰ੍ਯੋ।-ਬਿਨਾ ਅਚੇ ਨਹਿ ਦਰਸ਼ਨ ਦੇਤਿ।ਜੇ ਅਚਿ ਲੇਉਂ ਧਰਮ ਬਿਗਰੇਤਿ[7]॥੯॥ਯਾਂਤੇ ਨਾਂਹਿਨ ਦਰਸ਼ਨ ਕਰਿਹੌਂ। ਸੰਜਮ ਸਹਤ ਅਚੋਂ ਪ੍ਰਣ ਧਰਿ ਹੌਂ-। ਬਿਨ ਦਰਸ਼ਨ ਤਬਿ ਫਿਰ ਕਰਿ ਗਯੋ[8]। ਨਿਸ ਦਿਨ ਮਨ ਮਹੁਂ ਸੰਸੈ ਭਯੋ ॥ ੧੦ ॥-ਨਰ ਮਹਾਤਮਾ ਅਜ਼ਮਤਿ[9] ਭਰੇ। ਤਿਨਿ ਕੋ ਦਰਸ਼ਨ ਮੈ ਨਹਿਂ ਕਰੇ।ਲੋਕ ਸੈਂਕਰੇ ਕਰੇ ਨਿਹਾਲ। ਭਏ ਸਿੱਧ[10] ਮਿਲਿ ਕੈ ਤਿਨ ਨਾਲ ॥੧੧॥ ਕਿਸ ਕੁਕਰਮ ਨੇ ਮੁਝ ਕੋ ਪ੍ਰੇਰਾ। ਜਿਸ ਤੇ ਮਹਾਂ ਪੁਰਖ ਨਹਿਂ ਹੇਰਾ-। ਭਯੋ ਉਦਾਸ ਨ ਠਹਿਰ੍ਯੋ ਥਾਨਾ- ਚਲੌਂ ਦ੍ਵਾਰਕਾ-ਮਨ ਅਸ ਠਾਨਾ।੧੨।-ਪ੍ਰਾਸਚਿੱਤ[11]ਤਬ

---

[1]ਕਰਮਕਾਂਡੀ।[2]ਸਿਰ ਤੇ ਮੁਕਟ ਤੇ ਪੀਲੇ ਬਸਤ੍ਰ ਧਾਰਨ ਵਾਲਾ।[3] ਵਾਲੇ ਗੱਲ੍ਹਾਂ(ਤੇ ਲਟਕ ਰਹੇ)। [4]ਖੜਾ ਹੋਕੇ ਦਰਵਾਜੇ ਅਗੇ ਪੁਛ ਭੇਜਿਆ।[5]ਸੰਸੇ ਵਿਚ ਹੋਗਿਆ।[6](ਛੂਤ ਛਾਤ ਦੇ) ਨੇਮ ਤੋਂ ਬਿਨਾਂ ਇਨ੍ਹਾਂ ਦੇ ਘਰ। [7]ਵਿਗੜਦਾ ਹੈ।[8]ਮੁੜ ਗਿਆ।[9]ਬਜ਼ੁਰਗੀ,ਕਰਾਮਾਤ।[ਅ:, ਅਜ਼ਮਤ]। [10]ਪੂਰਨ, ਮੁਕਤ।[11]ਦੂਸ਼ਨਾਂ [ਸੰ:, ਪ੍ਰਾਯਸ਼੍ਚਿਤ੍ਤ=ਪਾਪ ਦੂਰ ਕਰਨੇ ਦਾ ਕਰਮ,ਪਛੁਤਾਵਾ]। *ਪਾ:-ਪਰਯੋ।

ਉਤਰਹਿ ਮੇਰ॥ਚਲਿ ਦੁਆਰਕਾ ਹਰਿ ਲਖੋਂ ਹੇਰਾ[1]–।ਅਤਿ ਚਿਤ ਪ੍ਰੇਮਭਯੋ ਚਲ ਪਰਯੋ॥ਥਿਰਯੋ ਨ[2], 'ਹਰਿ ਹਰਿ' ਨਾਮ ਸੁ ਰਰਯੋ[3] ॥੧੩॥ ਇੱਛਾ ਅਪਰ ਨਹੀਂ ਮਨਲਯਾਵੈ।ਕਰਤਿਭਗਤਿ– ਦਰਸ਼ਨ ਦਿਖਰਾਵੈ[4] ।ਜਾਇ ਕ੍ਰਿਸ਼ਨਕੋ ਹੇਰਨਿ ਕਰੌਂ । ਪੁਰਿ ਦੁਆਰਕਾ ਮਹਿਂ ਹਿਤ ਧਰੌਂ–॥੧੪॥ ਭਯੋ ਪ੍ਰੇਮ ਕਰਿ ਅਤਿ ਮਸਤਾਨਾ॥ਦਿਨ ਪ੍ਰਤਿ ਕਰਤੋ ਜਾਤਿ ਪਯਾਨ॥ਦਿਸ਼ਾ ਦ੍ਵਾਰਕਾ ਹੋਤਿ ਅਨੰਦਾ[5] ।–ਕਰੌਂ ਦਰਸ ਮੈਂ ਗਮਨਿ ਬਿਲੰਦਾ–॥ ੧੫ ॥ ਨਿਕਟ ਦ੍ਵਾਰਕਾ ਪਹੁੰਚਯੋ ਜਾਈ।ਤਿਥਿ ਇਕਾਦਸ਼ੀ ਮਗਮਹਿਂ ਆਈ। ਬਨ ਦੀਰਘ ਦਾਰੁਨ ਤਿਸ ਥਾਨਾ॥ਜਹਿਂ ਸਮੀਪ ਨਰ ਦਿਖਹਿ ਨ ਆਨਾ॥੧੬॥ਘਟਾ ਬਡੀ ਤਿਸ ਦਿਨ ਉਮਡਾਈ।ਬਾਯੂ ਬਹੀਬਹੁਤਿ ਬਲ ਪਾਈ।ਦਾਮਨਿ ਦਮਕਤਿ ਕਰ-ਕਤਿ[6]ਭਾਰੀ।ਕਾਰੀ ਘਟਾ[7] ਬਰਖਤੀ ਬਾਰੀ॥ ੧੭ ॥ ਤਿਸ ਬਨ ਮਹਿਂ ਬ੍ਰਤ ਰਾਖਨਿ ਕਰੇ।ਚਲਯੋਜਾਤਿਬਯਾਕੁਲਤਾ ਧਰੇ।ਨਹਿਂਫਲਹਾਰ[8] ਹਾਥ ਕਿਤਿ ਆਵਾ॥ ਨਿਰਜਲ ਹੀ ਹਠ ਕੀਨਿ ਰਹਾਵਾ ॥ ੧੮ ॥ ਭਯੋ ਸੀਤ ਬਰਖਾ ਤੇ ਕੰਪਤਿ। ਨਿਕਟਿ ਨ ਮਾਨਵ ਕੋ ਬਚ ਜੰਪਤਿ[9]। ਇਤਿ ਉਤਿ ਖੋਜਤਿ ਹਾਰ ਪਰਯੋਹੈ।ਥਾਨ ਨ ਪਾਯੋ ਨਹੀਂ ਥਿਰਯੋਹੈ॥੧੯॥ਪੁਨਬਯਾਕੁਲ ਬਰਖਾ ਤੇਭਯੋ। ਛੁਧਾ ਬਹੁਤਿ ਫਲਹਾਰ ਨ ਪਯੋ।ਸਘਨ ਤਿਮਰ ਹੋਈ ਜਬਿਜਾਮਨਿ[10]।ਠੌਰ ਨ ਪ੍ਰਾਪਤਿ ਭਾ ਬਿਸਰਾਮ ਨ॥੨੦॥ਚਲਿਬੇ ਤੇਇਕ ਬਲਥਿਰ ਹੋਵਾ॥ਖੋਖਰ ਸਹਤ ਬ੍ਰਿੱਛ ਇਕ ਜੋਵਾ॥ਖਰੇ ਹੋਨ ਕੋ ਤਿਸ ਮਹਿ ਥਾਨ। ਬੈਠਨਿ ਪੌਢਨਿ ਕੋ ਨਹਿਂ ਜਾਨਿ॥੨੧॥ਤਿਸ ਮਹਿਂ ਪ੍ਰਵਿਸ਼ਯੋ ਠਾਂਢਾ ਭਯੋ।ਸਿਮਰਨਿ'ਕ੍ਰਿਸ਼ਨ ਕ੍ਰਿਸ਼ਨ' ਮੁਖਲਯੋ।ਸਗਰੀਜਾਮਨਿਖਰੇ ਬਿਤਾਈ।ਬਹੁਰੋਤਹਿਂ ਪ੍ਰਭਾਤਿਹੁਇ ਆਈ॥੨੨॥ਕ੍ਰਿਸ਼ਨ ਪ੍ਰੀਤ ਇਕ,ਆਸਨ ਔਰੀ। ਦੁਤਿਯਨਦੀਖਤਿਕੋਤਿਸ ਠੌਰੀ॥ਦਿਵਸਿ ਦ੍ਵਾਦਸ਼ੀਕੇ ਚਿਤਵੰਤਾ॥ਬਰਤ ਉਪਾਰਨ[11] ਬਿਧਿ ਨ ਲਹੰਤਾ ॥੨੩॥'ਕ੍ਰਿਸ਼ਨਕ੍ਰਿਸ਼ਨ'ਆਰਾਧਤਿ ਖਰਯੋ।ਏਕ ਪ੍ਰੇਮਮਹਿਂ ਮਨਰਹਿ ਥਿਰਯੋ। ਭਗਤਵਛਲ ਪ੍ਰਭੁਦੀਨ ਕ੍ਰਿਪਾਲਾ॥ਜਾਨਯੋ–ਜਾਗਯੋ ਪ੍ਰੇਮ ਬਿਸਾਲਾ॥੨੪॥ਮੋ ਬਿਨ ਇਸਕੇ ਆਸ ਨ ਔਰ । ਕਾਨਨ ਘੋਰ ਬਿਖੈ ਅਸ ਠੌਰ–। ਅਪਨੋ ਜਨ

[1]ਕ੍ਰਿਸ਼ਨ ਜੀ ਦਾ ਦਰਸ਼ਨ ਕਰਾਂ। [2]ਠਹਿਰਿਆ ਨਹੀਂ। [3]ਉਚਾਰਿਆ। [4](ਕ੍ਰਿਸ਼ਨ)ਦਰਸ਼ਨ ਦੇਵੇ। [5]ਦੁਆਰਕਾ ਦੀ ਵਲ ਜਾਂਦਿਆਂ ਅਨੰਦ ਹੁੰਦਾ ਹੈ। [6]ਕੜਕਦੀ ਹੈ। [7]ਕਾਲੀ ਘਟਾ। [8]ਬ੍ਰਤ ਵਾਲੇ ਦਿਨ ਦਾ ਫਲ ਆਦਿ ਭੋਜਨ। [9]ਨੇੜੇ ਕੋਈ ਮਨੁਖ ਭੀ ਨਹੀਂ ਬਚਨ ਬੋਲਣ ਵਾਲਾ। [10]ਰਾਤ ਹੋਈ ਤੇ ਜਦੋਂ ਬਹੁਤ ਅੰਧੇਰਾ ਹੋ ਗਿਆ। [11]ਬਰਤ ਖੋਲਣ ਦੀ।

ਜਾਨਯੋ ਯੁਤਿ ਪ੍ਰੇਮਾ ਚਾਹਤਿ ਭਏ ਕਰਨਿ ਕੋ ਛੇਮ[1]॥੨੫॥ਆਨ ਰੂਪ ਕਰਿ[2] ਲਯਾਇ ਅਹਾਰਾ । ਤਿਹ ਆਗੇ ਧਰਿ ਅਨਤ[3] ਸਿਧਾਰਾ । ਮਾਈ ਦਾਸ ਸੁ ਭੋਜਨ ਦੇਖਾ॥ਸਹਤ ਪਹਿਤ ਕੇ ਭਾਤ[4]ਵਿਸ਼ੇਖ॥੨੬॥–ਮੈਂਆਚਾਰੀ[5]–ਸ਼ੰਕਾ ਠਾਨੀ॥–ਬਿਨ ਸੰਜਮ ਕਿਨਿ ਆਨਯੋ ਥਾਨੀ॥ ਸੁਚ ਸੋਂ ਚੌਕੇ ਅੰਤਰਿ ਖਾਵੋਂ॥ ਬਿਗਰਹਿ ਨੇਮ ਜਿ ਇਸ ਮੁਖ ਪਾਵੋਂ ॥੨੭॥ ਜੇ ਹੋਵਤਿ ਪਕਵਾਨ ਬਨਾਯਸਿ[6] । ਅਚਿਤਿ ਬ੍ਰਤੀ ਮੈਂ[7] ਛੁਧਾ ਮਿਟਾਯਸਿ–। ਇਸ ਬਿਧਿ ਤਰਕਤਿ ਬਹੁ ਚਿਤ ਮਾਂਹੀ॥ਹੁਤੋ ਛੁਧਤਿ ਪਰ ਖਾਯਸਿ ਨਾਂਹੀ ॥੨੮॥ ਉਰ ਅੰਤਰ ਕੀ ਲਖਿ ਭਗਵਾਨੂ । ਲਯਾਇ ਅਨਿਕ ਭਾਂਤਿ ਪਕਵਾਨੂ[8] । ਤਿਸਿ ਢਿਗ ਧਰਿ ਕਰਿ ਅਨਤ ਸਿਧਾਰੇ । ਮਾਈ ਦਾਸ ਨਿਹਾਰਿ ਬਿਚਾਰੇ ॥ ੨੯ ॥–ਇਸਿ ਭੀਖਨ ਕਾਨਨ ਕੇ ਮਾਂਹੀ॥ ਮਾਨਵ ਕਿਸੀ ਥਾਨ ਦਿਖਿ ਨਾਹੀ । ਏਕਿ ਬਾਰ ਦਈ ਕਾਚ ਰਸੋਈ॥ਮਮ ਮਨ ਕੀ ਲਖਿ ਕਰਿ ਪੁਨ ਸੋਈ॥੩੦॥ਲਯਾਯਸਿ* ਕੌਨ ਨ ਜਾਨਯੋ ਜਾਈ॥ਮਨ ਕੀ ਗਤਿ ਨਹਿਂ ਅਪਰ ਲਖਾਈ[9]।ਪ੍ਰਭੁ ਬਿਨ ਔਰ ਨਹੀਂ ਇਹ ਕੋਈ॥ ਉਰ ਕੀ ਲਖਿ ਲਯਾਵਤਿ ਭਾ ਸੋਈ ॥੩੧॥ ਨਹਿ ਮੁਝ ਕੋ ਦਰਸ਼ਨ ਦਿਖਰਾਯਸਿ॥ ਦੋਇ ਬਾਰ ਦੇ ਅੰਨ ਸਿਧਾਯਸਿ–। ਇਮ ਬਿਚਾਰਿ ਕਰਿ ਹੇਰਨਿ ਲਾਗਾ॥ਚਹੁੰ ਦਿਸ਼ਿਫਿਰਤਿ ਵਧਯੋ ਅਨੁਰਾਗਾ॥੩੨॥ ਪਰਯੋ ਰਹਯੋ ਤਿਹ ਠਾਂ ਪਕਵਾਨਾ॥ਇਤਿ ਉਤਿ ਖੋਜਤਿ ਭਯੋ ਹਿਰਾਨਾ॥ ਪ੍ਰੇਮ ਸਮੁੰਦ੍ਰ ਬਿਖੈ ਬਹਿ ਗਯੋ । ਮਾਈ ਦਾਸ ਥਾਹੁ ਨਹਿਂ ਲਹਯੋ ॥੩੩॥ ਰੁਦਨਿ ਕਰਤਿ ਅਰੁ ਊਚ ਪੁਕਾਰੈ॥ਨਹਿਂ ਤਨ ਕੀ ਸੁਧਿ ਕੁਛ ਸੰਭਾਰੈ॥ਗੁਨਗਾਵਤਿ 'ਹੇ ਪਤਿਤ ਉਧਾਰਨ!॥ਹੇ ਘਨਸ਼ਯਾਮ ਜਗਤ ਕੇ ਕਾਰਨ!॥੩੪॥ਹੇਅਨਾਥ ਕੇ ਨਾਥ ਕ੍ਰਿਪਾਲਾ!॥ਨਾਮ ਗਰੀਬ ਨਿਵਾਜ ਬਿਸਾਲਾ॥ ਹੇ ਮਨਮੋਹਨਿ ਸੁੰਦਰ ਸਾਂਵਰਿ!॥ਮੈ ਮਲੀਨ ਪਾਂਮਰ ਤੇ ਪਾਂਵਰਿ[10]॥੩੫॥ ਅਪਨੋ ਬਿਰਦ ਸੰਭਾਰਨਿ ਕਰੀਯਹਿ । ਮਮ ਅਵਗੁਨ ਕੋ ਨਹੀਂ ਨਿਹਰੀਯਹਿ । ਹ੍ਵੈ ਕ੍ਰਿਪਾਲ ਦਿਹੁ

[1]ਸੁਖੀ । [2]ਹੋਰ ਰੂਪ (ਧਾਰ) ਕਰਕੇ । [3]ਹੋਰ ਪਾਸੇ । [4]ਪਹਿਤ ਭਾਤ=ਦਾਲ ਤੇ ਚੌਲ । [5]ਕਰਮ ਕਾਂਡੀ ਹਾਂ । [6]ਜੇ ਪਕਵਾਨ ਹੁੰਦਾ, ਭਾਵ ਪੂਰੀ ਆਦਿ ਤਲਿਆ ਪੱਕਾ ਭੋਜਨ । ਦਾਲ ਭਾਤ ਨੂੰ ਕੱਚਾ ਭੋਜਨ ਸਮਝਦੇ ਹਨ । [7]ਖਾ ਲੈਂਦਾ ਮੈਂ ਬਰਤ ਵਾਲਾ । [8]ਪੱਕਾ ਭੋਜਨ (ਪੂਰੀ ਆਦਿ) ।
[9]ਮੇਰੇ ਮਨ ਦੀ ਗਤੀ (ਭਗਵਾਨ ਤੋਂ ਬਿਨਾ) ਹੋਰ ਕੋਈ ਨਹੀਂ ਜਾਣ ਸਕਦਾ । [10]ਨੀਚ ਤੇ ਤੁੱਛ [ਸੰਸ:, ਪਾਮਰ=ਨੀਚ, ਪਜਾਬੀ, ਪਾਵਲਾ=ਜੁਲਾਹਾ ਭਾਵ ਤੁੱਛ] (ਅ) ਤੇ+ਪਾ+ਵਰ= ਤੇਰੀ ਸ੍ਰੇਸ਼ਟ ਸ਼ਰਣ । (ੲ) ਨੀਚ ਤੋਂ ਨੀਚ । *ਪਾ:–ਲਿਆਇਓ ।

ਦਰਸ ਗੁਸਾਈਂ। ਪ੍ਰਿਥਮ ਜਥਾ ਭੋਜਨ ਦਿਯ ਆਈ'॥੩੬॥ਇੱਤਨਾਦਿਕ ਪ੍ਰਭੁ ਕੋ ਜਸੁ ਕਹੈ। ਬਿਨਤੀ ਕਰਤਿ* ਨੀਚ ਨਿਜ ਲਹੈ।ਕਰਨੋ ਪ੍ਰੇਮ ਨੇ ਬਡ-ਕੁਲ ਭਾਗ। ਤਬਹਿ ਛਲਾਮਘਨ ਬਿਰਦ ਸੰਭਾਰ॥੩੭॥ਔ ਦ੍ਰਿਸ਼ ਹ੍ਵੈ ਕਰਿ ਸ੍ਰੀ ਭਗਵਾਨ। ਹਿਤ ਕੱਲਯਾਨ ਸੁ ਕਰਨੋ ਬਖਾਨ। 'ਮਾਈਦਾਸ ਭਗਤ ਤੂੰ ਮੇਰਾ। ਸਹਤ ਪ੍ਰੇਮ ਬੈਰਾਗ ਬਡੇਰਾ॥੩੮॥ਇਕ ਅਪਰਾਧ ਆਪਨੋ ਸੁਨੋ। ਜਹਾਂ ਪ੍ਰੇਮ ਤਹਿਂ ਨੇਮ ਨ ਗੁਨੋ।ਜਹਾਂ ਨੇਮ ਤਹਿ ਪ੍ਰੇਮ ਨ ਪੂਰਾ। ਯਾਂਤੇ ਰਹਯੋ ਰਿਦੇ ਮਹਿ ਊਰਾ॥੩੯॥ ਜਹਿਂ ਸ੍ਰੀ ਸਤਿਗੁਰ ਗੋਇੰਦਵਾਲ।ਦਰਸ਼ਨ ਹਿਤ ਗਮਨਯੋ ਜਿਸ ਕਾਲ।ਤਹਿ ਸ਼ੰਕਾ ਕਰਿ ਰਾਖਯੋ ਨੇਮ। ਦਰਸ਼ਨ ਕਰਨੋ ਨ, ਛੋਰਯੋ ਪ੍ਰੇਮ॥੪੦॥ਲਖਿ ਇਹ ਸਮੈ ਸਰੂਪ ਸੁ ਮੇਰਾ। ਕਰੌਂ ਅਨੇਕਨਿ ਸ੍ਵੇਸ ਅਛੇਰਾ।ਤੂੰ ਮਹਿਮਾ ਜਾਨਤਿ ਸਭਿ ਰੀਤਿ। ਰਾਖਯੋ ਨੇਮ ਪ੍ਰੇਮ ਤਜਿ ਚੀਤਿ॥੪੧॥ ਇਹਾਂ ਬਿਅਰਥ† ਬਿਲਾਪ ਨ ਕਰੀਅਹਿ।ਹੋਹਿ ਨ ਦਰਸ਼ਨ, ਆਸ ਨਿਵਰੀਅਹਿ। ਹਟਿ ਅਬਿ ਗਮਨਹੁ ਗੋਇੰਦਵਾਲ। ਤਹਿਂ ਮਮ ਦਰਸ਼ਨ ਕਰਹੁ ਕ੍ਰਿਪਾਲ[2]॥੪੨॥ ਸ੍ਰੀ ਗੁਰ ਅਮਰ ਮੋਹਿ ਮਹਿ[3] ਕੋਊ।ਭੇਦ ਨ ਜਾਨਹੁ ਇਕ ਲਖਿ ਸੋਊ। ਜਿਸ ਬਿਧਿ ਕੋ ਸਰੂਪ ਉਰ ਬਾਂਛੈ। ਤਹਾਂ ਜਾਇ ਦਰ-ਸ਼ਹੁ ਸੋ ਆਛੈ॥੪੩॥ਜਗ ਕਾਰਨ ਤਾਰਨ ਤਨ ਮੇਰਾ। ਭਗਤ ਰੂਪ ਧਰਿ ਸੋ ਲਿਹੁ ਹੇਰਾ। ਸ਼ੰਕਾ ਮਨ ਮਹਿ ਕਰਹੁ ਨ ਕੋਈ। ਸ਼ਰਧਾ ਧਾਰਿ ਦਰਸੀਅਹਿ ਸੋਈ'॥੪੪॥ਸੁਨਿਕੈ ਮਾਈਦਾਸ ਅਦੰਭਾ[4]।ਪਛੁਤਾਵਤਿ ਮਨ ਮਾਨਿ ਅਚੰਭਾ॥ –ਨਿਸ਼ਚੈ ਭਯੋ ਮੋਰ ਅਪਰਾਧੂ। ਇਹਾਂ ਦਰਸ ਕੈਸੇ ਅਬਿ ਲਾਧੂ॥ ੪੫॥ ਪਾਰਬ੍ਰਹਮ ਸ੍ਰੀ ਸਤਿਗੁਰ ਰੂਪ।ਜਗ ਮਹਿਂ ਕੀਰਤਿ ਬਿਮਲ ਅਨੂਪ। ਸੰਜਮ ਸੋਂ ਭੋਜਨ ਕਹੁ ਖਾਨਾ। ਇਸ ਨੇ ਮੋਕਹੁ ਕੀਨਿ ਹਿਰਾਨਾ[5]॥੪੬॥ਉਰ ਕਰਿ ਸਰਲ ਮਿਲੌਂ ਅਬਿ ਜਾਈ। ਤਹਿਂ ਸ੍ਰੀ ਕ੍ਰਿਸ਼ਨ ਰੂਪ ਦਰਸਾਈ–। ਇਮ ਨਿਸ਼ਚੈ ਕਰਿ ਭੋਜਨ ਖਾਯੋ।ਹਟਯੋ ਤਹਾਂਤੇ ਪ੍ਰੇਮ ਬਢਾਯੋ॥ ੪੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਾਈਦਾਸ ਬੈਸ਼ਨੋ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ॥ ੫੨॥

## ੫੩. [ਮਾਈ ਦਾਸ ਵੈਸ਼ਨੋ। ਮਾਣਕਚੰਦ]।

ਦੋਹਰਾ॥ ਅਤਿ ਆਤੁਰ ਹੁਇ ਦਰਸ ਕੋ ਮਾਈ ਦਾਸ ਪਯਾਨ। ਪੰਥ ਚਲਤਿ

---

[1]ਲੁਕਕੇ। [2]ਭਾਵ ਸ੍ਰੀ ਗੁਰੂ ਅਮਰਦਾਸ ਜੀ ਦਾ। [3]ਤੇ ਮੇਰੇ ਵਿੱਚ। [4]ਨਿਰਛਲ। [5]ਖੁਆਰ, ਦੁਖੀ [ਫਾ:, ਹੈਰਾਨ]। *ਪਾ:–ਕਰੈ। †ਪਾ:–ਬ੍ਰਿਥਾ।

ਬਹੁ ਸ਼ੀਘ੍ਰ ਤੇ ਹੋਵਤਿ ਸੁਮਤਿ ਮਹਾਨ ॥ ੧ ॥ ਚੌਪਈ ॥ ਨਿਸ ਬਿਸਰਾਮਤਿ ਦਿਵਸ ਪਯਾਨਹਿ।ਕ੍ਰਿਸ਼ਨ ਸਤਿਗੁਰੂ*ਨਾਮ ਬਖਾਨਹਿ।ਚਿਤ ਮਹਿ ਚਿਤਵਤਿ ਆਵਤਿ ਸੋਈ।–ਪਾਰਬ੍ਰਹਮ ਗੁਰ ਅਮਰ ਜਿ ਹੋਈ॥੨॥ਮੋ ਕਹੁ ਰੂਪ ਸ਼ਯਾਮ ਦਿਖਰਾਵਹਿ। ਚਤੁਰ ਭੁਜਾ[੧] ਬਨਮਾਲ[੨] ਸੁਹਾਵਹਿ ।ਮੁਰ ਉਰ ਕੀ ਸ਼ਰਧਾ ਕਰਿ ਪੂਰੀ।ਦਰਸੌਂ ਸਭਿ ਤੇ ਮੂਰਤਿ ਰੂਰੀ–॥੩॥ਕੇਤਿਕ ਦਿਨਮਹਿ ਪਹੁੰਚਯੋ ਆਇ।ਜਿਹ ਠਾਂ ਗੋਇੰਦਵਾਲ ਸੁਹਾਇ। ਪ੍ਰਥਮਹਿ ਗਯੋ ਦੇਗ ਕੇ ਥਾਨਾ।ਕਰਯੋ ਜਾਚਿਕੈ ਭੋਜਨ ਖਾਨਾ॥੪॥ਤ੍ਰਿਪਤ ਹੋਇ ਪੁਨ ਅੰਤਰ ਗਯੋ। ਮਨਬਾਂਛਤਿ ਤਸ[੩]ਦਰਸ਼ਨ ਭਯੋ।ਜਿਹ ਸਰੂਪ ਕੀ ਉਸਤਤਿ ਬੇਦਾ।ਕਰਤਿ ਰਹਤਿ ਨਹਿਂ ਪਾਵਤਿ ਭੇਦ ॥ ੫ ॥ ਕਬਿੱਤ ॥ ਸੂਰਜ ਸਮਾਨ ਕੋਟ ਪ੍ਰਭਾ ਹੈ ਮਹਾਨ ਤਨ[੪], ਸ਼ੋਭਨ†ਹੈ ਸੀਸ, ਦੁਤਿ ਬਾਹੁਨ ਅਜਾਨਕੀ[੫]।ਕੰਬੁ ਗ੍ਰੀਵ, ਲੋਚਨ ਤਿਰੀਛੇ ਤੀਛੇ[੬]ਬਾਨ ਮਾਨੋ, ਤੀਖਨ ਹੈ ਨਾਸਕਾ ਮਹਾਨ ਸੁਖਦਾਨ ਕੀ।ਅਧਰ ਪ੍ਰਵਾਲ ਲਾਲ[੭],ਸੁੰਦਰ ਬਿਸਾਲ ਭਾਲ, ਕੁੰਡਲ ਕਪੋਲ ਪਰਡੋਲ ਚੰਚਲਾਨ ਕੀ[੮]। ਕੁੰਤਲ ਸੁਨੀਲੇ ਢੀਲੇ[੯] ਛੂਟੇ ਹੈਂ ਛਬੀਲੇ, ਚਟਕੀਲੇ[੧੦], ਪਟ ਪੀਲੇ ਫਹਿਰੀਲੇ ਬੇਗਵਾਨ ਕੀ[੧੧]॥੬॥ਕਬਿੱਤ॥ ਪਦ ਅਰਬਿੰਦ ਛਬਿ ਬ੍ਰਿੰਦ ਹੈ ਬਿਲੰਦ ਮ੍ਰਿਦੁ,ਆਨੰਦ ਕੇ ਕੰਦ ਹੈਂ ਮੁਕੰਦ ਨਿਜ ਦਾਸ ਕੋ।ਆਂਗਰੀ ਸੁਮਿਲੇ ਨਖ ਜਾਲ ਹੈਂ ਬਿਮਲ ਕਲਿ[੧੨], ਨੂਪਰ[੧੩] ਜਰਾਊ ਜੇ ਜਵਾਹਰ ਪ੍ਰਕਾਸ਼ ਕੋ[੧੪]। ਕੇਹਰਿ ਸੀ ਕਟ[੧੫], ਸੁਲਪੇਟੀ ਛੁੱਦ੍ਰਘੰਟਕਾ[੧੬] ਸੁ, ਤ੍ਰਿਵਲੀ ਉਦਰ[੧੭], ਉਰ ਆਯੁਤ ਬਿਲਾਸ ਕੋ[੧੮]। ਚੰਦ੍ਰਮਾ ਉਜਾਸ ਕੇ ਸਮਾਨ ਰਹਿ ਭਾਸ ਕੇ ਬਦਨ ਸੁਖਰਾਸ ਕੇ ਸੁਹਾਯੋ ਤ੍ਰਾਸ ਨਾਸ ਕੋ[੧੯] ॥ ੭ ॥ ਕਬਿੱਤ॥ ਦਿਜ

---

[੧]ਚਾਰ ਬਾਹਾਂ। [੨]ਵੈਜਯੰਤੀ ਮਾਲਾ। [੩]ਤਿਸ ਨੂੰ। [੪]ਕਰੋੜਾਂ ਸੂਰਜਾਂ ਵਾਂਗ ਸ਼ੋਭਾ ਬੜੀ ਹੈ ਜਿਨ੍ਹਾਂ ਦੇ ਤਨ ਦੀ। [੫]ਲੰਮੀਆਂ ਗੋਡਿਆਂ ਤਕ ਬਾਹਾਂ। [੬]ਸੰਖ ਵਰਗੀ ਗਿੱਚੀ, ਅੱਖੀਆਂ ਦੇ ਕੋਨੇ ਏਢੇ ਤਿੱਖੇ। [੭]ਹੋਠ ਮੂੰਗੇ ਵਤ ਲਾਲ। [੮]ਵਾਲੇ ਗੱਲ੍ਹਾਂ ਪਰ ਚੰਚਲ ਹੋ ਕਰਕੇ ਲਟਕ ਰਹੇ ਹਨ। (ਅ) ਡੋਲ+ਚੰਚਲਾ+ਆਯਨ=ਚੰਚਲਤਾ ਦਾ ਘਰ, ਭਾਵ ਮੱਛੀਆਂ ਵਰਗੀ ਡੋਲ। [੯]ਵਲਾਂ ਵਾਲੇ ਕੇਸ਼ ਕਾਲੇ ਲਟਕ ਰਹੇ ਹਨ। [੧੦]ਛਬ ਵਾਲੇ ਚੀਕਣੇ (ਕੇਸ)। [੧੧]ਬਸਤ੍ਰ ਪੀਲੇ ਲਹਿਰਾ ਰਹੇ ਹਨ ਪੌਣ ਦੇ ਵੇਗ ਨਾਲ। [੧੨]ਉਂਗਲੀਆਂ ਨਾਲ ਮਿਲੇ ਹੋਏ ਨੌਂਹ ਜੋ ਸਾਰੇ ਉੱਜਲ ਤੇ ਸੋਹਣੇ ਹਨ। [੧੩]ਝਾਂਜਰਾਂ। [੧੪]ਪ੍ਰਕਾਸ਼ ਰਹੇ ਹਨ। [੧੫]ਸ਼ੇਰ ਵਰਗੀ ਕਮਰ। [੧੬]ਤੜਾਗੀ। [੧੭]ਤਿੰਨ ਵਲ ਪੇਟ ਤੇ। [੧੮]ਛਾਤੀ ਚੌੜੀ ਅਨੰਦ ਦਾਯਕ। [੧੯]ਚੰਦ ਦੇ ਪ੍ਰਕਾਸ਼ ਸਮਾਨ ਪ੍ਰਕਾਸ਼ ਰਿਹਾ ਹੈ ਮੂੰਹ ਸੁੱਖਾਂ ਦੀ ਖਾਣ ਦਾ, ਸ਼ੋਭ ਰਿਹਾ ਹੈ ਡਰ ਨੂੰ ਨਾਸ਼ ਕਰਨ ਵਾਲਾ।

*ਪਾ:–ਸੁ ਸਤਿਗੁਰ। †ਪਾ:–ਸੋਭਤਿ।

ਪਦ ਚਿੰਨ੍ਹ, ਬਨਮਾਲ ਹੈ ਬਿਸਾਲ ਗਰ, ਚਤੁਰ ਭੁਜਾਨਿ ਗਹ੍ਯੋ ਗਦਾ
ਅਰਬਿੰਦ ਹੈ[੧]।ਸੰਖ ਚੱਕ੍ਰ ਬੱਕ੍ਰ[੨] ਧਰੇ, ਚੰਦਨ ਚਰਚ ਕਰੇ ਅੰਗਦ ਸਮੇਤ
ਭੁਜਦੰਡ[੩] ਸੋ ਬਿਲੰਦ ਹੈਂ।ਕੰਧ ਹੈਂ ਉਤੰਗ ਅੰਗ ਅੰਗ ਬਿਖੈ ਸੰਧਿ[੪] ਜੋਈ,ਮਾ-
ਸਲ[੫] ਕਠੋਰਸਭਿਬੱਜ੍ਰ ਕੇ ਮਨਿੰਦ ਹੈਂ।ਹਸੈਂ ਮੰਦਮੰਦ ਹੈਂ, ਉਪਾਵਤਿਅਨੰਦ
ਹੈਂ,ਅਨਿੰਦ ਜਗਬੰਦ[੬]ਹੈਂ,ਮੁਕੰਦ ਸ਼੍ਰੀ ਗੁਬਿੰਦ ਹੈਂ॥੮॥ਦੋਹਰਾ॥ਅਪਰ ਸੁੰਦ੍ਰਤਾ
ਪ੍ਰਭੁ ਕੀ ਬਰਨ ਸਕੈ ਅਸ ਕੌਨ। ਕੋਟ ਕਾਮ ਸਸਿ ਸੂਰ[੭] ਕੀ ਸਮਤਾ
ਨਾਂਹਿਨਤੌਨ[੮]॥੯॥ਚੌਪਈ॥ਮਾਈਦਾਸ ਬੈਸ਼ਨੋ ਦੇਖਿਤਨ ਮਨ ਕੀ ਸੁਧਿ ਰਹੀ
ਨ ਸ਼ੇਖ਼[੯]। ਹੇਰਿ ਸਰੂਪ ਮਸਤ ਹੁਇ ਰਹ੍ਯੋ। ਕੋ ਬਿਧਿ ਮੁਖ ਤੇ ਜਾਤਿ ਨ
ਕਹ੍ਯੋ॥੧੦॥ਮੁੰਦ੍ਰਿਤ ਕਰੇ[੧੦] ਬਿਲੋਚਨ ਜਬੈ। ਅੰਤਰ ਪਿਖ੍ਯੋ ਰੂਪ ਸੋ ਤਬੈ।
ਕਿਤਿਕਬਾਰ[੧੧]ਨਹਿ ਨੈਨ ਉਘਾਰੇ।ਉਰਮਹਿ ਮੂਰਤਿ ਥਿਰ੍ਯੋਨਿਹਾਰੇ॥੧੧॥
ਬਹੁਰ ਬਿਲੋਚਨ ਖੋਲੇ ਜਬੈ। ਪਿਖਿ ਸ੍ਰੀ ਅਮਰ ਰੂਪ ਨਰ[੧੨]ਤਬੈ।ਸਤਿਗੁਰ
ਨੇ ਨਿਜ ਰੂਪ ਬਨਾਯੋ।ਬਾਂਛਿਤ ਚਿਤ ਸੋ ਤਿਸੈ ਦਿਖਾਯੋ ॥ ੧੨ ॥ ਨਿਕਟ
ਹਕਾਰ੍ਯੋ ਮਾਈਦਾਸ।'ਆਵੋ ਭਗਤ ਬੈਠਿਯੇ ਪਾਸ'।ਸੁਨਤਿ ਬੈਨ ਚਰਨਨਿ
ਪਰ ਪਰ੍ਯੋ।ਸ਼੍ਰੀ ਗੁਰ ਨਿਜ ਕਰ ਮਸਤਕ ਧਰ੍ਯੋ ॥ ੧੩ ॥ ਰੁਚਿਰ ਪ੍ਰਸੰਸਾ
ਕਰਿਬੇ ਲਾਗ੍ਯੋ।ਗੁਰੁ ਕ੍ਰਿਪਾਲ ਕੇ ਪਗ ਅਨੁਰਾਗ੍ਯੋ[੧੩]। 'ਧੰਨ ਧੰਨ ਸਤਿਗੁਰ
ਗਤਿਦਾਨੀ। ਕਲਿ ਮਹਿਂ ਕਰਹੁ ਉਧਾਰਨ ਪ੍ਰਾਨੀ ॥੧੪॥ ਭੁਜੰਗ ਛੰਦ॥ ਨਮੋ
ਦੀਨ ਦਯਾਲੰ,ਨ ਆਦੰ ਨ ਅੰਤੰ।ਅਗਾਧੰ[੧੪],ਅਬਾਧੰ[੧੫],ਰਚੇ ਸਰਬ ਜੰਤੰ[੧੬]।
ਤੁਹੀ ਲੋਕ ਚੌਦਾ ਰਚੇ ਧਾਰਿ ਲੀਲਾ। ਪ੍ਰਵੇਸ਼੍ਯੋ-ਸਬੈ ਮੈਂ,ਅਲੇਪੰ ਸੁ ਮੀਲਾ[੧੭]॥
੧੫॥ ਮਹਾਂ ਬੀਜ ਬੀਜੰ ਬਿਥਾਰੇ ਬਿਥਾਰਾ[੧੮]।ਤੁਹੀ ਏਕ ਮੂਲੰ ਜਗੀ ਸਾਖ-
ਸਾਰਾ[੧੯]। ਉਪਾਵੈਂ ਤੁਹੀ, ਫੇਰ ਪਾਲੈਂ,ਸੰਘਾਰੈਂ। ਸੰਕੋਚੈਂ ਸਬੈ ਦ੍ਰਿਸ਼੍ਯਮਾਨੰ

---

[੧](ਦਿਜ=)ਭ੍ਰਿਗੁਦੇ ਚਰਨਦਾ ਨਿਸ਼ਾਨ,ਵੈਜਯੰਤੀਮਾਲਾ ਸ੍ਰੇਸ਼੍ਟ ਗਲ ਵਿੱਚ, ਚਾਰ ਬਾਹਾਂ ਵਿੱਚੋਂ(ਦੋਹੁ ਵਿੱਚ)ਫੜਿਆ ਤ੍ਰਿਸ਼ੂਲ ਤੇ ਕਵਲ ਹੈ। [੨](ਤੇ ਬਾਕੀ ਦੋਹੁ ਵਿਚ)ਸੰਖ ਤੇ ਟੇਢਾ ਚੱਕਰ। [੩]ਭੁਜਾਂ ਤੇ ਬੁਹੱਟੇ ਹਨ ਤੇ ਚੰਦਨ ਛਿੜਕਿਆ ਹੈ। [੪]ਜੋੜ। [੫]ਮਸਲੀਆਂ (ਮਾਸ ਦੀਆਂ ਮਛਲੀਆਂ)। [੬]ਜਗਤ ਦੇ ਬੰਦਨਾ ਯੋਗ। [੭]ਕ੍ਰੋੜ ਚੰਦ੍ਰਮੇ ਤੇ ਸੂਰਜ। [੮]ਤਿਸ ਸਤਿਗੁਰੂ ਨਾਲ। [੯]ਬਾਕੀ। [੧੦]ਬੰਦ ਕੀਤੇ। [੧੧]ਕਿੰਨੀ ਦੇਰ। [੧੨]ਦੇਖੇ ਸ੍ਰੀ ਗੁਰੂ ਅਮਰਦਾਸ ਜੀ ਮਨੁਖ ਰੂਪ ਵਿਚ। [੧੩]ਪ੍ਰੇਮ ਕਰਨ ਲਗਾ। [੧੪]ਸਮੁੰਦਰ ਰੂਪ ਹੋ। [੧੫]ਦੁਖਾਂ ਤੋਂ ਰਹਿਤ ਹੋ। [੧੬]ਜੀਵ ਜੰਤ। [੧੭]ਮਿਲਿਆ (ਸਭਨਾਂ ਵਿਚ ਫਿਰ) ਅਲੇਪ ਹੈ। [੧੮]ਕਾਰਨ ਦਾ ਕਾਰਣ ਤੇ ਬਿਸਥਾਰਾਂ ਦਾ ਬਿਸਥਾਰ। [੧੯]ਤੂੰ ਹੀ ਇਕ ਮੁੱਢ ਹੈਂ ਅਤੇ ਸਾਰਾ ਜਗ ਟਾਹਣੀਆਂ ਹਨ।

ਪਸਾਰੈ[੧]॥੧੬॥ ਲਖੈ ਨਾਂਹਿ ਕੋਈ ਅਕਾਰੈਂ[੨] ਕਿਤੋ ਹੈ। ਤੁਹੀ ਆਪ ਜਾਨੈ ਗਤੀ ਮੇਂ ਜਿਤੋ ਹੈਂ[੩]। ਰਚੇ ਪੰਚ ਭੂਤੰ ਰਿਖੀਕੀ[੪] ਜਿ ਸਾਰੀ। ਕਰੀ ਖਾਨ ਚਾਰੀ[੫]ਅਨੇਕੈ ਪ੍ਰਕਾਰੀ ॥੧੭॥ ਕ੍ਰਿਪਾਧਾਰਿ ਜਾਂਕੋ ਕਰੋ ਦਾਨ ਨਾਮੰ[੬]। ਰਟੈ ਨੀਤਿ ਸੋਈ ਪਰੈ ਤੋਹਿ ਸਾਮੰ[੭]। ਤਜੇ ਦੇਹਿ ਹੰਤਾ[੮] ਲਖੈ ਸੋ ਨਿਰਾਲਾ। ਲਗੈ ਮੀਠ ਭਾਣਾ,ਰਹੰਤੋ* ਸੁਖਾਲਾ ॥੧੮॥ ਲਖੈ ਮੀਤ ਤੋਹੀ, ਸਰੈਂ ਕਾਜ ਸਾਰੇ। ਅਨੇਕਾਨਿ[੯] ਮੈਂ ਏਕ ਤੋਹੀ ਨਿਹਾਰੇ। ਤੁਹੀ ਦੀਨ ਬੰਧੂ,ਦਯਾ ਸਿੰਧੁ ਸ੍ਵਾਮੀ।ਉਧਾਰੈਂ ਲਖੈਂ ਦਾਸੁ ਪ੍ਰੇਮੀ ਅਕਾਮੀ[੧੦]॥੧੯॥ਮਹਾਂਰਾਜ ਰਾਜਾ ਪ੍ਰਤਾਪੀ ਬਿਰਾਜੈ। ਤੁਹੀ ਸਰਬ ਕੇ ਸੀਸ ਪੈ ਏਕ ਛਾਜੈਂ[੧੧]। ਘਨਾਨੰਦ[੧੨] ਗਜਾਨੰ ਮਨਿੰਦੰ[੧੩]ਨ ਕੋਈ।ਕਲੀ ਦੇਹ ਧਾਰਯੋ[੧੪]ਕਲਾ ਸਰਬਗੋਈ[੧੫]॥੨੦॥ਗੁਰੂਰੂਪ ਹੋਏ ਤ੍ਰਿਤੀ ਥਾਨ ਸੋਹੈਂ।ਅਸੰਖੈ ਉਧਾਰੇਬਨੇ ਦਾਸ ਜੋ ਹੈਂ।ਨਈ ਰੀਤਿ ਸਿੱਖੀ ਬਿਥਾਰੀ ਉਦਾਰੀ।ਲਈ ਧਾਰਿਜਾਂਹੀਤ੍ਰਏਦੁੱਖਨਪਾਰੀ[੧੬]॥੨੧॥ਸਦਾਜੈ,ਸਦਾ ਜੈ,ਸਦਾ ਜੈ ਗੁਸਾਈਂ।ਮਯਾਕੀਨਿ ਮੋਪੈ ਸੁ ਲੀਨੋ ਬਚਾਈ।ਗੁਬਿੰਦੇ, ਮੁਕੰਦੇ ਅਨੰਦੇ,ਅਨੂਪੇ। ਨਮਸਤੇ ਨਮਸਤੇ ਸਮਸਤੇ‡ ਸਰੂਪੇ†॥੨੨॥ ਦੋਹਰਾ॥ਇਸ ਪ੍ਰਕਾਰ ਉਸਤਤਿ ਕਰੀ ਹਰਖਤਿ ਮਾਈਦਾਸ। ਭਯੋ ਨਿਹਾਲ ਬਿਸਾਲ ਹੀ ਪੂਰਨ ਪ੍ਰੇਮ ਪ੍ਰਕਾਸੁ[੧੭]॥੨੩॥ਚੌਪਈ॥'ਹੇ ਪ੍ਰਭੁ! ਜੇ ਪ੍ਰਸੰਨ ਮੁਝ ਪਰ ਹੋ।ਰਾਖੋ ਚਰਨ ਕਮਲ ਰਜ ਕਰਿ ਹੋ[੧੮]। ਨਿਤ ਦਰਸ਼ਨ ਮੈਂ ਤੁਮਰੋ ਪਾਊਂ। ਜਨਮ ਜਨਮ ਕੋ ਭਰਮ ਮਿਟਾਊਂ'॥੨੪॥ਸੁਨਿ ਸ੍ਰੀ ਅਮਰ ਪ੍ਰਸੀਦਨਿ[੧੯]ਭਏ।ਮੁਸ-ਕਾਵਤਿ ਮੁਖ ਸੁਖ ਕੋ ਦਏ[੨੦]।ਬਚਨ ਕਹਯੋ'ਸੁਨ ਮਾਈਦਾਸ!।ਅਬਤੂ‡ਰਹੁ ਹਮਾਰੇ ਪਾਸ ॥੨੫॥ ਪ੍ਰਭੁ ਕੋ ਦਰਸ਼ਨ ਇਹ ਠਾਂ ਪਾਯਸਿ। ਸਰਬ ਕਾਮਨਾ ਤੇ ਤ੍ਰਿਪਤਾਯਸਿ[੨੧]।ਅਸ਼ਟ[੨੨] ਦਿਵਸ ਜਬਿ ਅਬਹਿ ਬਿਤਾਵੈ। ਬਹੁਰੋ ਤੋਹਿ ਗੁਰੂ ਬਿਦਤਾਵੈਂ[੨੩]॥੨੬॥ਰਹੁ ਅਨੰਦ ਹੁਇ ਗੋਇੰਦਵਾਲ। ਮਿਲ ਸਤਿਸੰਗ-

[੧]ਨਿਗਾਹ ਆਂਵਦੇ ਸਾਰੇ ਪਸਾਰੇ ਨੂੰ ਸੰਕੋਚਦੇ ਹੋ (ਲੈ ਕਰਦੇ ਹੋ)। [੨]ਆਕਾਰ। [੩]ਆਪਣੀ ਗਤੀ ਵਿਚ ਜਿੰਨਾਂ ਕੁ ਤੂੰ ਹੈਂ ਤੂੰ ਆਪਹੀ ਜਾਣਦਾ ਹੈਂ। [੪]ਇੰਦ੍ਰੀਆਂ। [੫]ਚਾਰੇ ਖਾਣੀਆਂ। [੬]ਨਾਮ ਦਾ ਦਾਨ। [੭]ਤੇਰੀ ਸ਼ਰਨਿ। [੮]ਦੇਹ ਅਭਿਮਾਨ। [੯]ਅਨੇਕਾਂ ਵਿਚ। [੧੦]ਨਿਸ਼ਕਾਮ। [੧੧]ਫਬ ਰਿਹਾ ਹੈਂ। [੧੨]ਇਕਰਸ। [੧੩]ਵਰਗਾ। [੧੪]ਕਲਯੁਗ ਵਿਚ ਦੇਹ ਧਾਰੀ ਹੈ ਤੇ। [੧੫]ਛਪਾਈ ਹੈ। [੧੬]ਦੁੱਖਾਂ ਤੋਂ ਪਾਰ। [੧੭]ਪ੍ਰਗਟਿਆ। [੧੮]ਚਰਨਾਂ ਕਮਲਾਂ ਦੀ ਧੂੜੀ ਬਨਾਕੇ ਰਖੋ। [੧੯]ਪ੍ਰਸੰਨ। [੨੦]ਮੁਖ ਤੋਂ ਹਸੇ ਸੁਖ ਨੂੰ ਦੇਣ ਵਾਲੇ (ਸ੍ਰੀ ਗੁਰੂ ਜੀ)। [੨੧]ਤ੍ਰਿਪਤ ਹੋ ਜਾਏਂਗਾ। [੨੨]ਅੱਠ। [੨੩]ਤੇਰਾ ਗੁਰੂ ਪ੍ਰਗਟ ਕਰਾਂਗੇ ਭਾਵ ਗੁਰਮੁਖ ਤੋਂ ਹੈ। *ਪਾ:-ਰਹੀ ਤੇ-ਰਹੰਤੇ। †ਪਾ:-ਨਮਸਤੇ। ‡ਪਾ:-ਤੇ।

ਤਿ ਸਿੱਖਨ ਨਾਲ'।ਹਾਥ ਜੋਰਿ ਤਿਨਿ*ਤੈਸੇ ਮਾਨੀ। ਰਹਯੋ ਸਮੀਪ ਸੰਦੇ-
ਹਨ ਹਾਨੀ[1]॥੨੭॥ਕਾਰ ਬਾਪਿਕਾ ਕੀ ਬਡ ਹੋਵੈ।ਸਭਿ ਸੰਗਤਿ ਸਿਰ ਕਰਿ
ਨਿਤ ਢੋਵੈ[2]। ਖੋਦਤਿ ਖੋਦਤਿ ਜਲ ਲਗਿ ਗਏ। ਕਰ ਰੋਰਨ ਕੌ[3] ਦੇਖਤਿ
ਭਏ॥੨੮॥ਨਹਿੰ ਟੂਟਹਿ ਬਹੁ ਜਤਨ ਕਰਤਿਹੈਂ।ਬੁਧਿ ਬਲਿ ਅਪਨੋ ਸਕਲ
ਧਰਤਿ ਹੈਂ। ਤਬਿ ਸ੍ਰੀ ਅਮਰ ਨਿਕਟ ਚਲਿ ਕਹਯੋ। ਸਤਿਗੁਰ ਨੇ ਬ੍ਰਿਤਾਂਤ
ਸਭਿ ਲਹਯੋ॥੨੯॥ਮਾਣਕ ਚੰਦ ਪਥਰੀਆ ਜਾਤਿ।[4]ਖੱਤ੍ਰੀਕੁਲ ਸੁੰਦਰ ਦ੍ਰਿੜ
ਗਾਤ[5]।ਤਿਹਸੰਗ ਸਤਿਗੁਰ ਕੀਨਿ ਬਖਾਨਾ।'ਹੇਮਾਣਕਚੰਦ ਲੇਹੁ ਵਿਦਾਨ[6]
॥੩੦॥ਕਰਹੁ ਜੋਰ ਤਿਹ ਹਤਹੁ ਬਨਾਇ'।ਸੁਨਿ ਕਰਿ ਚਰਨ ਪਰਯੋ ਸਹਿ-
ਸਾਇ[7]।ਗੁਰ ਨਿਜ ਕਰ ਤਿਹ ਪੀਠ ਧਰਯੋ ਹੈ। ਲੇ ਵਿਦਾਨ ਕੋ ਬੀਚ ਬਰਯੋ
ਹੈ॥੩੧॥ਕਰ ਕੋ ਕਰਿ ਬਲ[8] ਮਾਰਤਿ ਭਯੋ।ਟਟਯੋਜਲ ਸੋ ਥਲ ਭਰਿਗਯੋ।
ਬੂਡਯੋ ਮਾਣਕ ਹਾਨੇ[9]ਪ੍ਰਾਨ। ਸਤਿਗੁਰ ਸੁਨਿ ਬ੍ਰਿਤੰਤ ਇਹ ਕਾਨ ॥ ੩੨ ॥
'ਮਾਣਕ ਹੋਇ[10] ਸੁ ਮਰਤੋ ਨਾਂਹੀ। ਲੇ ਆਵਹੁ ਤਿਸ ਕੋ ਹਮ ਪਾਹੀ'।ਸੁਨਿ
ਮਾਣਕ ਕੋ ਲਯਾਇ ਨਿਕਾਸ। ਧਰਯੋ ਆਨਿਕਰਿ ਸਤਿਗੁਰ ਪਾਸ॥ ੩੩ ॥
ਦਾਹਨ[11]ਚਰਨ ਸੀਸ ਕੋ ਛ੍ਵਾਯੋ। ਉਠਿ ਬੈਠਯੋ ਜਨੁ ਸੁਪਤਿ ਜਗਾਯੋ।ਸਿਰ
ਪਰ ਸਤਿਗੁਰ ਨੇ ਕਰ ਫੇਰਾ।ਭਯੋ ਪ੍ਰਕਾਸ਼ ਬਿਨਾਸ਼ਿ[12]ਅੰਧੇਰਾ ॥ ੩੪॥ ਸਭਿ
ਰਿਧਿ ਸਿਧਿ ਬਖਸ਼ਨ ਕੋ ਕਰਯੋ।ਨਾਮੁ'ਜੀਵੜਾ'ਤਿਸ ਕੋ ਧਰਯੋ। ਮਾਈਦਾਸ
ਹਕਾਰਯੋ ਪਾਸ।ਸਤਿਗੁਰ ਕੀਨਸਿ ਬਾਕ ਪ੍ਰਕਾਸ਼ ॥੩੫॥'ਤੋਹਿ ਗੁਰੂ[13]ਇਹੁ
ਮਾਣਕ ਚੰਦ।ਰਾਖਹੁ ਇਨ ਸੋਂ ਪ੍ਰੇਮ ਬਿਲੰਦ।ਮੰਤ੍ਰ[14]ਆਪਨੋ ਤੋਹਿ ਬਤਾਇ।
ਤਿਲਕ ਗੁਰਮੁਖੀ ਮਸਤਕ ਲਾਇ॥ ੩੬ ॥ ਸੇਲੀ[15] ਦਈ ਕਰਹੁ ਸਿਖ
ਸੰਗਤਿ।ਸੱਤਿਨਾਮ ਜਪੀਐ ਮਿਲਿ ਪੰਗਤਿ। ਸੰਗਯਾ[16]ਭਗਤਨਿ ਕੀ ਤੁਮ
ਹੋਈ।ਜਗ ਸੰਤਾਪ ਬਿਨਾਸੋ ਜੋਈ[17] ॥੩੭॥ ਤੁਮ ਅਬਿ ਅਪਨੇ ਗ੍ਰਿਹ ਕਉ
ਜਾਵਹੁ।ਸੱਤਿ ਨਾਮ ਕੋ ਜਾਪ ਜਪਾਵਹੁ। ਗੁਰਮੁਖ ਮਾਰਗ ਕਰਹੁ ਪ੍ਰਕਾਸ਼।

---

[1]ਸ਼ਿਸਿਆਂ ਨੂੰ ਦੂਰ ਕਰਕੇ। [2]ਸਿਰ ਤੇ ਨਿਤ ਢੋਣਾ ਕਰੇ। [3]ਰੋੜਾਂ ਦਾ ਕੜ। [4]ਪਥਰੀਆ ਜਾਤ ਵਾਲਾ। [5]ਤਕੜਾ ਸੁੰਦਰ ਸਰੀਰ। [6]ਵਡਾ ਹਥੌੜਾ, ਘਨ, ਵਦਾਨ। [7]ਸ਼ੀਘਰ ਹੀ। [8]ਹਥਾਂ ਦਾ ਬਲ ਕਰਿਕੇ। [9]ਨਾਸ਼ ਹੋਏ। [10]ਜੋ ਮਾਣਕ ਹੈ। [11]ਸੱਜਾ। [12]ਨਾਸ਼ ਕਰਕੇ। [13]ਭਾਵ ਗੁਰਮੁਖ। ਮੁਰਸ਼ਿਦ। [14]ਗੁਰਮੰਤ੍ਰ। [15]ਕਾਲੀ ਉੱਨ ਯਾ ਰੇਸ਼ਮ ਆਦਿ ਦੀ ਬਣੀ ਗਲੇ ਪਾਉਣ ਯਾ ਸਿਰ ਲਪੇਟਨ ਦੀ ਸ਼ੈ। [16]ਨਾਮ। [17]ਸੰਸਾਰ ਦੇ ਦੁਖ ਨਾਸ਼ ਹੋਏ। *ਪਾ:-ਤਬ।

ਜਹਿਂ ਕਹਿਂ ਹੋਵਹਿ ਭਗਤਿ ਨਿਵਾਸ' ॥ ੩੮ ॥ ਸੁਨਿ ਮੁਦ[1] ਮਾਈਦਾਸ ਬਿਸਾਲ । ਮਾਣਕ ਕੇ ਪਾਇਨ[2] ਤਤਕਾਲ। ਨਮਸਕਾਰ ਕਰਿ ਹੋਯਹੁ ਸੰਗਿ। ਦੋਨਹੁ ਪ੍ਰਾਪਤ ਅਨੰਦ ਅਭੰਗ[3]॥੩੯॥ਭੁਗਤਿਮੁਕਤਿ ਪ੍ਰਾਪਤਿਕਰ ਮਾਂਹੀ। ਗੁਰ ਤੇ ਕੁਛ ਅਚਰਜ ਇਹੁ ਨਾਂਹੀ। ਗੁਰ ਚੇਲਾ ਦੋਨਹੁ ਤਬਿ ਹੋਇ। ਪਦ[4] ਸ੍ਰੀ ਅਮਰ ਪਰਤ ਭੇ ਸੋਇ ॥ ੪੦ ॥ ਕਰਿ ਬਹੁ ਪ੍ਰੇਮ ਬਿਨੈ ਬਹੁ ਠਾਨੀ ।'ਹੇ ਸਤਿਗੁਰ ਅਪਦਾ ਸਭਿ ਹਾਨੀ'। ਦੋਨਹੁ ਗਮਨ ਕੀਨਿ ਤਤਕਾਲੇ। ਸਦਨ ਆਪਨੇ ਬਸੇ ਸੁਖਾਲੇ ॥ ੪੧ ॥ ਸੱਤਨਾਮ ਬਹੁ ਨਰ ਉਪਦੇਸ਼ਾ । ਸਿੱਖੀ ਕੋ ਵਿਸਤਾਰ ਵਿਸ਼ੇਖਾ[5]।ਬਚਨ ਕਹੈਂ ਤਤਛਿਨ ਫੁਰਜਾਵੈ।ਲੋਕਅਨੇਕ ਪੂਜਿਬੇ ਆਵੈਂ ॥ ੪੨॥ ਜੋ ਜਾਚਹਿ ਇਨ ਕੇ ਢਿਗ ਆਇ।ਰਿਦੇ ਮਨੋਰਥ ਤਤਛਿਨ ਪਾਇ।ਹੋਹਿ ਬਸੋਏ ਕੋ ਦਿਨ ਜਬੈ । ਚਲਿ ਆਵਹਿਂ ਸਤਿਗੁਰ ਢਿਗ ਤਬੈ॥ ੪੩ ॥ ਦਰਸ਼ਨ ਕਰਿ ਨਿਜ ਬਿਨਯ ਸੁਨਾਵਹਿਂ। ਬਹੁਰ ਆਪਨੇ ਗ੍ਰਿਹਕੋ ਜਾਵਹਿਂ । ਭਈ ਜਗਤ ਮੈਂ ਬਡਿ ਬਡਿਆਈ । ਅੰਤ ਸਮੈਂ ਸੁਖ ਸੌਂ ਗਤਿ ਪਾਈ*।੪੪।ਸੋਰਠਾ॥ਬਖਸ਼ਿਸ਼ ਕਰਹਿਂ ਕ੍ਰਿਪਾਲ ਸਿੱਖੀ ਪੰਥ ਪ੍ਰਸਿੱਧ[6] ਹਿਤ। ਸੇਵਕ ਹੋਤਿ ਨਿਹਾਲ ਪਾਰਬ੍ਰਹਮ ਗੁਰ ਪ੍ਰੇਮ ਚਿਤਿ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਾਣਕ ਪ੍ਰਸੰਗ' ਬਰਨਨੰ ਨਾਮ ਤੀਨ ਪੰਚਾਸਤੀ ਅੰਸੂ॥੫੩॥

੫੪. [ਅਕਬਰ ਦੀ ਗੁਰ ਦਰਸ਼ਨ ਹਿਤ ਲਾਲਸਾ । ਗੰਗੋਸ਼ਾਹ ਬੱਸੀ ਖੱਤ੍ਰੀ]।

ਦੋਹਰਾ ॥ ਅਕਬਰ ਦੁਰਗ[7] ਚਿਤੌੜ ਕੋ ਟੂਟਨੇ ਨ[8] ਕਰਤੇ ਜੰਗ।ਸ੍ਰੀ ਸਤਿਗੁਰ

---

[1]ਪ੍ਰਸੰਨ ਹੋਇਆ । [2]ਚਰਨੀਂ । [3]ਇਕ ਰਸ ਆਨੰਦ । [4]ਚਰਨੀਂ । [5]ਭਾਵ ਪ੍ਰਚਾਰ ਬਹੁਤ ਕੀਤਾ । [6]ਪ੍ਰਗਟਤਾ । [7]ਕਿਲ੍ਹਾ । [8]ਫਤੇ ਨਾ ਹੋਇਆ ।

*ਮਾਈਦਾਸ ਸ੍ਰੀ ਕ੍ਰਿਸ਼ਨ ਜੀ ਦਾ ਅਨੰਨਯ ਸੇਵਕ ਸੀ, ਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਦੁਆਰਕਾ ਵਲ ਗਿਆ । ਇਹਦੀ ਅਗਾਧ ਭਗਤੀ ਤੇ ਕ੍ਰਿਸ਼ਨ ਜੀ ਰੀਝੇ ਤੇ ਅਕਾਸ਼ ਬਾਣੀ ਦੁਆਰੇ ਪ੍ਰਗਟ ਕੀਤਾ ਕਿ ਐਸ ਵੇਲੇ ਮੁਕਤ ਭੁਗਤ ਦੇ ਦਾਤਾ ਗੁਰੂ ਅਮਰਦਾਸ ਜੀ ਹਨ । ਮਾਈ ਦਾਸ ਆਪਣੇ ਇਸ਼ਟ ਦੇ ਇਹ ਵਾਕ ਸੁਣ ਜੱਗਜਾਸਾ ਭਾਵ ਨੂੰ ਲੈਕੇ ਸ੍ਰੀਗੁਰੂ ਅਮਰਦਾਸ ਜੀ ਦੇ ਦਰਬਾਰ ਹਾਜ਼ਰ ਹੋਇਆ ਤੇ ਚਰਨੀਂ ਡਿੱਗਾ ਤੇ ਸਤਿਗੁਰੂ ਜੀ ਦੇ ਇੱਕ ਸਿੱਖ ਤੋਂ ਕਲਯਾਨ ਪ੍ਰਾਪਤ ਕੀਤੀ। ਗੁਰੂ ਘਰ ਦੀ ਉੱਚਤਾ ਤੇ ਮਹਾਨਤਾ ਹੈ ਕਿ ਇਕ ਕ੍ਰਿਸ਼ਨ ਉਪਾਸਕ ਜਿਸਨੂੰ ਅਪਣਾ ਇਸ਼ਟ ਉਪਦੇਸ਼ ਦਿੰਦਾ ਹੈ,ਤੇ ਗੁਰੂ ਜੀ ਦੀ ਮਹਿਮਾ ਦੱਸਦਾ ਹੈ,ਉਹ ਗੁਰੂ ਘਰਵਿਚ ਆਕੇ ਇਕ ਸਿੱਖ ਤੋਂ ਪਰਮਗਤੀ ਪ੍ਰਾਪਤ ਕਰਦਾ ਹੈ । ਜੋ ਸ਼ੈ ਉਸਨੂੰ ਉਥੇ ਇਸ਼ਟ ਤੋਂ ਨਾਂ ਮਿਲੀ ਸੋ ਏਥੇ ਗੁਰਸਿੱਖ ਤੋਂ ਲੱਭ ਪਈ । ਬਾਕੀ ਕ੍ਰਿਸ਼ਨ ਜੀ ਦਾ ਰੂਪਕ ਕਵਿ ਜੀ ਨੇ ਵਿਸ਼ਨੂ ਰੂਪਤਾ ਕਾਵਯ ਰੀਤੀ ਨਾਲ ਜੋ ਬਧਾ ਹੈ ਸੋ ਮਾਈਦਾਸ ਦੇ ਤਦੋਂ ਦੇ ਧਿਆਨ ਹੋਏ ਨਿਸ਼ਚੇ ਦਾ ਸਰੂਪ ਹੈ ।

ਢਿਗ ਨਰ ਪਠਯੋ ਬਹੁਤ ਬੇਨਤੀ ਸੰਗ ॥ ੧ ॥ਚੌਪਈ॥'ਪੀਰ ਫਕੀਰ ਪ੍ਰਥਮ
ਬਹੁ ਸੇਵੇ।ਹੁਇ ਪ੍ਰਸੰਨ ਸਭਿਹਿਨਿ ਬਰ ਦੇਵੇ।ਨਹੀਂ ਫਤੇਭਾ ਦੁਰਗਚਿਤੌਰ।
ਅਬਿ ਮੈਂ ਸ਼ਰਨ ਹਾਥ ਕੋ ਜੋਰਿ'॥੨॥ ਸੁਨਿ ਗੁਰ ਕਹਯੋ'ਤਬਹਿ ਗੜ੍ਹ ਛੂਟੇ।
ਇਹਾਂ ਬਾਪਿਕਾ* ਕੋ ਕਰ ਟੂਟੇ'। ਤਬ ਤੇ ਰਹਯੋ ਸ਼ਾਹੁ ਕੋ ਮਾਨਵ[੧]।ਕੜ੍ਹ†
ਟੂਟਯੋ ਜਬਿ ਹੀ ਤਿਨ ਜਾਨਵ[੨] ॥ ੩ ॥ ਲਿਖਿ ਲੇ ਗਯੋ ਵਾਰ ਤਿਥਿ ਮਾਸ[੩]।
ਪਹੁੰਚਯੋ ਚਲਿ ਅਕਬਰ ਕੇ ਪਾਸ। ਜਿਸ ਛਿਨ ਕੜ੍ਹ ਟੂਟਯੋ ਤਿਸ ਕਾਲ।
ਤਬਹੂੰ ਛੁਟਯੋ ਚਿਤੌੜ ਬਿਸਾਲ ॥੪॥ ਅਕਬਰ ਉਰ ਪ੍ਰਤੀਤ ਬਡਿ ਆਈ।
ਦਰਸ਼ਨ ਕਰਿਬੇ ਚਾਹ ਬਧਾਈ।ਆਮਖਾਸ ਮਹਿ ਕਰੀ ਪ੍ਰਸ਼ੰਸਾ[੪]।'ਸ਼੍ਰੀ ਨਾਨਕ
ਅੱਲਹਿ[੫]ਨਹਿਂ ਸੰਸਾ॥੫॥ਆਰਫ਼[੬] ਕਾਮਲ[੭]ਵਲੀ[੮]ਵਲਾਇਤ[੯]।ਹੋਹਿ ਸਹਾਇ
ਦਾਸ ਹਰਿ ਸਾਇਤ[੧੦]। ਹਿੰਦੂ ਮੁਸਲਮਾਨ ਤੇ ਨਯਾਰੇ। ਨਰ ਅਨੇਕ ਦੋਨੋ
ਤੇ[੧੧] ਤਾਰੇ॥੬॥ਲਵਪੁਰਿ ਚਲਹਿ ਮਿਲਹਿ ਦਰਸਾਵਹਿ[੧੨]'। ਇਮ ਨਿਸ਼ਚੇ
ਕਰਿ ਪ੍ਰੇਮ ਬਢਾਵਹਿ। ਬੱਸੀ ਖੱਤ੍ਰੀ[੧੩] ਗੰਗੋ ਨਾਮਾ।ਧਨ ਬਿਵਹਾਰ[੧੪]ਕਰਨਿ
ਤਿਹ ਕਾਮਾ ॥੭॥ ਦਰਬ ਹਜ਼ਾਰਹੁੰ ਬਨਜ[੧੫] ਚਲਾਵੈ। ਨਿਤ ਪ੍ਰਤਿ ਮਤਿ
ਕਰ ਅਧਿਕ ਬਧਾਵੈ। ਬਿਗਰਯੋ ਏਕ ਬਾਰ ਬਿਵਹਾਰੈ। ਪਾਇਸਿ ਤੋਟਾ[੧੬]
ਜਿਤਿ ਕਿਤਿ ਸਾਰੈ॥੮॥ਨਹੀਂ ਸਹਾਇਕ ਕੋ ਤਿਸ ਭਯੋ[੧੭]। ਹੁਤੋ ਉਧਾਰ ਨ
ਸੋ ਕਿਨ ਦਯੋ[੧੮]।ਬਡ੍ਹਾਕਸ਼ਟ ਹੋਯਸਿ ਮਨ ਮਾਂਹੀ। ਸੋ ਉਪਚਾਰ ਚਲਯੋ ਤਿਸ
ਨਾਂਹੀ ॥੯॥ ਨਿਜ ਕੁਟੰਬ ਸਨਬੰਧੀ ਆਨ[੧੯]। ਅਰੁ ਜਿਨ ਸੰਗ ਬਨਜ ਕੋ
ਠਾਨਿ[੨੦]।ਸਖਾ ਆਦਿ ਸਭਿ ਤੇ ਦੁਖ ਪਾਇਸਿ। ਟਿਕਯੋ ਨ ਪਗ,ਕਰਿ ਰਹਯੋ
ਉਪਾਇਸਿ ॥ ੧੦ ॥ ਚਹੁੰ ਦਿਸ਼ਿ ਤੇ ਜਬਿ ਸੰਕਟਿ ਪਰਯੋ। ਸਤਿਗੁਰ ਸੁਜਸੁ
ਸ੍ਰਵਨ ਤਿਨ ਕਰਯੋ। ਛੋਰ ਸਭਿਨਿ ਕੋ ਨਿਕਸਯੋ ਕੈਸੇ। ਫਸਯੋ ਜਾਲ ਝਖ[੨੧]
ਤਯਾਗਯੋ ਜੈਸੇ॥੧੧॥ਉਰ ਸ੍ਰੀ ਅਮਰ ਆਸ ਇਕ ਧਾਰੀ।-ਪਰੌਂ ਸ਼ਰਨ ਹੁਇ
ਦੁਖ ਤੇ ਪਾਰੀ-।ਦ੍ਰਿੜ੍ਹ ਪ੍ਰਤੀਤ ਧਰਿ ਦਰਸ਼ਨ ਆਯੋ।ਪ੍ਰਿਥਮ ਦੇਗ ਤੇ ਭੋਜਨ

---

[੧]ਆਦਮੀ। [੨]ਜਾਣਿਆਂ। [੩]ਮਹੀਨਾ। [੪]ਸਭਨਾਂ ਵਿਚ ਉਸਤਤੀ ਕੀਤੀ। [੫]ਪਰਮਾਤਮਾ। [੬]ਰੱਬ ਨੂੰ ਪੁੱਜਿਆ [ਅ:, ਆਰਿਫ=ਗਜਾਨਵਾਨ]। [੭]ਪੂਰਾ, ਕਾਮਲ। [੮]ਔਤਾਰ, ਵਲੀ। [੯]ਦੇਸ਼ ਦਾ। [੧੦]ਹਰ ਘੜੀ। [ਅ:, ਸਾਇਤ]। [੧੧]ਦੋਨਾਂ ਵਿੱਚੋਂ। [੧੨]ਦਰਸ਼ਨ ਕਰਾਂਗੇ। [੧੩]ਜਾਤ ਹੈ। ਮਹਿਮਾ ਪ੍ਰਕਾਸ਼ ਵਿਚ ਗੰਗੋ ਬਸੀ ਲਿਖਿਆ ਹੈ, ਭਾਵ ਬਸੀ ਦਾ ਰਹਿਣ ਵਾਲਾ। [੧੪]ਵਿਹਾਰ। [੧੫]ਵਿਹਾਰ। [੧੬]ਘਾਟਾ ਪਾਇਆ। [੧੭]ਕਿਸੇ ਮਦਦ ਨਾ ਕੀਤੀ। [੧੮]ਜੋ ਉਧਾਰ ਰੁਪੱਯਾ ਦਿੱਤਾ ਸੀ ਕਿਸੇ ਨੇ ਨਾ ਦਿੱਤਾ। [੧੯]ਹੋਰ। [੨੦]ਕਰਦਾ ਸੀ। [੨੧]ਮੱਛ।

*ਪਾ:-ਬਾਵਲੀ। †ਪਾ:-ਕਰ।

ਥਾਯੋ॥੧੨॥ਪ੍ਰੇਮ ਧਾਰਿ ਪੁਨ ਗਮਨ੍ਯੋ ਪਾਸ। ਦੇਖੇ ਜਬਿ ਮਨ ਭਯੋ ਹੁਲਾਸਿ। 'ਤ੍ਰਾਹਿ ਤ੍ਰਾਹਿ[1]' ਕਰਿ ਸ਼ਰਨੀ ਪਰ੍ਯੋ । ਗੁਰ ਪਗ ਪੰਕਜ ਪਰ ਸਿਰ ਧਰ੍ਯੋ ॥ ੧੩॥ਬੈਠ੍ਯੋ ਨਿਕਟ ਕਹ੍ਯੋ ਗੁਰਦ੍ਯਾਲ। 'ਕਹੁ ਗੰਗੋ ਕਸ ਤੋਰ[2] ਹਵਾਲ?'। ਸੁਨਿਕੈ ਨਿਜ ਸੰਕਟ ਸਭਿ ਕਹ੍ਯੋ।'ਪ੍ਰਭੁ ਜੀ ਧਨ ਤੋਟਾ ਮੈਂ ਲਹ੍ਯੋ'॥੧੪॥ ਗੁਰੂ ਕਹ੍ਯੋ 'ਅਬਿ ਦਿੱਲੀ ਜੱਯੈ । ਮਾਨ ਬਾਕ ਤਹਿਂ ਕੋਠੀ[3] ਪੱਯੈ। ਸਤਿ ਸੰਗਤਿ ਕੀ ਸੇਵਾ ਕਰਹੁ।ਹ੍ਵੈ ਹੈ ਦਰਬ ਨ ਚਿੰਤਾ ਧਰਹੁ' ॥੧੫॥ ਸ੍ਰੀ ਗੁਰ ਕੀ ਆਇਸੁ ਲੇ ਗਯੋ।ਪੁਰਿ ਮਹਿਂ[4] ਕੋਠੀ ਪਾਵਤਿ ਭਯੋ। ਮੁਗ਼ਲ ਅਚਾਨਕ ਇਕ ਤਹਿਂ ਆਯੋ।ਲਾਖ ਮੁਹਰ ਜਿਨ ਸੰਗ ਲਦਾਯੋ ॥੧੬॥ ਏਕ ਫਰਦ ਹੁੰਡੀ ਕੋ[5] ਚਾਹੈ।ਬੂਝਤਿ ਫਿਰਤਿ ਕੋਠੀਅਨ ਮਾਂਹੈ । ਸੁਨਿ ਹੁੰਡੀ ਇਕ ਕਰੈ ਨ ਕੋਊ[6]। ਦਰਬ ਅਧਿਕ ਤੇ ਤ੍ਰਾਸਤਿ ਸੋਊ॥੧੭॥ਤਬਿ ਗੰਗੋ ਕੀ ਕੋਠੀ ਆਯੋ। 'ਇਕ ਹੁੰਡੀ ਮੈਂ ਚਹਤਿ ਕਰਾਯੋ' । ਸਤਿਗੁਰ ਕੇ ਬਚ ਸਿਮਰਨਿ ਕਰੇ ।–ਇਸ ਤੇ ਧਨ ਮਮ ਬ੍ਰਿਧਤਾ ਧਰੇ–॥੧੮॥'ਮੈ ਕਰਿਹੌਂ ਹੁੰਡੀ' ਕਹਿ ਦਯੋ।ਦਰਬ ਮੁਗ਼ਲ ਤੇ ਸਗਰੋ ਲਯੋ । ਲਿਖੀ ਦਰਸ਼ਨੀ[7] ਤਿਹ ਕਰ ਦੀਨੀ। ਲੇਕਰਿ ਲਵਪੁਰਿ ਤ੍ਯਾਰੀ ਕੀਨੀ॥੧੯॥ ਤਬਿ ਗੰਗੋ ਦੀਨਾਰ[8] ਜੁ ਸਾਰੀ।ਪਹੁੰਚਾਈ ਤਿਸ ਨਗਰ ਅਗਾਰੀ।ਮੁਗ਼ਲ ਪ੍ਰਵੇਸ਼੍ਯੋ ਲਵਪੁਰਿ ਜਾਇ।ਗਯੋ ਬਨਕ ਢਿਗ[9] ਹਾਟ ਪੁਛਾਇ ॥੨੦॥'ਮੋਰ ਦਰਸ਼ਨੀ ਹੁੰਡੀ ਲੇਹੁ।ਲਾਖ ਮੁਹਰ ਅਬਿ ਗਿਨ ਕਰਿ ਦੇਹੁ' । ਪਹੁੰਚੀ ਮੁਹਰ ਸੁ ਦਈ ਨਿਕਾਸ।ਗਯੋ ਮੁਗ਼ਲ ਲੇ ਰਿਦੇ ਹੁਲਾਸ ॥੨੧॥ਤਿਸ ਪੀਛੇ ਗੰਗੋ ਕੋ ਕਾਮ । ਭਯੋ ਬ੍ਰਿੱਧ[10] ਤੈਸੋ ਧਨ ਧਾਮ । ਵਧੀ ਪ੍ਰਤੀਤ ਚਲ੍ਯੋ ਬਿਵਹਾਰ।ਜਾਨ੍ਯੋ ਬਹੁਤੇ ਨਗਰ ਮਝਾਰ॥੨੨॥ ਕਿਤਿਕ ਬਰਸ ਬੀਤੇ ਤਿਸ ਥਾਯੋ।ਤਬਿ ਸ੍ਰੀ ਅਮਰ ਨਿਕਟ ਦਿਜ ਆਯੋ।'ਕੰਨ੍ਯਾਂ ਏਕ ਨਿਕੇਤ ਕੁਮਾਰੀ। ਸ੍ਰੀ ਗੁਰ ਆਯੋ ਸ਼ਰਨ ਤੁਮਾਰੀ ॥ ੨੩ ॥ ਕਿਤਿਕ ਦਰਬ ਤੁਮ ਤੇ ਜਬਿ ਪਾਵੌਂ।ਕੰਨ੍ਯਾਂ ਪਾਨਗ੍ਰਹਿਨ[11] ਕਰਵਾਵੌਂ। ਰਿਣ ਰਿਪੁ ਬਲ ਤੇ[12] ਦੁਖ ਨਹਿਂ ਐਸੋ।ਪਿਤ ਕੁਮਾਰਿ ਕੋ ਪਾਵਤਿ ਜੈਸੇ[13]'॥ ੨੪ ॥ ਸ੍ਰੀ ਗੁਰ ਕ੍ਰਿਪਾ ਧਾਰਿ ਸੁਖ-

---

[1]ਰੱਖ੍ਯਾ ਕਰੋ ! ਰੱਖ੍ਯਾ ਕਰੋ ! [2]ਤੇਰਾ। [3]ਸ਼ਾਹੂਕਾਰੇ ਆੜ੍ਹਤ ਆਦਿ ਦੀ ਦੁਕਾਨ । [4](ਦਿੱਲੀ) ਸ਼ਹਿਰ ਵਿਚ । [5]ਇਕੋ ਕਾਗਜ਼ ਹੁੰਡੀ ਦਾ । [6]ਇੱਕ ਹੁੰਡੀ ਸੁਣਕੇ ਕੋਈ ਨਹੀਂ (ਹੁੰਡੀ) ਕਰਦਾ । [7]ਦਰਸ਼ਨੀ ਹੁੰਡੀ। [8]ਭਾਵ ਮੁਹਰਾਂ [ਫਾ:, ਦੀਨਾਰਿ ਸੁਰਖ਼=ਸੋਨੇ ਦਾ ਇੱਕ ਸਿੱਕਾ]। [9]ਵਪਾਰੀ ਕੋਲ । [10]ਵਾਧੇ ਵਿਚ ਹੋਯਾ। [11]ਵਿਵਾਹ। [12]ਕਰਜ਼ ਤੇ ਬਲੀ ਸ਼ੱਤ੍ਰੂ ਦਾ। [13]ਪਿਤਾ ਕੁਆਰੀ (ਲੜਕੀ ਨੂੰ ਵੇਖਕੇ ਦੁਖ)ਪਾਂਵਦਾ ਹੈ ਜੈਸੇ।

ਰਾਸਿ । ਲਿਖੇ 'ਰਜਤਪਣ ਦੇਹੁ ਪਚਾਸ'।ਗੰਗੋ ਪਰ ਹੁੰਡੀ ਕਰਿ ਦੀਨਿ । ਲੇ ਕਰਿ ਬਿੱਪ੍ਰ ਗਮਨ ਕੋ ਕੀਨਿ ॥੨੫॥ ਪਹੁੰਚ੍ਯੋ ਪੁਰਿ, ਕਾਗਜ਼[1] ਜਬਿ ਦਯੋ। ਗੰਗੋ ਪਿਖਿ ਬਿਸਮੈ ਹੁਇ ਗਯੋ।ਤ੍ਰੁਸ਼ਨਿ ਭਯੋ,ਨ ਧਨ ਕੋ ਦੀਨ। ਹਟ੍ਯੋ ਬਿੱਪ੍ਰ ਉਰ ਸੰਕਟ ਪੀਨ ॥੨੬॥ ਸ੍ਰੀ ਗੁਰ ਅਮਰ ਦਾਸ ਕੇ ਪਾਸ। ਆਯੋ ਛੂਛਾ ਭਯੋ ਨਿਰਾਸ।ਅੰਤਰਜਾਮੀ ਸਭਿ ਕੁਛ ਜਾਨਾ ।–ਗੰਗੋ ਪਾਇ ਦਰਬ ਅਭਿਮਾਨਾ– ॥੨੭॥ ਕਰ੍ਯੋ ਬਿਚਾਰਨ–ਦਰਬ ਸੁਭਾਇ[2] । ਜਿਸ ਢਿਗ ਆਵੈ ਸੁਧਿ[3] ਤਿਸੁ ਜਾਇ।ਗੁਰ ਪਰਮੇਸੁਰ ਬੀਸਰ ਜੈਹੈ । ਲਾਲਚ ਲਗੇ ਕਸ਼ਟ ਕੋ ਪੈਹੈ ॥੨੮॥ ਕਰਹਿ ਬਾਵਰਾ ਸੁਰਤਿ ਬਿਸਾਰੈ । ਜੋਗ ਅਜੋਗ ਨ ਬਹੁਰ ਬਿਚਾਰੈ–। ਇਮਿ ਲਖਿ ਦਿਜ ਕੋ ਦਰਬ ਦਿਵਾਯੋ । ਕੰਨਜਾਂ ਬ੍ਯਾਹੁ ਕਰ੍ਯੋ ਹਰਖਾਯੋ ॥ ੨੯ ॥ ਤਿਸ ਦਿਨ ਤੇ ਗੰਗੋ ਕੋ ਦਰਬ। ਜਾਤਿ ਜਾਤਿ ਬਿਨਸ੍ਯੋ ਪੁਨ ਸਰਬ[4]।ਥੋਰਨ ਦਿਨ ਮੈਂ ਰੰਕ ਭਯੋ ਹੈ।ਤਬਿ ਨਿਜ ਔਗੁਨ ਜਾਨਿ ਲਯੋ ਹੈ॥੩੦॥–ਸਤਿਗੁਰ ਤੇ ਬੇਮੁਖ ਮੈਂ ਭਯੋ।ਯਾਂਤੇ ਦਰਬ ਸਰਬ ਹਰਿ ਗਯੋ। ਤਿਨ ਬਿਨ ਕੌਨ ਸਹਾ-ਇਕ ਮੇਰਾ।ਉਚਿਤ ਮੋਹਿ ਬਨਿਬੋ ਅਬ ਚੇਰਾ[5] ॥੩੧॥ ਸਭਿ ਬਿਧਿ ਸੇਵਾ ਕਰੌਂ ਗੁਸਾਈਂ । ਫੇਰੌਂ ਬਢਨੀ[6] ਤਿਨ ਦਰ ਜਾਈ । ਸਿਰ ਧਰਿ ਜਲ ਢੋਵੌਂ ਚਿਰ ਕਾਲ । ਕਰੌਂ ਸੇਵ ਇੱਤਯਾਦਿ ਬਿਸਾਲ–॥੩੨॥ ਦਿੱਲੀ ਪੁਰਿ ਤੇ ਨਿਕਸ੍ਯੋ ਚੋਰੀ । ਤੂਰਨ ਪੰਥ ਆਇ ਗੁਰ ਓਰੀ । ਇਹਾਂ ਬਾਪਿਕਾ ਹੋਵਤਿ ਤ੍ਯਾਰੀ । ਮਿਲਿ ਸਭਿਹਿਨਿ ਮੈਂ ਲਾਗ੍ਯੋ ਕਾਰੀ[7] ॥੩੩॥ ਅੰਤਰਜਾਮੀ ਸਭਿ ਕਿਛ*ਜਾਨਾ। ਢਿਗ ਹਕਾਰ ਨਹਿ ਕਛੂ ਬਖਾਨਾ। ਬਹੁਤ ਮੋਲ ਕੇ ਵਸਤ੍ਰਨਿ ਮਾਂਹਿ । ਬਾਧੈਂ ਈਟ ਪੀਠ ਧਰਿ ਜਾਹਿ ॥ ੩੪ ॥ ਲੋਕ ਲਾਜ ਕੁਲ ਰੀਤਿ ਮਹਾਨਾ । ਖਾਨ ਪਾਨ ਆਦਿਕ ਤਜਿ ਗ੍ਯਾਨਾ[8]। ਬਾਪੀ ਕਾਰ ਬਿਖੈ ਰਹਿ ਲਾਗਾ। ਸਭਿ ਸੁਧਿ ਭੂਲਿ ਪ੍ਰੇਮਰਸ ਪਾਗਾ ॥੩੫॥ ਕਿਹ ਸੋਂ ਕਹੈ ਨ ਸੁਨਿਹੈ ਬਾਤ।ਸੇਵਾ ਕੇ ਤਤ-ਪਰ ਦਿਨ ਰਾਤ । ਗੁਰ ਸੇਵਾ ਕੋ ਤਪ ਅਸੁ ਕੀਨਾ । ਜਗ ਬਿਵਹਾਰ ਛੋਰਿ ਸਭਿ ਦੀਨ॥੩੬॥ ਹੋਤਿ ਭਯੋ ਉਤਸ਼ਾਹੁ ਬਿਸਾਲਾ। ਅੰਤਰ ਬ੍ਰਿਤਿ ਟਿਕਗੀ† ਤਿਸਿ ਕਾਲਾ।ਪ੍ਰੇਮ ਪ੍ਰਵਾਹ ਬਹ੍ਯੋ ਉਰ ਮਾਂਹੀ। ਚਿੰਤ ਕਸ਼ਟ ਤ੍ਰਿਣ ਠਹਿਰ੍ਯੋ

---

[1]ਭਾਵ ਹੁੰਡੀ । [2]ਮਾਇਆ ਦਾ ਸੁਭਾਇ ( ਹੀ ਐਸਾ ਹੈ ) । [3]ਹੋਸ਼, ਮੱਤ । [4]ਜਾਂਦਾ ਜਾਂਦਾ ਸਾਰਾ ਹੀ ਨਾਸ਼ ਹੋ ਗਿਆ । [5]ਦਾਸ । [6]ਝਾੜੂ । [7]ਕੰਮ ਵਿਚ । [8]ਭਾਵ ਖਾਣ ਪੀਣ ਦੀ ਸੋਝੀ ਨਹੀਂ ਰਹਿੰਦੀ ਸੀ ।

*ਪਾਃ–ਕਿਧਿ । †ਪਾਃ–ਬ੍ਰਿਤਿ ਟਿਕੀ ।

ਨਾਂਹੀ[1]॥੩੭॥ਜਨੋਂ ਜਨੋਂ ਸੁਖ ਪ੍ਰਾਪਤਿ ਭਾ ਉਰਕੋ। ਤਨੋਂ ਤਨੋਂ ਸੇਵ ਪ੍ਰੇਮ ਭਾ ਗੁਰਕੋ।ਮਨ ਮਹਿਂ ਮੂਰਤਿ ਅਚਲ ਟਿਕਾਈ। ਕਬਹੂੰ ਵਹਿਰ ਪਿਖਹਿ ਗੁਰ ਤਾਈਂ ॥੩੮॥ਨਿਸ ਦਿਨ ਧ੍ਯਾਨ ਟਿਕਾਯੋ ਕੈਸੇ। ਜੋਗੀ ਕੀ ਸਮਾਧਿ ਹੁਇ ਜੈਸੇ। ਅਤਿਸ਼ੈ ਖੈਂਚ ਪ੍ਰੇਮ ਜਬਿ ਕੀਨਿ। ਰਹਨੇ ਗਯੋ ਨਹਿਂ ਗੁਰੂ ਪ੍ਰਬੀਨਿ ॥ ੩੯ ॥ ਦਾਸਨ ਕੇ ਬਸਿ ਬਿਰਦ ਸੰਭਾਰਾ। ਵਸੀ ਪ੍ਰੇਮ ਤੇ ਨਿਕਟ ਹਕਾਰਾ। ਮੁਸਕਾਨੇ ਗੁਰੂ ਬਾਕ ਬਖਾਨਾ। 'ਗੀਗੋ ਸ਼ਾਹੁ ਆਉ ਦੁਖ ਹਾਨਾ[2]' ॥੪੦॥ਪਦ ਪੰਕਜ ਪਰ ਸਿਰ ਨਿਜ ਧਰਨੋ। ਬਹੁਰ ਜੋਰਿ ਕਰ ਆਗੈ ਖਰਨੋ। 'ਮਾਯਾ ਮਗਨ ਬਿਮੁਖਮੈਂ ਭਯੋ।ਅਪਨੋ ਜਾਨਿ ਬਖਸ਼ਕਰਿ ਲਯੋ ॥੪੧॥ਪਦ ਅਰਬਿੰਦ ਬਿਖੈ ਮੁਝ ਰਾਖਹੁ।-ਸੇਵਕ ਆਉ-ਬਚਨ ਮੁਖ*ਭਾਖਹੁ'। ਸੁਨਿ ਸਤਿਗੁਰ ਕਰਨਾ ਰਸ ਢਰੇ। ਤਤਛਿਨ ਮਹਿਂ ਨਿਹਾਲ ਤਿਸ ਕਰੇ॥ ੪੨॥ ਬਸਤ੍ਰ ਬਿਸਦ ਪਹਿਰਾਇ ਨਵੀਨ। ਮਸਤਕ ਪਰ ਨਿਜ ਕਰ ਧਰਿ ਦੀਨ। ਸੱਤਨਾਮੁ ਮੁਖ ਮੰਤ੍ਰ ਕਹਾਯੋ। 'ਗੀਗੁਸ਼ਾਹੁ' ਕਹਿ ਨਾਮ ਬੁਲਾਯੋ ॥੪੩॥ 'ਭੁਗਤਿ ਮੁਕਤਿ ਨਿਧ ਸਿਧਿ ਤੁਹਿ ਦੀਨੀ।ਗ੍ਰਿਹਿ ਕੋ ਗਮਨੋ'ਆਗ੍ਯਾ ਕੀਨੀ। 'ਅਪਨੀ ਸੰਗਤਿ ਕੀਜਹਿ ਜਾਇ। ਗੁਰ ਸਿੱਖੀ ਕੀ ਰੀਤਿ ਚਲਾਇ॥ ੪੪॥ ਅਜ਼ਮਤ ਜੁਤਿ ਕਰਿਕੈ ਸੁ ਪਠਾਯੋ। ਪਾਇ ਬਖਸ਼ ਪੁਨ ਸੀਸ ਨਿਵਾਯੋ[3]। ਬਿਦਾ ਹੋਇ ਕਰਿ ਸਦਨ ਸਿਧਾਰਾ।ਧ੍ਯਾਨ ਰਿਦੇ ਸਤਿਗੁਰ ਕੋ ਧਾਰਾ॥੪੫ ॥ ਬਹੁ ਪ੍ਰਕਾਰ ਕੀ ਉਸਤਤਿ ਕਰਿਕੈ। ਭਯੋਨਿਹਾਲ ਸੁ ਅਜ਼ਮਤ ਧਰਿਕੈ। ਜਾਇ ਸਦਨ ਮਹਿ ਸੰਗਤਿ ਕੀਨਿ[4]। ਸਤਿਗੁਰ ਨਾਮ ਜਪਾਵਨ ਦੀਨਿ[5]॥ ੪੬॥ ਜਿਸ ਕੋ ਬਚਨ ਕਹੈ ਫੁਰ ਜਾਇ। ਹੋਵਤਿ ਭਏ ਸਿੱਖ ਸਮੁਦਾਇ। ਅਬਿ ਲਗ ਤਿਸਕੇ ਜਾਨੇ ਜਾਇਂ[6]।ਕਵਿਸੰਤੋਖ ਸਿੰਘ ਪੂਰਨ ਧ੍ਯਾਇ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਗੀਗੋ ਪ੍ਰਸੰਗ' ਬਰਨਨੰ ਨਾਮ ਚਤੁਰ ਪੰਚਾਸਤੀ ਅੰਸੂ ॥ ੫੪ ॥

## ੫੫. [ਕਾਬਲ ਵਾਲੀ ਪਤਿਬ੍ਰਤ ਮਾਈ]

ਦੋਹਰਾ॥ ਕਾਰ ਹੋਤਿ ਨਿਤਿ ਬਾਪਿਕਾ ਕਰਹਿਂ ਪ੍ਰੇਮ ਸੋਂ ਦਾਸ। ਕ੍ਰਿਪਾ ਦ੍ਰਿਸ਼ਟਿ ਜਿਸ ਕੋ ਪਿਖਿਤਿ ਤਿਸ ਕੇ ਗ੍ਯਾਨ ਪ੍ਰਕਾਸ਼॥੧॥ ਚੌਪਈ॥ ਲਗਾਇਂ ਈਂਟਕਾ

[1]ਚਿੰਤਾ ਦੇ ਦੁੱਖ ਰੂਪੀ ਕੱਖ ਨਾ ਠਹਿਰੇ ਭਾਵ ਰੁੜ੍ਹ ਗਏ। [2]ਦੁਖ ਨਾਸ਼ ਹੋਏ। [3]ਗੁਰੂ ਜੀ ਨੂੰ ਸੀਸ ਨਿਵਾਇਆ। [4]ਸਤਿਸੰਗ ਬਣਾਇਆ। [5]ਭਾਵ ਨਾਮ ਜਪਾਇਆ। [6]ਹੁਣ ਤਕ ਗੀਗੂ ਦੀ ਸੰਪ੍ਰਦਾ ਦੇ ਲੋਕੀਂ ਉਸ ਤੋਂ ਜਾਣੇ ਜਾਂਦੇ ਹਨ। ਭਾਵ ਗੀਗੂ ਸ਼ਾਹੀ ਕਹਾਉਂਦੇ ਹਨ।

*ਪਾ:-ਬਦਨ ਨਿਜ।

ਕਰਦਮ[1] ਕਰਿਕੈ। ਚੂਨਾ ਪ੍ਰਿਥਮ ਸ ਨੀਕ ਸੁਧਰਿਕੈ। ਪੀਸਹਿਂ ਚਾਕੀ ਮਹਿ ਕਰਿ ਪ੍ਰੇਮ। ਸਿਰ ਧਰਿ ਕਰਿ ਗਮਨਹਿਂ ਹਿਤ ਛੇਮ॥੨॥ਕਿਸ ਕੋ ਕਿਮ ਕੋਈ ਨਹਿਂ ਕਹੈ[2]।ਆਪੇ ਕਰਨ ਸੇਵ ਸ਼ੁਭ ਚਹੈਂ।ਇਕ ਆਵਹਿਂ ਇਕਲੇ ਲੇ ਜਾਹਿਂ।ਕਾਰੀਗਰ ਕੇ ਢਿਗ ਪਹੁੰਚਾਹਿਂ॥੩॥ਜਸੇਂ ਜਸੇਂ ਕਰਹਿਂ ਪ੍ਰੀਤ ਸੋਂ ਸੇਵਾ। ਤਸੇਂ ਤਸੇਂ ਲਖਿ ਸਭਿ ਕੀ ਗੁਰਦੇਵਾ। ਪੂਰਹਿਂ ਮਨੋ ਕਾਮਨਾ ਤਿਨ ਕੀ। ਬਯਾਪਕ ਜੋਤਿ ਸਭਿਨਿ ਮਹਿ ਜਿਨਕੀ॥੪॥ ਏਕ ਸਿੱਖ ਕਾਬਲ ਮਹਿਂ ਰਹੈ। ਪਤੀਬ੍ਰਤਾ ਇਸਤ੍ਰੀ ਜਿਸ ਅਹੈ। ਪਤਿ ਮਹਿਂ ਪ੍ਰੇਮ ਜਾਮਨੀ ਦਿਨ ਮੈਂ। ਫੁਰਹਿ ਨ ਅਪਰ ਪੁਰਸ਼ ਕੋ ਮਨ ਮੈਂ॥੫॥ਤਿਹ ਸਿਖ ਨੇ ਸਿੱਖੀਸੁ ਦ੍ਰਿੜ੍ਹਾਈ। ਅਪਨਿ ਭਾਰਜਾ ਕੋ ਸੁਖਦਾਈ[3]। ਪਤਿਬ੍ਰਤਿ ਤੇ ਤਿਹ ਸ਼ਕਤਿ ਬਿਸਾਲਾ। ਜਹਿਂ ਚਾਹੈ ਪਹੁੰਚੈ ਤਤਕਾਲਾ॥੬॥ਕੋਸ ਹਜ਼ਾਰਹੁਂ ਘਟਿਕਾ ਮਾਂਹੀ। ਪਹੁੰਚਤਿ ਦੇਰ ਲਗਹਿ ਜਿਸ ਨਾਂਹੀ*।ਇੱਤਯਾਦਿਕ ਸ਼ਕਤੀ ਕਹੁ ਧਾਰਤਿ।ਸਦਾ ਪ੍ਰੇਮਪਤਿ ਸੋਂ ਪ੍ਰਤਿਪਾਰਤਿ[4]॥੭॥ ਕਾਰ ਬਾਪਿਕਾ ਕੀ ਤਿਨ ਜਾਨੀ। ਤਯਾਰ ਕਰਾਵਤਿ ਗੁਰ ਗੁਨ ਖਾਨੀ। ਫਲ ਬਿਸਾਲ ਲਘੁ ਸੇਵਾ ਕੀਨੇ[5]। ਕੌਨ ਤਜਹਿ ਅਸ[6] ਜਿਨ ਮਨ ਚੀਨੇ॥੮॥ ਸੋ ਸਿਖਨੀ ਕਾਬਲ ਤੇ ਆਵੈ।ਪ੍ਰਾਤਿ ਹੋਤਿ[7] ਗੁਰਸੇਵ ਕਮਾਵੈ। ਸਗਰੇ ਦਿਵਸ ਟਹਿਲ ਕੋ ਕਰਿਹੀ। ਖਨਤੇ[8] ਕਾਰਿ ਸੁ ਵਹਿਰ ਨਿਕਰਿਹੀ॥੯॥ਚੂੰਨਾ ਈਂਟ ਦੇਤਿ ਪਹੁੰਚਾਇ।ਧਰੇ ਪ੍ਰੇਮ ਬਹੁ ਚੌਂਪ ਵਧਾਇ। ਕਿਹ ਸੋਂ ਕਰਹਿ ਬੋਲਬੋ ਨਾਂਹੀ। ਸਤਿਗੁਰ ਚਰਨ ਧਰਹਿ ਉਰ ਮਾਂਹੀ॥੧੦॥ ਪਰਹਿ ਨਿਸਾ ਹੁਇ ਅੰਤਰਧਯਾਨ। ਨਿਜ ਘਰ ਕਾਬਲ ਕਰਹਿ ਪਯਾਨ। ਖਾਨ ਪਾਨ ਸਭਿ†ਕੁਟੰਬ ਸਮੇਤ। ਕਰਿ ਸੁਪਤਹਿ ਸੋ ਅਪਨ ਨਿਕੇਤ॥੧੧॥ ਹੋਤਿ ਪ੍ਰਾਤਿ ਪੁਨ ਆਇ ਅਚਾਨਕ। ਕਰਹਿ ਸੇਵ ਸਿਮਰਹਿ ਸ਼੍ਰੀ ਨਾਨਕ। ਦੇਖਤਿ ਸਿੱਖ ਅਚੰਭੈ ਰਹੈਂ। ਤਿਸ ਇਸਤ੍ਰੀ ਕੋ ਭੇਵ ਨ ਲਹੈਂ॥੧੨॥–ਸੇਵਾ ਕਰਤੀ ਹਾਥ ਪਸਾਰਹਿ। ਪਲਨਾ ਕੋ[9] ਝੂਲਵਾਨ ਧਾਰਹਿ। ਬਹੁਰ ਕਾਰ ਕੋ ਕਰਹਿ ਬਨਾਇ।ਪੁਨਘਟਿਕਾਮਹਿਂ ਦੇਤਿਝੁਲਾਇ[10]॥੧੩॥ਕਹਿਂ ਤੇ[11] ਆਵੈ

[1]ਗਾਰਾ। [2]ਕਿਸੇ ਨੂੰ ਕਿਸੇ ਤਰ੍ਹਾਂ ਕੋਈ ਕਹਿੰਦਾ ਨਹੀਂ। [3]ਆਪਣੀ ਇਸਤ੍ਰੀ ਨੂੰ ਸੁਖਦਾਤੀ (ਸਿੱਖੀ ਦ੍ਰਿੜਾਈ)। [4]ਪਾਲਦੀ ਹੈ, ਭਾਵ ਕਰਦੀ ਹੈ। [5]ਫਲ ਬਹੁਤ ਪ੍ਰਾਪਤ ਹੁੰਦਾ ਹੈ ਥੋੜੀ ਸੇਵਾ ਕਰਨੇ ਕਰਕੇ ਹੀ। [6]ਐਸੀ (ਸੇਵਾ)। [7]ਸਵੇਰ ਹੋਣ ਤੋਂ। [8]ਖੋਦਕੇ। [9]( ਮਾਨੋਂ ) ਪੰਘੂੜੇ ਨੂੰ। [10]ਇਕ ਘੜੀ ਪਿੱਛੋਂ ਇਕ ਝੂਟਾ ਦੇ ਦੇਂਦੀ ਸੀ (ਹੱਥ ਨਾਲ)। [11]ਕਿੱਥੋਂ।

*ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰ੍ਧ ਅਧਯਾਯ ੩੯ ਅੰਕ ੬੦ ਦੀ ਹੇਠਲੀ ਟੂਕ।

†ਪਾਃ–ਸੁ।

ਜਾਇ ਹਮੇਸ਼?–।ਨਹਿ ਜਾਨਹਿੰ ਸਭਿ ਬਿਸਮ ਵਿਸ਼ੇਸ਼। ਦੂਜੇ ਹਾਥ ਪਸਾਰਤਿ ਹੇਰਹਿ।ਲਖਹਿ ਨ ਗਤਿ ਆਚਰਜ ਬਡੇਰਹਿ॥੧੪॥ਬੂਝ ਨ ਸਕਹਿ ਪ੍ਰੇਮ ਸੋਂ ਸੇਵਹਿ।ਕਰਹਿ ਕਾਰ ਕੋ ਲਖਹਿ ਨ ਭੇਵਹਿ[੧]। ਆਪਸ ਮਹਿ ਚਰਚਾ ਬਹੁ ਕਰਹਿ। ਕਿਸਹੂੰ ਕੋ ਕੁਛ ਸਮਝ ਨ ਪਰਹਿ ॥ ੧੫ ॥ 'ਅੰਤਰ ਬ੍ਰਿੱਤਿ ਇਕਾਗਰ ਸੁਰਤਿ। ਕਾਰ ਕਰਨ ਮਹਿ ਧਰਤੀ ਫੁਰਤਿ[੨]। ਨਿਤ ਪ੍ਰਤਿ ਸੇਵਾ ਮਹਿ ਹਿਤਵਾਨੇ[੩]। ਬਿਨ ਆਲਸ ਉੱਦਮ ਬਹੁ ਠਾਨੇ'॥੧੬॥ਬਹੁਤ ਦਿਵਸ ਇਸ ਭਾਂਤਿ ਬਿਤਾਏ। ਅਚਰਜ ਮਹਿ ਨਿਤਿ ਸਿਖ ਸਮੁਦਾਏ।ਮਿਲਿ ਸਗਰੇ ਸਤਿਗੁਰ ਪਹਿ ਗਏ।ਬਿਸਮਤਿ ਮਤਿ ਸੋਂ ਬੂਝਤਿ ਭਏ[੪]॥੧੭॥'ਹੇ ਪ੍ਰਭੁ ਜੀ! ਆਵਤਿ ਇਕ ਮਾਈ। ਮਿਲਤਿ ਸਭਿਨਿ ਮਹਿ ਕਾਰ ਕਮਾਈ। ਜਾਮਨਿ ਮਹਿੰ ਅਲੋਪ ਹੁਇ ਜਾਇ।ਸਭਿ ਕੇ ਦੇਖਤਿ ਦਿਖਤਿ ਨ ਕਾਇ॥੧੮॥ਪ੍ਰਾਤਿ ਹੋਤਿ ਪ੍ਰਗਟਤਿ ਪੁਨ ਤੈਸੇ[੫]।ਕਰਤਿ ਕਾਰ ਸਭਿ ਸਿੱਖਨ ਜੈਸੇ। ਇਕ ਅਚਰਜ ਪੁਨ ਕਰਤਿ ਸੁ ਔਰ*। ਕਾਰ ਕਰਤਿ ਬੈਠਤਿ ਜਿਸ ਠੌਰ॥੧੯॥ਹਾਥ ਪਸਾਰ ਸੰਕੋਚਤਿ ਫੇਰ[੬]। ਜਾਨਯੋ ਜਾਇ ਨ ਹਾਰੇ ਹੇਰਿ। ਬਹੁਤ ਦਿਵਸ ਕੋ ਦੇਖਤਿ ਰਹੈਂ।ਆਜ ਬੂਝਬੇ ਤੁਮ ਸੋ ਚਹੈਂ॥੨੦॥ਕੋ ਹੈ ਇਹੁ,ਕਿਹ ਪੁਰਿ ਘਰ ਬਸੈ[੭]?।ਕਿਮਿ ਪਹੁੰਚਹਿ,ਅਰੁ ਕਿਮਿ ਨਹਿ ਦਿਸੈ?।ਕਰੁਨਾ ਕਰਹੁ ਬ੍ਰਿਤੰਤ ਬਤਾਵਹੁ। ਸਭਿ ਸਿੱਖਨਨ ਮਨ ਭਰਮ ਮਿਟਾਵਹੁ'॥੨੧॥ਸੁਨਿ ਸ਼੍ਰੀ ਅਮਰ ਦਾਸ ਤਿਨ ਸੰਗ। ਕਰਯੋ ਸੁਨਾਵਨਿ ਸਰਬ ਪ੍ਰਸੰਗ। 'ਕਾਬਲ ਮਹਿੰ ਇਕ ਸਿਖ ਹੈ ਮੇਰੋ। ਤਿਸ ਕੀ ਇਹੁ ਤ੍ਰਿਯ ਪ੍ਰੇਮ ਘਨੇਰੋ ॥੨੨॥ ਪਤੀਬ੍ਰਤਾ ਬਡਭਾਗਨਿ ਭਲੀ। ਗੁਰ ਸੇਵਾ ਕੇ ਤਤਪਰ ਚਲੀ। ਪਤਿ ਕੋ ਪਰਮੇਸ਼ੁਰ ਕਰਿ ਜਾਨੈ। ਆਇਸੁ ਤਿਸਕੀ ਸਿਰ ਪਰ ਠਾਨੈ ॥ ੨੩ ॥ ਨਹਿੰ ਪਰ ਪੁਰਸ਼ ਫੁਰੈ ਮਨ ਮਾਂਹੀ। ਸਦਾ ਪ੍ਰੇਮ ਨਿਜ ਪਤਿ ਕੇ ਮਾਂਹੀ। ਰਿਦ ਮਹਿ ਧਯਾਨ ਗੁਰੂ ਕੋ ਧਾਰਤਿ।ਬਾਹਰ ਕਿਸਕੋ ਨਾਂਹਿ ਉਚਾਰਤਿ†॥੨੪॥ਤਿਹ ਸਿਖ ਨੇ ਗੁਰ ਸੇਵ

[੧](ਦੂਸਰੇ)ਭੇਤ ਨਹੀਂ ਸਮਝਦੇ। [੨]ਫੁਰਤੀ ਕਰਦੀ ਹੈ। [੩]ਪ੍ਰੇਮ ਕਰਦੀ ਹੈ। [੪]ਹੈਰਾਨ ਹੋਈ ਹੋਈ ਬੁਧੀ ਨਾਲ ਪੁਛਣ ਲੱਗੇ। [੫]ਸਵੇਰ ਹੁੰਦਿਆਂ ਫੇਰ ਆਣ ਦਿਖਾਈ ਦਿੰਦੀ ਹੈ। [੬]ਫੈਲਾਕੇ ਫੇਰ ਪਿਛੇ ਹਟਾ ਲੈਂਦੀ ਹੈ। [੭]ਕੌਣ ਹੈ ਇਹ,ਕਿਸ ਸ਼ਹਿਰ (ਤੇ ਕਿਸ) ਘਰ ਵੱਸਦੀ ਹੈ ?

*ਪਾঃ–ਕਰਤੀ ਔਰ। †ਤ੍ਰੈ ਲਿਖਤੀ ਨੁਸਖਿਆਂ ਵਿਚ ਇਹ ਦੋ ਸਤਰਾਂ ਨਹੀਂ ਹਨ। ਇਕ ਨੁਸਖੇ ਵਿੱਚ ਇਨ੍ਹਾਂ ਦੋ ਸਤਰਾਂ ਦੀ ਥਾਂ ਇਹ ਪਾਠ ਹੈঃ–ਸਿਮਰਣੁ ਸਤਜਨਾਮ ਸਦ ਕਰਤੀ। ਸੰਤਨਿ ਸੇਵਾ ਮੈਂ ਚਿਤ ਧਰਤੀ। ਤੇ ਇਕ ਛਾਪੇ ਦੇ ਨੁਸਖੇ ਵਿਚ ਇਥੇ ਦੋ ਤੁਕਾਂ ਹੋਰ ਵਾਧੂ ਹਨঃ–ਵਹੁ ਮੇਰੋ ਸਿਖ ਨਿਸਚੇਵਾਨ। ਗੁਰ ਸਿੱਖਨ ਸੌਂ ਪ੍ਰੇਮ ਮਹਾਂਨ।

ਬਤਾਈ[1] । ਪਤਿ ਸੇਵਤਿ ਇਨ ਸ਼ਕਤੀ ਪਾਈ। ਨਿਜ ਇੱਛਾ ਗਾਮਨਿ ਭੀ*
ਐਸੇ[2]। ਸਿੱਧਾਂ ਯੁਤ ਹੋਵਤਿ ਸਿਧ ਜੈਸੇ॥੨੫॥ਆਇ ਪ੍ਰਾਤਿ ਕੋ ਸੇਵ ਕਮਾਵੈ।
ਹੋਤਿ ਸੰਝ ਕਾਬਲ ਘਰ ਜਾਵੈ । ਸੁਤ ਕੋ ਪਲਨਾ ਪਰ ਪੌਢਾਵਹਿ[3] । ਨਿਜ
ਸ਼ਕਤੀ ਕਰ ਤਿਸਹਿ ਝੁਲਾਵਹਿ॥੨੬॥ਕਾਬਲ ਤੇ ਜਬਿ ਚਲਿਬੇ ਲਾਗਹਿ।
ਪਲਨੇ ਪਰ ਨਿਜ ਸੁਤ ਕੋ ਤਯਾਗਹਿ।ਬਾਪੀ ਕਾਰ ਕਰਹਿ ਤਿਸੁ ਜਾਨਹਿ[4]।
ਹਾਥ ਪਸਾਰ ਝੁਲਾਵਨ ਠਾਨਹਿ ॥੨੭॥ ਕਰਤੀ ਕਾਰ ਪਸਾਰਹਿ ਕਰ ਕੋ ।
ਸ਼ਕਤਿ ਸਮੇਤ ਝੁਲਾਵਨ ਕਰਿ ਕੇ । ਇਸ ਬਲ ਤੇ ਨਿਜ ਪੁੱਤ੍ਰ ਲਡਾਵੈ[5]।
ਸਹਤ ਪ੍ਰੇਮ ਕੇ ਕਾਰ ਕਮਾਵੈ॥੨੮॥ਨਿਸ ਮਹਿ ਘਰ ਕੋ ਜਾਇ ਸੰਭਾਰੈ।ਸੁਤ
ਪਤਿ ਸੌਂ ਮਿਲਿ ਆਨੰਦ ਧਾਰੈ । ਪਤਿਬ੍ਰਤਿ ਸਮ ਨਹਿ ਧਰਮ ਔਰ ਤ੍ਰਿਯ ।
ਜਿਸ ਤੇ ਮਹਾਂ ਸ਼ਕਤਿ ਧਾਰਤਿ ਹਿਯ॥੨੯॥ ਪਤਿਬਰਤਾ ਪੂਰਬ ਭੀ ਦਾਰਾ।
ਜਿਨਿ ਕੀਨਸਿ ਦਸ ਦਿਨ ਅੰਧਯਾਰਾ।ਸੂਰਜ ਉਦੈ ਹੋਨ ਨਹਿਂ ਦਯੋ।ਸ਼ਕਤਿ
ਮਹਾਂ ਬਲ ਏਤਿਕ ਥਯੋ[6] ॥੩੦॥ ਸੁਨਿ ਸੰਗਤਿ ਨੇ ਬੂਝੀ ਕਥਾ।'ਸ੍ਰੀ ਗੁਰ
ਭਨਹੁ ਪ੍ਰਥਮ ਭਈ ਜਥਾ'।ਸੁਨਿ ਸ੍ਰੀ ਅਮਰਦਾਸ ਤਬਿ ਕਹਯੋ।'ਇਕ ਮੁਨਿ
ਮਾਂਡਵ ਤਪੁ ਕਰਿ ਰਹਯੋ ॥੩੧॥ ਤਸਕਰ ਨ੍ਰਿਪ ਕੀ ਕਰੀ ਸਤੇਈ[7]। ਚਲੇ
ਜਾਤਿ ਰਿਖਿ ਦੇਖਹਿ ਤੇਈ[8]। ਏਕ ਹਾਰ ਬਹੁ ਮੋਲ ਹੁਤੋ ਜਿਹ । ਰਿਖਿ ਕੋ
ਜਾਨਿ ਅਰਪ ਦੀਨਸਿ ਤਿਹ ॥੩੨॥ ਤਸਕਰ ਗਏ ਆਪਨੇ ਸਦਨ।ਬੈਠਯੋ
ਮੁਨੀ ਸਮਾਧਹਿ ਮਗਨ । ਇਤਨੇ ਮਹਿਂ ਨ੍ਰਿਪ ਕੇ ਭਟ[9] ਆਏ। ਦੇਖਿ ਹਾਰ
ਮੁਨਿ ਗਹਯੋ ਉਠਾਏ ॥ ੩੩ ॥ ਕਹਿ ਬਹੁ ਰਹਯੋ ਨ ਮਾਨੀ ਕਾਹੂ । ਤਸਕਰ
ਲਖਿ ਸੂਲੀ ਦਿਯ ਤਾਂਹੂ।ਤਪ ਕੇ ਬਲ ਕਰਿ ਮਰਯੋ ਨ ਸੋਊ।ਧਰਮਰਾਇ ਸੌਂ
ਕ੍ਰੱਧਤਿ ਹੋਊ॥੩੪॥–ਇਹੁ ਅਨਯਾਇ ਕਰਯੋ ਮਤਮੰਦ!।ਤੁਝਕੋ ਦੈਹੌਂ ਸ੍ਰਾਪ
ਬਿਲੰਦ।ਸਗਰੀ ਆਰਬਲਾ ਤਪ ਤਾਯੋ।ਬਿਨ ਅਘ ਸੂਲੀ ਮੋਹਿ ਚਢਾਯੋ–।
੩੫॥ਜਮ ਤਬਿ ਆਇ ਮੁਨੀ ਸੌਂ ਕਹਯੋ ।–ਪੂਰਬ ਕਰਮ ਕੇਰ ਫਲ ਲਹਯੋ।
ਆਰਬਲਾ ਬਾਲਕ ਮਹਿਂ ਧਰੀ[10] । ਸੂਲ ਸੰਗ ਭ੍ਰਿੰਗ ਬੇਧਨ ਕਰੀ[11] ॥੩੬॥

---

[1]ਤਿਸ(ਇਸਤ੍ਰੀ ਦੇ ਪਤੀ) ਸਿੱਖ ਨੇ (ਇਸਨੂੰ) ਗੁਰ ਸੇਵਾ ਦੱਸੀ। [2]ਆਪਣੀ ਇੱਛਾ ਅਨੁਸਾਰ ਜਾਣ ਵਾਲੀ। [3]ਪੰਘੂੜੇ ਉਪਰ ਲਿਟਾ ਆਂਵਦੀ ਹੈ। [4]ਬਾਵਲੀ ਦੀ ਕਾਰ ਕਰਦੀ ਹੋਈ; ਤਿਸ (ਪੁੱਤ੍ਰ ਦੀ ਦਸ਼ਾ) ਨੂੰ ਜਾਣਦੀ ਹੈ। [5]ਲਡੌਂਦੀ ਹੈ। [6]ਇਤਨੀ ਹੋਈ। [7]ਚੋਰ ਨੇ ਰਾਜੇ ਦੀ ਚੋਰੀ ਕੀਤੀ। [8]ਉਨ੍ਹਾਂ(ਚੋਰਾਂ) ਨੇ ਰਿਖੀ ਵੇਖਿਆ। [9]ਸੂਰਮੇ। [10](ਜਦ ਤੂੰ) ਧਾਰੀ ਸੀ। (ਅ) ਫੜਕੇ। [11]ਕੰਡੇ ਨਾਲ (ਤੂੰ) ਅੱਕ ਦਾ ਟਿੱਡਾ (ਯਾ ਭੂੰਡ) ਵਿੰਨ੍ਹ ਦਿੱਤਾ ਸੀ। *ਪਾ:–ਭਈ।

ਤਿਸਤੇ ਸੂਲੀ ਤੋਕੋ ਹੋਈ–।ਸੁਨਿਮੁਨਿ ਬੋਲਯੋ–ਨਜਾਇ ਨ ਕੋਈ। ਬਾਲਕ ਬਯ ਸੁਧਿ ਬਿਨੁ ਜਬਿ ਰਹੈ।ਕਰਹਿ ਕਰਮ,ਕਿਮਿ ਤਿਹ ਫਲ ਲਹੈ?॥੩੭॥ ਕਰਹੁ ਮ੍ਰਿਜਾਦ ਆਜ ਤੇ ਐਸੀ।ਧਰਮਰਾਇ!ਮੈਂ ਭਾਖੌਂ ਜੈਸੀ। ਬਾਲਕ ਬਯ ਹੋਇ ਨ ਸੁਧਿ ਮਾਂਹੀ। ਕਰਹਿ ਕਰਮ ਫਲ ਪਾਇ ਸੁ ਨਾਂਹੀ–॥੩੮॥ ਮੁਨਿ ਮਾਂਡਵ ਸੂਲੀ ਪਰ ਰਹਯੋ[1]। ਇੱਕ ਪਤਿਬ੍ਰਤਾ*ਤਾਂਹਿ ਨ ਲਹਯੋ[2]। ਪਿੰਗਲ ਪਤਿ ਕੋ ਸੀਸ ਉਠਾਏ। ਚਲਤਯੋ ਸੂਲੀ ਸੰਗ ਲਗਾਏ॥੩੯॥ ਹੁਤੋ ਤਿਮਰ ਨਹਿ ਦੇਖਯੋ ਗਯੋ। ਹਲਿ ਕਰਿ[3] ਮੁਨੀ ਦੁਖਯੋ ਰਿਸ ਭਯੋ। ਦਿਯੋ ਸ੍ਰਾਪ–ਰਵਿ ਉਦਯਤਿ ਸਾਥ।ਮਰਹਿ[4]ਉਠਾਯੋ ਜੋ ਨਿਜ ਨਾਥ–॥੪੦॥ ਸੁਨਿ ਪਤਿੱਬ੍ਰਤਾ ਬਹੁ ਦੁਖ ਪਾਵਾ।–ਬਿਨ ਜਾਨੇ ਮੈਂ ਤੋਹਿ ਛੁਵਾਵਾ।ਹੋਇ ਪ੍ਰਾਤਿ, ਪਤਿ ਮਮ ਮਰਿ ਜਾਇ।ਯਾਂਤੇ ਨਹਿ ਸੂਰਜ ਨਿਕਸਾਇ॥੪੧॥ਜੋ ਮੇਰੋ ਪਤਿ ਮਰਯੋ ਜਿਵਾਵੈ। ਮਾਰਤੰਡ[5] ਕੋ ਸੋ ਉਦਤਾਵੈ–। ਇਮਿ ਪਤਿੱਬ੍ਰਤਾ ਨੇ ਜਬਿ ਕਹਯੋ। ਉਦਯੋ ਨ ਰਵਿ ਤਮ ਦਹਿਦਿਸ਼ ਰਹਯੋ ॥ ੪੨ ॥ ਦਸ ਦਿਨ ਬੀਤ ਗਏ ਇਸ ਭਾਂਤੀ। ਸਗਰੋ ਜਗਤ ਭਯੋ ਬਿਕੁਲਾਤੀ[6]।ਸਰਬ ਸੁਰਨਿ ਤਬਿ ਕੀਨਿ ਉਪਾਇ। ਤਿਸਿਕੋ ਪਤਿ ਮਿਲਿ ਦਯੋ† ਜਿਵਾਇ[7] ॥੪੩॥ ਇਮਿ ਪਤਿਬ੍ਰਤਾ ਬਿਖੈ ਬਹੁ ਬਲ ਹੈ। ਧਰੇ ਸ਼ਕਤਿ ਗਮਨੈ ਸਭਿ ਥਲ ਹੈ। ਯਾਂਤੇ ਕਾਬਲ ਤੇ ਚਲਿਆਈ।ਇਕ ਪਤਿਬ੍ਰਤਿ,ਪੁਨ ਸੇਵ ਕਮਾਈ॥੪੪॥ਸਤਿਗੁਰਧ੍ਯਾਨ ਧਰਹਿ ਦਿਨ ਰੈਨ।ਭਈ ਅਧਿਕ ਸ਼ਕਤੀਗਨ ਐਨ[8]। ਗ੍ਰਿਹਸਤਿ ਬਿਖੈ ਜੇ ਭਗਤਿ ਕਰੰਤੇ।ਗੁਰ ਸੇਵਹਿ ਪ੍ਰਭੁ ਕੋ ਸਿਮਰੰਤੇ॥੪੫॥ਤਿਨ ਸਮਾਨ ਦੂਸਰ ਨਹਿ ਹੋਇ'।ਸੁਨਿ ਗੁਰ ਤੇ ਹਰਖੇ ਸਭਿ ਕੋਇ।'ਧੰਨਧੰਨ ਤੁਮ ਪ੍ਰਭੁ ਕ੍ਰਿਪਾਲੂ। ਦਾਤਾ ਸ਼ਕਤੀ ਬ੍ਰਿੰਦ ਬਿਸਾਲੂ ॥ ੪੬ ॥ ਪੁਨ ਸੋ ਮਾਈ ਨਿਕਟਿ ਹਕਾਰੀ। ਕਰੀ ਨਿਹਾਲ ਸੁ ਗਿਰਾ ਉਚਾਰੀ। 'ਆਤਮਗ੍ਯਾਨ ਦੰਪਤੀ ਪਾਵਹੁ। ਅੰਤ ਸਮੈ ਮੁਝ ਸੋਂ ਮਿਲ ਜਾਵਹੁ' ॥ ੪੭ ॥ ਇਮਿ ਪ੍ਰਸੰਗ ਤਿਸਿ ਮਾਈ ਕੇਰਾ। ਕਰਯੋ ਉਧਾਰ ਪਰਮ ਸੁਖ ਹੇਰਾ। ਸਤਿਗੁਰ ਸਕਲ ਸ਼ਕਤਿ ਕੋ ਦਾਤਾ। ਸਿਖ ਸੰਗਤਿ ਸਭਿਹਿਨਿ ਮਨ ਜਾਤਾ ॥੪੮॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਪਤਿੱਬ੍ਰਤਾ ਮਾਈ ਕੋ ਪ੍ਰਸੰਗ' ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥੫੫॥

[1]ਤੇ(ਚੜ੍ਹਿਆ)ਹੋਇਆ ਸੀ। [2]ਇਕ ਪਤਿਬ੍ਰਤਾ ਸੀ ਤਿਸਨੇ ਨਾ ਵੇਖਿਆ। [3]ਹਿਲ ਕਰਕੇ। [4]ਮਰ ਜਾਵੇਗਾ। [5]ਸੂਰਜ ਨੂੰ। [6]ਬਿਆਕੁਲ। [7]ਮਿਲਕੇ ਜਿਵਾ ਦਿੱਤਾ। [8]ਭਾਵ ਸਾਰੀਆਂ ਸ਼ਕਤੀਆਂ ਦਾ ਘਰ। *ਜਿਸ਼ਦਾ ਨਾਮ ਸੱਤਜਵਤੀ ਦੱਸੀਦਾ ਹੈ। †ਪਾ:–ਦੇਹੁ।

੫੬. [ਸਿੱਖਾਂ ਦਾ ਪ੍ਰਸ਼ਨ ਕਿ ਗੱਦੀ ਤੇ ਸ੍ਰੀ ਰਾਮਦਾਸ ਜੀ ਜਾਂ ਕਿ ਰਾਮਾ ਜੀ ਬੈਠਣਗੇ]।

ਦੋਹਰਾ॥ ਸ੍ਰੀ ਸਤਿਗੁਰ ਉਪਕਾਰ ਹਿਤ ਤੀਰਥ ਰਚ੍ਯੋ ਬਿਸਾਲ। ਕਰੀ ਟਹਿਲ ਜਿਨਿ ਪ੍ਰੇਮ ਧਰਿ ਸੋ ਸਭਿ ਕਰੇ ਨਿਹਾਲ॥੧॥ਚੌਪਈ॥ਸਤਿਗੁਰ ਪੌਰ ਮੁਕਤਿ ਕੋ ਦ੍ਵਾਰਾ। ਧਰਿ ਪ੍ਰਤੀਤ ਇਮਿ ਠਾਨਤਿ ਕਾਰਾ॥ ਰਾਖ੍ਯੋ ਖੋਲ ਮੁਕਤਿ*ਭੰਡਾਰੂ।ਜਨੋਂ ਜਨੋਂ ਬਖਸ਼ਤਿ ਹੋਤਿ ਉਦਾਰੂ॥੨॥ ਸ੍ਰੀ ਗੁਰ ਅਮਰ ਕਿ ਦੇਵਤਰੋਵਰੁ[1]। ਬਡ ਪ੍ਰਤਾਪ ਬਿਸਤਾਰ ਬਰੋਵਰ[2]। ਆਲ ਬਾਲ[3] ਸਤਿ-ਸੰਗਤਿ ਸੋਹੈ।ਸ਼ੁਭ ਗੁਨ ਗਨ ਦਲ[4] ਸੰਕੁਲ[5] ਸੋਹੈ॥੩॥ਬਿਸ਼ਿਯਨ ਤੇ ਬਿਰਾਗ ਜਿਸ ਛਾਯਾ॥ ਬ੍ਰਹਮਗ੍ਯਾਨੀ ਦੇਵਨ ਕੋ ਭਾਯਾ[6]। ਸ੍ਰੀ ਸਤਿਗੁਰ ਪਗ ਪੰਕਜ ਸੇਵਾ॥ਇਹੀ ਬੀਜ ਉਪਜਨਿ ਸ਼ੁਭ ਭੇਵਾ॥੪॥ ਭਗਤੀ ਤੁਚਾ[7] ਕਰਤਿ ਦ੍ਰਿੜ ਰਾਖਾ। ਜਹਿਂ ਕਹਿਂ ਸਿੱਖੀ ਦੀਰਘ ਸਾਖਾ[8]। ਸੱਤਾਸਤ ਬਿਬੇਕ[9] ਸ਼ੁਭ ਸੁਮ-ਨਸ[10]।ਚਾਹਤਿ ਰਹਤਿਭਗਤਿ ਗਨਸੁ ਮਨਸ[11]॥੫॥ਜਾਚਕ ਸਿੱਖਜਅਨੇਕ ਜਿ ਆਵਤਿ। ਮਨੋਕਾਮਨਾ ਤਤਛਿਨ ਪਾਵਤਿ। ਜਿਨ ਕੇ ਬਡੇ ਭਾਗ ਜਗ ਜਾਗੇ। ਸੋ ਗੁਰ ਸੁਰ ਤਰੁਵਰੁ[1] ਅਨੁਰਾਗੇ॥ ੬ ॥ ਕੋਸ਼ ਅਤੋਟ ਦੇਗ਼ਿ ਨਿਤਿ ਰਹੈਂ। ਦੋਨਹੁ ਹਾਥਨ ਬਾਂਟਤਿ ਅਹੈਂ। ਜਗਤਿ ਬਿਦਤਿ ਅਗ੍ਯ-ਮਤਿ ਕੇ ਦਾਤਾ। ਭੁਗਤਿ ਮੁਕਤਿ ਲੇ ਜਿਨਹੁੰ ਪਛਾਤਾ॥ ੭ ॥ ਅਧਿਕ ਕ੍ਰਿਪਾਲ ਨ ਦੁਖ ਦਿਖ ਸੱਕਈਂ। ਸੰਸੈ ਨਾਸ਼ੈਂ ਜਿਸ ਦਿਸ਼ ਤੱਕਈਂ। ਕੌਨ ਕੌਨ ਗੁਨ ਬਰਨਨ ਕਰੌਂ। ਸੁਜਸ ਬਿਸਾਲ ਬੁਧਿ ਲਘੁ ਧਰੌਂ[12] ॥ ੮ ॥ ਬਨਹਿ ਬੰਦਨਾ ਪਦ ਅਰਬਿੰਦਾ। ਬੀਸ ਪ੍ਰਕਾਸ਼ਕ ਚੰਦ ਮਨਿੰਦਾ। ਧਰਿ ਪ੍ਰਤੀਤਿ ਜੋ ਕਾਰ ਕਮਾਵੈਂ। ਭੁਗਤਿਰੁਮੁਕਤਿ ਮਜੂਰੀ ਪਾਵੈਂ॥੯॥ ਅਸ ਸਤਿ-ਗੁਰ ਜਿਨ ਸੇਵ੍ਯੋ ਨਾਂਹਿ। ਜਨਮ ਬਾਦ ਤਿਨ ਕੇ ਜਗ ਮਾਂਹਿ।ਇਕ ਪਲਕ ਮੈਂ ਕਰਹਿਂ ਨਿਹਾਲ।ਕੋਟ ਜਨਮ ਕੋ ਕਾਟਹਿਂ ਕਾਲ॥੧੦॥ ਅਲਪ ਸੇਵ ਤੇ ਪਰਮ ਪ੍ਰਸੰਨ। ਕਰਤਿ ਸੁਰਨਿ ਤੇ ਭੀ ਬਡ ਧੰਨ।।–ਹਮ ਤੇ ਹੋਵਹਿ ਸਿਖ ਪਸ਼ਚਾਤੀ–।ਤਿਨਕੀਪ੍ਰੀਤਿਅਗਾਊਜਾਤੀ[13]॥੧੧।–ਪ੍ਰਾਪਤ ਹੁਇ ਕੱਲ੍ਯਾਨ ਮਹਾਂਨ–।ਤਿਨ ਹਿਤ ਬਾਪੀ ਰਚੀ ਸੁਜਾਨ।ਚਹੁੰ ਜੁਗ ਮਹਿਂ ਗੁਰ ਸਮ ਉਪ-

[1]ਕਲਪ ਬ੍ਰਿੱਛ। [2](ਬ੍ਰਿਛ ਦੇ )ਵਿਸਥਾਰ ਵਾਙੂ ਬੜਾ ਸ਼੍ਰੇਸ਼ਟ ਪ੍ਰਤਾਪ ਹੈ। [3]ਬ੍ਰਿਛ ਦਾ ਦੌਰ, ਘੇਰਾ। [4]ਪੱਤੀਆਂ। [5]ਸਮੂਹ, ਸਾਰੇ,ਘਣੇ। [6]ਬ੍ਰਹਮ ਗਿਆਨੀ ਰੂਪੀ ਦੇਵਤਿਆਂ ਨੂੰ ਚੰਗਾ ਲਗਣਾ(ਫਲ)। [7]ਛਿਲ। [8]ਟਾਹਣੀਆਂ। [9]ਸੱਤ ਅਸੱਤ ਦਾ ਵਿਚਾਰ। [10]ਚੰਗੇ ਫੁਲ ਹਨ। [11]ਅਪਨੇ ਮਨ ਵਿਚ ਮਾਨੋ ਭਗਤ ਚਾਹੁੰਦੇ ਰਹਿੰਦੇ ਹਨ। [12]ਮੇਰੀ ਮਤ ਥੋੜੀ ਹੈ। [13]ਜਾਣ ਲਈ। *ਪਾ:–ਭਗਤਿ।

ਕਾਰੀ॥ਸੁਨਨੋ ਨਹੀਂ ਨਹਿਂ ਕਿਨਹੂੰ ਉਚਾਰੀ ॥੧੨॥ ਅਸ ਗੁਰ ਕੋ ਸਿਮਰਹਿਂ ਜੇ ਨਾਂਹੀ। ਤਿਨ ਸਮ ਤੋਟਾ ਨਹਿਂ ਜਗ ਮਾਂਹੀ। ਕਰਹਿਂ ਬਾਪਿਕਾ ਟਹਿਲ ਬਿਸਾਲਾ॥ ਧਰਹਿਂ ਚੌਂਪ ਚਿਤ ਜੇ ਸਿਖ ਜਾਲਾ ॥੧੩॥ ਬਹਤ ਨਰਨ ਕੀ ਹੁਇ ਨਿਤਿ ਭੀਰ।ਦੇਗ ਬਿਖੈ ਅਧਿ ਭੋਜਨ ਨੀਰ।ਪਾਕ ਸਿੱਧ[1] ਸਿੱਖ ਬਹੁਤੇ ਕਰੈਂ। ਅੰਨ ਅਨੇਕ ਆਨਿ ਕਰਿ ਧਰੈਂ ॥ ੧੪ ॥ ਪ੍ਰਾਤਿ ਹੇਤ ਨਿਸ ਰਾਖਹਿਂ ਨਾਂਹੀ। ਲੇਹਿਂ ਤਿਤਕ ਜੇਤਿਕ ਨਰ ਖਾਂਹੀ। ਭੋਜਨ ਹੋਹਿ ਹਜ਼ਾਰਨ ਕੇਰਾ। ਦੇਹਿਂ ਸਭਿਨਿ ਪਰ ਆਪ ਨ ਹੇਰਾ[2] ॥ ੧੫ ॥ ਪ੍ਰਿਥਮ ਸਤਿਗੁਰੂ ਪੰਕਤਿ ਲਾਇ। ਲਵਨ ਬਿਹੀਨ ਓਗਰਾ ਖਾਇਂ। ਸੰਗਤਿ ਕੋ ਅਹਾਰ ਸਭਿ ਭਾਂਤਿ। ਸ੍ਵਾਦ ਸਰਸ[3] ਹੁਇ ਪਹਤਿ ਰੁ ਭਾਤਿ[4] ॥ ੧੬ ॥ ਅਪਰ ਸਲਵਣ ਅਨੇਕ ਪ੍ਰਕਾਰਾ। ਗੋਧੂਮ ਚੂਨ[5] ਪਕਾਇਂ ਅਹਾਰਾ। ਸੁੰਦਰ ਮਧੁਰ ਬਨਾਵਹਿਂ ਕਿਤੋ। ਆਇ ਜਾਇ ਨਰ ਖਾਇਸਿ ਜਿਤੋ ॥੧੭॥ ਬਰਤਨ ਲਗਹਿ ਦਿਵਸੁ ਮੱਧਜਾਨ[6]। ਨਿਸਾ ਜਾਮ ਲਗ ਲੇ ਕੋ ਆਨਿ[7]। ਕੋਇ ਨ ਅਟਕਾਵਹਿ ਤਹਿਂ ਜਾਤੇ[8]। ਤ੍ਰਿਪਤਿ ਹੋਹਿਂ ਨਰ ਲੇ ਸਭਿ ਖਾਤੇ ॥ ੧੮ ॥ ਨਿਤਪ੍ਰਤਿ ਸਤਿਗੁਰ ਦੇਗ ਚਲਾਵੈਂ। ਹੋਹਿ ਛੁਧਾਤੁਰ ਸਭਿ ਕੋ ਖਾਵੈ। ਕਾਰ ਕਰਹਿਂ ਬਾਪੀ ਨਰ ਜੋਈ॥ਇਕ ਪੰਕਤਿ ਕਰਿ ਅਚਵਹਿਂ ਤੇਈ॥੧੯॥ ਜੁਗ ਤਨਿਯਾਂ[9] ਸ਼੍ਰੀ ਗੁਰ ਕੇ ਹੁਤੀ। ਬਡਿਭਾਗਾ ਭਗਤਨਿ ਸ਼ੁਭ ਮਤੀ[10]। ਇਕ ਕੋ ਪਤਿ ਰਾਮਾ ਤਿਸ ਨਾਮਾ।ਰਾਮਦਾਸ ਦੂਸਰ ਅਭਿਰਾਮਾ ॥੨੦॥ ਸਤਿਗੁਰ ਬਿਖੈ ਭਾਵਨਾ ਭਾਰੀ। ਸੇਵਾ ਕਰਹਿਂ ਅਨੇਕ ਪ੍ਰਕਾਰੀ। ਕਾਰ ਬਾਪਿਕਾ ਕੀ ਮਿਲਿ ਦੋਊ। ਕਰਤਿ ਆਪ ਕਰਿਵਾਵਤਿ ਸੋਊ ॥੨੧॥ ਰਾਮਦਾਸ ਜੀ ਸਿਝ ਸੁਵੇਰ।ਕਰਹਿਂ ਟੋਕਰੇ ਇਕ ਥਲ ਹੇਰਿ। ਕਰਿਕੈ ਕਾਰ ਅਪਰ ਹਟਿ ਜਾਇਂ। ਕਹੀ ਆਦਿ ਸਭਿ ਕਰਿ[11]ਇਕ ਥਾਇ॥੨੨॥ਧਰਹਿਂ ਸੰਭਾਰਿ ਸਕਲ ਪਸ਼ਚਾਤੀ। ਆਨਿ ਦੇਤਿ ਜਬਿ ਹੋਵਤਿ ਪ੍ਰਾਤੀ। ਕਾਰੀਗਰ ਨਿਜ ਸਾਧਨ[12] ਸਾਰੇ। ਤਿਸੀ ਰੀਤਿ ਤਿਨ ਕੋ ਸੰਭਾਰੇ॥੨੩॥ਅਤਿ ਪ੍ਰਤੀਤ ਅਤਿ ਪ੍ਰੀਤ ਧਰੰਤਾ। ਸ਼੍ਰੀ ਸਤਿਗੁਰ ਕੀ ਸੇਵ ਕਰੰਤਾ। ਤੈਸੇ ਰਾਮਾ ਦੂਸਰ ਜੋਇ। ਕਾਰ ਬਾਪਿਕਾ[13] ਲਾਗਜੋ ਸੋਇ॥੨੪॥

---

[1]ਲੰਗਰ ਤਿਆਰ। [2]ਪਰਾਇਆ ਆਪਣਾ ਨਹੀਂ ਦੇਖਦੇ। [3]ਰਸਦਾਇਕ, ਰਸ ਵਾਲਾ। [4]ਦਾਲ ਤੇ ਚਾਵਲ। [5]ਕਣਕ ਦਾ ਆਟਾ। [6]ਦੁਪਹਿਰ ਵੇਲੇ ਤੋਂ। [7]ਕੋਈ ਆਣ ਕੇ ਲਵੇ। [8](ਲੰਗਰ ਵਿਚ) ਜਾਂਦਿਆਂ। [9]ਸਪੁੱਤ੍ਰੀਆਂ। [10]ਬੜੇ ਭਾਗਾਂ ਵਾਲੀਆਂ, ਭਗਤੀ ਵਾਲੀਆਂ, ਤੇ ਸ਼ੁਭ ਬੁੱਧੀ ਵਾਲੀਆਂ। [11](ਸ਼੍ਰੀ ਰਾਮਦਾਸ ਜੀ) ਇਕ ਥਾਂ ਕਰਕੇ। [12]ਹਥਿਆਰ। [13]ਬਾਵਲੀ ਦੀ।

ਕਰਹਿ ਆਪ ਅਰੁ ਕਹਿ ਕਰਿਵਾਵੈ।ਸੇਵਾ ਲਗਯੋ ਨਹੀਂ ਅਲਸਾਵੈ।ਦੋਨਹੁ
ਪਰ ਸਤਿਗੁਰ ਹਿਤਕਰੈਂ।ਅਪਨੇ ਭਗਤਿਜਾਨਿ ਉਰਧਰੈਂ॥੨੫॥ ਤਿਨਦੋਨੋ
ਕਹੁ ਦੇਖਤਿ ਸਾਰੇ। ਕਰਹਿਂ ਪਰਸਪਰ ਬਾਦ ਉਚਾਰੇ। ਕੋ ਇਕ ਸਿਖ ਇਮਿ
ਕਹੈ ਬਨਾਇ।'ਰਾਮੇ ਪਰ ਗੁਰ ਹਿਤ ਅਧਿਕਾਇ ॥੨੬ ॥ ਨਿਜ ਗਾਦੀ ਪਰ
ਦੇਹਿਂ ਬਿਠਾਈ।ਰਾਮਾ ਲੇਹਿ ਜਗਤ ਗੁਰਿਆਈ। ਨਿਸਦਿਨੁ ਆਇਸੁ ਬਿਖੈ
ਚਲੰਤਾ।ਕਰਤਿ ਸੇਵ ਕੋ ਨਹਿਂ ਅਲਸੰਤਾ'॥੨੭॥ਕੇਚਿਤ[1] ਕਹੈਂ ਸਿੱਖ ਪਿਖ
ਤੌਰ।'ਰਾਮਦਾਸ ਪਾਵਹਿ ਗੁਰ ਠੌਰ[2]। ਇਨ ਪਰ ਗੁਰ ਕੀ ਖੁਸ਼ੀ ਘਨੇਰੀ।
ਰਿਦੈ ਗਰੀਬੀ ਨਿਤ ਬਹੁਤੇਰੀ ॥ ੨੮ ॥ ਆਪਾ ਕਬਹੁ ਜਨਾਵਹਿਂ ਨਾਂਹੀ।
ਨਿਸ ਦਿਨਹਿਤ ਅਤਿ ਸੇਵਾ ਮਾਂਹੀ।ਇਨਿ ਦਿਸ਼ਦਿਖਿਗੁਰ ਉਰ ਹਰਖੰਤੇ।
ਸੇਵਾ ਕੇ ਬਸਿ ਬਿਰਦ ਧਰੰਤੇ'॥੨੯॥ਇਮਿ ਆਪਸਮਹਿਂ ਬਾਦਤਿਰਹਿਹੀ[3]।
ਦੋਨਹੁੰ ਦਿਸ਼ ਕੇ ਹਿਤ ਕੀ ਕਹਿਹੀਂ। ਤਊ ਬਹੁਤ ਜੇ ਸਿੱਖ ਮਹਾਂਨੇ।
ਸਤਿਗੁਰ ਭੇਦ ਰਿਦੇ ਕੋ ਜਾਨੇ॥੩੦॥-ਦੇਖਿ ਗਰੀਬੀ ਪ੍ਰੀਤਿ ਸੁਭਾਊ।ਕਰਨ
ਪ੍ਰਤੀਤਿ, ਧਰਨਿ ਉਰ ਭਾਊ। ਧੀਰਜ, ਖਿਮਾਂ ਆਦਿ ਗੁਣ ਸਾਰੇ। ਜਿਨਿ
ਤੇ ਗੁਰ ਪ੍ਰਸੰਨਤਾ ਧਾਰੇਂ ॥੩੧ ॥ ਸੋ ਲਖਿ ਰਾਮਦਾਸ ਮਹਿਂ ਆਛੇ-। ਕਹੈਂ
ਬਹੁਤੁ 'ਹੁਇ ਇਹੁ ਗੁਰ ਪਾਛੇ। ਅਰ ਪ੍ਰਸੰਨਤਾ ਗੁਰ ਕੀ ਦੇਖੈਂ। ਇਨ
ਪਰ ਸਦ ਹੀ ਹੋਤਿ ਵਿਸ਼ੇਖੈ' ॥ ੩੨ ॥ ਅਸ ਅਨੁਮਾਨ ਕਰਤਿ ਸਿਖ
ਬ੍ਰਿੰਦਹਿਂ। ਧਾਰਤਿ ਰਿਦੇ ਸੰਦੇਹ ਬਿਲੰਦਹਿ। ਇਕ ਦਿਨ ਸਤਿਗੁਰ ਕੇ
ਸਭਿ ਤੀਰ। ਦਰਸ਼ਨ ਕਰਤਿ ਭਈ ਸਿਖ ਭੀਰ ॥ ੩੩ ॥ ਹੁਤੇ ਮੁੱਖਜ
ਕੇਚਿਤ ਤਿਨ ਮਾਂਹੂ। ਸੋ ਬੋਲੇ ਸ੍ਰੀ ਸਤਿਗੁਰ ਪਾਹੂ। ਹਾਥ ਜੋਰਿ ਕਰਿ
ਬਿਨਤੀ ਠਾਨੀ। 'ਸਰਬਗ ਆਪ ਸਦਾ ਗੁਨਖਾਨੀ॥੩੪॥ ਕਿਹ ਸੋਂ ਨਹੀਂ
ਸਨੇਹ ਤੁਮਾਰਾ। ਕੇਵਲ ਸੇਵਕ ਬਸਿ ਅਨੁਸਾਰਾ।ਸ੍ਰੀ ਨਾਨਕ ਤਜਿ ਸੁਤ[4]
ਗੁਨਖਾਨੀ। ਦਾਸ ਬਿਠਾਯਹੁ ਅਪਨਿ ਸਥਾਨੀ ॥੩੫॥ ਤਿਮਿ ਸ੍ਰੀ ਅੰਗਦ
ਬਸਿ ਹ੍ਵੈ ਸੇਵਾ। ਤੁਮਹਿ ਬਿਠਾਯਹੁ ਜਗ ਗੁਰਦੇਵਾ।।ਨਿਜ ਅਨੁਸਾਰਿ ਪੁੱਤ੍ਰ
ਨਹਿਂ ਜਾਨੇ।ਅਜਰ ਜਰਨ ਗੁਨ ਹੀਨ ਪਛਾਨੇ॥੩੬॥ਤਿਮਿ ਸੁਭਾਵ ਰਾਵਰ
ਕੋ ਜਾਨਯੋ। ਦਾਸਨ ਕੇ ਬਸਿ ਇਹੁ ਪ੍ਰਨ ਠਾਨਯੋ। ਸਾਕ ਆਪ ਕੇ ਦੋਨਹੁ
ਜੋਈ।ਸੇਵਕ ਭੀ ਬਿਸਾਲ ਹੈਂ ਤੇਈ ॥੩੭॥ ਦੋਨਹੁ ਸੇਵਾ ਕਰਹਿਂ ਬਿਸਾਲਾ।

[1]ਕਈ। [2]ਗੁਰਾਂ ਦੀ ਜਗਾ ਭਾਵ ਗੱਦੀ। [3]ਚਰਚਾ ਕਰਦੇ ਰਹਿੰਦੇ ਹਨ। [4]ਸ੍ਰੀ ਨਾਨਕ ਜੀ ਨੇ ਸਪੁੱਤ੍ਰ ਤਜਕੇ।

ਘਾਲਹਿਂ ਘਾਲ ਜਾਲ[1] ਸਭਿ ਕਾਲਾ। ਗੁਰ ਸੰਗਤਿ ਕੀ ਸੇਵਾ ਠਾਨਹਿਂ। ਬਾਪੀ ਕਾਰਕਰਤਿ ਹਿਤ ਮਾਨਹਿਂ॥੩੮॥ਸਭਿ ਬਿਧਿ ਸੋਂ ਸਮਾਨ ਹੈਂ ਤੁਮਕੋ। ਤਊ ਹੋਤਿ ਸੰਸੇ ਸਭਿ ਹਮ ਕੋ। ਸਤਿਗੁਰ ਪੂਰਨ ਸਰਬ ਸਮਾਨ। ਏਕ ਦ੍ਰਿਸ਼ਟਿ ਸਭਿ ਪਰ ਬ੍ਰਹਮ ਗਯਾਨ॥੩੯॥ਬਾਦਹਿਂ ਆਪਸ ਮਹਿਂ ਹਮ ਐਸੇ। ਦੋਨੋ ਦੀਖਤਿ ਹੈਂ ਇਕ ਜੈਸੇ।ਕ੍ਰਿਪਾ ਦ੍ਰਿਸ਼ਟਿ ਤੁਮ ਧਾਰਨ ਕਰੋ। ਇਕਸਮ ਦੋਨਹੁ ਸੋਂ ਹਿਤ ਧਰੋ॥੪੦॥ਤਊ ਦੇਖੀਯਤਿ ਕਬਿ ਕਬਿ ਐਸੇ। ਰਾਮਦਾਸ ਪਰ ਹੁਇ ਬਹੁ ਜੈਸੇ। ਸੋ ਭੀ ਸੇਵਾ ਕਰਹਿ ਘਨੇਰੀ। ਨਿਸ ਦਿਨ ਲਗਨੋ ਰਹਤਿ ਬਿਨ ਬੇਰੀ॥੪੧॥ਹੋਵਹਿ ਇਨ ਮਹਿਂ ਕਵਨ ਬਿਸਾਲ੍ਯ।ਕੋ ਕਰਿ ਹੈ ਨਿਜ ਬੰਸ ਉਜਾਲਾ। ਤਾਰਤੰਮਤਾ[2] ਪ੍ਰੇਮ ਮਝਾਰੇ। ਕਿਮਿ ਜਾਨਹਿਂ ਸਿਖ ਸੇਵਕ ਸਾਰੇ ॥੪੨॥ ਕਹੇ ਆਪ ਕੇ ਲੇਹਿਂ ਪਛਾਨੁ।ਸਿਖ ਬਾਦਹਿਂ ਹੁਇ ਸੰਸੈ ਹਾਨੁ।ਕ੍ਰਿਪਾ ਕਰਹੁ ਚਾਹਤਿ ਸਭਿ ਪੂਛਾ।ਸੁਨਿ ਰਾਵਰਿ ਤੇ ਬਾਕਨਿ ਸੂਛਾ[3] ॥੪੩॥ਸੁਨਿ ਸਿੱਖਨ ਤੇ ਸਤਿਗੁਰ ਤਬੈ। ਅਰੁ ਮਨ ਕੀ ਜਾਨਤਿ ਭੇ ਸਬੈ। ਉੱਤਰ ਦੇਨਿ ਉਦਿਤਿ ਗਰ ਭਏ।ਜਿਨ ਬਹੁ ਦਾਸਨ ਕੋ ਸੁਖ ਦਏ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸਿੱਖਜਨ ਸਤਿਗੁਰ ਬੂਝਨ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਤੀ ਅੰਸੂ ॥ ੫੬ ॥

੫੭. [ਸਿੱਖਾਂ ਦੇ ਪ੍ਰਸ਼ਨ ਦਾ ਉੱਤਰ, ਰਾਮੇ ਤੇ ਸ਼੍ਰੀ ਰਾਮਦਾਸ ਜੀ ਦੀ ਪ੍ਰੀਖ੍ਯਾ]

ਦੋਹਰਾ॥ ਸੁਨਿ ਸਿੱਖਨ ਕੇ ਬਚਨ ਕੋ ਸੰਸੇ ਸੁਨਯੋ ਬਿਸਾਲ। ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਕਰਿ ਬੋਲੇ ਗੁਰੂ ਕ੍ਰਿਪਾਲ॥੧॥ ਚੌਪਈ ॥ 'ਜਗ ਕੇ ਬਿਖੈ ਏਕ ਨਰ ਨੇਮੀ।ਨੇਮ ਨਿਬਾਹਤਿ ਚਾਹਤਿ ਛੇਮੀ[4]। ਇਕ ਪ੍ਰੇਮੀ ਨਰ ਨੇਮ ਬਿਹੀਨਾ। ਰੈਨਿ ਦਿਵਸ ਏਕੈ ਲਿਵਲੀਨਾ॥੨॥ਪ੍ਰੇਮ ਪ੍ਰਵਾਹ ਵਧੈ ਨਿਤਿ ਜਿਨਕੋ।ਵਸੀ ਹੋਤਿ ਪੁਰਖੋਤਮ ਤਿਨਕੇ। ਬਿਨਾਂ ਪ੍ਰੇਮ ਸਿਮਰਨ ਅਰੁ ਸੇਵਾ*। ਵਲ ਕੁਛ ਥੋਰੋ ਹੁਇ ਲਖਿ ਏਵਾ[5] ॥੩॥ਇਨ ਦੋਨਹੁ ਮਹਿਂ ਪਰਖਹੁ ਪ੍ਰੇਮ। ਤਾਰਤੰਮ ਜਿਮ ਤਿਮ ਲਹਿਂ ਛੇਮ[6]।ਪ੍ਰਭੁ ਬਸਿ ਹੋਤਿ ਪ੍ਰੇਮ ਲਖਿ ਘਨੋ।ਅੰਗ ਸੰਗ ਰਹਿ ਨਿਤ ਹਿਤ ਸਨੋ॥੪॥ ਪਰਖੇ ਜਾਇਂ ਨ ਜੇ ਤੁਮ ਪਾਸੀ। ਜਿਸਕੇ ਰਿਦੇ ਪ੍ਰੇਮ ਅਬਿਨਾਸ਼ੀ। ਤੌ ਹਮ ਪਰਖ ਦੇਹਿਂ ਤੁਮ ਤਾਈਂ। ਰਾਖਹੁ ਗੋਪ ਨ ਕਹਹੁ

[1]ਕਮਾਉਂਦੇ ਹਨ ਬਹੁਤੀ ਕਮਾਈ। [2]ਘਾਟ ਵਾਧ। [3]ਪਵਿੱਤ੍ਰ ਵਾਕ। [4]ਮੁਕਤੀ। [5]ਇਸ ਤਰ੍ਹਾਂ ਜਾਣੋ। [6]ਜਿਵੇਂ ਪ੍ਰੇਮ ਵੱਧ ਘਟ ਹੋਊ ਤਿਵੇਂ ਸੁਖ ਲੈਣਗੇ।

*ਇਸ ਤੁਕ ਤੋਂ ਸਪਸ਼ਟ ਹੈ ਕਿ ਨਿਰੀ ਸੇਵਾ ਮਿਹਰ ਦਾ ਕਾਰਣ ਨਹੀਂ, ਪ੍ਰੇਮ, ਸਿਮਰਨ ਤੇ ਸੇਵਾ ਤ੍ਰੈਏ ਰਲ ਕੇ ਸਤਿਗੁਰੂ ਦੇ ਮਨ ਨੂੰ ਰੀਝਾਂਵਦੇ ਹਨ।

ਕਦਾਈਂ[1]'॥੫॥ਸਿੱਖਨ ਕੇ ਸੰਦੇਹ ਬਿਨਾਸ਼ਨ। ਨਿਜ ਪਾਛੇ ਥਾਪਨ ਸਿੰਘਾ-
ਸਨ[2]। ਪਰਖਨ ਹਿਤ ਸ੍ਰੀ ਸਤਿਗੁਰ ਪੂਰੇ। ਜੁਗਲ ਹਕਾਰਨ ਕਰੇ ਹਦੂਰੇ
॥ ੬ ॥ ਰਾਮਾ ਰਾਮਦਾਸ ਤਬਿ ਆਏ। ਪਾਸ ਬਾਪਿਕਾ ਗੁਰੂ ਸਿਧਾਏ।
ਲਏ ਲਸ਼ਟਕਾ ਹਾਥ ਮਝਾਰੀ। ਬ੍ਰਿੱਧ ਅਵਸਥਾ ਤਨ ਮਹਿਂ ਭਾਰੀ॥੭॥ ਖਰੇ
ਹੋਇ ਅਵਲੋਕਨੋ ਥਾਂਨ। ਰਾਮੇ ਸੋਂ ਤਬਿ ਕੀਨ ਬਖਾਨ। 'ਇਹਾਂ ਹਮਾਰੇ
ਬੈਠਨਿ ਕਾਰਨਿ।ਰੁਚਿਰ ਬੇਦਕਾ[3]ਕਰੋ*ਸੁਧਾਰਨਿ'॥੮॥ਇਮਿ ਕਹਿ ਸਤਿ-
ਗੁਰ ਕਰੀ ਲਕੀਰ।'ਇਸ ਬਿਧਿ ਚਿਨਵਾਵਹੁ ਥਲ ਥੀਰ[4]'। ਬਹੁਰੋ ਦਿਸ਼ਾ
ਦੂਸਰੀ ਗਏ। ਤਹਿ ਸਥਾਨ ਪਿਖਿ ਠਾਂਢੇ ਭਏ ॥੯॥ ਰਾਮਦਾਸ ਕੀ ਦਿਸ਼ਾ
ਨਿਹਾਰਾ।ਕਰਨ ਕਾਰ ਕੋ ਗੁਰੂ ਉਚਾਰਾ।'ਇਸ ਦਿਸ਼ ਬੈਠਨ ਹੇਤ ਹਮਾਰੇ।
ਥੜ੍ਹੀ ਬਨਾਵਹੁ ਰੁਚਿਰ ਪ੍ਰਕਾਰੇ'॥੧੦॥ਕਰਿ ਲਕੀਰਕੋ ਤਿਸਹਿ ਬਤਾਯਹੁ।
'ਇਸ ਬਿਧਿ ਕਹਿ ਕਰਿ ਤੁਮ ਚਿਨਵਾਯਹੁ। ਇਸ ਪਰ ਬੈਠਹਿਂ ਪ੍ਰਾਤਾ
ਕਾਲ†।ਤਿਸ ਪਰ ਸੰਧਯਾ[5]ਹੁਇਸੁਖ ਨਾਲ'॥੧੧॥ਇਮਿਬਤਾਇ ਸ੍ਰੀਸਤਿ-
ਗੁਰ ਗਏ।ਤਿਸ ਥਲ ਦੋਨਹੁ ਥਿਰਤਾ ਲਏ।ਪ੍ਰਿਥਕ ਪ੍ਰਿਥਕ ਥਲ ਬੈਠਨਿ
ਕੇਰਾ। ਲਗੇ ਕਰਾਵਨਿ ਕੋ ਤਿਸ ਬੇਰਾ ॥ ੧੨ ॥ ਦਿਨ ਸਗਰੇ ਮਹਿਂ ਕਾਰ
ਕਰਾਏ।ਸੰਧਯਾ ਭਈ ਗੁਰੂ ਤਬਿ ਆਏ।ਕਰੀ ਜੁ ਰਾਮੇ ਪੂਰਬ ਹੇਰੀ।ਪਰਖਨ
ਹਿਤ ਬੋਲੇ ਤਿਸ ਬੇਰੀ॥੧੩॥'ਇਹ ਤੋ ਨੀਕੀ ਨਹੀ ਬਨਾਈ। ਬੈਠਨ ਹੇਤ
ਨ ਹਮ ਕਹੁ ਭਾਈ। ਕਰਨੋ ਖੇਦ ਸਭਿ ਨਿਸ਼ਫਲ ਗਯੋ। ਟੇਢੀ ਕੰਧ ਉਸਾ-
ਰਤਿ ਭਯੋ॥੧੪॥ਢਾਹਿਦੇਹੁ ਨਹਿਂ ਦੇਰਿ ਕਰੀਜਹਿ।ਹਮਰੋਕਹਨੋ ਨੀਕਸੁਨਿ
ਲੀਜਹਿ। ਇਤਿ ਦਿਸ਼ ਸੂਧੀ ਭੀਤ ਚਿਨਾਵਹੁ। ਬਹੁਰ ਬੇਦਕਾ ਭਲੇ
ਬਨਾਵਹੁ' ॥ ੧੫ ॥ ਸੁਨਿ ਰਾਮੇ ਮਨ ਭੰਗ ਬਨਨੋ ਹੈ[6]। ਨਿਜ ਮਤ ਆਛੀ
ਜਾਨਿ ਭਨਨੋ ਹੈ।'ਜਿਮ ਤੁਮ ਕਹਨੋ ਤਥਾ ਬਨਵਾਈ।ਕੋ ਕਾਰਨ ਭਾ ਰਿਦੈ
ਨ ਭਾਈ ॥ ੧੬ ॥ ਸੁੰਦਰ ਬਨੀ ਬੈਠਿਬੇ ਲਾਯਕ। ਸਮੁਖ ਖਰੇ ਦਰਸਹਿ
ਜਹਿਂ ਪਾਇਕ[7]। ਮੇਰੋ ਦੋਸ਼ ਨ ਯਾ ਮਹਿਂ ਕੋਈ। ਆਪ ਕਹੀ ਜਿਮਿ ਤਥਾ
ਸੁ ਹੋਈ ॥ ੧੭ ॥ ਕੀਨਿ ਜਤਨ ਮੈਂ ਭਲੇ ਸੁਧਾਰੀ। ਜਿਮਿ ਰਾਵਰ ਨੇ

---

[1]ਗੁਪਤ ਨਹੀਂ ਰੱਖਾਂਗੇ, ਕਦੇ ਕਹਿ ਦਿਆਂਗੇ (ਦੇਖੋ ਇਸੇ ਅੰਸੂ ਦਾ ਅੰਕ ੫੦ ਤੋਂ ੫੩ ਜਿੱਥੇ ਗੁਰੂ ਜੀ ਵਜਾ ਕੇ ਸੁਣਾ ਦੇਂਦੇ ਹਨ)। ( ਅ ) ਤੁਸੀਂ ਹਾਲੀ ਚੁਪ ਰਖੋ (ਇਨ੍ਹਾਂ ਵਿਚੋਂ) ਕਿਸੇ ਨੂੰ ਕਹੋ ਨਹੀਂ। [2]ਟਿਕਾਉਣ ਲਈ ਤਖਤ ਤੇ। [3]ਥੜੀ। [4]ਬੈਠਣ ਦਾ ਥਾਂ। [5]ਤਿਸ (ਭਾਵ ਭਾਈ ਰਾਮੇ ਵਾਲੀ ਥੜ੍ਹੀ) ਤੇ ਸ਼ਾਮ ਵੇਲੇ। [6]ਦਿਲ ਟੁੱਟ ਗਿਆ। [7]ਜਿਥੇ(ਬੈਠਿਆਂ) ਸਨਮੁਖ ਖੜੋਕੇ ਦਰਸ਼ਨ ਕਰਨਗੇ ਸਿੱਖ।

*ਪਾਃ–ਰਚੋ। †ਪਾਃਪ੍ਰਾਤੀਕਾਰ।

ਰੀਤਿ ਉਚਾਰੀ'। ਇਮਿ ਰਾਮਾ ਕਹਿ ਰਹ੍ਯੋ ਘਨੇਰਾ। ਸ੍ਰੀ ਗੁਰ ਢਹਿਵਾਈ ਤਿਸ ਬੇਰਾ ॥ ੧੮ ॥ ਨਿਜ ਕਰ ਛਰੀ[੧] ਲਕੀਰ ਨਿਕਾਰੀ। ਕਹ੍ਯੋ 'ਕਰਹੁ ਇਸ ਰੀਤਿ ਸੁਧਾਰੀ'। ਤਹਿਂ ਤੇ ਚਲਿ ਦੂਸਰ ਦਿਸ਼ ਗਏ। ਰਾਮਦਾਸ ਢਿਗ ਠਾਂਢੇ ਭਏ ॥ ੧੯ ॥ ਪਦ ਅਰਬਿੰਦ ਬੰਦਨਾ ਕਰਿਕੈ। ਖਰੋ ਰਹ੍ਯੋ ਨਿਜ ਗ੍ਰੀਵ ਨਿਹੁਰਿਕੈ[੨]। ਸ੍ਰੀ ਗੁਰ ਅਮਰਦਾਸ ਪਿਖਿ ਕਹ੍ਯੋ'ਹਮਰੋ ਆਸ਼ਯ ਤੈਂ ਨਹਿ ਲਹ੍ਯੋ॥੨੦॥ਜਥਾ ਬਤਾਈ ਤਥਾ ਨ ਕਰੀ। ਬੱਕ੍ਰਭੀਤ[੩]ਰਚਿ ਕੀਨਸ ਥਰੀ।ਭਈ ਨ ਬੈਠਨਿ ਉਚਿਤ ਹਮਾਰੇ। ਇਸ ਕਾਰਨ ਤੇ ਕਰਹੁ ਬਿਦਾਰੇ[੪]' ॥੨੧॥ਗੁਰ ਤੇ ਸੁਨਿ ਸ਼ੰਕਤਿ ਮਨ ਹ੍ਵੈਕੈ[੫]। ਤਾਤਕਾਲ ਨਿਜ ਹਾਥ ਗਿਰੈਕੈ[੬]। ਨੰਮ੍ਰਿ ਹੋਇ ਬੂਝੀ ਬਿਧਿ ਫੇਰੀ। 'ਬਖਸ਼ਹੁ ਅਬੈ ਅਵੱਗਨਾ ਮੇਰੀ ॥੨੨॥ ਮੈਂ ਮਤਿ ਹੀਨ ਸਕ੍ਯੋ ਨਹਿਂ ਜਾਨਿ। ਬਹੁਰ ਬਤਾਵਹੁ ਕ੍ਰਿਪਾ ਨਿਧਾਨ'। ਤਬਿ ਸਤਿਗੁਰ ਨੇ ਕੀਨਿ ਲਕੀਰ। ਅਪਰ ਬਤਾਈ ਸਭਿ ਤਤਬੀਰ ॥ ੨੩ ॥ 'ਕਰਹੁ ਚਿਨਾਵਨ ਦੋਨਹੁ ਫੇਰੇ'। ਇਮਿ ਕਹਿ ਸ੍ਰੀ ਗੁਰ ਗਮਨੇ ਡੇਰੇ। ਨਿਸਾ ਬਿਤੇ ਉਠਿ ਕਰਿ ਭੁਨਿਸਾਰ। ਲਗੇ ਕਰਾਵਨ ਦੋਨਹੁ ਕਾਰ ॥ ੨੪ ॥ ਜਿਮਿ ਕੀਨਹੁ ਸਤਿਗੁਰ ਫੁਰਮਾਵਨਿ।ਤਿਮਿ ਸੁਚੇਤ ਹ੍ਵੈ ਲਾਗਿ ਬਨਾਵਨਿ। ਭਲੀ ਰੀਤਿ ਸੌਂ ਜੁਗਲ ਸੁਧਾਰੀ। ਪੰਕ ਈਟਕਾ ਸੁੰਦਰ ਸਾਰੀ ॥ ੨੫ ॥ ਸ੍ਰੀ ਗੁਰ ਜਾਨ੍ਯੋ ਸਾਯੰਕਾਲ[੭]। ਚਲੇ ਬਾਵਲੀ ਦਿਸ਼ਾ ਕ੍ਰਿਪਾਲ। ਪ੍ਰਿਥਮ ਜਹਾਂ ਰਾਮੇ ਨੇ ਕਰੀ। ਆਨਿ ਬਿਲੋਕਨ ਕੀਨਸਿ ਥਰੀ ॥ ੨੬ ॥ ਕਹ੍ਯੋ ਤਾਂਹਿ 'ਇਹ ਕਰੀ ਨ ਆਛੀ। ਤਥਾ ਬਨੀ ਨ ਜਥਾ ਹਮ ਬਾਂਛੀ[੮]। ਕਰਹੁ ਬਿਦਾਰਨ ਫੇਰ ਬਨਾਵਹੁ। ਬਿਨ ਮਤਿ ਤੇ ਸ੍ਰਮ ਬਾਦ ਕਰਾਵਹੁ[੯]' ॥ ੨੭ ॥ ਸੁਨਿ ਰਾਮੇ ਨਿਜ ਰਿਦੇ ਬਿਚਾਰਾ।–ਮੈਂ ਨੀਕੇ ਥਲ ਥਰੀ ਸੁਧਾਰਾ–। ਕਹਨਿ ਲਗ੍ਯੋ 'ਮੈਂ ਤਥਾ[੧੦] ਬਨਾਈ। ਜਿਸ ਬਿਧਿ ਤੁਮਨੇ ਦੀਨਿ ਬਤਾਈ ॥ ੨੮ ॥ ਬਨੀ ਰੁਚਿਰ ਬੈਠਿਬਿ ਕੇ ਜੋਗ। ਦੇਖਤਿ ਕਰਹਿਂ ਸਰਾਹਨ ਲੋਗ। ਮੈਂ ਕੈਸੇ ਕਰਿ ਦੇਹੁਂ ਢਹਾਈ। ਇਸ ਤੇ ਆਛੀ ਕਹਾ ਬਨਿ ਜਾਈ' ॥ ੨੯ ॥ ਤਬਿ ਸਤਿਗੁਰ ਨੇ ਦਈ ਢਹਾਇ। ਕਰੀ ਕਾਰ ਪੁਨ ਭਲੇ ਬਤਾਇ। 'ਇਸ ਪ੍ਰਕਾਰ ਕੀਜਹਿ ਸ਼ੁਭ ਥਰੀ। ਸੁਰਤ

[੧]ਹੱਥ ਦੀ ਸੋਟੀ (ਨਾਲ)। [੨]ਗਿੱਚੀ (' ') ਨਿਹੁੜਾਇਕੇ। [੩]ਟੇਢੀ ਕੰਧ। [੪]ਢਾਹ ਦਿਓ। [੫]ਮਨ ਵਿਚ ਭੈ ਧਾਰਕੇ। [੬]ਹੱਥਾਂ ਨਾਲ (' ਢ਼ੇ))। [੭]ਸੰਧਿਆ ਵੇਲੇ। [੮]ਜੈਸੀ ਅਸਾਂ ਚਾਹੀ ਸੀ। [੯]ਮਿਹਨਤ ਬਿਅਰਥ ਕਰਦੇ ਹੋ। [੧੦]ਜਿ-

ਸੰਭਾਰਹੁ ਉਰ ਮਤਿ ਧਰੀ[੧]' ॥ ੩੦ ॥ ਰਾਮਦਾਸ ਕੀ ਦਿਸ਼ ਚਲ ਗਏ। ਹੇਰਿ ਥਰੀ ਕੋ ਉਚਰਤਿ ਭਏ। 'ਇਹ ਤੈਂ ਨੀਕੀ ਨਹੀਂ ਬਨਾਈ। ਬੈਠਿਬਿ ਕਾਰਨ[੨] ਹਮਹੁ ਨ ਭਾਈ ॥੩੧॥ ਕਰਹੁ ਬਿਦਾਰਨ ਰਾਖਹੁ ਨਾਂਹਿ। ਕਹ੍ਯੋ ਨ ਲਖ੍ਯੋ[੩] ਤੁਮਹੁੰ ਮਨ ਮਾਂਹਿ'। ਸੁਨਿ ਸਤਿਗੁਰ ਕੇ ਬਾਕਨ ਸ੍ਰੌਨ। ਢਾਹਨ ਕਰੀ ਧਰੇ ਮੁਖ ਮੌਨ ॥ ੩੨ ॥ ਉਰ ਭੈ ਧਰਿਕੈ ਬੋਲ੍ਯੋ ਫੇਰ। 'ਤੁਮਰੀ ਮਤੀ ਅਗਾਧਿ ਬਡੇਰ। ਹਮ ਮਤਿਮੰਦ ਸਕਹਿਂ ਨਹਿ ਜਾਨਿ। ਤਊ ਕ੍ਰਿਪਾ ਤੁਮ ਕਰਹੁ ਮਹਾਂਨ ॥੩੩॥ ਬਿਸਰਿ ਜਾਤਿ ਹਮਰੀ ਮਤਿ ਥੋਰੀ। ਬਖਸ਼ਹੁ ਖ਼ਤਾ ਆਪ ਅਬਿ ਮੋਰੀ। ਜਿਮ ਪ੍ਰਕਾਰ ਕੀ ਦੇਹੁ ਬਤਾਇ*। ਹਿਤ ਰਾਵਰ ਕੇ ਅਬਹਿ ਬਨਾਇ†' ॥੩੪॥ ਸੁਨਿ ਸਤਿਗੁਰ ਨੇ ਕਰੀ ਲਕੀਰ। 'ਇਸ ਬਿਧਿ ਕਰਹੁ ਥਰੀ ਧਰਿ ਧੀਰ'। ਇਮਿ ਦੋਨਹੁ ਕਉ ਫੇਰ ਬਤਾਇ। ਮੰਦ ਮੰਦ ਗਮਨੇ ਨਿਜ ਥਾਇਂ ॥੩੫॥ ਭਈ ਪ੍ਰਭਾਤਿ ਆਇ ਪੁਨ ਦੋਊ। ਲਗੇ ਬਨਾ-ਵਨ ਥਲ ਪਿਖਿ ਸੋਊ। ਨੀਕੀ ਰੀਤਿ ਸੁਧਾਰਨਿ ਕਰੇ। ਪੰਕ ਈਟਕਾ ਪੰਕਤਿ ਜਰੇ[੪] ॥੩੬॥ ਦਿਨ ਸਗਰੇ ਮਹਿ ਲਈ ਬਨਾਇ। ਦੋਨਹੁਂ ਦਿਸ਼ ਬੁਧਿ ਕਰਿ ਅਧਿਕਾਇ। ਪੁਨ ਆਏ ਗੁਰ ਤੀਸਰ ਬਾਰੀ। ਲਖਿ ਨ ਸਕਹਿ ਕੋ ਮਹਿਮਾ ਭਾਰੀ ॥੩੭॥ ਉਰ ਗੰਭੀਰ ਧੀਰ ਕੇ ਧਰਿਤਾ। ਸਭਿਹਿਨਿ ਤੇ ਉੱਤਮ ਜਿਨਿ ਚਰਿਤਾ। ਪ੍ਰਥਮੈ ਰਾਮੇ ਕੀ ਦਿਸ਼ ਆਏ। ਖਰੇ ਥਰੀ ਦਿਸ਼ ਦ੍ਰਿਸ਼ਟਿ ਲਗਾਏ ॥੩੮॥ ਕਹ੍ਯੋ ਬਾਕ 'ਭੋ ਰਾਮੇ! ਤੋਹਿ। ਕਰ੍ਯੋ ਨਹੀਂ ਜਿਮਿ ਭਾਖ੍ਯੋ ਮੋਹਿ। ਨਹਿ ਪਸੰਦ ਇਹੁ ਆਇ ਹਮਾਰੇ। ਜਿਮਿ ਚਾਹਤਿ ਤਿਮਿ ਨਹੀਂ ਸੁਧਾਰੇ ॥ ੩੯ ॥ ਬਹੁਤ ਬਾਰ ਸਮਝਾਵਨਿ ਕਰ੍ਯੋ। ਥਰੀ ਕਾਜ ਕਰਿਬੋ ਨਹਿਂ ਸਰ੍ਯੋ'। ਸੁਨਿ ਰਾਮਾ ਚਿਤਵਤਿ ਚਿਤ ਮਾਂਹੀ। -ਇਹ ਕਾਰਨ ਕ੍ਯਾ ਲਖੀਯਤਿ ਨਾਂਹੀ- ॥੪੦॥ ਕਰਤਿ ਬਿਚਾਰ ਸੁ ਨਿਸ਼ਚੈ ਠਾਨਾ। -ਇਨ ਕੋ ਬਹੁ ਸਰੀਰ ਬਿਰਧਾਨਾ[੫]। ਗਈ ਆਰਬਲ ਬੀਤ ਬਡੇਰੀ। ਕਹ੍ਯੋ ਨ ਯਾਦ ਰਖਹਿਂ ਇਸ ਬੇਰੀ- ॥ ੪੧ ॥ ਇਮਿ ਠਟਿ ਮਨ ਮਹਿਂ ਕੀਨ ਬਖਾਨ। 'ਜਿਮਿ ਤੁਮਨੇ ਮੁਹਿ ਕਹੁ ਫੁਰਮਾਨ[੬]। ਕਰੀ ਤਥਾ ਮੈਂ ਬੁਧਿ ਬਲ ਲਾਇ। ਕਹ ਕਰਿ ਆਛੇ ਸੁਧਿ ਬਨਿਵਾਇ ॥੪੨॥ ਆਪ ਕਹਹੁ ਜਿਮਿ ਬਿਸਰੈ ਫੇਰ[੭]'। ਇਸ ਮਹਿਂ ਦੋਸ਼ ਅਹੈ

[੧]ਭਾਵ, ਅਕਲਮੰਦੀ ਨਾਲ। [੨]ਬੈਠਣ ਲਈ। [੩]ਜਾਣਿਆਂ ਨਹੀਂ। [੪]ਇੱਟਾਂ ਗਾਰੇ ਨਾਲ ਮੇਲਕੇ ਜੜੀਆਂ (ਭਾਵ ਕੰਧ ਬਣਾਈ)। [੫]ਬੱਢਾ ਹੋ ਗਿਆ ਹੈ। [੬]ਮੈਨੂੰ ਹੁਕਮ ਕੀਤਾ ਸੀ। [੭]ਆਪ ਜਿਵੇਂ ਕਹਿ ਜਾਂਦੇ ਹੋ ਫੇਰ (ਆਪਨੂੰ) ਭੁੱਲ ਜਾਂਦਾ ਹੈ। *ਪਾ:-ਬਤਾਈ। †ਪਾ:-ਬਨਾਈ।

ਕਜਾ ਮੋਰ'।ਇਮਿ ਸੁਨਿ ਸਤਿਗੁਰ ਤੂਸ਼ਨ ਠਾਨੀ। ਅਤਿ ਗੰਭੀਰ ਧੀਰ ਗੁਨ ਖਾਨੀ॥੪੩॥ਪੁਨ ਸ਼੍ਰੀ ਰਾਮਦਾਸ ਢਿਗ ਗਏ।ਹੇਰਿ ਥਰੀ ਕਹੁ ਬੋਲਤਿ ਭਏ। 'ਇਹੁ ਤੈਂ ਨੀਕੀ ਨਹੀਂ ਬਨਾਈ।ਕਈ ਬਾਰ ਬਹੁਮਤਿ ਨਹਿਂ ਆਈ॥੪੪॥ ਜਿਮਿ ਕਹਿ ਗਏ ਬਨੀ ਤਿਮਿ ਨਾਂਹੀ। ਸ਼੍ਰਮ ਬਾਦ ਕੀਨਸਿ ਇਸਿ ਮਾਂਹੀ'। ਸੁਨਿ ਗੁਰ ਬਾਕ ਮੰਦ ਨਿਜ ਜਾਨਯੋ। ਭਯੋ ਨੰਮ੍ਰ ਪਾਇਨ ਲਪਟਾਨਯੋ ॥ ੪੫॥'ਹੌਂ ਅਜਾਨ ਨਿਤ ਭੂਲਨ ਹਾਰੋ। ਤੁਮ ਕ੍ਰਿਪਾਲ ਨਿਜ ਬਿਰਦ ਸੰਭਾਰੋ। ਬਾਰਬਾਰ ਬਖਸ਼ਤਿ ਹੋ ਮੋਹੀ। ਅਪਰਾਧੀ ਅਰ ਮੂਰਖ ਕੋ ਹੀ[੧] ॥ ੪੬ ॥ ਜੇਤਿਕ ਸੁਮਤਿ ਦੇਤਿ ਸੋ ਜਾਨਵ। ਬਿਨਾ ਦਿਯੇ ਕਜਾ ਬਪੁਰਾ ਮਾਨਵ। ਰਾਵਰ ਕਰੁਨਾ ਕਰਹੁ ਬਤਾਵਊ।ਨੀਕੀ ਰੀਤਿ ਭਾਖਿ ਸਮਝਾਵਊ॥੪੭॥ਮੈਂ ਮਤਿ ਮੰਦ ਅਭਾਗ ਬਿਚਾਰਾ। ਜਾਨਿ ਸਕਯੋ ਨਹਿਂ ਕਹਯੋ ਤੁਮਾਰਾ'। ਇਮਿ ਕਹਿ ਗਰ ਮਹਿਂ ਅੰਬਰ ਡਾਰਾ।'ਛਿਮਹੁ ਪ੍ਰਭੁ ਅਪਰਾਧ ਹਮਾਰਾ'॥੪੮॥ਸਿਖ ਸਮੀਪ ਸਭਿ ਹੀ ਸੁਨਿ ਕਰਿਕੈ। ਹਰਖੇ[੨] ਸਿੱਖੀ ਰੀਤਿ ਬਿਚਰਿਕੈ। ਪਰਮ ਪ੍ਰਸੰਨ ਭਏ ਗੁਰ ਪੂਰੇ। ਗੁਰਤਾ ਉਚਿਤ ਲਖੇ ਗੁਨ ਰੂਰੇ ॥ ੪੯ ॥ ਸਭਿਨਿ ਸੁਨਾਵਤਿ ਬਾਕ ਅਲਾਵਹਿਂ। 'ਇਸਕੀ ਸੇਵਾ ਮੋ ਮਨ ਭਾਵਹਿ। ਆਪਾ ਕਬਹੁੰ ਨ ਕਰਹਿਂ ਜਨਾਵਨਿ। ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਨਿ[੩]' ॥ ੫੦॥ ਸੁਨਿ ਸਭਿ ਸਿੱਖਜਨ ਸੰਸੈ ਖੋਵਾ। ਗੁਰਤਾ ਉਚਿਤ ਭਲੇ ਇਹ ਜੋਵਾ। ਬਾਕਨ ਤੇ ਪਛਾਨ ਕਰਿ ਲੀਨੇ। ਆਪਾ ਜੁਤਿ ਅਰੁ ਆਪਾ ਹੀਨੇ[੪] ॥ ੫੧ ॥ ਸਤਿਗੁਰ ਨਿਜ ਸਥਾਨ ਕਹੁ ਆਏ। ਸਿੱਖ ਸੰਗ ਜੋ ਤਿਨਹੁ* ਸੁਨਾਏ। 'ਰਾਮਦਾਸ ਹੈ ਪੁਰਖ ਮਹਾਂਨੋ।ਇਸਕੇ ਸੰਗ ਤਰਹਿਂ ਨਰ ਜਾਨੋ॥੫੨॥ਬ੍ਰਿੰਦਨ ਕੋ ਕਰਤਾ ਕੱਲਜਾਨਾ।ਬਸੀ ਕਰਯੋ ਮੁਝ ਸੇਵਾ ਠਾਨਿ।ਇਸ ਤੇ ਨਹਿਂ ਅਦੇਯ ਕੁਛ ਮੋਰੇ।ਸਭਿਹਿਨਿ ਤੇ ਪਦ ਪ੍ਰਾਪਤਿ ਗੌਰੇ[੫]'॥੫੩॥ ਇਤਿ ਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਪ੍ਰੇਮ ਪਰਖਣ' ਪ੍ਰਸੰਗ ਬਰਨਨੰ ਨਾਮ ਸਪਤਪੰਚਾਸਤੀ ਅੰਸੂ ॥ ੫੭ ॥

੫੮. [ਬਾਵਲੀ ਮਹਾਤਮ। ਸੰਤ ਸਧਾਰਣ। ਗੰਗਾ ਸ੍ਰੋਤ ਬਾਉਲੀ ਵਿਚ। ਇਕ ਜੋਗੀ]

ਦੋਹਰਾ ॥ ਭਗਤਿ ਖਜ਼ਾਨਾ ਖੁਲਿ ਰਹਯੋ ਸਤਿਗੁਰ ਕੇ ਦਰਬਾਰ। ਚਾਰ ਪਦਾ-ਰਥ ਸੰਗਤਿਹਿਂ[੬] ਦੇਤਿ ਲਗਤਿ ਨਹਿਂ ਬਾਰ ॥੧॥ ਚੌਪਈ ॥ ਤੀਰਥ ਪਰਮ ਰਚਯੋ ਬਡ ਪੁੰਨਜ। ਸੇਵਤਿ ਭਏ ਪੁਰਖ ਸੋ ਧੰਨਜ। ਮਹਾਂ ਮਹਾਤਮ ਹੈ ਜਿਸ

[੧]ਨੂੰ ਬੀ। (ਅ) ਕੋਹੀ=ਪਹਾੜੀਆ,ਭਾਵ ਅਨਜਾਨ ਨੂੰ।(ੲ)ਕ੍ਰੋਧੀ। [੨]ਪ੍ਰਸੰਨ ਹੋਏ। [੩]ਵਿਚ (ਮਨ) ਪਵਿੱਤ੍ਰ ਹੈ। [੪]ਹੰਕਾਰ ਸਹਿਤ (ਰਾਮਾ ਜੀ) ਤੇ ਹੰਕਾਰ ਬਿਨਾ (ਸ੍ਰੀ ਰਾਮਦਾਸ ਜੀ)। [੫]ਵੱਡਾ ਭਾਰੀ। [੬]ਭਾਵ, ਭਗਤੀ ਦੇ ਨਾਲ ਚਾਰ ਪਦਾਰਥ ਭੀ ਹਨ।(ਅ)ਮੰਗਤਾਂ ਨੂੰ। *ਪਾ:-ਜੋ ਕੁਛ। ਜੋ ਸਭ।

ਕੇਰ॥ਜਿਸ ਮੱਜੈ ਫਲ ਲਹੈ ਘਨੇਰਾ ॥੨॥ ਸੁੰਦਰ ਸੀਤਲ ਨਿਰਮਲ ਖਰੋ। ਅਤਿ ਗੰਭੀਰ ਨੀਰ ਜਿਹ ਭਰੋ। ਦੱਖਣ ਦਿਸ਼ ਮਹਿਂ ਝਰਨਾ ਬਹਨੋ। ਸੁਰ-ਸਰਿ ਕੋ ਪ੍ਰਵਾਹ[1] ਤਹਿਂ ਲਹਨੋ ॥੩॥ ਰਚੀ ਚੁਰਾਸੀ ਜਿਹ ਸੋਪਾਨ[2]। ਗਿਨਿ ਜਬਿ ਦੇਖੀ ਕ੍ਰਿਪਾ ਨਿਧਾਨ। ਮੁਖ ਤੇ ਬਾਕ ਕਹਨੋ ਤਿਸਿ ਕਾਲ। 'ਜੋ ਸਿਖ ਦਰਸਹਿ ਪ੍ਰੇਮ ਬਿਸਾਲ॥੪॥ਬਾਰਿ ਚੁਰਾਸੀ[3]ਕਰਹਿ ਸ਼ਨਾਨ॥ਇਤਨੇ ਜਪੁਜੀ ਪਾਠ ਬਖਾਨਿ। ਸਤਿਗੁਰ ਮੂਰਤਿ ਕਰਿਕੇ ਧ੍ਯਾਨ। ਮਿਟਹਿ ਚੁਰਾਸੀ ਆਵਨਿ ਜਾਨਿ[4] ॥੫॥ ਜਨੋਂ ਕਨੋਂ ਪਾਂਇ ਭਗਤਿ ਗੁਰ ਕੇਰੀ। ਮਿਟਹਿ ਜੂਨ ਤਿਹ ਭ੍ਰਮਨ ਕੁਫੇਰੀ[5]। ਅਪਰ ਮਨੋਰਥ ਧਰਿ ਕਰਿ ਨ੍ਹਾਵੈ। ਸ਼ਰਧਾ ਧਰੈ ਤੁਰਤ ਸੋ ਪਾਵੈ ॥੬॥ ਅਨਿਕ ਅਘਨ ਕੀ ਨਾਸ਼ਨਿ ਹਾਰੀ। ਭਈ ਬਾਪਿਕਾ ਨਿਰਮਲ ਬਾਰੀ[6]। ਗੁਰ ਸਿੱਖਨ ਹਰਖਾਵਨ ਵਾਰੀ[7]। ਜਲ ਪੀਏ ਨਿਰ-ਮਲ ਉਰਕਾਰੀ[8]॥੭॥ਕਰਹਿਂ ਸ਼ਨਾਨ ਦਾਨ ਜੋ ਦੇਵੈਂ। ਗੁਰਬਾਨੀ ਪਢਿ ਕਰਿ ਸੁਖ ਲੇਵੈਂ। ਤਿਨਕੋ ਫਲ ਹੋਵੈ ਅਬਿਨਾਸ਼ੀ। ਕਰਹਿਂ ਬਿਨਾਸ਼ਨ ਜਮ ਕੀ ਫਾਸੀ' ॥ ੮ ॥ ਇਸ ਬਿਧਿ ਅਧਿਕ ਮਹਾਤਮ ਤਾਂਹਿ। ਸ੍ਰੀ ਗੁਰ ਅਮਰਦਾਸ ਮੁਖ ਪ੍ਰਾਹਿ। ਕਰਹਿਂ ਆਪ ਇਸ਼ਨਾਨ ਸੁ ਨੀਰ। ਹੋਇ ਬਹੁਤ ਸਿੱਖਨ ਕੀ ਭੀਰ॥੯॥ਕਰਹਿਂ ਚੌਂਪ ਸੋਂ ਮੱਜਨ ਸਾਰੇ। ਬਹੁਰ ਸਰਾਹਹਿਂ ਸੁਜਸ ਪਸਾਰੇ। 'ਧੰਨ ਸਗੁਰੂ ਕੀਨਸਿ ਉਪਕਾਰਾ॥ਸ਼ਰਨਪਰਹਿ ਤਾਰਨੋ ਗਨ ਭਾਰਾ[9]'॥੧੦॥

ਇਕ ਲੁਹਾਰ ਤਹਿਂ ਕਾਰ ਕਰਤਿ ਹੈ।ਕਾਠਨਿ ਕੀ ਪੌਰੀ ਸੁ ਘਰਤਿ ਹੈ। ਅਪਰ ਕਾਜ ਜੋ ਹੋਹਿ ਸੁ ਕਰਿਹੀ।ਕਾਸ਼ਟ ਲੋਹਾ ਨਿਜ ਕਰ ਘਰਿਹੀ॥੧੧॥ ਜਲ ਕੇ ਨਿਕਟ ਸਪਤ ਸੋਪਾਨ[10]। ਲਾਇ ਕਾਠ ਤਿਨ ਰਚੀ ਮਹਾਨ। ਜਿਸਤੇ ਜਲ ਸੁਖੇਨ ਹੀ ਲੇਯ। ਨ੍ਹਾਨ ਪਾਨ ਜੋ ਚਹੈ ਕਰੇਯ॥੧੨॥ਤਿਸਕੀ ਕ੍ਰਿੱਤਿ ਹੇਰਿ ਗੁਰ ਪੂਰੇ। ਸੁਪ੍ਰਸੰਨ ਬੁਲਵਾਇ ਹਦੂਰੇ। ਸੁਨਿ ਆਇਸੁ ਕੋ ਤਤਛਿਨ ਆਵਾ॥ਬਡਭਾਗੀ ਚਰਨਨ ਸਿਰ ਲਾਵਾ॥੧੩॥ ਤਿਸਕੇ ਮਸਤਕ ਧਰਿ ਕਰਿ ਹਾਥ। ਮੰਤ੍ਰ ਸੁ ਸੱਤਿਨਾਮ ਦਿਯ ਨਾਥ। 'ਸੰਤ ਸਧਾਰਨ' ਨਾਮ ਧਰਨੋ ਤਿਹ।ਪ੍ਰਾਪਤਿ ਰਿਦੈ ਪ੍ਰਕਾਸ਼ ਲਹਨੋ ਜਿਹ[11] ॥੧੪॥'ਸੇਵ ਪਰੀ ਸਭਿ

[1]ਗੰਗਾ ਦਾ ਪ੍ਰਵਾਹ। [2]ਪੌੜੀਆਂ। [3]ਚੁਰਾਸੀ ਵੇਰ। [4]ਚੁਰਾਸੀ (ਲਖ ਜੂਨ ਵਿਚ) ਜਨਮ ਮਰਨ। [5]ਖੋਟੇ ਫੇਰ ਫਿਰਨਾ ਜੂਨਾਂ(ਵਿਚ)ਉਸਦਾ। [6]ਨਿਰਮਲ ਜਲ ਵਾਲੀ। [7]ਪ੍ਰਸੰਨ ਕਰਨ ਵਾਲੀ। [8]ਰਿਦਾ ਨਿਰਮਲ ਕਰਨ ਵਾਲੀ। [9]ਜੋ ਸ਼ਰਨੀ ਪਿਆ ( ਤਿਸ) ਭਾਰੀ ਸਮੂਹ ਨੂੰ ਤਾਰਿਆ। [10]ਪੌੜੀਆਂ ਸੱਤ। [11]ਜਿਸਨੇ ਪ੍ਰਕਾਸ਼ (ਗਿਆਨ) ਪ੍ਰਾਪਤ ਹੋਇਆ ਰਿਦੇ ਵਿਚ ਜਾਣਿਆਂ।

ਬਾਇੰ[1] ਤੁਮਾਰੀ। ਜਾਇ ਰਹਹੁ ਅਬਿ ਗ੍ਰੇਹ ਮਝਾਰੀ। ਕਰਹੁ ਭਜਨ ਬੈਠੇ ਸੁਖ ਪਾਵੋ। ਲੈਨ ਦੈਨ ਕੋ ਕਹੂੰ ਨ ਜਾਵੋ' ॥ ੧੫ ॥ ਹੁਇ ਨਿਹਾਲ ਗੁਰ ਕੋ ਬਚ ਮਾਨਾ। ਸੱਤਿਨਾਮ ਨਿਤਿ ਸਿਮਰਨਿ ਠਾਨਾ। ਗ੍ਰਿਹ ਨਿਜ ਗਯੋ ਭਯੋ ਸੁਖਵਾਸੀ। ਪਾਯੋ ਅਨੰਦ ਬਿਲੰਦ ਅਨਾਸ਼ੀ ॥ ੧੬ ॥ ਦੋਹਰਾ ॥ ਹਿਤ ਗੰਗਾ ਇਸ਼ਨਾਨ ਕੇ ਸੰਗ[2] ਚਲਯੋ ਬਹੁ ਜਾਤਿ। ਤਿਸੀ ਪੰਥ ਆਵਤਿ ਭਏ ਜਿਸ ਪੁਰਿ ਗੁਰੂ ਰਹਾਤਿ ॥੧੭॥ ਚੌਪਈ ॥ ਡੇਰਾ ਕਿਯੋ ਆਨਿਕੈ ਸੰਗ। ਜੋ ਮੱਜਨ ਕੋ ਗਮਨਤਿ ਗੰਗ। ਤਿਸ ਮਹਿਂ ਏਕ ਮੀਤ ਗੁਰ ਕੇਰਾ। ਪ੍ਰਥਮ ਬੈਸ ਕੋ ਹੁਤੋ ਬਡੇਰਾ[3] ॥੧੮॥ ਸੋ ਮਿਲਿਬੇ ਹਿਤ ਗੁਰ ਢਿਗ ਆਯੋ। ਮਿਲਿ ਕਰਿ ਬਡ ਲਖਿ ਸੀਸ ਝੁਕਾਯੋ। ਬਾਪੀ ਪਰ ਬੈਠੇ ਤਿਸ ਕਾਲਾ। ਕੁਸ਼ਲ ਪ੍ਰਸ਼ਨ ਕਰਿ ਕੈ ਹਿਤ ਨਾਲਾ ॥੧੯॥ ਸਾਧੂ ਹੁਤੋ[4] ਤਿਸਹਿ ਸਮੁਝਾਯੋ। 'ਚਲਿਬੇ ਪੰਥ ਕਸ਼ਟ ਕਯੋਂ ਪਾਯੋ। ਦੂਰ ਪੰਥ ਪਹੁੰਚਹੁ ਸ਼੍ਰਮ ਧਾਰੇ। ਤੋਹਿ ਭਲੇ ਹਿਤ ਹੇ ਮਮ ਪਯਾਰੇ ॥ ੨੦ ॥ ਬੀਚ ਬਾਪਿਕਾ ਗੰਗਾ ਆਨੀ। ਉਰ ਸ਼ਰਧਾ ਧਰਿ ਹੋਹੁ ਸ਼ਨਾਨੀ[5]। ਨਹਿਂ ਸ਼ੰਕਾ ਕਿਮਿ ਮਨ ਮਹਿਂ ਜਾਨੋ। ਜਾਨਿ ਸੁਰਸੁਰੀ ਮੱਜਨ ਠਾਨੋ ॥੨੧॥ ਫਲ ਜੋ ਚਹਹੁ ਨਿਸੰਸੈ ਪਾਵਹੁ। ਪੁਨ ਘਰ ਗਮਨਹੁ ਹਰਿ* ਗੁਨ ਗਾਵਹੁ'। ਬਾਕ ਗੁਰੂ ਕੋ ਮਾਨਿ ਸ਼ਨਾਨਾ–। ਕਿਮਿ ਇਹ ਸੁਰਸਰਿ?–ਸ਼ੰਕਾ ਠਾਨਾ ॥੨੨॥ ਬਹੁਰ ਬੈਠਿ ਕਰਿ ਕੇਤਿਕ ਕਾਲਾ। ਬਿਨਤੀ ਕੀਨਸਿ 'ਹੇ ਪ੍ਰਭੁ ਦਯਾਲਾ! ਘਰ ਤੇ ਚਲਯੋ ਸੰਗ ਕੇ ਸੰਗ[6]। ਗੰਗ ਸ਼ਨਾਨਨਿ ਹੇਤੁ ਉਮੰਗ ॥੨੩॥ ਸਭਿ ਕੇ ਸਾਥ ਪਹੁੰਚਿ ਹਰਿ ਦ੍ਵਾਰ। ਕਰਿ ਇਸ਼ਨਾਨ ਅਵੋਂ ਇਕ ਬਾਰ। ਕਾਰਜ ਪਿਤਰਨ ਕੋ ਕਰਿ ਤਹਾਂ। ਦਰਸ਼ਨ ਹਿਤ ਪੁਨ ਆਵੋਂ ਇਹਾਂ' ॥੨੪॥ ਤਿਸ ਕੀ ਲਖੀ ਸਰਬ ਗਤਿ ਡੋਲੇ[7]। ਸ਼੍ਰੀ ਗੁਰ ਅਮਰ ਦਾਸ ਤਬਿ ਬੋਲੇ। 'ਨੀਕੀ ਬਾਤ, ਜਾਹੁ ਹਰਿ ਦ੍ਵਾਰ। ਹਮ ਹਿਤ ਲਯਾਵਹੁ ਸੁਰਸਰਿ ਬਾਰ[8]' ॥੨੫॥ ਇਮਿ ਆਇਸੁ ਦੀਨਸਿ ਤਬਿ ਗਯੋ। ਤੀਰ ਜਾਨਵੀ[9] ਪਹੁੰਚਤਿ ਭਯੋ। ਮਨ ਭਾਵਤਿ ਕਰਿ ਭਲੇ ਸ਼ਨਾਨਾ। ਪਿਤਰਨਿ ਕਾਜ ਕਰਾਵਨਿ ਠਾਨਿ ॥੨੬॥ ਗੁਰ ਬਚ ਸਿਮਰਯੋ ਆਵਨਿ ਕਾਲਿ। ਲੋਟਾ ਲੀਨਸਿ ਹਾਥ ਸੰਭਾਲਿ। ਹਰਿ ਦੁਆਰ ਮਹਿਂ ਪ੍ਰਵਿਸ਼ਯੋ ਜਾਈ। ਕਰ ਲੋਟਾ ਟੁਭਕੀ ਤਬਿ ਲਾਈ ॥੨੭॥ ਗਯੋ ਹਾਥ ਤੇ ਛੁਟਿ, ਨਹਿਂ ਪਾਯੋ।

---

[1] ਪ੍ਰਵਾਨ ਹੋਈ। [2] ਸਾਥ। [3] ਵੱਡਾ ਮਿੱਤ੍ਰ ਸੀ ਪਹਿਲੀ ਉਮਰ ਦਾ। [4] ਭਲਾ ਪੁਰਸ਼ ਸੀ। [5] ਇਸ਼ਨਾਨ ਕਰਨ ਵਾਲਾ ਹੋ। [6] ਭਾਵ ਗੰਗਾ ਦੇ ਯਾਤ੍ਰੂਆਂ ਦੇ ਨਾਲ। [7] ਉਸਦੀ ਸਾਰੀ ਗਤੀ ਲਖੀ ਕਿ ਡੋਲ ਰਿਹਾ ਹੈ। [8] ਗੰਗਾ ਦਾ ਜਲ। [9] ਗੰਗਾ ਕੰਢੇ।

*ਪਾ:–ਪੁਨ ਘਰ ਗਮਹੁ ਰਾਮ।

ਰਹ੍ਯੋ ਖੋਜ ਨਹਿਂ ਦ੍ਰਿਸ਼ਟੀ ਆਯੋ। ਸਰਬ ਸੰਗ ਕੇ ਨਰ ਚਲਿ ਪਰੇ। ਪਾਇ ਨਹੀਂ ਲੋਟਾ ਬਹੁਫਿਰੇ॥੨੮॥ਮਿਲਿਕੈ ਸੰਗ ਸੰਗਹਟਿਪਰ੍ਯੋ।ਸੁਰਸਰਿਬਾਰਿਨ ਲ੍ਯਾਵਨਿ ਕਰ੍ਯੋ।ਕ੍ਰਮ ਕ੍ਰਮ ਪੰਥ ਉਲੰਘ੍ਯੋ ਸਾਰੇ।ਆਇ ਨਿਕਟ ਸਤਿਗੁਰੂ ਨਿਹਾਰੇ॥੨੯॥ਮਸਤਕ ਟੇਕਿ ਬੇਨਤੀ ਕਰੀ।'ਮੋਤੇ ਕ੍ਰਿੱਤ[1]ਨ ਰਾਵਰਿ ਸਰੀ। ਸੁਰਸਰਿ ਜਲ ਤੁਮ ਨੇ ਮੰਗਵਾਯਵ।ਮੈਂ ਛੂਛੋ ਤਿਸ ਤੇ ਹਟਿ ਆਯਵ॥੩੦॥ ਲੋਟਾ ਲੈ ਪਹੁੰਚ੍ਯੋਹਰਿਦ੍ਵਾਰ।ਭਰਨਿ ਲਗ੍ਯੋ ਤਿਸ ਮਹਿਂ ਜਬਿ ਬਾਰਿ।ਛੁਟ੍ਯੋ ਹਾਥ ਤੇ ਬਹਿ ਕਰਿਗਯੋ[2]। ਖੋਜਿ ਰਹ੍ਯੋ,ਨਹਿਂ ਪ੍ਰਾਪਤਿ ਭਯੋ ॥੩੧॥ ਪਰਮ ਕੁਭਾਗ।ਅਪਨ ਮੈਂ ਜਾਨਾ।ਚਲਤਿ ਸੰਗਕੇ ਸੰਗ ਪਧਾਨਾ[3]'।ਸੁਨਿ ਸਤਿਗੁਰ ਨੇ ਬਾਕ ਕਹ੍ਯੋ ਤਿਹ।'ਚਿੰਤਾ ਕਰਹੁ ਨਹੀਂ ਕੋ ਉਰ ਮਹਿਂ॥੩੨॥ਲੋਟਾ ਪਹੁੰਚ੍ਯੋ ਨਿਕਟ ਹਮਾਰੇ।ਲ੍ਯਾਇ ਬੇਗ ਤੇ ਗੰਗਾਧਾਰੇ[4]*।ਨਹਿਂ ਪ੍ਰਤੀਤ ਜੇ ਤੁਵ ਉਰ

---

[1]ਸੇਵਾ। [2]ਰੁੜ੍ਹ ਗਿਆ। [3]ਤੁਰਦੇ ਸੰਗ ਦੇ ਨਾਲ ਟੁਰ ਪਿਆ। [4]ਗੰਗਾ ਦੀ ਧਾਰ ਨੇ (ਆਪਣੇ) ਵੇਗ ਨਾਲ (ਲੋਟਾ) ਲੈ ਆਂਦਾ ਹੈ। *ਇਸੇ ਰਾਸ ਦੇ ੪੫ ਅੰਸੂ ਦੇ ਅੰਕ ੬, ੭ ਤੇ ੮ ਵਿਚ ਕਵੀ ਜੀ ਨੇ ਦੱਸਿਆ ਹੈ ਕਿ:—

ਗੰਗਾ ਆਦਿਕ ਤੀਰਥ ਜੇਈ। ਮਜਹਿਂ ਕਲੀ ਕਾਲ ਨਰ ਤੇਈ।
ਅਨਗਨ ਪਾਪ ਤੰਜਹਿਂ ਤਿਨ ਮਾਂਹੀ। ਤਿਨ ਕੋ ਭਾਰ ਸਹਾਰਤਿ ਨਾਂਹੀ॥੬॥

ਇਨ੍ਹਾਂ ਪਾਪਾਂ ਤੋਂ ਆਤੁਰ ਹੋ ਗੰਗਾ ਆਦਿਕ ਤੀਰਥਾ ਨੇ:—

ਯਾਂਤੇ ਸ੍ਰੀ ਸਤਿਗੁਰੂ ਅਰਾਧਾ। 'ਆਨ ਚਰਨ ਪਾਵਹੁ ਹਤਿ ਬਾਧਾ।
ਪਾਪਨਿ ਤੇ ਪੀੜਤਿ ਹਮ ਹੋਇ। ਕਰਿ ਕਰਿ ਦੋਸ਼ ਹਮਹੁ ਮਹਿ ਧੋਇ'॥੭॥

ਤੇ ਫਿਰ ਗੰਗਾ ਆਦਿਕਾਂ ਨੇ ਸਤਿਗੁਰੂ ਜੀ ਦੇ ਅਗੇ ਜੋਦੜੀ ਕੀਤੀ ਕਿ:—

'ਹੇ ਸਤਿਗੁਰੁ ਤੁਮਰੇ ਪਗ ਪਾਵਨ। ਜਬ ਹਮ ਬਿਖੇ ਕਰਹੁਗੇ ਪਾਵਨ।
ਤਤਛਿਨ ਹਮ ਸਭਿ ਹੋਹਿਂ ਸੁਖਾਰੇ। ਆਵਹੁ ਤੂਰਨ ਕਰੁਨਾ ਧਾਰੇ' ॥੮॥

ਤੀਰਥਾਂ ਦੀ ਇਹ ਅਰਦਾਸ ਸੁਣ:—

ਸਭ ਤੀਰਥ ਕੇ ਲਖਿ ਭਿੱਪ੍ਰਾਯ। ਭਏ ਤਯਾਰ ਸੰਗਤਿ ਸੰਗ ਲਾਯ।

ਇਹਨਾਂ ਵਾਕਾਂ ਤੋਂ ਸਪਸ਼ਟ ਹੈ ਕਿ ਗੰਗਾ ਅਦਿਕ ਤੀਰਥਾਂ ਨੇ ਸਤਿਗੁਰੂ ਜੀ ਨੂੰ ਪਾਪ ਨਾਸ਼ਕ ਤੇ ਅਘਹਾਰੀ ਜਾਣਕੇ ਆਪਣੇ ਪਾਪ ਬਖਸ਼ਾਉਣ ਲਈ ਅਰਦਾਸ ਕੀਤੀ ਕਿ ਹੇ ਪਤਿਤਪਾਵਨ ਆਪਣੇ ਚਰਨ ਪਾਵਨ ਪਾਕੇ ਸਾਡੇ ਕਲੇਸ਼ ਹਰੋ। ਸੋ ਹੁਣ ਵਿਚਾਰਨ ਵਾਲੀ ਗਲ ਹੈ ਕਿ ਅਜੇਹੇ ਸ਼ਕਤੀਵਾਨ ਸਤਿਗੁਰੂ ਜੀ ਨੂੰ ਗੋਇੰਦਵਾਲ ਬਾਉਲੀ ਸਾਹਿਬ ਰਚਕੇ ਇਹਦੇ ਵਿਚ ਗੰਗਾ ਲਿਆਉਣ ਦੀ ਕੋਈ ਥੁੜ ਨਹੀਂ ਸੀ। ਓਹ ਖੁਦ ਸਰਬ ਸ਼ਕਤੀ-ਮਾਨ ਤੇ ਪਤਿਤਪਾਵਨ ਹਨ, ਜਿਸ ਚੀਜ਼ ਨੂੰ ਚਾਹੁਣ ਆਪਣੀ ਸ਼ਕਤੀ ਨਾਲ ਸੁਭਾਗ ਕਰ ਸਕਦੇ ਹਨ, ਸੋ ਬਾਵਲੀ ਨੂੰ ਉਨ੍ਹਾਂ ਨੇ ਅਪਣੀ ਸ਼ਕਤੀ ਨਾਲ ਕਰ ਦਿੱਤਾ ਸੀ। ਗੰਗਾ ਦੀ ਮਹਾਨਤਾ ਉਸ ਮਿੱਤ੍ਰ ਦੇ ਜੀ ਵਿਚ ਸੀ ਉਸ ਨੂੰ ਇਹ ਗਲ ਦੱਸਣ ਤੋਂ ਮੁਰਾਦ ਇਹ ਜਾਪਦੀ ਹੈ ਕਿ ਜੋ

ਬਾਕੀ ਟੂਕ ਵੇਖੋ ਅਗਲੇ ਪੰਨੇ ਦੇ ਹੇਠ

ਮਾਂਹੀ।ਬੀਚ ਬਾਪਿਕਾ ਦੇਖਹੁ ਤਾਂਹੀ॥੩੩॥ ਦੱਖਨ ਦਿਸ਼ ਕੋ ਸ੍ਰੋਤ ਪ੍ਰਵਾਹੂ[1]। ਸੋ ਸੁਰਸਰਿ ਕੋ[2]ਬਾਪੀ ਮਾਂਹੁ। ਤਹਿਂ ਤੇ ਅਪਨਾ ਲੋਟਾ ਲੀਜਹਿ। ਜਲ ਸੁਰ-ਸਰਿ ਕੋ ਪਾਨ ਕਰੀਜਹਿ'॥੩੪॥ ਸੁਨਿ ਸਤਿਗੁਰ ਕੇ ਬਾਕ ਸੁਹਾਇ। ਪ੍ਰਵਿਸ਼ਯੋ ਬੀਚ ਬਾਪਿਕਾ ਜਾਇ। ਦੱਖਣ ਦਿਸ਼ ਦੇਖਯੋ ਜਲ ਝਰਨਾ। ਸੀਤਲ ਸੁਖਦ ਬਿਮਲ ਬਰ ਬਰਨਾ[3]॥੩੫॥ਤਹਿਂ ਲੋਟਾ ਨਿਜ ਪਰਯੋ ਨਿਹਾਰਾ।ਪਿਖਿ ਚਰਿੱਤ੍ਰ ਬਿਸਮਾਦ ਬਿਚਾਰਾ। ਸ਼ੀਘ੍ਰ ਨਿਕਸ ਕਰਿ ਪਦ ਅਰਬਿੰਦ। ਪਰਯੋ ਜਾਇ ਗੁਰ ਪਿਖਿ ਸੁਖਕੰਦ॥੩੬॥'ਮੈਂ ਅਜਾਨ ਮਹਿਮਾ ਨਹਿਂ ਜਾਨੀ। ਬੀਚ ਬਾਪਿਕਾ ਸੁਰਸਰਿ ਆਨੀ। ਪ੍ਰਥਮ ਤੁਮਾਰੋ ਬਾਕ ਨ ਮਾਨਯੋ। ਬਖਸ਼ਹੁ ਭੂਲ ਪ੍ਰਭੁ ਅਬ ਜਾਨਯੋ'॥੩੭॥ਸੁਨਤਿ ਕ੍ਰਿਪਾ ਕਰਿ ਗੁਰਭਗਵਾਨ।ਸੱਤਿਨਾਮ ਕੋ ਦੀਨਸਿ ਦਾਨ। ਕਰਯੋ ਨਿਹਾਲ ਕਸ਼ਟ ਸਭਿ ਟਾਰਯੋ। ਜਗ ਸਾਗਰ ਤੇ ਦੁਖਤਿ ਉਧਾਰਯੋ॥੩੮॥ਬੀਚ ਬਾਪਿਕਾ ਸੁਰਸਰਿ ਨੀਰ।ਇਮਿ ਆਨਯੋ ਸਤਿ-ਗੁਰੂ ਗਹੀਰ। ਤੀਨ ਲੋਕ ਕੇ ਤੀਰਥ ਜੇਈ।ਸ੍ਰੀਗੁਰ ਚਰਨ ਬਿਖੇ ਬਸੁਤੇਈ[4] ॥੩੯॥ਸੁਰਸਰਿ ਲਯਾਵਨ ਬਾਪੀ ਮਾਂਹੀ।ਕੁਛ ਅਚਰਜ ਇਹੁ ਜਾਨਹੁ ਨਾਂਹੀ। ਜਿਮਿ ਚਾਹਹਿਂ ਤਿਮਿ ਕਰਹਿਂ ਸੁ ਤੂਰਨ।ਸ੍ਰੀ ਪ੍ਰਭੁ ਸਰਬ ਸ਼ਕਤਿ ਤੇ ਪੂਰਨ ॥੪੦॥ਕਰੀ ਬਾਪਿਕਾ ਨਿਜ ਸਿਖ ਕਾਰਨ।ਜਨ ਮਜਨ ਮਕੇ ਕਲੁਖ ਨਿਵਾਰਨ। ਕਥਾ ਸੁਨਹਿਂ ਜੋ ਚਿਤ ਕੋ ਲਾਇ। ਸੋ ਨਰ ਪਾਪਨ ਤੇ ਛੁਟ ਜਾਇਂ ॥੪੧॥

ਇਕ ਦਿਨ ਸ੍ਰੀ ਸਤਿਗੁਰੂ ਸੁਹਾਯੋ। ਬੈਠੇ ਹੁਤੇ ਸਿੱਧ ਇਕ ਆਯੋ। ਬੰਦਨ ਕਰਿ ਕੈ ਗਿਰਾ ਸੁਨਾਈ।'ਆਪ ਲਈ ਜਬਿ ਤੇ ਗੁਰਿਆਈ॥੪੨॥ ਤਬਿ ਤੇ ਮੈਂ ਸ਼ਰਧਾ ਉਰ ਧਾਰੀ। ਦਰਸ਼ਨ ਚਹਤਿ ਰਹਯੋ ਹਿਤਕਾਰੀ। ਬਡੇ ਭਾਗ ਜਾਗੇ ਅਬਿ ਮੇਰੇ।ਜਿਸ ਤੇ ਆਇ ਆਪ ਕੋ ਹੇਰੇ ॥੪੩॥ ਮੈਂ ਚਿਰਕਾਲ ਜੋਗ ਤਪ ਕੀਨੇ। ਲਹਿ ਸਿੱਧੀ ਨਰ ਕਰੇ ਅਧੀਨੇ।ਮਨ ਮੇਰੇ ਮਹਿਂ ਸ਼ਾਂਤਿ ਨ ਹੋਈ।ਮਾਨਹਿਂ ਮੋਹਿ ਜਗਤ ਸਭਿ ਕੋਈ॥੪੪॥ ਸਭਿ ਗਤਿ ਪਿਖਿ ਮੈਂ ਰਿਦੇ ਬਿਚਾਰਾ। ਇਹ ਸਿੱਧਾਂ ਲੌਕਿਕ ਬਿਵਹਾਰਾ। ਕਰਿ ਕਰਿ ਕਸ਼ਟ ਜੋਗ ਤਪ

[1]ਚਲਦਾ ਹੈ ਪ੍ਰਵਾਹ। [2]ਸੋ ਗੰਗਾ ਦਾ (ਪ੍ਰਵਾਹ)ਹੈ। [3]ਉੱਜਲ ਸ੍ਰੇਸ਼ਟ ਰੰਗਵਾਲਾ। [4]ਵਸਦੇ ਹਨ।

[ਪਿਛਲੇ ਪੰਨੇ ਦੀ ਬਾਕੀ ਟੂਕ]

ਗੌਰਵਤਾ ਤੇਰੇ ਅੰਦਰ ਗੰਗਾ ਦੀ ਹੈ ਓਹ ਏਥੇ ਸਚ ਮੁਚ ਮੌਜੂਦ ਹੈ,ਐਵੇਂ ਨਾਂ ਪੌਂਡੇ ਝਾਗ।ਫਿਰ ਜਦ ਉਸਦਾ ਮਨ ਉਸਨੂੰ ਓਥੇ ਲੈ ਹੀ ਗਿਆ ਤਾਂ ਕੌਤਕੀ ਸਤਿਗੁਰੂ ਜੀ ਨੇ ਲੋਟੇ ਦਾ ਕੌਤਕ ਵਰਤਾਕੇ ਉਸਦਾ ਮਨ ਦਰੁਸਤੀ ਤੇ ਲੈ ਆਂਦਾ ਤੇ ਵਿਸ਼ਵਾਸ਼ ਕਾਇਮ ਕਰ ਦਿੱਤਾ। ਗੁਰੂ ਜੀ ਦੀ ਤੀਰਥਾਂ ਪਰ ਗੌਰਵਤਾ ਨੂੰ ਕਵਿ ਜੀ ਆਪ ਮੰਨਦੇ ਹਨ:—ਤੀਨ ਲੋਕ ਕੇ ਤੀਰਥ ਜੇਈ। ਸ੍ਰੀ ਗੁਰ ਚਰਨ ਬਿਖੇ ਬਸੁਤੇਈ ॥

[ਅੰਕ ਬਦ ਇਹੋ ਅੰਸੂ

ਤ੍ਰਾਪਤਿ।ਨਹੀਂ ਅਨੰਦ ਮੋਹਿਕਉ ਪ੍ਰਾਪਤਿ॥੪੫॥ ਅਬਿ ਨਿਜ ਸ਼ਰਨ ਰਾਖਿ ਸੁਖ ਕੰਦ!।ਉਪਦੇਸ਼ਹੁ ਜਿਮਿ ਲਹਹੁਂ ਅਨੰਦ। ਚਿਰੰਕਾਲ ਕੀ ਆਸਾ ਮੇਰੀ। ਪੂਰਨ ਕੀਜਹਿ ਕ੍ਰਿਪਾ ਬਡੇਰੀ'॥ ੪੬ ॥ ਅਪਨ ਭਗਤ ਜੋਗੀ ਕਹੁ ਜਾਨਾ। ਸ਼੍ਰੀਸਤਿਗੁਰ ਤਿਹ ਸੰਗ ਬਖਾਨਾ।'ਇਹੁ ਤਨ ਤਜਿਕੈ ਅਪਰ ਧਰੀਜੈ। ਪੁਨ ਹਮ ਢਿਗ ਹੁਇ ਆਨੰਦ ਲੀਜੈ' ॥ ੪੭ ॥ ਇਮਿ ਸਤਿਗੁਰ ਤੇ ਸੁਨਿ ਕਰਿ ਗਯੋ।ਇੱਛਾ ਪੂਰਬਕ ਤਨ ਤਜਿ ਦਯੋ।ਉਰ ਧਰਿਕਰਿ ਗੁਰ* ਕੋਅਨੁਰਾਗਾ। ਅਰੁ ਸਭਿ ਜਗ ਤੇ ਕਰਿ ਵੈਰਾਗਾ ॥੪੮॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬਾਵਲੀ ਪੂਰਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤੀ ਅੰਸੂ ॥ ੫੮ ॥

੫੯. [ਜੋਗੀ ਦੂਜੇ ਜਨਮ ਵਿਚ ਅਨੰਦ ਜੀ ਹੋਕੇ ਜਨਮੇ। ਮੰਸਰਾਮ ਜੀ ਦਾ ਜਨਮ]।

ਦੋਹਰਾ ॥ ਸੋ ਜੋਗੀ ਧਰਿ ਬਾਸ਼ਨਾ ਜਨਮਯੋ ਗੁਰ ਕੁਲ ਮਾਂਹਿ। ਹ੍ਵੈ ਅਨੁਸਾਰੀ ਵਾਸ਼ਨਾ ਪ੍ਰਗਟਯੋ ਅਪਨੀ ਚਾਹਿ[1] ॥੧॥ਚੌਪਈ॥ਸ਼੍ਰੀ ਗੁਰ ਅਮਰਦਾਸ ਕੇ ਨੰਦ। ਪ੍ਰਥਮ ਭਏ ਦ੍ਵੈ ਸ਼ੁਭ† ਜਨੁ[2] ਚੰਦ। ਭਯੋ ਬਡੋ ਮੋਹਨ ਤਿਸ ਨਾਮ। ਪਰਮ ਵਿਰਾਗਵਾਨ ਨਿਸ਼ਕਾਮ॥੨॥ ਗਯਾਨਾਨੰਦ[3] ਮਹਿਂ ਸਦਾ ਬਿਲਾਸਹਿ। ਉਰ ਬਿਕਾਰ ਕੋ ਲੇਸ਼ ਨ ਤਾਸਹਿ[4]।ਬਡ ਅਵਧੂਤ ਇਕਾਕੀ ਰਹੈ। ਕਿਹ ਤੇ ਸੁਨੈ ਨ ਮੁਖ ਤੇ ਕਹੈ॥੩॥ਮੋਨ ਧਰੇ ਮਨ ਥਿਰਤਾ ਗਹੇ।ਸ਼ੁਭ ਗੁਨ ਗਨ ਕੋ ਮੰਦਰ ਅਹੈ। ਨਹਿਨ ਪ੍ਰਬਿਰਤੀ ਮਹਿ ਚਿਤ ਜਾਂਹੀ। ਸਦਾ ਸ਼ਾਂਤਿਰਸ ਸ੍ਵਾਦ ਸੁ ਗ੍ਰਾਹੀ॥੪॥ ਦੁਤਿਯ ਮੋਹਰੀ ਮਹਾਂ ਸੁਜਾਨ। ਜਗ ਬਿਵਹਾਰ ਬਿਖੈ ਬੁਧਿਵਾਨ ॥ ਇਸ ਕੇ ਪੁੱਤ੍ਰ ਪ੍ਰਥਮ ਨਿਪਜਯੋ। ਨਾਮ ਅਰਥਮਲ ਤਿਹ ਧਰਿ ਦਯੋ ॥੫॥ ਪਰਮ ਭਗਤਿ ਗੁਨਿ ਗਨਅਨੁਰਾਗੀ।ਗੁਰਕੁਲ ਮਹਿਂ ਉਪਜਯੋ ਬਡਭਾਗੀ ਤਿਸ ਪੀਛੇ ਸੋ ਜੋਗੀ ਆਇ। ਜਨਮਯੋ ਮਹਿਦ ਮੋਦ ਉਪਜਾਇ॥ ੬ ॥ ਜਿਨ ਤਪ ਜੋਗ ਕਰਯੋ ਬਹੁ ਕਾਲ।।ਜਨਮਯੋ ਸ਼ਰਧਾ ਧਰੇਬਿਸਾਲ।।ਪਾਇ ਗਯਾਨ ਕੋ ਲਹਯੋ ਅਨੰਦ। ਇਹੀ ਬਾਸ਼ਨਾ ਭਲੀ ਮੁਕੰਦ[5]॥ ੭॥ ਗੁਰ ਅੰਤਰਜਾਮੀ ਸਭਿ ਜਾਨਾ।ਪੌਤ੍ਰ ਜਨਮ ਕੋ ਸੁਨਿ ਕਰਿ ਕਾਨਾ।ਬੱਲੂ ਸੋਂ ਫੁਰਮਾਵਨ ਕਿਯੋ। 'ਪੁੱਤ੍ਰ ਮੋਹਰੀ ਕੇ ਜੋ ਭਯੋ ॥੮॥ਤਿਸ ਕੋ ਆਨਹੁ ਨਿਕਟ ਹਮਾਰੇ।ਜਨਮਯੋ ਜੋ ਅਨੰਦ ਇਛ[6]ਧਾਰੇ।ਸੁਨਤਿ ਦਾਸ ਗਮਨਯੋਤਿਸ ਥਾਨਾ। ਗੁਰ ਫੁਰਮਾਵਨਿ ਤਿਨਹੁਂ ਬਖਾਨਾ॥ ੯ ॥ ਆਇਸੁ ਮੇਟ ਸਕਹਿ ਨਹਿ ਕੋਈ। ਤੁਰਤ ਪ੍ਰਸੂਤ[7]

[1]ਅਪਣੀ ਇੱਛਾ ਲੈਕੇ ਪ੍ਰਗਟਿਆ। [2]ਮਾਨੋ। [3]ਗਿਆਨ ਦੇ ਅਨੰਦ। [4]ਤਿਸ (ਬਾਬੇ ਮੋਹਨ ਜੀ ਨੂੰ)। [5]ਭਾਵ, (ਗਜਾਨਾਨੰਦ ਦੀ ਪ੍ਰਾਪਤ ਲਈ ਜੋ) ਵਾਸ਼ਨਾ ਹੈ ਉਹ ਭਲੀ ਤੇ ਮੁਕਤੀ ਦਾਤਾ ਹੈ। [6]ਅਨੰਦ ਦੀ ਇੱਛਾ। [7]ਹੁਣੇ ਹੀ ਜੰਮਿਆਂ ਬਾਲਕ ਹੈਸੀ। *ਪਾ:—ਸਤਿਗੁਰ। †ਪਾ:—ਦ੍ਵੈ ਸੁਤ।

ਮ੍ਰਿਦੁਲ ਸਿਸ ਹੋਈ। ਤੂਲ ਸੁ ਵਸਤ੍ਰ[1] ਅਛਾਦਨ ਕਰਯੋ। ਲੇ ਬੱਲੂ ਨਿਜ
ਹਾਥਨਿ ਧਰਯੋ॥੧੦॥ਸਨੈ ਸਨੈ ਸਤਿਗੁਰ ਢਿਗ ਆਨਯੋ।–ਇਹੁ ਬਡਭਾਗ–
ਸਭਿਨਿ ਮਨ ਜਾਨਯੋ।ਪ੍ਰਭੁ ਨੇ ਪੌਤ੍ਰ ਲਿਯੋ ਨਿਜ ਗੋਦ।ਸਭਿ ਪ੍ਰਵਾਰ ਮੈਂ ਭਯੋ
ਪ੍ਰਮੋਦ ॥੧੧॥ ਬੱਲੂ ਸੋਂ ਬੋਲੇ ਭਗਵੰਤ।'ਇਹ ਅਵਤਰਯੋ ਬਡੋ ਸੁਭ ਸੰਤ।
ਰਿਦ ਅਨੰਦ ਕੀ ਇਛਾ ਜਾਂਹੂ।ਲੀਨ ਜਨਮ ਹਮ ਮਰੇ ਕੁਲ ਮਾਂਹੂ॥੧੨॥ਇਸ ਕੋ
ਨਾਮ ਅਨੰਦ ਧਰੀਜੈ।ਮਹਾਂਪੁਰਖ ਹੁਇ ਗੁਨਿ ਸਭਿ ਲੀਜੈ।ਹਮ ਭੀ ਇਸ ਕੋ
ਦੇਹਿਂ ਉਪਾਇਨ।ਬਾਨੀ ਸੁੰਦਰ ਕਰਹਿਂ ਗੁਨਾਇਨ[2]*॥੧੩॥ ਨਾਮ ਅਨੰਦ
ਤਾਂਹਿ ਕੋ[3] ਰਾਖਹਿਂ। ਮਨੁਕਾਮਨ ਦਾਨੀ ਜੋ ਭਾਖਹਿਂ[4]। ਇਮਿ ਸਤਿਗੁ ਰ
ਕਹਿ ਬੱਲ ਸੰਗ। ਲਗੇ ਬਨਾਵਨ ਗਿਰਾ ਉਮੰਗ ॥ ੧੪ ॥ ਪੌਤ੍ਰ ਗੋਦ ਚਿਤ
ਮੋਦ ਧਰੰਤੇ। ਬਾਨੀ ਕੋ ਰਸਨਾ ਉਚਰੰਤੇ। ਪੌੜੀ ਕਰੀ ਦੋਇ ਕਮ ਚਾਲੀ।
ਨਿਜ ਪੋਤ੍ਰੇ ਪਰਿਥਾਇ ਬਿਸਾਲੀ ॥੧੫॥ ਪੌਤ੍ਰ ਸੁ ਬਾਨੀ ਕੋ ਆਨੰਦ[5]। ਨਾਮ
ਧਰਯੋ ਗੁਰ ਭਯੋ ਅਨੰਦ।ਪੁਨ ਬੱਲੂ ਕੋ ਦੀਨਸਿ ਬਾਲਕ। ਲੇ ਘਰ ਕੋ ਗਮ-
ਨਯੋ ਤਤਕਾਲਕ॥੧੬॥ ਤਿਸ ਮਾਤਾ ਕੀ ਦਿਯੋ ਸੁ ਗੋਦ।ਦੇਖਿ ਪੁੱਤ੍ਰ ਕੋ ਮਹਾਂ
ਪ੍ਰਮੋਦ।ਜਬਿ ਬੱਲੂ ਗੁਰ ਕੇ ਢਿਗ ਆਯੋ। ਮੰਗਲ ਮੂਲ ਸੁ ਬਾਕ ਸੁਨਾਯੋ॥
੧੭॥'ਲਿਹੁ ਢੋਲਕ ਅਬਿ ਅਪਨੇ ਹਾਥ। ਚਢਿ ਕੋਠੇ ਪਰ ਬਡ ਸੁਰ ਸਾਥ।
ਗਾਵਹੁ ਅਨੰਦ ਬਜਾਵਹੁ ਜਾਵਹੁ।ਹਰਖਾਵਹੁ ਬਹੁ ਨਰਨਿ ਸੁਨਾਵਹੁ॥੧੮॥
ਇਹੁ ਬਾਨੀ ਸੁੰਦਰ ਗੁਨ ਭਰੀ। ਸੁਨਹਿ ਜੁ ਪਾਇ ਕਾਮਨਾ ਧਰੀ[6]। ਨਿਤਿ
ਇਸ ਪਠਨ ਨੇਮ ਨਿਰਬਾਹੇ। ਅਲਭ ਨ ਵਸਤੁ ਹੋਤਿ ਜਿਹ ਚਾਹੇ[7] ॥
੧੯ ॥ ਭੁਕਤਿ ਮੁਕਤਿ ਕੀ ਇਹ ਫਲ ਦਾਇਕ। ਪਾਧ ਪਦਾਰਥ ਸਹਿਜ
ਸੁਭਾਇਕ। ਰਚੀ ਹੇਤੁ ਸਿੱਖਜਨ ਕੱਲਜਾਨ। ਪਠਹਿਂ ਸੁਨਹਿ ਸੁਖ ਲਹਹਿ
ਮਹਾਂਨ ॥ ੨੦ ॥ ਸਭਿ ਕਾਰਜ ਕੀ ਸਿੱਧੀ ਦੇਤਿ। ਜੋ ਇਸਿ ਧਾਰਹਿ ਪ੍ਰੇਮ
ਸਮੇਤ। ਸਭਿ ਮੰਗਲ ਕੇ ਆਦਿ ਪਢੀਜੈ। ਪੂਰਨ ਹ੍ਵੈ ਨਿਰਬਿਘਨ ਲਹੀਜੈ'
੨੧॥ ਗੁਰ ਆਇਸੁ ਤੇ ਬੱਲੂ ਦਾਸ। ਲੇਕਰਿ ਢੋਲਕ ਅਪਨੇ ਪਾਸ। ਕੋਠੇ
ਪਰ ਚਢਿਕੈ ਤਤਕਾਲਾ।ਕੀਨਿ ਬਜਾਵਨਿ ਧੁਨੀ ਬਿਸਾਲਾ ॥ ੨੨ ॥ ਆਠ
ਤੀਸ ਪੌੜੀ ਸਭਿ ਗਾਈ।ਧੁਨਿ ਊਚੀ ਸੋਂ ਨਰਨ ਸੁਨਾਈ।ਜਿਨ ਜਿਨ ਸੁਨਯੋ

---

[1]ਰੂਈ ਸਹਿਤ ਬਸਤ੍ਰ ਨਾਲ। [2]ਗੁਣਾਂ ਦਾ ਘਰ। [3]ਤਿਸ ਬਾਣੀ ਦਾ। [4]ਮਨੋਕਾਮਨਾ ਦੇਣ ਵਾਲੀ ਜੋ ਬਾਣੀ ਕਹਾਂਗੀ। [5]ਪੋਤ੍ਰੇ (ਦਾ ਨਾਮ ਭੀ ਅਨੰਦ ਤੇ) ਬਾਣੀ ਦਾ(ਨਾਮ ਵੀ)ਅਨੰਦ। [6]ਜੋ ਸੁਣੇਗਾ ਸੋ (ਜੋ) ਕਾਮਨਾ ਧਾਰੇਗਾ ਸੋ ਪਾਏਗਾ। [7]ਭਾਵ, ਜੋ ਚਾਹੇਗਾ ਸੋ ਪਾਏਗਾ। *ਪਾ:–ਸੁਹਾਇਨ।

ਕਾਨ ਮਹਿਂ ਤਬੈ।ਭਾਉ ਭਗਤਿ ਪ੍ਰਗਟੀ ਉਰ ਸਬੈ॥੨੩॥ਅਨੰਦਮੂਲ ਬਾਣੀ ਸ਼ੁਭ ਕਰੀ। ਭਗਤਿ ਵਿਰਾਗ ਗਯਾਨ ਸੋਂ ਭਰੀ। ਚਤੁਰਥ ਪਾਤਸਾਹ ਜਬਿ ਭੁਏ। ਇਕ ਪੌੜੀ ਤਿਨਹੂੰ ਰਚਿ ਕਏ ॥ ੨੪ ॥ ਇਕ ਸ੍ਰੀ ਅਰਜਨ ਤਿਹ ਸੰਗ ਜੋੜੀ। ਅਨੰਦ ਮਹਾਤਮ ਚਾਲਿਸ ਪੌੜੀ। ਅੰਮ੍ਰਿਤ ਸਮੈਂ ਜੁ ਪਠਹਿ ਅਨੰਦਾ।ਮਿਲਹਿ ਗੁਬਿੰਦ ਮੁਕੰਦ ਅਨੰਦਾ॥੨੫॥ਕੇਤਿਕਚਿਰ ਪੁਨ ਬੀਤੜਿ ਭਯੋ।ਪੌਤ੍ਰਾ ਤ੍ਰਿਤਿਯ ਬਹੁਰ ਨਿਪਜਯੋ। 'ਅਰਜਾਨੀ' ਤਿਹ ਨਾਮ ਬਖਾਨਾ। ਪੂਰਬ ਸਤਿਗੁਰ ਭਗਤ ਮਹਾਨਾ ॥ ੨੬ ॥ ਹੁਤੋ ਬਿਰਕਤ ਜਨਮਤਿ ਮ੍ਰਿਤੁ ਭਯੋ। ਸ਼ੋਕ ਅਧਿਕ ਜਨਨੀ ਨੇ ਕਯੋ। ਤਿਨਲੇ ਕਰਿ ਗੁਰ ਢਿਗਪਹੁੰਚਾਯੋ। ਰੁਦਤਿ ਦੇਖਿ ਕਰਿ ਚਰਨ ਛੁਹਾਯੋ*॥੨੭॥ਜੀਵਤਿਭਯੋ ਦੇਖਿਸੁਖ ਪਾਇ। ਨਿਜ ਘਰ ਲੇ ਗਮਨੀ ਹਰਖਾਇ।ਕਿਤਿਕ ਕਾਲ ਗ੍ਰਿਹ ਬਿਖੈਬਿਤਨੋ ਜਬਿ। ਬਾਲਕ ਮ੍ਰਿਤਕ ਭਯੋ ਦੇਖਤਿ ਤਬਿ ॥੨੮॥ ਸ਼ੋਕਾਰਤਿ ਜਨਨੀ ਗੁਰ ਪਾਸ। ਰੁਦਤਿ ਦੀਨ[1]ਕੀਨਸਿ ਅਰਦਾਸ।'ਲੋਕ ਹਜ਼ਾਰਨ ਕੇਰਿ ਸਹਾਇਕ। ਜਗ ਗੁਰ ਹੋ ਤੁਮ ਸਹਿਜ ਸੁਭਾਇਕ॥੨੯॥ਮੋ ਪਰ ਕ੍ਰਿਪਾ ਆਪਨੀ ਧਰੀਏ। ਪੁੱਤ੍ਰ ਮਰਨੋ ਜੀਵਾਵਨ ਕਰੀਏ'। ਦੀਨ ਸਨੁਖਾ ਕੇ[2] ਸੁਨਿ ਬੈਨ। ਭਰੇ ਕ੍ਰਿਪਾ ਸੋਂ ਸੁੰਦਰ ਨੈਨ ॥੩੦॥ ਬਾਲਿਕ ਪੁਨ ਤਤਕਾਲ ਜਿਵਾਇਵ।ਅਰਜਾਨੀ ਤਿਨ ਨਾਮ ਧਰਾਇਵ।ਪੌਤ੍ਰੇ ਤੀਨ ਮੋਹਰੀ ਨੰਦ[3]। ਪ੍ਰਗਟ ਭਏ ਜਗ ਬਿਖੈ ਬਿਲੰਦ ॥੩੧॥ 'ਦਿਨ ਦਿਨ ਪ੍ਰਤਿ ਹਮਾ† ਕੁਲ ਬਿਰਧੈ ਹੈ'। ਇਹ ਬਰ ਦਿਯੋ ਸੁਨਤਿ ਹਰਖੈ ਹੈ।ਭਈ ਮੋਹਰੀ ਸੰਤਤਿ ਐਸੇ। ਮੋਹਨ ਕਥਾ ਸੁਨਹੁ ਭੀ ਜੈਸੇ॥੩੨॥ ਦੇਹਿ ਬੁੱਧਿ ਨਹਿਂ[4],ਬਡ ਅਵਿਧੂਤ। ਪੂਰਨ ਪੁਰਖ ਸਤਿਗੁਰੂ ਸਪੂਤ। ਬਿਧਿ ਨਿਖੇਧ[5] ਨਹਿਂ ਸ਼ੋਕ ਨ ਹਰਖਾ। ਅੰਤਰ ਕੇ ਰਸ ਨੇ ਮਨ ਕਰਖਾ[6] ॥ ੩੩ ॥ ਇਕ ਦਿਨ ਸ਼੍ਰੀ ਗੁਰ ਸਹਿਜ ਸੁਭਾਇ। ਪਿਖਿ ਮੋਹਨ ਸਿਸ ਬਾਕ ਅਲਾਇ। 'ਆਉ ਪੁੱਤ੍ਰ ਮੋਹਨ ਮਸਤਾਨੇ।ਸਹਿਜ ਸਰੂਪ ਬਿਖੈ ਗ਼ਲਤਾਨੇ'॥੩੪॥ਤਿਸ ਦਿਨ ਤੇ ਮੋਹਨ ਲਹਿ ਗਯਾਨਾ।ਦੇਹਿ ਬੁੱਧਿ[7] ਅਰਦ੍ਵੈਤੀਹਾਨਿ। ਅੱਛਤ[8]ਦੇਹਿ ਦੇਹਿ ਨਹਿਂ ਜਾਨੇ। ਪਰਮ ਆਤਮਾ ਅਨੰਦ ਸਮਾਨੇ ॥ ੩੫ ॥ ਰਹੈ ਇਕੰਤ ਕੋਠਰੀ ਬੈਠਨੋ।ਮਨ ਇੰਦ੍ਰੀ ਕੇ ਸਹਤ ਇਕੈਠਨੋ।ਕਰਹਿ ਕਪਾਟ ਅਸਿਜਤਿ

[1]ਨਿਮਾਣੀ ਹੋਕੇ ਰੋਂਦੀ। [2]ਨਿਮਾਣੀ ਨੂੰਹ ਦੇ। [3]ਬਾਬੇ ਮੋਹਰੀ ਜੀ ਦੇ ਸਪੁੱਤ੍ਰ। [4]ਦੇਹ ਦੀ ਸੋਝੀ ਨਹੀਂ। [5]ਵਾਧਾ ਘਾਟਾ। (ਅ) ਕਰਣ ਤੇ ਨਾ ਕਰਣ ਜੋਗ। [6]ਖਿੱਚਿਆ। [7]ਸਰੀਰ ਦੀ ਸੋਝੀ। [8]ਦੇਹ ਦੇ ਹੁੰਦਿਆਂ।

*ਪਾ:—ਸੁ ਛੁਹਾਯੋ। †ਪਾ:—ਗੁਰ।

ਦਰਕੈ[1]। ਕਿਹ ਸੋਂ ਕਹੈ ਨ ਸੁਨਹਿ ਨਿਕਰਿਕੈ[2] ॥ ੩੬ ॥ ਇਕ ਦਿਨ ਰਹੇ
ਕਪਾਟ ਅਸੰਜਤਿ।ਵਹਿਰ ਨਿਕਸਿ ਗਮਨਜੋ ਮਨਰੰਜਤਿ[3]।ਆਇਸੁਦੇ ਗੁਰ
ਸਿੱਖ ਪਠਾਏ । 'ਅੰਤਰ ਮੋਹਨ ਦੇਹੁ ਬਿਠਾਏ'॥੩੭॥ਗਮਨੇ ਦੇਖਤਿ ਜਹਿੰ
ਕਹਿੰ ਥਾਇ।ਭਯੋ ਅਲੋਪ ਨ ਦੇਖਜੈ ਜਾਇ।ਕਿਤਿਕ ਸਮੇਂ ਮਹਿਂਕੋਠੇਮਾਂਹਿ।
ਪ੍ਰਗਟ ਭਏ ਦੇਖਹਿਂ ਸਭਿ ਤਾਂਹਿ॥੩੮॥ਅੰਤਰ ਧਜਾਨ[4] ਹੋਤਿਕਿਹ ਕਾਲ।
ਕਬਹੂੰ ਪ੍ਰਗਟ ਪਿਖਹਿਂ ਨਰ ਜਾਲ। ਸਿਰ ਤੇ ਨਗਨ ਰਹੈਂ ਕਬਿ ਬੈਸੇ।
ਕਰਤਿ ਚੇਸ਼ਟਾ ਉਨਮਤਿ ਜੈਸੇ[5]॥੩੯॥ਜੁਗ ਹਾਥਨਸੋਂ ਭੋਜਨ ਖਾਵੈਂ। ਕਬਹੂੰ
ਮੌਨ ਕਬਿ ਊਚ ਅਲਾਵੈਂ।ਐਸੀ ਦਸ਼ਾ ਦੇਖਿ ਤਿਸ ਮਾਤ।ਢਿਗ ਆਈ ਗੁਰ
ਆਨੰਦ ਦਾਤ ॥੪੦॥ ਬਿਨੈ ਸਹਿਤ ਮਨ ਦੀਨ ਬਖਾਨੇ।'ਤੁਮ ਸੁ ਦ੍ਰਿਸ਼ਟਿ
ਤੇ ਬਾਵਰ ਸਜਾਨੇ[6]।ਮ੍ਰਿਤਕ ਭਏ ਜੀਵਹਿਂ ਤਤਕਾਲ। ਕਾਰਜ ਸਿੱਧ ਕਰਹੁ
ਸਿਖ ਜਾਲ ॥੪੧॥ ਜੇਠੋ ਪੁੱਤ੍ਰ ਸੁਮਤਿ ਜੁਤਿ ਰਾਵਰਿ।ਕਿਮਿ ਹੋਯਹੁ ਮੋਹਨ
ਇਹ ਬਾਵਰ।ਜਾਨਤਿ ਹੁਤੇ ਜਿ ਇਮਿ ਮਨ ਮਾਂਹੂ।ਤੌ ਕਾਹੇ ਕੀਨਸਿ ਇਸ
ਬਜਾਹੂ ॥੪੨॥ ਬਡੀ ਸਨੂਖਾ ਪਤੀ ਬਿਹੀਨੀ । ਰਹਤਿ ਬਿਸੂਰਤਿ ਦੂਖ ਤੇ
ਦੀਨੀ । ਮੈਂ ਢਿਗ ਦੇਖੋਂ ਤਿਸ ਪਛੁਤਾਊਂ।ਪਰੀ ਲਾਜ ਬਸਿ ਕਹੈ ਨ ਕਾਊ।
੪੩॥ਹਰਖ ਸਮੇਤ ਹੋਤਿ ਕਬਿ ਨਾਂਹੀ।ਅਪਰ ਤ੍ਰਿਯਨਕੋ ਪਿਖਿ ਸੁਖ ਮਾਂਹੀ।
ਸੰਤਤਿ ਹੀਨੀ ਪਰਮ ਬਿਯੋਗਨ। ਚਹਤਿ ਨ ਬਸਨ ਬਿਭੂਖਨ ਸੋਗਨ[7]।
੪੪॥ਤਿਮ ਦੁਖ ਤੇ ਦੁਖੀਆ ਮਨ ਮੇਰੋ।ਪਰਮ ਅਨਾਥ ਸਮਾਨ ਜਿ ਹੇਰੋਂ[8]'।
ਸੁਨਿ ਸ੍ਰੀ ਅਮਰ ਪ੍ਰਸੰਨ ਭਏ ਹੈਂ ।'ਮੋਹਨ ਮਹਾਂ ਅਨੰਦ ਰਏ ਹੈਂ[9] ॥ ੪੫॥
ਮੋਹਨ ਮੋਹ ਨ ਭੇਦ,ਸੁ ਏਕ[10]।ਲੀਨ ਸਮੁੰਦ੍ਰ ਅਨੰਦ ਬਿਬੇਕ।ਗੁਹਜ ਕਥਾ
ਇਹ ਕਿਮਿ ਨਹਿਂ ਕਹੈ। ਮੋਹਨ ਸਭਿ ਬਿਧਿ ਪੂਰਨ ਅਹੈਂ ॥੪੬॥ ਕਹਤਿ
ਸਨੂਖਾ ਮੋਰ ਅਨਾਥ[11]। ਯਾਂਤੇ ਇਮਿ ਕਹੀਐ ਤਿਹ ਸਾਥ।ਬਸਤ੍ਰ ਨਵੀਨ
ਦੇਹਿ ਪਹਿਰਾਇ[12]।ਅਪਨੇ ਸੰਗਲੇਹੁਤਿਹਂਜਾਇ[13]॥੪੭॥ਮੋਹਨਕੇਚਰਨਨ
ਪਰ ਪਾਵਹੁ।ਬਨਿਕੈ ਦੀਨ ਸੁ ਬਿਨਤੀ ਗਾਵਹੁ।ਪਰਹਿ ਦ੍ਰਿਸ਼ਟਿ ਮੋਹਨਿਕੀ
ਤਿਸ ਪਰ। ਪ੍ਰਾਪਤਿ ਹੋਇ ਪੁੱਤ੍ਰ ਕੋ ਤਬਿ ਬਰ' ॥੪੮॥ ਸੁਨਿ ਸਤਿਗੁਰ ਕੇ

[1]ਦਰਵਾਜ਼ੇ ਦੇ ਤਖਤੇ ਬੰਦ ਕਰਕੇ । [2]ਨਿੱਕਲਕੇ । [3]ਮਨ ਪ੍ਰਸੰਨ । [4]ਭਾਵ, ਦੂਜਿਆਂ ਨੂੰ ਦਿਸਣੋਂ ਗੁੰਮ ਹੋ ਜਾਣਾ। [5]ਮਸਤਾਂ ਵਰਗੀ ਕਾਰ। [6]ਆਪਦੀ ਸ੍ਰੇਸ਼ਟ ਨਿਗਾਹ ਨਾਲ ਕਮਲੇ ਭੀ ਸਿਆਣੇ ਹੋ ਜਾਂਦੇ ਹਨ। [7]ਸ਼ੋਕਵਾਨ। [8]ਡਾਢੀ ਅਨਾਥ ਜੇਹੀ ਮੈਂ ਉਸਨੂੰ ਦੇਖਦੀ ਹਾਂ। [9]ਮਿਲੇ ਹੋਏ [ਸੰਸ-ਕ੍ਰਿਤ, ਰੰਜਨ ਤੋਂ ਹਿੰਦੀ ਰਯਨਾ]। [10]ਮੋਹਨ ਤੇ ਮੇਰੇ ਵਿਚ ਭੇਦ ਨਹੀਂ ਇਕ ਰੂਪ ਹੈ। [11]ਜੇ ਤੁਸੀਂ ਕਹਿੰਦੇ ਹੋ ਕਿ ਮੇਰੀ ਨੂੰਹ ਅਨਾਥ ਹੈ। [12]ਪਹਿਰਾ ਦਿਹੁ (ਨੂੰਹ ਨੂੰ)। [13]ਭਾਵ ਮੋਹਨ ਜੀ ਪਾਸ।

ਬਾਕ ਸੁਹਾਇ। ਆਇ ਸਨੁਖਾ ਕੋ ਸਮੁਝਾਇ। ਗਮਨੀ ਆਪ ਸੰਗ ਸੋ ਲੀਲਾ ਮੋਹਨ ਦਯਾ ਦ੍ਰਿਸ਼ਟਿ ਤਬਿ ਕੀਨ॥੪੯॥ਕਰਿ ਬੰਦਨ ਨਿਜਪਤਿ ਕੋਆਈ। ਗਰਭ ਧਰਯੋ ਤਿਸ ਤੇ ਪਿਛਵਾਈ। ਕੇਤਿਕ ਦਿਨ ਮਹਿੰ ਸੁਤ ਅਭਿਰਾਮ। ਜਨਮਯੋ ਤਬਿ ਮੋਹਨ ਕੇ ਧਾਮ ॥੫੦॥ ਸ੍ਰੀ ਗੁਰ ਕੋ ਸੁਧ ਆਨਿ ਸੁਨਾਈ। ਕੀਨੋ ਮੰਗਲ ਬਜੀਬਧਾਈ।ਭਯੋ ਅਨੰਦ ਸਰਬ ਹੀ ਧਾਮ।'ਸੰਸਰਾਮ'ਰਾਖਯੋ ਤਿਸ ਨਾਮ ॥੫੧॥ ਪ੍ਰਿਥਮ ਜਨਮ ਮਹਿ ਘਾਲ ਬਿਸਾਲ। ਤਪ ਆਦਿਕ ਕੀਨੇ ਜਿਨ ਜਾਲ।ਬਾਲਕ ਕਿਤਿਕ ਦਿਨਨ ਜਬਿ ਭਯੋ।ਜਨਨੀਕੋ ਸਰੀਰ ਛੁਟਿ ਗਯੋ ॥੫੨॥ ਤਿਸ ਪਰ ਕੀਨਸਿ ਕ੍ਰਿਪਾ ਕ੍ਰਿਪਾਲ। ਪ੍ਰਤਿਪਾਰਯੋ ਕਰਿ ਜਤਨ ਸੁ ਬਾਲ।ਭੋਜਨ ਗੁਰ ਕੋ ਸੀਤ ਪ੍ਰਸਾਦਿ।ਖਾਵਤਿ ਰਹਯੋ ਲਹੇ ਅਹਿ-ਲਾਦਿ ॥੫੩॥ ਜਬਿਹੀ ਬਧ ਕਰਿ ਭਯੋ ਬਡੇਰ। ਸਤਿਗੁਰ ਬਾਨੀ ਲਿਖਹਿ ਘਨੇਰ।ਪ੍ਰਿਥਮ ਗੁਰੂ ਕੀ ਜੇਤਿਕ ਅਹੈ। ਸ੍ਰੀ ਅੰਗਦ ਗੁਰ ਅਮਰ ਜੁ ਕਹੈਂ। ੫੪॥ਸਭਿ ਬਾਨੀ ਕੋ ਲਿਖਹਿ ਬਨਾਇ।ਸਮਝਹਿ ਅਰਥ ਮਹਾਂ ਸੁਖਪਾਇ। ਸੀਤ ਪ੍ਰਸਾਦਿ ਪਿਤਾਮੇ ਕੇਰ।ਅਚਿਤਿ ਰਹਯੋ ਸਿਧ ਭਯੋ ਬਡੇਰ॥੫੫॥ਇਮਿ ਸ੍ਰੀ ਅਮਰਦਾਸ ਕੇ ਪੋਤੇ।ਜਨਮ ਲੀਨਿ ਗੁਨ ਗਨ ਕੇ ਪੋਤੇ।ਸੁਨਹਿ ਪਠਹਿ ਚਿਤ ਦੇ ਨਿਤਿ ਏਹ[1]।ਬਿਨ ਸੰਤਤਿ ਕੋ ਸੰਤਤਿ ਦੇਹਿ[2]॥੫੬॥ਅਪਰ ਕਾਮਨਾ ਪੂਰੀ ਕਰੈ। ਸ੍ਰੀ ਗੁਰੂ ਅਮਰ ਕਥਾ ਜੋ ਰਰੈ। ਭੁਕਤਿ ਮੁਕਤਿ ਕੀ ਏ ਬਡ ਦਾਤਾ। ਫਲ ਲਹਿ ਜਿਨਹੁੰ ਮਹਾਤਮ ਜਾਤਾ॥੫੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਸ੍ਰੀ ਅਮਰਦਾਸ ਪੌਤ੍ਰਨ ਜਨਮ' ਪ੍ਰਸੰਗ ਬਰਨਨੰ ਨਾਮ ਏਕ ਊਨ ਸ਼ਸ਼ਟੀ* ਅੰਸੂ ॥ ੫੯ ॥

੬੦. [ਦੋਖੀ ਤਪਾ। ਮਥੋ ਮੁਰਾਰੀ]।

ਦੋਹਰਾ॥ ਸ੍ਰੀ ਗੁਰ ਕ੍ਰਿਪਾ ਨਿਧਾਨ ਬਰ ਸਕਲ ਲੋਕ ਸੁਖਦਾਨ। ਭਾਗ ਹੀਨ ਨਿੰਦਕ ਲਹਤਿ ਨਿਜ ਕਰਮਨ ਫਲ ਜਾਨਿ[3] ॥੧॥ ਜੈਸੇ ਭਾਨੁ ਉਦੇ ਭਏ ਸਭਿ ਜਗ ਤਿਮਰ ਨਸਾਇ। ਦੁਰਭਾਗੀ ਪੇਚਕ[4] ਤਊ ਅੰਧ ਭਏ ਦੁਖ ਪਾਇੰ ॥੨॥ ਚੌਪਈ॥ਸਭਿ ਜਗ ਸਤਿਗੁਰ ਕੇ ਗੁਨ ਗਾਵੈ।ਦਰਸ ਪਰਸ ਮਨ ਬਾਂਛਤ ਪਾਵੈ।ਤਪਾ ਹੁਤੋ ਇਕ ਗੋਇੰਦਵਾਲ।ਸੁਨਿਜਸ† ਜਰੈ ਹੋਤਿ ਬੇਹਾਲ

[1]ਇਹ (ਕਥਾ)। [2]ਬਿਨਾਂ ਸੰਤਾਨ ਵਾਲਿਆਂ ਨੂੰ ਸੰਤਾਨ ਦੇਂਦੀ ਹੈ। [3]ਭਾਗਹੀਨ ਨਿੰਦਕ ਜਾਣੋਂ ਅਪਨੇ ਕਰਮਾਂ ਦਾ ਫਲ (ਦੁਖ) ਲੈਂਦੇ ਹਨ। [4]ਉੱਲੂ।

*ਪਾ:—ਨੌ ਪੰਚਾਸਮੋ। ਉਨਸਾਠਮੋ। ਏਕੋਨ ਸਸ਼ਟੀ। †ਪਾ:—ਸੁਨਿ ਸੁਨਿ।

॥੩॥ ਮਰਵਾਹਨ ਕੋ ਪ੍ਰੋਧਾ[1] ਜਾਨੋ। ਉਸ ਜੋਗੀ ਕੋ ਮਿੱਤ੍ਰ ਸਮਾਨੋ। ਜਾਂ ਕਉ ਸ਼੍ਰੀ ਗੁਰ ਅਮਰ ਪ੍ਰਕਾਸ਼। ਮੱਧ ਖਡੂਰ ਦੰਭ ਦਸੋ ਰਾਸ[2] ॥੪॥ ਤਾਂਕੀ ਕਥਾ ਪ੍ਰਸਿੱਧ ਸੁ ਪਾਛੈ। ਬਰਨਨ ਭਈ ਪ੍ਰਕਾਸ਼ ਸੁ ਆਛੈ। ਦੀਨ ਦਯਾਲ ਗੁਰ ਅੰਗਦ ਕੇਰੀ।ਕਰੀ ਅਵੱਗਯਾ[3] ਦੁਸ਼ਟ ਘਨੇਰੀ॥੫॥ ਸੋ ਗੁਰ ਅਮਰ ਸਹਾਰ ਨ ਸਕੋ।ਪੁਨ ਇਹ ਤਪਾ ਨਿੰਦ ਗੁਰ ਬਕੋ। ਸ਼੍ਰੀ ਸਤਿਗੁਰੂ ਨਾਮਰਸੁ ਮਾਤੇ। ਅੱਜਰ ਜਰੈਂ[4] ਰਹੈਂ ਸੁਖ ਦਾਤੇ॥੬॥ਕਛੁਕ ਕਾਲ ਇਮਿ ਭਯੋ ਬਿਤੀਤ।ਖੇਲ ਰਚਯੋ ਸਤਿਗੁਰ ਇਸ ਰੀਤਿ।ਸ਼੍ਰੀਬਾਵਲੀ ਭਈ ਤਈਆਰ*।ਜੱਠ[5] ਅਰੰਭੀ ਗੁਰ ਕਰਤਾਰ ॥ ੭ ॥ ਬਿੱਪ੍ਰ ਆਦਿ ਜੋ ਥੇ ਅਧਿਕਾਰੀ। ਸੰਤ ਮਹੰਤ ਜਤੀ ਘਰਬਾਰੀ[6]। ਤਿਨਹਿ ਨਿਮੰਤਯੋ[7] ਭੋਜਨ ਹੇਤ੍ਰ। ਸਭਿ ਨੈ ਮਾਨਯੋ† ਸਹਤ ਸੁਹੇਤ॥੮॥ਤਪੇ ਨਿਮੰਤਨ ਮਾਨਯੋ ਨਾਂਹੀ।ਤਪਤ ਰਹਯੋ ਮਤਸਰ ਕੇ ਮਾਂਹੀ। ਦੁਇ ਤ੍ਰੈ ਬਾਰ ਸੁ ਮਾਨੁਖਫਿਰੇ।ਦੁਸ਼ਟ ਨ ਮਾਨੀਮਾਯਾ ਘਿਰੇ[8]॥੯॥ਸ਼੍ਰੀਸਤਿ-ਗੁਰੂ ਧਰਮ ਕੇ ਪਾਲਿਕ। ਦੰਭ ਮੋਹ ਮਦ ਮਤਸਰ ਘਾਲਿਕ[9]। ਤਾਂਕੇ ਦੰਭ ਖੰਡਨੇ ਕਾਰਨ।ਸ਼੍ਰੀ ਮੁਖ ਤੇ ਇਮਿ ਕਿਯੋ ਉਚਾਰਨ॥੧੦॥ 'ਜੇਕੋ ਗੁਰੂ ਘਰ ਭੋਜਨ ਖੈਹੈ।ਏਕ ਰੁਪੱਯਾ ਦੱਛਨ ਪੈਹੈ'। ਤਉ ਭੀ ਤਪਾ ਸੁ ਆਯੋ ਨਾਂਹੀ। ਪੁਨ ਗੁਰ ਬਚਨ ਕਿਯੋ ਸਭਿ ਮਾਂਹੀ॥੧੧॥'ਭੋਜਨ ਜੇਵਨ ਕੋ ਜੋ ਆਵਹਿ। ਦੋਇ ਰੁਪੱਯੇ‡ਦਛਨਾ ਪਾਵਹਿ'। ਯਾਂ ਪਰ ਭੀ ਜਬਿ ਤਪਾ ਨ ਆਯੋ।ਤਬਿ ਸਤਿਗੁਰ ਇਹ ਭਾਂਤਿ ਅਲਾਯੋ ॥ ੧੨ ॥ 'ਪਾਂਚ ਮੁੱਦ੍ਰਕਾ[10] ਪਾਵੈ ਸੋਈ। ਭੋਜਨ ਕੈ ਹਿਤ ਆਵੈ ਜੋਈ'। ਤਪਾ ਨ ਆਯੋ ਪਰ ਲਲਚਾਯੋ। ਪੁਨ ਗੁਰ ਦਸ ਕਾ ਲੋਭ ਦਿਖਾਯੋ॥੧੩॥ ਓੜਕ ਜਬਿ ਗੁਰ ਮੁਹਰ ਸੁ ਕਹੀ। ਤਬਹਿ ਤਪੇ ਕੀ ਬੁੱਧਿ ਸੁ ਬਹੀ[11]। ਬਯਾਕੁਲ ਭਯੋ ਬਹੁਤ ਲਲਚਾਯੋ। ਸੁਤ ਭੋਜਨ ਕੋ ਬਯੋਂਤ ਬਨਾਯੋ॥੧੪॥ਦ੍ਵਾਰੇ ਦ੍ਵਾਰ ਪ੍ਰਵੇਸ਼ ਨ ਪਾਯੋ[12]। ਪਕੜ ਭੀਤ ਪਰ ਪੁਤ ਚਢਾਯੋ। ਸੋ ਗਿਰ ਪਰਯੋ ਭੀਤ ਤੇ ਤਰੇ। ਟੂਟੀ ਟਾਂਗ ਰੁਦਨ ਬਹੁ

---

[1]ਗੋਇੰਦੇ ਦੀ ਜਾਤ ਮਰਵਾਹਾ ਸੀ, ਉਨ੍ਹਾਂ ਦਾ ਪ੍ਰੋਹਤ। [2]ਬਹੁਤਾ। [3]ਬੇਅਦਬੀ, ਨਿਰਾਦਰ। [4]ਅਜਰ(ਕਰਾਮਾਤ)ਜਰ ਰਹੇ। [5]ਨਵੇਂ ਮਕਾਨ ਦੇ ਪ੍ਰਵੇਸ਼ ਯਾ ਵਰਤਨ ਅਰੰਭ ਸਮੇਂ ਦਾ ਉਤਸ਼ਵੀ ਜਿਸਨੂੰ ਆਮ ਚੱਠ ਯਾ ਛੱਠਣੀ ਕਹਿੰਦੇ ਹਨ। [6]ਭਾਵ ਗ੍ਰਿਹਸਤੀ। [7]ਲਿਉਂਦਾ ਭੇਜਿਆ, ਸੱਦਾ ਭੇਜਿਆ। [8]ਮਾਯਾ ਦੇ ਘੇਰੇ ਹੋਏ ਨੇ। [9]ਪਖੰਡ, ਮੋਹ, ਹੰਕਾਰ ਈਰਖਾ ਦੇ ਨਾਸ਼ ਕਰਨੇ ਵਾਲੇ। [10]ਪੰਜ ਰੁਪੱਯੇ। [11]ਲੋਭ ਵਿਚ ਰੁੜ੍ਹ ਗਈ। [12]ਦਰਵੱਜੇ ਥਾਣੀ ਤਾਂ ਨਾ ਵੜਨਾ ਪਾਯਾ।

*ਪਾ:-ਤਿਆਰ। ਤਯਾਰ। †ਪਾ:-ਸਭਨਿ ਸੁ ਮਾਨਯੋ। ‡ਪਾ:-ਦੋ ਸੁ ਰੁਪਿਏ।

ਕਰੇ*॥੧੫॥ਨੀਚ ਊਚ ਮੈਂ ਉਘਰਜੋ ਪਾਜਾ। ਲੋਭ ਤਪੇ ਕਉ ਦੀਨੀ ਲਾਜਾ। ਸਤਿਗੁਰ ਸੁਨਿ ਮੁਸਕਾਵਤਿ ਭਏ।ਦੁਸ਼ਟਨਕੇ ਇਮਿ ਹੀ ਘਰ ਗਏ॥੧੬॥ਤਿਸ ਅਉਸਰ[1]ਗੁਰ ਅੰਤਰਜਾਮੀ।ਸ੍ਰੀ ਗੁਰੁ ਰਾਮਦਾਸ ਪ੍ਰਭੁ ਸ੍ਵਾਮੀ।ਭੋਜਨ ਸਭਿਨਿ ਕਰਾਵਤਿ ਖਰੇ। ਸੁਨਿਤਿ ਬ੍ਰਿਤਾਂਤ ਬਚਨ ਸੋ ਕਰੇ ॥੧੭॥ ਗੌੜੀ ਰਾਗ ਵਾਰ ਕੇ ਭੀਤਰ। ਭਨਜੋ ਸ਼ਲੋਕ ਸੁ ਸੁਨੋ ਸਿੱਖ ਬਰ†।ਸਤਿਗੁਰ ਕੋ ਪ੍ਰਤਾਪ ਦਿਖਰਾਯੋ। ਨਿੰਦਾ ਦੋਖ ਅਧਿਕ ਪ੍ਰਗਟਾਯੋ ॥੧੮॥ ਸ੍ਰੀ ਮੁਖਵਾਕ:—

ਸਲੋਕ ਮ: ੪ ॥

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ[2] ॥ ਅਗੋ ਦੇ ਸਦਿਆਂ ਸਤੈ ਦੀ[3] ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥ ਪੰਚ ਲੋਕ[4] ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥ ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ[5] ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥ ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥ ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤਿ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ[6] ਮਾਰਿਆ ॥ ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ ॥ ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥ ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥ ਧਰਮਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਅਹੁ ਜਿਥੈ ਮਹਾ ਮਹਾਂ ਹਤਿਆਰਿਆ ॥ ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ ॥ ਹਰਿ ਕੈ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ ॥ ਸੋ ਬੂਝੈ ਜੁ ਦਯਿ[6] ਸਵਾਰਿਆ ॥ ੧ ॥

ਚੌਪਈ॥ ਸਤਿਗੁਰ ਦਯਾਲ ਦਯਾ ਕੇ ਰੂਪ।ਬੈਠਤਿ ਪੰਕਤਿ ਬੀਚ ਅਨੂਪ[7] । ਹਟਕਜੋ ਨਾਂਹਿ[8] ਦਿਯੋ ਤਿਸ ਭੋਜਨ। ਨਿੰਦਕ ਧਿਰਕਾਰਜੋ ਸਭਿ ਲੋਗਨ॥ ੧੯॥ ਦੋਹਰਾ॥ਇਹ ਸਾਖੀ ਜੋ ਕੌ ਸੁਨੈ ਪੜਹਿ ਕਰਹਿ ਬੱਖਯਾਨ‡। ਤਿਸਕੇ ਨਿੰਦਕ ਨਾਸ਼ ਸਭਿ ਹੋਵਤਿ ਜਗ ਮੈਂ ਜਾਨ ॥੨੦॥ ਸ੍ਰੀ ਸਤਿਗੁਰ ਤਾਰਨ

---

[1]ਸਮੇਂ, ਵੇਲੇ । [2]ਦਬਾਇਆ। [3]ਸਤ ਦੀ । [4]ਸ੍ਰੇਸ਼ਟ ਪੁਰਸ਼ । [5]ਪਤੀਜਦਾ (ਛੁੰਹਦਾ) । [6]ਪ੍ਰਮੇਸੁਰ ਨੇ। [7]ਬੈਠੇ ਹੋਏ ਪੰਗਤ ਵਿਚ ਉਪਮਾਂ ਤੋਂ ਰਹਤ ਭਾਵ ਸੁਹਣੇ। [8]ਹਟਾਯਾ ਨਹੀਂ।

*ਸ੍ਰੀ ਗੁਰੂ ਰਾਮਦਾਸ ਜੀ ਦੇ ਉਚਾਰੇ ਸ਼ਬਦ ਵਿਚ ਤਪੇ ਦੇ ਪੁੱਤ੍ਰ ਦਾ ਵਿਚ ਬੈਠਣਾ ਤਾਂ ਲਿਖਿਆ ਹੈ ਪਰ ਟੰਗ ਟੁਟਣੀ ਨਹੀਂ ਲਿਖੀ। ਦੇਖੋ ਇਸੇ ਅੰਸੂ ਦੇ ਅੰਕ ੧੮ ਦੇ ਮਗਰੋਂ । †ਪਾ:—ਕਾਨ ਧਰ । ‡ਪਾ:—ਜੋ ਜੋ ਪੜੈ, ਸੁਨੈ ਕਰੈ ਵੱਖਯਾਨ।

ਤਰਨ ਦੀਨ ਬੰਧੁਗੁਨਖਾਨਾ।ਜੋ ਜੋ ਆਵਹਿ ਸ਼ਰਨ ਕੋ ਸੋਸੋ ਲਹਿਕੱਲਯਾਨ ॥ ੨੧ ॥ ਚੌਪਈ ॥ ਅਪਰ ਕਥਾ ਅਬਿ ਸੁਨਹੁ ਅਗਾਰੀ। ਸ੍ਰੀ ਸਤਿਗੁਰੂ ਮਹਾਤਮ ਭਾਰੀ। ਇਕ ਖੱਤ੍ਰੀ ਥੋ ਪ੍ਰੇਮਾ ਨਾਮ। ਮਾਤ ਪਿਤਾ ਨਹਿੰ ਭ੍ਰਾਤਾ ਧਾਮ। ॥੨੨॥ ਕੁਸ਼ਟ ਸ਼ਰੀਰ ਬਿਖੈ ਰੁਜ ਭਯੋ। ਅਧਿਕ ਦਰਿੱਦ੍ਰੀ ਸੋ ਹੁਇ ਗਯੋ। ਹਾਥ ਪਾਦ ਗਰਿਕੈ ਗਿਰ ਪਰੇ[1]।ਕੋ ਨਹਿੰ ਨਿਕਟ ਹੋਨਿ ਦੇ ਖਰੇ॥੨੩॥ਬੇਖ ਅਮੰਗਲ ਪਿਖਤਿ ਗਿਲਾਨੈ[2]। ਮਾਖੀ ਬ੍ਰਿੰਦ ਸੰਗ ਨਿਤਿ ਠਾਨਿ[3]। ਗਲ ਮਹਿ ਬਾਂਧਯੋ ਮਾਟੀ ਬਾਸਨ। ਠਾਂਵੋ ਹੋਇ ਆਇ ਕੋ ਪਾਸ ਨ ॥੨੪॥ ਬੈਠਯੋ ਘਿਸਰਿ ਘਿਸਰਿ ਕਰਿ[4] ਚਾਲਹਿ। ਕਰਿ ਕੋ ਦਯਾ ਟੂਕ ਤਿਹ ਘਾਲਹਿ[5]। ਇਸ ਬਿਧਿ ਅਪਨੋ ਸਮੋ ਬਿਤਾਵਹਿ। ਦਯੋਸ ਜਾਮਨੀ ਸੰਕਟ ਪਾਵਹਿ॥ ੨੫॥ਜਿਸ ਢਿਗ ਹੁਇ*ਤ੍ਰਿਸਕਾਰਹਿ ਸੋਇ। ਦੇਖਨਿ ਭੀ ਨ ਕਰਹਿ ਤਿਸ ਕੋਇ। ਤਿਨਿ ਗੁਰ ਮਹਿਮਾ ਸੁਨੀ ਘਨੇਰੀ। ਜਨਮ ਰੰਕ ਜਿਮ ਸੁਰਤਰੁ ਕੇਰੀ॥੨੬॥ਸੁਨਿ ਸੁਨਿ ਜਸ ਕਉ ਹੁਲਸਹਿ ਮਨਮਹਿਂ। ਕ੍ਰਿਪਨ ਮਹਾਂ ਜਿਮਿ ਆਮਦ ਧਨਮੈਂ[6]।ਬਧਯੋ ਪ੍ਰੇਮ ਉਰ ਗਾਵਤਿ ਗੀਤ। ਧਰਹਿ ਧਯਾਨ ਠਹਿਰਾਵਹਿ ਚੀਤ ॥੨੭॥ਉਮਗਹਿ ਪ੍ਰੇਮ ਪੁਕਾਰਹਿ ਊਚੋ।ਸੁਨਿ ਸੁਨਿ ਆਵੈਂ ਊਚ ਰੁ ਨੀਚੋ। ਮਨ ਕੀ ਉਕਤੀ[7] ਕਰੈ ਉਚਾਰ। ਪ੍ਰੇਮ ਮਗਨ ਕੋ ਲਹੈ ਨ ਸਾਰ ॥ ੨੮॥ ਰਾਗ ਕਬਿੱਤ[8] ਨ ਬਾਨੀ ਜਾਨਹਿ। ਬਿਨ ਜਾਨੇ ਹੀ ਬਦਨ ਬਖਾਨਹਿ।ਕਹਿ ਦ੍ਰਿਸ਼ਟਾਂਤ ਬਾਕ ਕਛੁ ਮੋਟਾ।'ਮੁਝ ਅਬਿ ਲੱਧਾ ਗਯਾ ਕਛੋਟਾ[9] ॥੨੯॥ ਸੁਨਹੁ ਜਹਾਨਾਂ ਕਹੌਂ ਬਡੇਰ। ਗਯਾ ਕਛੋਟਾ[9] ਲੱਧਾ ਫੇਰ'। ਜਬਿ ਕਬਿ ਪ੍ਰੇਮ ਰਿਦੈ ਅਧਿਕਾਵੈ। 'ਗਯਾ ਕਛੋਟਾ[9] ਲੱਧਾ' ਗਾਵੈ ॥ ੩੦ ॥ ਸੁਨਿ ਸੁਨਿ ਹਸਹਿਂ ਸੁ ਆਪਸ ਮਾਂਹਿ। ਪਾਨੀ ਅੰਨ ਆਨਿ ਦੇਂ ਤਾਂਹਿ।ਸਤਿਗੁਰ ਕੋ ਸਿਮਰਤਿ ਚਿਤ ਚਾਹਤਿ।-ਦਰਸ਼ਨ ਪਾਵੌਂ-ਬਹੁਤ ਉਮਾਹਤਿ ॥੩੧॥ਸੰਗ ਨਿਤੰਬਨਿ ਘਿਸਰਤਿ[10] ਚਾਲਹਿ।ਪਲ ਪਲ ਪ੍ਰੇਮਕਲਾ[11]ਪ੍ਰਤਿਪਾਲਹਿ। ਚਿਤਵਤਿ-ਮੈਂ ਗੁਰ ਦਰਸ਼ਨ ਪਾਊਂ। ਆਧਿ ਬਯਾਧਿ ਅਘ ਓਘ ਨਸਾਊਂ-॥੩੨॥ਜੋਗੁਰ ਮਗ ਕੋ ਮਿਲਿ ਢੁਲਿ ਚਲੇ[12]।ਕਿਉਂ ਨਹਿੰ ਭੁਗਤਿ

[1]ਗਲਕੇ ਡਿੱਗ ਪਏ। [2]ਰੂਪ ਭਯਾਨਕ, ਵੇਖਦਿਆਂ ਨਫਰਤ (ਆਵੇ)। [3]ਮੱਖੀਆਂ ਸਮੂਹ ਨਾਲ ਸਦਾ ਰਹਿਣ। [4]ਘਸੀਟ ਘਸੀਟ ਕੇ। [5]ਕੋਈ ਦਇਆ ਕਰਕੇ ਰੋਟੀ ਤਿਸਨੂੰ ਪਾਵੇ। [6]ਜਿਵੇਂ ਵੱਡਾ ਕੰਜੂਸ ਧਨ ਦੀ ਆਮਦਨੀ ਵਿਚ (ਅਨੰਦ ਹੁੰਦਾ ਹੈ)। [7]ਭਾਵ ਜੋ ਮਨ ਵਿਚ ਆਂਵਦੀ ਹੈ। [8]ਕਵਿਤਾ। [9]ਗਿਆ ਹੋਇਆ ਪੜਦਾ। [10]ਚੂਤੜ ਘਸੀਟ ਕੇ। [11]ਪ੍ਰੇਮ ਸਰੂਪ। [12]ਜੋ ਗੁਰੂ ਜੀ ਦੇ ਰਾਹ ਵਿਚ ਨਿੰਮ੍ਰਤਾ ਨਾਲ ਮਿਲਕੇ ਚਲੇ। *ਪਾ:-ਜਾਇ।

ਮੁਕਤਿ ਫਲ ਫਲੇ[1]।ਚਿਰੰਕਾਲ ਮਹਿ ਚਲਿ ਕਰਿ ਆਯੋ।ਹਰਖ੍ਯੋ ਜਨ ਨਵ ਨਿਧਿ ਸੁਖ ਪਾਯੋ॥੩੩॥ ਸਤਿਗੁਰ ਕੇ ਦਰਬਾਰ ਅਗਾਰੀ। ਲਈ ਧੂਲ ਧਰਿ ਸ਼ਰਧਾ ਭਾਰੀ।ਸਿਰ ਮੁਖ ਪਰ ਸਗਰੇ ਤਨ ਫੇਰੀ। ਬੈਠਿ ਰਹ੍ਯੋ ਤਹਿਂ ਕੇਤਿਕ ਬੇਰੀ॥੩੪॥ਆਵਤਿ ਜਾਤਿ ਸਿੱਖ ਜੋ ਅਹੈਂ।ਅਵਲੋਕਤਿ ਇਸ ਕੋ ਬਚ ਕਹੈਂ। 'ਗੁਰ ਦਰਸ਼ਨ ਕੁਸ਼ਟੀ ਨਹਿਂ ਪਾਵੈ। ਤੌ ਪਾਵੈ ਜੇ ਆਪ ਬੁਲਾਵੈਂ' ॥੩੫॥ ਸੁਨਿ ਕੈ ਸ਼ੋਕਾਰਤਿ ਚਿਤ ਹੋਵਾ-ਜੋ ਅਬਿ ਮੋਹਿ ਨ ਦਰਸ਼ਨ ਹੋਵਾ। ਆਵਨ ਸ੍ਰਮ ਬਾਦ ਹੁਇ ਮੇਰਾ।ਭਯੋ ਨ ਫਲ ਪ੍ਰਾਪਤਿ ਦੁਖ ਘੇਰਾ[2] ॥੩੬॥ਮੈਂ ਨਿਰ-ਭਾਗ ਜਹਾਂ ਚਹਿ ਜਾਊਂ[3]।ਨਿਫਲਹਿ ਤਹਾਂ ਨਹੀਂ ਕਛੁ ਪਾਊਂ। ਬਿਨ ਦਰ-ਸ਼ਨ ਗਮਨੋ ਕਿਤਿ ਨਾਂਹੀ[4]। ਕੈ ਮਰਿ ਰਹੌਂ ਇਸੀ ਥਲ ਮਾਂਹੀ ॥੩੭॥ ਧਿਕ ਜੀਵਨ ਅਬਿ ਨਾਸੈਂ ਪ੍ਰਾਨ ।ਗੁਰ ਕੇ ਦਰ ਪਰ ਪਰੌਂ ਸਥਾਨ[5]-।ਦ੍ਰਿਢ ਕਰਿ ਪ੍ਰੇਮ ਥਿਰ੍ਯੋ ਦਰ ਆਗਹਿ।ਸਨਮੁਖ ਬੈਠਹਿ, ਨਹਿਂ ਥਲ ਤ੍ਯਾਗਹਿ॥੩੮॥ ਪ੍ਰੇਮ ਬਿਸਾਲ ਗੁਰੂ*ਮਹਿ ਧਰੈ। ਮੁਖ ਤੇ ਨਿਤਿ 'ਗੁਰ ਗੁਰ ਗੁਰ' ਕਰੈ। ਕਬਿ ਕਬਿ ਗਾਵਹਿ ਊਚੀ ਧੁਨ ਤੇ । ਆਵਤਿ ਜਾਤਿ ਸਿੱਖ ਸਭਿ ਸੁਨਤੇ ॥੩੯॥ 'ਗਯਾ ਕਛੋਟਾ ਲੱਧਾ'ਗਾਵੈ।ਊਚੇ ਟੇਰਤਿ[6] ਗੁਰੂ ਸੁਨਾਵੈ। ਖਰੇ ਆਨਿ ਹੋਵਤਿ ਸੁਨਿ ਪਾਹੂ। ਕਹਿ ਕਹਿ ਪੁਨਹਿ ਗਵਾਇਸਿ† ਤਾਂਹੂ[7] ॥ ੪੦ ॥ ਕਹੇ ਨਰਨਿ ਕੈ ਪੁਨ ਪੁਨ ਗਾਵਹਿ। ਚਹਤਿ ਦਰਸ ਦਿਨ ਰਾਤ ਬਿਤਾਵਹਿ।-ਪੂਰਬ ਜਨਮ ਮਹਾਂ ਮੈਂ ਪਾਪੀ। ਜਿਸ ਤੇ ਆਧਿ ਰੁ ਬ੍ਯਾਧਿ ਸੰਤਾਪੀ॥੪੧॥ਸਭਿ ਜਗ ਦਰਸਤਿ ਗੁਰ ਕੋ ਨੀਤਿ। ਮੋਹਿ ਨ ਮਿਲਹਿਂ ਸੁ, ਤਰਸਤਿ ਚੀਤ। ਇਸ ਤੇ ਆਛੋ ਥਾਨ ਨ ਆਨ।ਕਬਹੂੰ ਤੌ ਹੁਇ ਹੈਂ ਅਘ ਹਾਨ ॥ ੪੨ ॥ ਗੁਰ ਦਰ ਕੋ ਅਬਿ ਤ੍ਯਾਗੌਂ ਨਾਂਹੀ। ਜੀਵਤਿ ਮਿਰਤਕ ਕੈ ਦੁਖ ਮਾਂਹੀ[8]। ਰਹੌਂ ਸ਼ਰਣ ਮੈਂ-ਚਿਤਵਤਿ ਐਸੇ।ਆਵਹਿਂ ਲੋਕ ਕਹਾਵਹਿ ਤੈਸੇ॥੪੩॥ਪਾਣੀ ਅੰਨ ਦਯਾ ਕਰਿ ਦੇਤਿ।ਬੈਠ੍ਯੋ ਰਹੈ ਸੁ ਦਰਸ਼ਨ ਹੇਤਿ।ਕਬਹਿ ਕਸ਼ਟ ਤੇ ਪ੍ਰੇਮ ਬ੍ਰਿਧੰਤਾ। ਬੋਲਤਿ ਬੋਲਤਿ ਭੂਮ ਗਿਰੰਤਾ[9] ॥ ੪੪ ॥ ਪਰ੍ਯੋ ਰਹੈ ਰੋਦਨ ਕੋ ਠਾਨਤਿ। ਗੁਰ ਦਰਸ਼ਨ ਕੋ ਅਤਿ ਹਿਤ ਜਾਨਤਿ ।ਇਮਿ ਬ੍ਯਾਕੁਲ ਕੋ ਦੇਖਿ ਦੁਖਿਤ

[1]ਪ੍ਰਾਪਤ ਹੋਵੇ। [2]ਮੈਂ ਦੁਖ ਨਾਲ ਘੇਰੇ ਹੋਏ ਨੂੰ ਫਲ ਨਾ ਪ੍ਰਾਪਤ ਹੋਇਆ। [3]ਚਾਹੇ ਜਾਂਦਾ ਹਾਂ। [4]ਜਾਂਦਾ (ਮੈਂ ਭੀ) ਕਿਧਰੇ ਨਹੀਂ। [5]ਗੁਰਾਂ ਦੇ ਦਰਵੱਜੇ ਦੀ ਥਾਂ ਤੇ ਪਿਆ ਰਹਾਂ। (ਅ) ਗੁਰਾਂ ਦੇ ਦਰਵਾਜ਼ੇ ਪਿਆ (ਰਹਾਂ ਕਦੇ) ਥਾਂ ਪੈ ਜਾਵਾਂਗਾ। [6]ਬੋਲਕੇ। [7]ਕਹਿ ਕਹਿ ਕੇ ਫਿਰ ਉਸ ਤਿਸ ਪਾਸੋਂ ਗਾਇਨ ਕਰਾਂਵਦੇ ਹਨ। [8]ਦੁਖ ਵਿਚ ਜੀਂਵਦਿਆਂ ਅਥਵਾ ਮਰ ਗਇਆਂ। [9]ਡਿੱਗ ਪੈਂਦਾ ਹੈ।

*ਪਾ:-ਗੁਰਨਿ। †ਪਾ:-ਗਵਾਵੈਂ।

ਕੋ । ਸਿੱਖਜ ਦਯਾ ਕਰਿ ਦ੍ਰਵਤੇ ਚਿਤ ਕੋ ॥ ੪੫॥ ਅਰਜ਼ ਗੁਜ਼ਾਰਤਿ ਗੁਰੂ ਅਗਾਰੀ । 'ਇਕ ਕੁਸ਼ਟੀ ਜਿਸ ਤਨ ਦੁਖ ਭਾਰੀ । ਪਰਯੋ ਰਹੈ ਰਾਵਰ ਕੇ ਦ੍ਵਾਰੇ । ਗਾਵਤਿ ਗੀਤ ਹਸਾਵਤਿ ਸਾਰੇ ॥੪੬॥ ਦਰਸ਼ਨ ਕੋ ਚਿਤ ਚਾਹਤਿ ਰਹਿਤੋ।ਸਿਮਰਨ ਸਦਾ ਆਪ ਕੋ ਕਹਿਤੋ।ਮੁਖ ਤੇ ਗਾਵਤਿ ਗੀਤ ਜੁ ਸੋਊ। ਕਯਾ ਕਿਛੁ ਕਹੈ, ਨ ਜਾਨਤਿ ਕੋਊ'॥੪੭॥ਸੁਨਿ ਸਤਿਗੁਰ ਨੇ ਸਭਿ ਸਮੁਝਾਏ।'ਹਮ ਜਾਨਤਿ ਹੈਂ ਜੋਕੁਛ ਗਾਏ–ਪੜਦਾ ਬੱਸਤ੍ਰ ਜੁ ਮੇਰੋ ਗਯੋ।ਪੁਨ ਗੁਰ ਸੌਂ ਮੁਝ ਪ੍ਰਾਪਤਿ ਭਯੋ[1]–॥੪੮॥ ਮੋ ਕਹੁ ਪਾਯੋ[2] ਤਾਂਹਿ ਸੁ ਗਾਵੈ। ਸਭਿ ਲੋਕਨ ਕੋ ਟੇਰਿ ਸੁਨਾਵੈ। ਮੈਂ ਜਾਨਤਿ ਹੌਂ ਤਿਸ ਕੋ ਪ੍ਰੇਮ। ਜਿਸੀ ਪ੍ਰੇਮ ਤੇ ਪ੍ਰਾਪਤਿ ਛੇਮ'॥੪੯॥ਇਸ ਪ੍ਰਕਾਰਦਿਨ ਕਿਤਿਕਬਿਤਾਏ।ਊਚੇ ਟੇਰਤਿਗੁਰੂ ਸੁਨਾਏ।ਜਬਹਿ ਪ੍ਰੇਮ ਨੇ ਬਯਾਕੁਲ ਕਰਯੋ।ਨਹਿਂ ਸੁਧ ਦੇਹਿ,ਰਹਯੋ ਧਰਪਰਯੋ ॥੫੦॥ਤਿਸ ਉਰ ਕੀ ਲਖਿ ਅੰਤਰਜਾਮੀ।ਸਰਬ ਕਲਾ ਸਮਰਥ ਗੁਰ ਸ੍ਵਾਮੀ। ਜਾਨਯੋ ਭਗਤ ਪ੍ਰੇਮ ਜਿਹ ਜਾਗਾ। ਅਪਰ ਆਸਰੋ ਮਨ ਕਰਿ ਤਯਾਗਾ ॥ ੫੧॥ ਥਾਂਉ ਨਿਥਾਂਵਨ, ਮਾਨ ਨਿਮਾਨਾ। ਇਸ ਬਿਧਿ ਕੋ ਨਿਜ ਬਿਰਦ ਪਛਾਨਾ।ਭਏ ਪ੍ਰਸੰਨ ਸਭਿਨਿ ਸੌਂ ਕਹਾ।'ਤਿਸ ਕੋ ਲੇ ਆਵਹੁ ਅਬਿ ਇਹਾਂ॥ ੫੨॥ਹਮਰੇ ਮੱਜਨ ਕੋ ਜਲ ਜਹਿਂਵਾ।ਸੰਚਤਿ ਟਿਕਯੋ[3] ਲਿਜਾਵਹੁ ਤਹਿਂਵਾ। ਨੀਕੇ ਜਾਇ ਸ਼ਨਾਨਹਿ ਏਹੀ। ਹੋਇ ਜਾਇਗੀ ਸੁਧ ਸਭਿ ਦੇਹੀ ॥ ੫੩ ॥ ਰੰਗ ਮਜੀਠੀ ਅੰਬਰ ਲਯਾਵਹੁ। ਸਰਬ ਸ਼ਰੀਰ ਇਸੇ ਪਹਿਰਾਵਹੁ। ਨਖ ਸਿਖ ਲੌ ਛਾਦਨ ਕਰ ਸਾਰੇ[4]। ਪੁਨ ਆਨਹੁ ਤੁਮ ਨਿਕਟ ਹਮਾਰੇ' ॥੫੪॥ ਸੁਨ ਸਿੱਖਯਨ ਕਰਿ ਚੌਂਪ ਗਏ ਹੈਂ।ਕਹਯੋ'ਉਦੈ ਤਵ ਭਾਗ ਭਏ ਹੈਂ'।ਤਿਹ ਜਲ ਜਾਇ ਸ਼ਨਾਨ ਕਰਾਵਾ। ਰੰਗ ਮਜੀਠੀ ਬਸਤ੍ਰ ਉਢਾਵਾ ॥੫੫॥ ਨਖ ਸ਼ਿਖ ਛਾਦਨ ਕੀਨਿ ਸਰੀਰ।ਲੇਪਹੁੰਚੇ ਪੁਨ ਸਤਿਗੁਰ ਤੀਰ।ਕ੍ਰਿਪਾਦ੍ਰਿਸ਼ਟਿ ਤੇ ਦੇਖਿ ਕ੍ਰਿਪਾਲਾ। ਨਿਜ ਕਰ ਸੌਂ ਮੁਖ[5] ਵਹਿਰ ਨਿਕਾਲਾ॥੫੬॥ਦ੍ਰਿਸ਼ਟਿ ਪਰੀ ਸਤਿਗੁਰ ਕੀ ਜਬੈ। ਤਨ ਅਰੋਗ ਭਾ ਸੁੰਦਰ ਤਬੈ।ਨਿਜ ਕਰਤੇਪੁਨ ਬਸਤ੍ਰ ਦਏ ਹੈਂ।ਸਭਿ ਨਵੀਨਪਹਿਰਾਇ ਦਏ ਹੈਂ॥੫੭॥ਮੰਤ੍ਰ ਸੁਸ਼ੱਤਿਨਾਮ ਕੋ ਦੀਨਸਿ । ਭਾਲ ਬਿਸਾਲ ਤਿਲਕ ਤਿਨਿ ਕੀਨਸਿ। ਰਜ ਕਨ ਤੇ ਗਿਰ

---

[1]ਬਸਤ੍ਰ ਦਾ ਪੜਦਾ ਜੋ ਮੇਰਾ ਗਿਆ ਸੀ ਫਿਰ ਸੋ ਮੈਨੂੰ ਪ੍ਰਾਪਤ ਹੋਗਿਆ। ਭਾਵ ਸਰੀਰ ਰੂਪੀ ਬਸਤ੍ਰ। [2]ਉਸਨੇ ਮੈਨੂੰ (ਭਾਵ) ਗੁਰੂ ਜੀ ਨੂੰ ਪ੍ਰਾਪਤ ਕੀਤਾ ਹੈ; ਇਹ ਗਲ ਗਾਉਂਦਾ ਹੈ। [3]ਇਕੱਠਾ ਹੋਇਆ ਟਿਕਿਆ ਪਿਆ ਹੈ। [4]ਨਹੁੰ ਤੋਂ ਚੋਟੀ ਤਕ ਢਕ ਕੇ ਸਾਰਾ। [5]ਆਪਣੇ ਹੱਥ ਨਾਲ (ਉਸਦਾ) ਮੂੰਹ।

ਸਮਸਰ[1] ਕਿਯੋ।ਨਾਮ'ਮੁਰਾਰੀ'ਪੁਨ ਧਰਿ ਦਿਯੋ ॥੫੮॥ਸਭਾ ਮਝਾਰ ਕਹਨੈ ਗੁਰ ਬੈਨ। 'ਤਨੁਜਾ[2] ਹੈ ਜਿਹ ਸਿਖ ਕੇ ਐਨ। ਮਮ ਆਇਸੁ ਤੇ ਇਸ ਕੋ ਦੇਵਹਿ। ਲੋਕ ਪ੍ਰਲੋਕ ਅਨੰਦ ਸੁ ਲੇਵਹਿ'॥ ੫੯ ॥ ਸ਼ੀਹਾਂ ਉੱਪਲ ਸਿੱਖ ਕੁਲੀਨ[3]।ਤਿਨ ਕਰ ਜੋਰੇ ਬਿਨਤੀ ਕੀਨਿ।'ਬਰਪ੍ਰਾਪਤਿ[4]ਕੰਨਜਾਂ ਘਰਮੇਰੈ। ਹੇ ਪ੍ਰਭੁ!ਫਿਰੈ ਇਸੀ ਸੰਗ ਫੇਰੇ[5] ॥੬੦॥ ਇਮਿ ਕਹਿ ਨਿਜ ਇਸਤ੍ਰੀ ਢਿਗ ਆਯੋ।ਕ੍ਰੂਰਾ ਕਲਹਿਨਿ ਨਿਠੁਰ ਸੁਭਾਯੋ[6]।ਤਿਹ ਕੇ ਸਾਥ ਨ ਗਾਥ ਜਨਾਈ। ਅਪਰ[7] ਬਾਤ ਕਹਿ ਦਈ ਟਲਾਈ' ॥ ੬੧ ॥ 'ਤੁਝ ਪਰ ਸਤਿਗੁਰ ਬਾਕ ਉਚਾਰੇ। ਲੰਗਰ ਟਹਿਲ ਕਰਹੁ ਦਿਨ ਸਾਰੇ'।ਪਤਿ ਤੇ ਸੁਨਿ ਗਮਨੀ ਜਿਸ ਕਾਲਾ। ਸੰਗ ਸੁਤਾ ਲੇ ਗੁਰ ਢਿਗ ਚਾਲਾ ॥੬੨॥ ਤਤਛਿਨ ਸਾਥ ਮੁਰਾਰੀ ਤਹਾਂ। ਫੇਰੇ ਦਿਏ ਭਾਉ ਕਰਿ ਮਹਾਂ। ਭੁਕਤਿ ਮੁਕਤਿ ਤੂਰਨ ਤਿਸ ਦੀਨ। ਅਸ ਗੁਰ* ਭਜਹਿ ਨ, ਸੇ ਮਤਿ ਹੀਨ ॥ ੬੩ ॥ ਜੀਵ ਨਾਰਕੀ[8] ਸੁਰਗ ਪ੍ਰਚਾਰਾ। ਅਦਭੁਤ ਐਸੋ ਰੂਪ ਬਨਾਵਾ। ਭਯੋ ਅਰੋਗ ਦੇਹ ਤਿਹ† ਸੁੰਦਰ। ਦਈ ਸੁੰਦਰੀ[9]ਪੁਨ ਸੁਖ ਮੰਦਰ॥੬੪॥ਦੇਖਤਿ ਸੁਨਤਿ ਸਕਲ ਬਿਸਮਾਏ। ਸਤਿਗੁਰ ਮਹਿਮਾ ਲਖਿ ਅਧਿਕਾਏ। 'ਚਹੈਂ ਸੁ ਕਰੈਂ ਕਲਾ ਸਭਿ ਪੂਰਨ। ਦਾਸ ਉਧਾਰਨਿ ਦੁਸ਼ਟਨਿ ਚੂਰਨ ॥ ੬੫ ॥ ਏਕ ਘਟੀ ਮਹਿ ਸਭਿ ਕੁਛ ਪਾਯੋ। ਤਨ ਅਰੋਗ ਪੁਨ ਬ੍ਯਾਹ ਸੁਹਾਯੋ'। ਸ਼ੀਂਹੇ ਤ੍ਰਿਯ[10] ਲੰਗਰ ਮਹਿ ਸੁਨਯੋ। ਮਹਾਂ ਦੁਖਿਤ ਚਿਤ ਮਹਿ ਸਿਰ ਧੁਨਯੋ॥੬੬॥ਆਈ ਰੁਦਤਿ ਸਤਿ-ਗੁਰੂ ਤੀਰ। 'ਇਹੁ ਕਹਾ ਕੀਨਸਿ ? ਹੇ ਪ੍ਰਭੁ ਧੀਰ !।ਕੁਸ਼ਟੀ, ਮਾਤ ਪਿਤਾ ਕੁਲ ਹੀਨ। ਸੁਤਾ ਨਿਨਾਵੇ ਕੋ ਮੁਰ ਦੀਨ' ॥ ੬੭ ॥ ਸੁਨਿ ਸ੍ਰੀ ਅਮਰ-ਦਾਸ ਤਬਿ ਹਸੇ।ਕਹਯੋ ਤਾਂਹਿ ਕਰੁਨਾ[11]ਰੰਗ ਰਸੇ।'ਜਾਨਹੁ ਮਮ ਸੁਤ ਇਹੁ ਜੁ ਮੁਰਾਰੀ।ਬ੍ਯਾਹਯੋ ਤਨੁਜਾ ਸੰਗਿ ਤੁਮਾਰੀ ॥ ੬੮ ॥ ਤਵ ਤਨੁਜਾ ਕੋ ਨਾਮ ਮਥੋ ਹੈ। ਨਾਮ ਮੁਰਾਰੀ ਯਾਂਹਿ ਕਥੋ ਹੈ।ਮਥੋ ਮੁਰਾਰੀ ਸਿਮਰੇ ਨਾਮ। ਪੂਰਨ ਹੋਹਿਂ ਨਰਨ ਕੇ ਕਾਮ ॥੬੯॥ ਮਥੋ ਨਾਮ ਆਗੇ ਕਹਿਂ ਆਛੋ।ਨਾਮ ਮੁਰਾਰੀ ਭਾਖਹਿਂ ਪਾਛੋ। ਨਰ ਪੂਜਹਿੰਗੇ ਮਥੋ ਮੁਰਾਰੀ। ਚਿਤ ਚਿੰਤਾ ਦਿਹੁ ਸ਼ੋਕ

---

[1]ਧੂੜ ਦੇ ਕਿਣਕੇ ਤੋਂ ਪਰਬਤ ਬਰਾਬਰ। [2]ਕੰਨਜਾਂ। [3]ਉਚੀ ਕੁਲ ਵਾਲਾ। [4]ਵਰ ਨੂੰ ਪ੍ਰਾਪਤ ਹੋਣ ਵਾਲੀ। [5]ਭਾਵ ਏਸੇ ਨਾਲ ਵਿਆਹ ਦਿਓ। [6](ਜੋ) ਖੋਟੀ ਲੜਾਕੀ ਤੇ ਕਠੋਰ ਸੁਭਾ ਦੀ ਸੀ। [7]ਟਾਲ ਦਿੱਤੀ। [8]ਨਰਕ ਦੇ ਲਾਇਕ ਜੀਵ ਨੂੰ। [9]ਇਸਤ੍ਰੀ। [10]ਸ਼ੀਂਹੇ ਦੀ ਇਸਤ੍ਰੀ ਨੇ। [11]ਕ੍ਰਿਪਾ ਦੇ। *ਪਾ:-ਸਤਿਗੁਰ। †ਪਾ:-ਤਿਸ, ਜਿਹ।

ਬਿਸਾਰੀ॥੭੦॥ਇਹੁ ਦੋਨਹੁ ਹੋਏ ਬਡਭਾਗੇ। ਮੇਰੀ ਪ੍ਰੇਮਭਗਤਿ ਮਹਿ ਪਾਗੇ?। ਭੂਸ਼ਨਿ ਹੋਇ ਪੁਨਹਿ ਘਰ ਗਈ। ਦੰਪਤਿ ਕੋ ਗੁਰ ਆਗ੍ਯਾ ਦਈ॥੭੧॥ 'ਮਥੋ ਮੁਰਾਰੀ! ਅਬਿ ਤੁਮ ਜਾਵਹੁ। ਸੱਤਿਨਾਮ ਉਪਦੇਸ਼ ਦ੍ਰਿੜਾਵਹੁ।ਗੁਰ ਸਿੱਖੀ ਜਗ ਅਧਿਕ ਬ੍ਰਿਧਾਵਹੁ।ਨਿਜ ਗ੍ਰਿਹਿ ਬਸਹੁ ਸਦਾ ਸੁਖ ਪਾਵਹੁ॥੭੨॥ ਤੇਰੋ ਬਾਕ ਫੁਰੈ ਜਿਮਿ ਕਹੈਂ।ਬਰ ਕੈ ਸ੍ਰਾਪ ਦੇਹਿ ਜਿਸ ਚਹੈਂ।ਤੇਰੀ ਭਗਤਿ ਪਰੀ ਅਬਿ ਪੂਰੀ। ਪ੍ਰਾਪਤਿ ਭਈ ਮਹਾਂ ਗਤਿ ਰੂਰੀ॥੭੩॥ਤੁਝਿ ਸੋਂ ਮਿਲੈ ਸੁ ਭਵਜਲ ਤਰੈ।ਤੌ ਕਹਿਬੋ ਇਸਤੇ ਕਹਾ ਪਰੈ[੧]। ਭੁਕਤਿ ਮੁਕਤਿ ਨਵਤਨ ਤਿਸ ਦੇਕੈ। ਬਿਦਾ ਕਰਯੋ ਗਮਨਯੋ ਸੁਖ ਪੇਕੈ॥੭੪॥ਗ੍ਰਿਹਿ ਨਿਜ ਬਸਿ ਗੁਰ ਸੁਜਸ ਕਰੰਤਾ। ਮਿਲਯੋ ਜਿ ਤਿਸ ਸੁਖਿ ਸੋਪਿ ਭਵੰਤਾ[੨]। ਕਰੇ ਗੁਰੂ ਇਵ ਦੀਨਨਿ ਕਾਮ। ਯਾਂਤੇ 'ਦੀਨ ਦਯਾਲ' ਕਹਿਂ ਨਾਮ॥੭੫॥ਇਮ ਮਤਿਮੰਦ ਅਨੇਕ ਉਧਾਰੇ।ਜਗ ਮਹਿਂ ਪ੍ਰਗਟਯੋ ਜੈ ਜੈ ਕਾਰੇ।ਧਰੇ ਪ੍ਰੇਮ ਜੋ ਸੁਨੈ ਸੁਨਾਵੈ। ਚਾਰ ਪਦਾਰਥ ਗੁਰ ਤੇ ਪਾਵੈ ॥ ੭੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਮਥੋ ਮੁਰਾਰੀ' ਪ੍ਰਸੰਗ ਬਰਨਨੰ ਨਾਮ ਸ਼ਸ਼ਟੀ ਅੰਸੂ ॥ ੬੦ ॥

੬੧. [ਖੇੜਾ ਸੋਇਨੀ ਬ੍ਰਹਮਣ ਪ੍ਰਸੰਗ । ਗੋਂਦੇ ਦੇ ਪੁੱਤ੍ਰਾਂ ਨੂੰ ਕੀੜੀ ਦਾ ਵਲ]।

ਦੋਹਰਾ ॥ ਦਿਜਬਰ ਖੇੜਾ ਸੋਇਨੀ* ਦੁਰਗਾ ਭਗਤਿ ਬਿਸਾਲ। ਨਿਤ ਪ੍ਰਤਿ ਪੂਜਾ ਬਹੁ ਕਰੇ ਧਰੇ ਗ੍ਯਾਨ ਸਭਿ ਕਾਲ ॥ ੧ ॥ ਚੌਪਈ ॥ ਨਰ ਸਮੁਦਾਇ ਮਿਲਹਿਂ ਢਿਗ ਆਵੈਂ। ਸ੍ਰੀ ਦੁਰਗਾ ਕੇ ਦਰਸ਼ਨ ਜਾਵੈਂ। ਸੰਮਤ ਮਹਿ ਜੁਗ ਜਾਤ੍ਰਾ ਕਰਿਹੀ।ਨਿਰਜਲ ਨਿਰਾਹਾਰ ਬ੍ਰਤ ਧਰਿਹੀ[੩]॥੨॥ਇਕਬਾਰੀ ਜਾਤ੍ਰਾ ਕੋ ਚਲਯੋ।ਤਿਸਕੇ ਸੰਗ ਬ੍ਰਿੰਦ ਨਰ ਮਿਲਯੋ।ਚਲਤਿ ਪੰਥ ਮਹਿਂ ਗੁਰ ਪੁਰਿ[੪] ਆਵਾ।ਦਰਸ਼ਨ ਕਰਿਬੇ ਕੋ ਲਲਚਾਵਾ॥੩॥ਭਯੋ ਠਾਂਢਿ ਜਬਿ ਗੁਰ ਕੇ ਦ੍ਵਾਰੇ। ਤਬਿ ਸਿੱਖਜਨ ਇਮਿ ਬਾਕ ਉਚਾਰੇ। 'ਗੁਰ ਆਗ੍ਯਾ ਕੋ ਸੁਨਿਬੋ ਕਰੀ-ਅਹਿ।ਬਹੁਰ ਨਿਕੇਤ ਪੌਰ ਮਹਿਂ ਬਰੀਅਹਿ॥੪॥–ਪ੍ਰਥਮ ਦੇਗ ਤੇ ਅਚਵਹੁ ਜਾਇ। ਪੀਛੇ ਗੁਰ ਦਰਸ਼ਨ ਕੋ ਪਾਇ–। ਸੁਨਿ ਕਰਿ ਖੇੜੇ ਕੀਨਿ ਬਿਚਾ-ਰਨਿ।–ਮੈਂ ਕਿਮਿ ਕਰਿਹੌਂ ਨੇਮ ਨਿਵਾਰਨਿ ॥ ੫ ॥ ਸੁਚ ਕਰਿ ਕਰੌਂ ਅਹਾਰ ਹਮੇਸ਼ੂ।ਗੁਰ ਕੀ ਦੇਗ ਪ੍ਰਵੇਸ਼ ਅਸ਼ੇਸ਼ੂ[੫]।ਆਸ਼੍ਰਮ,ਬਰਨ,ਨੇਮ ਬਿਵਹਾਰ। ਗੁਰ ਕੋ ਮਿਲਹਿਂ ਸਕਲ ਨਿਰਵਾਰਿ[੬]॥੬॥ਐਸਾ ਕੋ ਬਡ ਪ੍ਰੇਮੀ ਹੋਇ। ਗੁਰ ਹਿਤ

---

[੧]ਤਾਂ (ਹੁਣ) ਇਸਤੋਂ ਪਰੇ (ਹੋਰ) ਕੀ ਕਹੀਏ। [੨]ਉਹ ਭੀ ਸੁਖੀ ਹੋ ਗਿਆ। [੩]ਬਿਨਾਂ ਜਲ ਤੇ ਬਿਨਾਂ ਖਾਣੇ ਤੋਂ ਵਰਤ ਰਖਦਾ ਸੀ। [੪]ਭਾਵ ਸ੍ਰੀ ਗੋਇੰਦਵਾਲ। [੫]ਲੰਗਰ ਵਿਚ ਆਵਾਜਾਈ ਸਭ ਦੀ ਹੈ। [੬]ਗੁਰੂ ਜੀ ਨੂੰ ਸਾਰੇ (ਨੇਮ) ਛੱਡਕੇ (ਲੋਕੀ) ਮਿਲਦੇ ਹਨ। *ਭਾ: ਗੁਰਦਾਸ ਜੀ ਨੇ 'ਸੋਇਨੀ' ਲਿਖ੍ਯਾ ਹੈ।

ਰਖਹਿ ਅਪਰ ਸਭਿ ਖੋਇ[1]। ਦੁਰਲਭ ਬਰਨ ਸੁ ਆਸ੍ਰਮ* ਧਰਮ। ਨਹਿ ਤਜਿ ਸਕੌਂ ਸਹਤ ਜਗ ਸ਼ਰਮ[2]–॥੭॥ਇਮਿ ਉਰ ਤਰਕਤਿ ਹਟਿ ਸੋਰਹ੍ਯੋ। ਅੰਤਰ ਗਯੋ ਨ ਦਰਸ਼ਨ ਲਹ੍ਯੋ। ਗਮਨ੍ਯੋ ਪੰਥ ਅਗਾਰੀ ਫੇਰ। ਲਿਯੋ ਸੰਗ ਮਹਿਂ ਸੰਗ[3] ਬਡੇਰ ॥ ੮ ॥ ਗੋਇੰਦਵਾਲ ਤਜ੍ਯੋ ਦੁਇ ਕੋਸ। ਜਾਇ ਕਰ੍ਯੋ ਡੇਰਾ ਸ਼੍ਰਮੁ ਹੋਸ[4]। ਖਾਨ ਪਾਨ ਕਰਿਕੇ ਜਬਿ ਸੋਯੋ।ਮਹਾਂ ਭਿਆਨਕ ਸੁਪਨੋ ਹੋਯੋ॥੯॥ ਦਾਰੁਨ ਰੂਪ ਕਾਲਕਾ ਹੇਰਿ।ਤ੍ਰਾਸ ਪਾਇ ਕਰਿ ਬੋਲ੍ਯੋ ਫੇਰ। 'ਹੇ ਮਾਤਾ! ਮੈਂ ਭਗਤ ਤੁਮਾਰਾ। ਕ੍ਰੂਰ ਜੋਗਨੀ ਮੁਹਿ ਪਰਵਾਰਾ[5]॥੧੦॥ਇਨ ਤੇ ਰੱਛਾ ਮੇਰੀ ਕਰੀਅਹਿ। ਨਹਿਂ ਭੱਖਹਿਂ[6] ਸਗਰੀ ਨਿਰਵਰੀਅਹਿ। ਕੌਨ ਦੋਸ਼ ਮੇਰੋ ਅਸ ਜੋਵਾ।ਜਿਸ ਤੇ ਤ੍ਰਾਸਕ ਦਰਸ਼ਨ ਹੋਵਾ'॥੧੧॥ਸੁਪਨੇ ਮਹਿਂ ਤਿਸਕੋ ਸਮਝਾਯੋ। 'ਹੁਤੋ ਭਗਤ, ਤਬਿ ਦਰਸ਼ਨ ਪਾਯੋ। ਸਤਿਗੁਰ ਤੇ ਬੇਮੁਖ ਹੁਇ ਆਵਾ। ਯਾਂਤੇ ਤੋਹਿ ਤ੍ਰਾਸ ਦਰਸਾਵਾ ॥੧੨॥ ਮੋਹਿ† ਭਗਤਿ ਕਰਿਬੇ ਫਲ ਇਹੁ ਹੈ।ਸ਼ਰਧਾ ਯੁਤਿ ਗੁਰਦਰਸ਼ਨ ਲਹਿਹੈ।ਨਾਂਹਿ ਤਿ ਮੇਰੀ ਭਗਤਿ ਨ ਪਾਵੈ। ਗੁਰ ਤੇ ਬੇਮੁਖ ਹੁਇ ਦਰਸਾਵੈ[7] ॥੧੩॥ ਜਗਤ ਉਧਾਰਨ ਹਿਤ ਅਵਤਾਰ। ਭਗਤਿ ਰੂਪ ਹੁਇ ਰਹਤਿ ਉਦਾਰ। ਲਾਖਹੁਂ ਲੋਕ ਸੁਮਤਿ ਕੋ ਪਾਇਂ।ਸਿੱਖੀ ਮਾਰਗ ਕੋ ਪ੍ਰਗਟਾਇਂ ॥੧੪॥ ਦੂਰੇ ਰਹੈਂ ਪ੍ਰਭੁ ਕੇ ਅਵਤਾਰ। ਹਟਿ‡ ਅਬਿ ਮਿਲਹੁ ਭਰਮ ਨਿਰਵਾਰ'।ਸੁਨਿ ਸੁਪਨੇ ਮਹਿ ਬੰਦਨ ਕੀਨਿ। ਜਾਗ੍ਯੋ ਪੁਨ ਅਚਰਜ ਮਨ ਲੀਨਿ ॥੧੫॥ ਦੋਹਰਾ॥ ਭਈ ਭੋਰ ਉਠਿ ਕਰਿ ਹਟ੍ਯੋ ਦਰਸ਼ਨ ਗੁਰ ਕੀ ਪ੍ਰੀਤਿ।ਆਯਹੁ ਗੋਇੰਦਵਾਲ ਮਹਿਂ ਦ੍ਰਿਢ ਸ਼ਰਧਾ ਧਰਿ ਚੀਤਿ ॥੧੬॥ਚੌਪਈ॥ ਪ੍ਰਥਮ ਦੇਗ ਮਹਿਂ ਅਚ੍ਯੋ ਅਹਾਰਾ। ਪੁਨ ਗਮਨ੍ਯੋ ਜਹਿਂ ਸਤਿਗੁਰ ਦ੍ਵਾਰਾ। ਜਿਸਕੇ ਰਿਦੈ ਪ੍ਰੇਮ ਬਹੁ ਜਾਗਾ। ਜਾਗਨ ਲਗੇ ਭਾਲਕੇ ਭਾਗਾ॥੧੭॥ਦਰਸ਼ਨ ਕਰ੍ਯੋ ਜਾਇ ਕਰਿ ਜਬੈ। ਪ੍ਰੇਮ ਅਧੀਨ ਪਰ੍ਯੋ ਪਦ ਤਬੈ। ਸਤਿਗੁਰ ਨੇ ਬੂਝ੍ਯੋ 'ਦਿਜ! ਕਹੋ§। ਕਿਤ ਤੇ ਆਇ ਦਰਸ ਕੋ ਲਹੋ?¶'॥੧੮॥ ਸੁਨਿ ਖੇਡੇ ਨੇ ਸਰਬ ਬ੍ਰਿਤਾਂਤ। ਬਿਦਤ ਗੁਪਤ ਸਭਿ ਕਹਿ ਬਖਨਾਤ।'ਮਨ ਗਿਲਾਨ ਕਰਿ ਮੈਂ ਉਠਿ ਗਯੋ।ਦਾਰੁਨ ਦਰਸ ਕਾਲਿਕਾ ਭਯੋ

---

[1]ਗੁਰੂ ਵਿਚ ਹੀ ਪ੍ਰੇਮ ਰਖੇ (ਤੇ) ਹੋਰ ਸਭ ਕੁਛ ਗੁਆ ਲਵੇ। [2]ਲੋਕ ਲਾਜ। [3]ਆਪਣੇ ਨਾਲ ਲਿਆ ਸਾਥ। [4]ਥੱਕ ਕਰਕੇ। [5]ਭਯਾਨਕ ਜੋਗਨੀਆਂ ਨੇ ਮੈਨੂੰ ਘੇਰਿਆ ਹੈ। [6]ਖਾ ਨਾ ਲੈਣ। [7]ਜੋ ਗੁਰੂ ਤੋਂ ਬੇਮੁਖ ਹੋਕੇ ਮੇਰੇ ਦਰਸ਼ਨ ਨੂੰ ਆਵੇ ਉਹ ਮੇਰੀ ਭਗਤੀ ਨਾ ਪਾਵੇਗਾ।

*ਪਾ:–ਆਸ਼ਰਮ। †ਪਾ:–ਮੋਰ। ‡ਪਾ:–ਹੁਇ। §ਪਾ:–ਕਹ੍ਯੋ। ¶ਪਾ:–ਲਹ੍ਯੋ।

॥੧੯॥ਤੁਮਰੋ ਭੇਵ ਬਤਾਯੋ ਸਾਰੋ[੧]।ਹਟਿ ਆਯੋ ਮੈਂ ਸ਼ਰਨ ਤੁਹਾਰੋ*।ਅਬਿ ਮੇਰੇ ਪਰ ਜੇ ਤੁਮ ਦਯਾ।ਸੁਪਨੇ ਮਹਿਂ ਦੇਵੀ ਕਹਿ ਦਯਾ॥੨੦॥ਕ੍ਰਿਪਤ ਰੂਪ ਤਬਿ ਹੇਰਨ ਕਰਯੋ। ਸੁਨੇ ਬਾਕ ਜਿਸ ਕੇ ਮੈਂ ਮੁਰਯੋ। ਸੋ ਸਰੂਪ ਜਗਮਾਤ ਮਹਾਂ-ਬਰ । ਭਈ ਕਿ ਨਹੀਂ ਪ੍ਰਸੰਨ ਮੋਹਿ ਪਰ॥੨੧॥ ਏਹੁ ਸੰਦੇਹੁ ਮਹਾਂ ਉਰ ਮੇਰੇ। ਮਿਟਹਿ ਨ ਬਿਨਾ ਭਗਵਤੀ ਹੇਰੇ। ਤੁਮ ਸਮਰਥ ਸਭਿ ਰੀਤਿ ਮਹਾਂਨਾ। ਕ੍ਰਿਪਾ ਕਰਹੁ ਸੰਸੈ ਉਰ ਹਾਨਾ'॥੨੨॥ਸੁਨਿ ਸ੍ਰੀ ਸਤਿਗੁਰ ਬਿਕਸੇ ਭਾਖ੍ਯੋ। ਇਮਿ ਭੀ ਹੋਇ ਜਥਾ ਅਭਿਲਾਖ੍ਯੋ। ਸ਼ਕਤਿ ਨ ਅਸੁ ਜੋ ਦੁਰਗਾ ਹੇਰੈ[੨]। ਹੋਇ ਬਿਦਤ ਠਹਿਰੈਂ ਨ ਅਗੇਰੈ[੩]॥੨੩॥ਇਸ ਗਤਿ ਕੋ ਉਰ ਲੇਹੁ ਬਿਚਾਰੀ'। ਸੁਨਿ ਖੇਡੇ ਪੁਨਿ ਗਿਰਾ ਉਚਾਰੀ। 'ਕਰੁਨਾ ਕਰਹੁ ਦਿਖਾਵਹੁ ਮੋਹੀ। ਸਹੋਂ ਸਕਲ ਹੀ ਜਸ ਗਤਿ ਹੋਹੀ[੪]'॥੨੪॥ਸ੍ਰੀ ਪ੍ਰਭੁ ਬੱਲੂ ਸੰਗ ਬਖਾਨਾ।'ਇਸ ਕੋ ਗਹਹੁ ਪਾਨ ਮਹਿਂ ਪਾਨਾ। ਅਬਿ ਲੇ ਜਾਹੁ ਬੀਚ ਚੌਬਾਰੇ। ਜਗ ਮਾਤਾ ਕੋ ਦਰਸ ਨਿਹਾਰੇ' ॥੨੫॥ ਸੁਨਿ ਆਗਯਾ ਬੱਲੂ ਗਹਿ ਕਰ ਕੋ। ਅੰਤਰ ਜਾਇ ਦਿਖਾਯਹੁ ਘਰ ਕੋ। ਦੇਖ੍ਯੋ ਦਿਪਤਿ ਤੇਜ ਰਵਿ ਜੈਸਾ। ਅਸਤ੍ਰ ਸ਼ਸਤ੍ਰ ਤੇ ਸ਼ੁਭਤਿ[੫]ਵਿਸ਼ੇਸ਼ਾ ॥ ੨੬ ॥ ਅਸ਼ਟਭੁਜੀ ਜਬਿ ਦੇਖਨ ਕਰੀ। ਦ੍ਵਿਜਬਰ ਨੇ ਸੁਧਿ ਬੁਧਿ ਸਭਿ ਹਰੀ।ਵ੍ਯਾਕੁਲ ਹੋਇ ਧਰਨ ਗਿਰ ਪਰ੍ਯੋ।ਮੁਰਛਤਿ ਪਰ੍ਯੋ ਪ੍ਰਾਨ ਜਨੁ ਹਰ੍ਯੋ ॥੨੭॥ ਬੱਲੂ ਨੇ ਸੁਧਿ ਸਰਬ ਸੁਨਾਈ। ਗੁਰੂ ਕਹ੍ਯੋ 'ਲੇ ਆਉ ਉਠਾਈ'। ਤਿਨ ਬਲ ਕਰਿਕੇ ਤਾਂਹਿ ਉਠਾਵਾ। ਆਨਿ ਪ੍ਰਭੂ ਕੇ ਪਾਇਨ ਪਾਵਾ॥੨੮॥ਪਿਖਿ ਸ੍ਰੀ ਅਮਰਦਾਸ ਤਿਸ ਕਾਲਾ। ਗਹਿ ਕੈ ਚਿਬੁਕ[੬] ਉਠਾਇ ਬਿਠਾਲਾ। ਮਨਹੁ ਮ੍ਰਿਤਕ ਭਾ ਪੁਨਹਿਂ ਜਿਵਾਯੋ। ਖੁਲ੍ਹੇ ਨੇਤ੍ਰ ਗੁਰ ਦਰਸ਼ਨ ਪਾਯੋ ॥੨੯॥ ਦੇਖਿ ਪ੍ਰਭਾਵ ਚਕਿਤ[੭]ਚਿਤ ਰਹ੍ਯੋ। ਕਰ ਜੋਰਤਿ ਗੁਰ ਸੋਂ ਬਚ ਕਹ੍ਯੋ।'ਦੇਹੁ ਸ਼ਰਨ,ਕਰੀਅਹਿ ਨਿਜ ਦਾਸੁ।ਬਨੌਂ ਕ੍ਰਿਤਾਰਥ ਪੂਰਹੁ ਆਸ' ॥੩੦॥ ਬਿਕਸੇ ਸਤਿਗੁਰ ਬਹੁਰ ਉਚਾਰਾ। 'ਸੁਨਿ ਖੇਡਾ ਤੂੰ ਦਾਸ ਹਮਾਰਾ। ਕਰਹੁ ਸਦਾ ਦੇਵੀ ਕੀ ਸੇਵਾ[੮]†।ਜਪ[੯]ਸਤਿਨਾਮ ਮੰਤ੍ਰ ਗੁਰ

[੧](ਦੇਵੀ ਨੇ)। [੨]ਤੇਰੇ ਵਿਚ ਐਸੀ ਤਾਕਤ ਨਹੀਂ ਜੋ ਦੇਵੀ ਦੇਖ ਸਕੇਂ । [੩]ਜੇ ਪ੍ਰਗਟ ਹੋਈ ਤਾਂ ਅੱਗੇ ਨ ਠਹਿਰ ਸਕੇਂਗਾ । [੪]ਸਹਾਰਾਂਗਾ ਜੈਸੀ ਦਸ਼ਾ ਹੋਵੇਗੀ। [੫]ਅਸਤ੍ਰ (=ਜੋ ਸ਼ਸਤ੍ਰ ਮੰਤ੍ਰ ਨਾਲ ਚਲਦੇ ਹਨ ਅਥਵਾ ਹੱਥੋਂ ਛਡਣ ਵਾਲੇ ਸ਼ਸਤ੍ਰ ਜੈਸੇ ਚੱਕਰ ਗੋਪੀਆ) ਤੇ ਸ਼ਸਤ੍ਰ (=ਜੋ ਹੱਥ ਨਾਲ ਚਲਦੇ ਹਨ) ਨਾਲ ਸ਼ੋਭਦੀ ਹੈ । [੬]ਠੋਡੀ ਤੋਂ। [੭]ਹੈਰਾਨ । [੮]ਦੇਵੀ ਦੀ ਸੇਵਾ (ਪਿੱਛੇ ) ਸਦਾ ਕਰਦਾ ਰਹਿਆ ਹੈਂ (ਤੂੰ)। [੯](ਹੁਣ ਤੋਂ) ਜਪ......। *ਪਾ:—ਤੁਮਹਿ ਨਿਹਾਰੋ ।

[ †ਇਸ ਨਿਸ਼ਾਨ ਦੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ]

ਦੇਵਾ॥੩੧॥ਮਿਲਹਿ ਜੁ ਤੋਹਿ ਦੇਹੁ ਉਪਦੇਸ਼ਾ।ਸਿੱਖੀ ਕੋ ਬਿਸਤਾਰਬਿਸ਼ੇਸ਼ਾ।
ਇਮਿ ਕਹਿ ਕ੍ਰਿਪਾ ਦ੍ਰਿਸ਼ਟਿ ਸੋਂ ਹੇਰਾ। ਉਪਜਯੋ ਬ੍ਰਹਮ ਗਯਾਨ ਤਿਸ
ਬੇਰਾ ॥੩੨॥ ਕਰਿ ਅਜ਼ਮਤ ਜੁਤਿ ਦੀਨ ਬਿਦਾਈ। ਰਾਮ ਨਾਮ ਕੀ ਉਰ
ਲਿਵਲਾਈ। ਭੁਗਤਿ ਮੁਕਤਿ ਲੇ ਘਰ ਕੋ ਗਯੋ। ਨਰ ਅਨੇਕ ਕੋ ਸੇਵਕ
ਹਯੋ॥੩੩॥ਜਿਨ ਜਿਨ ਸੰਗਤਿ ਤਿਸਕੀ ਕੀਨਿ।ਤਿਨਹੁੰ ਨਹੀਂ ਜਮੁ ਕੋ ਦੁਖ
ਲੀਨਿ। ਸਤਿਗੁਰ ਕੀ ਸਿੱਖੀ ਬਿਰਧਾਈ[1]। ਦਰਸ਼ਨ ਪਰਸਹਿ ਕਬਿ ਕਬਿ
ਆਈ॥੩੪॥ਜਿਸਪਰ ਦ੍ਰਿਸ਼ਟਿ ਕ੍ਰਿਪਾਕੀ ਕਰੈਂ।ਨਿਜ ਕੁਟੰਬ ਜੁਤਿ ਭਉਜਲ
ਤਰੈਂ। ਜਿਮਿ ਗੋਂਦੇ ਗੁਰਅੰਗਦ ਪਾਸ। ਪੂਰਬ ਕਰੀ ਹੁਤੀ ਅਰਦਾਸ
॥੩੫॥ਗੋਇੰਦਵਾਲ ਬਿਸਾਲ ਬਸਾਯੋ।ਸੋ ਗੁਰ ਕੇ ਅਨੁਸਾਰਿ ਰਹਾਯੋ। ਆਰ-
ਬਲਾ ਤਿਸ ਪੂਰੀ ਭਈ।ਪ੍ਰਾਨ ਅੰਤ ਕਾਯਾਂ ਤਜਿਦਈ॥੩੬॥ਤਿਸਕੀ ਸੰਤਤਿ
ਪਾਛੇ ਰਹੀ। ਤਿਨ ਮਤਿ ਗੁਰ ਅਨੁਸਰਨੀ ਨਹੀਂ[2]–ਚੌਧਰਤਾ ਹਮਰੋ–
ਇਮਿ ਜਾਨੇ।–ਇਸ ਪੁਰਿ ਕੇ ਨਰ ਬਿਖੇ ਮਹਾਨੇ[3] ॥ ੩੭ ॥ ਸਗਰੋ ਨਗਰ
ਹਮਾਰੋ ਅਹੈ।ਅਰਪੈਂ ਭੇਟ ਇਹਾਂ ਜੋ ਰਹੈਂ।ਸ੍ਰੀ ਗੁਰ ਕੋ ਘਰ ਅਹੈ ਬਿਸਾਲਾ।
ਦੇਤਿ ਨਹੀਂ[4]ਸੋ ਕੁਛ ਕਿਸ ਕਾਲਾ॥੩੮॥ਆਵਤਿ ਇਨ ਕੇ ਦਰਬ ਬਡੇਰੋ।
ਚਲਹਿ ਦੇਗ ਨਰ ਅਚਹਿਂ ਘਨੇਰੋ।ਉਚਿਤ ਅਬਹਿ ਇਨ ਤੇ ਧਨ ਲੀਜਹਿ

---

[1]ਵਧਾਈ। [2]ਤਿਨ੍ਹਾਂ ਦੀ ਮਤ ਗੁਰੂ ਜੀ ਦੇ ਅਨੁਸਾਰ ਨਹੀਂ ਸੀ ਰਹੀ। [3]ਵਿਚੋਂ (ਅਸੀਂ) ਵਡੇ ਹਾਂ।
[4](ਸਾਨੂੰ) ਨਹੀਂ ਦੇਂਦੇ।

[ਪਿਛਲੇ ਪੰਨੇ ਦੀ ਟੂਕ]

†ਸ੍ਰੀ ਲਹਿਣਾ ਜੀ ਜਦ ਦੇਵੀ ਦਰਸ਼ਨਾਂ ਨੂੰ ਜਾਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਤਦ ਆਪ ਨੇ ਦੇਵੀ ਨੂੰ ਗੁਰੂ ਜੀ ਦੇ ਦਰਬਾਰ ਝਾੜੂ ਦੇਂਦਿਆਂ ਵੇਖਿਆ। ਇਸੇ ਅੰਸੂ ਦੇ ਅੰਕ ੧੩ ਵਿਚ ਆਪ ਦੇਵੀ ਨੇ ਕਿਹਾ ਹੈ ਕਿ ਇਹਦੀ ਭਗਤੀ ਦਾ ਫਲ ਇਹ ਹੁੰਦਾ ਹੈ ਕਿ ਭਗਤ ਨੂੰ ਸੱਚੇ ਗੁਰੂ ਦਾ ਮੇਲ ਹੋਜਾਂਦਾ ਹੈ। ਹੁਣ ਬੀ ਦੇਵੀ ਗੁਰੂ ਕੇ ਸੇਵਕ ਬੱਲੂ ਜੀ ਨੇ ਜਾ ਦਿਖਾਈ ਹੈ। ਇਸਤੋਂ ਪ੍ਰਗਟ ਹੈ ਕਿ ਗੁਰੂ ਜੀ ਦੇ ਅਸਥਾਨ ਤੇ ਜਿਸ ਦੇਵੀ ਦੇ ਦਰਸ਼ਨ ਇਸਨੂੰ ਕਰਾਏ ਗਏ ਸਨ, ਓਹ ਗੁਰੂ ਜੀ ਦੇ ਡੇਰੇ ਤੇ ਝਾੜੂ ਦੇਣ ਦੀ ਹੈਸੀਅਤ ਵਿਚ ਹੀ ਆਈ ਹੋਣੀ ਹੈ। ਜੇ ਕਦੀ ਇਸ਼ਟ ਰੂਪ ਵਿਚ ਆਈ ਹੁੰਦੀ ਤਦ ਗੁਰੂ ਜੀ ਆਪ ਜਾਂਦੇ ਆਪਣੇ ਨੌਕਰ ਨੂੰ ਦੇਵੀ ਦੇ ਦਰਸ਼ਨ ਕਰਾਉਣ ਨਾ ਭੇਜਦੇ, ਨੌਕਰ ਨੂੰ ਭੇਜਣਾ ਵੀ ਇਹ ਹੀ ਦੱਸਦਾ ਹੈ ਕਿ ਇਹ ਦੇਵੀ ਸਤਿਗੁਰਾਂ ਤੇ ਸ਼ਰਧਾ ਰਖਣ ਵਾਲੀ ਵ੍ਯਕਤੀ ਹੈ। ਗੁਰੂ ਜੀ ਉੱਚੇ ਹਨ।

। ਹੱਕ ਚੌਧਰਤਾ ਕੋ ਕਹਿ ਦੀਜਹਿ[1]॥੩੯॥ਪ੍ਰਥਮ ਆਮਦਨ ਧਨਕੀ ਥੋਰੀ[2]। ਅਬਿ ਚਹੁੰ ਦਿਸ਼ ਤੇ ਆਇ ਅਕੋਰੀ–। ਮਤਿ ਮਲੀਨ ਮਿੱਥਯਾ ਅਭਿਮਾਨੀ।ਨਿਕਟ[3] ਗੁਰੂ ਨਹਿਂ ਮਹਿਮਾ ਜਾਨੀ॥੪੦॥ਤੀਰਥਬਾਸੀ ਜਿਮ ਨਰ ਹੋਵਹਿਂ।ਨਹੀ ਮਹਾਤਮ ਤਿਨਕੋ[4]ਜੋਵਹਿਂ।ਨਹਿ ਸ਼ਰਧਾ ਸੋਂ ਦੇਹਿ ਸ਼ਨਾਨਹਿਂ। ਨਿਸਦਿਨ ਮੂਢ ਅਵੱਗਯਾ ਠਾਨਹਿਂ॥੪੧॥ ਜਾਹਿਂ ਦੂਰ ਤੇ ਸਾਦਰ ਮੱਜਹਿਂ[5] ਸ਼ੁਭਫਲ ਪ੍ਰਾਪਤਿ ਕਲਮਲ ਭੱਜਹਿਂ। ਤਿਮਿ ਇਹੁ ਮੂਰਖ ਰਿਦੇ ਮਲੀਨੇ। ਗੁਰੁ ਮਹਾਤਮ ਨਹਿਂ ਮਨ ਚੀਨੇ॥੪੨॥ ਲਗੇ ਅਵੱਗਯਾ ਕਰਨ ਕੁਢਾਲੀ। ਹੰਕਾਰੀ, ਦੁਰਮਤੀ,ਕੁਚਾਲੀ। ਸਤਿਗੁਰ ਨਿਕਟ ਜਾਇ ਕਰਿ ਬੈਸੇ। ਧਰੇ ਲੋਭ ਬੋਲੇ ਤਬਿ ਐਸੇ॥੪੩॥'ਹਮਰੇ ਨਗਰ ਬਾਸ ਜੇ ਕੀਜੈ।ਕੁਛ ਸਿਰਦਾਰੀ ਕੌ[6]ਹਮ ਦੀਜੈ। ਅਪਰ ਸਰਬ ਹੀ ਮਾਨਹਿਂ ਆਨ[7]।ਜਥਾ ਜੋਗ ਦੇਵਹਿਂ ਘਰ ਆਨਿ[8]॥੪੪॥ਬਹੁ ਸੰਮਤ ਬੀਤੇ ਤੁਮ ਰਹੇ।ਅਨਿਕ ਉਪਾਇਨ ਜਗ ਤੇ ਲਹੇ। ਪੂਰਬ ਅਲਪ ਹੁਤੀ ਗੁਜਰਾਨ।ਅਬਿ ਮਾਨਹਿ ਬਹੁ ਆਨ ਜਹਾਨ'॥੪੫॥ ਅਭਿਮੰਦਨ ਤੇ ਸੁਨਿ ਗਤਿਦਾਨੀ।ਸਹਿਜ ਸੁਭਾਇਕ ਬੋਲੇ ਬਾਨੀ।'ਲੰਗਰ ਬਿਖੈ ਗਮਨਿ ਕਰਿ ਜਾਵਹੁ। ਜਿਤੋ ਅੰਨ ਚਾਹਹੁ ਤਹਿਂ ਖਾਵਹੁ॥੪੬॥ਦੇਸ਼ ਬਿਦੇਸ਼ੀ ਸੰਗਤਿ ਸਾਰੀ। ਚਲਹਿ ਦੇਗ ਤਹਿਂ ਅਚਹਿ ਅਹਾਰੀ। ਹਟਕਾਰ ਨ ਕਿਸਕੀ ਤਿਸ ਥਾਨ*।ਛੁਧਿਤਿ ਕਰਤਿ ਸਭਿ ਭੋਜਨ ਖਾਨ॥੪੭॥ਸੋ ਜਾਨਹੁੰ ਸਰਬੰਸ ਹਮਾਰਾ।ਅਹੈ ਗ਼ਰੀਬਨਿ ਕੇਰਿ ਗੁਜ਼ਾਰਾ। ਪਿਤਾ ਤਿਹਾਰੇ ਕਛੂ ਨ ਚਾਹਾ।ਧਰੇ ਲੋਭ ਆਏ[9]ਹਮ ਪਾਹ॥੪੮॥ ਧਨਕੋ ਸੰਚਨਿ ਹਮਰੇ ਨਾਂਹਨਿ[10]। ਅੰਨ ਆਦਿ ਵਸਤੂ ਘਰ ਮਾਂਹਿ ਨਾ।ਜੋ ਤੁਮ ਕੋ ਹਮ ਦੇਹਿਂ ਨਿਕਾਸ। ਸੋ ਨਹਿਂ ਰਾਖਹਿ ਕਛੂ ਅਵਾਸ' ॥੪੯॥ ਸੁਨਿ ਗੋਂਦੇ ਸੁਤ ਬਾਕ ਬਖਾਨਯੋ। 'ਹਮ ਤੋ ਲੇਨਿ ਦਰਬ ਕੋ ਠਾਨਯੋ।ਅਪਰ ਵਸਤੁ ਹਮ ਲੇਤਿ ਨ ਕੋਈ। ਧਨ ਦੀਜਹਿ ਕਰ ਧਾਰੈਂ ਸੋਈ[11]॥੫੦॥ਸਦਨ ਆਪਨੇ ਅਚਹਿਂ[12]ਅਹਾਰਾ।ਅੰਨ ਖਰੀਦਹਿਂ ਮੋਲ ਬਜਾਰਾ।ਤੁਮਰੇ ਨਿਕਟ ਕਮੀ ਨਹਿਂ ਕੋਊ। ਸੰਗਤਿ ਰਹੈ ਭੀਰ ਕਰਿ

---

[1]ਜਣਾ ਦੇਈਏ। [2](ਗੁਰੂ ਜੀ ਨੂੰ )ਥੋੜੀ ਸੀ। [3]ਨੇੜੇ (ਰਹਿਕੇ ਬੀ)। [4]ਤੀਰਥਾਂ ਦਾ। [5](ਜੋ) ਦੂਰੋਂ ਜਾਂਦੇ ਹਨ ਆਦਰ ਨਾਲ ਇਸ਼ਨਾਨ ਕਰਦੇ ਹਨ। [6]ਚੋਧਰੀ ਪਨੇ ਦਾ। [7]ਈਨ। [8]ਆਕੇ। [9](ਤੁਸੀਂ) ਆਏ ਹੋ। [10]ਧਨ ਕੋਈ ਇਕੱਠਾ ਨਹੀਂ ਸਾਡੇ। [11]ਧਨ ਦਿਓ, ਇਹੋ ਸਾਡਾ ਕਰ ਹੈ। (ਅ) ਧਨ ਦਿਓ ਇਹੋ ਲਵਾਂਗੇ [ਕਰ ਧਾਰਨਾ=ਲੈਣਾ]। [12]ਖਾਵਾਂਗੇ।

*ਪਾ:–ਨਹਿ ਹਟਕਾਰ ਕਿਸੀ ਤਿਸ ਥਾਨ।

ਸੋਊ॥੫੧॥ਨਿਤਿ ਪ੍ਰਤਿ ਆਨਹਿਂ ਦਰਬ ਉਦਾਰਾ। ਦੂਰ ਦੂਰ ਕੇ ਨਰ ਬਹੁ ਬਾਰਾ।ਸ਼ਰਧਾ ਧਰਹਿਂ ਨਿਵਾਵਹਿਂ ਸੀਸ।ਕੇਤਿਕ ਆਵਤਿ ਨਿਕਟ ਮਹੀਸ਼[1] ॥ ੫੨ ॥ ਆਇ ਉਪਾਇਨ ਅਨਿਕ ਪ੍ਰਕਾਰਾ। ਤਿਨ ਮਹਿਂ ਤੇ ਦਿਹੁ ਹੱਕ ਹਮਾਰਾ'।ਸੁਨਿ ਸ੍ਰੀਅਮਰਿ ਕਹਤੋ ਤਿਨਿ ਫੇਰ।'ਧਨਕੋ ਲੋਭ ਕਰਤਿਹੋ ਢੇਰ ॥੫੩॥ ਗੁਰ ਕੇ ਸਦਨ ਮਿਲੇਗੀ ਦੇਗ਼। ਅਵਰ ਲੋਭ ਤਜਾਗਹੁ ਤੁਮ ਬੇਗ਼। ਕਾਹੇ ਤ੍ਰਿਸ਼ਨਾ ਅਧਿਕ ਕਰਤਿ ਹੋ।ਹਮ ਸੋਂ ਧਨ ਕੇ ਹੇਤੁਅਰਤਿ ਹੋ[2]'॥੫੪॥ ਐਸੇ ਬਹੁਤ ਭਈ ਤਕਰਾਰ।ਓੜਕ ਦੁਸ਼ਟ ਕਰਤਿ ਭੇ ਰਾਰ[3]।ਕਹਤਿ ਭਏ 'ਹਮ ਦਿੱਲੀ ਜਾਵਹਿਂ।ਕਰਿ ਫਰਯਾਦ ਤੁਮ ਤੇ ਧਨ ਪਾਵਹਿਂ' ॥੫੫॥ ਸਤਿਗੁਰ ਕਹਤੋ 'ਖੁਸ਼ੀ ਸੋ ਕਰੋ। ਹਮ ਤੇ ਧਨ ਕੀ ਆਸ ਨ ਧਰੋ'।ਗਏ ਸਦਨ ਉਠਿ ਮਤਾ ਪਕਾਯੋ।ਦਿੱਲੀ ਜਾਇ ਕਲੇਕ ਸੁ ਪਾਯੋ ॥੫੬॥ ਚਵਗੱਤੇ ਆਗੇ ਫਰਿਆਦ।ਮੂਰਖ ਕਰਤਿ ਭਏ ਬਹੁ ਬਾਦ।ਏਕਪਠਾਨ ਗੁਰੂ ਕਾ ਦਾਸ।ਸਭਾ ਮੱਧ ਚਵਗੱਤੇ ਪਾਸ ॥ ੫੭ ॥ ਸਰਬ ਭੇਦ ਪ੍ਰਗਟਾਵਤਿ ਭਯੋ। ਦੁਸ਼ਟਨ ਕੋ ਝੂਠਾ ਤਿਨ ਕਯੋ।ਲਗੀ ਹੋਨਿ ਤਿਨ ਪਰ ਬਹੁਮਾਰ।ਧੱਕੇਦੇਕਾਢੇ ਦਰਬਾਰ॥੫੮॥ ਬਹੁਤ ਦੁਖੀ ਸਭਿ ਸੌਜ[4] ਗਵਾਈ। ਘਰ ਆਵਤਿ ਲੱਜਾ ਬਹੁ ਪਾਈ। ਰੁਲ ਮਰ ਗਏ ਜੁ* ਆਏ ਫੇਰ। ਦੁਖੀ ਭਏ ਜਮੁ ਮਾਰੇ ਘੇਰ ॥੫੯॥ ਏਹੁ ਬ੍ਰਿਤਾਂਤ ਸਭਿਨਿ ਸੁਨਿ ਪਾਯੋ।'ਦੁਸ਼ਟਨਿ ਕੋ ਪ੍ਰਭੁ ਦੰਡ ਦਿਵਾਯੋ'।ਸ੍ਰੀ ਗੁਰ ਰਾਮਦਾਸ ਪ੍ਰਭੁ ਸ੍ਵਾਮੀ।ਕ੍ਰਿਪਾਸਿੰਧੁ ਸਭਿ ਅੰਤਰਜਾਮੀ॥੬੦॥ਤਾਂਹਿਸਮੇਂ ਗੁਰ ਸੇਵ ਮਝਾਰਾ। ਤਤਪਰ ਰਹਤਿ ਹੁਤੇ ਦਰਬਾਰਾ। ਗਉੜੀ ਰਾਗ ਵਾਰ ਕੇ ਅੰਤਰ। ਇਸ ਪਰਿਥਾਇ ਸ਼ਲੋਕ ਸੁਤੰਤਰ[5] ॥੬੧ ॥ ਉਚਰਤਿ ਭਏ ਭਲੇ ਚਿਤ ਲਾਇ। ਜੋ ਗੁਰ ਕੀ ਮਹਿਮਾ ਪ੍ਰਗਟਾਇ। ਸੁਨਹੁ ਸਿੱਖ ਚਿਤ ਕਰਿ ਸਵਧਾਨ। ਸ੍ਰੀ ਸਤਿਗੁਰੂ ਜੁ ਕੀਨ ਬਖਾਨ ॥੬੨॥

ਸਲੋਕੁ ਮਃ ੪ ॥

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ[6] ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥ ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ[7] ਪੜਿ ਸਗਵੀ[8] ਮਲੁ ਲਾਇ ਮਨਮੁਖੁ ਆਇਆ ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿਕੈ ਭੇਜਿਆ ਓਥੈ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥ ਤੜ[9] ਸੁਣਿਆ ਸਭਤੁ ਜਗਤ ਵਿਚਿ ਭਾਈ

---

[1]ਰਾਜੇ (ਭੀ)। [2]ਅੜਦੇ ਹੋ। [3]ਝਗੜਾ ਕਰਨ ਲਗ ਪਏ। [4]ਸਮਿੱਗ੍ਰੀ। [5]ਆਪਣੀ ਇੱਛਾ ਅਨੁਸਾਰ। [6]ਗੋਦੜਾ। [7]ਗੰਦਗੀ। [8]ਜਿਉਂ ਕੀ ਤਿਉਂ, ਉਲਟੀ, ਬਹੁਤ। [9]ਛੇਤੀ। *ਪਾਃ-ਨਾ।

ਵੇਮੁਖੁ ਸਣੈ ਨਵਰੇ ਪਉਲੀ[1] ਪਉਦੀ ਫਾਵਾ ਹੋਇਕੈ ਉਠਿ ਘਰਿ ਆਇਆ ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ
ਘਰਿ ਪਾਇਆ ॥ ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ।
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ। ਏਹੁ ਅਖਰੁ ਤਿਨਿ
ਆਖਿਆ ਜਿਨਿ ਜਗਤੁ ਸਭੁ ਉਪਾਇਆ ॥੧॥

ਚੌਪਈ॥ ਰਹਿ ਗਯੋ ਬਾਲਕ ਏਕ ਪਿਛਾਰੀ। ਗੋਂਦੇ ਕੀ ਤ੍ਰਿਯ ਗੁਰੂ ਅਗਾਰੀ। ਪਛੁਤਾਵਤਿ ਕਰ ਜੋਰਿ ਬਖਾਨੀ। 'ਇਹ ਸਭਿ ਮੰਦ, ਨ ਮਹਿਮਾ ਜਾਨੀ॥੬੩॥ ਤੁਮ ਪ੍ਰਤਾਪ ਤੇ ਇਹੁ ਸਭਿ ਹੋਏ। ਕਰੀ ਅਵੱਗਯਾ ਤੁਮ ਸਭਿ ਖੋਏ[2]। ਰਹਯੋ ਬਾਲ ਇਹੁ ਅਬਹਿ ਪਿਛਾਰੀ*। ਰਾਖਹੁ ਕ੍ਰਿਪਾ ਕਰਹੁ ਸੁਖਕਾਰੀ!॥੬੪॥ ਤਿਨਹੁ ਕਰਯੋ ਜਸੁ, ਤਸੁ ਫਲ ਪਾਯੋ। ਅਬ ਰਾਵਰਿ ਕੀ ਸ਼ਰਨੀ ਆਯੋ। ਸੰਤ ਪ੍ਰਸੰਨ ਸਦਾ ਉਪਕਾਰੀ। ਕਰਹਿਂ ਬੁਰੇ ਕੋ ਭਲਾ ਬਿਚਾਰੀ'॥੬੫॥ ਸੁਨਿ ਪ੍ਰਭੁ ਨੇ ਕਰੁਨਾ ਕਰਿ ਰਾਖਯੋ। 'ਇਸ ਤੇ ਬੰਸ ਬ੍ਰਿਧੈ' ਤਬਿ ਭਾਖਯੋ। ਭਈ ਪ੍ਰਸੰਨ ਸੁ ਗ੍ਰਿਹ ਕੋ ਗਈ। ਕਰੀ ਅਵੱਗਯਾ ਸੋ ਬਖਸ਼ਈ ॥ ੬੬ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਗੋਂਦੇ ਸੁਤ' ਪ੍ਰਸੰਗ ਬਰਨਨੰ ਨਾਮ ਏਕ ਸ਼ਸ਼ਟੀ ਅੰਸੂ ॥੬੧॥

## ੬੨. [ਵਿੱਦਯਾਭਿਮਾਨੀ ਬੇਨੀ ਪੰਡਤ ਨਿਸਤਾਰਾ। ਫਿਰਯਾ, ਕਟਾਰਾ ਪ੍ਰਤਿ ਆਗਯਾ]

ਦੋਹਰਾ। ਇਕ ਪੰਡਿਤਿ ਬੇਨੀ[3] ਹੁਤੋ ਬਿੱਦਯਾ ਬਿਖੈ ਪ੍ਰਬੀਨ। ਨਯਾਇ ਸ਼ਾਸਤ੍ਰ ਤੇ ਆਦਿ ਜੋ ਰਸਨਾ ਅੱਗ੍ਰ ਸੁ ਕੀਨ[4] ॥੧॥ ਚੌਪਈ ॥ ਦੇਸ਼ ਬਿਦੇਸ਼ਨ ਬਿਖੈ ਹਮੇਸ਼। ਬਿਚਰਤਿ ਬਿੱਦਯਾ ਮਾਨ ਬਿਸ਼ੇਸ਼। ਜਹਾਂ ਪਠਤਿ ਵਿੱਦਯਾ[5] ਸੁਨਿ ਲੇਹਾ। ਤਹਿਂ ਪਹੁੰਚੈ ਚਰਚਾ ਹਿਤ ਏਹੁ† ॥੨॥ ਲੋਕ ਬ੍ਰਿੰਦ ਮਹਿ ਲਿਖੈ ਪ੍ਰਥਮ ਇਮਿ[6]‡। 'ਹੋਇ ਪਰਾਜੈ ਚਰਚਾ ਮਹਿਂ ਕਿਮ[7]। ਤਿਸ ਕੇ ਪੁਸਤਕ ਛੀਨੈ ਸਾਰੇ। ਜੀਤਨਿ ਹਾਰੋ ਲੇਹਿ ਸੰਭਾਰੇ[8]'॥੩॥ ਲੋਕ ਮਿਲਹਿਂ ਬਹੁ ਚਰਚਾ ਮਾਂਹਿ। ਸੁਨੈ

---

[1]ਛਿੱਤਰ। [2]ਤੁਹ ਭੀ ਅਵੱਗਯਾ ਕਰਕੇ ਸਭ ਕੁਛ ਗੁਆ ਲਿਆ ਨੇ। [3]ਇਕ ਪੰਡਤ ਦਾ ਨਾਮ। [4]ਭਾਵ ਯਾਦ ਕੀਤੇ ਸਨ। [5]ਵਿਦਯਾ ਪੜ੍ਹਿਆ ਹੋਇਆ। [6]ਲੋਕਾਂ ਵਿਚ ਪਹਿਲੇ ਲਿਖਕੇ (ਲਾ ਦੇਂਦਾ ਸੀ) ਭਾਵ ਇਸ਼ਤਿਹਾਰ ਦੇ ਦੇਂਦਾ ਸੀ। [7](ਜੇ) ਚਰਚਾ ਵਿਚ ਕਿਸੇ ਤਰ੍ਹਾਂ (ਕੋਈ) ਹਾਰ ਜਾਵੇਗਾ ਤਾਂ। [8]ਜਿੱਤਣ ਵਾਲਾ ਉਨ੍ਹਾਂ ਪੋਥੀਆਂ ਨੂੰ ਸੰਭਾਲ ਲਵੇਗਾ।

*ਪਾ:-ਰਹਿ ਗਯੋ ਬਾਲਕ ਏਕ ਪਿਛਾਰੀ। †ਪਾ:-ਦੇਹ।

‡ਪਾ:-ਜਹਾਂ ਜਾਇ ਤਹਿ ਲਿਖੈ ਪ੍ਰਥਮ ਇਮ।

ਸਰਬ ਹੀ ਰਿਦੇ ਉਮਾਹਿ।ਬੇਨੀ ਪੰਡਤ ਜੀਤਹਿ ਜਬਿਹੂ। ਦਿਜ ਤੇ ਪੁਸਤਕ ਛੀਨਹਿ ਸਭਿਹੂ॥੪॥ ਸੁਨਹਿਂ ਧਨੀ ਨਰ ਧਨ ਅਰਪਾਵਹਿਂ। ਬਹੁ ਕੀਰਤਿ ਕੋ ਕਹੈਂ ਸੁਨਾਵਹਿਂ।ਇਸ ਬਿਧਿ ਬਹੁਤੇ ਨਗਰ ਮਝਾਰਾ। ਵਿਰਤਿ ਲਦਾਯੋ ਪੁਸਤਕ ਭਾਰਾ॥੫॥ਉਸ਼ਟਰ[1]ਏਕ ਲਯੋ ਸੰਗ ਫਿਰਿਹੀ।ਯਾਂ ਤੇ ਬਹੁ ਹੰਕਾਰ ਸੁ ਧਰਿਹੀ। ਬਿੱਦਯਾਅਰਥੀ ਪਠਿਬੇ ਕਾਰਨ। ਫਿਰਹਿਂ ਸੰਗ ਬਹੁ ਕਰਤਿ ਬਿਚਾਰਨ ॥ ੬ ॥–ਮੈਂ ਦਿਗਬਿਜੈ ਕਰੌਂ ਛਿਤਿ ਫਿਰਿਕੈ[2]। ਕੋ ਠਹਿਰਹਿ ਬਿਦ੍ਯਾ ਸੰਗ ਅਰਕੈ[3]?।ਮਮ ਸਮ ਅਪਰ ਨਹੀਂ ਜਗਕੋਇ–।ਇਮਿ ਹੰਕਾਰ ਰਿਦੇ ਭਰਿ ਸੋਇ॥੭॥ ਸਹਿਜ ਸੁਭਾਇਕ ਬਿਚਰਤਿ ਆਵਾ। ਡੇਰੋ ਗੋਇੰਦ-ਵਾਲ ਸੁ ਪਾਵਾ।ਤਹਿਂ ਸਤਿਗੁਰ ਕੀ ਸੁਨਿਕੈ ਕੀਰਤਿ। ਬਹੁ ਨਿਰਮਲ ਸਭਿ ਜਗ ਬਿਸਤੀਰਤਿ[4]॥੮॥ਚਹਤਿ ਦੇਖਿਬੇ ਰਿਦੇ ਉਮਾਹੂ[5]। ਵਹਿਰ ਗੁਰੂ ਆਏ ਛਿਨ ਤਾਂਹੂ। ਸਥਿਤ ਬਾਪਿਕਾ ਨਿਕਟ ਸਥਾਨ। ਦਰਸਹਿਂ ਨਰ ਬੈਠੇ ਗੁਨ ਖਾਨਿ ॥ ੯ ॥ ਆਏ ਵਹਿਰ ਜਾਨਿ[6]ਮਨ ਮਾਂਹੀ। ਉਠਿ ਪੰਡਿਤ ਆਯੋ ਪ੍ਰਭੁ ਪਾਹੀ। ਸਾਦਰ ਸਤਿਗੁਰ ਨਿਕਟ ਬਿਠਾਯਹੁ। ਕੁਸ਼ਲ ਖੇਮ ਬੂਝੀ ਹਰਖਾ-ਯਹੁ ॥ ੧੦ ॥ ਤਬਿ ਸੰਗਤ ਬਹੁ ਦਰਸ਼ਨ ਕਰੈ। ਬੰਦਹਿ ਚਰਨ ਉਪਾਇਨ ਧਰੈ। ਚਿਤ ਬਾਂਛਤਿ ਸਤਿਗੁਰ ਤੇ ਪਾਵੈਂ। ਹਿਤ ਪ੍ਰਲੋਕ ਗਤਿ ਰਿਦੇ ਮਨਾਵੈਂ[7] ॥ ੧੧ ॥ ਬੇਨੀ ਪੰਡਤ ਦੇਖਿ ਸਭਿਨਿ ਕੋ। ਮਨ ਹੰਕਾਰਤਿ ਕਰਨੈ ਬਚਨ ਕੋ।'ਤਪ, ਤੀਰਥ, ਬ੍ਰਤ, ਦਾਨ ਮਹਾਂਨ।ਇੱਤਯਾਦਿਕ ਸ਼ੁਭ ਕਰਮ ਸੁਜਾਨਾ ॥ ੧੨ ॥ ਨਿਰਮਲ ਅੰਤਹਕਰਨ ਕਰੰਤੇ। ਤੌ ਮਾਨਵ ਸ਼ੁਭ ਗਤੀ ਲਹੰਤੇ।ਤੁਮਰੇ ਪੰਥ ਬਿਖੈ ਇਹੁ ਨਾਂਹੀ। ਕੁਤੋ ਪਰਮਗਤਿ ਇਹੁ ਨਰ ਪਾਹੀਂ? ॥੧੩॥ਜੇ ਇਨ ਭਲਾ ਕਰਨ ਤੁਮ ਚਾਹੋ। ਅਸ ਉਪਦੇਸ਼ ਦੇਹੁ ਦੁਖ ਦਾਹੋ। ਤਪ ਆਦਿਕ ਮਹਿ ਜੋਰਹੁ ਇਨਕੋ। ਇਸ ਬਿਧਿ ਬਿਮਲ ਕਰਹੁ ਇਨ ਮਨ ਕੋ॥੧੪॥ ਉਪਦੇਸ਼ਹੁ ਸ਼ਾਸਤ੍ਰਨ ਕੋ ਮਤਿ ਜਿਮ। ਇਨ ਕੀ ਛੇਮ ਹੋਤਿ ਕਹੀਅਹਿ ਤਿਮ'। ਸੁਨਿ ਪੰਡਿਤ ਤੇ ਗੁਰੂ ਪ੍ਰਬੀਨ। ਹੰਕਾਰਤਿ ਕੋ ਉੱਤਰ ਦੀਨ॥੧੫॥'ਤਪ ਆਦਿਕ ਮਖ[8] ਕਰਿਬੇ ਕਰਮ। ਇਹ ਤੌ ਤੀਨ ਜੁਗਨ ਕੋ ਧਰਮ[9]।ਅਬਿ ਜੋ ਨਰ ਹੋਏ ਕਲਿ ਮਾਂਹੀ।ਕਿਸੂ ਕਰਨ ਕੀ ਸਮਰਥ ਨਾਂਹੀ॥

---

[1]ਊਠ। [2]ਸਭ ਤਰਫ ਫਤਹ ਕਰਾਂਗਾ ਪ੍ਰਿਥਵੀ ਤੇ ਫਿਰਕੇ। [3]ਵਿੱਦਯਾ ਵਿਚ (ਮੇਰੇ) ਨਾਲ ਅੜ ਕਰਕੇ। [4]ਜਗਤ ਵਿਚ ਫੈਲ ਰਹੀ ਸੀ। [5]ਚਾਹ ਕਰਕੇ। [6]ਬਾਹਰ ਆਏ ਜਾਣਕੇ। [7]ਪਰ-ਲੋਕ ਵਿਚ (ਸ਼ੁਭ) ਗਤੀ ਲਈ ਚਿੱਤੋਂ ਧਿਆਉਂਦੇ ਹਨ। [8]ਯੱਗ। [9]ਸਤਜੁਗ, ਤ੍ਰੇਤਾ, ਦੁਆਪੁਰ ਦਾ।

੧੬ ॥ ਬਿਨਾ ਅੰਨ ਤੇ ਪ੍ਰਾਨ ਬਿਨਾਸੈਂ[1] । ਕਿਮਿ ਤਪ ਕਰਹਿਂ ਜਾਇ ਬਨ-ਬਾਸੈਂ।ਦਰਬ ਨਹੀਂ ਅਰ ਬਲੁ ਕਛੁ ਨਾਂਹੀ।ਕਹਾਂ ਸ਼ਕਤਿ ਮਖ ਕਰਿਬੇ ਮਾਂਹੀ ॥੧੭॥ਕਰਮ ਕਾਂਡ ਮਹਿਂ ਜੇ ਅਬਿ ਲਾਗੈਂ*।ਕਿਮਿ ਹੁਇ ਆਵੈ ਸਭਿ ਦਿਨ ਭਾਗੈਂ[2]†। ਦੁਸਕਰ ਸੌਚ ਆਦਿ ਕੋ ਕਰਨੋ[3]।ਖਾਨ ਪਾਨ ਬਿਧਿ ਤੈਸੀ ਬਰਨੋ[4] ॥੧੮॥ਇਮਿ ਅਸ਼ਕਤਿ ਨਰ ਜਾਨਹੁ ਸਬੈ। ਪ੍ਰਿਥਮ ਧਰਮ ਕਿਮਿ ਹੋਵਹਿਂ ਅਬੈ। ਤਿਨ ਕੇ ਕਰਤਨੇ ਸੁਖ ਦੁਖ ਪਾਵੈਂ। ਸੁਰਗ ਬਿਖੈ ਕਬਿ ਨਰਕ ਸਿਧਾਵੈਂ॥੧੯॥ਅਬਿਚਲ ਪਦਵੀ ਪਾਇ ਨ ਕੋਊ[5]।ਹੈਤਾ ਸਹਤ ਕਰਮ ਸ਼ੁਭ ਜੋਊ। ਖੇਦ ਬਹੁਤ ਫਲ ਥੋਰੋ ਪਾਇ। ਨਾਸ਼ਵੰਤ ਜੋ ਇਹੁ ਸਮੁਦਾਇ॥੨੦॥ ਅਬਿ ਕਲਜੁਗ ਕੋ ਸਮੋ ਸੁ ਆਵਾ। ਜਿਸਕੋ ਰਾਜ ਤਿਸੀ ਕੋ ਨਜਾਵਾ। ਤਪ ਆਦਿਕ ਸ਼ੁਭ ਕਰਮ ਮਹਾਨੇ।ਗੁਰ ਸੇਵਾ ਕੇ ਹੁੈ ਨ ਸਮਾਨੇ॥੨੧॥ਸੱਤਿਨਾਮ ਕੋ ਸਿਮਰਨ ਸਾਰ। ਭੁਕਤਿ ਮੁਕਤਿ ਦੇ ਮਹਿਦ ਉਦਾਰ। ਸਿਮਰਨ ਸ੍ਰਵਨ ਭਗਤਿ ਬਡਿਆਈ।ਇਸ ਸਮ ਕਲਿ[6] ਨਹਿਂ ਆਨ ਬਡਾਈ‡॥੨੨॥ਇਸ ਬਿਨ ਮੁਕਤਿ ਨ ਕੋਈ ਪਾਵੈ। ਜਨੋਂ ਸਿਕਤਾ[7] ਤੇ ਤੇਲ ਨ ਆਵੈ।ਤਪ ਬ੍ਰਤ ਆਦਿਕ ਜੇ ਆਚਾਰ। ਫੋਕਟ ਨਾਮ ਬਿਹੀਨ ਅਸਾਰ[8] ॥੨੩॥ ਔਰ ਕਹਾਂ ਲਗ ਕਹੌਂ ਬਨਾਈ।ਅਪਰ ਬਿਪਰਜੈ ਹੁਇ ਸਭਿ ਜਾਈ[9]।ਸਿਮਰਹਿਂ ਨਾਮ ਹਰਹਿਂ ਹੰਕਾਰ।ਕਰਮਨ ਮਹਿਂ ਇਹੁ ਬਧਹਿ ਉਦਾਰ[10]॥੨੪॥ਸੋ ਹੰਕਾਰ ਹੈ ਦੂਸ਼ਨ ਮੂਲ।ਗਤਿ ਕਾਂਖੀ ਧਾਰਹਿ ਨਹਿਂ ਭੂਲ[11]। ਤੁਮ ਬਿੱਦਯਾ ਪਢਿ ਗਹੀ ਮਸਾਲ।ਅਪਰਨ ਕਰਹੁ ਪ੍ਰਕਾਸ਼ ਬਿਸਾਲ॥੨੫॥ ਆਪ ਅੰਧੇਰੇ ਮਹਿਂ ਗਿਰ ਪਰੋ। ਔਰਨ ਕਹੋ–ਜਗਤ ਤੁਮ ਤਰੋ[12]। ਉਰ ਹੰਕਾਰ ਤੋਹਿ ਅਬਿ ਐਸੇ। ਬਿਜੈ ਤ੍ਰਿਲੋਕੀ ਠਾਨੀ ਜੈਸੇ॥੨੬॥ਮਨ ਨਹਿਂ ਜੀਤਯੋ ਸ਼ੱਤ੍ਰ ਬਿਸਾਲ। ਅਪਰ

---

[1]ਨਾਸ਼ ਹੋ ਜਾਂਦੇ ਹਨ। [2]ਕਿਵੇਂ (ਕਰਮ ਕਾਂਡ) ਹੋ ਆਵੇ, ਸਾਰਾ ਦਿਨ ਤਾਂ (ਉਪਜੀਵਕਾ ਮਗਰ) ਦੌੜਦਿਆਂ ਗੁਜ਼ਰ ਜਾਂਦਾ ਹੈ। (ਅ) ਓਹ ਸਾਰੇ ਦਿਨ ਭੱਜ ਗਏ ਹਨ ਭਾਵ ਗੁਜ਼ਰ ਗਏ ਹਨ। [3]ਕਠਨ ਹੈ ਪਵਿੱਤ੍ਰਤਾ ਆਦਿ ਦਾ ਕਰਨਾ। [4]ਭਾਵ ਪਵਿੱਤ੍ਰਤਾ ਨਾਲ ਕਰਨਾ (ਕਠਨ) ਕਹੀਦਾ ਹੈ। [5](ਕਰਮ ਕਾਂਡ ਨਾਲ) ਪੂਰਨ ਦਰਜਾ ਕੋਈ ਨਹੀਂ ਪਾ ਸਕਦਾ। [6]ਕਲਯੁਗ (ਵਿਚ)। [7]ਰੇਤ। [8]ਨਿਸ਼ਫਲ ਤੇ ਫੋਕੇ ਹਨ ਨਾਮ ਤੋਂ ਬਿਨਾਂ। [9]ਹੋਰ (ਕਰਮ ਆਦ) ਉਲਟੇ ਪੈਂਦੇ ਹਨ, ਭਾਵ ਹੰਕਾਰ ਵਧਾ ਕੇ ਜਨਮ ਮਰਨ ਦੇਂਦੇ ਹਨ। [10]ਇਹ (ਹੰਕਾਰ) ਵਧਦਾ ਹੈ ਬਹੁਤ। [11]ਮੁਕਤੀ ਦਾ ਚਾਹਵਾਨ ਭੁੱਲਕੇ (ਬੀ) ਨਾ ਧਾਰੇ। [12]ਹੋਰਨਾਂ ਨੂੰ ਕਹਿੰਦੇ ਹੋ ਤੁਸੀਂ ਜਗਤ ਤੋਂ ਤਰੋ।

*ਪਾ:–ਲਗੈਂ। †ਪਾ:–ਭਗੈਂ। ‡ਪਾ:–ਉਪਾਈ।

ਜੀਤਬੋ ਕਨਾ ਫਲ ਪਾਲਾ[1]। ਸਿੱਖਨ ਹਜਾਰੌਂ ਤਰੇ ਹਮਾਰੇ। ਸੱਤਨਾਮ ਜਪ ਨਿਰਹੰਕਾਰੇ ॥ ੨੭ ॥ ਪੰਡਿਤ ਡੂਬੇ ਗਿਨਤੀ ਮਾਂਹੀ[2]। ਉਰ ਹੰਕਾਰ ਧਾਰ ਬਹਿ ਜਾਹੀਂ[3]। ਸੁਨਿ ਪੰਡਿਤ ਨੇ ਰਿਦੇ ਬਿਚਾਰਾ।—ਬਿੱਦਯਾ ਮਹਿਂ ਹੋਵਤਿ ਹੰਕਾਰਾ॥੨੮॥ ਨਿਰ ਹੰਕਾਰ ਪਰਮਪਦ[4] ਪਾਵੈ। ਸੱਤਨਾਮ ਜਪ ਦੋਸ਼ ਨਸਾਵੈ[5]। ਯਾਂਤੇ ਜਥਾ ਜੋਗ[6] ਗੁਰ ਬਾਨੀ। ਮੈਂ ਪਾਵੌਂ ਕਛੁ ਹੁਇ ਨਿਰਮਾਨੀ[7]—॥੨੯॥ਗੁਰ ਦਰਸ਼ਨ ਤੇ ਮਾਰਗ ਸੂਝਾ। ਭਯੋ ਦੀਨ ਉਪਦੇਸ਼ਹਿ ਬੂਝਾ। 'ਮੈਂ ਬਿੱਦਯਾ ਬਹੁ ਪਠੀ ਬਿਚਾਰੇ। ਤਯੋਂ ਤਯੋਂ ਮਮ ਉਰ ਬਧਯੋ ਹੰਕਾਰੇ॥੩੦॥ਯਾਂਤੇ ਹਰਿ ਕੀ ਭਗਤਿ ਨ ਹੋਈ। ਕਰਤਿ ਰਹਯੋ ਖਟਕਰਮ ਜਿ ਸੋਈ।ਚਰਚਾ ਕਰਿ ਮਿਥਯਾ ਅਭਿਮਾਨੀ। ਸਤਿਸੰਗਤਿ ਪ੍ਰਭੁਗਤਿ ਨਹਿ ਜਾਨੀ॥੩੧॥ਤੁਮਰੇ ਬਚ ਪ੍ਰਤਾਪ ਮੈਂ ਜਾਨਯੋ[8]।ਅਪਨੋ ਰਿਦਾ ਦ੍ਰਵਤ[9] ਪਹਿਚਾਨਯੋ। ਕਰੁਨਾ ਕਰਹੁ ਦੇਹੁ ਉਪਦੇਸ਼। ਕਾਟਹੁ ਮੇਰੇ ਮਹਾਂ ਕਲੇਸ਼॥੩੨॥ ਮਨ ਮਹਿਂ ਬਸ ਆਵਹਿ ਕਿਸ ਰੀਤਿ।ਕਾਮ ਕ੍ਰੋਧ ਹੰਕਾਰੀ ਨੀਤਿ। ਜਿਸ ਤੇ ਮੇਰੋ ਮਨ ਸੁਧਿ ਹੋਇ।ਕ੍ਰਿਪਾ ਕਰਹੁ ਸਿੱਖਯਾ ਦਿਹੁ ਸੋਇ' ॥੩੩॥ ਬੇਨੀ ਕੀ ਬਿਨਤੀ ਸੁਨਿ ਸ਼ੌਨ। ਬੋਲੇ ਸਤਿਗੁਰ ਕਰੁਨਾ ਭੌਨ। ਜਿਸ ਤੇ ਮਨ ਬਿਕਾਰ ਕਰਿ ਨਾਸ਼। ਭਯੋ ਬਿਸਾਲ ਸੁ ਰਿਦੇ ਪ੍ਰਕਾਸ਼* ॥੩੪॥ ਸ੍ਰੀ ਮੁਖਵਾਕ

ਮਲਾਰ ਮਹਲਾ ੩ ਘਰੁ ੨

ੴ ਸਤਿਗੁਰਪ੍ਰਸਾਦਿ ॥

ਇਹੁ ਮਨ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥ ੧ ॥ ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥ ੧ ॥ ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥ ੧ ॥ ਰਹਾਉ ॥ ਮਾਇਆ ਮਮਤਾ ਕਰਤੈ ਲਾਈ ॥ ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ ਗੁਰ ਪਰਸਾਦੀ ਬੂਝਹੁ ਭਾਈ ॥ ਸਦਾ ਰਹਹੁ ਹਰਿ ਕੀ ਸਰਣਾਈ ॥ ੨ ॥ ਸੋ ਪੰਡਿਤੁ ਜੋ ਤਿਹਾਂ ਗੁਣਾਂ ਕੀ ਪੰਡ ਉਤਾਰੈ ॥ ਅਨਦਿਨੁ ਏਕੋ ਨਾਮੁ ਵਖਾਣੈ ॥ ਸਤਿਗੁਰ ਕੀ ਓਹੁ ਦੀਖਿਆ ਲੇਇ[10] ॥ ਸਤਿਗੁਰ ਆਗੈ ਸੀਸੁ ਧਰੇਇ ॥ ਸਦਾ ਅਲਗੁ ਰਹੈ ਨਿਰਬਾਣੁ ॥ ਸੋ ਪੰਡਿਤੁ ਦਰਗਹ ਪਰਵਾਣੁ ॥ ੩ ॥ ਸਭਨਾ ਮਹਿ ਏਕੋ ਏਕੁ ਵਖਾਣੈ ॥

[1]ਪਾ ਲਿਆ। [2]ਸੋਚਾਂ ਵਿਚ। [3]ਰਿਦੇ ਦੇ ਹੰਕਾਰ ਦੀ ਧਾਰਾ ਵਿਚ ਰੁੜ੍ਹ ਜਾਂਦੇ ਹਨ। [4]ਆਤਮ ਪਦ ਨੂੰ। [5]ਦੂਰ ਕਰ ਲੈਂਦਾ ਹੈ (ਪੁਰਸ਼)। [6]ਜਥਾਰਥ ਹੈ। [7]ਨਿਰਹੰਕਾਰ ਹੋਕੇ। [8]ਜਾਣਿਆਂ ਹੈ (ਪਰਮੇਸ਼ੁਰ ਦਾ ਰਸਤਾ)। [9]ਕੋਮਲ ਹੁੰਦਾ। [10]ਨਾਮ ਲਵੇ। *ਪਾ:—ਹੁਲਾਸ।

ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥ ਜਾਕਉ ਬਖਸੇ ਮੇਲੇ ਸੋਇ ॥ ਐਥੈ ਓਥੈ
ਸਦਾ ਸੁਖੁ ਹੋਇ ॥ ੪ ॥ ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾਕਉ ਕਿਰਪਾ ਹੋਇ ॥ ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥ ੫ ॥ ੧॥੧੦॥

ਚੌਪਈ।ਸਹਤ ਅਰਥ ਕੇ ਸ਼ਬਦ ਬਖਾਨਾ।ਸੁਨਿ ਪੰਡਤ ਹਾਨਯੋ ਨਿਜ ਮਾਨਾ। ਮੁਨਸਬ ਹੋਇ[1] ਬਿਚਾਰਨ ਲਾਗਾ।–ਉਚਰਤਿ ਸੱਤਯ[2]–ਕਰਤਿ ਅਨੁਰਾਗਾ[3] ॥੩੫॥ ਕ੍ਰਿਪਾ ਦ੍ਰਿਸ਼ਟਿ ਪੁਨ ਗੁਰ ਨੈ ਕੀਨਸਿ। ਅੰਤਰ ਬ੍ਰਿਤੀ ਹੋਇ ਸੁਖ ਚੀਨਸਿ।ਜਨਮਜਨਮਕੋ ਸੁਪਤਿ ਜਗਾਯੋ। ਨਿਜ ਸਰੂਪ ਆਤਮ ਪ੍ਰਗਟਾਯੋ ॥੩੬॥ਬੈਠੇ ਲਗੀ ਸਮਾਧਿ ਅਡੋਲੇ। ਕਿਤਿਕ ਦੇਰ ਮਹਿਂ ਲੋਚਨ ਖੋਲੇ। ਦੇਖਿ ਅਵਸਥਾ।ਗੁਰੂ ਸਰਾਹਯੋ।'ਪੰਡਤਿਭਏ ਧੰਨ,ਦੁਖ ਲਾਹਯੋ'॥੩੭॥ ਤਬਿਬੇਨੀ ਮਨ ਆਨੰਦ ਪਾਵਾ। ਸਤਿਗੁਰ ਸੁਜਸ ਅਨਿਕ ਬਿਧਿ ਗਾਵਾ। 'ਭਗਤਿ ਹੇਤਿ ਅਵਤਾਰ ਗੁਸਾਈਂ !। ਮਹਿਮਾ ਤੁਮਰੀ ਤੁਮ ਬਨਿ ਆਈ' ॥ ੩੮ ॥ ਕੇਤਿਕ ਦਿਨ ਸਤਿਗੁਰ ਕੇ ਪਾਸ।ਰਹਯੋ ਪ੍ਰੀਤ ਧਰਿ ਤਜਿ ਸਭਿ ਆਸ।ਉਸ਼ਟਰ ਭਾਰ ਜਿ ਪੁਸਤਕ ਬ੍ਰਿੰਦ।ਸਰਿਤਾ ਬਿਖੇ ਬਹਾਇ ਬਿਲੰਦ ॥੩੯॥ਸਾਂਤਿ ਪਾਇ ਕਰਿ ਸੀਤਲ ਹੋਵਾ।ਤਾਪ ਬਿਕਾਰਨਕੋ ਉਰ ਖੋਵਾ।ਬਿਦਾਭਯੋਰਹਿਕੈ ਚਿਰਕਾਲ। ਪੂਜ ਪੂਜ ਕਰਿ ਪਰਮ ਕ੍ਰਿਪਾਲ[4] ॥੪੦॥ ਸਿੱਖ ਹੁਤੇ ਦੁਇ ਝਿਰਮਾ ਕਟਾਰ।ਸੇਵਤਿ ਰਹੇ ਬਹੁਤ ਗੁਰਦ੍ਵਾਰ।ਇਕਦਿਨ ਤਿਨ ਕੋ ਦੇਖਿ ਗੁਸਾਈਂ।ਭਏ ਪ੍ਰਸੰਨ ਬਖ਼ਸ਼ਬੇ ਤਾਈਂ॥੪੧॥ਨਿਕਟ ਬੁਲਾਇ ਬੂਝਨ ਠਾਨੇ। 'ਜਹਾਂ ਤੁਮਾਰੇ ਰਹਿਨ ਠਿਕਾਨੇ। ਕਹਹੁ ਦੇਸ਼ ਤਿਹ ਕਿਹ ਉਪਦੇਸ਼[5]?। ਹਿਤ ਪ੍ਰਲੋਕਕੇ ਕ੍ਰਿਤ[6]ਕਸਾਹੇ ਸੁ?॥੪੨॥ਜੋਹੋਵੈਸੋ ਜਾਇ ਹਟਾਵਹੁ।ਸੱਤਿਨਾਮ ਸਿੱਖੀ ਪ੍ਰਗਟਾਵਹੁ'।ਬੋਲੇ ਦੋਨਹੁ ਦ੍ਵੈ ਕਰਿ ਜੋਰਿ। 'ਸ੍ਰੀ ਗੁਰ ਜੀ ਹਮ ਮਹਿਂ ਕਸਾ ਜੋਰ ॥ ੪੩ ॥ ਜੋਗੀ ਕੰਨਪਾਟੇ ਉਪਦੇਸ਼ਹਿਂ। ਜੰਤ੍ਰ ਮੰਤ੍ਰ ਜਿਨ ਸ਼ਕਤਿਵਿਸ਼ੇਸ਼ਹਿਂ।–ਗੋਰਖ ਗੋਰਖ–ਜਾਪ ਜਪੈ ਹੈਂ। ਪੂਜਤਿ ਨਿਤ ਜੋਗੀਨ ਸਬੈ[7] ਹੈਂ॥੪੪॥ਦੇਵੀ ਦੇਵਦੇਹੁਰਾ ਥਾਨਾ।ਨਹਿ ਮਾਨਹਿ ਕਿਹ[8]ਨਰ ਅੱਗਯਾਨਾ। ਤਪ ਜਪ ਤੀਰਥ ਕੋਇ ਨ ਜਾਨਹਿ। ਕਿਉਹੂੰ[9] ਪਰਮੇਸ਼ੁਰ ਨਹਿਂ ਮਾਨਹਿਂ

[1]ਸਾਖੀ ਹੋਕੇ। (ਅ) ਨਿਆਇ ਕਰਤਾ ਹੋਕੇ [ਅ:, ਮੁਨਸਿਫ] । [2](ਕਿ ਗੁਰੂ ਜੀ) ਸਚ ਕਹਿੰਦੇ ਹਨ। [3](ਫੇਰ ਗੁਰੂ ਜੀ ਨੂੰ)ਪ੍ਰੇਮ ਕਰਨ ਲੱਗਾ। [4]ਪੂਜਣ ਯੋਗ ਪਰਮ ਕ੍ਰਿਪਾਲੂ ਨੂੰ ਪੂਜ ਕਰਕੇ। [5]ਤਿਸ ਦੇਸ਼ ਵਿਚ ਕਿਸਦਾ ਉਪਦੇਸ਼ ਹੈ । [6]ਕਰਨੀ, ਸਾਧਨ। [7]ਜੋਗੀਆਂ ਨੂੰ ਸਭ। [8]ਕਿਸੇ ਨੂੰ। [9]ਕਿਸੇ ਤਰ੍ਹਾਂ ਭੀ।

॥੪੫॥ਭਾਉ ਭਗਤਿ ਕੋ ਨਾਮ ਨ ਲੇਂਯ। ਅਰਥੀ[੧] ਮੂਢ ਨਹੀਂ ਸਮਝੇਂਯ।
ਗੁਰੂ ਕ੍ਰਿਪਾ ਬਿਨ ਸੁਧਰਹਿਂ ਨਾਂਹੀ।ਫਸੇ ਸੁ ਜੰਤ੍ਰ ਮੰਤ੍ਰ ਕੇ ਮਾਂਹੀ'॥੪੬॥ਸੁਨਿ
ਸ੍ਰੀ ਸਤਿਗੁਰ ਦਈ ਨਿਦੇਸ਼[੨]। 'ਤੁਮ ਗਮਨਹੁ ਅਬਿ ਤਿ ਸਹੀ ਦੇਸ਼। ਸਤਿ-
ਨਾਮ ਕੋ ਦਿਹੁ ਉਪਦੇਸ਼ੁ। ਗੁਰਮੁਖ ਪੰਥ ਦ੍ਰਿੜਾਉ ਵਿਸ਼ੇਸ਼ੂ'॥੪੭॥ ਫਿਰਨਾ
ਕਟਾਰਾ ਬਾਕ ਉਚਾਰਾ।'ਮੰਤ੍ਰ ਜੰਤ੍ਰ ਕੋ ਬਲ ਤਿਨ ਧਾਰਾ। ਬਦੈਂ ਨ ਕਾਹੂ[੩],
ਦੇਹਿਂ ਖਦੇਰ[੪]। ਮਾਰ ਦੇਤਿ ਬੈਰੀ ਬਿਨ ਦੇਰਿ ॥੪੮॥ ਬਿਨਾ ਸ਼ਕਤਿ ਕਿਮਿ
ਤਹਾਂ ਸਿਧਾਵੈਂ। ਸੱਤਿਨਾਮ ਕਿਮਿ ਤਿਨਹੁਂ ਜਪਾਵੈਂ'। ਹ੍ਵੈ ਪ੍ਰਸੰਨ ਤਿਨ ਸੰਗ
ਉਚਾਰਾ।'ਅਬਿ ਤੇ ਫੁਰਹਿ ਸੁ ਬਾਕ ਤੁਮਾਰਾ ॥੪੯॥ ਸ਼ਕਤਿ ਬਿਸਾਲ ਹੋਹਿ
ਤੁਮ ਮਾਂਹੀ।ਤੁਮ ਢਿਗ ਮੰਤ੍ਰਜੰਤ੍ਰ ਫੁਰਿ ਨਾਂਹੀ[੫]। ਜਹਿਂ ਕਹਿਂ*ਮਠ[੬]ਜੋਗੀ ਕੇ
ਹੋਇਂ।ਦਿਹੁ ਨਿਕਾਸ ਪੁਨ ਭਗਨਹੁ ਸੋਇ[੭] ॥੫੦॥ ਜੋਗੀ ਤੁਮ ਕੋ ਦੇਖਿ ਨ
ਸੱਕੈਂ।ਭ੍ਰਮ ਚਿਤ ਹੋਇ ਭਾਗਬੋ ਤੱਕੈਂ[੮]।ਧਰਮਸਾਲ ਸਭਿ ਗ੍ਰਾਮ ਕਰਾਵਹੁ।
ਭਜਨ ਕੀਰਤਨ ਕਰਿ ਸੁਖ ਪਾਵਹੁ॥੫੧॥ਨਾਮ ਦਾਨ ਇਸ਼ਨਾਨ ਦ੍ਰਿੜਾਇ।
ਪਾਵਨ ਦੇਸ਼ ਕਰਹੁ ਸਭਿ ਜਾਇ। ਆਨਿ ਮਿਲਹਿਂ ਨਰ ਗਨ ਤੁਮ ਜੋਇ।
ਪੂਜਹਿਂ ਚਰਨ ਬਿਨੈ ਕਹਿਂ ਸੋਇ[੯]'॥੫੨॥ ਇਮਿ ਕਹਿ ਨਿੱਧਿ ਸਿੱਧਿ†ਗੁਰ
ਦੀਨਸਿ।ਦੇ ਬਰ ਦਾਨ ਬਿਦਾ ਜੁਗ ਕੀਨਸਿ। ਨਮਸਕਾਰ ਕਰਿ ਧਰਿ ਪਗ
ਧਯਾਨਾ।ਪ੍ਰਭੁ ਆਗਯਾ ਤੇ ਕੀਨਸਿ ਪਯਾਨਾ॥੫੩॥ਬਡ ਜੋਗੀ ਕੇ ਮਠ ਤਹਿਂ
ਗਏ।ਤ੍ਰਾਸ ਦੀਨ ਤਿਸੁ ਦਾਰੁਨ ਭਏ[੧੦]।ਤਬਿ ਤਿਨ ਮੰਤ੍ਰ ਜੰਤ੍ਰ ਬਲ ਲਾਵਾ।
ਉਲਟ ਪਰਯੋ ਜੋਗੀ[੧੧] ਦੁਖ ਪਾਵਾ ॥ ੫੪ ॥ ਅਗਨਿ ਲਗੀ ਤਨ ਮਨਹੁਂ
ਬਿਸਾਲ।ਨਿਜ ਤੇ ਬਡੋ ਜਾਨਿ ਤਿਸ ਕਾਲਾ। ਭਯੋ ਮਹੰਤ ਪਲਾਵਨਿ ਤਬੈਂ।
ਜੋਗੀਅਪਰ ਨ ਠਹਿਰਹਿਂ ਸਬੈ[੧੨]॥੫੫॥ਦੇਖਿ ਬਾਜਕੋ ਖਗ ਜਿਮ ਭਾਜਾ।ਜਨੁ

---

[੧]ਮਾਯਾ ਦੇ ਚਾਹਵਾਨ (ਅ) ਸ੍ਵਾਰਥੀ। [੨]ਆਗਿਆ। [੩]ਅਪਣੇ ਬਰੱਬਰ ਕਿਸੇ ਨੂੰ ਕੁਛ ਨਹੀਂ ਸਮਝਦੇ। [੪]ਖੇਦ ਦਿੰਦੇ ਹਨ। (ਅ) ਖਦੇਰਨਾ=ਦੂਰ ਕਰਨਾ। [੫]ਤੁਸਾਂ ਉਤੇ ਜੰਤ੍ਰ ਮੰਤ੍ਰ ਨਹੀਂ ਫੁਰ ਸਕੇਗਾ। [੬]ਜੋਗੀ ਦੇ ਰਹਿਣ ਦੀ ਥਾਂ। [੭]ਕੱਢ ਦਿਓ (ਜੋਗੀਆਂ ਨੂੰ), ਭੰਨ ਸੁੱਟੋ (ਮਠ)। [੮]ਨੱਸਣਾ ਹੀ ਤੱਕਣਗੇ। [੯]ਪੂਜਨਗੇ (ਤੁਹਾਡੇ) ਚਰਨ ਤੇ ਬੇਨਤੀ ਕਹਿਣਗੇ ਓਹ। [੧੦]ਤਿਸ (ਜੋਗੀ) ਨੇ (ਸਿਖਾਂ ਨੂੰ)ਡਰਾਯਾ (ਸਿਖ ਅਗੋਂ) ਮਜ਼ਬੂਤ ਹੋ ਗਏ। (ਅ) ਭਿਆਨਕ ਤ੍ਰਾਸ ਉਸਨੂੰ ਦੇਂਦੇ ਭਏ। [੧੧](ਮੰਤ੍ਰ ਜੰਤ੍ਰ) ਉਲਟ ਕੇ ਜੋਗੀ ਤੇ ਪਿਆ। [੧੨]ਸਾਰੇ ਨਾ ਠਹਿਰ ਸਕੇ।

*ਪਾ:—ਜਹਿ ਜਹਿ। †ਪਾ:—ਨਿਧਿ ਸਿੱਧਾਂ।

ਮ੍ਰਿਗ ਚਲੇ ਕੇਹਰੀ ਗਾਜ। ਤਿਸ ਮਠ ਕੋ ਕਰਿ ਭਗਨ ਗਿਰਾਵਾ*। ਪਿਖਿ ਲੋਗਨ ਕੋ ਗਨ ਤਬਿ ਆਵਾ॥੫੬॥ ਕਰਿ ਬਿਚਾਰ ਨਰ ਕਰਤਿ ਉਚਾਰੀ। 'ਜੋਗੀ ਪੀਰ ਹਮਾਰੋ ਭਾਰੀ। ਇਨਕੋ ਦੇਖਿ ਸੁ ਗਯੋ ਪਲਾਈ। ਮਹਾਂਬਲੀ ਇਹੁ ਪਰਹਿਂ ਲਖਾਈ॥੫੭॥ਨਿਕਟ ਚਲੋਬੂਝਹਿਂਅਬਿ ਇਨ੍ਹੈਂ।ਹੈਂਇਹਕੌਨ ਪਠਾਏ ਕਿਨ੍ਹੈ?। ਗੁਰ ਗੋਰਖ ਕੋ ਮਠ ਜਿਨ੍ਹ ਗੇਰਾ। ਡਰੇ ਨਹੀਂ ਤਪ ਤੇਜ ਬਡੇਰਾ'॥੫੮॥ਜਬਿ ਨਰ ਮਿਲਿ ਆਏ ਸਮੁਦਾਇ। ਇਨ ਦੋਨਹੁ ਗੁਰ ਸ਼ਬਦ ਸੁ ਗਾਇ।ਭਜਨ ਕੀਰਤਨਿ ਸੁਨਿ ਕਰਿ ਸਾਰੇ। ਭਏ ਨੰਮ੍ਰਿ ਮੁਖ ਨਮੋ ਉਚਾਰੇ ॥੫੯॥ ਪ੍ਰੇਮ ਬਧਯੋ ਸਭਿ ਭਾਉ ਕਰੰਤੇ। ਨਿਕਟਿ ਹੋਇ ਇਕ ਮਨੇ ਸੁਨੰਤੇ[1]। ਸਤਿਗੁਰ ਬਰ ਤੇ ਭੇ ਸਿੱਖ ਆਇ।ਸੱਤਨਾਮ ਇਨ ਮੰਤ੍ਰ ਦ੍ਰਿੜਾਇ ॥੬੦॥ ਗੁਰਮੁਖ ਭਏ ਭਗਤਿ ਕੋ ਲਾਗੇ। ਦੀਰਘ ਭਾਗ ਭਾਲ[2] ਜਿਨ ਜਾਗੇ। ਮਨ ਬਾਂਛਤਿ ਕੋ ਜਾਚਤਿ ਜਬੈ। ਇਨ ਬਰ ਤੇ ਪ੍ਰਾਪਤ ਹੁਇ ਤਬੈ ॥ ੬੧ ॥ ਧਰਮਸਾਲ ਸੁੰਦਰ ਬਨਿਵਾਈ। ਸਤਿ ਸੰਗਤਿ ਨਿਤਿ ਹ੍ਵੈ ਸਮੁਦਾਈ। ਅਪਰ ਹੁਤੇ ਮਠ ਜਿਸ ਜਿਸ ਥਾਨ। ਕਰਿ ਕਰਿ ਭਗਨ ਦਏ ਬਚ ਮਾਨਿ[3] ॥ ੬੨ ॥ ਤਹਾਂ ਧਰਮਸਾਲਾ ਬਨਵਾਇ।ਨਾਮੁ ਦਾਨ ਇਸ਼ਨਾਨ ਦ੍ਰਿੜਾਇ।ਜੰਤ੍ਰ ਮੰਤ੍ਰ ਤਹਿਂ ਤੇ ਕਰਿ ਦੂਰ। ਦੇਸ਼ ਬਿਦਤਿ ਸਿੱਖੀ ਸੁਖ ਪੂਰ॥੬੩॥ ਦੁਰਮਤਿ ਸਭਿ ਕੀਨਿ ਬਿਨਾਸ਼। ਪੂਰਤਿ ਭਏ ਸਭਿਨਿ ਕੀ ਆਸ। ਅਜ਼ਮਤੁ ਅਪੁਨੀ ਦੇ ਦਿਖਰਾਇ। ਪਰੇ ਚਰਨ ਮਾਨਵ ਸਮੁਦਾਇ॥ ੬੪ ॥ ਭਾਂਤਿ ਅਨੇਕਨ ਅਰਪ ਉਪਾਇਨ[4]। ਸਤਿ ਸੰਗਤਿ ਦੇਂ ਭੋਜਨ ਆਇਨ[5]। ਸਗਰੋ ਦੇਸ਼ ਨਿਹਾਲ ਬਿਸਾਲ। ਗੁਰ ਸਿੱਖੀ ਕੈ ਮਾਰਗ ਚਾਲੇ॥੬੫॥ ਫਿਰੇ ਕਟਾਰੇ ਇਸ ਬਿਧਿ ਦੇਸ਼।ਸੱਤਨਾਮ ਦੀਨਸਿ ਉਪਦੇਸ਼। ਕਬਿ ਕਬਿ ਦਰਸ਼ਨ ਗੁਰ ਕੋ

[1]ਇਕ ਮਨ ਹੋ ਕਰਕੇ ਸੁਣਨ ਲਗ ਪਏ। [2]ਮਸਤਕ ਦੇ। [3]ਬਚਨ ਮੰਨਕੇ (ਲੋਕਾਂ ਨੇ)। [4]ਭੇਟ ਕਰਕੇ। [5](ਨੂੰ) ਦੇਂਦੇ ਹਨ ਭੋਜਨ ਘਰ ਵਿਚ।

*ਇਹ ਮਠ ਭਜਨ ਦੇ ਮੰਦਰ ਨਹੀਂ ਸਨ, ਅੰਕ ੪੪-੪੫ ਵਿਚ ਦੱਸ ਆਏ ਹਨ ਕਿ ਏਹ ਟਿਕਾਣੇ ਦੇਵੀ ਦੇਵਾਂ ਦੇ ਥਾਉਂ ਨਹੀਂ ਸਨ, ਨਾ ਦੇਹੁਰੇ ਸਨ, ਨਾ ਪਰਮੇਸ਼ੁਰ ਨੂੰ ਮੰਨਣ, ਨਾ ਤੀਰਥ ਜਪ ਤਪ ਦੇ ਥਾਂ ਸਨ, ਏਹ ਜੰਤ੍ਰ ਮੰਤ੍ਰ ਕਰਕੇ ਅਤੇ ਪਰਮੇਸ਼ੁਰ ਤੋਂ ਬੇਮੁਖ ਕਰਨ ਦੇ ਟਿਕਾਣੇ ਸਨ। ਕਈ ਥਾਈਂ ਮਠਾਂ ਦੇ ਪੱਜ ਕੁਕਰਮ ਬੀ ਪਰਵਿਰਤ ਸਨ। ਇਸ ਦੇਸ਼ ਵਿਚ ਗੁਰੂ ਜੀ ਨੇ ਵਾਹਿਗੁਰੂ ਦਾ ਗਯਾਨ ਕੀਰਤਨ ਤੇ ਭਗਤੀ ਦਾਨ ਕਰਨਾ ਸੀ, ਜੋ ਲੋਕੀ ਗਯਾਨਵਾਨ ਹੋ ਜਾਣ। ਤਾਂ ਹੀ ਸਿੱਖਾਂ ਨੂੰ ਵਰ ਦਿੱਤਾ ਸੀ ਕਿ ਜੋਗੀ ਤੁਸਾਂ ਤੋਂ ਡਰਨਗੇ ਤੇ ਨੱਸ ਜਾਣਗੇ। ਨੱਸ ਗਿਆਂ ਦੇ ਇਹ ਕੁਫਰ ਟਿਕਾਣੇ ਟੁਟ ਗਏ ਅਤੇ ਫੇਰ ਉਪਦੇਸ਼ ਨਾਲ ਸੁਧ ਹੋ ਗਏ ਤੇ ਜੰਤ੍ਰ ਮੰਤ੍ਰ ਤੋਂ ਉੱਚੇ ਹੋ ਗਏ ਲੋਕਾਂ ਨੇ ਆਪ ਮਠ ਤੋੜਕੇ ਵਾਹਿਗੁਰੂ ਜਸ ਦੀਆਂ ਧਰਮਸਾਲਾਂ ਬਣਾਈਆਂ।

ਆਵਹਿਂ।ਪੂਜਨ ਕਰਿ ਪੁਨ ਤਹਾਂ ਸਿਧਾਵਹਿਂ ॥੬੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬੇਨੀ ਪੰਡਤ ਫਿਰੇ ਕਟਾਰੇ ਕੋ' ਪ੍ਰਸੰਗ ਬਰਨਨੰ ਨਾਮ ਦੁਇ ਸ਼ਸ਼ਟੀ ਅੰਸੂ ॥ ੬੨ ॥

੬੩ [ਬਾਲਕ ਜਿਵਾਉਣਾ। ਯਮ ਨੂੰ ਗੋਇੰਦਵਾਲੋਂ ਰੋਕਣਾ। ਅਕਬਰ ਨੇ ਆਉਣਾ]

ਦੋਹਰਾ ॥ ਸਤਿਗੁਰ ਦੀਨਾ ਨਾਥ ਜੀ ਦਯਾ ਸਿੰਧੁ ਸਿਰਮੌਰ। ਅਧਿਕ ਪ੍ਰਕਾਸ਼ਤਿ ਜਗ ਭਏ ਸਮ ਨਹਿਂ ਕੋ ਕਿਤ ਔਰ॥੧॥ ਚੌਪਈ॥ ਉਚਿਤ ਤ੍ਰਿਲੋਕੀ ਦੁਖ ਕੇ ਹਰਤਾ[1]। ਗੋਂਦਵਾਲ ਪਰ ਕ੍ਰਿਪਾ ਸੁ ਕਰਤਾ। ਜਥਾ ਅਜੁੱਧਯਾ ਰਘੁਬਰ ਪਯਾਰੀ। ਪ੍ਰਜਾ ਸਰਬ ਸੁਖ ਦੈ ਦੈ ਪਾਰੀ[2] ॥ ੨ ॥ ਜਿਮਿ ਸ੍ਰੀ ਕ੍ਰਿਸ਼ਨ ਦ੍ਵਾਰਕਾ ਰਹੇ। ਨਿਜ ਢਿਗ ਬਾਸਨ[3] ਕੇ ਦੁਖ ਦਹੇ। ਤਿਸ ਬਿਧਿ ਸਤਿਗੁਰ ਗੋਇੰਦਵਾਲ। ਨਾਨਾ ਸੰਕਟ ਕਟੇ ਕਰਾਲ ॥੩॥ ਅਪਰ ਕਸ਼ਟ ਕੀ ਗਿਨਤੀ ਕੋ ਹੈ। ਦਾਰੁਨ ਕਾਲ ਨ ਆਨ ਸਕੋ ਹੈ[4]। ਅਵਧਿ ਬਿਤੇ ਨਰ ਜੋ ਮਰਿ ਜਾਇ। ਕ੍ਰਿਪਾ ਕਰਹਿਂ ਤਿਸ ਦੇਹਿਂ ਜਿਵਾਇ॥੪॥ ਪੁਰੀ ਬਿਖੈ ਨਹਿਂ ਮ੍ਰਿਤੁ ਕੋ ਪਾਵਹਿ। ਗੁਰ ਪ੍ਰਤਾਪ ਤੇ ਜਿਯਤਿ ਰਹਾਵਹਿਂ। ਜਿਸ ਕੋ ਘਰ ਕੋ ਨਰ ਮਰਿ ਜਾਇ। ਸੋ ਉਠਾਇ ਗੁਰ ਆਗੈ ਲਯਾਇ ॥੫॥ ਤਬਿ ਕ੍ਰਿਪਾਲ ਨਿਜ ਚਰਨ ਛੁਹਾਵਤਿ। ਤਾਤਕਾਲ ਤਿਸ ਮ੍ਰਿਤਕ ਜਿਵਾਵਤਿ। ਜਿਸ ਕੋ ਨਰ ਉਠਾਇ ਲੈ ਆਵਹਿ। ਸੋ ਨਿਜ ਪਗ ਤੇ ਸਦਨ ਸਿਧਾਵਹਿ ॥੬॥ ਇਮਿ ਪ੍ਰਤਾਪ ਗੁਰ ਕੋ ਨਰ ਪਾਇ। ਬਸਹਿਂ ਸੁਖੀ ਕੀਰਤਿ ਬਿਰਧਾਇ[5]। ਪ੍ਰਾਪਤ ਤਨ ਮਨ ਕੀ ਕੱਲ੍ਯਾਨ। ਨਰ ਅਰੋਗ ਨਿਤਿ ਰਹੈਂ ਸੁਜਾਨ॥੭॥ ਸਭਿਹਿਨਿ ਕੇ ਬਰਧਯੋ ਪਰਵਾਰ। ਭਏ ਧਨੀ ਨਰ ਦਾਰਿਦ ਟਾਰਿ। ਖਾਨ ਪਾਨ ਤੇ ਅਖੁਟ ਭੰਡਾਰ। ਨਹਿਂ ਚਿੰਤਾ ਕਿਸੁ ਰਿਦੈ ਮਝਾਰ॥੮॥ 'ਧੰਨ ਧੰਨ' ਸਤਿਗੁਰ ਕੋ ਕਹੈਂ। ਦ੍ਵਾਰੇ ਪਰ ਨਿਤਿ ਬੰਦਤਿ ਰਹੈਂ। ਜਹਿਂ ਕਹਿਂ ਬੈਠਹਿਂ ਗੁਰੂ ਸਰਾਹੈਂ। ਸਮਤਾ ਰਾਮ ਚੰਦ ਕੀ ਪਾਹੈਂ॥੯॥ ਬੱਲੂ ਸੋਂ ਆਗਯਾ ਕਹਿ ਰਖੀ।'ਪੁਰਖ ਕਿ ਇਸਤ੍ਰੀ ਜੋ ਹੋਇ ਦੁਖੀ। ਤਿਹ ਕੀ ਸੁਧਿ ਤਬਿ ਆਨਿ ਸੁਨਾਵਹੁ। ਕਹਿ ਹਮ ਸੋਂ ਤਿਹ ਕਸ਼ਟ ਮਿਟਾਵਹੁ'॥੧੦॥ ਬਿਧਵਾ ਬਸਤਿ ਪੁਰੀ ਛੱਤ੍ਰਾਨੀ[6]। ਹੁਤੋ ਏਕ ਨੰਦਨ[7] ਸੁਖਦਾਨੀ। ਮਹਾਂ ਕਸ਼ਟ ਤੇ ਸੁਤ ਕੋ ਪਾਲਾ। ਬਿਨ ਭਰਤਾ ਤੇ ਪ੍ਰਿਯ ਸੁ[8] ਬਿਸਾਲਾ॥੧੧॥

---

[1]ਤ੍ਰਿਲੋਕੀ ਦੇ ਦੁਖ ਦੂਰ ਕਰਨ ਦੀ ਯੋਗਤਾ ਵਾਲੇ (ਗੁਰੂ ਅਮਰ ਦੇਵ ਜੀ)। [2]ਪਾਲਨ ਕੀਤੀ। [3]ਕੋਲ ਰਹਿੰਦਿਆਂ ਦੇ। [4]ਭਿਆਨਕ ਮੌਤ ਬੀ ਨਹੀਂ ਆ ਸਕੀ ਹੈ। [5](ਸ੍ਰੀ ਗੁਰੂ ਜੀ ਦੀ) ਕੀਰਤੀ ਵਧੇ। [6](ਇਕ) ਵਿਧਵਾ ਖੱਤਰਾਣੀ ਵਸਦੀ ਸੀ ਸ਼ਹਿਰ ਵਿਚ। [7]ਪੁੱਤ੍ਰ। [8]ਪਤੀ ਨਾ ਹੋਣ ਕਰਕੇ ਉਹ (ਪੁੱਤਰ) ਬਹੁਤ ਪਿਆਰਾ ਸੀ।

ਇਕ ਦੁਇ ਦਿਨ ਤਿਸ ਕੋ ਤਪ ਆਵਾ।ਤਾਤਕਾਲ ਤਿਸੁ ਤਨ*ਬਿਨ ਸਾਵਾ। ਆਧੀ ਨਿਸਾ ਹੁਤੀ ਤਿਸ ਕਾਲਾ। ਰੁਦਤਿ ਬ੍ਰਿਧਾ ਪਿਖਿ ਸੁਤ ਗ੍ਰਸ ਕਾਲਾ[1]॥੧੨॥ਸ਼ੋਕ ਕਰਤਿ ਬਿਰਲਾਪ ਪੁਕਾਰ। 'ਹੇ ਸੁਤ! ਮੈਂ ਅਬਿ ਲੌ ਤੁਝ ਪਾਰਾ[2]।ਸੁਖ ਤੇਰੋ ਨਹਿਂ ਦੇਖਨ ਕੀਨਾ। ਗਯੋ ਕਹਾਂ ਤੂੰ ਮੋਹਿ ਬਿਹੀਨਾ॥੧੩॥ ਅਪਨੇ ਸੰਗ ਲੇਹੁ ਹੇ ਨੰਦਨ! ਮੈਂ ਕਰਿਹੌਂ ਨਿਜ ਪ੍ਰਾਨ ਨਿਕੰਦਨ।ਕਹਾਂ ਕਰੋਂ ਜਿਯ ਕੈ ਪਸ਼ਚਾਤੀ। ਇਕ ਅਲੰਬ[3] ਤੂੰ ਮਮ ਸੁਖ ਥਾਤੀ'॥੧੪॥ਇੱਤਜਾ- ਦਿਕ ਬਹੁ ਊਚ ਪੁਕਾਰਤਿ।ਮਹਾਂਸ਼ੋਕ ਮਹਿਂ ਕੇਸ ਉਖਾਰਤਿ। ਸਿਰ ਪੀਟਤਿ ਊਚੀ ਧੁਨਿ ਰੋਈ। ਅਤਿ ਸੰਕਟਿ ਤੇ ਧੀਰ ਨ ਹੋਈ ॥੧੫॥ ਜਾਮ ਜਾਮਨੀ ਜਬਿ ਰਹਿ ਸ਼ੇਖ। ਉਠੇ ਜਾਗ ਤਬਿ ਪ੍ਰਭੂ ਬਿਸ਼ੇਖ। ਬਿਧਵਾ ਨੇ ਨਿਜ ਸੁਤ ਉਰਵਾਇ।ਗੁਰੂਦ੍ਵਾਰ ਪਰ ਪਾਯਹੁ ਆਇ॥੧੬॥ ਰੋਦਤਿ ਊਚੀ ਧੁਨਕੋ ਕਰਿ- ਕੈ।ਤਿਹ ਛਿਨ ਕਾਨ ਪਰੀ ਸਤਿਗਰ ਕੈ।ਦੁਖੀ ਬਿਲਾਪਤਿ ਸੁਨਤਿ ਕ੍ਰਿਪਾਲ। ਸਹਿ ਨਹਿਂ ਸਕੇ ਰਿਦੇ ਤਿਸ ਕਾਲ ॥ ੧੭ ॥ ਨਿਕਟਿ ਦੇਖਿ ਬੱਲੂ ਸੰਗ ਕਹ੍ਯੋ। 'ਕੌਨ ਬਿਲਾਪਤਿ ਦੁਖ ਜਿਨ ਲਹ੍ਯੋ। ਜਾਹੁ ਨਿਕਟ ਤਿਸੁ ਰੁਦਨ ਹਟਾਓ।ਧੀਰਜ ਦੈ ਕਰਿ ਇਮਿ ਸਮਝਾਓ॥੧੮॥–ਅੰਮ੍ਰਿਤ ਵੇਲਾ ਸਭਿ†ਫਲ ਦਾਤੋ[4]।ਪ੍ਰਭੁ ਸਿਮਰਨ ਕੋ ਨਾਮ ਸੰਭਾਤੋ।ਛਿਮਾ ਕਰਹੁ ਹੋਵਨ ਲਗਿ ਪ੍ਰਾਤੀ[5]। ਉਦੇ ਸੂਰ ਤੇ ਦੁਖ ਹੁਇ ਹਾਤੀ[6]–' ॥੧੯॥ਬੱਲੂ ਸੁਨਿ ਕਰਿ ਬਾਹਰਿ ਆਯੋ। ਦੇਖਿ ਬ੍ਰਿਧਾ ਕੋ ਤਬਿ ਸਮਝਾਯੋ।'ਸਤਿਗੁਰ ਆਗਯਾ ਦੀਨਸਿ ਤੋਹਿ।ਅੰਮ੍ਰਿਤ ਸਮੈ ਤੂਸ਼ਨੀ ਹੋਹਿ॥੨੦॥ਹੋਤਿ ਪ੍ਰਾਤਿ ਤਬ ਨੰਦਨ ਤੇਰਾ।ਦੇਹਿਂ ਜਿਵਾਇ ਨ ਕਰਹੀ ਦੇਰਾ। ਸ਼ਬਦ ਰੁਦਨ ਕੋ ਨਹੀ ਉਠਾਵਹੁ।ਬੈਠੀ ਰਹਹੁ ਰਾਮ ਗੁਨ ਗਾਵਹੁ'॥੨੧॥ਸੁਨਿ ਬੱਲੂ ਕੇ ਬਚ ਸੁਖਦਾਰੇ।–ਜਿਯਹ ਪੁੱਤ੍ਰ–ਨਿਸ਼ਚੈ ਚਿਤਿ ਧਾਰੇ।ਤਊ ਸ਼ੋਕ ਤੇ ਪੀੜਤਿ ਭਾਰੀ।ਊਚੀ ਕੂਕ ਸੁ ਤ੍ਰਿਯਾ ਪੁਕਾਰੀ ॥ ੨੨ ॥ ਕਰਨ ਲਗੀ ਬਿਰਲਾਪ ਘਨੇਰਾ। 'ਮੁਝੈ ਅਲੰਬ ਸਤਿਗੁਰੂ ਤੇਰਾ। ਸੁਤ ਬਿਨੁ ਮੇਰੋ ਕੋ ਜਗ ਨਾਹੀ। ਇਕ ਪੁਤ੍ਰਾ ਮੈ ਸੰਕਟ ਮਾਂਹੀ॥੨੩॥ਸ਼ਰਨ ਆਪ ਕੀ ਆਨਿ ਰਹੇ ਹਮ। ਇਸਕੀ ਲਾਜ ਬਿਚਾਰਹੁ ਉਰ ਤੁਮ'।'ਹਾਇ ਹਾਇ' ਕਹਿ ਕੂਕ ਪੁਕਾਰਹਿ।ਪੀਟਤਿ ਸਿਰ ਕੇ ਬਾਰ ਉਖਾਰਹਿ‡॥੨੪॥ਤਬਿ ਬੱਲੂ

---

[1]ਕਾਲ ਨੇ ਗ੍ਰਸ ਲਿਆ (ਮਾਰ ਲਿਆ)। [2]ਪਾਲਿਆ। [3]ਆਸਰਾ (ਸੰ:)। [4]ਸਮੂਹ ਫਲਾਂ ਦੇ ਦੇਣੇ ਵਾਲਾ ਹੁੰਦਾ ਹੈ। [5]ਭਾਵ ਚੁਪ ਕਰ ਰਹੋ ਸਵੇਰ ਹੋਣ ਤਕ। [6]ਭਾਵ ਤੇਰਾ ਬਾਲ ਜੀ ਪਵੇਗਾ। *ਪਾ:–ਦਿਨ। †ਪਾ:–ਅੰਮ੍ਰਿਤ ਸਮਾ ਅਬਹਿ। ‡ਪਾ:–ਬਾਂਹ ਉਸਾਰੈ।

ਨੇ ਆਨ ਸੁਨਾਈ।'ਸ੍ਰੀ ਪ੍ਰਭੁ ਮੈਂ ਕਹਿ ਬਹੁ ਸਮਝਾਈ।ਸੁਨਤਿ ਰੁਦਨ ਪੁਨ ਕਰਤਿ ਘਨੇਰਾ।ਬਿਧਵਾਪੁੱਤ੍ਰ ਮਰਯੋ ਧਰ ਗੇਰਾ'॥੨੫॥ਤਬਿ ਕ੍ਰਿਪਾਲ ਨਿਕਸੇ ਨਿਜ ਦ੍ਵਾਰੇ।ਗਏ ਤਹਾਂ ਜਹਿਂ ਰੁਦਨ ਉਚਾਰੇ।ਨਿਜ ਪਗ।ਪੰਕਜ ਸੀਸ ਛੁਹਾਯੋ*।ਮ੍ਰਿਤਕ ਬਾਲ ਤਤਕਾਲ ਜਿਵਾਯੋ ॥੨੬॥ ਸੁਤ ਸਮੇਤ ਕਰਿ ਗੁਰਕੋ ਬੰਦਨ।ਗਮਨੀ ਸਦਨ ਸੰਗ ਕਰਿ ਨੰਦਨ।ਸ੍ਰੀਗੁਰ ਅਮਰ ਗਏ ਨਿਜ ਥਾਨਾ। ਬੱਲੂ ਸੋਂ ਇਸ ਰੀਤਿ ਬਖਾਨਾ॥੨੭॥'ਮ੍ਰਿਤਕ ਜਿਵਾਵਨਭਲੀ ਨ ਬਾਤ।ਯਾਤੇ ਅਬਿ ਇਸ ਤੇ ਉਪਰਾਂਤਿ[੧] । ਨਰ ਤ੍ਰਿਯ ਮ੍ਰਿਤਕ ਹੋਇ ਕਬਿ ਨਾਂਹੀ । ਜਬ ਲਗ ਤਨ ਧਰਿ[੨] ਹਮ ਪੁਰ ਮਾਂਹੀ'॥੨੮॥ਜਮੁ ਕੋ ਠਾਕ ਦਿਯੋ ਤਿਸੁ ਕਾਲ। ਜੋ ਸਭਿ ਜੀਵਨ ਕਰਤੋ ਕਾਲ[੩]।'ਗੋਇੰਦਵਾਲਬਿਖੇ ਨਹਿ ਆਵਹੁ।ਕਿਸਕੇ ਪ੍ਰਾਨ ਨਹੀਂ ਬਿਨਸਾਵਹੁ' ॥ ੨੯ ॥ ਦੋਇ ਬੀਸ ਸੰਮਤਿ[੪] ਲੌ ਸਤਿਗੁਰ । ਲੇ ਗਾਦੀ ਕੋ ਬਸਤਿ ਭੁਏ ਪੁਰਿ । ਤਬਿ ਲੌ ਇਸਤ੍ਰੀ ਪੁਰਖ ਅਨੰਦੇ।ਕਿਸਕੇ ਨਹਿਂ ਜਮੁ ਪ੍ਰਾਨ ਨਿਕੰਦੇ॥੩੦॥ਜੁਤ ਪਰਵਾਰ ਬਸੇ ਸੁਖ ਪਾਈ।ਜਮੁਕੋ ਤ੍ਰਾਸ ਦਿਯੋ ਬਿਸਰਾਈ।ਅਚਰਜ ਚਰਿਤ ਗੁਰੂ ਕੇ ਮਹਾਂ।ਦੀਪਕ ਬਰੈ ਤੇਲ ਨਹਿਂ ਜਹਾਂ ॥੩੧॥ ਸਿਕਤਾ ਮਹਿਂ ਤੇ ਤੇਲ ਨਿਕਾਸਹਿਂ । ਸਿਕਤਾ ਕੋ ਜਲ ਕਰਿ ਤ੍ਰਿਪਤਾਸਹਿਂ[੫] । ਜਲ ਪਰ ਪਾਵਕ ਪੇਰਮ ਪ੍ਰਜਾਰਹਿਂ[੬] । ਪਾਵਕ ਚੰਦ੍ਰ ਸਦ੍ਰਿਸ ਕਰਿ ਡਾਰਹਿਂ[੭] ॥ ੩੨ ॥ ਚੰਦ ਦਿਨਿੰਦ ਮਨਿੰਦ[੮] ਬਨਾਵਹਿ । ਛਿਤਿ ਪਰ ਆਨ ਦਿਨਿੰਦ[੯] ਛੁਵਾਵਹਿ।ਛਿਤਿ ਕੌ ਬਾਯੁ ਸਮਾਨ ਚਲਾਵਹਿ। ਬਾਯੂ ਕੋ ਸਮ ਮੇਰੁ ਟਿਕਾਵਹਿ ॥੩੩॥ ਮੇਰੁਧੂਰ ਕਨ ਕਰਹਿ ਉਡਾਵਹਿ[੧੦]। ਧੂਲੀ ਕਨ ਕੋ ਸੈਲ ਬਨਾਵਹਿ[੧੧] ।ਸੈਲ ਤੁੰਗ ਥਲ ਗਰਤ ਦੇਹਿ ਕਰਿ[੧੨] । ਗਰਤ ਗਿਰੇ ਕੋ ਦੇਹਿਂ ਸੁਰਗਬਰ[੧੩]॥੩੪॥ਸੁਰਗਦੇਵ ਆਵੱਗਯਕ ਹੋਇ[੧੪]। ਗੇਰਹਿ ਨਰਕ ਨ ਬਿਲਮਹਿ ਕੋਇ।ਨਰਕ ਜਾਤਨਾ[੧੫]ਜੀਵ ਜੁ ਸਹੇਂ। ਗੁਰ

---

[੧]ਪਿਛੋਂ । [੨]ਦੇਹ ਧਾਰੀ ਬੈਠੇ ਹਾਂ। [੩]ਜੀਵਾਂ ਦੀ ਕਰਦਾ ਹੈ ਮੌਤ । [੪]ਬਾਈਸਾਲ। [੫]ਤ੍ਰਿਪਤ ਕਰ ਦੇਣ। [੬]ਜਲ ਤੇ ਅਗਨੀ ਬੜੀ ਬਾਲ ਦੇਣ । [੭]ਅਗਨੀ ਨੂੰ ਚੰਦ੍ਰਮਾਂ ਸਮਾਨ (ਠੰਢ ਦਾਤੀ) ਕਰ ਦੇਣ । [੮]ਚੰਦ ਨੂੰ ਸੂਰਜ ਵਰਗਾ । [੯]ਸੂਰਜ ਨੂੰ । [੧੦]ਸੁਮੇਰ ਪਰਬਤ ਨੂੰ ਧੂੜ ਦਾ ਕਿਣਕਾ ਕਰਕੇ ਉਡਾ ਦੇਣ । [੧੧]ਧੂੜੀ ਦਾ ਕਿਣਕਾ ਪਹਾੜ ਬਣਾ ਦੇਣ । [੧੨]ਉਚੇ ਪਹਾੜ (ਤੇ ਰਹਿਣ ਵਾਲੇ ਨੂੰ) ਖਾਤੇ ਦੇ ਥਾਂ ਕਰ ਦੇਣ । [੧੩]ਟੋਏ ਵਿਚ ਡਿਗੇ ਨੂੰ ਦੇ ਦੇਣ ਬੈਕੁੰਠ ਸ੍ਰੇਸ਼ਟ । [੧੪]ਸੁਰਗ ਦਾ ਦੇਵਤਾ ਅਵੱਗਯਾ ਕਰਨਵਾਲਾ ਹੋਵੇ ਤਾਂ । [੧੫]ਨਰਕ ਦੀ ਤਾੜਨਾ (ਪੀੜਾ) ।

*ਪਾ:—ਲਗਾਯੋ।

ਕਰੁਨਾ ਤੇ ਮੁਕਤਿ ਸੁ ਲਹੈਂ ॥੩੫॥ ਬਿਧਿ ਪ੍ਰਪੰਚ ਮਿਰਜਾਦ ਬਿਗਾਰਹਿਂ[੧] ।
ਬਿਗਰੇ ਕੀ ਮਿਰਜਾਦ ਸੁਧਾਰਹਿਂ[੨]। ਅਚਲ[੩] ਚਲਾਵੈਂ, ਚਲਤ ਬਿਰਾਵੈਂ[੪] ।
ਰਾਉ ਰੰਕ[੫],ਰੰਕ ਰਾਉ ਬਨਾਵੈਂ॥੩੬॥ ਇਮਿ ਅਚਰਜ ਸਤਿਗੁਰ ਕੇ ਖੇਲ।
ਜਿਨ ਕੋ ਕੋਇ ਨ ਸਾਕਸ ਪੇਲ[੬] । ਚਹੈਂ ਸੁ ਕਰਹਿਂ ਪ੍ਰਭੁ ਸਮਰੱਥ।ਭੰਨਨ
ਘੜਨ ਜਿਨਹੁਂ ਕੇ ਹੱਥ ॥ ੩੭ ॥ ਤਦਪਿ ਜੁ ਆਵਤਿ ਚਲੀ ਅਨਾਦਿ[੭] ।
ਰਾਖਨ ਹੇਤੁ ਰਖਹਿਂ ਮਿਰਜਾਦਿ । ਦਯਾਸਿੰਧੁ ਸਿਖ ਵਤਸਲ[੮] ਮਹਾਂ । ਜਸ
ਵਿਸਤ੍ਰਿਤਭਯੋ ਜਹਿਂਕਹਾਂ॥੩੮॥ਨਿਜ ਪੁਰਿਮੈਂ ਗੁਰ ਪੁਰਖ ਅਗਾਧਿ।ਬਰਜੀ
ਆਧਿ ਰੁ ਵ੍ਯਾਧਿ ਉਪਾਧਿ। ਤਬਿ ਅਕਬਰ ਦਿੱਲੀ ਤੇ ਆਵਾ। ਸਲਿਤਾ
ਉਤਰਿ ਸਿਵਰ ਨਿਜ ਪਾਵਾ॥੩੯॥ ਲਵਪੁਰਿ ਕੋ ਗਮਨਤਿ ਤਹਿਂ[੯] ਰਹ੍ਯੋ ।
ਨਿਕਟ ਹੋਇ ਗੁਰੂ ਕੇ ਸਿੱਖ ਕਹ੍ਯੋ'ਹਜ਼ਰਤ! ਸੋ ਸਤਿਗੁਰ ਇਸ ਪੁਰਿਹੈਂ ।
ਜਿਨ ਕੋ ਬਚਨ ਆਪਕੋ ਫੁਰਹੈ[੧੦]'॥੪੦॥ਸੁਨਿ ਅਕਬਰ ਨੇ ਰਿਦੇਬਿਚਾਰੀ
।–ਗੜ੍ਹ ਚਿਤੌੜ ਕੀ ਬਾਤ ਚਿਤਾਰੀ–। ਧਰਿ ਪ੍ਰਤੀਤ ਦਰਸ਼ਨ ਕੋ ਚਾਹ੍ਯੋ
।ਉੱਤਮ ਲੀਨ ਉਪਾਇਨ ਪਾਹ੍ਯੋ॥੪੧॥ਸੁਧਿ ਦੇਬੇ ਹਿਤ ਪਠ੍ਯੋ ਮੁਸਾਹਿਬ।
ਤੀਰ ਬਾਪਿਕਾ ਬੈਠੇ ਸਾਹਿਬ।ਬੱਲੂ ਬੋਲ੍ਯੋ ਬੰਦਤਿ ਹਾਥ। 'ਪਾਤਸ਼ਾਹ! ਇਹੁ
ਦਿੱਲੀ ਨਾਥ ॥੪੨॥ ਦਰਸ਼ਨ ਕੋ ਆਵਤਿ ਧਰਿ ਭਾਉ । ਚਹਿਯ ਪਾਂਵੜੇ[੧੧]
ਇਸ ਅਗੁਵਾਊ'।ਇਮਿ ਕਹਿ ਆਇਸੁ ਲੇ ਉਤਲਾਇਵ[੧੨]। ਰੁਚਿਰਪਟੰਬਰ
ਬਹੁ ਮੰਗਵਾਇਵ॥੪੩॥ਚਲ੍ਯੋ ਸਿਵਰ ਤੇ ਅਕਬਰ ਸ਼ਾਹੂ। ਅਸਵਾਰੀ ਤਜਿ
ਆਦਿਕ ਬਾਹੂ[੧੩]। ਤਹਿਂ ਤੇ ਕਰੇ ਪਾਂਵੜੇ ਪਾਵਨ । ਮ੍ਰਿਦੁਲ ਪਟੰਬਰ ਹਿਤ
ਸੁਖ ਪਾਵਨ॥੪੪॥ਸ਼ੁਭ ਮਤਿ ਸ਼ਾਹੁ ਬਿਲੋਕਨਿ ਕਰ੍ਯੋ।ਊਪਰ ਪਾਂਵ ਨ ਤਿਸ
ਕੇ ਧਰ੍ਯੋ।ਨਿਜ ਕਰ ਤੇ ਉਠਾਇ ਨਿਰਵਾਰੇ[੧੪] । ਗਮਨ੍ਯੋ ਪਗਨਿ ਨੰਮ੍ਰਤਾ
ਧਾਰੇ॥੪੫॥ਸ੍ਰੀ ਗੁਰ ਕੇ ਸਮੀਪ ਚਲਿ ਆਇਵ। ਅੰਗ ਬਿਭੂਖਨ ਸੰਗ ਸੁਹਾ-
ਇਵ।ਜਾਤਿਰੂਪ ਕੇ ਜਰਤੀ ਕਰੇ[੧੫]।ਜ਼ਾਹਰ ਜੋਤਿ ਜਵਾਹਰ ਜਰੇ[੧੬] ॥੪੬॥

---

[੧]ਬਿਧਾਤਾ ਦੇ ਸੰਸਾਰ ਦੀ ਮਿਰਜਾਦਾ ਵਿਗਾੜਦੇ ਹਨ, ਭਾਵ ਜੋ ਮੁਰਦੇ ਜਿਵਾ ਦੇਂਦੇ ਤੇ ਮੌਤ ਠਾਕ ਰਖਦੇ ਹਨ। [੨]ਦਰੁਸਤ ਕਰਨ। [੩]ਨਾ ਚਲਣ ਵਾਲੇ ਨੂੰ। [੪]ਚਲਦੇ ਨੂੰ ਅਸਥਿਰ ਕਰਦੇ ਹਨ। [੫]ਰਾਜੇ ਨੂੰ ਕੰਗਾਲ। [੬]ਪਰਤਾ,ਉਲਟਾ ਨਹੀਂ ਸਕਦਾ। [੭]ਪੁਰਾਣੀ (ਮਿਰਯਾਦਾ)। [੮]ਸਿਖਾਂ ਦੇ ਪਿਆਰੇ। [੯]ਭਾਵ ਗੋਇੰਦਵਾਲ। [੧੦]ਆਪ (ਲਈ) ਫੁਰਿਆ ਸੀ। [੧੧]ਪੈਰਾਂ ਹੇਠ ਵਿਛਾਉਣ ਵਾਲੇ ਬਸਤ੍ਰ। [੧੨]ਛੇਤੀ। [੧੩]ਸੈਨਾਂ [ਸੰਸ:,ਵਾਹਿਨੀ]।(ਅ) ਬਾਹਰ,(ੲ)ਸਵਾਰੀ [ਸੰਸ:,ਵਾਹਨ]। [੧੪]ਪਰੇ ਕੀਤੇ। [੧੫]ਸੋਨੇ ਦੇ ਜੜਾਊ ਕੜੇ। [ਸੰਸ:, ਜਾਤ ਰੂਪ=ਸੋਨਾ] [੧੬]ਜੜੇ ਹੋਏ।

ਦਮਕਹਿਂ ਹੀਰਾ ਅਰੁ ਗਨ ਮੋਤੀ।ਬਹੁ ਮੋਲੇ ਸ਼ੋਭਾ ਬਡ ਹੋਤੀ।ਸੁੰਦਰ ਸੂਖਮ ਬਸਤ੍ਰ ਸੁਹਾਵਤਿ।ਹੋਤਿ ਸਤ੍ਰਧਮਾਨ[1] ਚਲਿ ਆਵਤਿ॥੪੭॥ ਲਾਖਹੁਂ ਸੀਸ ਨੰਮ੍ਰਿ* ਜਿਸੁ ਆਗੇ। ਮਹਾਂ ਪ੍ਰਤਾਪਵੰਤਿ ਦੁਤਿ ਜਾਗੇ। ਕੰਚਨ ਛਰੀਦਾਰ[2] ਅਗੁਵਾਊ। ਹਾਥ ਬੈਤ ਧਾਰੀ ਸਮੁਦਾਊ॥ ੪੮ ॥ ਬਸਤ੍ਰ ਬਿਭੂਖਨ ਸੁੰਦਰ ਜਿਨ ਕੇ।ਚਹੁਂ ਦਿਸ਼ ਟੋਲਿ ਚਲਤਿ ਸੰਗ ਤਿਨ ਕੇ। ਦਰਸ਼ਨ ਕਰਤਿ ਨੰਮਿ ਹੁਇ ਬੈਠੇ। ਅਦਬ ਕਰੇ ਕਰਿ ਪਾਦ ਇਕੈਠੇ[3] ॥੪੯॥ ਕੁਸਲ ਪ੍ਰਸ਼ਨ ਕਰਿ ਆਪਸ ਬਿਖੈ। ਪ੍ਰੇਮ ਕਰੇ ਗੁਰ ਦਰਸ਼ਨ ਪਿਖੈਂ।–ਨਹੀਂ ਦੇਗ ਤੇ ਅਚਨੇ ਅਹਾਰਾ–। ਇਹੀ ਨੇਮ ਗੁਰ ਰਿਦੇ ਚਿਤਾਰਾ ॥ ੫੦ ॥ ਤੂਰਨ ਅਕਬਰ ਕੋ ਮਨ ਪੇਰਾ। ਹਾਥ ਜੋਰਿ ਬੋਲਯੋ ਤਿਸੁ ਬੇਰਾ[4]। 'ਗੁਰ ਸਾਹਿਬ! ਕਯਾ ਖਾਨਾ ਖਾਵਹੁ?।ਕਿਸ ਮਹਿਂ ਰੁਚਿ ਚਿਤ ਤੇ ਉਪਜਾਵਹੁ?'॥੫੧॥ਸਤਿਗੁਰ ਕਹਯੋ ਸੁ 'ਚਿਤ ਰੁਚਿ ਊਨਾ[5]। ਹੋਤਿ ਓਗਰਾ ਲਵਨ ਬਿਹੂਨਾ। ਤਿਸ ਕੋ ਏਕ ਬਾਰ ਕਰ ਖਾਵਨਿ[6]।ਅਸ਼ਟ ਜਾਮ ਲਗਿ ਹੁਇ ਤ੍ਰਿਪਤਾਵਨ' ॥੫੨॥ ਸੁਨਿ ਸੁਲ-ਤਾਨ ਬਿਸਮਤਾ ਪਾਇਵ।–ਬ੍ਰਿੱਧ ਦੇਹਿ ਨਹਿਂ ਓਜ ਰਹਾਇਵ। ਬਹੁਰ ਨਿਬਲ ਹੀ ਕਰਤਿ ਅਹਾਰਾ।ਕ੍ਰਾਂਤਿਵੰਤ[7] ਤਨ ਸੁਭਤਿ ਉਦਾਰਾ–॥੫੩॥ਕਰ ਜੋਰਤਿ ਕਹਿ 'ਮਿਹਰ ਕਰੀਜਹਿ। ਵਹੀ ਤੁਵੱਰਕ[8] ਮੁਝ ਕੋ ਦੀਜਹਿ। ਤੁਮ ਖੁਦਾਇ ਕੀ ਜਾਤਿ ਸੁਜਾਨੇ।ਫੁਰਹਿ ਸ੍ਰਾਪ ਬਰ ਜਥਾ ਬਖਾਨੇ॥੫੪॥ਦਰਸ਼ਨ ਪਾਇ ਭਯੋ ਮੈਂ ਧੰਨ। ਦੇਹੁ ਤਵੱਰਕ ਹੋਹੁਂ ਪ੍ਰਸੰਨ'। ਬਿਨੈ ਸ ਪ੍ਰੇਮ ਜਾਚਨਾ ਜਾਨੀ[9]।ਸੁਨਿ ਕ੍ਰਿਪਾਲ ਮੁਖ ਮਧੁਰ ਬਖਾਨੀ॥੫੫॥'ਬੱਲੂ ਹਮਰੋ ਹੈ ਜੁ ਅਹਾਰਾ। ਆਨਹੁਂ ਜਾਇ ਸੁ ਬਨਯੋ ਜਿ ਤਯਾਰਾ'। ਗਮਨਯੋ ਸ਼ੀਘ੍ਰ ਥਾਰ ਭਰਿ ਆਨਾ। ਧਰਯੋ ਸ਼ਾਹੁ ਕੇ ਅੱਗ੍ਰਯ ਖਾਨਾ ॥੫੬॥ ਕਰ ਪਖ਼ਾਰ ਮੁਖ ਪਾਯਵ ਗ੍ਰਾਸਾ[10]। ਸ੍ਵਾਦ ਅਜਾਇਬ ਜਾਨਿ ਬਿਕਾਸਾ[11]।ਜਿਤਕ ਮਧੁਰਤਾ ਉੱਤਮ ਅਹੈ।ਪ੍ਰਿਥਮ ਕਵਰ[10] ਮਹਿਂ ਸਾਦ ਸੁ ਲਹੈ॥੫੭॥ ਰੁਚਿ ਜਾਗੀ ਤਬਿ ਦੂਸਰ ਖਾਵਾ। ਤੁਰਸ਼ ਸ੍ਵਾਦ ਉੱਤਮ ਕੋ ਪਾਵਾ। ਬਿਸਮਯੋ ਸ਼ਾਹੁ–ਕਹਾਂ ਯਹਿ ਬਾਤਾ।ਦੁਤਿਯੋ ਰਸ[12] ਹੋਯਸਿ ਕਿਸ ਭਾਂਤਿ–॥੫੮॥ਬਹੁਰ ਤੀਸਰੋ ਪਾਇਸ ਕੌਰ[10]।ਸ੍ਵਾਦ ਸਲਵਣ

[1]ਉਸਤਤੀ ਵਾਨ। [2]ਚੋਬਦਾਰ। [3]ਇਕੱਠੇ ਕਰਕੇ, ਸੰਕੋਚਕੇ। [4]ਤਿਸ ਵੇਲੇ। [5]ਰੁਚੀ ਤੋਂ ਬਿਨਾ। [6]ਖਾਣਾ ਕਰਦੇ ਹਾਂ। [7]ਸੁੰਦਰ। [8]ਬਰਕਤ ਵਾਲਾ (ਪ੍ਰਸ਼ਾਦ) [ਫਾ:, ਤਬੱਰਕ]। [9]ਸਹਤ ਪ੍ਰੇਮ ਦੇ ਮੰਗਣ ਦੀ ਬੇਨਤੀ ਜਾਣਕੇ। [10]ਬੁਰਕੀ, ਗ੍ਰਾਹੀ। [11]ਅਨੰਦ ਹੋਯਾ। [12]ਦੂਜਾ ਰਸ।

*ਪਾ:–ਨਮਹਿਂ।

ਪਾਇ ਤਬਿ ਔਰ। ਚਤੁਰਥ ਮਹਿਂ ਪਾਇਸ ਕਹੁ ਪਾਇਸਿ[1]। ਜਨੌਂ ਜਨੌਂ ਅਚਿ ਤਨੌਂ ਤਨੌਂ ਬਿਸਮਾਇਸਿ ॥੫੯॥ ਖਟ ਰਸ ਕੇ ਸ਼ੁਭ ਸ੍ਵਾਦ ਜਿ ਹੋਇਂ।ਅਚਤਿ[2] ਸ਼ਾਹੁ ਨੇ ਲੀਨੇ ਸੋਇ। ਜਨਮ ਧਾਰਿ ਜੋ ਸ੍ਵਾਦ ਨ ਪਾਯੋ। ਲਵਨ ਬਿਹੀਨ ਓਗਰੋ ਖਾਯੋ ॥੬੦॥ਤ੍ਰਿਪਤਿ ਸ਼ਾਹੁ ਕਰ[3] ਬਹੁਰ ਪਖਾਰੇ। ਬਿਸਮਤਿ ਹੁਇ, ਕਰ ਜੋਰਿ ਉਚਾਰੇ। 'ਸਿਫ਼ਤ ਆਪ ਕੀ ਕਹੀ ਨ ਜਾਇ। ਆਰਫ[4] ਕਾਮਲ[5] ਸਭਿ ਸੁਖਦਾਇ॥੬੧॥ਜੇਕਰਿ ਮੋਹਿ ਪਰ ਅਨਕੂਲ[6]। ਹਰਖ ਦੇਹੁਂ[7] ਕੁਛ ਕਰੋ ਕਬੂਲ। ਜੋ ਸੇਵਾ ਤੁਮਰੀ ਹੁਇ ਜਾਇ। ਬਨਹੁਂ ਸਫਲ ਸ਼ਾਂਤੀ ਮੁਝ ਆਇ' ॥੬੨॥ਬਿਕਸਿ ਪ੍ਰਭੁ ਮੁਖ ਤਾਂ ਸੋ ਕਹੀ। 'ਕਿਸੂ ਬਸਤੁ ਕੀ ਖ਼੍ਵਾਸ਼ ਨ ਰਹੀ। ਦਿਏ ਗੁਰੂ ਨੇ ਅਤੁਟ ਭੰਡਾਰੂ। ਖਰਚਤਿ ਖਾਵਤਿ ਪਾਇ ਨ ਪਾਰੂ' ॥੬੩॥ ਸ਼ਾਹੁ ਸਹਤ ਉਮਰਾਵਨ ਫੇਰ।ਬੇਰ ਬੇਰ ਕਹਿਂ 'ਕਰਹੁ ਨ ਫੇਰ[8]'। ਕਿਤਿਕ ਗ੍ਰਾਮ ਕੋ ਪਟਾ ਲਿਖਾਇਵ।ਸ਼੍ਰੀ ਸਤਿਗੁਰ ਕੇ ਚਰਨ ਚਢਾਇਵ[9]॥੬੪॥ਇਹ ਸਭਿ ਨਿਰਨੈ ਆਗੈ ਕਰਿ ਹੈਂ।ਜਹਾਂ ਸੁਧਾਸਰ[10] ਕਥਾ ਉਚਰਿਹੈਂ। ਦੇ ਕਰਿ ਗਯੋ ਗ੍ਰਾਮ ਸੁਲਤਾਨ। ਬੈਠੇ ਸ਼ੋਭਤਿ ਗੁਰ ਭਗਵਾਨ ॥੬੫॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਬਾਲਕ ਜਿਵਾਵਨ, ਅਕਬਰ' ਪ੍ਰਸੰਗ ਬਰਨਨੰ ਨਾਮ ਤੀਨ ਸ਼ਸ਼ਟੀ ਅੰਸੂ ॥ ੬੩ ॥

੬੪.[ਬੀਬੀ ਜੀ ਨੂੰ ਸੋਨੇ ਦੀ ਇਟ। ਲੰਗੜੇ ਦੀ ਲਤ। ਸਿਖੀ ਦੀ ਰਹਿਣੀ]।

ਦੋਹਰਾ॥ ਰਾਮਦਾਸ ਹਿਤ ਗ੍ਰਾਮ ਸਭਿ ਲੀਨ ਗੁਰੂ ਮਹਾਰਾਜ॥ ਜਾਨ ਭਵਿੱਖਨਤ ਸਰਬ ਗਤਿ ਬਰਧਨ ਜਥਾ ਸਮਾਜ[11]॥ ੧ ॥ ਚੌਪਈ॥ ਸ਼੍ਰੀ ਸਤਿਗੁਰ ਇਮਿ ਭਗਤਿ ਬਿਥਾਰਤਿ। ਬਖਸ਼ਸ਼ ਕਰਤਿ ਦੇਖਿ ਕਰਿ ਆਰਤਿ। ਛੋਟੀ ਸੁਤਾ ਸੇਵ ਨਿਤਿ ਕਰੈ।ਲਖਹਿ ਪ੍ਰਭੂ[12] ਇਮਿ ਭਾਉ ਸੁ ਧਰੈ॥੨॥ਪਿਤ ਕਰਿ ਨਹਿਂ ਜਾਨਹਿ ਬਹੁ ਸਜਾਨੀ।ਭਾਉ ਭਗਤਿ ਕੋ ਤਨ ਜਨੁ ਭਾਨੀ[13]। ਮਨਹੁਂ ਕੀਰਤੀ ਰੂਪ ਕਰਜੋ ਹੈ[14]। ਕੈ ਸ੍ਰੀ ਸ਼੍ਰੀ[15] ਨਿਜ ਬੇਸੁ ਧਰਜੋ ਹੈ ॥ ੩ ॥ ਬਡ

---

[1]ਖੀਰ ਦਾ ਸੁਵਾਦ ਪਾਇਆ। [2]ਖਾਣ (ਸਮੇਂ ਵਿਚ)। [3]ਹਥ। [4]ਰਬ ਨੂੰ ਮਿਲਿਆ ਹੋਇਆ [ਅਰਬੀ, ਆਰਫ]। [5]ਪੂਰਨ [ਅ:, ਕਾਮਲ]। [6]ਕ੍ਰਿਪਾਲੂ ਹੋ। [7]ਪ੍ਰਸੰਨ ਹੋਕੇ ਮੈਂ ਦੇਂਦਾ ਹਾਂ। [8]ਬਾਰ ਬਾਰ ਕਹਿਆ (ਇਨ੍ਹਾਂ ਦੀ ਅਰਜ਼) ਮੋੜੋ ਨਹੀਂ। [9]ਚਰਨੀ ਭੇਟ ਕਰ ਦਿੱਤਾ। [10]ਅੰਮ੍ਰਿਤਸਰ ਦੀ। [11]ਭਾਵ ਪੰਥ ਨੇ ਵਧਣਾ ਹੈ। [12]ਪਰਮੇਸ਼ਰ ਰੂਪ ਜਾਣਕੇ। [13]ਮਾਨੋ ਬੀਬੀ ਭਾਨੀ ਜੀ ਭਾਉ ਭਗਤੀ ਦਾ ਹੀ ਸਰੂਪ ਹੈ। [14]ਮਾਨੋ ਕੀਰਤੀ ਨੇ ਰੂਪ ਧਾਰ ਲਿਆ ਹੈ। [15]ਪ੍ਰਤਾਪ ਸ਼ੀਲ ਲਛਮੀ ਨੇ [ਸੰ:, ਸ੍ਰੀ=ਪ੍ਰਾਪਤ ਕਰਨਾ। ਦੇਵ ਮਾਤਾ। ਭੈਰਵ]।

ਭਾਗਾ ਪਤਿਬ੍ਰਤਾ ਸੁਸ਼ੀਲਾ। ਨੰਮ੍ਰਿਭੂਤ ਨਿਤਿ ਸੁਮਤਿ ਗਹੀਲਾ[1]। ਅਪਰ ਨਿਕਟ ਕੋ ਹੋਨ ਨ ਪਾਵਹਿ।ਇਹ ਧਰਿ ਸ਼ਰਧਾ ਸੇਵ ਕਮਾਵਹਿ॥ ੪ ॥ ਜਥਾ ਪ੍ਰਸੰਨ ਹੋਹਿਂ ਪਿਤ ਹੇਰਿ। ਤਥਾ ਕਰਹਿ ਨਿਤਿ ਸੇਵ ਬਡੇਰ।ਪਹਿਰ ਰਾਤ ਤੇ ਕਰਹਿ ਸ਼ਨਾਨਾ।ਤਬਿ ਪਹੁੰਚਹਿ ਦਰਸ਼ਨ ਹਿਤ ਠਾਨਿ॥੫॥ਮਨ ਕਰਿ ਬੰਦਨ ਕਰਹਿ ਸਦੀਵ। ਪਿਤਾ ਪ੍ਰਮੇਸੁਰ ਜਾਨਹਿ ਜੀਵ[2]*। ਬਹੁਰ ਸੇਵ ਹਿਤ ਜਬਿ ਕਬਿ ਆਵੈ। ਭਾਨੀ ਕ੍ਰਿੱਤਿ[3] ਗੁਰੂ ਮਨ ਭਾਵੈ॥੬॥ ਇਕ ਦਿਨ ਬੈਠੀ ਬਨਿ ਕੈ ਦੀਨ। ਬਿਨਤੀ ਸਹਤ ਬੋਲਿਬੋ ਕੀਨ। 'ਪਿਤ ਜੀ ਬਡੇ ਸ਼ਰੀਕ ਹਮਾਰੇ। ਅਧਿਕ ਧਨੀ ਗਨ ਰਿਦੇ ਹੰਕਾਰੇ ॥੭॥ ਸਰਬ ਸ਼ਰੀਕਨ ਊਚਾ[4] ਬੋਲਹਿਂ। ਬਸਤ੍ਰਨਿ ਪਹਿਰੈਂ ਲੇ ਬਹੁ ਮੋਲਹਿਂ। ਕੰਚਨ ਕੇ ਭੂਖਨ ਬਹੁ ਪਾਵਹਿਂ।ਹਮਕੋ ਤਰਕੈਂ ਉਰ ਗਰਬਾਵਹਿਂ'॥੮॥ ਸੁਨਿ ਤਨੁਜਾ ਕੇ ਮਨ ਕੀ ਜਾਨਿ। ਬੋਲੇ ਸ੍ਰੀ ਸਤਿਗੁਰ ਭਗਵਾਨ। ਸਮੁਖ ਸ਼ਿਲਾ ਇਕ ਪਰੀ ਨਿਹਾਰੀ। 'ਇਤਿਕ ਹੇਮ ਮਹਿਂ ਹੁਇ ਸਭਿ ਕਾਰੀ ॥੯॥ ਬਸਤ੍ਰ ਬਿਭੂਖਨ ਹੋਹਿਂ ਕਿ ਨਾਂਹੀ। ਜੇ ਕਰਿ ਬਨਹਿਂ ਗਹੋ ਕਰ ਮਾਂਹੀ'। 'ਪਿਤ ਜੀ ਆਪ ਸਰਬ ਗਤਿ ਜਾਨੋ।ਸਭਿ ਬਿਧਿ ਸਮਰਥ ਚਹਹੁ ਸੁ ਠਾਨੋ'॥੧੦॥ਇਮਿ ਕਹਿ ਸ਼ਿਲਾ ਬਿਲੋਕੀ ਜਬੈ।ਦਮਕਤਿ ਹੁਈ ਹੇਮ ਕੀ ਸਬੈ। ਪਿਤ ਆਇਸੁ ਤੇ ਲੀਨਿ ਉਠਾਇ। 'ਨਿਜ ਅਰ ਸੁਤ ਕੌ ਭੂਖਨ ਪਾਇ'॥੧੧॥ ਕਹਤਿ ਭਏ ਗੁਰ ਕਰੁਨਾ ਧਾਰਿ। 'ਹਮ ਤੇ ਰਾਖਹਿਂ ਨਹੀ ਅਗਾਰ।ਹੋਹਿ ਤੁਮਾਰੇ ਐਸ੍ਵਰਜ ਭਾਰੀ। ਜਾਚਨੋ ਧਾਂਤੇ ਲੇਹੁ ਅਗਾਰੀ[5]' ॥੧੨॥ਜਨੌਂ ਜਨੌਂ ਪਿਤ ਬੋਲਤਿ ਅਨਕੂਲ[6]।ਤਨੌਂ ਤਨੌਂ ਭਾਨੀ ਹੁਇ ਸੁਖਮੂਲ। ਰਹੈ ਨੰਮ੍ਰਿ ਬਹੁ ਸੇਵ ਕਮਾਵਹਿ। ਅਨੁਸਾਰੀ ਹੁਇ ਸਦਾ ਰਿਝਾਵਹਿ॥੧੩॥

ਗੁਰ ਪੁਰਿ ਤੇ ਤ੍ਰੈ ਕੋਸਿਕ ਗ੍ਰਾਮ। ਹੁਤੋ ਕੋਇ ਤਿਲਵੰਡੀ ਨਾਮ। ਤਹਿਂ ਸਿਖ ਇਕ ਖੱਤ੍ਰੀ ਜਿਹ ਜਾਤਿ। ਇਕ ਪਗ ਹੁਤੋ ਚਲਤਿ ਲੰਗਰਾਤ ॥੧੪॥ ਨਿਤਿ ਸ਼ਰਧਾ ਧਰਿ ਦਧਿ[7] ਕੋ ਲਜਾਵਤਿ। ਧਰਤਿ ਪ੍ਰੀਤਿ ਸਤਿਗੁਰੂ ਖੁਲਾ-ਵਤਿ।ਕਰਤਿ ਸੇਵ ਬੀਤਯੋ ਚਿਰਕਾਲ। ਅਪਨੋ ਨੇਮ ਰਖਯੋ ਪ੍ਰਤਿਪਾਲ॥੧੫॥ ਜੇ ਬਰਖਾ ਬਰਖਹਿ ਬਹੁ ਭਾਰੀ†।ਆਨਹਿ ਦਧਿ ਕੋ ਲਾਇ ਨ ਬਾਰੀ। ਟੂਟੀ

---

[1]ਸ੍ਰੇਸ਼ਟ ਬੁਧੀ ਗ੍ਰਹਣ ਕਰਨ ਵਾਲੀ। [2]ਪਿਤਾ ਜੀ ਨੂੰ ਪ੍ਰਮੇਸਰ ਰੂਪ ਜਾਣਕੇ ਜੀਉਂਦੀ ਸੀ। [3]ਸੇਵਾ। [4]ਸ਼ਰੀਕਣੀਆਂ ਉਚੀ ਭਾਵ ਹੰਕਾਰ ਸਹਤ। [5]ਅਗੇ ਹੀ ਲੈ ਲਓ। [6]ਪਿਤਾ ਦੇ ਅਨੁਸਾਰ ਹੀ। [7]ਦਹੀ। *ਪਾ:-ਪਿਤਾ ਪ੍ਰਮੇਸ਼, ਨ ਜਾਨਹਿ ਜੀਵ। †ਪਾ:-ਬਾਰੀ।

ਟੈਂਗਰੀ ਕਾਸ਼ਟ[1] ਪਰ ਧਰਿ। ਸਮੈਂ ਸੀਤ ਕੇ ਲ਼ਜਾਵਤਿ ਕਰਿ ਪਰ[2] ॥ ੧੬ ॥ ਇਕ ਦਿਨ ਦਹੀ*ਲਿਯੇ ਕਰ ਚਲਯੋ। ਗ੍ਰਾਮ ਚੌਧਰੀ ਮਗ ਮਹਿਂ ਮਿਲਯੋ। ਹਾਸੀ ਕਰਿ ਤਿਨ† ਗਹਿਬੋ ਕੀਨਿ। ਲਈ ਕਾਠ ਕੀ ਟੈਂਗਰੀ ਛੀਨ ॥੧੭॥ ਕਹਤਿ ਭਯੋ 'ਨਿਤ ਗੁਰ ਢਿਗ ਜਾਵਹਿਂ। ਪ੍ਰੇਮ ਧਾਰਿ ਦਧਿ ਸਦਾ ਖੁਲਾਵਹਿਂ। ਸਾਬਤ ਟੈਂਗਰੀ ਕਰੀ ਨ ਤੋਹਿ।ਬਿਰਥਾ ਸ਼੍ਰਮ ਤੇਰੋ ਸਭਿ ਹੋਹਿ॥੧੮॥ਆਵਤਿ ਜਾਤਿ ਚਰਨ ਲੰਗਰਾਤ। ਬਹੁਤ ਖੇਦ ਧਰਿ ਪਹੁੰਚਹਿਂ ਪ੍ਰਾਤਿ। ਇਹ ਭੀ ਕਸ਼ਟ ਨ ਤੇਰੋ ਖੋਵਾ। ਕਹਾ ਅਚਰਜ ਤੁਵ ਦਿਸ਼ ਨਹਿਂ ਜੋਵਾ ॥੧੯॥ ਮ੍ਰਿਤਕ ਨਗਰ ਕੇ ਕਿਤਿਕ ਜਿਵਾਏ। ਅਜ਼ਮਤ ਜਿਨਕੀ ਜਗ ਅਜ਼ਮਾਏ[3]। ਕਹਾ ਦੁਰਮਤਿ ਤੇਰੇ ਮਹਿਂ ਜਾਨੀ।ਕ੍ਰਿਪਾਦ੍ਰਿਸ਼ਟਿ ਨਹਿਂ ਦੇਖਨ ਠਾਨੀ' ॥੨੦॥ਸੁਨਿ ਖੱਤ੍ਰੀ ਕਹਿ 'ਨਹਿਂ ਅਟਕਾਵਹੁ। ਸਮੈ ਜਾਤਿ ਬੀਤਯੋ ਇਸ ਥਾਵਹੁ[4]। ਸਤਿ-ਗੁਰ ਮੇਰੇ ਵੇ ਪਰਵਾਹੂ।ਚਹੈਂ ਸੁ ਕਰਹਿਂ ਏਕਛਿਨ ਮਾਂਹੂ॥੨੧॥ਜਿਮਿਰਜ਼ਾਇ ਤਿਨ ਕੀ ਹਮ ਹੇਰਹਿਂ। ਹਰਖਮਾਨ ਹੁਇ ਰਹੈਂ ਘਨੇਰਹਿਂ। ਭਲੋ ਜੀਵ ਕੋ ਜਿਮਿ ਹੁਇ ਜਾਇ।ਤਿਮਿ ਸਿੱਖਨ ਹਿਤ ਗੁਰੂ ਕਰਾਇਂ' ॥੨੨॥ ਇਮਿ ਕਹਿ ਜਾਚਿ ਸੁ ਲਕਰੀ ਲੀਨੀ। ਕਿਤਿਕ ਸਮੇਂ ਬੀਤੇ ਤਿਸ ਦੀਨੀ। ਟੈਂਗਰੀ ਲੰਗਰੀ ਕਾਸ਼ਟ ਪਰ ਧਰਿ।ਮਾਰਗ ਚਲਯੋ ਉਤਾਇਲ ਕੋ ਕਰਿ ॥੨੩॥ ਦੇਗ ਥਾਨ ਮਹਿਂ ਸਤਿਗੁਰ ਆਇ।ਥਾਲ ਪਰੋਸੁ ਧਰਯੋ ਅਗੁਵਾਇ। ਸਗਰੀ ਸੰਗਤਿ ਕੇਰਿ ਅਗਾਰੇ। ਕਰੇ ਪਰੋਸਨ ਬਿਬਿਧ ਅਹਾਰੇ॥੨੪॥ ਬੈਠਿ ਰਹੇ ਸਤਿਗੁਰ ਤਿਸ ਕਾਲ। ਮੁਖ ਮਹਿਂ ਗ੍ਰਾਸ ਨ ਪਾਇਂ ਰਸਾਲ। ਗੁਰ ਦਿਸ਼ ਪਿਖਿ ਕਰਿ ਸਗਰੀ ਸੰਗਤਿ।ਨਹਿਂ ਅਹਾਰ ਮੁਖ ਪਾਵਹਿ ਪੰਗਤਿ ॥੨੫॥ਬੂਝੇ ਬੱਲੂ ਦਾਸ ਜੁ ਅਹੇ। 'ਅਚਤਿ ਨਹੀਂ ਪ੍ਰਭੁ ! ਕੋ ਬਿਧਿ ਅਹੈ?। ਬੈਠੀ ਸੰਗਤਿ ਤਜਾਰ ਅਹਾਰ।ਨਹੀਂ ਗ੍ਰਾਸ ਕਿਨ ਮੁਖ ਮਹੁਂ ਡਾਰਾ'॥੨੬॥ਸੁਨਿ ਬੋਲੇ ਗੁਰ'ਅਚੈਂ ਨ ਤਬਿ ਲੌ।ਸਿਖ ਪ੍ਰੇਮੀ ਨਹਿਂ ਪਹੁੰਚੇ ਜਬਿ ਲੌ। ਰੋਕਯੋ ਗ੍ਰਾਮ[5] ਚੌਧਰੀਆਵਤਿ। ਉਪਾਲੰਭ ਜੁਤਿ ਹਾਸ[6]ਸੁਨਾਵਤਿ'॥੨੭॥ਇਤਨੇਮੈਂ ਚਲਿ ਤੂਰਨ ਆਇ ਸੁ। ਦਧਿ ਆਗੈ ਧਰਿ ਸੀਸ ਨਿਵਾਇਸੁ। ਲੇ ਸਤਿਗੁਰ ਨੇ ਅਚਯੋ ਅਹਾਰਾ। ਅਪਰ ਸਰਬ ਤ੍ਰਿਪਤੇ ਛੁਧਿ ਟਾਰ॥੨੮॥ਪਾਨਿ ਪਾਨਿ ਕਰਿ ਪਾਨ ਪਖਾਰੇ[7]।

[1]ਲੱਕੜ ਦੀ ਬਣੀ ਘੋੜੀ ਲੰਗੜਿਆਂ ਦੇ ਤੁਰਨ ਵਾਲੀ। [2]ਜਰੂਰ ਬਰਜਰੂਰ (ਅ) ਹੱਥ ਤੇ। [3]ਪਰਖਾਈ ਹੈ। [4]ਇਸ ਥਾਂ ਤੇ (ਖਲੋਤਿਆਂ) ਸਮਾਂ ਬੀਤਦਾ ਜਾਂਦਾ ਹੈ। [5]ਪਿੰਡ ਦੇ। [6]ਉਲਾਂਭੇ ਸਹਤ ਮਖੌਲ ਦੇ। [7]ਪਾਣੀ ਪੀਕੇ ਹੱਥ ਧੋਤੇ। *ਪਾ:-ਦਧੀ। †ਹਸੀ ਕਰਤਿ ਨੇ।

।ਸ਼ਰਧਾ ਪੂਰਨ ਹੇਤੁ ਉਚਾਰੇ। 'ਆਜ ਕਹਾਂ ਤੁਮ ਬਿਲਮ ਲਗਾਈ। ਆਯਵ[1] ਭੋਜਨ ਸਮੋਂ ਬਿਤਾਈ?'॥੨੯॥ਹਾਥ ਜੋਰਿ ਤਿਨ ਸਰਬ ਪ੍ਰਕਾਸ਼ੀ[2]। 'ਕਰੀ ਪੰਚ ਨੇ ਮੋ ਸੰਗ ਹਾਸੀ।–ਗੁਰ ਜੇ ਸਮਰਥ ਸੇਵ ਕਮਾਈ। ਟੰਗਰੀ ਲੰਗਰੀ ਕਸੋਂ ਨ ਬਨਾਈ॥੩੦॥ਆਵਤਿ ਜਾਤਿ ਬਾਦ ਸ਼੍ਰਮ ਕਰਜੋ। ਦੁਤਿਯ ਪੈਰ ਜੇ ਨਹਿਨ ਸੁਧਰਜੋ–।ਕਾਸ਼ਟ ਕੀ ਟੰਗੀਆ ਮਮ ਛੀਨੀ। ਕਿਤਿਕ ਦੋਰਿ ਕਰਿ ਮੁਝ ਕੋ ਦੀਨੀ॥੩੧॥ਇਸ ਬਿਧਿ ਬਿਲਮ ਲਗੀ ਮੁਝ ਆਵਤਿ। ਜਬਿ ਤਿਨ ਦਈ ਆਇ ਉਤਲਾਵਤਿ'। ਸੁਨਿਕੈ ਗੁਰ ਸਭਿ ਬਿਖੈ ਅਲਾਈ। 'ਬਾਤ ਨਹੀਂ ਹਮਰੇ ਚਿਤ ਆਈ॥੩੨॥ਸ਼ਾਹੁ ਹੁਸੈਨ[3] ਪਾਸ ਅਬਿ ਜਾਵਹੁ। ਤਿਸਤੇ ਨਿਜ ਟੰਗਰੀ ਸੁਧਰਾਵਹੁ। ਜਬਿ ਤੂੰ ਮਿਲਹਿਂ ਜਾਇ ਧਰਿ ਭਾਉ। ਪੈਹਹਿਂ ਟੰਗਰੀ ਬਿਲਮ ਨ ਕਾਉ'॥੩੩॥ਮਾਨਿ ਬਚਨ ਗੁਰ ਕੋ ਤਬਿ ਗਯੋ*। ਸ਼ਾਹੁ ਹੁਸੈਨ ਨਿਕਟ ਜਾ ਭਯੋ[4]†। ਇਸ ਪ੍ਰਕਾਰ ਤਿਹ[5]ਹੁਤੋ ਸੁਭਾਉ। ਨਿਕਟ ਜੁ ਆਵੈ ਮਾਰ ਭਗਾਉ[6]॥੩੪॥ਗੁਰ ਆਗਯਾ ਤੇ ਸਿਖ ਜਬਿ ਗਯੋ।ਇਸ ਕੋ ਨਹੀਂ ਹਤਨ ਕਿਛੁ ਕਯੋ। ਬੂਝਤਿ ਭਯੋ 'ਕਹਾਂ ਤੇ ਆਇਸਿ?'। ਸਿਰ ਨਿਵਾਇ ਇਨ ਸਕਲ ਸੁਨਾਇਸਿ ॥੩੫॥ ਹਾਥ ਬੰਦਿ ਹੁਇ ਸਨਮੁਖ ਬੈਠਯੋ। ਦੇਖਿ ਹੁਸੈਨ ਸ਼ਾਹੁ ਤਬਿ ਐਂਠਯੋ[7]।ਹਤਿਕੈ ਕੁਤਕਾ ਝਿਰਕ ਉਠਾਇਵਾਡਰਿਕਰਿ ਭਾਗ ਚਲਯੋ ਉਤਲਾਇਵ॥੩੬॥ਪ੍ਰਿਸ਼ਟ ਵੇਰ ਜਬਿ ਭਾਜਤਿ ਭਯੋ। ਚਰਨ ਦੂਸਰੋ ਤਸ ਬਨਿ ਗਯੋ। ਅਚਰਜ ਹ੍ਵੈ ਕਰਿ ਹਟਯੋ ਪਿਛਾਰੀ। ਗਹੇ ਚਰਨ ਪਰ ਰਹਯੋ ਅਗਾਰੀ[8]॥੩੭॥'ਮੁਝ ਲੰਗਰੇ ਕੀ ਟਾਂਗ ਬਨਾਈ।ਅਹੇ ਆਪਕੀ ਅਧਿਕ ਬਡਾਈ'। ਸ਼ਾਹੁ ਹੁਸੈਨ ਬੈਨਿ ਤਬਿ ਕਹੇ।'ਕਰਨ ਕਰਾਵਨ ਔਰੇ ਅਹੇ ॥ ੩੮ ॥ ਸ੍ਰੀ ਗੁਰ ਅਮਰਦਾਸ ਸਭਿ ਸ੍ਵਾਮੀ। ਕਰਹਿਂ ਆਪ ਹਮ ਦੇਂ ਬਦਨਾਮੀ[9]।ਅਬਿ ਗਮਨੋ ਰਹੀਐ ਤਿਨ ਸ਼ਰਨੀ।ਹਮ ਦਿਸ਼ ਤੇ ਕਹੁ ਪਰਨੋ ਚਰਨੀ[10] ॥੩੯॥ ਸਤਿਗੁਰ ਪਰ ਹੀ ਧਰੋ ਭਰੋਸਾ। ਹਮ ਸਮ ਦਾਸ ਅਨੇਕ ਅਦੇਸ਼ਾ[11]'।ਪਿਖ ਚਰਿੱਤ੍ਰ ਸਭਿਹੀ ਬਿਸਮਾਏ।ਅਚਰਜ ਗਤਿ ਕੁਛ ਲਖੀ ਨ ਜਾਏ॥੪੦॥ਜਬ ਖੱਤ੍ਰੀ ਆਯੋ ਚਲਿ ਪਾਸ।ਬਿਕਸੇ ਸਤਿਗੁਰ ਕ੍ਰਿਪਾ ਅਵਾਸ।

[1](ਤੂੰ) ਆਇਆ ਹੈਂ। [2]ਦੱਸੀ। [3]ਇਕ ਗੁਰੂ ਕਾ ਸਿੱਖ ਸੀ ਮੁਸਲਮਾਨ ਜਾਮੇ ਵਿਚ। [4]ਚਲਾ ਗਿਆ। [5]ਭਾਵ ਸ਼ਾਹ ਹੁਸੈਨ ਦਾ। [6]ਭਜਾ ਦਿੰਦਾ ਸੀ। [7]ਆਕੜਿਆ। [8]ਅੱਗੇ (ਸ਼ਾਹ ਹੁਸੈਨ ਦੇ)। [9]ਕਰਦੇ ਆਪ ਹਨ ਤੇ ਬਦਨਾਮੀ ਸਾਨੂੰ ਦੇਂਦੇ ਹਨ। [10]ਪੈਰੀਂ ਪਉਣਾ। [11]ਦ੍ਵੈਸ਼ ਰਹਤ (ਗੁਰੂ ਜੀ ਦੇ)। *ਪਾ:–ਗਇਉ। †ਪਾ:–ਸੁ ਭਾਇਉ।

ਮਹਾਂਰਾਜ ਸੇਵਾ ਫਲ ਦਾਤਾ। ਸਿਖ ਵਤਸਲ[1] ਦੇ ਆਤਮ ਗਯਾਤਾ॥੪੧॥ ਜਹਿਂ ਕਹਿਂ ਪੂਰਨ ਕੀਰਤਿ ਹੋਈ।ਪੀਰ ਫਕੀਰ ਪਿਖਹਿਂ ਸਭਿ ਕੋਈ।ਸੰਤ ਸਾਧ ਬੈਰਾਗੀ ਜਤੀ।ਦਰਸਹਿਂ ਸਤਿਗੁਰ ਕੋ ਸੁਭ ਮਤੀ॥੪੨॥ ਇਕ ਦਿਨ ਸੰਗਤਿ ਸਤਿਗੁਰ ਪਾਸ।ਬੈਠੀ ਹੁਤੀ ਬ੍ਰਿੰਦ ਚਹੁੰ ਪਾਸਿ।ਬੁੱਢੇ ਆਦਿਕ ਸਿੱਖ ਜੁ ਸਯਾਨੇ।ਹਿਤ ਬੂਝਨ ਕੇ ਬੈਨ ਬਖਾਨੇ ॥੪੩॥ 'ਸਿੱਖੀ ਕੀ ਰਹਿਨੀ ਜਿਸ ਢਾਲ। ਸ੍ਰੀ ਮੁਖ ਤੇ ਅਬਿ ਕਹਹੁ ਕ੍ਰਿਪਾਲ। ਜਿਸ ਮਹਿਂ ਸਿਖ ਬਰਤੇ ਗਤਿ ਲਹੈ। ਭਉਜਲ ਬਿਖੈ ਬਹੁਰ ਨਹਿਂ ਬਹੈ' ॥੪੪॥ ਸੁਨਿ ਸਸਿ ਮੁਖ ਤੇ ਸੁਧਾ ਸਮਾਨੀ।ਸਤਿਗੁਰਕਰੁਨਾਕਰੀ*ਬਖਾਨੀ।'ਗੁਰੁਬਾਕ ਦ੍ਰਿੜ੍ਹਜਿਨ ਕਰਿਮਾਨੇ। ਸੋ ਮਮ ਪਯਾਰੇ ਸਿੱਖਯ ਮਹਾਂਨੇ॥੪੫॥ਜਾਗਹਿਜਾਮ ਜਾਮਨੀ ਰਹੇ[2]।ਮੱਜਨ ਕਰਿ ਇਕੰਤ ਹੁਇ ਬਹੈ। ਮੋਰਿ ਸਰੂਪ ਰਿਦੇ ਮੋਂ ਧਾਰੇ।ਗੁਰਬਾਨੀ ਕੋ ਰਿਦੇ ਬਿਚਾਰੇ॥੪੬॥ਮਨ ਦ੍ਰਿੜ ਕਰਿਕੈ ਸੁਰਤਿ ਟਿਕਾਵੈ। ਪ੍ਰਾਤਿ ਹੋਤਿ ਲੌ ਨਾਮ ਅਲਾਵੈ। ਧਰਮ ਕਿਰਤ ਕਰਿ ਸੰਤਨ ਸੇਵੈ।ਪਰ ਤ੍ਰਿਯ ਪਰਧਨ ਕਬਹੁੰ ਨ ਲੇਵੈ ॥੪੭॥ਨਿੰਦਾ ਝੂਠ ਨ ਨਿਠੁਰ[3]ਬਖਾਨੈ।ਪਰ ਦੁਖ ਦੁਖ,ਪਰ ਸੁਖ ਸੁਖ ਮਾਨੈ[4]। ਛੁਧਾ ਬਿਨਾ ਨਹਿਂ ਖੈਬੋ ਕਰੈ। ਨੀਂਦ ਬਿਨਾ ਨਹਿਂ ਸੁਪਤਨ ਪਰੈ[5]॥ ੪੮॥ ਜੇ ਸੁਪਤਹਿ ਨਿਜ ਅਵਧਿ ਘਟਾਵਹਿ। ਛੁਧਿ ਬਿਨ ਖਾਇ ਰੋਗ ਉਪਜਾਵਹਿ।ਹੋਹਿ ਨ†ਸੱਤਿਨਾਮ ਕੋ ਸਿਮਰਨ। ਸਾਸਿ ਸਾਸਿ ਜਪੁ ਬਿਸਰ ਨ ਇਕ ਛਿਨ॥੪੯॥ਪਰਮੇਸੁਰ ਕੋ ਭਾਣੋ ਮਾਨਹਿਂ। ਨਹੀਂ ਦੋਸ਼ੁ ਪ੍ਰਭੁਮਹਿਂ ਕਬਿ ਠਾਨਹਿਂ।ਆਛੋ ਜਾਨ ਮੁਦਤਿ ਚਿਤ ਰਹੈ। ਤਨ ਹੰਤਾ ਕੋ ਨਿਤਿਪ੍ਰਤਿ ਦਹੈ॥੫੦॥ਕਾਮ ਨ ਕ੍ਰੋਧ ਨ ਲੋਭ ਨ ਧਾਰੈ। ਜਥਾ ਲਾਭ ਸੰਤੁਸ਼ਟ ਬਿਚਾਰੈ। ਆਛੋ ਕਰਮ ਦਿਖਾਇ ਨ ਚਾਹੈ। ਲਾਭ ਘਟੈ[6] ਪਾਖੰਡ ਇਸ ਮਾਂਹੈ ॥੫੧॥ ਨਾਮਦਾਨ ਇਸ਼ਨਾਨ ਨ ਤਯਾਗਹਿ।ਨਿਤਿ ਪ੍ਰਤਿਇਨਹੀਸੋਂ ਅਨੁਰਾਗਹਿ। ਹਰਿ ਗੁਰ ਕੀ ਨਿੰਦਾ ਨਹਿਂ ਸੁਨੈ। ਭਾਗਹਿ ਤਹਿਂ ਤੇ ਕੈ ਤਿਸੁ ਹਨੈ ॥੫੨॥ ਛਰ,ਮਤਸਰ[7]ਤ੍ਰਿਸ਼ਨਾ ਕੋ ਤਜਿ ਕੈ।ਨਿਜ ਆਛੇ ਜਾਨਹਿਂ ਹਰਿ ਭਜਿਕੈ[8]। ਸੁਖ ਪਰਲੋਕ ਚਾਹਿ ਕਰਿ ਸਦਾ।ਜਗ ਸੁਖ ਮਹਿਂ ਉਰਝਹਿ ਨਹਿਂ ਕਦਾ।

---

[1]ਸਿੱਖਾਂ ਦੇ ਪਿਆਰੇ। [2]ਪਹਿਰ ਰਾਤ ਰਹਿੰਦੀ। [3]ਕਠੋਰ (ਵਾਕ)। [4]ਪਰਾਏ ਦੁਖ ਨੂੰ (ਦੇਖਕੇ) ਦੁਖ ਮੰਨੇ ਤੇ ਪਰਾਏ ਸੁਖ ਨੂੰ ਸੁਖ। [5]ਸੌਣ ਲਈ ( ਲੰਮਾ ) ਨਾ ਪਵੇ ( ਸਿਖ )। [6]ਚੰਗੇ ਕਰਮ (ਦਿਖਾਉਣ ਨਾਲ) ਲਾਭ ਘਟਦਾ ਹੈ। [7]ਛਲ ਤੇ ਈਰਖਾ। [8]ਹਰੀ ਨੂੰ ਭਜਕੇ ਅਪਣਾ ਭਲਾ ਜਾਣਦੇ ਹਨ। *ਪਾ:-ਕਰੇ। †ਪਾ:-ਹੈ ਹੈ।

ਪ੩॥ਗੁਰ ਸੇਵਨ ਹਰਿ ਸਿਮਰਨ ਕਰਨੋ॥ਇਸ ਤੇ ਨੀਕੋ ਅਪਰ ਨ ਬਰਨੋ॥ ਸ਼ੁਭ ਮਤਿ ਇਨ ਕਉ ਤਜਾਗਹਿ ਨਾਂਹੀ॥ ਮਿਲਜੋ ਰਹੈ ਸਤਿਸੰਗਤਿ ਮਾਂਹੀ ॥ ਪ੪ ॥ ਗੁਰਬਾਨੀ ਸੋਂ ਮਨੁ ਅਨੁਰਾਗਹਿ। ਪਠਤਿ ਸੁਨਤਿ ਜਬਿ ਮੀਠੀ ਲਾਗਹਿ॥ਤਬਿ ਜਾਨਹਿ–ਮਮਹੁਇ ਕੱਲਜਾਨਹਿ–॥ਸੁਨਿਗੁਰ ਸ਼ਬਦ ਕਮਾਵਨ ਠਾਨਹਿ[੨]॥ਪਪ॥ਇਮਿਗੁਰ ਕਹੀ,ਸੁਨੀਦੇ ਕਾਨ॥ਗੁਰ ਸਿੱਖਨ॥ਸਿੱਖਜਨ ਸੁਖਦਾਨ॥ ਧਰੀ ਰਿਦੇ ਮਹਿਂ ਜੋ ਬਡਿਭਾਗੀ[੧]। ਸੱਤਜ ਨਾਮੁ ਜਪਿਬੇ ਲਿਵ-ਲਾਗੀ ॥ਪ੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਸਿੱਖ ਲੰਗਰੋ' ਪ੍ਰਸੰਗ ਬਰਨਨੰ ਨਾਮ ਚਤਰ ਸ਼ਸ਼ਟੀ ਅੰਸੂ ॥ ੬੪॥

੬੫. [ਭੋਜਨਾਂ ਦੀ ਅੰਸ ਚੂਲੇ ਵਿਚ। ਨਿੱਤਕ੍ਰਿਆ॥ ਬੀਬੀ ਭਾਨੀ ਤੇ ਸ੍ਰੀ ਅਰਜਨ ਜੀ ਨੂੰ ਵਰ]।

ਦੋਹਰਾ ॥ ਘਟਿ ਘਟਿ ਬਜਾਪਕ ਸਤਿਗੁਰੂ ਜਿਮ ਅਕਾਸ਼ ਸਭਿ ਮਾਂਹਿ। ਸੋ ਜਾਨਹਿਂ ਇਸ ਭੇਵ ਕੋ ਕ੍ਰਿਪਾ ਦ੍ਰਿਸ਼ਟਿ ਹੈ ਜਾਂਹਿ ॥੧॥ਚੌਪਈ॥ ਇਕ ਦਿਨ ਦੇਗ਼ ਸਬਲ ਗੁਰ ਗਏ॥ਸਿੱਖ ਸਰਬਹੀ ਸੰਗੀ ਭਏ॥ਲਵਣ ਬਿਹੀਨਓਗਰਾ ਖਾਇਵ॥ਪਾਨੀ ਪਾਨਿ ਕੀਨ ਤ੍ਰਿਪਤਾਇਵ ॥੨॥ ਖਟ ਰਸ ਕੇ ਅਹਾਰ ਸ਼ੁਭ ਭਾਂਤੀ॥ਸਤਿਸੰਗਤਿ ਅਚਵਜੈ ਕਰਿ ਪਾਂਤੀ[੨]॥ਸੂਖਮ ਓਦਨ ਪਾਇਸ[੩] ਘਨੀ॥ ਸਰਪੀ ਸਿਤਾ ਸ੍ਵਾਦ ਸੋਂ ਸਨੀ[੪]॥੩॥ਅਨਿਕ ਭਾਂਤਿ ਕੀ ਸੂਪ[੫]ਬਨਾਈ॥ਡਾਲ ਮਸਾਲੇ ਸ੍ਵਾਦ ਰਸਾਈ[੬]। ਗੋਧੂਮ ਚੂਨ ਸੁ ਫੁਲਕਾ ਕਰੈ। ਮ੍ਰਿਦੁਲ ਪਾਤਰੇ ਬਹੁ ਕਰਿ ਧਰੈ[੭]॥੪॥ ਇੱਤਜਾਦਿਕ ਸ਼ੁਭ ਹੋਤਿ ਅਹਾਰ॥ ਪਿਖਿ ਕਰਿ ਬੁੱਢੇ ਬਾਕ ਉਚਾਰ॥ 'ਸ਼੍ਰੀ ਸਤਿਗੁਰ ਜੀ ਪਰਮ ਕ੍ਰਿਪਾਲ ! ਹੋਤਿ ਅਹਾਰ ਅਨੇਕ ਰਸਾਲ॥ਪ॥ਸੋ ਸਭਿ ਸੰਗਤਿ ਅਚੈ ਸੁ ਚੀਨ। ਆਪ ਓਗਰਾ ਲਵਣ ਬਿਹੀਨ। ਇਹ ਸਿੱਖਜਨ ਕੇ ਉਚਿਤ ਨ ਕੋਈ। ਤੁਮ ਬਿਨ ਅਚਹਿਂ ਸ੍ਵਾਦ ਰਸ ਭੋਈ ॥੬॥ ਜਸੁ ਤੁਮ ਅਚਹੁ ਚਾਹਿ ਕਰਿ ਚਿਤ ਮੈਂ। ਸੋ ਸਿਖ ਅਚਹਿਂ ਰੀਤਿ ਇਹ ਹਿਤ ਮੈਂ॥ਤੁਮਰੇ ਬਿਨਾ ਖਾਹਿਂ ਨਹਿਂ ਨੀਕੋ॥ ਏਵ ਮਨੋਰਥ ਹੈ ਮਮ ਹੀ ਕੋ॥੭॥ ਬਹੁ ਦਿਨ ਕੋ ਮੈਂ ਚਾਹਤਿ ਰਹਜੋ। ਆਜ ਸੁਨਾਯੋ ਅਵਸਰ ਲਹਜੋ[੮]। ਸੁਨਿ ਪ੍ਰਸੰਨ ਬੁੱਢੇ ਪਰ ਭਏ॥ਇਸ ਪ੍ਰਕਾਰ ਕੋ ਉੱਤਰ ਦਏ॥੮॥'ਗੁਰਮੁਖ ਸੰਗਤਿ ਅਰੁ ਮਮ ਮਾਂਹੀ॥ਭੇਦ ਦੁਹਿਨ ਮੈਂ ਜਾਨੋ ਨਾਂਹੀ॥ਮੈਂ ਸੰਗਤਿ ਕੇ ਸੰਗ ਅਭੇਦ॥

---

[੧]ਜੋ ਵਡਭਾਗੀ ਸਨ। [੨]ਪੰਗਤ ਬਣਾਕੇ। [੩]ਪਤਲੇ ਚਾਵਲਾਂ ਦੀ ਖੀਰ। [੪]ਘਿਉ ਤੇ ਖੰਡ ਦੇ ਸਵਾਦ ਨਾਲ ਮਿਲੀ ਹੋਈ। [੫]ਰਸੋਈ। [੬]ਸ੍ਵਾਦ ਵਿਚ ਰਸਾਈ ਹੋਈ, ਭਾਵ ਸ੍ਵਾਦ ਦਾਰ ਕੀਤੀ ਹੋਈ। [੭]ਨਰਮ ਤੇ ਬਹੁਤ ਪਤਲੇ ਤਿਆਰ ਕਰ ਰਖੇ। [੮]ਸਮਾਂ ਪਾ ਕਰਕੇ।

ਸੁਖ ਤੇ ਸੁਖੀ,ਖੇਦ ਤੇ ਖੇਦਾ॥੯॥ਜੋ ਸੰਗਤਿ ਰੁਚਿ ਕਰਤਿ ਅਹਾਰਾ। ਸੋ ਮੁਝ ਪਹੁੰਚੈ ਸ੍ਵਾਦਲ ਸਾਰਾ'।ਕਰਤੇ ਚੁਰਾ ਬਚਨ ਇਮਿ ਕਹੈ[੧]। 'ਦੇਖੋ ਮੁਖ ਮੇਰੇ ਮਹਿਂ ਅਹੈ'॥੧੦॥ ਕਰਿਕੈ ਚੁਰਾ ਦਿਖਾਵਨ ਕੀਨਾ। ਸਕਲ ਅਸਨ ਕਨ[੨] ਤਿਸ ਮਹਿ ਚੀਨਾ। ਪਾਇਸ ਆਦਿਕ ਦੇਖਨਿ ਕਰੇ। ਸਭਿ ਮਹਿਂ ਗੁਰੂ ਰੂਪ ਨਿਜ ਧਰੇ[੩]॥੧੧॥ਆਪ ਅਚਾਵਹਿਂ ਅਚਵਹਿਂ ਆਪੇ। ਆਪੇ ਸਭਿ ਘਟ ਥਾਪ ਉਥਾਪੇ। ਸਗਰੀ ਅੰਨ ਅੰਸ਼ ਦਿਖਰਾਈ। ਪੁਨ ਸ਼੍ਰੀ ਸਤਿਗੁਰ ਬਰਨ* ਸੁਨਾਈ॥੧੨॥ਦੰਤਨ ਜਾੜ੍ਹਨ[੪]ਮਹਿਂ ਲਗਿ ਜੋਈ।ਸਿਖ ਕੋ ਕੀਨ ਦਿਖਾਵਨ ਸੋਈ। 'ਪਰਮ ਹਿਤੂ ਬ੍ਰਿਧ! ਤੂੰ ਬੁਧਿਵੰਤਾ। ਨਿਸ਼ਚੈ ਮੇਰੋ ਇਹੀ ਮਤੰਤਾ॥੧੩॥ ਸੰਗਤ ਅਚਹਿ ਪ੍ਰੇਮ ਕੇ ਨਾਲ। ਸੋ ਮੁਝ ਪਹੁੰਚਹਿ ਸਭਿ ਹੀ ਕਾਲ। ਸੰਗਤਿ ਮੋ ਬਿਨ ਦੂਸਰ ਨਾਂਹੀ। ਏਕ ਰੂਪ ਜਾਨਹੁ ਮਨ ਮਾਂਹੀ'॥੧੪॥ਸੁਨਿ ਕਰਿ ਬ੍ਰਿੱਧ ਬਚਨ ਸਤਿਗੁਰ ਕੇ। ਮਹਾਂ ਪ੍ਰਮੋਦ ਪ੍ਰੇਮ ਜੁਤਿ ਧਰਿਕੇ। ਚਰਨ ਕਮਲ ਪਰ ਸੀਸ ਟਿਕਾਯੋ। ਸੁਜਸ ਬਿਸਾਲ ਕਰਤਿ ਹੁਲਸਾਯੋ ॥ ੧੫ ॥ ਸੰਗਤਿ ਅਧਿਕ ਬ੍ਰਿਧੀ ਗੁਰ ਕੇਰੀ।ਸ਼ੁਭ ਮਤਿ ਪ੍ਰਾਪਤਿ ਭਈ ਬਡੇਰੀ।ਸਿੱਖੀ ਰੀਤਿਮਹਿਦ ਵਿਸਤਾਰੀ।ਬਿਸੈ ਬਾਸ਼ਨਾ[੫]ਸਭਿ ਨਿਰਵਾਰੀ†॥੧੬॥ਸਤਿਗੁਰ ਨੇਮ ਸਦਾ ਨਿਰਬਾਹੈਂ।ਜਾਮੁ ਜਾਮਨੀ ਜਾਗਨ ਕਾ ਹੈਂ।ਉਠਹਿਂ ਕ੍ਰਿਆ ਨਿਤਿ ਕੀ ਕਰਿ ਸਾਰੀ। ਕਰਹਿਂ ਸੌਚਸੰਗ ਮ੍ਰਿਤਕਾ ਬਾਰੀ॥ ੧੭ ॥ ਪੁਨ ਮੱਜਹਿਂ, ਪਹਿਰਹਿਂ ਪਟ ਨਿਰਮਲ। ਬੈਠਹਿਂ ਸਤਿਗੁਰ ਹੁਇ ਇਕੰਤ ਥਲ। ਬ੍ਰਿਤਿ ਟਿਕਾਇ ਨਿਜ ਰੂਪ ਮਝਾਰੀ। ਲੇਹਿਂ ਅਨੰਦ ਤਿਸ ਕੋ ਹਿਤਕਾਰੀ[੬] ॥੧੮॥ ਭੋਰ ਹੋਤਿ ਲੌ ਬ੍ਰਿਤੀ ਟਿਕਾਵੈਂ।ਅਵਿਚਲ ਅਨੰਦ ਰੂਪ ਹੁਇ ਜਾਵੈਂ।ਦਿਵਸ ਚੜੇ ਸਿੱਖ ਹੁਇ ਸਮੁਦਾਇ।ਦਰਸਹਿਂ ਸੇਵਹਿਂ ਸੁਖ ਕੋ ਪਾਇ॥੧੯॥ ਸ਼ਬਦ ਰਬਾਬੀ ਗਾਵਨਿ ਕਰੈਂ।ਸੰਗਤਿ ਸਹਤ ਸੁਨਹਿਂ ਮੁਦ ਧਰੈਂ। ਚਿਰੰਕਾਲਲਗ ਠਾਂਢੇ ਰਹੈਂ।ਕਿਲਕ ਭੀਤ ਮਹਿਂ‡ਕਰ ਸੋਂ ਗਹੈਂ[੭]॥੨੦॥ਮਹਾਂ ਬ੍ਰਿੱਧ ਜੀਰਨ[੮] ਤਨ ਹੋਇ।ਤਪ ਕੋ ਤਪਹਿਂ ਪਿਖਹਿ ਸਭਿ ਕੋਇ§।ਦੇਗ਼ ਸੁ ਤਯਾਰ ਹੋਇਹੈ

[੧]ਚੁਲਾ ਕਰਦਿਆਂ ਏਹ ਬਚਨ ਕਹੇ ਸਨ। [੨]ਸਾਰੇ ਭੋਜਨਾਂ ਦੇ ਕਿਣਕੇ। [੩]ਸਾਰੇ ਸਿੱਖਾਂ ਵਿਚ ਗੁਰੂ ਜੀ ਆਪਣਾ ਰੂਪ ਧਾਰਦੇ ਹਨ। [੪]ਦੰਦਾਂ ਤੇ ਦਾੜ੍ਹਾਂ। [੫]ਵਿਸ਼ਿਆਂ ਦੀ ਵਾਸ਼ਨਾਂ। [੬]ਤਿਸ ਹਿਤਕਾਰੀ ਅਨੰਦ ਨੂੰ ਲੈਂਦੇ ਹਨ (ਅ) (ਤਿਸ=) ਨਿਜ ਨੂੰ ਜੋ (ਨਿਜ ਸਰੂਪ ਵਿਚ ਟਿਕਣ ਦਾ) ਅਨੰਦ ਪਿਆਰਾ (ਲਗਦਾ) ਹੈ। [੭]ਕਿੱਲੀ ਕੰਧ ਵਿਚ ਸੀ (ਉਸਨੂੰ) ਹਥ ਨਾਲ ਫੜਨ। [੮]ਜਰਜਰਾ,ਪੁਰਾਤਣ। *ਪਾ:-ਬਚਨ। †ਪਾ:-ਜਨਹਿ ਬਿਸਾਰੀ। ਜਨ ਕੀ ਟਾਰੀ। ਜਨੁ ਰਿਦ ਟਾਰੀ। ਸਭਨ ਨਿਵਾਰੀ। ‡ਪਾ:-ਕੋ। §ਪਾ:-ਪ੍ਰਭੁ ਸੋਇ।

ਜਬੈ। ਸੰਗਤਿ ਸਹਤ ਅਚਹਿਂ ਗੁਰ ਤਬੈ ॥੨੧॥ ਇਕ ਦਿਨ ਜਾਗੇ ਪ੍ਰਭੁ ਕ੍ਰਿਪਾਲ।ਕਰੀ ਸੌਚ ਮੱਜੋ ਤਿਸ ਕਾਲ। ਹਿਤ ਦਰਸ਼ਨ ਕੇ ਤਨੁਜਾ ਭਾਨੀ। ਪਹੁੰਚੀ ਨਿਕਟ ਭਗਤਿ ਜਿਹ ਭਾਨੀ[੧] ॥੨੨॥ ਤਬਿ ਚੌਂਕੀ ਪਰ ਸਤਿਗੁਰ ਚਰੋ।ਧ੍ਯਾਨ ਧਰਨ ਹਿਤ ਬੈਠਬਿ ਕਰੋ।ਦੌਨੁ ਬਿਲੋਚਨ ਮੁੱਦ੍ਰਿਤ ਕਰਿਕੈ। ਅੰਤਰਮੁਖੀ ਬ੍ਰਿੱਤਿ ਕੋ ਧਰਿ ਕੈ॥੨੩॥ਹੁਇ ਅਡੋਲ ਤਬਿ ਲਾਇ ਸੁ ਧ੍ਯਾਨ। ਸ਼ੰਭੁ ਸਮਾਨ ਗੁਰੁਭਗਵਾਨ। ਹੁਤੋ ਹੀਨ ਚੌਂਕੀ ਇਕ ਪਾਵ॥ ਪਿਖਿ ਭਾਨੀ ਮਨ ਇਮਿ* ਠਹਿਰਾਵ॥੨੪॥-ਹਾਲਹਿਂ ਪਿਤ। ਇਤਹੁੰ ਜਬਿ ਹੋਇ।ਚੌਕੀ ਡੋਲ ਜਾਇ ਥਿਤ ਜੋਇ। ਛੁਟਹਿ ਸਮਾਧਿ ਅਰਾਧ ਅਗਾਧੂ[੨]। ਜਿਸ ਹਿਤ ਜੋਗੀ ਜਤਨ ਸੁ ਸਾਧੂ[੩]॥੨੫॥ ਪਰਹਿ ਵਿਖੇਪ[੪] ਧ੍ਯਾਨ ਕੇ ਮਾਂਹੀ। ਬਿਰਤਿ ਅਡੋਲ ਟਿਕਹਿ ਤਬਿ ਨਾਂਹੀ-।ਅਪਰ ਵਸਤੁ ਤਹਿਂ ਪਾਇ ਨ ਕੋਈ। ਪਾਵੇ ਤਰੇ ਧਰੇ ਹਿਤ ਜੋਈ॥੨੬॥ ਚਹੁੰਦਿਸ਼ ਦ੍ਰਿਗਨ ਚਲਾਇ ਨਿਹਾਰਾ। ਨਹਿਂ ਸਮੀਪ,ਜੋਦੇਹਿ ਅਧਾਰਾ।ਉਤਲਾਵਤਿ ਨੇ ਦੀਨਸਿ ਹਾਥ।ਨਹਿਂ ਡੋਲੈਚੌਂਕੀ ਤਿਹ ਸਾਥ॥੨੭॥ਚਹੁੰ ਪਾਵੇ ਪਰ ਇਕ ਸਮ ਭਾਰੁ। ਹੋਤਿ ਭਯੋ ਸਭਿ ਲੀਨ ਸਹਾਰੁ।ਤਨੁ ਇਸਤ੍ਰੀ ਕਰਿ ਕੋਮਲ ਕਰ ਹੈ[੫]। ਭਯੋ ਭਾਰ ਤੇ ਪੀੜਤ ਤਰ ਹੈ[੬]॥੨੮॥ਤਊ ਨ ਕਰਯੋ ਡੁਲਾਵਨ ਕਰਕੋ।ਬੈਠੀਰਹੀ ਧੀਰ ਧਰਿ†ਉਰਕੋ। ਪਾਵਾ।ਰਹਯੋ ਹਥੇਰੀ ਗਡਿਕੈ।ਨਹੀਂ ਨਿਕਾਸਤਿ ਤਿਹ‡ਬਲ ਛਡਿਕੈ॥੨੯॥ ਪੁਰਖਨ ਕੋ ਦੁਸ਼ਕਰਿ[੭] ਬਹੁ ਜੋਈ। ਭਗਤਿ ਪਿਤਾ ਕੀ ਹਿਤ ਕਿਯ ਸੋਈ। ਪ੍ਰਾਤਿ ਹੋਤਿ ਲਗਿ ਨਾਂਹਿਨ ਹਾਲੀ। ਮਨਹੁੰ ਮੂਰਤੀ ਚਿੱਤ੍ਰ ਨਿਕਾਲੀ ॥੩੦॥ ਭੁਜਾ ਸੂੰਨ ਕੰਧੇ ਲਗ ਭਈ[੮]। ਉਤਰਯੋ ਰੁਧਿਰ ਲਾਲ ਹੁਇ ਗਈ। ਧ੍ਯਾਨ ਹਟਾਵਨਿ ਸਮੋ ਭਯੋ ਜਬਿ। ਕਮਲ ਬਿਲੋਚਨ ਬਿਗਸਤਿ ਭੇ ਤਬਿ॥੩੧॥ ਬੈਠੀ ਸੁਤਾ ਸਮੀਪ ਨਿਹਾਰੀ।ਬਹੁਰੋ ਦ੍ਰਿਸ਼ਟਿ ਭੁਜਾ ਪਰ ਡਾਰੀ।ਭੂਲ ਨਸਾ ਸ਼ੋਨਤ ਭਰਿ ਰਹਯੋ[੯]। ਸ੍ਰੀ ਸਤਿਗੁਰ ਬੂਝਨ ਹਿਤ ਕਹਯੋ॥੩੨॥'ਇਹੁ ਕਯਾ ਕੀਨ ਰਹੀ ਕਯੋਂ ਬੈਸੀ ?। ਭੁਜ ਪਰ ਪੀੜਨਿ[੧੦] ਦੀਖਤਿ ਐਸੀ'। ਸੁਨਿ ਬੋਲੀ ਬਡਭਾਗਾ ਭਾਨੀ।'ਪਿਤ ਜੀ ! ਪਾਵੇ ਹੀਨ ਪਛਾਨੀ[੧੧]॥੩੩॥ਨਿਕਟ

[੧]ਜਿਸਦੀ ਭਗਤੀ ਭਾਈ ਹੈ (ਗੁਰੂ) ਜੀ ਨੂੰ। [੨]ਅਗਾਧ ਦੀ ਅਰਾਧਨਾਂ ਦੀ ਸਮਾਧੀ। [੩]ਸਾਧ ਦੇ ਭਾਵ ਕਰਦੇ ਹਨ। [੪]ਡੁਲਾਉ, ਛੋਭ। [੫]ਇਸਤ੍ਰੀ ਦਾ ਸਰੀਰ ਹੋਣ ਕਰਕੇ ਹਥ ਕੋਮਲ ਹਨ। [੬]ਹਥ ਵਧੇਰੇ ਪੀੜਤ ਹੋਇਆ ਹੇਠਾਂ (ਚੌਂਕੀ ਦੇ ਹੋਣ ਕਰਕੇ)। [੭]ਕਠਨ। [੮]ਬਾਂਹ ਮੋਢੇ ਤਕ ਸੁੰਨ ਹੋ ਗਈ (ਭਾਵ ਸੌਂ ਗਈ)। [੯]ਨਾੜਾਂ ਫੁਲੀਆਂ, ਲਹੂ ਭਰ ਰਿਹਾ। [੧੦]ਪੀੜਾ। [੧੧](ਚੌਂਕੀ) ਪਾਵੇ ਬਿਨਾਂ ਦੇਖੀ ਮੈਂ। *ਪਾ:-ਇਹ। †ਪਾ:-ਕਰਿ। ‡ਪਾ:-ਇਹ।

ਬਿਲੋਕਨ ਕਛੂ ਨ ਕੀਨ।ਜਾਂਤੇ ਹਾਥ ਤਰੇ ਮੈਂ ਦੀਨ।ਡੋਲੇ ਤੇ ਸਮਾਧਿ ਛੁਟਿ ਜਾਇ।ਰਾਖੀ ਯਾਂਤੇ ਸਥਿਤ ਟਿਕਾਇ'॥੩੪॥ਤਬਿ ਸ੍ਰੀ ਸਤਿਗੁਰ ਤਰੇ ਉਤ-ਰਿਕੈ। ਹਾਥ ਨਿਕਾਸਨੋ ਪ੍ਰੇਮ ਨਿਹਰਿਕੈ। ਗਰਤ[1] ਹਥੇਰੀ ਬਿਖੇ ਨਿਹਾਰਾ। ਕਹਨੋ'ਖੇਦ ਬੀਬੀ ਕਿਮਿ ਧਾਰਾ?'॥੩੫॥'ਪਿਤਜੀ!ਹਮਰੀ ਮਤਿਅਨਜਾਨੀ। ਹੋਇ ਨ ਸਕਹਿ ਸੇਵ ਗੁਨਖਾਨੀ।ਨਿਸਬਾਸੁਰ ਮੈਂ ਰਹਤਿ ਬਿਸੂਰਤ। ਅਹੋ ਆਪ ਪਰਮੇਸ਼ੁਰ ਮੂਰਤਿ॥੩੬॥ਸਫਲ ਨੇਤ੍ਰ ਜੋ ਦਰਸ਼ਨ ਕਰੇ।ਹਾਥ ਸਫਲ ਟਹਿਲ ਜੁ ਅਨੁਸਰੇ। ਰਿਦਾ ਸਫਲ ਜਿਸ ਮਹਿਂ ਤੁਮ ਬਾਸੋ। ਚਰਨ ਸਫਲ ਤੁਮ ਹਿਤ ਚਲਿ ਜਾਸੋ[2]॥੩੭॥ ਸਕਲ ਸਰੀਰ ਸਫਲ ਬਡਭਾਗੋ। ਜੋ ਰਾਵਰ ਕੀ ਸੇਵਾ ਲਾਗੋ'। ਸੁਨਿ ਤਨੁਜਾ ਕੇ ਬਚਨ ਸੁਹਾਏ। ਪਿਖਿ ਦੁਸ਼ਕਰਮ[3]ਕੀਨਿ ਜਿਸੁ ਭਾਏ॥੩੮॥ਹੁਇ ਪ੍ਰਸੰਨ ਬਰ ਦਯੋ ਸੁਜਾਨਾ। 'ਸੰਤਤਿ ਤੇਰੀ ਬਧੈ ਮਹਾਂਨਾ।ਸਕਲ ਜਗਤ ਕੀ ਹੋਵਹਿਂ ਪੂਜ। ਜੈਸੇ ਚਢਹਿ 'ਚੰਦ੍ਰਮਾਂ ਦੂਜ॥੩੯॥ ਬਡ ਐਸ੍ਵਰਜ ਬਧਹਿ ਤਿਮ ਆਗੇ। ਜੋ ਤ੍ਰਿਨ ਸੇਵਹਿ ਸੋ ਵਡ-ਭਾਗੇ।ਆਗੇ ਬੰਸ ਬਿਖੇ ਨਿਪਜੈਹੈਂ[4]। ਮਹਾਂ ਬਲੀ ਸੇ ਜਗ ਮਹਿਂ ਹ੍ਵੈ ਹੈਂ॥੪੦॥ ਸ਼ਸਤ੍ਰ ਗਹੈਂ ਦੁਸ਼ਟਨ ਕੋ ਘਾਵਹਿਂ। ਅਪਨੋ ਅਧਿਕ ਪ੍ਰਤਾਪ ਬਧਾਵਹਿਂ। ਪਰਮ ਧਰਮ*ਪੀਰੀ ਅਰੁ ਮੀਰੀ।ਧਰਹਿਂ ਆਪ ਦੇ,ਅਪਰ ਤਗੀਰੀ[5]॥੪੧॥ ਕਲਜੁਗ ਮਹਿਂ ਜਹਿਂ ਕਹਿਂ ਜੈਕਾਰੋ। ਕਰਹਿਂ ਉਧਾਰਨ ਨਰਨ ਹਜ਼ਾਰੋ। ਸੋਢਿਬੰਸ ਕਹੁ ਬਡਿ ਬਡਿਆਈ।ਤੈਂ ਕਰਿ ਭਗਤਿ ਭਲੇਅਬਿ ਪਾਈ॥੪੨॥ ਤੀਨੋ ਕਾਲ ਬਿਖੈ ਤੁਝ ਜੈਸੀ। ਹੁਈ,ਨ ਹੈ, ਹੋਵਹਿਗੀ ਐਸੀ।ਪਿਤਾ ਗੁਰੂ, ਜਗ ਗੁਰ ਹੁਇ ਕੰਤਾ।ਪੁੱਤ੍ਰ ਗੁਰੂ,ਹੁਇ ਪੌਤ੍ਰ ਮਹੰਤ[6]॥੪੩॥ਕਯਾ ਅਬਿ ਕਹੈਂ ਤੋਰ ਬਡਿਆਈ। ਜਿਸਕੀ ਸਮ ਕੋ ਹ੍ਵੈ ਨ ਸਕਾਈ'। ਅਤਿ ਪ੍ਰਸੰਨ ਸ੍ਰੀ ਅਮਰ ਕ੍ਰਿਪਾਲ।ਇੱਤਯਾਦਿਕ ਬਰ ਦਿਯੋ ਬਿਸਾਲ॥੪੪॥ਸੁਨਿ ਕਰ ਜੋਰਤਿ ਉਰ ਸਨਿਮਾਨੀ[7]†। ਬਡਭਾਗਨ ਨੇ ਬੰਦਨ ਠਾਨੀ। ਪਿੰਤ ਬਾਨੀ ਸਾਚੀ ਨਿਤਿ ਜਾਨੀ।ਬਰ ਦੇਵਨ ਤੇ ਬਹੁ ਹਰਖਾਨੀ॥੪੫॥ਆਇਸੁ ਲੇ ਗ੍ਰਿਹ ਬਿਖੇ

[1]ਟੋਆ। [2]ਜਾਵੇ। [3]ਔਖਾ ਕੰਮ। [4]ਉਪਜਣਗੇ। [5]ਅਪਰ=ਪੂਰਬਲੀ। ਤਗੀਰੀ=ਬਦਲਨਾ। ਭਾਵ ਪੂਰਬਲੀ ਰੀਤੀ ਬਦਲ ਦੇਣਗੇ। [ਫਾ:,ਤਗ਼ੱਯਰ] (ਅ) ਤਗੀਰੀ=ਵਿਦੇਗੀ। ਮੀਰੀ ਪੀਰੀ ਦੋਵੇਂ ਆਪ ਧਾਰਨਗੇ, ਹੋਰਨਾਂ ਨੂੰ ਵਿਦੇਗੀ ਦੇ ਦੇਣਗੇ, ਭਾਵ ਓਹਨਾਂ ਜੇਹਾ ਮੀਰ ਪੀਰ ਕੋਈ ਨਹੀਂ ਹੋਵੇਗਾ। [6]ਭਾਵ, ਮੀਰੀ ਪੀਰੀ ਦਾ ਮਾਲਕ (ਗੁਰੂ)। [7]ਹੱਥ ਜੋੜਕੇ ਰਿਦੇ ਵਿਚ (ਗੁਰੂ ਜੀ ਦਾ) ਸਨਮਾਨ ਕੀਤਾ। *ਪਾ:-ਪਰਮ ਪਰਮ। †ਪਾ:-ਸ਼ਰਮਾਨੀ।

ਸਿਧਾਈ। ਸਰਬੋਤਮ ਪਦ ਕੋ ਨਿਜ ਪਾਈ। ਸਦਾ ਭਗਤਿ ਕੇ ਬਸਿ ਗੁਰ ਸ੍ਵਾਮੀ। ਦੇਤਿ ਅਦੇਯ[1] ਜੁ ਅੰਤਰਜਾਮੀ ॥੪੬॥ ਏਕ ਦਿਵਸ ਸ੍ਰੀ ਅਰਜਨ ਲਘੁ ਬਯ। ਖੇਲਤਿ ਅਜਰ ਬਿਖੈ ਇਤ ਉਤ ਹੁਯ। ਬਾਲਕ ਗੁਰ ਢਿਗ ਜਾਇ ਨ ਕੋਊ। ਬਰਜੇ ਹੁਤੇ ਪ੍ਰਿਥਮ ਹੀ ਸੋਊ ॥੪੭॥ 'ਸ਼ਮਸ ਬਿਹੀਨੋ ਜਾਇ ਨ ਪਾਸ'। ਅਸੁ ਆਇਸੁ ਗੁਰ ਕਰੀ ਪ੍ਰਕਾਸ਼। ਤਬਿ ਸ੍ਰੀ ਅਰਜਨ ਸਹਿਜ ਸੁਭਾਇ। ਜਨਨੀ ਪਿਤ ਕੇ ਗ੍ਰਿਹਿ ਦਿਸ਼ ਜਾਇ ॥੪੮॥ ਅੰਤਰ ਪ੍ਰਵਿਸ਼ੇ ਤਹਿਂ ਲਗ ਗਏ। ਗੁਰ ਪ੍ਰਯੰਕ ਪਰ ਜਹਿਂ ਥਿਤ ਥਿਏ। ਪੌਢਨ ਸਮੈਂ ਹੁਤੋ ਸਭਿ ਜਾਨ। ਸੇਵਕ ਨਿਕਟ ਥੋਰਈ ਥਾਨ[2] ॥੪੯॥ ਭਾਨੀ ਨੇ ਸੁਤ ਜਾਤਿ ਨਿਹਾਰਾ। ਧਾਈ ਗਹਿਨ ਹੇਤੁ ਡਰ ਧਾਰਾ। ਖੇਲਤਿ ਲਗੀ ਦੇਹ ਬਹੁ ਮਾਟੀ। ਠਾਂਢੋ ਗਹੇ ਪਲੰਘ ਕੀ ਪਾਟੀ[3] ॥੫੦॥ ਆਵਤਿ ਜਨਨੀ ਲਗ ਤਹਿਂ ਗਯੋ। ਸੰਗ ਪਲੰਘ ਕੇ ਠਾਂਢੋ ਭਯੋ। ਗਹਿਨ ਹੇਤ ਜਬਿ ਨਿਕਟ ਸਿਧਾਰੀ। ਪਿਖਿ ਕ੍ਰਿਪਾਲ ਨੇ ਗਿਰਾ ਉਚਾਰੀ ॥੫੧॥ 'ਨਹਿਂ ਲੇ ਜਾਹੁ ਰਹਿਨ ਦਿਹੁ ਖਰਯੋ'। ਜੁਗ ਕਰਿ ਸੋਂ ਗੁਰ ਗਹਿਬੋ ਕਰਯੋ। ਊਪਰ ਕੋ ਉਠਾਇ ਤਬਿ ਤੋਲਯੋ। ਗੁਰੁਵ[4] ਭਾਰ ਲਖਿ ਸ੍ਰੀ ਮੁਖ ਬੋਲਯੋ ॥ ੫੨ ॥ 'ਭਾਰੀ ਗੁਰ ਜਗ ਮਹਿਂ ਬਿਦਤੈ ਹੈ। ਬਾਨੀ ਕੋ ਬੋਹਿਥ ਬਡ ਹ੍ਵੈ ਹੈ*'। ਤਬਿ ਸ੍ਰੀ ਅਰਜਨ ਚਰਨ ਉਠਾਇਵ। ਊਪਰ ਧਰਨ ਪ੍ਰਯੰਕ ਲੁਭਾਇਵ ॥ ੫੩ ॥ ਗੁਰੂ ਦੇਖਿ ਕਰਿ ਬਾਕ ਬਖਾਨੇ। 'ਅਬਿ ਤੇ ਹੀ ਗਾਦੀ ਲਲਚਾਨੇ। ਅਪਨੇ ਪਿਤਾ ਪਾਸ ਤੇ ਲੀਜਹਿ। ਤਬਿ ਲਗੁ ਧੀਰਜ ਧਾਰਿ ਬਿਰੀਜਹਿ' ॥ ੫੪ ॥ ਸੁਨਿ ਕਰਿ ਪਿਤਾ ਬਾਕ ਅਨਕੂਲੇ[5]। ਅਧਿਕ ਕ੍ਰਿਪਾ ਲਖਿ ਮਨ ਮਹਿਂ ਫੂਲੇ। ਲਘੁ ਸੁਤ ਕੋ ਗੁਰ ਚਰਨਨ ਪਾਇਵ। ਲੇ ਕਰਿ ਗੋਦ ਪ੍ਰਮੋਦਤਿ[6] ਲਸਾਇਵ ॥੫੫॥ ਤੀਨਹੁਂ ਪੁੱਤ੍ਰਨ ਕੋ ਪ੍ਰਤਿਪਾਰਤਿ। ਪਿਤ ਸੇਵਾ ਮਹਿਂ ਪ੍ਰੀਤੀ ਧਾਰਤਿ। ਤਿਮ ਹੀ ਰਾਮ ਦਾਸ ਬਡਭਾਗੋ। ਨਿਸ ਬਾਸੁਰ ਸੇਵਾ ਮਹੁਂ ਲਾਗੋ ॥੫੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਬੀਬੀ ਭਾਨੀ ਪ੍ਰਸੰਗ' ਬਰਨਨੰ ਨਾਮ ਪੰਚ ਸ਼ਸ਼ਟੀ ਅੰਸੂ ॥੬੫॥

੬੬. [ਭਾਈ ਪਾਰੋ ਪ੍ਰਲੋਕ ਗਮਨ। ਮੋਹਰੀ ਜੀ ਨੂੰ ਲੱਖ ਟਕਾ ਦਿਖਾਇਆ]।

ਦੋਹਰਾ ॥ ਇਕ ਦਿਨ ਸ੍ਰੀ ਸਤਿਗੁਰੂ ਜੀ ਅਮਰਦਾਸ ਸੁਖ ਰਾਸਿ। ਕਰਯੋ

---

[1]ਨਾ ਦੇਣ ਵਾਲੀ, ਦੁਰਲੱਭ। [2]ਸੌਣ ਦਾ ਸਮਾਂ ਹੁੰਦਾ ਜਾਣਕੇ ਸਾਰੇ ਸਮੀਪੀ ਸੇਵਕ ਥੋੜੀ ਥਾਉਂ ਤੇ (ਭਾਵ ਵਿੱਥ ਤੇ) ਸਨ। (ਅ) ਸੌਣ ਦਾ ਸਮਾਂ ਹੁੰਦਾ ਜਾਣਕੇ ਥੋੜੇ ਹੀ ਸੇਵਕ ਸਨ ਉਸ ਥਾਂ ਤੇ। [3]ਬਾਹੀ। [4]ਭਾਰੀ। [5]ਪਿਤਾ ਜੀ ਦੇ ਅਨੁਕੂਲ ਬਚਨ (ਬੀਬੀ ਭਾਨੀ ਜੀ) ਸੁਣਕੇ। [6]ਅਨੰਦ ਨਾਲ। *'ਦੋਹਿਤਾ ਬਾਣੀ ਕਾ ਬੋਹਿਥਾ' ਵਾਕ ਪ੍ਰਸਿੱਧ ਹੈ।

ਹਕਾਰਨ ਏਕਲੋ ਪਾਰੋ ਅਪਨੋ ਪਾਸਿ ॥੧॥ਚੌਪਈ॥ ਪਰਮ ਹੰਸ ਆਵਸਥਾ ਜਾਂਹੀ। ਜੜ੍ਹ ਚੇਤਨ ਇਕ ਤੇ ਬਿਲਗਾਹੀਂ[1]। ਜਿਮ ਪਾਨੀ ਪੈ[2] ਇਕ ਹੁਇ ਜਾਇ।ਹੰਸ ਕਰਹਿ ਦੋਇਨ ਪ੍ਰਿਥਕਾਇ[3]॥੨॥ ਤੁਰੀਆ[4] ਮਹਿਂ ਬ੍ਰਿਤਿ ਥਿਤ ਨਿਤ ਰਹੋ।ਢਿਗ ਬਿਠਾਇ ਤਿਹ ਸੋਂ ਗੁਰ ਕਹੋ।'ਮਨ ਮੇਰੇ ਮਹਿਂ ਅਬ ਇਮ ਆਵੈ।ਗੁਰਤਾ ਗਾਦੀ ਤੋਹਿ ਬਿਠਾਵੈਂ ॥੩॥ ਪਰਮਹੰਸ ਮੇਰੋਈ ਰੂਪ[5]। ਪਰਮ ਅਵਸਥਾ ਸਦਾ ਅਨੂਪ। ਬਖ਼ਸ਼ਹਿਂਗੇ ਮੈਂ ਜਗ ਗੁਰਿਆਈ। ਕਰਹੁ ਉਧਾਰ ਲੋਕ ਸਮੁਦਾਈ॥੪॥ਭਗਤਿ ਜਗਤਿ ਮਹਿਂ ਅਧਿਕ ਬਿਥਾਰਹੁ। ਪਰਉਪਕਾਰ ਕਾਰ ਕੋ ਸਾਰਹੁ'। ਕਰ ਜੋਰੇ ਪਾਰੋ ਪਗ ਪਰਯੋ। 'ਤ੍ਰਾਹਿ ਤ੍ਰਾਹਿ'ਕਰਿ ਬਚਨ ਉਚਰਯੋ॥੫॥'ਪ੍ਰਭੁ ਜੀ ਗੁਰ ਸਿੱਖੀ ਮੁਝਿ ਭਾਵੇ। ਗੁਰਿਆਈ ਸਤਿਗੁਰਹਿ ਸੁਹਾਵੈ।ਮੁਝ ਪਰ ਕ੍ਰਿਪਾਦ੍ਰਿਸ਼ਟਿ ਕਹੁ ਧਰੀਐ*। ਗੁਰ ਸਿੱਖੀ ਪਦ ਬਖਸ਼ਨ ਕਰੀਐ†'॥੬॥ਕਹਿ ਇਮਿ ਗਹੇ ਹਾਥ ਗੁਰਚਰਨਾ।'ਬਖਸ਼ੋ ਆਗਯਾ ਮੋਰਨਿ ਕਰਨਾ[6]'।ਸੁਨਤਿ ਬਿਨੈ ਗੁਰ ਅਮਰ ਬਖਾਨਾ। 'ਜੇ ਕਰ ਸਿੱਖੀ ਮਹਿਂ ਮਨ ਮਾਨਾ॥੭॥ਸਦਨ ਆਪਨੇ ਅਬਿਚਲਿ ਜਾਵਹੁ।ਤਨ ਤਜਾਗਹੁ,ਨਹਿਂ ਬਿਲਮ ਲਗਾਵਹੁ।ਮਮ ਚਰਨਨ ਮਹਿਂ ਤੇਰੀ ਪ੍ਰੀਤਿ।ਮੋਮਹਿਂ ਮਿਲੋਆਨੁ ਸਿਖਮੀਤ! ॥੮॥ ਤੋਹਿ ਸਹਤ ਮੈਂ ਅਪਰ ਸ਼ਰੀਰ।ਪ੍ਰਵਿਸ਼ੋਂ ਸਿੱਖਨ ਕੇ ਹਿਤ,ਧੀਰ!।ਕਰਨੇ ਕਾਜ ਅਨਿਕ ਜਗ ਮਾਂਹੀ। ਸੰਤ ਉਧਾਰਨ ਖਲਨਿ ਖਪਾਹੀ[7]' ॥੯॥ ਸੁਨਿ ਆਗਯਾ ਪਾਰੋ ਕਰ ਬੰਦੇ। ਕਰਿ ਬੰਦਨ ਕੋ ਰਿਦੈ ਅਨੰਦੇ। ਗਮਨਯੋ ਗ੍ਰਿਹ ਪਹੁੰਚਯੋ ਤਤਕਾਲਾ। ਅਧਿਕਾਰੀ ਜੋ ਪਿਖੇ ਬਿਸਾਲਾ ॥੧੦॥ ਸਰਬ ਸਮਾਜ ਬਾਂਟਿ ਤਿਨ‡ਦੀਨਸਿ।ਬੜਵਾ ਬਸਤ੍ਰ ਦਰਬ ਰਖਿ ਲੀਨਸਿ। ਨਰ ਬ੍ਰਿੰਦਨ ਕੋ ਕਹਯੋ ਸੁਨਾਈ। 'ਇਹ ਗੁਰ ਵਸਤੁ ਦੇਹੁ ਪਹੁੰਚਾਈ'॥੧੧॥ ਇਮਿ ਸਭਿ ਹੇਰਤਿ ਤਨ ਤਜਿ ਪਾਰੋ। ਫੂਲ ਮਾਲ ਗਜ[8] ਤਜੈ ਸੁਖਾਰੋ। ਸਭਿਨਿ ਕਰਯੋ ਸਸਕਾਰ ਬਨਾਇ। ਜਥਾ ਜੋਗ ਚਹੀਅਹਿ ਜਿਸ ਭਾਇ॥ ੧੨॥ ਸ੍ਰੀ ਗੁਰ ਬਿਖੇ ਆਨਿ ਲੈ ਹੋਵਾ[9]।ਜਿਨ ਅੱਗਯਾਨ ਭਰਮ ਕੋ ਖੋਵਾ।ਪੁਨ ਡੱਲੇ ਤੇ ਇਕ ਨਰ ਆਇਵ। ਪਾਰੋ ਕੋ ਪਰਲੋਕ ਸੁਨਾਇਵ॥੧੩॥ 'ਸਭਿ ਸਿੱਖਨ ਕੋ ਮੋਹ

---

[1]ਜੋ ਇੱਕ ਹੋ ਰਹੇ ਹਨ (ਉਨ੍ਹਾਂ ਨੂੰ) ਵਖ ਵਖ (ਅਨੁਭਵ) ਕਰਨਾ। [2]ਦੁੱਧ ਤੇ ਪਾਣੀ। [3]ਵੱਖੋ ਵੱਖ। [4]ਚੌਥੇ ਪਦ। [5](ਤੁਸੀਂ) ਪਰਮਹੰਸ ਮੇਰਾ ਹੀ ਰੂਪ ਹੋ। [6]ਆਗਯਾ ਮੋੜਨੀ ਕੀਤੀ ਹੈ (ਇਸ ਖ਼ਤਾ ਨੂੰ ਬਖਸ਼ੋ)। [7]ਦੁਸ਼ਟਾਂ ਦਾ ਨਾਸ਼। [8](ਜਿਵੇਂ) ਹਾਥੀ। [9]ਆਕੇ ਲੀਨ ਹੋਇਆ।

*ਪਾ:—ਕਰੀਅਹਿ। †ਪਾ:—ਧਰੀਅਹਿ। ‡ਪਾ:—ਤਿਸ।

ਮਹਾਨਾ। ਸਿਮਰਹਿਂ ਪਾਰੋ ਕੇ ਗੁਨ ਨਾਨਾ। ਮ੍ਰਿਦੁਲ, ਸਰਲਤਾ[1], ਮੁਦਤਾ[2], ਮੈਤ੍ਰੀ। ਬਡ ਜੋਧਾ ਮਨ ਸ਼ੱਤ੍ਰ ਜੈਤ੍ਰੀ[3] ॥ ੧੪ ॥ ਤਰੁਵਰੁ ਸਮਸਰ ਪਰ ਉਪਕਾਰੀ। ਸਹਨ ਸੀਲ ਉਰੈ ਧੀਰਜ ਧਾਰੀ'। ਸਤਿਗੁਰ ਸਿੱਖਨ ਕੋ ਸਮੁਝਾਇਵ। 'ਇਹ ਅਨੰਦ ਕੇ ਸਿੰਧੁ ਸਮਾਇਵ ॥ ੧੫ ॥ ਅਸ ਨਰ ਹੋਤਿ ਨ ਸੋਚਨ ਜੋਗ। ਬ੍ਰਹਮ ਗ੍ਯਾਨ ਸੋਂ ਜਿਨ ਕੋ ਜੋਗ[4]। ਜਿਨਹੁਂ ਜਨਮ ਬਿਸ਼ਿਯਨ ਲਗ ਹਾਰਾ। ਜਥਾ ਜੂਪ ਮਹਿ ਦਰਬ ਉਦਾਰਾ ॥ ੧੬ ॥ ਨਹਿ ਗੁਰ ਸ਼ਬਦ ਜਿਨਹੁ ਕਬਿ ਸੁਨਜੋ। ਸਤਿ ਸੰਗਤ ਸਤਿਨਾਮ ਨ ਭਨਜੋ। ਸੋ ਸੋਚਨਕੇ ਜੋਗ ਸਭਿਨਿ ਕੋ। ਜੋ ਤਤਪਰ ਨਹਿ ਗੁਰੂ ਜਜਨਕੋ[5]' ॥ ੧੭ ॥ ਕਹਿ ਦਾਸਨ ਕੌ ਧੀਰਜ ਦੀਨਾ। ਦੀਨਮਨੇ ਜੋ ਪ੍ਰੇਮ ਪ੍ਰਬੀਨਾ। ਬੀਨ ਸਿੱਖਨ ਸਭ ਤੇ ਖਟ ਲੀਨ। ਲੀਨ ਪ੍ਰੇਮ ਮਹਿ ਜਿਨ ਮਨ ਕੀਨ ॥ ੧੮ ॥ ਨਾਮ ਮੋਹਰੀ ਛੋਟੋ ਨੰਦਨ। ਨਿਕਟ ਹਕਾਰਜੋ ਕਸ਼ਟ ਨਿਕੰਦਨ। ਆਨ ਕੀਨਿ ਤਿਨ ਪਦ ਪਰ ਬੰਦਨ। ਸ਼੍ਰੀ ਗੁਰ ਪਿਤ ਕੋ ਚਹਿ ਅਭਿਨੰਦਨ[6] ॥੧੯॥ ਪੁੱਤ੍ਰ ਬਿਲੋਕਜੋ ਸਥਿਤ ਅਗਾਰੀ। ਖਟ ਸੰਗ ਦੇ ਸਿਖ ਗਿਰਾ ਉਚਾਰੀ। 'ਪਾਰੋ ਪਰਮ ਹੰਸ ਮਮ ਪਜਾਰੋ। ਤਜਜੋ ਸਰੀਰ ਸੁ ਧੀਰ ਸੁਖਾਰੋ ॥੨੦॥ ਡੱਲੇ ਗ੍ਰਾਮ ਅਬਹਿ* ਚਲਿ ਜਾਓ। ਜਥਾ ਜੋਗ ਕਰਿ ਸਭਿ ਹਰਖਾਓ'। ਸੁਨਤਿ ਮੋਹਰੀ ਹ੍ਵੈ ਕਰਿ ਤਜਾਰ। ਪਿਤ ਬੰਦਜੋ ਅਸ੍ਵ† ਭਾ ਅਸਵਾਰ ॥੨੧॥ ਸਿੱਖ ਖਸ਼ਟ ਕੋ ਸੰਗ ਮਿਲਾਇਓ। ਅਪਰ ਦਾਸ ਗਨ ਬੋਲਿ ਰਲਾਇਓ। ਪੰਥ ਉਲੰਘ ਡੱਲੇ ਮਹਿ ਗਇਓ। ਤਿਨ ਕੇ ਸਦਨ ਪ੍ਰਵੇਸ਼ਤਿ ਭਇਓ ॥੨੨॥ ਸਭਿਹਿਨਿ ਉਠਿ ਕੀਨਹੁਂ ਸਨਮਾਨਾ। ਬੰਦਹਿ ਚਰਨ ਜੋਰਿ ਜੁਗ ਪਾਨਾ। ਬੈਠੇ ਜਾਇ ਸਭਿਨਿ ਕੇ ਮਾਂਹੂ। ਕੁਸ਼ਲ ਪ੍ਰਸ਼ਨ ਕਹਿ‡ ਕਰਿ ਸਭਿ ਪਾਹੂ ॥੨੩॥ ਪਾਰੋ ਕੋ ਸਭਿ§ ਕਰੈਂ ਸਰਾਹਿਨ। 'ਜਿਸ ਕੇ ਸਮਸਰ ਦੂਸਰ ਨਾਂਹਿਨ। ਕੁਲਦੀਪਕ ਨਿਜ ਬੰਸ ਉਧਾਰਾ। ਤਨ ਸੁਛੰਦ ਤਜਿ ਅੰਤ ਪਧਾਰਾ' ॥੨੪॥ ਸੁਨੇ ਮੋਹਰੀ ਤੇ ਸੁਖ ਪਾਯੋ। ਹਾਥ ਜੋਰਿ ਸਭਿਹੂੰਨ ਸੁਨਾਯੋ। 'ਸਤਿਗੁਰ ਪੁੱਤ੍ਰ! ਸੁਨਹੁ ਤਿਨ ਕੀਨਾ। ਅਧਿਕਾਰੀ ਪਿਖਿ ਸਭਿ ਕੁਛ ਦੀਨਾ ॥ ੨੫॥ ਸਤਿਗੁਰ ਕਾਰਨਿ ਜਾਨਿ ਪ੍ਰਬੀਨ। ਬੀਨ ਤੀਨ ਵਸਤੂ ਰਖਿ ਲੀਨਿ। ਲੀਨ ਬ੍ਰਿਤੀ ਪਰਮਾਤਮ ਜਾਂਹਿ। ਜਾਹਿ ਨ ਕਹੂੰ ਅਨੰਦ ਕੇ ਮਾਂਹਿ[7] ॥੨੬॥

[1]ਸੂਧਾ ਪਨ। [2]ਪ੍ਰਸੰਨਤਾ। [3]ਮਨ ਦੇ ਸ਼ੱਤ੍ਰਆਂ ਨੂੰ (ਯਾ ਮਨ ਸ਼ਤ੍ਰੂ ਨੂੰ) ਜਿੱਤਣ ਵਾਲਾ। [4]ਮੇਲ, ਜੁੜਨਾ। [5]ਗੁਰੂ ਪੂਜਾ ਵਿਚ ਤਤਪਰ ਨਹੀਂ ਜੋ। [6]ਅਨੰਦ, ਪ੍ਰਸੰਨਤਾ। [7](ਪਰਮਾਤਮਾ ਦੇ) ਅਨੰਦ ਵਿਚ (ਮਗਨ, ਹੋਰ ਥੋ) ਕਿਧਰੇ ਨਹੀਂ ਜਾਂਦੀ (ਬ੍ਰਿਤੀ)। *ਪਾ:-ਵਿਚੋ। †ਪਾ:-ਅਸ। ‡ਪਾ:-ਕਰ। §ਪਾ:-ਬਹੁ।

ਸੁੰਦਰ ਚੰਚਲ ਬਲੀ ਸੁਰੰਗਨਿ[1]। ਬਿਦਤਿ ਸਭਿਨਿ ਮਹੁੰ ਏਕ ਤੁਰੰਗਨਿ।
ਜਿਸ ਕੀ ਸਮਤਾ ਕਰਹਿ ਨ ਕੋਈ। ਸਤਿਗੁਰ ਹੇਤ ਰਖੀ ਤਿਨ ਸੋਈ॥
੨੭॥ਸੂਖਮ ਬਸਤ੍ਰ ਮੋਲ ਬਹੁ ਕੇਰੇ। ਪਹਿਰਨਿ ਉਚਿਤ ਗੁਰੂ ਕੇ ਹੇਰੇ। ਬ੍ਰਿੰਦ
ਦਰਬ,ਇਹ ਵਸਤੂ ਤੀਨ।ਇਮਿ ਕ੍ਰਿਤਿ ਕਰਤਿ ਤਯਾਗ ਤਨ ਦੀਨ[2]॥੨੮॥
ਸੁਨਿ ਕਰਿ ਬਸੇ ਜਾਮਨੀ ਤਹਾਂ। ਪਾਰੋ ਕੇ ਬਰਨਤਿ ਗੁਨ ਮਹਾਂ। ਪ੍ਰਾਤਿ
ਹੋਤਿ ਕਰਿਕੇ ਇਸ਼ਨਾਨ।ਬਿਦਾ ਹੋਇ ਕਰਿ ਕੀਨ ਪਯਾਨਾ॥੨੯॥ ਅਪਰ
ਸਿੱਖਯ ਮਿਲਿ ਕੈ ਸਮੁਦਾਯਾ। ਗੁਰ ਸਮ ਪੂਜਨ ਕਰਿ ਮਨ ਭਾਯਾ। ਜਥਾ
ਸ਼ਕਤਿ ਦੇ ਭੇਟ ਸੁਹਾਏ।ਬਿਦਾ ਹੋਤੁ ਮਗ ਕੁਛ ਚਲਿ ਆਏ॥ ੩੦॥ ਆਇ
ਮੋਹਰੀ ਪੁਰੀ ਪ੍ਰਵੇਸ਼ਾ। ਗੁਰ ਪਦ ਬੰਦੇ ਨੰਮ੍ਰਿ ਵਿਸ਼ੇਸ਼ਾ। ਸਭਿ ਪਾਰੋ ਕੀ ਗਾਥ
ਸੁਨਾਈ।ਧਨ,ਪਟ,ਬੜਵਾ, ਅੱਗ੍ਰ ਦਿਖਾਈ॥੩੧॥ ਪਿਖੀ ਉਪਾਇਨ ਪਾਰੋ
ਕੀ ਜਬਿ। ਸਤਿਗੁਰ ਰਿਦੇ ਬਿਚਾਰ ਕਰਯੋ ਤਬਿ।ਰਾਮਦਾਸ ਜਾਨਯੋ ਅਧਿ-
ਕਾਰੀ। ਵਸਤੂ ਦਈ ਸਉਂਪ ਕਰਿ ਸਾਰੀ॥ ੩੨॥ ਪਰਮ ਪ੍ਰੇਮ ਤੇ ਕਹਯੋ
ਗੁਸਾਈਂ।'ਇਹ ਪਾਰੋ ਮਮ ਭੇਟ ਚੜ੍ਹਾਈ। ਸੋ ਮੈਂ ਤੋਹਿ ਬਖਸ਼ ਕਰਿ ਦੀਨੀ।
ਅੰਗੀਕਾਰ ਕਰਹੁ ਬਡਿ ਪੀਨੀ॥੩੩॥ਚਪਲ ਤੁਰੰਗਨ ਅੰਗਨ ਸੁੰਦਰ।ਬਲੀ
ਬਿਸਾਲ ਬ੍ਰਿੰਦ ਗੁਨ ਮੰਦਰ। ਅਪਰ ਨ ਦੀਜਹਿ,ਆਪ ਅਰੂਢਹੁ।ਪਹਿਰਹੁ
ਤਨ ਪਰ ਅੰਬਰ ਰੂਢਹੁ॥ ੩੪॥ ਖਰਚਹੁ ਦਰਬ ਚਾਹਿ ਹੁਇ ਜਿਸ ਮੈਂ।
ਨਹਿ ਅਧਿਕਾਰ ਅਪਰ ਕੋ ਇਸ ਮੈਂ'।ਲੇ ਕਰਿ ਨੰਮ੍ਰਿ ਹੋਇ ਪਦ ਬੰਦੇ।ਗੁਰ
ਪ੍ਰਸੰਨਤਾ ਜਾਨਿ ਅਨੰਦੇ॥੩੫॥ਦਿਨ ਪ੍ਰਤਿ ਹੋਵਤਿ ਅਤਿ ਅਨਕੂਲੇ।ਲਖਿ
ਗੰਭੀਰ ਪ੍ਰੇਮ ਕੋ ਮੂਲੇ। ਅਜਰ ਜਰਨ ਆਦਿਕ ਗੁਨ ਹੇਰੇ। ਸਹਤ ਨੰਮ੍ਰਤਾ
ਸੇਵ ਘਨੇਰੇ॥੩੬॥ ਬਖਸ਼ਹਿਂ ਬਖਸ਼ਸ਼ ਕਰਹਿਂ ਨਿਹਾਲ। ਸੰਗਤਿ ਰਹਹਿ
ਸਦਾ ਅਲਬਾਲ[2]। ਚਹੈਂ ਕਾਮਨਾ ਪ੍ਰਾਪਤਿ ਹੋਵੈਂ। ਸਿਮਰਹਿਂ ਨਾਮ ਦਰਸ
ਗੁਰ ਜੋਵੈਂ॥੩੭॥ ਭੀਰ ਰਹੈ ਬਹੁ ਗੋਇੰਦਵਾਲ। ਚਹਤਿ ਮੁਕਤਿ ਕੋ ਤਜਿ
ਜੰਜਾਲ।ਜਿਸ ਪਰ ਕ੍ਰਿਪਾ ਦ੍ਰਿਸ਼ਟਿ ਪਰਿ ਜਾਵਹਿ। ਸੋ ਜਨ ਚਾਰ ਪਦਾਰਥ
ਪਾਵਹਿ॥ ੩੮॥ ਇਕ ਦਿਨ ਸਖਾ ਬੰਧੁਜਨ ਮਾਂਹੀ[3]। ਹੁਤੋ ਮੋਹਰੀ ਬਾਤਨ
ਪ੍ਰਾਹੀ[4]।ਬਿਵਹਾਰਨ ਕੀ ਚਰਚਾ ਕਰੈਂ। ਰੀਤਿ ਅਨੇਕ ਬੋਲਬੋ ਧਰੈਂ॥ ੩੯॥
ਤਹਾਂ ਮੋਹਰੀ ਬਾਤ ਉਚਾਰੀ।'ਜਬਿ ਕੀ ਹਮਨੇ ਸੁਰਤਿ ਸੰਭਾਰੀ।ਲਾਖ ਟਕਾ
ਇਕ ਥਾਨ ਅਸ਼ੇਖਾ[5]।ਅਬਿ ਲੌ ਨਹੀ ਬਿਲੋਚਨ ਦੇਖਾ॥੪੦॥ਨਹਿਂ ਭਾਵਹਿ

[1]ਸ੍ਰੇਸ਼ਟ ਰੰਗ ਵਾਲੀ। [2]ਚਾਰ ਚੁਫੇਰੇ। [3]ਸਬੰਧੀਆਂ ਵਿਚ। [4]ਕਹਿ ਰਹੇ ਸਨ। [5]ਇਕੱਠਾ।

ਸਤਿਗੁਰ ਕੋ ਮਾਯਾ। ਕਰਹਿਂ ਹਟਾਵਨ ਹ੍ਵੈ ਜਹਿਂ ਦਾਯਾ[1] ॥ ਚਾਹਤਿ ਪਿਤਾ
ਗੁਰੂ ਜਿਸ ਨਾਂਹੀ।ਸੋ ਕਿਸ ਰੀਤਿ ਆਇ ਹਮ ਪਾਹੀ ॥੪੧॥ ਤਿਨ ਕੋ ਦਿਯੋ
ਪਦਾਰਥ ਆਵਹਿ। ਹੋਇ ਜਿ ਨਹੀ[2] ਕਹਾਂ ਕਰ ਪਾਵਹਿਂ'। ਅੰਤਰਜਾਮੀ
ਗੁਰਸਭਿ ਜਾਨੀ।ਨਰਨ ਬਿਖੈਜਿਮ ਪੁੱਤ੍ਰ ਬਖਾਨੀ॥੪੨॥ਚਿਤਵਤਿ ਚਿਤ-
ਸੁਤ ਸ਼ੰਕਾ ਹਰਨੀ। ਦੋਸ਼ ਦਿਖਾਵੌਂ ਜਸ ਧਨ ਕਰਨੀ[3]-। ਅਗਲੇ ਦਿਵਸ
ਗੁਰੂ ਫੁਰਮਾਇਵ। 'ਸੰਗਤਿ ਮਹਿਂ ਜੇਤਿਕ ਸਿਖ ਆਇਵ॥੪੩॥ਜਬਿ ਪਹੁੰ-
ਚਹਿਂ ਪਰਸਨ ਕਹੁ ਹਮੈਂ। ਪੈਸੇ ਪੰਚ ਲਜਾਇਂ ਤਿਹ ਸਮੈ। ਧਰਿ ਧਰਿ ਆਗੈ
ਬੰਦਨ ਕਰੈਂ। ਇਮਿ ਗੁਰ ਆਗਜਾ ਸਿਰ ਪਰ ਧਰੈਂ'॥੪੪॥ ਸਗਰੇ ਨਗਰ
ਸੰਗਤਾਂ ਜੋਈ। ਗੁਰ ਆਇਸੁ ਸੁਨਿ ਸੁਨਿ ਕਰਿ ਤੇਈ। ਹੋਤਿ ਪ੍ਰਾਤਿ ਕੇ
ਸਤਿਗੁਰ ਬੈਸੇ।ਆਵਹਿਂ ਸਿੱਖ ਭੇਟ ਲੇ ਪੈਸੇ॥੪੫॥ ਧਰਿ ਧਰਿ ਆਗੈ ਬੰਦਨ
ਠਾਨਹਿਂ।ਦਰਸਹਿਂ ਸਤਿਗੁਰ ਪ੍ਰੇਮ ਮਹਾਂਨਹਿਂ।ਏਕ ਜਾਮ ਲੌ ਸ਼੍ਰੀ ਪ੍ਰਭੂ ਬੈਸੇ।
ਲਗਜੋ ਢੇਰ ਆਏ ਬਹੁ ਪੈਸੇ ॥੪੬॥ ਪੁੱਤ੍ਰ ਮੋਹਰੀ ਕੋ ਬੁਲਵਾਇਵ। ਢਿਗ
ਬਿਠਾਇ ਕਰਿ ਪੁਨ ਸਮਝਾਇਵ। 'ਇਨ ਕੋ ਗਿਨ ਕਰਿ ਲੇਹੁ ਸੰਭਾਰੀ।
ਖਰਚਹੁ ਜਿਹਠਾਂ ਚਾਹਿ ਤੁਮਾਰੀ' ॥੪੭॥ਮਾਨਿ ਬਾਕ ਤਬਿ ਗਿਨਿਬੇਲਾਗਾ॥
ਭੁਏ ਬ੍ਰਿੰਦ ਦੇਖਤਿ ਅਨੁਰਾਗਾ। ਸੰਖਜਾ ਕਰਿ ਕਰਿ ਭੇ ਕਰ ਕਾਰੇ[4]।
ਬਹੁਤ ਪਖਾਰੇ ਬਿਨ ਨ ਉਤਾਰੇ[5] ॥੪੮॥ਤਬਿ ਸ਼੍ਰੀ ਅਮਰਦਾਸ ਬਚ ਕਹਜੋ।
'ਧਨ ਕੋ ਤੁਮ ਸੁਭਾਵ ਭੀ ਲਹਜੋ। ਜਿਸ ਤੇ ਛੁਵਤਿ ਭਏ ਕਰ ਕਾਰੇ। ਮਨ
ਕਾਰੋ ਹੁਇ ਲਗ ਬਿਵਹਾਰੇ ॥੪੯॥ ਜੋ ਸੰਚਤਿ ਕਰਿ ਰਖੀਅਤਿ ਭੌਨ। ਕਹੋ
ਹਵਾਲ ਹੋਇ ਪੁਨ ਕੌਨ। ਚਿਤਵਨਿ ਤੇ ਅੰਤਰ ਹੁਇ ਕਾਰਾ। ਅੰਤ ਗਮਨ
ਨਹਿਂ ਸੰਗ ਸਿਧਾਰਾ ॥ ੫੦ ॥ ਪ੍ਰਥਮਹਿ ਸੰਚਨ ਅਘ ਕਰਿ ਹੋਇ। ਜਤਨ
ਅਨੇਕਨ ਤੇ ਅਵਲੋਇ। ਪੁਨ ਰਾਖਨ ਮਹਿਂ ਤ੍ਰਾਸ ਮਹਾਨਾ।ਤਸਕਰ ਨ੍ਰਿਪ
ਆਦਿਕ ਬਲਵਾਨਾ॥੫੧॥ਜਾਇ ਤ ਪ੍ਰਾਨ ਸਮੇਤ ਦੁਖਾਰੇ। ਭਗਤਿਵਿਰੋਧੀ,
ਬਿਘਨੰ ਪਸਾਰੇ। ਇਸ ਕੋ ਤਜਾਗ ਅਧਿਕ ਸੁਖਦਾਈ। ਹਰਿ ਸਿਮਰਨ
ਸੰਚਹੁ ਸਮੁਦਾਈ ॥੫੨॥ ਇਹ ਧਨ[6] ਸਭਿ ਕੋ ਸਾਰ ਪਛਾਨਹੁ। ਕਿਤਹੂ ਤੇ
ਜਿਸ ਤ੍ਰਾਸ ਨ ਠਾਨਹੁਂ। ਸੁਨਹੁਂ ਪੁੱਤ੍ਰ ਇਸ ਮਹਿ ਦੁਖ ਘਨੇ। ਮਹਾਂ ਬਲੀ

---

[1]ਜੋ ਕੋਈ ਦੋਸ਼ ਆਵੇ ਤਾਂ ਹਟਾ ਦਿੰਦੇ ਹਨ। [2]ਜੇ ਆਵੇ ਨਹੀਂ। [3]ਜੈਸੇ ਧਨ ਦਾ ਸੁਭਾਵ ਹੁੰਦਾ ਹੈ। (ਅ) ਧਨ ਦੇ (ਇਕੱਤ੍ਰ) ਕਰਨ ਵਿਚ ਜੋ ਦੋਸ਼ ਹੁੰਦਾ ਹੈ। [4]ਗਿਣਤੀ ਕਰ ਕਰਕੇ ਹੋਏ ਹੱਥ ਕਾਲੇ। [5]ਨਾ ਉਤਰੀ (ਕਾਲਖ)। [6]ਭਾਵ, ਹਰਿਧਨ।

ਸਭਿ ਜਗ ਮਹਿਂ ਹਨੋ ॥੫੩॥ ਹਰਿ ਸਿਮਰਨ ਧਨ ਤੇ ਸੁਖ ਪਾਵੈ। ਜਨਮ ਮਰਨ ਦਾਰਿਦ ਬਿਨਸਾਵੈ'। ਸੁਨੀ ਮੋਹਰੀ ਨੈ ਪਿਤ ਬਾਨੀ। ਉਰ ਬਿਚਾਰ ਕਰਿ ਸਾਚੀ ਮਾਨੀ॥੫੪॥ਬਹੁਰੋ ਜੀਵਤਿ ਜਬ ਲਗਿ ਰਹਯੋ। ਕਬਹੁੰ ਨ ਧਨ ਕੋ ਮਨ ਤੇ ਕਹਯੋ। ਨੀਕੀ ਪਿਤ ਕੀ ਬਾਤ ਬਿਚਾਰੀ। ਬਿਮਲ ਬੁਧਿ ਪ੍ਰਾਪਤਿ ਸੁਖ ਭਾਰੀ ॥ ੫੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰਾਸੇ 'ਪਾਰੋ ਅਪਰ ਮੋਹਰੀ' ਪ੍ਰਸੰਗ ਬਰਨਨੰ ਨਾਮ ਖਸ਼ਟ ਸ਼ਸ਼ਟੀ ਅੰਸੂ ॥੬੬॥

## ੬੭ [ਸ਼੍ਰੀ ਰਾਮਦਾਸ ਜੀ ਨੂੰ ਆਯੂ ਤੇ ਗੁਰਤਾ ਬਖਸ਼ਣੀ]

ਦੋਹਰਾ॥ਬਾਵਨ ਚੰਦਨ[1] ਸਤਿਗੁਰੂ ਹੋਵਹਿਂ ਜਿਨ ਬਨ ਦੇਸ਼।ਮੱਲਜ ਕਰਤਿ ਤਰੁਵਰੁਨ[2] ਕੋ ਤਿਉਂ ਨਰ ਭਗਤਿ ਅਸ਼ੇਸ਼॥੧॥ਚੌਪਈ॥ ਗੋਇੰਦਵਾਲ ਬਸੇ ਇਕ ਥਾਨ। ਸਕਲ ਦੇਸ਼ ਭੀ ਭਗਤਿ ਮਹਾਨ। ਜਹਿਂ ਕਹਿਂ ਤੇ ਸੁਨਿ ਕਰਿ ਜੱਗਯਾਸੀ। ਆਨੰਦ ਧਾਰਿ ਬਸਹਿਂ ਗੁਰ ਪਾਸੀ ॥੨॥ ਚਾਰ ਪਦਾਰਥ ਠਾਂਢੇ ਦ੍ਵਾਰੇ। ਦੇਤਿ ਜਨਨਿ ਕੋ ਖੁਲੇ ਭੰਡਾਰੇ। ਜਿਮ ਚਿਤ ਚਿਤਵਹਿਂ ਗੁਰੂ ਕ੍ਰਿਪਾਲ।ਸੋ ਬਿਧਿ ਬਨਹਿ ਆਨ ਤਤਕਾਲ॥੩॥ ਇਕ ਦਿਨ ਮੱਜਨ ਕਰਿ ਗੁਰ ਥਿਰੇ।ਭਾਨੀ ਆਇ ਦਰਸ ਕੋ ਕਰੇ।ਪਿਖਿ ਤਨੁਜਾ ਪਰ ਪਰਮਕ੍ਰਿਪਾਲ । ਸ਼੍ਰੀ ਮੁਖ ਤੇ ਬੋਲੇ ਤਿਸ ਕਾਲ॥੪॥ 'ਰਾਮਦਾਸ ਅਬਿ ਤਨ ਪਰਹਰੈ। ਕਹੁ ਪੁੱਤ੍ਰੀ ਕ੍ਯਾ ਤਬਿ ਤੂੰ ਕਰੈਂ ?। ਛਿਨਭੰਗਰ[3] ਸਭਿ ਅਹੈਂ ਸਰੀਰ। ਬਿਨਸਤਿ ਤੁਰਤ ਨ ਕਰਿਹੀਂ ਧੀਰ[4]'॥੫॥ਭਾਨੀ ਮਹਾਂ ਚਤੁਰ ਸਭਿ ਜਾਨੀ।–ਹੋਤਿ ਨ ਕਬਹੁੰ ਕੂਰ ਪਿਤ ਬਾਨੀ–।ਦ੍ਰਿੜ੍ਹ ਨਿਸ਼ਚੈ ਧਰਿ ਇਸੀ ਪ੍ਰਕਾਰੀ।ਕਰਤਿ ਸ਼ੀਘ੍ਰ ਨਕ ਨਾਥ ਉਤਾਰੀ ॥੬॥ ਸ਼੍ਰੀ ਗੁਰ ਪਿਤ ਕੇ ਧਰੀ ਅਗਾਰੀ।ਹਾਥ ਜੋਰਿ ਮੁਖ ਬਿਨੈ ਉਚਾਰੀ।'ਪ੍ਰਭੁ ਜੀ ਅਪਰਕਾਰ ਕ੍ਯਾ ਕਰਿਹੌਂ।ਜੋਬਿਧਵਾ ਕੋ ਧਰਮ,ਸੁ ਧਰਿਹੌਂ ॥੭॥ ਕਿਧੌਂ ਚਿਤਾ ਕੇ ਊਪਰ ਚਰਿ ਹੌਂ। ਜਰ ਕਰਿ ਪਤਿ ਕੇ ਸੰਗ ਸਿਧਰਿਹੌਂ। ਜੋ ਤੁਮ ਆਗ੍ਯਾ ਹੋਇ ਸੁ ਕਰਿ ਹੌਂ। ਨਿਸ਼ਚੈ ਮਰੌਂ ਸੁ ਰਿਦੈ ਬਿਚਰਿਹੌਂ'॥੮॥ਸੁਨਿ ਸ਼੍ਰੀ ਸਤਿਗੁਰ ਬਾਕ ਬਖਾਨੇ। 'ਹੇ ਪੁੱਤ੍ਰੀ ਸੁਨਿ ਸੁਮਤਿ ਮਹਾਂਨੇ।ਤਨ ਕੋ ਰਾਖਿ ਭਜੋ ਜਗਦੀਸ। ਅਬਿ ਮੈਂ ਕਰਿਹੌਂ ਤੁਮ ਬਖ਼ਸ਼ੀਸ॥ ੯॥ ਰਾਮਦਾਸ ਕੀ ਬਯ ਅਬਿ ਨਾਂਹੀ। ਪੂਰਨ ਅਵਧਿ ਆਜ ਦਿਨ ਮਾਂਹੀ। ਤਿਨ ਜੀਵਨ ਕੌ ਆਨਿ ਉਪਾਇ।ਨਹੀਂ ਹੋਤਿ ਨਿਸ਼ਚੈ ਇਮ ਲ੍ਯਾਇ॥੧੦॥

[1]ਸੰਦਲ ਦੀਆਂ ਕਿਸਮਾਂ ਵਿਚੋਂ ਸ਼੍ਰੇਸ਼ਟ ਕਿਸਮ। [2]ਚੰਦਨ ਕਰ ਦਿੰਦਾ ਹੈ ਬ੍ਰਿਛਾਂ ਨੂੰ। [3]ਛਿਨ ਵਿੱਚ ਨਾਸ਼ ਹੋ ਜਾਣ ਵਾਲੇ। [4]ਠਹਿਰਨਾ ਨਹੀਂ ਕਰਦੇ।

ਆਪਨ ਆਰਬਲ ਅਬਿ ਮੈਂ ਦੇਵੌਂ । ਹਿਤ ਪਰਲੋਕ ਗਮਨ ਸੁਭ ਲੇਵੌਂ’ ।
ਇਮਿ ਕਹਿ ਰਾਮਦਾਸ ਬੁਲਵਾਇਵ।ਨਿਕਟ ਬਿਠਾਇ ਭਲੇ ਸਮੁਝਾਇਵ।
੧੧॥ ‘ਹੇਸੁਤ! ਤੇਰੀ ਅਵਧ ਬਿਤਾਈ[1]।ਮੈਂ ਅਬਿ ਜਾਨ ਲੀਨਿ ਅਗੁਵਾਈ[2]।
ਇਕ ਸਤ ਸੰਮਤ ਆਠ ਰ ਚਾਰੀ[3]। ਆਰਬਲਾ ਹਮਰੇ ਤਨ ਸਾਰੀ ॥੧੨॥
ਅਬ ਖਟ ਬਰਖ ਇਕਾਦਸ਼ ਮਾਸ। ਦਯੋਸ ਅਸ਼ਟ ਦਸ ਸ਼ੇਸ਼ ਰਹਾਸ[4] । ਸੋ
ਅਪਨੀ ਹਮ ਤੁਮ ਕੋ ਦੀਨਸਿ*।ਪ੍ਰੇਮ ਭਗਤਿ ਮੈਂ ਲੀਨ ਪ੍ਰਬੀਨਸਿ†॥੧੩॥
ਤੋਹਿ ਮੋਹਿ ਮੈਂ ਭੇਦ ਨ ਰਹਯੋ । ਇਕ ਸਰੂਪਤਾ ਦੋਨਹੂੰ ਲਹਯੋ । ਜਲ ਕੋ
ਭਰਯੋ ਹੋਤਿ ਘਟ ਜੈਸੇ। ਪਰੈ ਉਦਧਿ ਲਹਿ ਇਕਤਾ ਤੈਸੇ ॥੧੪॥ ਤਿਮਿ
ਸਰੂਪ ਮੇਰੋ ਇਕ ਹੋਵਾ।ਕਯੋਂਹੂ ਭੇਦ ਪਰਹਿ ਨਹਿਂ ਜੋਵਾ।ਪ੍ਰੇਮ ਭਗਤਿ ਅਸ
ਤਵ ਉਰ ਬਸੀ।ਬਸੀ ਕੀਨਿ ਮੋਕਹੁ ਕਰਿ ਜਿਸੀ’ ॥੧੫॥ ਪਿਖਿ ਬੱਲੂ ਦਿਸ਼
ਆਇਸੁ ਦੀਨਿ । ਦੀਨਮਨਾ ਜਿਨ ਸਭਿ ਸੁਨਿ ਲੀਨਿ[5]। ਲੀਨ ਪ੍ਰੇਮ ਮਨ
ਜਾਂਹਿ ਪ੍ਰਬੀਨ। ‘ਬੀਨ ਨਲੇਰ‡ ਲੇਹੁ ਸ਼ੁਭ ਚੀਨ ॥ ੧੬ ॥ ਕਰਹੁ ਸ਼ੀਘ੍ਰ
ਆਨੋ ਮੁਝ ਪਾਸੀ।ਪਾਸੀ ਜਮ ਨਹਿ, ਸਦਾ ਨਿਰਾਸੀ[6]।ਰਾਸੀ ਸੁਖ[7] ਪ੍ਰਾਪਤਿ
ਅਬਿਨਾਸ਼ੀ । ਨਾਸ਼ੀ ਹੰਤਾ ਬਿਸ਼ਯ ਉਦਾਸੀ ॥੧੭॥ ਰਾਮਦਾਸ ਕਰਿਵਾਉ
ਸ਼ਨਾਨਾ । ਨਾਨਾ ਬਸਤ੍ਰ ਆਨਿ ਦੁਤਿਵਾਨਾ। ਪਹਿਰਾਵੋ ਨਹਿਂ ਦੇਰ ਲਗਾ-
ਵਹੁ। ਗਾਵਹੁ ਸ਼ਬਦ ਅਨੰਦ ਉਪਜਾਵਹੁ॥੧੮॥ਅਪਰ ਸੈਜ ਤਯਾਰੀ ਕਰਿ
ਦੇਹਿ।ਦੇਹਿ ਤਜਨ ਕੋ ਸਮਾ ਲਖੇਹਿ’।ਸੁਨਿ ਕਰਿ ਬੱਲੂ ਇਮਿ ਗੁਰ ਜੀ ਤੇ।
ਜੀਤੇ ਮਨ ਇੰਦ੍ਰੇ ਜਿਨ ਨੀਤੇ ॥੧੯॥ ਅਸ ਸ੍ਰੀ ਰਾਮਦਾਸ ਤਿਸ ਬਾਰ।ਬਾਰਿ
ਬਿਮਲ ਤੇ ਮੱਜਤਿ ਚਾਰੁ। ਚਾਰ ਪਦਾਰਥ ਜਿਨ ਦਰਬਾਰ। ਬਾਰ ਬਿਹੀਨ[8]
ਪਾਇ ਸਭਿ ਸਾਰ॥੨੦॥ਬੱਲੂ ਆਨੇ ਬਸਤ੍ਰ ਨਵੀਨ।ਪਹਿਰਾਏ ਸੂਖਮ ਦੁਤਿ
ਪੀਨ । ਸ੍ਰੀ ਸਤਿਗੁਰ ਜੀ ਅਮਰ ਕ੍ਰਿਪਾਲੂ। ਪ੍ਰੇਮ ਸਹਤ ਸਨਮਾਨ ਬਿਸਾਲੂ।
॥੨੧॥ਕਰ ਸੋਂ ਪਕਰਿ ਆਪਨੇ ਥਾਨ।ਬੈਠਾਰੇ ਕਹਿ ਕ੍ਰਿਪਾ ਨਿਧਾਨ। ਭਾਲ
ਬਿਸਾਲ ਸੁ ਤਿਲਕ ਨਿਕਾਸਯੋ । ਤਿਸ ਤੇ ਮਹਿਦ ਪ੍ਰਕਾਸ਼ ਪ੍ਰਕਾਸ਼ਯੋ॥੨੨॥
ਜੋਤਿਨਿ ਜੋਤਿ ਸਭਿਨਿ ਮਹਾਂਰਾਜਾ[9]।ਤਿਸਹਿ ਸਿੰਘਾਸਨ[10] ਮਨੋ ਬਿਰਾਜਾ

[1]ਬੀਤ ਚੁਕੀ ਹੈ। [2]ਅਗੋਂ ਤੋਂ। [3]ਭਾਵ, ਇਕਸੌ ਤੇ ਬਾਰਾਂਬਰਸ। [4]ਭਾਵ ਛੇ ਵਰ੍ਹੇ ਗਿਆਰਾਂ ਮਹੀਨੇ ਤੇ ਅਠਾਰਾਂ ਦਿਨ ਬਾਕੀ ਰਹਿੰਦੇ ਹਨ। [5]ਜਿਸਨੇ ਉਦਾਸ ਮਨ ਨਾਲ ਸਭ (ਗਲ) ਸੁਣ ਲਈ ਸੀ। [6]ਤੈਨੂੰ ਫਾਹੀ ਜਮ ਦੀ ਨਹੀਂ (ਹੇ ਬੱਲੂ) ਤੂੰ ਸਦਾ ਆਸਾ ਤੋਂ ਰਹਿਤ ਹੈਂ। [7]ਸਾਰੇ ਸੁਖ। [8]ਦੇਰੀ ਤੋਂ ਬਿਨਾਂ। [9]ਸਭ ਜੋਤੀਆਂ ਦਾ ਪ੍ਰਕਾਸ਼ਕ ਮਹਾਂਰਾਜ। [10]ਗੱਦੀ,ਤਖਤ।

*ਪਾਃ–ਦੀਨੀ। †ਪਾਃ–ਪ੍ਰਬੀਨੀ। ‡ਪਾਃ–ਨਰੇਲ।

ਨਵਨਿਧਿ ਸਿੱਧਾਂ ਦੂਗਨ ਇਨਹੁਂ ਤੇਂ[1] । ਰਿੱਧਾਂ ਪੂਰਨ ਜਗਤ ਜਿਨਹੁਂ ਤੇ ।
॥ ੨੩ ॥ ਸਭਿ ਕੋ ਪ੍ਰੇਰਕ ਨਿਤ ਬਿਨ ਲਿਪਯੋ । ਭਾਲ ਬਿਸਾਲ ਕਾਲ ਤਿਸ
ਦਿਪਯੋ।ਝੋਰੀ ਬਿਖੈ ਨਾਰੀਅਰ[2] ਪਾਇਵ। ਤੀਨ ਲੋਕ ਸ੍ਵਾਮੀ ਸੁ ਬਨਾਇਵ ॥
੨੪॥ ਪੁਨ ਬੱਲੂ ਸੋਂ ਕੀਨਿ ਬਖਾਨ । 'ਮੋਹਨ ਅਪਰ ਮੋਹਰੀ ਆਨਿ । ਸਭਿ
ਸੰਗਤ ਆਵਹਿ ਇਸ ਕਾਲ। ਦਾਸ,ਸਿੱਖਜ,ਛੋਟੋ ਸੁ ਬਿਸਾਲ ॥ ੨੫ ॥ ਮੇਰੋ
ਹੁਕਮ ਸੁਨਾਵਨਿ ਕਰੀਐ । ਸਕਲ ਹਕਾਰਹੁ ਬਿਲਮ ਪ੍ਰਹਰੀਐ' । ਤੂਰਨ
ਪਠੇ ਬੁਲਾਵਨ ਠਾਨੇ । ਜਹਿਂ ਜਹਿਂ ਜਿਨ ਕੇ ਹੁਤੇ ਠਿਕਾਨੇ ॥ ੨੬ ॥ ਸੁਨਿ
ਸੁਨਿ ਸਭਿ ਮਹਿ ਰੌਰਾ ਪਰਿਓ। 'ਚਾਹਿਸਿ ਗੁਰੂ ਪਯਾਨੌ ਕਰਿਓ । ਰਾਮਦਾਸ
ਸਤਿਗੁਰੂ ਬਨਾਏ'।ਬਿਸਮਤਿ ਬਾਤ ਸੁਨਤਿ ਚਲਿ ਆਏ*॥੨੭॥ਭਾਈ ਬੁੱਢੇ
ਆਦਿਕ ਸਾਰੇ। ਪਹੁੰਚੇ ਸਿੱਖ ਆਇ ਗੁਰਦ੍ਵਾਰੇ । ਦੋਨਹੁਂ ਪੁੱਤ੍ਰ ਆਇ ਤਤ-
ਕਾਲ।ਜਬਿ ਪੂਰਨ ਭੀ ਸਭਾ ਬਿਸਾਲ॥੨੮॥ਬੋਲੇ ਪ੍ਰਥਮ ਜੁਗਮ ਸੁਤ ਸਾਥ।
'ਰਾਮਦਾਸ ਕਹੁ ਟੇਕਹੁ ਮਾਥ । ਹੋਇ ਨੰਮ੍ਰਿ ਇਨ ਘਾਲ ਕਮਾਈ। ਅਜਰ
ਜਰਨ ਗੁਨ ਜੁਤਿ ਸਮੁਦਾਈ' ॥ ੨੯ ॥ ਮੋਹਨ ਜਿਹ ਸੁਭਾਵ ਮਸਤਾਨਾ ।
ਨਹਿਂ ਰਾਖਹਿ ਕਿਹ ਕੀ ਕਬਿ ਕਾਨਾ[3] । ਸਭਿ ਮੈਂ ਬੋਲਯੋ 'ਨਿਵੈਂ ਨ ਆਗੈ।
ਹਮਰੀ ਵਸਤੁ ਦੇਨਿ ਇਨ ਲਾਗੇ ॥੩੦॥ ਚਿਰੰਕਾਲ ਰਹਿ ਸਦਨ ਹਮਾਰੇ ।
ਕਰੀ ਗੁਜਰ ਸਭਿ ਜੁਤਿ ਪਰਵਾਰੇ । ਉਚਿਤ ਬੈਠਿਬੇ ਤੁਮੈ ਪਿਛਾਰੀ । ਅਹੈ
ਮਾਲਕੀ ਸਰਬ ਹਮਾਰੀ ॥੩੧॥ ਅਪਰ ਸਬੰਧੀ ਰਾਵਰਿ ਕੇਰੇ।ਰਹੈਂ ਸਮੀਪੀ
ਐਸ਼੍ਵਰਜ ਹੇਰੇ।ਇਹ ਭੀ ਹੈ ਤਿਨ ਸਭਿਨਿ ਸਮਾਨਾ । ਅਬਿ ਪਦ ਦੇਬੇ ਲਗੇ
ਮਹਾਨਾ॥੩੨॥ ਹਮ ਰਾਵਰਿ ਕੇ ਨੰਦਨ ਅਹੈਂ । ਗੁਰਤਾ ਪਦ ਤੇ ਛੂਛੇ ਰਹੈਂ ।
ਭਊ ਨ ਕਿਉਹੂੰ ਮਾਥ ਨਿਵਾਵਹਿਂ।ਸਤਿਗੁਰ ਕੇ ਸਪੂਤ ਕਹਿਲਾਵਹਿਂ'॥੩੩
॥ ਜਬਿ ਮੋਹਨ ਕੋ ਐਸੇ ਲਹਯੋ । ਪੁੱਤ੍ਰ ਦੂਸਰੇ ਸੋਂ ਤਬਿ ਕਹਯੋ । 'ਸਿੱਖੀ ਪਦ
ਨੰਦਨ! ਤੁਮ ਲੇਵਹੁ।ਨਹਿਂ ਲੇਵਹੁ ਤਉ ਅਬਿ ਕਹਿ ਦੇਵਹੁ' ॥੩੪॥ ਸੁਨਤਿ
ਮੋਹਰੀ ਰਿਦੇ ਬਿਚਾਰਾ। ਸ੍ਰੀ ਨਾਨਕ ਪ੍ਰਸਤਾਵ ਰਿਤਾਰਾ[4] ।–ਪੁਨ ਸ੍ਰੀ
ਅੰਗਦ ਕੀਨਸਿ ਐਸੇ†–। ਸਰਬ ਬ੍ਰਿਤਾਂਤ ਬਿਚਾਰਯੋ ਤੈਸੇ ॥੩੫॥ ਜਿਸਕੇ
ਜਾਗੇਂ ਭਾਗ ਬਡੇਰੇ। ਪੂਰਨ ਕ੍ਰਿਪਾ ਦ੍ਰਿਸ਼ਟਿ ਤਿਹ ਹੇਰੇ । ਘਾਲੀ ਘਾਲ ਪਰੈ

[1]ਇਨ੍ਹਾਂ ਤੋਂ ਨਿਧਾਂ ਤੋਂ ਦੂਣੀਆਂ, ਭਾਵ ੧੮ ਸਿੱਧੀਆਂ । [2]ਨਰੇਲ । [3]ਮੁਹੱਦਗੀ । [4](ਪਿਛਲਾ ਪ੍ਰਸੰਗ) ਗੁਰ ਨਾਨਕ ਜੀ ਵਾਲਾ ਯਾਦ ਕੀਤਾ ।

*ਪਾ:–ਲਲਚਾਏ । †ਪਾ:–ਕੀਨੀ ਜੈਸੇ ।

ਜਿਸ ਥਾਇ। ਇਸ ਬਡਿਆਈ ਕੋ ਸੋ ਪਾਇ ॥੩੬॥ ਕਰੈ ਈਰਖਾ ਕੈਸਿਹੁੰ ਕੋਈ॥ਮਿਟਹਿ ਨਹੀਂ ਉਲਟੋ ਦੁਖ ਹੋਈ। ਯਾਂਤੇ ਸ਼੍ਰੀ ਪਿਤ ਕੇ ਅਨੁਸਾਰੀ। ਇਸ ਮਹਿਂ ਸੋਭਾ ਹੋਇ ਹਮਾਰੀ–॥੩੭॥ਇਮਿ ਬਿਚਾਰ ਕਰਿ ਠਾਂਢੋ ਹੋਵਾ। ਸਗਰੀ ਸੰਗਤਿ ਨੇ ਤਬਿ ਜੋਵਾ॥ ਬੁੱਢੇ ਆਦਿ ਜਿ ਸੇਵਕ ਸਾਰੇ। ਖਰੇ ਭਏ ਗੁਰ ਸੁਤ ਪਿਛਵਾਰੇ॥੩੮॥ਮਾਨ ਮੋਹਰੀ ਪਿਤਕੇ ਬੈਨ। ਕਰਿ ਅਨੰਦ ਜੁਤਿ ਫੁੱਲਤ ਨੈਨ। ਰਾਮਦਾਸ ਕੇ ਚਰਨੀ ਪਰ੍ਯੋ। 'ਧੰਨ ਧੰਨ' ਸਭਿਹਿਨਿ ਤਬਿ ਰਰ੍ਯੋ॥੩੯॥ਬਹੁਰੋ ਸਗਰੀ ਸੰਗਤਿ ਹੇਰਿ। ਪਰੇ ਚਰਨ ਪਰ ਤਿਸ ਹੀ ਬੇਰਿ। ਧਰਿ ਧਰਿ ਸਰਬ ਉਪਾਇਨ ਆਗੇ। ਬੰਦਹਿਂ ਕਰ ਜੋਰਹਿਂ ਬਡਭਾਗੇ॥੪੦॥ ਸ਼ਥਿਤ ਭਏ ਸਭਿ ਹੀ ਤਿਸ ਕਾਲਾ॥ ਬੋਲੇ ਸ਼੍ਰੀ ਗੁਰ ਅਮਰ ਕ੍ਰਿਪਾਲਾ 'ਪੁੱਤ੍ਰ ਮੋਹਰੀ ਕਰਹੁ ਬਖਾਨਾ। ਰਾਮਦਾਸ ਕੋ ਕਸਾ ਕਰਿ ਜਾਨਾ? ॥੪੧॥ ਕਿਮਿ ਜਾਨਹਿਂ ਹਮਤੇ ਪਸ਼ਚਾਤੀ॥ਚਿਤ ਕੀ ਬ੍ਰਿਤੀ ਕਹੋ ਜਿਸ ਭਾਂਤੀ'। ਹਾਥ ਜੋਰਿ ਤਬਿ ਸਭਿ ਮਹਿਂ ਕਹ੍ਯੋ। 'ਸੁਨਹੁ ਪਿਤਾ ਜੀ! ਮੈਂ ਜਿਮਿ ਲਹ੍ਯੋ ॥੪੨ ॥ ਸ਼੍ਰੀ ਨਾਨਕ ਸ਼੍ਰੀ ਅੰਗਦ ਸ੍ਵਾਮੀ॥ਤ੍ਰਿਤੀਏ ਤੁਮ ਹੋ ਅੰਤਰਜਾਮੀ। ਸੋ ਸਰੂਪ ਇਹ ਚੌਥੋ ਹੋਵਾ॥ਸ਼੍ਰੀ ਗੁਰੁ ਰਾਮਦਾਸ ਇਮਿ ਜੋਵਾ' ॥੪੩॥ ਸੁਨਿ ਗੁਰ ਜੁਤਿ ਸਭਿ ਭਏ ਪ੍ਰਸੰਨ। 'ਪੁੱਤ੍ਰ ਮੋਹਰੀ ਤੂੰ ਬਡ ਧੰਨ। ਸਭਿ ਤੇ ਸ੍ਰੇਸ਼ਟ ਬੁੱਧਿ ਉਦਾਰੇ। ਮਿਲ੍ਯੋ ਸਦਾ ਤੂੰ ਸੰਗ ਹਮਾਰੇ॥੪੪॥ ਦੋਹਰਾ॥ਭਯੋ ਸਭਿਨਿ ਕੋ ਮੋਹਰੀ[1] ਨਾਮ ਮੋਹਰੀ ਤੋਹਿ।ਕੀਨੋ ਸਾਰਥ[2] ਸੋ ਅਬਹਿ, ਮਮ ਅਭੇਦਤਾ ਹੋਹਿ ॥੪੫॥ਚੌਪਈ॥ ਇੱਕੀ ਕੁਲ ਹੁਇ ਸੰਤ ਉਧਾਰੇ[3]। ਤੁਮ ਨੇ ਬਯਾਲੀ ਜਗ ਨਿਸਤਾਰੇ'। ਸੁਨਤਿ ਮੋਹਰੀ ਕਹਿ ਬਡਿਭਾਗੋ।'ਧਰਮ ਰਾਇ ਲੇਖਾ ਲੇ ਆਗੋ॥੪੬॥ ਤਿਹ ਲੇਖੇ ਤੇ ਜਬਿ ਛੁਟ ਜੱਯੈ। ਤਬਿ ਉਧਾਰ ਨਿਜ ਕੁਲ ਕੋ ਪੱਯੈ'। ਸੁਨਿ ਗੁਰ ਕਹ੍ਯੋ 'ਅਛਤ ਤਨ ਮੋਹੀ[4]। ਲੇਖਾ ਦਿਯੋ ਚੁਕਾਇ[5] ਜਿ*ਹੋਹੀ ॥੪੭॥ ਧਰਮ ਰਾਇ ਕੇ ਨਿਕਟ ਨ ਜੈਹੋ।ਪੰਥ ਅਪਰ ਹੀ ਹਮ ਢਿਗ ਐਹੋ[6]। ਤੂੰ ਮਮ ਸਿੱਖ ਪੁਨੀਤ ਸੁ ਭਯੋ॥ਸਿੱਖੀ ਪਦ ਮੈਂ ਤੋ ਕਹੁ ਦਿਯੋ॥੪੮॥ ਸੰਤਤਿ ਬ੍ਰਿਧਹਿ ਸਮੂਹ ਤੁਮਾਰੀ॥ਤਿਨ ਕੋ ਸਿੱਖੀ ਦੀਨ ਅਗਾਰੀ॥ਤੁਵ ਕੁਲ ਪੂਜਹਿ ਮੋਕਹੁ ਨੀਤਿ। ਅਪਰ ਨ ਚੀਤ ਧਰਹਿ ਕਬਿ†ਪ੍ਰੀਤਿ॥੪੯॥ਮੈਂ ਹੀ ਦੇਵ ਸੁ ਪਿੱਤ੍ਰ ਜਠੇਰੋ।ਮੈਂ

[1]ਆਗੂ। [2]ਸਹਿਤ ਅਰਥ ਦੇ। [3]ਸੰਤ ਹੋਕੇ ਇੱਕੀ ਕੁਲਾਂ ਉਧਾਰਦਾ ਹੈ। [4]ਅਸਾਂ ਤਨ ਦੇ ਹੁੰਦਿਆਂ ਹੀ। [5]ਲੇਖਾ ਮੁਕਾ ਦਿਤਾ ਹੈ। [6]ਹੋਰ ਰਸਤੇ ਤੁਸੀਂ ਸਾਡੇ ਪਾਸ ਆਓਗੇ।

*ਪਾ:–ਜੋ। †ਪਾ:–ਕਰਿ।

ਹੀ ਇਸ਼ਟ ਦੇਵ ਕੁਲ ਤੇਰੇ'। ਇਮਿ ਸੰਬਾਦ ਸੁਨਯੋ ਜਬਿ ਕਾਨਾ। ਰਾਮਦਾਸ ਜੀ ਕੀਨਿ ਬਖਾਨ ॥੫੦॥ ਅਧਿਕ ਪ੍ਰੇਮ ਲੋਚਨ ਜਲ ਛਾਵਾ। ਗੁਰ ਚਰਿੱਤ੍ਰ ਹੇਰਤਿ ਬਿਸਮਾਵਾ।'ਸ੍ਰੀ ਪ੍ਰਭੁ ਮੁਝ ਸਿੱਖੀ ਪਦ ਦੀਜਹਿ। ਆਪ ਮੋਹਰੀ ਕਹੁ ਗੁਰ ਕੀਜਹਿ ॥੫੧॥ ਮੈ ਹੌਂ ਦਾਸ ਆਪ ਕੋ ਜੈਸੇ। ਨਿਜ ਮਨ ਤੇ ਜਾਨਤਿ ਇਨ[1] ਤੈਸੇ। ਗੁਰਤਾ ਉਚਿਤ ਜੁਗਮ ਤੁਮ ਨੰਦਨ। ਮੋਕੌ ਉਚਿਤ ਇਨਹੁੰ ਪਗ ਬੰਦਨ' ॥੫੨॥ ਸ੍ਰੀ ਗੁਰ ਸੁਨਤਿ ਪ੍ਰਸੰਗ ਚਿਤਾਰਾ।'ਹਮ ਨੈ ਦੇਨੋ ਹੁਤੋ ਤੁਮਾਰਾ। ਪੂਰਬ ਕਹਯੋ ਹੁਤੋ ਬਰ ਦਾਨਾ। ਤਿਸ ਕੋ ਦੇਨਿ ਸਮੋ ਅਬਿ ਜਾਨਾ ॥ ੫੩ ॥ ਅਤਿ ਗ਼ਰੀਬ ਇਹੁ ਮੰਤਤਿ ਮੇਰੀ। ਨਿਰ ਹੰਕਾਰ, ਨ ਹੁਇ ਕਿਸ ਬੈਰੀ[2]*। ਕੀਜਹਿ ਇਨਕੀ ਨਿਤਿ ਪ੍ਰਤਿਪਾਲਾ। ਮਿਲੇ ਰਹਹੁ ਕਰਿ ਪ੍ਰੀਤਿ ਬਿਸਾਲਾ'॥੫੪॥ਆਨ ਇਕੱਤ੍ਰ ਭਯੋ ਪਰਵਾਰੂ। ਹੇਰਹਿਂ ਸਤਿਗੁਰ ਕੇ ਬਿਵ-ਹਾਰੂ।ਉਠਿ ਕਰਿ ਬਡਭਾਗਨ ਤਬਿ ਭਾਨੀ। ਪਿਤ ਆਗੇ ਕਰ ਜੋਰਿ ਬਖਾਨੀ ॥੫੫॥'ਹੇ ਪ੍ਰਭੁ ਤੁਮ ਬਖਸ਼ੀ ਗੁਰਿਆਈ।ਰਹਹਿ ਹਮਾਰੇ ਬੰਸ ਸਦਾਈ। ਹੋਹਿ ਨ ਅਸ ਕੋ ਦਾਸ ਅਗਾਰੀ। ਕਰਿ ਸੇਵਾ ਲੇਵਹਿ ਪਦ ਭਾਰੀ[3] ॥੫੬॥ ਬਰ ਨਿਜ ਦੇਹੁ ਨ ਜਾਵਹਿ ਆਨ[4]।ਰਹੈ ਸਥਿਰ ਅਬਿ ਇਸ ਹੀ ਥਾਨ'। ਸੁਨਤਿ ਕ੍ਰਿਪਾਲ ਹੋਹਿ ਬਚ ਕਹੇ। 'ਨਹਿਂ ਕਿਤ ਜਾਹਿ ਤੁਮਹੁ ਘਰ ਰਹੇ ॥ ੫੭ ॥ ਤਊ ਬਿਮਲ ਸਲਿਤਾ ਜਲ ਚਲਿਤਾ।ਪਾਯਹੁ ਬੰਧਨ ਆਗੇ ਢਲਤਾ। ਹੋਹਿਂ ਕਲੇਸ਼ ਉਪੱਦ੍ਰਵ ਭਾਰੇ। ਜਿਨ ਕਉ ਕੋ ਨ ਸਕਹਿ ਨਿਰਵਾਰੇ॥੫੮॥ਲਛਮੀ ਸ੍ਰੀ ਨਾਨਕ ਢਿਗ ਗਈ। ਦ੍ਵਾਦਸ਼ ਕੋਸ ਦੂਰ ਥਿਰ ਥਈ[5]।ਖਸ਼ਟ ਕੋਸ ਸ੍ਰੀ ਅੰਗਦ ਰਾਖੀ। ਨਿਕਟਿ ਹੋਨਿ ਕੋ ਤਿਨਹੁੰ ਨ ਭਾਖੀ ॥੫੯॥ ਆਨਿ ਹਮਾਰੇ ਠਾਂਢੀ ਦ੍ਵਾਰ।ਕਰਯੋ ਆਪਨੋ ਜੋਰ ਉਦਾਰ। ਪੈਸਕਾਰ[6]ਅੰਤਰ ਨਹਿਂ ਭਯੋ। ਖਰੀ ਰਹੀ ਦਰ ਪਰ ਹਿਤ ਲਯੋ ॥੬੦॥ ਅਬਿ ਤੁਮਰੇ ਘਰ ਬਿਖੈ ਪ੍ਰਵੇਸ਼ੀ। ਬਿਘਨ ਕਲੇਸ਼ਨ ਬਿਖੈ ਬਿਸ਼ੇਸ਼ੀ। ਤਊ ਅਲੇਪ ਰਹਹਿਂ ਇਸ ਮਾਂਹੀ।ਇਸ ਕੇ ਦੋਸ਼ ਸਕਹਿਂ ਛ੍ਵੈ ਨਾਂਹੀ' ॥ ੬੧ ॥ ਦੋਹਰਾ ॥ ਇਸ ਪ੍ਰਕਾਰ ਬਰ ਗੁਰ ਦਏ ਮੁਦਤਿ ਸੁਤਾ ਹਿਤ ਮਾਨਿ[7]। ਰਾਮਦਾਸ ਸ੍ਰੀ ਸਤਿਗੁਰੂ ਕੀਨੇ ਬਿਦਤਿ ਜਹਾਨ ॥ ੬੨ ॥ ਇਤਿ ਸ੍ਰੀ ਗੁਰਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ 'ਗੁਰਿਆਈ ਦੇਨ' ਪ੍ਰਸੰਗ ਬਰਨਨੰ ਨਾਮ ਸਪਤਸ਼ਸ਼ਟੀ ਅੰਸੂ ॥ ੬੭ ॥

---

[1]ਭਾਵ ਮੋਹਰੀ ਜੀ ਨੂੰ। [2]ਨਿਰਹੰਕਾਰ ਹੈ ਕਿਸੇ ਨਾਲ ਵੈਰ ਨਹੀਂ ਕਰੇਗੀ। [3]ਭਾਰੀ ਪਦ (ਗੁਰਿਆਈ)। [4]ਹੋਰਥੇ। [5]ਖੜੀ ਰਹੀ। [6]ਪ੍ਰਵੇਸ਼। [7]ਭਲਾ ਮੰਨਿਕੇ।

*ਪਾ:-ਨਿਰ ਹੰਕਾਰਿਨ ਹੁਇ ਕਿਸ ਬੈਰੀ।

## ੬੮. [ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ]।

ਦੋਹਰਾ ॥ ਬੁੱਢੇ ਸੰਮਤ ਗੁਰੂ ਹੁਇ[1] ਪੈਸੇ ਪੰਚ ਨਲੇਰ। ਰਾਮਦਾਸ ਕੀ ਭੇਟਿ ਧਰਿ ਕ੍ਰਿਪਾ ਦ੍ਰਿਸ਼ਟਿ ਕੋ ਹੇਰਿ॥੧॥ਚੌਪਈ॥ ਕਰੀ ਪ੍ਰਦੱਛਨ ਫਿਰ ਚਹੁੰ ਓਰੇ। ਬੰਦਨ ਕਰਤਿ ਭਏ ਕਰ ਜੋਰੇ। ਤਬੈ ਮੋਹਰੀ ਸੰਗਤਿ ਹ੍ਵੈ ਕੈ। ਨਮੋ ਮੋਹਰੀ ਕਿਯ ਸਿਰ ਨੈਕੈ[2]॥੨॥ਪੁਨ ਸਭਿ ਸਿੱਖਨ ਕੀਨਸਿ ਬੰਦਨ।ਜਾਨਿ ਗੁਰੂ ਗਨ ਪਾਪ ਨਿਕੰਦਨ। ਇਮਿ ਦੈ ਕਰਿ ਸਭਿ ਜਗ ਗੁਰਿਆਈ। ਹਿਤ ਪ੍ਰਲੋਕ ਹ੍ਵੈ ਤ੍ਯਾਰ ਗੁਸਾਈਂ॥੩॥ਨੇਤ੍ਰ ਪ੍ਰਫੁੱਲਿਤ ਜਨੁ ਅਰਿਬਿੰਦਾ।ਦਿਪਤ ਬਦਨ ਦੁਤਿ ਇੰਦ ਮਨਿੰਦਾ। ਦਾਸਨ ਦੇਤਿ ਅਨੰਦ ਬਿਲੰਦਾ। ਸੁਧਾ ਗਿਰਾ ਦੁਖ ਦੁੰਦ ਨਿਕੰਦਾ॥੪॥ਜਹਿਂ ਕਹਿਂ ਪ੍ਰਗਟ ਬਿਸਾਲ ਪ੍ਰਸੰਗਾ। 'ਤਨ ਕੋ ਤਜਹਿਂ ਸੁਛੰਦ ਉਮੰਗਾ'। ਸੁਨਿ ਸੁਨਿ ਨਿਕਟ ਗ੍ਰਾਮ ਨਰ ਜੋਈ। ਹੇਤ ਦਰਸਬੇ ਪਹੁੰਚਹਿ ਤੇਈ॥੫॥ਬਾਹਨ ਪਰ ਅਰੋਹ ਕੈ ਆਏ।ਕੋ ਪਾਇਨ ਤੇ ਤੂਰਨ ਧਾਏ।–ਦੁਰਲਭ ਦਰਸ਼ਨ ਬਡ ਫਲ ਦਾਤਾ–। ਸੁਨਿ ਅਸ ਕੋ ਨ ਆਇ ਉਮਹਾਤਾ[3] ॥੬॥ਚਹੁੰ ਦਿਸ਼ ਮਗ ਆਵਹਿਂ ਸਮੁਦਾਏ।ਪੁਰਿ ਪ੍ਰਵਿਸ਼ੈਂ ਗੁਰ ਦਰਸ਼ਨ ਪਾਏ। ਸ੍ਰੀ ਅੰਗਦ ਕੋ ਨੰਦਨ ਦਾਤੂ। ਪੂਰਬ ਆਇ ਪ੍ਰਹਾਰੀ ਲਾਤੂ॥੭॥ ਤਬਿ ਕੌ ਸੰਕਟ ਚਰਨ ਮਝਾਰ।ਹੋਤਿ ਅਸਥਿ ਮਹਿਂ[4] ਪੀਰ ਉਦਾਰ। ਲੱਜਿਤ ਨਿਕਟ ਨਹੀਂ ਚਲਿ ਆਇਵ।ਬਿਨਤੀ ਕਰਿ ਕੈ ਨਹਿਂ ਬਖਸ਼ਾਇਵ॥੮॥ਸੋ ਸੁਨਿ ਕੇ ਸ੍ਰੀ ਅਮਰ ਪਧਾਨਾ। ਰਿਦੇ ਬਿਖੈ ਇਮਿ ਚਿਤਵਨ ਠਾਨਾ।–ਨਿਸ ਬਾਸੁਰ ਦੁਖ ਲਹੌਂ ਘਨੇਰਾ। ਬਖਸ਼ਾਵੌਂ ਤਿਨ ਤੇ ਇਸ ਬੇਰ॥੯॥ਅਪਨਿ ਕੁਮਤਿ ਤੇ ਮੈਂ ਨਹਿਂ ਜਾਊਂ।ਸੋ ਤੌ ਮਹਾਂ ਕ੍ਰਿਪਾਲੁ ਸੁਭਾਊ।ਦੇਖਤਿ ਦਯਾ ਕਰੈਂ ਦੁਖ ਹਰਿਹੀਂ[5]। ਜਿਮਿ ਜਾਚੈਂ ਤਿਮਿ ਦੈਬੋ ਕਰਿਹੀਂ ॥ ੧੦ ॥ ਬਿਨ ਬਖਸ਼ਾਵਨ ਕਸ਼ਟ ਘਨੇਰਾ। ਅਰੁ ਬਿਗਰਹਿ ਪਰਲੋਕ ਸੁ ਮੇਰਾ। ਆਜ ਸਮਾ ਫਿਰ ਹਾਥ ਨ ਆਵੈ। ਤਿਨ ਕੇ ਜਿਯਤ ਮਿਲਿਨ ਬਨਿ ਆਵੈ–॥੧੧॥ਇਮਿ ਬਿਚਾਰ ਕਰਿ ਤੂਰਨ ਚਾਲਾ। ਪਹੁੰਚ੍ਯੋ ਪੁਰਿ ਮਹਿਂ ਪ੍ਰੇਮ ਬਿਸਾਲਾ। ਔਚਕ ਜਾਇ ਚਰਨ ਸਿਰ ਧਰ੍ਯੋ। 'ਤ੍ਰਾਹਿ ਤ੍ਰਾਹਿ' ਹੁਇ ਦੀਨ ਉਚਰ੍ਯੋ॥੧੨॥ਸ੍ਰੀ ਸਤਿਗੁਰੁ ਜਬਿ

---

[1]ਭਾਵ, ਬੁੱਢੇ ਜੀ ਦੇ ਮਸ਼ਵਰੇ ਨਾਲ ਗੁਰੂ ਜੀ ਨੇ। [2]ਫੇਰ ਸੰਗਤ ਦਾ ਮੁਹਰੀ (ਆਗੂ) ਹੋਕੇ ਮੋਹਰੀ ਜੀ ਨੇ ਸਿਰ ਨਿਵਾਕੇ ਮੱਥਾ ਟੇਕਿਆ। (ਅ) ਸੰਗਤ ਦੇ ਮੋਹਰੀ ਭਾਵ ਬਾਬੇ ਬੁੱਢੇ ਜੀ ਦੇ ਨਾਲ ਹੋਕੇ ਮੋਹਰੀ ਜੀ ਨੇ। [3]ਐਸੀ ਗੱਲ ਸੁਣਕੇ ਕਿਹੜਾ ਉਮਾਹ ਕੇ ਨਾ ਆਉਂਦਾ ? [4]ਚਰਨ ਦੀ ਹੱਡੀ ਵਿਚ। [5]ਦੁਖ ਦੂਰ ਕਰ ਦੇਣਗੇ।

ਦੇਖਨ ਕਰਯੋ। ਭਯੋ ਦੀਨ ਕਰਿ ਪ੍ਰੇਮ ਸੁ ਪਰਯੋ।ਸਨਮਾਨਤਿ ਕਰਿ ਸਮੁਖ ਬਿਠਾਯੋ।ਨਮਸਕਾਰ ਕਰਿ ਮ੍ਰਿਦੁਲ ਅਲਾਯੋ॥੧੩॥'ਮੋ ਪਰ ਕ੍ਰਿਪਾ ਕਰੀ ਤੁਮ ਆਏ।ਧੰਨ ਭਏ ਹਮ ਦਰਸ਼ਨ ਪਾਏ।ਕੌਨ ਕਾਜ ਮੈਂ ਕਰੌਂ ਤੁਮਾਰਾ? ਜਿਸ ਤੇ ਸਫਲਹਿ ਜਨਮ ਹਮਾਰਾ' ॥੧੪॥ ਹਾਥ ਜੋਰਿ ਦਾਤੂ ਬਚ ਭਾਖੇ। 'ਕਰੋ ਕਾਜ ਮਮ ਜਸ ਅਭਿਲਾਖੇ।ਅਪਰਾਧੀ ਮੈਂ ਪ੍ਰਭੂ! ਤੁਮਾਰਾ।ਹੋਇ ਢੀਠ ਜਬਿ ਚਰਨ ਪ੍ਰਹਾਰਾ॥੧੫॥ਮਤਸਰ[1] ਅਗਨਿ ਦਹੀ ਮਮ ਛਾਤੀ। ਦੁਤਿਯੇ ਮਿਲਯੋ ਕੁਸੰਗ ਉਤਪਾਤੀ[2]। ਤਿਨ ਕਰਿ ਮਤਿ ਬਾਵਰ ਮਮ ਹੋਈ। ਬਖਸ਼ਾਵਨ ਚਾਹਤਿ ਅਬਿ ਸੋਈ॥੧੬॥ਲੱਜਿਤ ਰਹਯੋ ਨ ਤੁਮ ਢਿਗ ਆਇਵ।ਕਰੀ ਅਵੱਗਯਾ ਦੁਖ ਫਲ ਪਾਇਵ। ਕ੍ਰਿਪਾਨਿਧਾਨ ਛਿਮਾ ਤੁਮ ਧਾਰੋ। ਉਰ ਗੰਭੀਰ, ਧੀਰ, ਹਿਤ ਸਾਰੋ[3]'॥੧੭॥ਸੁਨਿ ਸ੍ਰੀ ਅਮਰਦਾਸ ਤਬਿ ਬੋਲੇ।'ਤੁਮ ਸਤਿਗੁਰ ਕੇ ਪੁੱਤ੍ਰ ਅਡੋਲੇ। ਮਨ ਤਨ ਕਰਿ ਮੈਂ ਦਾਸ ਤੁਮਾਰਾ। ਅਬਿ ਪ੍ਰਲੋਕ ਹੋਵਤਿ* ਮਮ ਤਯਾਰਾ॥੧੮॥ਰਾਮਦਾਸ ਅਬਿ ਸਤਿਗੁਰ ਭਯੋ।ਨਿਜ ਪਦ ਮੈਂ ਤਿਨ ਕੋ ਸ਼ੁਭ ਦਯੋ।ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਕਰੀਅਹਿ।ਤੁਮ ਹੋ ਬਡੇ ਬਿਘਨ ਗਨ ਹਰੀਅਹਿ॥੧੯॥ਇਨ ਕੋ ਸੁਤ ਗੁਰਤਾ ਜਬਿ ਪਾਵੈ।ਸਮੋ ਪਾਇ ਸੋ ਤੁਮ ਢਿਗ ਆਵੈ। ਸੋ ਜਬਿ ਕਰਹਿ ਸਪਰਸ਼ਨ ਹਾਥ। ਹਰਹਿ ਸਰਬ ਸੰਕਟ ਤਿਹ ਸਾਥ'॥੨੦॥ਦਾਸੂ ਆਇ ਮਿਲਯੋ ਸੁਖ ਪਾਏ। ਅਪਰ ਲੋਕ ਦਰਸਹਿੰ ਸਮੁਦਾਏ।ਕਰ ਜੋਰਹਿੰ ਸਭਿ ਸੀਸ ਨਿਵਾਵਹਿੰ।'ਧੰਨ ਧੰਨ ਗੁਰ' ਸਬਦ ਸੁਨਾਵਹਿੰ॥੨੧॥ਸਭਿ ਸੰਗਤ ਸੋਂ ਪੁਨਹ ਉਚਾਰਾ। 'ਰਾਮਦਾਸ ਮੈਂ ਰੂਪ ਸੁਧਾਰਾ। ਮਮ ਸਮ ਇਸ ਕੋ ਪੂਜਨ ਕਰਨਾ। ਹੌਂ ਅਭੇਦ ਇਨ ਸੋਂ ਇਕ ਬਰਨਾ[4]॥੨੨॥ਅਪਨੀ ਅਵਧਿ ਦੀਨ[5] ਬੈਠਾਇ।ਸ਼ਰਧਾ ਧਰਹਿ,ਸੁ ਸਭਿ ਫਲ ਪਾਇ। ਮੈਂ ਹੋਵੌਂ ਅਬਿ ਅੰਤਰ ਧਯਾਨ'।ਸੁਨਿ ਸੰਗਤਿ ਗੁਰ ਕੇ ਬਚ ਕਾਨ॥੨੩॥'ਜੈ ਜੈਕਾਰ' ਉਚਾਰਨ ਕੀਨਾ। ਬੰਦਹਿੰ, ਕਰ ਜੋਰਹਿੰ ਮਨ ਦੀਨਾ। ਭਾਦੋਂ ਕੀ ਸ਼ੁਭਿ ਪੂਰਨਮਾਸ਼ੀ।ਚਹਤਿ ਸਮਾਵਨ ਗੁਰ ਅਬਿਨਾਸ਼ੀ॥੨੪॥ਸੰਗਤਿ ਸਹਤ ਸੁ ਨੰਦਨ ਹੇਰਾ।ਅਸ ਆਇਸੁ ਦੀਨਸਿ ਤਿਸ ਬੇਰਾ।'ਤਯਾਰੀ ਕਰੋ ਬਿਮਾਨ ਬਨਾਵਹੁ। ਸਭਿ ਕਾਰਜ ਕਹਿ ਸ਼ੀਘ੍ਰ ਕਰਾਵਹੁ' ॥ ੨੫ ॥ ਸੁਨਤਿ ਮੋਹਰੀ ਕਹਿ ਬਚ ਐਸੇ।'ਕ੍ਰਿਯਾ ਕਰਮ ਕੀ ਆਇਸੁ ਕੈਸੇ? ਨਿਜ ਕੁਲ ਕੀ ਮਿਰਜਾਦ ਜੁ ਅਹੈ।ਕਰਹਿੰ ਕਿ ਨਹੀਂ ਆਪ ਜਿਮਿ ਕਹੈਂ'॥੨੬॥ਸੁਨਿ ਸਤਿਗੁਰ

[1]ਈਰਖਾ ਦੀ। [2]ਉਪੱਦ੍ਰਵੀ। [3]ਸਭ ਦੇ ਭਲੇ ਵਿਚ ਹੋ। [4]ਰੂਪ। [5]ਆਯੂ ਦੇਕੇ। *ਪਾ:-ਹੋਤ। ਹੇਤ।

ਨੇ ਕਹਤੋ ਬਿਚਾਰ। 'ਮਮ ਨਹਿੰ ਕੁਛ ਕਰਮਨ[1]ਅਧਿਕਾਰ।ਜਗ ਮਿਰਜਾਦ ਰਖੀ ਜੋ ਚਹੀਅਹਿ। ਪ੍ਰੇਤ ਨਾਮ ਮੁਖ ਤੇ ਨਹਿੰ ਕਹੀਅਹਿ॥੨੭॥ਸੁਰਸਰਿ ਅਸਥ ਪਿੰਡ ਕੋ ਦੀਜਹਿ। ਤੁਮ ਬਡ ਹੋ ਮਿਰਜਾਦ ਰਖੀਜਹਿ*'। ਬਹੁਰ ਮੋਹਰੀ ਬੂਝਨ ਕਰੇ।'ਗ੍ਰਿਹੀ ਧਰਮ, ਤੁਮ ਕਹਿ ਸੋ ਧਰੇ[2]॥੨੮॥ਬਿਨ ਮਾਯਾ ਸਿਧ ਹੋਇਂ ਨ ਸਾਰੇ। ਕਿਰਤ ਕਿ ਕਰਹਿਂ[3], ਚਲਹਿ ਬਿਵਹਾਰੇ। ਬਿਨਾਂ ਕਿਰਤ ਕਰ ਆਇ ਨ ਮਾਇਆ। ਜੋ ਕੁਛ ਕਰਹਿਂ,ਕਹਹੁ ਕਰਿ ਦਾਇਆ' ॥੨੯॥ਸਤਿਗੁਰ ਕਹਤੋ 'ਕਰਹੁ ਸ਼ੁਭਿ ਕਾਰ।ਧਰਮ ਕਿਰਤ ਤੇ ਸਿਧਿ ਬਿਵ-ਹਾਰ। ਕੁਲ ਮਹਿਂ ਸੰਕਟ ਆਇ ਜਿ ਪਰੈ।ਸਿਮਰਹੁ ਮੋਹਿ ਕਾਜ ਸਭਿ ਸਰੈਂ॥ ੩੦॥ ਹੇ ਸੁਤ ਧਰਮ ਕਿਰਤ ਜੋ ਕਰਨੀ।ਹਰਿ ਸਿਮਰਨਿ ਇਹੁ ਭਗਤਿ ਸੁ ਬਰਨੀ। ਭਗਤਿ ਕਰਹਿ ਸੁਖ ਲਹੈ ਅਭਰਮ।ਹਰਿ ਕੀ ਭਗਤਿ ਕਹਾਵਤਿ ਧਰਮ ॥ ੩੧ ॥ ਬਿਨ ਹਰਿ ਭਗਤਿ ਕਰਹਿ ਗਨ ਕਰਮ। ਸੋ ਸਗਰੇ ਹੁਇ ਜਾਹਿਂ ਅਧਰਮ'। ਸਭਿ ਸੰਗਤਿ ਕੋ ਤਬਿ ਉਪਦੇਸ਼ਾ। 'ਕਰਿ ਹਰਿ ਭਗਤਿ ਬਿਨਾਸ ਕਲੇਸ਼ਾ'॥੩੨॥ਕ੍ਰਿਪਾ ਦ੍ਰਿਸ਼ਟਿ ਸਭਿ ਓਰ ਨਿਹਾਰੇ।ਹੁਤੀ ਭਾਵਨੀ ਜੋ ਜਿਸ ਧਾਰੇ। ਸਭਿ ਕੋ ਮਨ ਬਾਂਛਤ ਫਲ ਪਾਵਾ। ਪੁਨ ਸਤਿਗੁਰ ਸਭਿ ਸੰਗ ਅਲਾਵਾ॥੩੩॥'ਸੁਤ ਭ੍ਰਾਤਾ ਬੰਧੂ ਸਿਖ ਦਾਸ।ਪਾਛੇ ਕਰਹੁ ਨ ਸ਼ੋਕ ਪ੍ਰਕਾਸ਼। ਮੁਦਤ ਰਹਹੁ,ਹਰਿ ਕੇ ਗੁਨ ਗਾਵਹੁ। ਕਥਾ ਕੀਰਤਨ ਸੁਨਹੁ ਸੁਨਾਵਹੁ'॥ ੩੪॥ਇਮਿ ਕਹਿ ਸਤਿਗੁਰ ਘਰ ਲਿਪਵਾਇਸ। ਚੰਦਨ ਆਦਿ ਸੁਗੰਧਿ ਛਿਰਕਾਇਸ।ਬਰਨ ਬਰਨ ਫੂਲਨ ਕੀ ਮਾਲਾ।ਕੁਸ਼ਆਸਨ ਪਰ ਪੌਢੇ ਦਇਆਲਾ ॥ ੩੫ ॥ ਸਭਿ ਕੇ ਦੇਖਤਿ ਭੀਰ ਘਨੇਰੀ। ਬਿਸਦ ਬਸਤ੍ਰ ਲੇ ਮੁਖ ਪਰ ਫੇਰੀ[4]।ਕਰਤਿ ਭਏ ਪਰਲੋਕ ਪਯਾਨਾ।ਨਭ ਮਹਿਂ ਕੌਤਕ ਹੋਤਿ ਮਹਾਂਨਾ॥੩੬॥ ਸੂਰਜ ਤੇਜ ਮੰਦ ਪਰਿ ਗਇਊ। ਅਨਿਕ ਪ੍ਰਕਾਸ਼ ਅਪਰ ਬਿਧਿ ਭਇਊ। ਦੇਵਤਾਨ ਕੇ ਘਨੇ ਬਿਬਾਨਾ।ਆਵਤਿ ਭਏ ਛਾਇ ਅਸਮਾਨਾ ॥੩੭॥ ਚਲੀ

---

[1]ਕਰਮਾਂ ਦਾ। [2]ਗ੍ਰਿਹਸਤ ਧਰਮ (ਜੈਸੇ) ਆਪ ਕਹੋ (ਅਸੀਂ) ਧਾਰਨ ਕਰੀਏ। [3]ਕਿਰਤ ਕੀ ਕਰੀਏ ? [4]ਫੇਰ ਮੂੰਹ ਤੇ ਉੱਜਲਾ ਬਸਤ੍ਰ ਲੈ ਲਿਆ।

*—ਜਗ ਮਿਰਜਾਦ......ਤੋਂ......ਰਖੀਜਹਿ—ਤੱਕ ਇਹ ਚਾਰ ਤੁਕਾਂ ਆਖੇਪਕ ਜਾਪਦੀਆਂ ਹਨ। ਦੇਖੋ ਇਸੇ ਰਾਸ ਦਾ ਅੰਸੂ ੨੮ ਅੰਕ ੧੨ ਤੇ ੧੩ ਤੇ ਇਸੇ ਅੰਸੂ ਦੇ ਅੰਕ ੩੨ ਵਿਚ ਗੁਰਬਾਣੀ ਅਨੁਸਾਰ ਕਵੀ ਜੀ ਆਪ ਸਪਸ਼ਟ ਕਰ ਰਹੇ ਹਨ ਕਿ ਭਗਤੀ ਤੋਂ ਬਿਨਾਂ ਸਾਰੇ ਕਰਮ ਅਧਰਮ ਹੋ ਜਾਣਗੇ, ਫੇਰ ਜਿਨ੍ਹਾਂ ਕਰਮਾਂ ਨੇ ਅਧਰਮ ਹੋ ਜਾਣਾ ਹੈ ਉਨ੍ਹਾਂ ਦੀ ਆਗਯਾ ਕਦ ਗੁਰੂ ਜੀ ਦੇ ਸਕਦੇ ਹਨ।

ਸੁਗੰਧਿਤਿ ਮੰਦ ਸਮੀਰਾ। ਗਰਜਤਿ ਘਨ ਧੁਨਿ ਮ੍ਰਿਦੁਲ ਗੰਭੀਰਾ। ਬਿਧਿ, ਸ਼ਿਵ, ਸੁਰਪਤਿ, ਰਵਿ, ਸਸਿ, ਆਏ। ਗੰਧ੍ਰਬ[1] ਸਿੱਧ ਰਿਖੀ ਸਮੁਦਾਏ॥੩੮॥ ਕਰੈਂ ਕੁਲਾਹਲ[2] ਅਨਿਕ ਪ੍ਰਕਾਰਾ। 'ਜੈਜੈ' ਧੁਨਿ ਸੁਰ ਊਚ ਉਚਾਰਾ। ਮੰਗਲ ਕਰਤਿ ਅਨੇਕ ਪ੍ਰਕਾਰਨ। ਗਾਇੰ ਅਪਸਰਾ ਭੁਜਾ ਉਸਾਰਨ[3] ॥੩੯॥ ਗਣ ਮਣੀਅਨ ਕੋ ਖਚਤਿ ਬਿਸਾਲਾ।ਆਇ ਬਿਮਾਨ ਸੁ ਕਰਤਿ ਉਜਾਲਾ।ਤਿਸ ਪਰ ਸਤਿਗੁਰ ਤਬਿ ਆਰੋਹੇ।ਕੋਟ ਕਾਮ ਛਬਿ ਪਿਖਿ ਸਭਿ ਮੋਹੇ॥੪੦॥ਜੈਜੈ ਧੁਨਿ ਠਾਨਤਿ ਸਭਿ ਬੰਦੈਂ।ਦਰਸ਼ਨ ਦੇਖਤਿ ਰਿਦੇ ਅਨੰਦੈਂ। ਸੁਰ ਬਿਮਾਨ ਚਹੁੰ ਦਿਸ਼ ਹੁਇ ਚਾਲੇ। ਗੁਰੂ ਬਿਰਾਜਹਿਂ ਬੀਚ ਬਿਸਾਲੇ ॥੪੧॥ ਅਨਿਕ ਭਾਂਤਿ ਕੇ ਮੰਗਲ ਗਾਵਤਿ। ਇਮਿ ਸਭਿ ਚਲੇ ਜਾਤਿ ਸੁਖ ਪਾਵਤਿ।ਗਮਨ ਸ਼ਕਤਿ ਜਿਸ ਜਿਸ ਕੀ ਜਹਾਂ।ਕਰਿ ਕਰਿ ਨਮੋ ਸਥਿਰ ਭੇ ਤਹਾਂ॥੪੨॥ਪਰਮ ਧਾਮ ਬੈਕੁੰਠ ਮਝਾਰਾ।ਪਹੁੰਚਤਿ ਭੇ ਸਤਿਗੁਰੂ ਉਦਾਰਾ। ਪਰਮ ਜੋਤਿ ਮਹਿਂ ਜੋਤਿ ਸਮਾਨੀ।ਜਥਾ ਮਿਲਹਿ ਪਾਨੀ ਸੰਗ ਪਾਨੀ॥੪੩॥ਗੋਇੰਦਵਾਲ ਮਿਲੇ ਨਰ ਨਾਰੀ। 'ਧੰਨ ਧੰਨ ਸਤਿਗੁਰੂ' ਉਚਾਰੀ। ਨਿਰਮਲ ਨੀਰ ਬਿਪਾਸਾ ਲੀਨ[4]।ਗੁਰ ਤਨ ਕੋ ਮੱਜਨ ਸੁਭਿ ਕੀਨ॥੪੪॥ ਸਤਿਗੁਰ ਰਾਮਦਾਸ ਤਬਿ ਲਾਗੇ।ਪੁੱਤ੍ਰ ਮੋਹਰੀ ਉਰ ਅਨੁਰਾਗੇ। ਭਾਈ ਸਾਹਿਬ ਬੁੱਢਾ ਮਿਲਿਕੈ।ਸੇਵਕ ਬੱਲੂ ਇਨ ਸੋਂ ਰਲਿਕੈ॥੪੫॥ਤਨ ਸ਼ਨਾਨ ਗੁਰ ਕੋ ਕਰਿਵਾਇ।ਸੁਭ ਬਿਬਾਨ ਪਰ ਤਬਿ ਪੌਢਾਇ। ਚਾਰੋਂ[5] ਨੇ ਨਿਜ ਕੰਧ ਉਚਾਏ। ਅਪਰ ਲੋਕ ਲਾਗੇ ਸਮੁਦਾਏ ॥੪੬॥ ਬਹੁ ਸਿੱਖਨ ਕੀ ਧੁਨੀ ਉਠਾਈ। ਲਾਜਾ[6] ਪੁਸ਼ਪਨ[7] ਬਹੁ ਬਰਖਾਈ।ਪੌਤ੍ਰੇ ਸਰਬ ਗੁਰੂ ਕੇ ਆਏ।ਕਰ ਮਹਿਂ ਲੀਨੇ ਚਵਰ ਢੁਰਾਏ॥੪੭॥ ਸ਼ਬਦ ਰਬਾਬੀ ਗਾਵਨਿ ਕਰਿਹੀਂ।ਬੇਦ ਧੁਨੀ ਬਰ ਬਿੱਪ੍ਰ ਉਚਰਿਹੀਂ।ਕੰਚਨ ਆਦਿ ਦਰਬ ਬਰਖਾਵੈਂ। ਸਹਤ ਸੁਗੰਧਿ ਫੂਲ ਬਹੁ ਲਜਾਵੈਂ ॥੪੮॥ ਊਪਰ ਛਾਰਤਿ ਜਾਤਿ ਬਿਮਾਨ।ਪਹੁੰਚੇ ਤੀਰ ਬਿਪਾਸਾ ਥਾਨ। ਸੁੰਦਰ ਪਾਵਨ ਥਲ ਕੋ ਹੇਰਾ। ਜਵ[8] ਤਿਲ ਚੰਦਨ ਆਨਿ ਘਨੇਰਾ॥੪੯॥ਸੰਗ ਹਜ਼ਾਰਹੁੰ ਨਰ ਕੀ ਭੀਰ। ਕਰੇ ਉਤਾਰਨ ਸਲਿਤਾ ਤੀਰ। ਰਚਿ ਚੰਦਨ ਕੀ ਚਿਖਾ ਬਿਸਾਲਾ। ਗੁਰ ਤਨ ਤਿਸ ਪਰ ਧਰਿ ਤਤਕਾਲਾ ॥੫੦॥ ਬਹੁ ਸੁਗੰਧਿ ਅਰ ਘ੍ਰਿਤ ਕੋ

---

[1]ਦੇਵਤਿਆਂ ਦੇ ਰਾਗੀ। [2]ਮੰਗਲਾਚਾਰ। [3]ਪਰੀਆਂ ਬਾਹਾਂ ਉਚੀਆਂ ਕਰਕੇ। [4]ਲੈਕੇ। [5]ਉਪਰ ਕਹੇ ਚਾਰ–ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਮੋਹਰੀ ਜੀ, ਭਾਈ ਬੁੱਢਾ ਜੀ ਤੇ ਭਾਈ ਬੱਲੂ ਜੀ। [6]ਚਾਵਲਾਂ ਦੀਆਂ ਫੁਲੀਆਂ। [7]ਫੁੱਲ। [8]ਜੌਂ।

ਪਾਇਵਾ।ਸਤਿਗੁਰੁ ਅਮਰ ਨਾਮ ਸਿਮਰਾਇਵ। ਅੰਗਨਿ ਮੋਹਰੀ ਕਰ ਮਹਿ ਧਾਰੀ।ਸਿਰ ਦਿਸ਼ ਤੇ ਪੁਨ ਸਭਿ ਦਿਸ਼ ਬਾਰੀ॥੫੧॥ਕਰੀ ਕਪਾਲਕ੍ਰਿਯਾ ਜਿਸ ਕਾਲ। ਉਠੇ ਮੋਹਰੀ ਕੇ ਸਭਿ ਨਾਲ। ਨੀਰ ਬਿਪਾਸਾ ਕੀਨ ਸ਼ਨਾਨ। ਪਿਤ ਕੋ ਕਰਯੋ ਤਿਲਾਂਜੁਲਿ ਦਾਨ ॥੫੨॥ਤਹਿਂ ਤੇ ਮੰਦ ਮੰਦ ਚਲਿ ਆਇ।ਬੈਠਿ ਬਾਪਿਕਾ ਪਰ ਸਮੁਦਾਇ। ਗੁਨ ਗਨ ਸਿਮਰਹਿਂ ਸਭਿ ਗੁਰ ਕੇਰੇ। 'ਅਸ ਪ੍ਰਤਾਪ ਹਮ ਕਿਸਹੁਂ ਨ ਹੇਰੇ॥੫੩॥ਧਰਮ ਰਾਇਕੀ ਕਾਣ ਚੁਕਾਈ।ਗੋਇੰਦ-ਵਾਲ ਨ ਕਿਸ ਮ੍ਰਿਤੁ ਪਾਈ।ਇਸ ਤੇ ਪਰੈ ਅਪਰ ਬਡਿਆਈ। ਕਰ ਉਪ-ਕਾਰ ਕਹਹੁ ਕਸ਼ਾ ਪਾਈ[1] ॥ ੫੪ ॥ ਰਾਮਚੰਦ ਕੇ ਰਾਜ ਮਝਾਰਾ। ਹਮ ਨੇ ਸੁਨਯੋ ਭਯੋ ਤਿਸ ਬਾਰਾ। ਬ੍ਰਿੱਧਨ ਆਗੇ ਮਰਯੋ ਨ ਬਾਲਕ। ਕੋ ਮ੍ਰਿਤ ਭਾ ਜਿਵਾਇ ਤਤਕਾਲਿਕ ॥੫੫॥ ਇਨ ਕੇ ਨਗਰ ਬ੍ਰਿੱਧ, ਸਿਸ,ਤਰੁਨ[2]ਭਯੋ ਨਹੀਂ ਕਿਸਹੂੰ ਕੋ ਮਰਨਿ। ਜੋ ਮਰਿ ਗਯੋ ਸੁ ਦਯੋ ਜਿਵਾਇ'।ਇੱਤਜਾਦਿਕ ਗੁਨ ਗੁਰ ਸਮੁਦਾਇ[3]॥੫੬॥ਸਿਮਰਹਿਂ[3],ਸ਼ੋਕ ਨ ਕਰਹਿ ਸੁ ਕੋਈ। ਗੁਰਕੋ ਬਾਕ ਚਿਤਾਰਤਿ ਸੋਈ। 'ਹਮਹਿਂ ਬਸਾਯੋ ਸਭਿ ਸੁਖ ਦੀਨੇ। ਸੋ ਨ ਹੋਹਿਂ' ਚਿਤ ਚਿੰਤਾ ਭੀਨੇ[4] ॥੫੭॥ ਦੋਹਰਾ ॥ ਚੰਦ ਅਗਨਿ ਰਸ ਮਹੀ ਗਿਨ ਭਾਦੋਂ ਪੂਰਨ ਮਾਸਿ[5]।ਕੁਜ ਦਿਨ[6]ਮਹਿਂ ਸ੍ਰੀ ਸਤਿਗੁਰੂ ਜੋਤੀ ਜੋਤਿ ਮਿਲਾਸ॥੫੮॥ ਪੰਚ ਮਾਸ ਬਾਈ ਬਰਖ ਦਿਵਸੁ ਇਕਾਦਸ਼ੁ ਔਰ[7]। ਪਤਿਸ਼ਾਹੀ ਜਗ ਮਹਿਂ ਕਰੀ ਭੱਲਜਨ ਕੁਲ ਸਿਰਮੌਰੁ ॥੫੯॥

[ਰਾਸ ਸਮਾਪਤੀ ਦਾ ਮੰਗਲ] ਕਵਿਯੋ ਵਾਚ:-

ਕਬਿੱਤ॥ ਖੋਲੇ ਹੈਂ ਖਜਾਨੇ ਕਰਾਮਾਤ ਕੇ ਮਹਾਂਨੇ,ਨਿਤਿ ਦੇਤਿ ਸਿਖ ਦਾਨੇ, ਬਰੁਸਾਨੇ ਅਨਗਨ ਹੈਂ। ਕਾਟਤੇ ਕਲੇਸ਼ ਉਪਦੇਸ਼ ਦੇ, ਮਹੇਸ਼ ਸਮ, ਪਾਇਕੈ ਵਿਸ਼ੇਸ਼ ਭਏ ਸੇਵੇ ਤਨ ਮਨ ਹੈਂ। ਗੁਨ ਕੋ ਨ ਅੰਤ,ਭਗਵੰਤ ਬੇਖ ਸੰਤ ਧਰਿ,ਆਦਿ ਨ, ਅਨੰਤ ਜਾਂਹਿ ਭਜੈਂ ਮੁਨਿ ਜਨ ਹੈਂ।ਸ੍ਰੀ ਗੁਰ ਅਮਰ ਪਤਿ ਅਮਰ ਸੰਤੋਖ ਸਿੰਘ ਅਮਰ ਕਰਤਿ ਦਾਸ ਸਦਾ ਧੰਨ ਧੰਨ ਹੈਂ॥੬੦॥

---

[1]ਉਪਕਾਰ ਕਰਕੇ ਜੋ ਵਡਿਆਈ (ਗੁਰੂ ਜੀ ਨੇ) ਪਾਈ ਹੈ ਇਸਤੋਂ ਪਰੇ ਕਹੋ ਹੋਰ ਕੀ ਹੈ, ਭਾਵ ਕੋਈ ਨਹੀਂ। [2]ਬੁਢੇ, ਬਾਲਕ ਤੇ ਜਵਾਨ। [3]ਗੁਨ ਯਾਦ ਕਰਦੇ ਹਨ ਸਾਰੇ। [4]ਸੋ ਸੁਖ ਹੁਣ ਨਹੀਂ ਹੋਣਗੇ (ਇਸ) ਚਿੰਤਾ ਵਿਚ ਚਿਤ ਭਿੱਜ ਰਿਹਾ ਹੈ। [5]ਚੰਦ੍ਰਮਾਂ=੧, ਅਗਨਿ=੩, ਰਸ=੬, ਮਹੀ=੧(=੧੬੩੧) ਭਾਦ੍ਰੋਂ ਦੀ ਪੂਰਨਮਾਸ਼ੀ। [6]ਮੰਗਲਵਾਰ। [7]ਪੰਜ ਮਹੀਨੇ ਬਾਈ ਵਰਹੇ ਤੇ ਗਿਆਰਾਂ ਦਿਨ।

ਦਾਨੇ=ਦਾਤ। ਬਰੁਸਾਨੇ=ਵਰੋਸਾਏ ਗਏ।
ਮਹੇਸ਼=ਪਰਮੇਸ਼ੁਰ [ਮਹ=ਵਡਾ, ਪਰਮ। ਈਸ਼=ਈਸ਼੍ਵਰ।]
ਅਨੰਤ=ਜਿਸਦਾ ਅੰਤ ਨਾ ਹੋਵੇ। ਅਮਰਪਤਿ=ਦੇਵਤਿਆਂ ਦੇ ਸ੍ਵਾਮੀ।
ਅਮਰ=ਮੁਕਤ, ਦੇਵ ਰੂਪ।

**ਅਰਥ**—(ਜਿਨ੍ਹਾਂ ਨੇ) ਕਰਾਮਾਤ ਦੇ ਮਹਾਨ ਖਜ਼ਾਨੇ ਖੋਲੇ ਹਨ ਤੇ ਨਿਤਾ ਪ੍ਰਤਿ ਸਿੱਖਾਂ ਨੂੰ ਦਾਤਾਂ ਬਖਸ਼ਦੇ ਹਨ (ਤੇ ਜਿਨ੍ਹਾਂ ਤੋਂ) ਅਣਗਿਣਤ ਹੀ (ਸਿਖ) ਵਰੋਸਾਏ ਗਏ ਹਨ, (ਜੋ ਖ਼ੁਦ) ਪਰਮੇਸ਼ਰ ਵਾਂਙੂ (ਲੋਕਾਂ ਦੇ) ਕਲੇਸ਼ ਉਪਦੇਸ਼ ਦੇਕੇ ਦੂਰ ਕਰਦੇ ਹਨ, (ਜਿਨ੍ਹਾਂ ਦਾਸਾਂ ਨੇ) ਤਨ ਮਨ ਨਾਲ ਸੇਵਿਆ (ਉਹੀ) ਵਡੇ ਪਦ ਨੂੰ ਪ੍ਰਾਪਤ ਹੋਏ*। (ਜਿਨ੍ਹਾਂ ਸਤਿਗੁਰਾਂ ਦੇ) ਗੁਣਾਂ ਦਾ ਕੋਈ ਅੰਤ ਨਹੀਂ (ਤੇ ਪ੍ਰਤੱਖ) ਸੰਤ ਦਾ ਰੂਪ ਧਾਰਕੇ (ਆਪ) ਭਗਵੰਤ (ਇਸ ਸੰਸਾਰ ਵਿਚ ਆਏ ਸਨ, ਜਿਸਦਾ ਕਿ) ਨਾ ਆਦਿ ਹੈ ਨਾ ਅੰਤ ਹੈ (ਤੇ ਜਿਨ੍ਹਾਂ ਨੂੰ) ਮੁਨੀ ਜਨ ਸਿਮਰਦੇ ਹਨ। ਦੇਵਤਿਆਂ ਦੇ ਸ੍ਵਾਮੀ ਸ੍ਰੀ ਗੁਰੂ ਅਮਰ (ਦੇਵ ਜੀ ਮਹਾਰਾਜ) ਕਵੀ ਸੰਤੋਖ ਸਿੰਘ (ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਆਪਣੇ) ਦਾਸ ਸਦਾ ਲਈ ਅਮਰ ਕਰ ਦਿਤੇ ਹਨ (ਓਹ) ਧੰਨ ਹਨ! ਧੰਨ ਹਨ!!

ਦੋਹਰਾ ॥ **ਸ੍ਰੀ ਅੰਗਦ ਗੁਰ ਅਮਰ ਕੀ ਕਥੀ ਕਥਾ ਚਿਤ ਲਾਇ।ਭਈ ਰਾਸ ਪੂਰਨ ਇਹਾਂ ਬਿਨਾਂ ਬਿਘਨ ਸਮੁਦਾਇ ॥ ੬੧ ॥** ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਸ੍ਰੀ ਅਮਰਦਾਸ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਅਸ਼ਟ ਸ਼ਸ਼ਟੀ ਅੰਸੂ ॥ ੬੮ ॥ ਪ੍ਰਥਮ ਰਾਸ ਸਮਾਪਤੰ॥ ਸੁਭ ਮਸਤੁ ॥

## ਪਹਿਲੀ ਰਾਸਿ ਸਮਾਪਤਿ ਹੋਈ।

*ਇਥੇ ਇਸ਼ਾਰਾ ਬਾਈ ਮੰਜੀਆਂ ਆਦਿਕਾਂ ਵਲ ਜਾਪਦਾ ਹੈ ਕਿਉਂ ਜੋ ਓਹ ਤਨ ਮਨ ਨਾਲ ਸੇਵਾ ਕਰਕੇ ਵਿਸ਼ੇਸ਼ ਹੋਏ ਹਨ, ਵਿਸ਼ੇਸ਼ਤਾ ਲਖਾਯਕ ਪੂਜ ਹੋਣ ਦੀ ਹੈ।

# ਰਾਸ ਦੂਸਰੀ ਚੱਲੀ

ੴ ਸਤਿਗੁਰਪ੍ਰਸਾਦਿ॥

ਅਥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸ ਲਿੱਖਯਤੇ॥

**ਅਰਥ**—ਇਕ ਅਕਾਲ ਪੁਰਖ ਤ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਹੁਣ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਦੂਸਰੀ ਰਾਸ ਲਿਖਦੇ ਹਾਂ।

ਸ੍ਰੀ* ਵਾਹਿਗੁਰੂ ਜੀ ਕੀ ਫਤੇ† ।

**ਅਰਥ**—ਜਗਤ ਦੇ ਪੂਜਜ ਵਾਹਿਗੁਰੂ ਜੀ ਦੀ ਜੈ ਹੈ (ਜੋ ਸਰਬ ਵਿਘਨਵਿਨਾਸ਼ਕ ਹੈ‡)।

ਅੰਸੂ ੧। [ਮੰਗਲ, ਸ੍ਰੀ ਗੁਰ ਰਾਮਦਾਸ ਜੀ ਦੀ ਗੁਰਿਆਈ]

## ੧. ਇਸ਼੍ਰ ਦੇਵ—ਸ੍ਰੀ ਗੁਰੂ ਨਾਨਕ ਦੇਵ ਜੀ—ਮੰਗਲ।

ਸੈਯਾ॥ ਬੇਦੀ ਬਿਭੂਖਨ ਬੇਦਿਕੈ ਜਾਂਹਿ ਕੋ ਬੇਦ ਕਹੈ ਨਹਿਂ ਤੀਨ ਪ੍ਰਛੇਦੀ॥
ਛੇਦੀ ਕੁਚਾਲ ਕੁਚੀਲਨਿ ਕੀ ਕਲਿ ਨਾਮ ਜਪਾਇ ਕੁਰੀਤਿਨ ਖੇਦੀ॥
ਖੇਦੀ ਨਾ ਹੋਤ ਅਖੇਦ ਉਦੋਤਕ ਦੇ ਉਪਦੇਸ਼ ਜੁ ਰੂਪ ਅਭੇਦੀ।
ਭੇਦੀਬਨਾਵਤਿ ਕੇਵਲਕੇ ਗੁਰ ਨਾਨਕ ਪਾਇ ਪ੍ਰਣਾਮ ਨਿਬੇਦੀ॥੧॥

---

*ਸ੍ਰੀ=ਜਗਤ ਦਾ ਪੂਜਜ; ਜਿਸਦੀ ਜਗਤ ਪੂਜਾ ਕਰਦਾ ਹੈ।

ਸ੍ਰੀ ਪਦ ਦੇ ਹੋਰ ਅਰਥ:—ਪ੍ਰਤਾਪ, ਦੌਲਤ, ਸੁੰਦਰਤਾ, ਚਮਕ, ਪ੍ਰਕਾਸ਼, ਖੂਬੀ, ਸ਼ੁਭ ਗੁਣ, ਧਰਮ ਅਰਥ ਕਾਮ ਤ੍ਰੈਏ ਪਦਾਰਥ, ਮਹਾਨਤਾ, ਪ੍ਰਭੂਤਾ, ਆਤਮ ਸ਼ਕਤੀ, ਸਮਥ, ਸ਼ੋਭਾ, ਜਲਾਲ, ਇਕ ਸਤਿਕਾਰ ਦਾ ਪਦ, ਸ਼ੋਭਾ ਯੁਕਤ, ਪ੍ਰਸਿੱਧ, ਸਤਿਕਾਰ ਯੋਗ। [ਸੰਸ:, ਧਾਤੂ ਹੈ ਸ਼੍ਰਿ=ਸੇਵਾ ਕਰਨੀ। ਇਸਤੋਂ ਸ੍ਰੀ=ਜਿਸਨੂੰ ਜਗਤ ਪੂਜਦਾ ਹੈ, ਜਗਤ ਦਾ ਪੂਜਜ]।

†ਸ੍ਰੀ: ਗੁ: ਨਾਨਕ ਪ੍ਰਕਾਸ਼ ਦੇ ਆਦਿ ਦੋਹੇ ਵਿਚ 'ੴ ਸਤਿਗੁਰਪ੍ਰਸਾਦਿ' ਤੇ 'ਵਾਹਿਗੁਰੂ ਜੀ ਕੀ ਕੀ ਫਤੇ' ਇਕੱਠੇ ਮੰਗਲ ਕੀਤੇ ਸਨ, ਏਥੇ ਪਹਿਲਾਂ 'ੴ ਸਤਿਗੁਰ ਪ੍ਰਸਾਦਿ' ਗੁਰੂ ਕ੍ਰਿਤ ਮੰਗਲ ਲਿਖਕੇ 'ਅਥ ਤੇ ਲਿੱਖਯਤੇ' ਦੂਸਰੀ ਰਾਸ ਦਾ ਅਰੰਭ ਲਿਖਿਆ, ਤੇ ਫੇਰ 'ਵਾਹਿਗੁਰੂ ਜੀ ਕੀ ਫਤੇ' ਦਾ ਗੁਰੂ ਕ੍ਰਿਤ ਮੰਗਲ ਕੀਤਾ। 'ੴ' ਦੁਹਾਂ ਵਿਚ ਸਾਂਝਾ ਰਿਹਾ।

‡ਜਿਸਦੀ ਸਦਾ ਜੈ ਹੈ ਉਹ ਸੁਤੇ ਵਿਘਨ ਵਿਨਾਸ਼ਕ ਹੈ।

ਬੇਦੀ=ਵੇਦੀਆਂ ਦੀ ਕੁਲ। [ਸੰਸ:, ਵੇਦੀ=ਜੋ ਵੇਦ ਦਾ ਪੰਡਿਤ ਹੋਵੇ]।
ਬਿਭੂਖਨ=ਗਹਿਣਾ। ਕਿਸੇ ਕੁਲ ਦਾ ਗਹਿਣਾ ਹੋਣ ਤੋਂ ਮੁਰਾਦ ਹੈ, ਉਸ ਕੁਲ ਵਿੱਚ ਐਨਾ ਸ਼ਿਰੋਮਣੀ ਹੋਵੇ ਕਿ ਉਸਦੇ ਉਸ ਵਿਚ ਹੋਣ ਨਾਲ ਕੁਲ ਸ਼ੋਭਾ ਯੋਗ ਹੋ ਗਈ ਹੋਵੇ। [ਸੰਸ:, ਵਿਭੂਖਣ]।
ਬੇਦਿਕੇ=ਜਾਣਕੇ। ਭਾਵ, ਇਹ ਗਲ ਪਹਿਲੇ ਸਮਝ ਲਓ, ਫੇਰ ਅਗਲੀ ਸਮਝੋ। [ਸੰਸ:, ਵਿਦ੍=ਜਾਣਨਾ]।
ਬੇਦ=ਹਿੰਦੂਆਂ ਦੇ ਮੁੱਖ ਚਾਰ ਪੁਸਤਕ ਜੋ ਆਸਮਾਨੀ ਸਮਝੇ ਜਾਂਦੇ ਹਨ।
ਪ੍ਰਛੇਦੀ=ਕੱਟਿਆ ਜਾਣਾ। ਨਹਿੰ ਤੀਨ ਪ੍ਰਛੇਦੀ=ਜਿਨ੍ਹਾਂ ਦੇ ਸਰੂਪ ਨੂੰ ਦੇਸ਼ ਕਾਲ ਵਸਤੂ ਵੰਡਦਾ ਨਹੀਂ। ਗੁਰ ਨਾਨਕ ਦੇਵ ਜੀ ਦਾ ਆਪਾ—ਨਿਜ ਸਰੂਪ—ਇਨ੍ਹਾਂ ਤਿੰਨਾਂ ਦੇਸ਼, ਕਾਲ, ਨਮਿੱਤ, ਯਾ ਦੇਸ਼ ਕਾਲ ਵਸਤੂ ਤੋਂ ਨਹੀਂ ਬਣਿਆ ਨਾ ਇਨ੍ਹਾਂ ਤਿੰਨਾਂ ਦਾ ਮੁਥਾਜ ਹੈ। (ਅ) ਜਿਸ ਨੂੰ ਭੂਤ ਭਵਿੱਖਤ ਵਰਤਮਾਨ ਤ੍ਰੈਆਂ ਕਾਲਾਂ ਤੋਂ ਸੁਤੰਤ੍ਰਤਾ ਹੈ, ਅਰਥਾਤ ਸਦਾ ਜਾਗਤੀ ਜੋਤ, ਇਕ ਰਸ ਸਰੂਪ ਹੈ ਉਨ੍ਹਾਂ ਦਾ। [ਸੰਸ:, ਪ੍ਰਛਿਦਨੰ=ਕੱਟਣਾ।]। *
ਛੇਦੀ=ਕੱਟਣਾ [ਸੰਸ:, ਛੇਦਨੰ-ਕੱਟਣਾ]। ਕੁਚੀਲਨਿ=ਮੈਲਾ। ਆਚਰਨ ਦਾ ਮੈਲਾ। ਜਿਸਦਾ ਅਹਾਰ, ਵਿਹਾਰ, ਲਿਬਾਸ, ਆਚਰਨ ਮੈਲੇ ਹੋਣ [ਸੰਸ:, ਕੁਚੇਲ=ਮੈਲੇ ਲਿਬਾਸ ਵਾਲਾ]।
ਕਲਿ=ਕਲਿਜੁਗ। ਕੁਰੀਤਿ = ਖੋਟੀਆਂ ਚਾਲਾਂ। ਭੈੜੀਆਂ, ਰਸਮਾਂ।
ਖੇਦੀ = ਦੂਰ ਕੀਤੀਆਂ, ਹਟਾਈਆਂ, ਡਰਾਕੇ ਨਸਾ ਦਿੱਤੀਆਂ, [ਸੰਸ:, ਖਿਦ੍=ਨਠਾ ਦੇਣਾ]। ਖੇਦੀ = ਦੁਖੀ, ਅਪ੍ਰਸੰਨ [ਸੰਸ: ਖਿਦ੍ = ਦੁਖੀ ਹੋਣਾ] ਅਖੇਦ = ਨਾ ਦੁਖੀ, ਪ੍ਰਸੰਨਤਾ, ਸੁਖ, [ਸੰਸ:, ਖਿਦ੍=ਦੁਖੀ ਹੋਣਾ]। ਉਦੋਤਕ=ਉਦੇ ਕਰਨ ਵਾਲਾ [ਸੰਸ:, ਉਦਜਰ੍=ਚੜ੍ਹਨਾ]। ਅਖੇਦ ਉਦੋਤਕ=ਸੁਖਦਾਤਾ।
ਅਭੇਦੀ=ਜੋ ਟੁੱਟ ਨਾ ਸਕੇ, ਜੋ ਖੰਡ ਖੰਡ ਨਾ ਹੋ ਸਕੇ, ਏਕੱਤ੍ਰਤਾ ਵਾਲਾ ਸਰੂਪ [ਸੰਸ:, ਅਭੇਦਜ]। ਭੇਦੀ=ਲੁਕੀ ਹੋਈ ਗਲ ਦੇ ਜਾਣਨ ਵਾਲਾ, ਗਜ਼ਾਨਵਾਨ। ਕੇਵਲ=ਮੁਕਤੀ, ਸਦਾ ਦੀ ਮੁਕਤੀ [ਸੰਸ:, ਕੇਵਲਜ= ਪੂਰੀ ਪੂਰੀ ਮੁਕਤੀ] ਇਹ ਪਦ ਯੋਗ ਦਰਸ਼ਨ ਨੇ ਵਿਸ਼ੇਸ਼ ਕਰਕੇ ਅਪਣੇ ਆਦਰਸ਼ ਦੀ ਮੁਕਤੀ ਲਈ ਵਰਤਿਆ ਹੈ, ਪ੍ਰੰਤੂ ਇਥੇ ਮੁਰਾਦ ਮੁਕਤੀ ਮਾਤ੍ਰ ਤੋਂ ਹੈ। ਪ੍ਰਨਾਮ=ਮੱਥਾ ਟੇਕਣਾ—ਨਮਸਕਾਰ।
ਨਿਬੇਦੀ=ਅਰਪਣ ਕਰਨਾ, ਭੇਟ ਕਰਨਾ। [ਸੰਸ:, ਨਿਵੇਦਨੰ]।

*ਜੀਵ ਸਭ ਦੇਸ਼ ਕਾਲ ਨਮਿੱਤ ਵਿੱਚ ਵਰਤਦੇ ਹਨ ਅਰ ਕਾਲ ਦੀਆਂ ਤ੍ਰੈ ਵੰਡਾਂ—ਭੂਤ, ਭਵਿੱਖ, ਵਰਤਮਾਨ ਦੇ ਵਿੱਚ ਹਨ।

**ਅਰਥ**—ਵੇਦੀਆਂ (ਦੇ ਕੁਲ) ਭੂਸ਼ਣ ਜਾਣਕੇ (ਇਹ ਬੀ ਸਮਝ ਲਓ ਕਿ) ਜਿਨ੍ਹਾਂ (ਬਾਬਤ) ਵੇਦ ਕਹਿੰਦਾ ਹੈ (ਕਿ ਉਹ) ਦੇਸ਼ ਕਾਲ ਵਸਤੂ ਨਾਲ ਪ੍ਰਛੇਦ ਨਹੀਂ ਹੁੰਦੇ ।

(ਹਾਂ ਜਿਨ੍ਹਾਂ ਨੇ ਜਗਤ ਵਿਚ ਆਕੇ) ਕੁਚੀਲਾਂ ਦੀਆਂ (ਫੈਲਾਈਆਂ) ਖੋਟੀਆਂ ਚਾਲਾਂ ਨੂੰ ਤੋੜ ਦਿੱਤਾ ਤੇ ਕੁਰੀਤੀਆਂ ਨੂੰ ਭੰਨ ਕੇ ਕਲਯੁਗ ਵਿਚ (ਵਾਹਿਗੁਰੂ ਜੀ ਦਾ) ਨਾਮ ਜਪਾਇਆ ।

(ਅਤੇ ਜੋ ਆਪ) ਦੁਖੀ ਨਹੀਂ ਹੁੰਦੇ, (ਸਗੋਂ ਐਸੇ ਅਗਾਧ ਸੁਖ ਸਰੂਪ ਵਾਲੇ ਹਨ ਕਿ ਜੱਗਯਾਸੂਆਂ ਨੂੰ ਵਾਹਿਗੁਰੂ ਦੇ) ਅਭੇਦ ਰੂਪ ਦਾ ਉਪਦੇਸ਼ ਦੇਕੇ (ਉਨ੍ਹਾਂ ਉਤੇ) ਸੁਖ ਦੇ ਉਦੇ ਕਰਨ ਵਾਲੇ ਹਨ

(ਅਤੇ ਜੋ ਜੱਗਯਾਸੂਆਂ ਨੂੰ) ਮੁਕਤੀ ਦਾ ਭੇਤ ਜਾਣ ਲੈਣ ਵਾਲੇ ਬਣਾਉਂਦੇ ਹਨ ਐਸੇ ਸ੍ਰੀ ਗੁਰ ਨਾਨਕ ਦੇਵ ਜੀ ਦੇ ਚਰਨਾਂ ਪਰ ਮੇਰੀ ਪ੍ਰਨਾਮ ਨਿਵੇਦਿਤ ਹੋਵੇ ।

**ਹੋਰ ਅਰਥ**—੧ ਤੁਕ—ਵੇਦ ਜਿਸਨੂੰ ਤਿੰਨਾਂ ਪ੍ਰਛੇਦਾਂ ਤੋਂ ਰਹਿਤ ਆਖਦਾ ਹੈ ਓਸ (ਅਕਾਲ ਜੋਤਿ ਨੂੰ ਹੀ) ਵੇਦੀਆਂ ਦੇ ਕੁਲ ਭੂਸ਼ਨ ਜਾਣੋਂ । ਅਰਥਾਤ ਵੇਦ ਪ੍ਰਤਿਪਾਦਤਿ ਅਕਾਲ ਪੁਰਖ ਹੀ ਵੇਦੀ ਵੰਸ਼ ਸ਼ਿਰੋਮਣਿ ਸ੍ਰੀ ਗੁਰੂ ਨਾਨਕ ਦੇਵ ਜੀ ਹਨ ।

੨ ਤੁਕ—'ਕੁਰੀਤ ਨਿਖੇਦੀ' ਪਾਠ ਕਰਕੇ ਅਰਥ ਬਣੂ 'ਕੁਰੀਤੀਆਂ ਨੂੰ ਨਸ਼ੇਧਿਆ' ਅਰਥਾਤ ਖੰਡਨ ਕੀਤਾ ।

੩ ਤੁਕ—(ਜਿਨ੍ਹਾਂ ਨੇ) ਅਭੇਦ ਰੂਪ (ਵਾਹਿਗੁਰੂ) ਦਾ ਅਖੇਦ ਉਦੋਤਕ (=ਸੁਖ ਨੂੰ ਉਦੇ ਕਰਨ ਵਾਲਾ) ਉਪਦੇਸ਼ ਦਿੱਤਾ, (ਜਿਸਨੂੰ ਧਾਰਣ ਵਾਲੇ ਜੀਵ ਹੁਣ) ਦੁਖੀ ਨਹੀਂ ਹੁੰਦੇ ।

੪ ਤੁਕ—ਐਉਂ ਪਾਠ ਕਰਦੇ ਹਨ:—'ਗੁਰੁ ਨਾਨਕ ਪਾਇ ਪ੍ਰਣਾਮਨਿ ਬੇਦੀ'। ਅਰਥਾਤ—ਬੇਦੀ ਗੁਰੂ ਨਾਨਕ (ਜੀ ਦੇ) ਪਾਇ (ਚਰਨਾਂ ਤੇ) ਪ੍ਰਣਾਮਨਿ (ਨਮਸਕਾਰ ਹੈ) ।

## ੨. ਇਸ਼੍ਟ ਦੇਵ—ਸ੍ਰੀ ਗੁਰੂ ਅੰਗਦ ਦੇਵ ਜੀ—ਮੰਗਲ ।

**ਕਬਿੱਤ**—ਅੰਜਨ ਤੇ ਹੀਨ ਸ੍ਰੀ ਨਿਰੰਜਨ ਪ੍ਰਬੀਨ ਪ੍ਰਭੁ ਭੰਜਨ ਪਖੰਡ ਪਾਪ ਰੰਜਨ ਅਨੰਦ ਕਰਿਦੀਨੋ ਗਯਾਨ ਅੰਜਨ ਸੁ ਮੰਜਨ ਕੋ ਮੋਹ ਮਲ ਰੰਜਨ ਕੋ ਜਨ ਜਗ ਭਗਤ ਬਿਲੰਦ ਕਰਿ। ਫੇਰੂ ਨੰਦ ਅੰਗਦ ਸੁਛੰਦ ਸ੍ਰੀ ਗੁਬਿੰਦ ਹੈਂ ਮਨਿੰਦ ਚੰਦ ਬਿੰਦ ਜਸ ਦਾਸਨ ਮੁਕੰਦ ਕਰਿ। ਪਦ ਅਰਬਿੰਦ ਮਕਰੰਦ ਕੋ ਮਨਿੰਦ ਮਨ ਬਿਘਨ ਨਿਕੰਦ ਕਰੌਂ ਬੇਦਨਾ ਦੁਬੰਦ ਕਰਿ॥੨॥

[ ਅੰਜਨ=ਅੱਖਾਂ ਵਿਚ ਪਾਉਣ ਵਾਲਾ ਕੱਜਲ, ਸੁਰਮਾਂ, ਭਾਵ ਵਿਚ ਮਾਯਾ, ਅਵਿੱਦਯਾ । ਅੰਜਨ ਤੇ ਹੀਨ=ਮਾਯਾ ਤੋਂ ਅਤੀਤ । ਅਮਾਯ ।

ਨਿਰੰਜਨ=ਮੋਹ ਤੋਂ ਰਹਤ । [ਸੰਸ:, ਨਿ=ਨਹੀਂ । ਰਞ੍ਜ=ਮੋਹ, ਜਿਸ ਵਿਚ ਮੋਹ ਨਹੀਂ ਹੈ] । (ਅ) ਅਵਿੱਦਯਾ ਰਹਿਤ । [ਨਿਰ=ਨਹੀਂ । ਅੰਜਨ=ਅਵਿੱਦਯਾ] । (ੲ) ਬਹੁਤ ਖੁਸ਼ ਕਰਨ ਵਿਚ [ਨਿ=ਵਿਸ਼ੇਸ਼

ਕਰਕੇ। ਰੰਜਨ=ਖੁਸ਼ ਕਰਨ ਵਿਚ]।
ਅੰਜਨ=ਸੁਰਮਾਂ, ਕੱਜਲ। ਮੰਜਨ ਕੋ=ਮਾਂਜਨ ਲਈ, ਸਾਫ ਕਰਨ ਲਈ, ਦੂਰ ਕਰਨ ਲਈ। [ਸਿਸ:, ਮਾਰ੍ਜਨ=ਸਾਫ ਕਰਨਾ। 'ਧਾਤੂ' ਮ੍ਰਿਜ਼ ਹੈ]।
ਬਿਲੰਦ=ਉੱਚਿਆਂ ਕਰਕੇ। ਭਾਵ ਹੋਰਨਾਂ ਤ੍ਰੀਕਿਆਂ ਨਾਲੋਂ ਇਸ ਨੂੰ ਵਿਸ਼ੇਸ਼ਤਾ ਦਿੱਤੀ। [ਫਾ:, ਬੁਲੰਦ]।
ਫੇਰੂਨੰਦ=ਫੇਰੂ ਦੇ ਸਪੁੱਤ੍ਰ। ਬਾਬਾ ਫੇਰੂ ਜੀ ਸ੍ਰੀ ਗੁਰੂ ਜੀ ਦੇ ਪਿਤਾ ਜੀ ਦਾ ਨਾਮ ਸੀ। ਸੁਛੰਦ=ਜਿਸ ਦੇ ਸਿਰ ਤੇ ਕਿਸੇ ਹੋਰ ਦਾ ਅੰਕਸ ਨਾ ਹੋਵੇ। ਜੋ ਆਪਣੇ ਆਪ ਵਿਚ ਪੂਰਨ ਹੋਵੇ। [ਸਿਸ:, ਸ੍ਵਛਨ੍ਦ
ਬਿੰਦ=ਵਿਦਿਤ=ਜੋ ਆਪਣੇ ਆਪ ਜਾਣਿਆਂ ਜਾ ਰਿਹਾ ਹੈ। [ਸਿਸ:, ਧਾਤੂ। ਵਿਦ੍=ਜਾਣਨਾ]
ਮੁਕੰਦ=ਮੁਕਤੀ ਦਾਤਾ। ਮਕਰੰਦ=ਉਹ ਰਸ ਯਾ ਮਿਠਾਸ ਜੋ ਫੁੱਲਾਂ ਦੀਆਂ ਮਦੀਨ ਤੁਰੀਆਂ ਵਿਚ ਹੁੰਦਾ ਹੈ। ਭਾਵ, ਉਹ ਆਤਮ ਰਸ ਜਿਸ ਪਰ ਜੱਗਜਾਸੂ ਲੁਭਿਤ ਹੁੰਦੇ ਹਨ।
ਮਲਿੰਦ=ਭੌਰਾ। ਕਰ=ਹੱਥ।

**ਅਰਥ**—(ਜੋ) ਮਾਇਆ ਤੋਂ ਅਤੀਤ (ਅਤੇ ਜੋ) ਮੋਹ ਤੋਂ ਰਹਿਤ ਪ੍ਰਬੀਨ ਤੇ ਸ੍ਰੀ (ਸੋਭਾ ਯੁਕਤ) ਪ੍ਰਭੂ (ਜੀ ਹਨ), (ਅਤੇ ਜੋ) ਪਖੰਡਾਂ ਨੂੰ ਭੰਨਣ ਤੇ ਪਾਪਾਂ ਨੂੰ ਨਾਸ਼ ਕਰਨ ਵਿਚ ਆਨੰਦ ਹੁੰਦੇ ਹਨ।

(ਜਿਨ੍ਹਾਂ ਨੇ) ਮੋਹ ਦੀ ਮੈਲ ਦੂਰ ਕਰਨ ਨੂੰ ਗਯਾਨ ਦਾ ਸੁਰਮਾਂ ਦਿੱਤਾ (ਅਤੇ) ਦਾਸਾਂ ਨੂੰ ਅਨੰਦ ਦੇਣ ਲਈ ਜਗਤ ਵਿਚ ਭਗਤੀ ਨੂੰ ਵਿਸ਼ੇਸ਼ਤਾ ਦਿੱਤੀ।

ਹਾਂ, ਫੇਰੂ ਜੀ ਦੇ ਸਪੁੱਤ੍ਰ (ਸ੍ਰੀ) ਅੰਗਦ ਜੀ ਪੂਰਨ (ਐਸੇ) ਸ੍ਰੀ ਗੋਬਿੰਦ ਜੀ ਹੈਨ ਜਿਨ੍ਹਾਂ ਦਾ ਇਹ ਜਸ ਕਿ ਦਾਸਾਂ ਦੇ ਮੁਕਤੀ ਦਾਤਾ ਹਨ, ਚੰਦਰਮਾਂ ਵਾਂਙੂ ਵਿਦਤ ਹੈ।

(ਆਪਣੇ) ਮਨ ਨੂੰ ਉਨ੍ਹਾਂ ਦੇ ਵਿਘਨ ਨਾਸ਼ ਕਰਨ ਵਾਲੇ ਚਰਨਾਂ ਕਮਲਾਂ ਦੇ ਮਕਰੰਦ (ਰਸ) ਦਾ ਭੌਰਾ ਬਣਾਕੇ ਮੈਂ ਦੋਇ ਹੱਥ ਜੋੜਕੇ ਬੰਦਨਾਂ ਕਰਦਾ ਹਾਂ।

**ਹੋਰ ਅਰਥ**—੧ ਤੁਕ—ਜੋ ਮਾਇਆ ਤੋਂ ਅਤੀਤ ਤੇ ਦਾਸਾਂ ਨੂੰ ਪ੍ਰਸੰਨ ਕਰਨ ਵਿਚ ਪ੍ਰਬੀਨ (ਤੇ) ਮਾਲਕ ਹਨ, ਪਖੰਡਾਂ ਨੂੰ ਭੰਨਣ ਵਾਲੇ, ਪਾਪਾਂ ਨੂੰ ਤੋੜਨ ਵਾਲੇ ਤੇ ਆਨੰਦ ਵਾਲੇ ਹਨ।

**ਭਾਵ**—ਪਹਿਲੇ ਮਾਇਆ ਮੋਹ ਤੋਂ ਅਤੀਤ ਦੱਸ ਕੇ ਪਾਪ ਤੇ ਪਾਖੰਡ ਨਾਸ਼ ਕਰਨ ਨੂੰ ਸਮਰੱਥ ਦਸਦੇ ਹਨ ਕਿ ਦਾਸਾਂ ਦੀ ਬੁੱਧੀ ਰੂਪੀ ਨੇਤ੍ਰਾਂ ਨੂੰ ਅਵਿੱਦਯਾ ਦੀ ਮੈਲ ਦੂਰ ਕਰਨ ਲਈ ਗਿਆਨ ਦਾ ਸੁਰਮਾਂ ਦੇਂਦੇ ਹਨ। ਪਰ ਫੋਕੇ ਗਿਆਨ ਵਿਚ ਰਸ ਨਹੀਂ ਹੈ, ਪ੍ਰੇਮ ਵਿਚ ਰਸ ਹੈ, ਸੋ ਭਗਤੀ ਨੂੰ ਵਿਸ਼ੇਸ਼ਤਾ ਦੇਕੇ ਕਵੀ ਜੀ ਨੇ ਸ੍ਰੀ ਗੁਰੂ ਜੀ ਨੂੰ ਭਗਤੀ ਨਾਲ ਸਨਿਗਧ ਗਿਆਨ ਦੇ ਦਾਤੇ ਦੱਸਿਆ ਤਾਂ ਜੋ 'ਭਗਤਿ ਗਯਾਨ' ਪ੍ਰਾਪਤ ਸਿੱਖ ਅਨੰਦ ਨੂੰ ਵੀ ਪ੍ਰਾਪਤ ਹੋਣ ਤੇ ਗਯਾਨ ਵੀ ਸਫਲ ਗਯਾਨ ਹੋਵੇ। ਐਸੇ ਗੁਰੂ ਅੰਗਦ ਦੇਵ ਜੀ ਦੀ ਵਾਹਿਗੁਰੂ ਜੀ ਨਾਲ ਅਭੇਦਤਾ ਜਣਾਏ

ਨਮਸਕਾਰ ਕੀਤੀ ਹੈ।

## ੩. ਇਸ਼੍ਟ ਦੇਵ—ਸ਼੍ਰੀ ਗੁਰੂ ਅਮਰਦਾਸ ਜੀ—ਮੰਗਲ।

ਸੋਰਠਾ—**ਅਮਰ ਕਰਹਿਂ ਜਗ ਮਾਂਹਿ ਨਿਤ ਸਹਾਇਤਾ ਲਹਿਂ ਅਮਰ।**
**ਅਮਰ ਕਰੇ ਜਨ ਜਾਂਹਿ ਅਮਰ ਨਾਮ ਦੇ ਗੁਰ ਅਮਰ॥ ੩॥**

ਅਮਰ=ਹੁਕਮ [ਫ਼ਾ:, ਅਮਰ]। ਅਮਰ=ਜੋ ਮਰਨ ਨਾ ਸੋ—ਦੇਉਤੇ। ਅਮਰ=ਮਰਨ ਤੋਂ ਰਹਿਤ, ਭਾਵ ਹੈ ਜਨਮ ਮਰਨ ਕੱਟ ਦਿੱਤਾ, ਸਦਾ ਜੀਵੇ ਕੀਤਾ।
ਅਮਰ=ਕਦੇ ਨਾ ਮਰਨ ਵਾਲਾ, ਸਦਾ ਥਿਰ। [ਸਿਸ:, ਅਮਰ]
ਅਮਰ=ਸ਼੍ਰੀ ਗੁਰੂ ਅਮਰ ਦਾਸ ਜੀ।

**ਅਰਥ**—(ਦੂਜੀ ਤੁਕ ਦਾ ਅਰਥ ਪਹਿਲੋਂ ਲੱਗੇਗਾ) ਜਿਸ ਗੁਰੂ ਅਮਰ ਦੇਵ ਜੀ ਨੇ ਸਦਾ ਥਿਰ (ਵਾਹਿਗੁਰੂ) ਦਾ ਨਾਮ ਦੇਕੇ (ਆਪਣੇ) ਜਨ ਸਦਾ ਜੀਵੇ ਕੀਤੇ ਹਨ (ਉਹ ਸਤਿਗੁਰੂ ਜੀ ਇਸ) ਜਗਤ ਵਿਚ ਹੁਕਮ ਕਰਦੇ ਹਨ (ਤੇ ਉਸ ਜਗਤ ਵਿਚ) ਦੇਉਤੇ ਨਿੱਤ (ਉਹਨਾਂ ਦੀ) ਸਹਾਇਤਾ ਲੈਂਦੇ ਹਨ।

**ਭਾਵ**—ਇਸ ਵਿਚ ਅਮਰ ਪਦ ਦੇ ਪੰਜ ਭਾਵ ਲਭੇ ਹਨ। ਜਗਤ ਵਿਚ ਹੁਕਮ ਕਰਦੇ ਹਨ ਆਖ ਕੇ ਦੇਉਤੇ ਸਹਾਇਤਾ ਮੰਗਦੇ ਹਨ ਆਖਿਆ, ਇਸ ਵਿਚ ਇਹ ਇਸ਼ਾਰਾ ਰੱਖਿਆ ਕਿ ਉਸ ਜਗਤ ਵਿਚ ਦੇਉਤੇ ਸਹਾਇਤਾ ਮੰਗਦੇ ਹਨ ਭਾਵ ਦੋਹਾਂ ਲੋਕਾਂ ਵਿਚ ਹੁਕਮਰਾਨ ਦਾਤੇ ਹਨ।

## ੪. ਇਸ਼੍ਟ ਦੇਵ—ਸ਼੍ਰੀ ਗੁਰੂ ਰਾਮ ਦਾਸ ਜੀ—ਮੰਗਲ।

**ਰਾਮ ਸੁ ਦਾਸ ਗੁਰੂ ਸੁਖਰਾਸ ਹਰੈਂ ਜਮ ਤ੍ਰਾਸ ਰਿਦਾ ਨਿਸ਼ਕਾਮ।**
**ਕਾਮ ਨ ਕ੍ਰੋਧ ਬਿਰੋਧ ਨਿਰੋਧ, ਸਦਾ ਸੁਧ ਬੋਧ, ਸਰੂਪ ਨਿਕਾਮ।**
**ਕਾਮ ਕਰੈ ਜਨ ਸ਼ਾਮ ਪਰੈ ਤਿਨ ਤਾਪ ਹਰੈ ਨਿਤ ਹੋਤਿ ਅਨਾਮ।**
**ਨਾਮ ਜਪੈ ਅਘ ਬ੍ਰਿੰਦ ਖਪੈ ਸੁ ਰਪੈ ਹਰਿਰੰਗ ਸਦਾ ਅਭਿਰਾਮ॥੪॥**

ਜਮਤ੍ਰਾਸ=ਜਮਾ ਦਾ ਡਰ, ਮੌਤ ਦਾ ਭੈ। ਨਿਸ਼ਕਾਮ=ਕਾਮਨਾ ਤੋਂ ਰਹਿਤ। ਅਚਾਹ, ਬੇਲੋੜ ਆਪਣੇ ਆਪ ਵਿਚ ਤ੍ਰਿਪਤ। [ਸੰਸ: ਨਿ:ਕ੍ਸ਼ਾਮ]। ਬਿਰੋਧ=ਵਿਰੋਧ, ਵੈਰ।
ਬਿਰੋਧ ਨਿਰੋਧ=ਜਿੱਥੇ ਵੈਰ ਦੀ ਰੋਕ ਹੈ, ਵੈਰ ਦਾ ਅਭਾਵ।
ਬੋਧ=ਬੁੱਧਿ, ਗਿਆਨ। ਸੁਧ ਬੋਧ=ਸ਼ੁਧ, ਸੁੱਚਾ ਗਿਆਨ।
ਨਿਕਾਮ=ਪ੍ਰੇਮ [ਸੰਸ:, ਨਿਕਾਮ=ਜੋ ਆਪਣੇ ਆਪ ਖੁਸ਼ੀ ਨਾਲ ਕੰਮ ਕਰੇ, ਸੋ ਕੌਣ ਕਰਦਾ ਹੈ? ਜਿਸ ਵਿਚ ਸੁਤੇ ਪ੍ਰੇਮ ਦਾ ਨਿਵਾਸ ਹੋਵੇ।]
ਕਾਮ ਕਰੈ=ਕਾਮਨਾ ਕਰਕੇ। ਸ਼ਾਮ=ਸ਼ਰਣ। ਅਨਾਮ=ਅਰੋਗ।

[ ਸੁਰਪੇ=ਸੁ+ਰਪੇ--ਚੰਗੀ ਤਰ੍ਹਾਂ ਰੰਗੇ ਹੋਏ। ਅਭਿਰਾਮ=ਸੁੰਦਰ। ]

**ਅਰਥ**-(ਜੋ ਜਨ) ਨਿਸ਼ਕਾਮ ਹਿਰਦੇ (ਨਾਲ ਸ਼ਰਨ ਪੈਂਦੇ ਹਨ; ਸ੍ਰੀ) ਗੁਰੂ ਰਾਮਦਾਸ ਜੀ (ਉਨ੍ਹਾਂ ਲਈ ਏਥੇ ਤਾਂ) ਸੁਖਾਂ ਦੀ ਖਾਣ ਹਨ (ਤੇ ਅਗੇ ਉਨ੍ਹਾਂ ਦਾ) ਜਮ ਦਾ ਤ੍ਰਾਸ ਦੂਰ ਕਰਦੇ ਹਨ।

(ਕਿਉਂਕਿ ਉਨ੍ਹਾਂ ਦੇ ਅਪਣੇ ਹਿਰਦੇ ਵਿਚ) ਕਾਮ, ਕ੍ਰੋਧ ਨਹੀਂ ਹੈ, ਵੈਰ ਦਾ ਅਭਾਵ ਹੈ, ਸਦਾ ਸੁੱਛ ਗਜਾਨ (ਦਾ ਨਿਵਾਸ ਹੈ ਤੇ) ਸਰੂਪ ਉਨ੍ਹਾਂ ਦਾ ਪ੍ਰੇਮ ਹੈ।

(ਜੋ) ਜਨ ਕਾਮਨਾ ਕਰਕੇ (ਉਨ੍ਹਾਂ ਦੀ) ਸ਼ਰਨ ਪੈਂਦੇ ਹਨ ਉਨ੍ਹਾਂ ਦੇ ਤਿੰਨੇ ਤਾਪ (ਐਸੇ) ਦੂਰ ਕਰ ਦਿੰਦੇ ਹਨ (ਕਿ ਉਹ) ਸਦਾ ਲਈ ਅਰੋਗ ਹੋ ਜਾਂਦੇ ਹਨ।

(ਸ੍ਰੀ ਗੁਰੂ ਜੀ) ਸਦਾ ਵਾਹਿਗੁਰੂ ਦੇ ਸੁਹਣੇ ਰੰਗ ਵਿਚ ਰੰਗੇ ਰਹਿੰਦੇ ਹਨ (ਤਾਂਤੇ ਉਨ੍ਹਾਂ ਦਾ) ਨਾਮ ਜਪਣ ਨਾਲ ਹੀ ਪਾਪਾਂ ਦੇ ਸਮੂਹ ਖਪ ਜਾਂਦੇ ਹਨ।

**ਹੋਰ ਅਰਥ**-ਇੱਕ ਹੋਰ ਤਰ੍ਹਾਂ ਬੀ ਛੰਦ ਦੇ ਅਰਥ ਲਾਉਂਦੇ ਹਨ। ੧. ਸ੍ਰੇਸ਼ਟ ਗੁਰੂ ਰਾਮਦਾਸ ਜੀ ਸੁਖਾਂ ਦੀ ਰਾਸ ਹਨ, ਜਮ ਦਾ ਭੈ ਦੂਰ ਕਰਦੇ ਹਨ, (ਕਿਉਂਕਿ ਆਪ) ਨਿਸ਼ਕਾਮ ਰਿਦੇ ਵਾਲੇ ਹਨ। ੨. ਕਾਮਕ੍ਰੋਧ, ਵੈਰ ਤੋਂ ਰਹਿਤ ਹਨ, ਸਦਾ ਸੁੱਧ ਗਜਾਨ ਤੇ ਪ੍ਰੇਮ ਸਰੂਪ ਹਨ। ੩ ਇਸ ਲਈ ਸ਼ਰਨਾਗਤਾਂ ਦੇ ( ਕਾਮ ਕਰੇ= ) ਕੰਮ ਸੁਆਰ ਦਿੰਦੇ ਹਨ, ( ਉਨ੍ਹਾਂ ਦੇ ) ਤ੍ਰੈਏ ਤਾਪ ਦੂਰ ਕਰਕੇ ਅਰੋਗ ਕਰ ਦੇਂਦੇ ਹਨ। ੪. (ਕਿਉਂਕਿ) ਉਹ ਆਪ ਸਦਾ ਹਰੀ ਦੇ ਸੁਹਣੇ ਰੰਗ ਵਿਚ ਰਪੇ ਰਹਿੰਦੇ ਹਨ, ਉਨ੍ਹਾਂ ਦੇ ਨਾਮ ਜਪਣ ਵਾਲਿਆਂ ਦੇ ਸਾਰੇ ਪਾਪ ਦੂਰ ਹੋਣੇ ਹੀ ਹੋਏ, (ਜਦ ਪਾਪ ਦੂਰ ਹੋਏ ਤਾਂ ਤਾਪ ਵੀ ਟੁੱਟਣੇ ਹੋਏ, ਸੁਖ ਬੀ ਮਿਲਣੇ ਹੋਏ, ਜਮ ਦਾ ਤਰਾਸ ਬੀ ਕਟੀਣਾ ਹੋਇਆ)।

**ਭਾਵ**-ਇਸ ਵਿਚ ਤ੍ਰੈ ਪਦਾਰਥ ਹਨ। ਇੱਕ ਗੁਰੂ ਜੀ ਦਾ ਅਪਣਾ ਸਰੂਪ, ਉਹ ਹੈ:- ਕਾਮ ਕ੍ਰੋਧ ਵਿਰੋਧ ਤੋਂ ਸਾਫ, ਸੁੱਧ ਗਜਾਨ, ਪ੍ਰੇਮ ਸਰੂਪ,ਸਦਾ ਹਰੀ ਦੇ ਸੁੰਦਰ ਰੰਗ ਵਿੱਚ ਰਪਿਆ ਹੋਇਆ। ਦੂਸਰੇ ਓਹ 'ਨਿਸ਼ਕਾਮ ਭਗਤਾਂ' ਦੇ ਦਾਤੇ ਹਨ, ਉਨ੍ਹਾਂ ਨੂੰ ਦੇਂਦੇ ਹਨ:-ਇਥੇ ਆਤਮ-ਸੁਖ ਤੇ ਅਗੇ ਜਮ ਤ੍ਰੋਂ ਨਿਰਭੈਤਾ। ਤੀਸਰੇ 'ਕਾਮਨਾ ਵਾਲਿਆਂ ਭਗਤਾਂ' ਦੇ ਦਾਤੇ ਹਨ, ਉਨ੍ਹਾਂ ਨੂੰ ਦੇਂਦੇ ਹਨ:-ਤਿੰਨੇ ਤਾਪ ਦੂਰ, ਤੇ ਆਤਮ ਅਰੋਗਤਾ।

## ੫. ਇਸ਼੍ਰ ਦੇਵ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

**ਚੌਪਈ॥ ਸ੍ਰੀ ਸਤਿਗੁਰ ਅਰਜਨ ਕੁਲ ਚੰਦ। ਚੰਦਨ ਸਮ ਬਚ ਸੀਤ ਮੁਕੰਦ।**
**ਕੰਦ ਅਨੰਦ ਬਿਮੋਹ ਨਿਕੰਦ।ਕੰਦਲ ਸੁਖਦ ਤਿਨਹੁੰ ਪਦਬੰਦਿ।੫।**

[ ਕੁਲਚੰਦ=ਮਾਨੁਖ ਕੁਲ ਵਿਚ ਚੰਦ੍ਰਮਾ ਵਤ ਹਨ। (ਅ) ਸੋਢੀਆਂ ਦੇ ਕੁਲ ਦੇ ਚੰਦ। (ੲ) ਕੁਲੀਨ ਤੇ ਪ੍ਰਕਾਸ਼ਮਾਨ ਹਨ।
ਬਚ ਸੀਤ ਮੁਕੰਦ=(ਸੁਣਦਿਆਂ) ਬਚਨ ਠੰਢ ਪੌਂਦੀ ਹੈ, (ਤੇ ਕਮਾਉਂਦਿਆਂ) ਬਚਨ ਮੁਕਤੀ ਹੁੰਦੀ ਹੈ। ਬਚਨਾਂ ਤੋਂ ਮੁਰਾਦ ਕੀਤੀਆਂ ਗੱਲਾਂ

ਤੇ ਉਚਾਰੀ ਹੋਈ ਸ੍ਰੀ ਮੁਖਵਾਕ ਬਾਣੀ ਤੋਂ ਹੈ।
ਕੰਦਅਨੰਦ=ਜਿਨ੍ਹਾਂ ਤੋਂ ਆਨੰਦ ਮਿਲੇ, ਭਾਵ ਅਨੰਦ ਦੇ ਦਾਤੇ। [ਕੰਦ=ਬੱਦਲ। ਮੂਲ]। ਬਿਮੋਹ=ਮੋਹ, [ਵਿ+ਮੋਹ=ਆਪਣੇ ਵਿਚ ਕਾਬੂ ਕਰ ਲੈਣ ਵਾਲਾ ਮੋਹ]। (ਅ) ਵਿਸ਼ੇਸ਼ ਕਰਕੇ ਮੋਹ।
ਕੰਦਲ=ਗੰਦਲ, ਉਹ ਸ਼ਾਖ ਜਿਸਨੂੰ ਫੁੱਲ ਜ਼ਰੂਰ ਪਵੇ। (ਅ) ਸਮੂਹ।
ਕੰਦਲ ਸੁਖ ਦਾ=ਸੁਖ ਦਾਤਿਆਂ ਵਿਚੋਂ ਗੰਦਲ ਵਾਂਙੂ ਸ਼ਿਰੋਮਣੀ। (ਅ) ਸਾਰੇ ਸੁਖਾਂ ਦੇ ਦਾਤੇ।

**ਅਰਥ—** ਸ੍ਰੀ ਸਤਿਗੁਰੂ ਅਰਜਨ (ਦੇਵ ਜੀ ਮਾਨੁਖ) ਕੁਲ ਵਿਚ ਚੰਦ੍ਰਮਾ (ਵਾਙੂ ਪ੍ਰਕਾਸ਼ਮਾਨ ਹਨ), (ਜਿਨ੍ਹਾਂ ਦੇ) ਵਾਕ (ਤਪਦਿਆਂ ਨੂੰ) ਚੰਦਨ ਵਰਗੇ ਠੰਢੇ ਤੇ (ਮੋਹ ਗ੍ਰਸਿਆਂ ਨੂੰ) ਮੁਕਤੀ ਦੇ ਦਾਤੇ ਹਨ, ਆਪ (ਆਤਮ) ਅਨੰਦ ਦੇ ਮੇਘ ਹਨ ਤੇ ਵਿਸ਼ੇਸ਼ ਕਰਕੇ ਮੋਹ ਨੂੰ ਕੱਟਣ ਵਾਲੇ ਹਨ, (ਅਤੇ) ਸਮੂਹ ਸੁੱਖਾਂ ਦੇ ਦਾਤੇ ਹਨ, ਉਨ੍ਹਾਂ ਦੇ ਚਰਨਾਂ ਨੂੰ (ਮੈਂ) ਨਮਸਕਾਰ ਕਰਦਾ ਹਾਂ।

## ੬. ਇਸ਼੍ਟ ਦੇਵ—ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ—ਮੰਗਲ।

**ਚੌਪਈ॥ ਵਾਰੀ ਇਕ ਧਰਿ ਦ੍ਵੈ ਤਰਵਾਰੀ। ਵਾਰੀ ਸ਼ਤ੍ਰ ਸੈਨ ਬਲਵਾਰੀ।**
**ਵਾਰੀਧਰਿ ਸਮ ਧੁਨਿ ਸੁਖਵਾਰੀ।ਵਾਰੀ ਗੁਰ ਖਟ ਪਰ ਬਹੁ ਵਾਰੀ।੬**

ਵਾਰੀ=ਵਕਤ, ਸਮਾਂ, ਮੌਕਿਆ [ਸੰਸ:, ਵਾਰ]। ਵਾਰੀ ਇਕ=ਇਕ ਸਮੇਂ, ਭਾਵ ਗੱਦੀ ਬੈਠਣ ਵੇਲੇ। (ਅ) ਵਾਰੀ ਇੱਕ=ਇਕ ਵਾਰਗੀ।
ਧਰਿ=ਧਾਰਨ ਕੀਤੀਆਂ। ਦ੍ਵੈ ਤਰਵਾਰੀ=ਦੋ ਤਲਵਾਰਾਂ। ਇਕ ਤਲਵਾਰ ਪੀਰੀ ਅਰਥਾਤ ਗੁਰਿਆਈ ਦੀ ਗੱਦੀ ਉਤੇ ਗੱਦੀ ਨਸ਼ੀਨ ਹੋਣ ਕਰਕੇ ਤੇ ਦੂਸਰੀ ਮੀਰੀ ਦੀ, ਇਹ ਚਿੰਨ੍ਹ ਸਤਿਗੁਰ ਨੇ ਧਾਰਨ ਕੀਤਾ ਸੀ ਅਪਣੀ ਕੌਮ ਨੂੰ ਸਤ ਧਰਮ ਬਦਲੇ ਆਪਾ ਵਾਰਨ ਦੀ ਜਾਚ ਸਿਖਾਲਣ ਲਈ।
ਵਾਰੀ=ਵਾਰ ਸਿੱਟੀ, ਸਦਕੇ ਕੀਤੀ, ਜਿੱਕੂੰ ਬਲੀ ਸਦਕੇ ਕਰੀਦੀ ਹੈ, ਭਾਵ ਹੈ ਨਾਸ਼ ਕਰਨ ਤੋਂ।
ਵਾਰੀ=ਰੋਕੀ। [ਸੰ:, ਵਾਰਣੰ=ਰੋਕਣਾ]। ਬਲਵਾਰੀ=ਬਲਵਾਲੀ।
ਵਾਰੀਧਰ=ਬੱਦਲ [ਸੰਸ:, ਵਾਰਿ=ਪਾਣੀ। ਧਰਿ=ਧਾਰਨ ਕਰਨ ਵਾਲਾ]।
ਧੁਨਿ=ਅਵਾਜ਼, ਗਰਜ, (ਅ) ਲਗਨ, ਬਿਰਦ, ਜਿੱਕੂੰ ਬੱਦਲ ਦਾ ਬਿਰਦ ਸਦਾ ਵੱਸਣਾ ਹੈ ਇੱਕੂੰ ਗੁਰੂ ਜੀ ਦਾ ਬਿਰਦ ਸਦਾ ਉਪਕਾਰ ਹੈ।
ਸੁਖਵਾਰੀ=(ਸੁਖ ਵਾੜੀ=) ਸੁਖਾਂ ਦੀ ਬਗੀਚੀ। ਸੁਖਦਾਤੀ। (ਅ) ਸੁਖ ਵਾਲੀ।
ਵਾਰੀ=ਸਦਕੇ, ਵਾਰਨੇ। ਵਾਰੀ=ਬਾਰੀ, ਵੇਰ, ਦਫ਼ਾ।

**ਅਰਥ**—ਇਕ ਸਮੇਂ ਹੀ (ਜਿਸ ਸਤਿਗੁਰੂ ਨੇ) ਦੋ ਤਲਵਾਰਾਂ ਧਾਰਨ ਕੀਤੀਆਂ, ( ਅਤੇ ) ਸ਼ੱਤ੍ਰੂਆਂ ਦੀ ਬਲ ਵਾਲੀ ਸੈਨਾ ਤਬਾਹ ਕਰ ਦਿੱਤੀ, (ਜਿਸ ਦੀ) ਮੇਘ ਵਰਗੀ ਗਰਜ (ਜਗੱਤ ਲਈ) ਸੁਖਾਂ ਦੀ ਵਾੜੀ ਹੈ, (ਐਸੇ) ਛੇਵੇਂ ਗੁਰੂ ( ਹਰਗੋਬਿੰਦ ਜੀ ) ਤੋਂ ( ਮੈਂ ) ਬਹੁਤ ਵਾਰੀ ਸਦਕੇ ਹਾਂ।

**ਹੋਰ ਅਰਥ**—੩ ਤੁਕ—(ਜਿਸ ਸਤਿਗੁਰੂ ਦੀ) ਅਵਾਜ਼ ਬੱਦਲ ਜੇਹੀ (ਗੰਭੀਰ) ਤੇ ਸੁਖਦਾਤੀ ਹੈ, ਭਾਵ ਜਿਸ ਤੋਂ ਅੰਮ੍ਰਿਤ ਜਲ ਬਰਸ ਰਿਹਾ ਹੈ।

## ੭. ਇਸ਼੍ਟ ਦੇਵ—ਸ਼੍ਰੀ ਗੁਰੂ ਹਰਿਰਾਇ ਜੀ—ਮੰਗਲ।

ਦੋਹਰਾ॥ ਭਵ ਮਹਿਂ ਭਵ ਕੇ ਰੰਕ ਜੇ ਭਵ ਸਮ ਹੋਇ ਕ੍ਰਿਪਾਲੁ।
ਪਾਲਕ ਪ੍ਰਿਥਵੀ ਕੇ ਕਰੇ ਸ਼੍ਰੀ ਹਰਿਰਾਇ ਰਸਾਲ॥ ੭॥

ਭਵ=ਸੰਸਾਰ। ਭਵ ਕੇ=ਜਨਮ ਦੇ।
ਭਵ=ਪਰਮੇਸ਼੍ਵਰ। [ਭੂ=ਧਾਤੂ ਹੈ, 'ਹੋਣਾ' ਅਰਥ ਵਿਚ। ਜੋ ਆਪ ਤੋਂ ਆਪੇ ਹੋਵੇ ਸੋ ਭਵ=ਪਰਮੇਸ਼੍ਵਰ] (ਅ) ਭਵ ਪਦ ਦੇ ਹੋਰ ਐਤਨੇ ਅਰਥ ਹਨ:—ਸ਼ਿਵ, ਸੰਸਾਰ, ਜਨਮ, ਬੱਦਲ, ਕੁਸ਼ਲ, ਕਾਮਦੇਵ, ਕਾਰਣ, ਸ਼੍ਰੇਸ਼ਟ, ਜਨਮ ਮਰਨ ਦੀ ਪੀੜਾ, ਡਰ, ਹੋਣ ਦੀ ਹਾਲਤ, ਪ੍ਰਾਪਤੀ, ਸ਼ਿਰੋਮਣਤਾ, ਜੀਵਨ, ਫਲ, ਕੋਈ ਦੇਵਤਾ।
ਪਾਲਕ ਪ੍ਰਿਥਵੀ=ਪ੍ਰਿਥਵੀ ਦੇ ਪਾਲਕ=ਧਰਤੀ ਦੀ ਪਾਲਨਾ ਕਰਨ ਵਾਲੇ, ਰਾਜੇ।
ਰਸਾਲ=ਰਸ ਦਾ ਘਰ। ਜੋ ਕਿਸੇ ਅਨੰਦ ਵਿਚ ਸਦਾ ਰਹੇ। ਚੋਜੀ। (ਅ) ਰਸਾਲ ਦੇ ਹੋਰ ਅਰਥ ਇਹ ਹਨ:—ਸੁੰਦਰ, ਰਸੀਲਾ, ਸੁਆਦੀ, ਅੰਬ, ਗੰਨਾ, ਕਟਹਰ, ਕਣਕ, ਗੁੱਗਲ, ਸਿੱਠਾ ਆਦਿਕ।

**ਅਰਥ**— ਸੰਸਾਰ ਵਿਚ ਜੋ ਜਨਮ ਦੇ ਗਰੀਬ ਸਨ (ਉਹਨਾਂ ਉਤੇ) ਪਰਮੇਸ਼ੁਰ ਵਾਙੂ ਕ੍ਰਿਪਾਲੂ ਹੋਕੇ (ਉਹਨਾਂ ਨੂੰ) ਰਾਜੇ ਬਣਾ ਦਿੱਤਾ ਚੋਜੀ ਸ਼੍ਰੀ (ਗੁਰੂ) ਹਰਿਰਾਇ ਜੀ ਨੇ।

**ਹੋਰ ਅਰਥ**— ੧ ਤੁਕ—ਭਵ ਸਮ ਹੋਇ ਕ੍ਰਿਪਾਲ=ਬੱਦਲ ਵਾਂਙੂ ਦਿਆਲ ਹੋਕੇ, ਭਾਵ ਮੇਹਰ ਦਾ ਮੀਂਹ ਵਸਾਕੇ।

**ਭਾਵ**—ਇਸ ਦੋਹੇ ਵਿਚ ਕਵਿ ਜੀ ਸ਼੍ਰੀ ਗੁਰੂ ਜੀ ਦੇ ਗਰੀਬਾਂ ਨੂੰ ਰਾਜੇ ਬਣਾ ਦੇਣ ਦੇ ਕੌਤਕ ਪਰ ਸਿਫਤ ਸਲਾਹ ਵਿਚ ਮਗਨ ਹੋ ਰਹੇ ਹਨ। ਸਤਵੇਂ ਗੁਰੂ ਜੀ ਦੇ ਵਰ ਨਾਲ ਫੂਲਕੇ ਰਾਜੇ ਹੋਏ ਤੇ ਹੋਰ ਕਈ ਰਈਸ ਘਰਾਣੇ ਬਣੇ।

## ੮. ਇਸ਼੍ਟ ਦੇਵ—ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ—ਮੰਗਲ।

ਸੋਰਠਾ—ਸਭਿ ਦਰਸ਼ਨ ਕੋ ਸਾਰ ਦਰਸ਼ਨ ਪਰਸਨ ਤੇ ਲਹ।
ਹਾਥ ਸੁਦਰਸ਼ਨ ਧਾਰਿ ਸ਼੍ਰੀ ਹਰਿ ਕ੍ਰਿਸ਼ਨ ਸੁ ਬੰਦਨਾ॥੮॥

ਦਰਸ਼ਨ=ਦਰਸ਼ਨ ਸ਼ਾਸਤ੍ਰ, ਭਾਵ ਕੋਈ ਵਿੱਦਯਾ ਯਾ ਗਯਾਨ ਦਾ ਸ਼ਾਸਤ੍ਰ ਜਿਸ ਵਿਚ ਫਿਲਸਫਾ (ਜੀਵ, ਆਤਮਾ,ਪਰਮਾਤਮਾ, ਕੁਦਰਤ, ਸੰਸਾਰ ਆਦਿ ਦੀ ਵਿਦਯਾ) ਨਿਰੂਪਣ ਹੋਵੇ।
ਦਰਸ਼ਨ=ਦੀਦਾਰ। ਕਿਸੇ ਚਿਹਰੇ ਨੂੰ ਪਯਾਰ ਤੇ ਸ਼ਰਧਾ ਨਾਲ ਵੇਖਣਾ।
ਪਰਸਨ=ਸਪਰਸ਼, ਛੁਹ। ਤੇ=ਤੋਂ, ਕਰਕੇ, ਕਰਨ ਨਾਲ।
ਸੁਦਰਸ਼ਨ*=ਛਟੀ। ਗੁਰੂ ਹਰਿ ਕ੍ਰਿਸ਼ਨ ਜੀ ਦੇ ਹੱਥ ਵਿਚ ਉਸ ਵੇਲੇ ਛੂਲ ਛਟੀ ਸੀ ਜੋ ਉਹਨਾਂ ਨੇ ਇਕ ਅਨਪੜ੍ਹ ਦੇ ਸਿਰ ਤੇ ਰੱਖਕੇ ਉਸ ਨੂੰ ਪੰਡਿਤ ਕਰ ਦਿਤਾ ਸੀ। ਸੁਦਰਸ਼ਨ ਪਦ ਦੇ ਅਨੇਕ ਅਰਥ ਹਨ, ਇਕ ਅਰਥ ਹੈ ਛੇ ਗੰਢਾਂ ਵਾਲਾ ਇਕ ਡੰਡਾ ਜੋ ਸੰਨਯਾਸੀ ਪਾਸ ਰੱਖਦੇ ਹਨ, ਤੇ ਮਾੜੀਆਂ ਰੂਹਾਂ ਭੂਤਾਂ ਪ੍ਰੇਤਾਂ ਨੂੰ ਇਸ ਨਾਲ ਦੂਰ ਕਰਦੇ ਹਨ, ਇਸ ਤੋਂ ਕਵਿ ਜੀ ਨੇ ਇਹ ਪਦ 'ਛਟੀ' ਅਰਥ ਦਾ ਵਾਚਕ ਵਰਤਿਆ ਹੈ, ਜਿਸ ਨੇ ਅਵਿੱਦਯਾ ਡੈਣ ਦੂਰ ਕੀਤੀ।
ਹਾਥ...ਧਾਰਿ=ਹੱਥ ਵਿਚ ਲੈਕੇ, ਭਾਵ, ਪ੍ਰਾਪਤ ਕਰਕੇ, ਧਾਰਨਾ ਧਾਰਕੇ।

**ਅਰਥ**—(ਜਿਨ੍ਹਾਂ ਦਾ) ਦਰਸ਼ਨ ਕਰਕੇ (ਅਤੇ ਜਿਨ੍ਹਾਂ ਦੇ) ਸਪਰਸ਼ ਕਰਨ ਨਾਲ (ਜੀਵ) ਸਾਰੇ (ਛੇਵੀ) ਸ਼ਾਸਤ੍ਰਾਂ ਦਾ ਤੱਤ੍ਵ ਪ੍ਰਾਪਤ ਕਰ ਲੈਂਦਾ ਹੈ, (ਅਤੇ ਜਿਨ੍ਹਾਂ ਨੇ) ਹੱਥ ਵਿਚ ਛਟੀ ਧਾਰਨ ਕੀਤੀ ਹੋਈ ਹੈ (ਐਸੇ) ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮੇਰੀ ਨਮਸਕਾਰ ਹੈ।

**ਹੋਰ ਅਰਥ**—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਛੁਹ ਤੇ ਦਰਸ਼ਨ ਤੋਂ ਸਾਰੇ ਦਰਸ਼ਨ (ਸ਼ਾਸਤ੍ਰਾਂ ਦਾ) ਤੱਤ੍ਵ ਪ੍ਰਾਪਤ ਹੁੰਦਾ ਹੈ, (ਐਸੇ) ਸੁਹਣੇ ਦਰਸ਼ਨ ਦੀ ਧਾਰਨਾਂ ਧਾਰਕੇ (ਮੈਂ ਉਹਨਾਂ ਨੂੰ) ਨਮਸਕਾਰ ਕਰਦਾ ਹਾਂ।

ਅਥਵਾ—(ਜਦ) ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਕਰ ਲੈਣ ਤੇ ਉਹਨਾਂ ਦੀ ਛੁਹ (ਮਾਤ੍ਰ ਦੇ ਪ੍ਰਾਪਤ ਹੋਣ ਤੋਂ) ਸਾਰੇ ਦਰਸ਼ਨਾਂ ਦਾ ਤੱਤ੍ਵ ਗਿਆਨ ਮਿਲ ਜਾਂਦਾ ਹੈ (ਤਾਂ ਹੇ ਮਨ! ਉਹਨਾਂ ਦੇ) ਸੁਹਣੇ ਦਰਸ਼ਨ (ਨੂੰ ਹੀ) ਹੱਥ ਵਿਚ ਪ੍ਰਾਪਤ ਕਰ (ਤੇ ਉਹਨਾਂ ਦੇ) ਚਰਨਾਂ ਨੂੰ ਨਮਸਕਾਰ ਕਰਕੇ (ਛੁਹ ਨੂੰ ਪ੍ਰਾਪਤ ਹੋ)।

**ਭਾਵ**—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਕ ਅਭਿਮਾਨੀ ਪੰਡਤ ਦਾ ਅਭਿਮਾਨ ਦੂਰ ਕਰਨ ਲਈ ਇਕ ਅਨਪੜ੍ਹ ਦੇ ਸਿਰ ਪਰ ਆਪਣੇ ਹੱਥ ਵਿਚ ਵੜੀ ਛਟੀ ਨਾਲ ਸਪਰਸ਼ ਕਰਕੇ ਆਗਿਆ ਕੀਤੀ ਕਿ ਤੂੰ ਇਸ ਨਾਲ ਚਰਚਾ ਕਰ, ਉਹ ਉਸ ਪੰਡਤ ਨਾਲ ਚਰਚਾ ਕਰਕੇ ਜਿੱਤਿਆ। ਉਸ ਸਾਖੀ ਦਾ ਭਾਵ ਲੈਕੇ ਕਵੀ ਜੀ ਨੇ ਦੋਹੇ ਵਿਚ ਗੁੰਦਿਆ ਹੈ।

---

*ਸੁਦਰਸ਼ਨ ਪਦ ਦੇ ਹੋਰ ਅਰਥ ਏਹ ਹਨ:—ਸੁਹਣਾ, ਵਿਸ਼ਨੂ ਦਾ ਚੱਕ੍ਰ, ਮੱਛੀ, ਜਾਮਨੂੰ, ਸੋਮਵਲੀ, ਸ਼ਿਵ, ਸੁਮੇਰੁ, ਜੰਬੂਦੀਪ, ਗਿੱਧ, ਸੰਗੀਤ ਰਚਨਾਂ, ਅਗਨੀ ਦਾ ਪੁੱਤ੍ਰ, ਹੇਠ ਲਿਖੇ ਨਾਮਾਂ ਵਾਲਿਆਂ ਦੇ ਪੁੱਤ੍ਰਾਂ ਦਾ ਨਾਮ—ਸੰਖਨ, ਧ੍ਰਵਸੰਧੀ, ਅਰਥਸਿਧੀ, ਦਧੀਚੀ, ਭਰਤ, ਅਜਮੀੜ ਆਦਿ। [ਸੁ+ ਦਰਸ਼ਨ=ਸੁਹਣਾ ਦਰਸ਼ਨ]।

## ੯. ਇਸ੍ਟ ਦੇਵ–ਸ੍ਰੀ ਗੁਰੂ ਤੇਗ ਬਹਾਦਰ ਜੀ–ਮੰਗਲ।

ਸੈਯਾ॥ਮਾਨਸ ਤੀਰ ਮਰਾਲ ਬਿਰਾਜਤਿ ਤਯੋਂ ਸਿਖ ਸ੍ਰੀ ਗੁਰ ਤੇਗਬਹਾਦਰ।
ਮਾਨਸ ਮੈਂ ਧਰਿ ਧ੍ਯਾਨ ਨਮੋਕਰਿ, ਰਾਖਬਿ ਧਰਮ ਬਿਸਾਲ ਬਹਾਦੁਰ।
ਮਾਨਸ ਦਾਹਿਨ ਜੇ ਬਿਧਿ ਦਾਹਿਨ, ਦਾਹਨਿ ਦੋਸ਼ਨ ਹੋਤਿ ਸੁ ਹਾਦਰ।
ਮਾਨ ਸਹੀਜਿਮ ਸੀਖ ਕਹੀ: ਸਤਿਨਾਮ ਭਜੋ ਮਿਲਿ ਸੰਤ ਮਹਾਦਰ।੯।

[ ਮਾਨਸ=ਮਾਨ ਸਰੋਵਰ। ਮਰਾਲ=ਹੰਸ। ਮਾਨ ਸਰੋਵਰ ਤੇ ਹੰਸਾਂ ਦਾ ਨਿਵਾਸ ਮੰਨਿਆ ਹੈ, ਹੰਸ ਦਾ ਅਰਥ ਬ੍ਰਹਮ ਗਿਆਨੀ ਬੀ ਹੈ। ਇਸ ਵਿਚ ਭਾਵ ਹੈ ਕਿ ਗੁਰੂ ਜੀ ਮਾਨਸਰੋਵਰ ਹਨ ਤੇ ਪਾਸ ਗਯਾਤਗੋਯ ਸਿੱਖ ਹੰਸ ਰੂਪ ਰਹਿੰਦੇ ਹਨ।
ਮਾਨਸ=ਮਨ [ ਸੰਸ:, ਮਨਸ੍ ]। ਨਮੋ ਕਰਿ=ਮੱਥਾ ਟੇਕ।
ਬਿਸਾਲ=ਬਹੁਤ। ਇਸ ਦੀ ਮੁਰਾਦ ਹੈ ਸੀਸ ਤਕ ਦੇ ਦੇਂਦੇ ਹਨ।
ਮਾਨਸ=ਮਨੁਖ। ਦਾਹਿਨ=ਸੱਜੇ ਪਾਸੇ, ਕਿਸੇ ਦੇ ਸੱਜੇ ਪਾਸੇ ਹੋਣ ਦੇ ਅਰਥ ਹਨ:–ਅਨਕੂਲ ਹੋਣਾ, ਸਹਾਯਕ ਹੋਣਾ, ਪੱਖੀ ਹੋਣਾ।
ਬਿਧਿ=ਬ੍ਰਹਮਾ। ਦਾਹਨਿ=ਸਾੜਨਾ, ਨਾਸ਼ ਕਰਨਾ, ਦਾਹੁਣਾ।
ਦੋਸ਼ਨ=ਦੋਖਾਂ ਨੂੰ। ਦੁਖਾਂ ਨੂੰ।
ਸੁਹਾਦਰ=ਸੁ+ਹਾਦਰ=ਭਲੀ ਪ੍ਰਕਾਰ ਹਾਜ਼ਰ [ਅ:, ਹਾਜ਼ਰ।]
ਮਾਨ ਸਹੀ=ਸਹੀ ਮੰਨਕੇ। ਦਰੁਸਤ ਮੰਨ ਕੇ [ਅ:, ਸਹੀਹ।]
ਮਹਾਦਰ=ਮਹਾਂ+ਦਰ=ਵਡਾ ਦਰਵਾਜਾ।ਸੰਤ ਮਹਾਂ ਦਰ ਤੋਂ ਮੁਰਾਦ ਹੈਸਤਿਸੰਗਦੀ। ]

**ਅਰਥ**–(ਜਿਵੇਂ) ਮਾਨਸਰੋਵਰ ਦੇ ਕੰਢੇ ਹੰਸ ਰਹਿੰਦੇ ਹਨ ਤਿਵੇਂ ਸ੍ਰੀ ਗੁਰੂ ਤੇਗ ਬਹਾਦਰ (ਜੀ ਦੇ ਪਾਸ ਹੰਸਾਂ ਵਾਙੂ ਗਿਆਤ ਗੋਯ) ਸਿੱਖ (ਰਹਿੰਦੇ ਹਨ),

(ਐਸੇ ਸਤਿਗੁਰੂ ਜੀ ਦਾ) ਮਨ ਵਿਚ ਧਿਆਨ ਧਰਕੇ ਨਮਸਕਾਰ ਕਰ ਜੋ ਧਰਮ ਦੀ ਰਖਿਆ ਕਰਨੇ ਵਿਚ ਬੜੇ ਹੀ ਬਹਾਦਰ (ਹੋਏ ਹਨ),

(ਫੇਰ ਉਨ੍ਹਾਂ ਦੇ ਪੱਖ ਦਾ ਪਰਲੋਕ ਵਿਚ ਇਹ ਅਸਰ ਹੈ ਕਿ ਜਿਨ੍ਹਾਂ) ਮਨੁਖਾਂ ਦੇ ਪੱਖੀ ਓਹ ਹੋਏ ਹਨ, ਬ੍ਰਹਮਾ ਉਨ੍ਹਾਂ ਦਾ ਪੱਖੀ ਹੋ ਗਿਆ ਹੈ (ਤੇ ਇਸ ਜਗਤ ਵਿਚ) ਦੋਖਾਂ ਦੇ ਨਾਸ਼ ਕਰਨ ਲਈ (ਜਿੱਥੇ ਸਿਮਰੋ) ਹਾਜ਼ਰ ਹੋ ਜਾਂਦੇ ਹਨ।

(ਸੋ) ਜਿਸਤਰ੍ਹਾਂ (ਉਨ੍ਹਾਂ ਨੇ) ਸਿੱਖ੍ਯਾ ਕਹੀ ਹੈ (ਉਸ ਨੂੰ) ਦਰੁਸਤ ਮੰਨੋ:–
'ਸਤਿਸੰਗ ਦੇ ਉਚੇ ਦਰ ਨੂੰ ਪ੍ਰਾਪਤ ਹੋਕੇ ਸਤਿਨਾਮ ਦਾ ਭਜਨ ਕਰੋ'।

**ਭਾਵ**–ਕਵਿ ਜੀ ਨੇ ਸਤਿਗੁਰ ਦੇ ਗਿਆਨ ਦਾਤਾ, ਧਰਮ ਦੇ ਰੱਖ੍ਯਕ, ਲੋਕ ਪ੍ਰਲੋਕ ਦੇ ਸਹਾਯਕ ਹੋਣ ਦਾ ਜਸ ਕਥਨ ਕਰਦੇ ਹੋਏ ਚੌਥੀ ਤੁਕ ਵਿਚ ਇਸ ਸ੍ਰੀ ਮੁਖ ਵਾਕ ਦਾ ਭਾਵ

ਕਿਹਾ ਹੈ:-ਜਥਾ 'ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥'
ਤਥਾ-'ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ' ॥ [ਸੋਰਠ ਮ: ੯

ਇਸ ਵਿਚ ਆਪਦੇ ਸੀਸ ਦੇਣ ਦੇ ਸਾਕੇ ਵਲ,ਭਾਈ ਮਤੀ ਰਾਮ ਭਾਈ ਦਯਾਲਾ ਵਰਗੇ ਪਰਮਹੰਸ ਪੈਦਾ ਕਰਨ ਵਲ, ਮੱਖਣ ਸ਼ਾਹ ਨੂੰ ਸਹਾਇਤਾ ਦੇਣ ਤੋਂ ਉਪਜੀ ਸਿਫਤ ਸਲਾਹ ਦਾ ਬੀ ਰੰਗ ਹੈ।

## ੧੦. ਇਸ਼੍ਟ ਦੇਵ-ਸ੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ ।

ਚੌਪਈ॥ ਵਾਰਾ ਤੁਰਕਨ ਤੇਜ ਅਪਾਰਾ। ਪਾਰਾ ਧਰਮ ਹਿੰਦ ਵਿਸਤਾਰਾ।
ਤਾਰਾ ਦਾਸ ਬਿਰਦ ਸੰਭਾਰਾ।ਭਾਰਾ ਜਸ ਕਲਗ਼ੀਧਰ ਵਾਰਾ ॥੧੦॥

ਵਾਰਾ=ਹਟਾਉਣਾ, ਦੂਰ ਕਰਨਾ। [ਸੰਸ:, ਵਾਰਣ=ਰੋਕਣਾ, ਰੱਖਯਾ ਕਰਨੀ, ਦੂਰ ਕਰਨਾ। ਪਰੇ ਹਟਾਉਣਾ ਜਿਵੇਂ ਕਿਸੇ ਦੇ ਉੱਲਰੇ ਘਸੁੰਨ ਨੂੰ]।
ਪਾਰਾ=ਪਾਲਿਆ, ਪ੍ਰਤਿਪਾਲਾ ਕੀਤੀ।
ਬਿਸਤਾਰਾ=ਫੈਲਿਆ, ਜੋ ਦਿਨੋਂ ਦਿਨ ਘਟ ਰਿਹਾ ਸੀ ਉਸ ਦੀ ਪ੍ਰਤਿਪਾਲਾ ਕੀਤੀ ਤਾਂ ਉਹ ਫੈਲਿਆ।
ਤਾਰਾ=ਤਾਰਿਆ। ਨਿਸਤਾਰਾ ਕੀਤਾ। ਵਾਰਾ=ਵਾਲਾ, ਦਾ।

**ਅਰਥ**-(ਜਿਸ ਸਤਿਗੁਰ ਨੇ) ਤੁਰਕਾਂ ਦੇ ਅਪਾਰ ਤੇਜ ਨੂੰ ਦੂਰ ਕੀਤਾ, ਹਿੰਦ ਧਰਮ ਨੂੰ ਪਲਿਆ (ਤੇ ਉਸਦਾ) ਵਾਧਾ ਕੀਤਾ, (ਅਤੇ) ਦਾਸ (ਪਾਲਨ) ਬਿਰਦ ਨੂੰ ਸੰਭਾਲਿਆ ਤੇ (ਦਾਸਾਂ ਦਾ) ਨਿਸਤਾਰਾ ਕੀਤਾ, (ਉਸ) ਕਲਗੀਧਰ ਜੀ ਦਾ ਜਸ ਬਹੁਤ ਭਾਰਾ ਹੈ।

**ਹੋਰ ਅਰਥ**-੨ ਤੁਕ-(ਸਤ) ਧਰਮ ਨੂੰ ਪ੍ਰਤਿਪਾਲਿਆ ਤੇ ਹਿੰਦੁਸਤਾਨ ਨੂੰ (ਜੋ ਜ਼ੁਲਮ ਹੇਠ ਮੁਰਝਾ ਰਿਹਾ ਸੀ, ਲਹਿਲਹੇ ਬ੍ਰਿਛ ਵਾਂਗ) ਫੈਲਾਦਿਆ।
੩. ਤੁਕ-ਆਪਣਾ ਬਿਰਦ ਸੰਭਾਲ ਕੇ ਦਾਸਾਂ ਨੂੰ ਤਾਰਿਆ।

## ੧੧. ਇਸ਼੍ਟ ਦੇਵ-ਸ੍ਰੀ ਗੁਰੂ ਗ੍ਰੰਥ ਜੀ-ਮੰਗਲ।

ਹਾਨੀ ਗਨ ਬਿਘਨਹੁ ਸੁਖਦਾਨੀ। ਦਾਨੀ ਜਿਸਹਿ ਸਰਾਹਿ ਸਮਾਨੀ।
ਮਾਨੀ ਤੀਨ ਲੋਕ ਸਰਬਾਨੀ। ਬਾਨੀ ਸਿਮਰ ਸੁਮੱਤਿ ਮਹਾਨੀ ॥ ੧੧ ॥

ਗਨ=ਸਾਰੇ। ਬਿਘਨਹੁ=ਵਿਘਨਾਂ ਦੀ।
ਦਾਨੀ=ਦਾਨਾ ਲੋਕ, ਵਿਦ੍ਵਾਨ ਤੇ ਪੰਡਤ ਲੋਕ। [ਫਾ: ਦਾਨਾ]।
ਸਰਾਹਿ=ਸਲਾਹੁਤ ਕਰਦੇ ਹਨ। [ਅ:, ਸਲਾਹ=ਸਿਫਤ]।
ਸਮਾਨੀ=ਸਹਿਤ ਮਾਨ ਦੇ।
ਮਾਨੀ=ਮੰਨੀ ਗਈ, ਤਸਲੀਮ ਕੀਤੀ ਗਈ।
ਸਰਬਾਨੀ=ਸਰਬ ਤੋਂ, ਸਾਰਿਆਂ ਤੋਂ।
ਬਾਨੀ=ਬਾਣੀ। ਸੁਮੱਤਿ=ਸ੍ਰੇਸ਼ਟ ਬੁੱਧੀ। ਬੁਧੀਆਂ ਵਿਚੋਂ ਸ੍ਰੇਸ਼ਟ ਬੁੱਧੀ ਆਤਮ ਵਿਸ਼ੇਣੀ ਬੁੱਧੀ ਹੈ, ਜੋ ਇਸ ਦਾ ਭਾਵ ਹੈ।

[ ਮਹਾਨੀ=ਬਹੁਤ ਵਡੀ। ਗੁਰ। ਮਹਾਨੀ+ ਬਾਨੀ=ਗੁਰਬਾਣੀ। ]

**ਅਰਥ**–(ਜੋ) ਸਾਰੇ ਵਿਘਨਾਂ ਦੀ ਨਾਸ਼ ਕਰਨ ਵਾਲੀ ਤੇ ਸੁੱਖਾਂ ਦੀ ਦਾਤੀ ਹੈ, ਦਾਨੇ (ਲੋਕ ਬੀ) ਜਿਸ ਦੀ ਸਤਿਕਾਰ ਸਹਿਤ ਸਲਾਹੁਤ ਕਰਦੇ ਹਨ, (ਜੋ) ਤਿੰਨਾਂ ਲੋਕਾਂ ਵਿਚ ਸਰਬ ਤੋਂ (ਪ੍ਰਮਾਣੀਕ) ਮੰਨੀ ਗਈ ਹੈ, ਉਸ ਗੁਰਬਾਣੀ ਦਾ ਪਾਠ ਕਰ, (ਉਹ) ਆਤਮ ਵਿਸ਼ੇਣੀ ਬੁੱਧੀ ਦੀ ਵਡੀ (ਦਾਤਾਰ) ਹੈ।

**ਹੋਰ ਅਰਥ**–੪ ਤੁਕ–ਮਹਾਨੀ ਬਾਣੀ ਸਿਮਰ, ਸੁਮਤਿ ਅਰਥਾਤ ਗੁਰਬਾਣੀ ਪੜ੍ਹ ਜੋ (ਤੇਰੀ) ਮਤ ਸ੍ਰੇਸ਼ਟ (ਹੋ ਜਾਵੇ)।

**ਭਾਵ**–ਉਪਰਲੀਆਂ ਸਾਰੀਆਂ ਸਿਫਤਾਂ ਤੋਂ ਇਥੇ ਬਾਣੀ ਦਾ ਭਾਵ ਗੁਰਬਾਣੀ ਹੈ । ਬਾਣੀ ਦਾ ਅਰਥ 'ਸਾਰਦਾ' ਬੀ ਲਾਉਂਦੇ ਹਨ, ਪਰ ਸ਼ਾਰਦਾ ਦਾ ਜ਼ਿਕਰ ਇਸ ਤੋਂ ਅਗਲੇ ਛੰਦ ਵਿਚ ਆਉਂਦਾ ਹੈ। ਮੰਗਲਾਂ ਦੇ ਇਸ ਅੰਸੂ ਵਿਚ ਇੱਕੋ ਇੱਕ ਛੰਦ ਇੱਕੋ ਇੱਕ ਸਰੂਪ ਵਾਸਤੇ ਆਯਾ ਹੈ, ਉਸ ਮੂਜਬ ਬੀ ਇਹ ਗੁਰਬਾਣੀ ਦੀ ਸਲਾਹੁਤਾ ਦਾ ਛੰਦ ਸਹੀ ਹੁੰਦਾ ਹੈ। ਕਵਿ ਜੀ ਗੁਰਬਾਣੀ ਨੂੰ ਗੁਰੂ ਰੂਪ ਮੰਨਦੇ ਹਨ ਤੇ ਮੰਗਲ ਕਈ ਵੇਰ ਕਰਦੇ ਹਨ । ਦੇਖੋ ਸ੍ਰੀ ਗੁ: ਨਾ: ਪ੍ਰ: ਪੂ: ਅੱਧਯਾ: ੨੪, ਯਥਾ:–ਕਬਿੱਤ–ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ ਮਹਾਂ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ। ਕਿਧੌਂ ਯਹਿ ਹੰਸਨੀ ਸੀ ਮਾਨਸ ਵਤੰਸਨੀ ਹੈ, ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ। ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ, ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ। ਪ੍ਰੇਮ ਪਟਰਾਨੀ ਸਜਾਨੀ, ਗਜਾਨ ਕੀ ਜਨਨਿ ਜਾਨੀ, ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰਬਾਨੀ ਹੈ।

## ੧੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਚੌਪਈ॥ਸਾਰਦ ਬਰਦਾ ਸੁਮਤਿ ਬਿਸਾਰਦ।ਸਾਰਦ ਚੰਦ ਬਦਨ ਤੇ ਭਾ ਰਦ।
ਪਾਰਦਬਰਨੀ ਤਨ ਦੁਤਿ ਨਾਰਦ।ਦਾਰਿਦ ਹਰਿਤਾ ਦਾਸਨਿ ਸਾਰਦ॥੧੨॥

[ ਸਾਰਦ=ਸਾਰਦਾ=ਸਰਸ੍ਵਤੀ। ਬਰਦਾ=ਵਰਦਾਤੀ।
ਬਿਸਾਰਦ=ਚਤੁਰ (ਅ) ਪ੍ਰਸਿੱਧ, ਮਸ਼ਹੂਰ। [ਸੰਸ:, ਵਿਸ਼ਾਰਦ]।
ਸਾਰਦ=ਅੱਸੂ ਕੱਤੇਂ ਦੀ ਰੁੱਤ। [ਸੰਸ:, ਸ਼ਾਰਦ=ਸਰਦ ਰੁੱਤ। ਸ਼ਾਰਦੀ=ਕੱਤੇਂ ਦੀ ਪੂੰਨਿਆਂ]। ਬਦਨ=ਮੂੰਹ।
ਭਾਰਦ=ਭਾ+ਰਦ=ਸ਼ੋਭਾ ਨੂੰ ਹੱਦ ਕਰ ਦੇਂਦਾ ਹੈ। ਭਾਵ (ਚੰਦ ਦੀ) ਸ਼ੋਭਾ ਨੂੰ ਮਾਤ ਕਰਦਾ ਹੈ। [ਸੰਸ:, ਭਾ=ਸ਼ੋਭਾ+ਰਦ੍=ਕਟਣਾ।] (ਅ) ਚੰਦ ਤਾਰਿਆਂ (ਵਰਗੇ ਹਨ) [ਸੰਸ:, ਭਾ=ਤਾਰਾ+ਰਦ=ਚੰਦ*]। ]

---

*ਸੰਸ:, 'ਭਾ' ਦਾ ਅਰਥ ਹੈ:–ਚਮਕ, ਸ਼ੋਭਾ, ਚਾਨਣਾ, ਸੂਰਜ, ਕਿਰਨ, ਆਦਿ। ਇਸ ਤੋਂ 'ਭਾ' ਦਾ ਤਾਰਾ ਅਰਥ ਕਲਪਦੇ ਹਨ। ਡਿੰਗਲ ਭਾਸ਼ਾ ਵਿਚ ਬੀ 'ਭੇ'=ਤਾਰਾ ਅਰਥ ਵਿਚ ਆਇਆ ਹੈ ।

{ ਪਾਰਦ=ਪਾਰਾ। ਪਾਰੇ ਦੇ ਰੰਗ ਤੋਂ ਚਿੱਟਾਪਨ ਤੇ ਲੁਸਲੁਸ ਕਰਨਾ ਪ੍ਰਗਟ ਹੈ।
ਬਰਨੀ=ਰੰਗ ਦੀ। ਦੁਤਿ=ਕ੍ਰਾਂਤਿ, ਖ਼ੂਬਸੂਰਤੀ।
ਨਾਰਦ=ਇੱਕ ਮੁਨੀ ਦਾ ਨਾਮ, ਜਿਸ ਦਾ ਰੰਗ ਚਿੱਟਾ ਸੀ। (ਅ) ਜੋ ਮਨੁੱਖਾਂ ਨੂੰ ਸਿੱਖਜ਼ਾ ਦੇਵੇ [ਸੰਸ:, ਨਾਰ+ਦ=ਮਨੁੱਖਾਂ ਨੂੰ ਦੇਣ ਵਾਲਾ (ਸਿੱਖਜ਼ਾ)]। ਦਾਰਿਦ=ਦਰਿੱਦ੍ਰ।
ਸਾਰਦ=ਸ੍ਰੇਸ਼ਟਤਾ ਦੀ ਦਾਤੀ [ਸੰਸ:, ਸਾਰ+ਦ। ਸਾਰ=ਸ੍ਰੇਸ਼ਟਤਾਈ, ਵਿੱਦਜ਼ਾ ਵਿੱਗਜਾਨ ਦਾ ਤੱਤ, ਬਲ ਬੀਰਤਾ ਆਦਿ, ਦਾ=ਦਾਤੀ।] }

**ਅਰਥ**—ਚੰਗੀ ਬੁੱਧੀ ਦੇ ਵਰ ਦਾਨ ਦੇਣ ਵਿਚ ਸਰਸ੍ਵਤੀ ਪ੍ਰਸਿੱਧ ਹੈ, ਮੂੰਹ (ਜਿਸ ਦਾ ਇੰਨਾ ਸੁਹਣਾ ਹੈ ਕਿ) ਸਰਦ ਰੁਤ ਦੇ ਚੰਦ੍ਰਮਾ ਦੀ ਸ਼ੋਭਾ ਨੂੰ ਮਾਤ ਕਰ ਦੇਂਦਾ ਹੈ, ਰੰਗ ਜਿਸ ਦਾ ਪਾਰੇ ਵਰਗਾ (ਚਿੱਟਾ ਤੇ ਲੁਸ ਲੁਸ ਕਰਦਾ) ਹੈ (ਤੇ ਜਿਸ ਦੇ) ਤਨ ਦੀ ਦੁਤੀ ਨਾਰਦ (ਵਰਗੀ ਕੁਸ਼ਲ ਹੈ, ਜੋ) ਦਾਸਾਂ ਦੇ ਦਰਿੱਦ੍ਰ ਦੂਰ ਕਰਨ ਵਾਲੀ ਤੇ ਸ੍ਰੇਸ਼ਟਤਾ ਦੀ ਦਾਤੀ ਹੈ।

**ਹੋਰ ਅਰਥ**—੨ ਤੁਕ—ਮੁਖ ਹੈ (ਜਿਸ ਦਾ) ਸਰਦ ਰੁਤ ਦੇ ਚੰਦ (ਵਾਂਙ) ਤੇ ਦੰਦ ਹਨ (ਜਿਸ ਦੇ) ਤਾਰਿਆਂ (ਵਰਗੇ ਚਿੱਟੇ ਤੇ ਚਮਕਦੇ)।

[ਬਿਨਯ]

ਦੋਹਰਾ ॥ ਕਰਿ ਸਭਿਹਿਨਿ ਪਦ ਬੰਦਨਾਂ ਧਰ ਪਰ ਧਰਿ ਕਰਿ ਸੀਸ।
ਰਚੌਂ ਕਥਾ ਸਤਿਗੁਰੂ ਕੀ ਬਿਘਨ ਹਰਹੁ ਜਗਦੀਸ਼ ॥੧੩॥
ਸ਼੍ਰੀ ਨਾਨਕ ਅੰਗਦ ਗੁਰੂ ਅਮਰ ਦਾਸ ਬਿਰਤਾਂਤ।
ਰਚਯੋ ਛੰਦ ਸੁੰਦਰ ਬਿਖੈ ਸੁਨਯੋਂ ਪਠਯੋ ਜਿਸ ਭਾਂਤਿ ॥੧੪॥
ਤੀਨ ਗੁਰੰਨਿ ਕੀ ਕਥਾ ਰਚਿ ਅਹੈ ਜਥਾ ਮਤਿ ਮੋਹਿ।
ਅਬ ਚਤੁਰਥ ਅਵਤਾਰ ਕੀ ਕਰਿਹੌਂ ਜਿਸ ਬਿਧਿ ਹੋਹਿ॥੧੫॥
ਸਭਿ ਸੰਤਨਿ ਆਗੇ ਕਰੌਂ ਬਿਨਤੀ ਗਿਨਤੀ ਛੋਰਿ।
ਛੋਰ ਕਥਾ ਹੁਇ ਅੰਤ ਲੌ ਬੰਦੌਂ ਜੁਗ ਕਰ ਜੋਰ ॥ ੧੬ ॥

{ ਛੰਦਬਿਖੈ=ਕਵਿਤਾ ਵਿੱਚ (ਅ) ਛੰਦਾਂ ਵਿੱਚ। ਛੋਰਿ=ਛੋੜਕੇ, ਛੱਡਕੇ।
ਛੋਰ=ਸੰਪੂਰਨ। (ਅ) ਛੋਰ=ਕਿਸੇ ਅਰਥਾਂ ਦੀ ਵਜਕਤੀ ਦੇ ਕੌਤਕਾਂ ਨੂੰ ਕਿਸੇ ਖ਼ੂਬਸੂਰਤੀ ਨਾਲ ਕਾਵਜ ਵਿੱਚ ਵਰਣਨ ਕਰਨਾ ਯਾ ਰੰਗ ਭੂਮੀ ਤੇ ਨਾਟ ਕਰਨਾ। [ਸੰਸ:, ਸ਼ੌਰ੍ਯਜ]। }

**ਅਰਥ**—ਧਰਤੀ ਉਤੇ ਸੀਸ ਧਰਕੇ (ਉੱਪਰ ਕਹੇ) ਸਾਰਿਆਂ ਦੇ ਚਰਣਾਂ ਉਤੇ

ਮੱਥਾ ਟੇਕਕੇ ਮੈਂ ਸਤਿਗੁਰੂ ਜੀ ਦੀ ਕਥਾ ਰਚਦਾ ਹਾਂ। (ਹੇ) ਜਗਤ ਦੇ ਮਾਲਕ (ਵਾਹਿਗੁਰੂ !) ਮੇਰੇ(ਸਾਰੇ) ਵਿਘਨਾਂ ਨੂੰ ਦੂਰ ਕਰੋ। ੧੩। ਸ੍ਰੀ (ਗੁਰੂ) ਨਾਨਕ (ਦੇਵ ਸ੍ਰੀ ਗੁਰੂ) ਅੰਗਦ (ਦੇਵ ਸ੍ਰੀ) ਗੁਰੂ ਅਮਰਦਾਸ (ਜੀ ਦਾ) ਬਿਰਤਾਂਤ ਸੁਹਣੀ ਕਵਿਤਾ ਵਿਚ ਜਿਸ ਪ੍ਰਕਾਰ ਮੈਂ ਸੁਣਿਆਂ ਤੇ ਪੜ੍ਹਿਆ ਸੀ ਲਿਖਿਆ ਹੈ। ੧੪। (ਸੋ) ਤਿੰਨਾਂ ਗੁਰੂ ਸਾਹਿਬਾਂ ਦੀ ਕਥਾ,ਜੇਹੀ ਕਿ ਮੇਰੀ ਮਤਿ ਹੈ, (ਉਸ ਅਨੁਸਾਰ) ਰਚਕੇ ਹੁਣ ਜਿਵੇਂ (ਚੰਗੇ) ਤਰੀਕੇ ਨਾਲ ਬਣ ਪਿਆ ਚੌਥੇ ਅਵਤਾਰ ਦੀ ਕਥਾ (ਵਰਣਨ) ਕਰਦਾ ਹਾਂ ।੧੫। (ਹੁਣ ਸਾਰੀਆਂ) ਸੋਚਾਂ ਛਡਕੇ ਸਾਰੇ ਸੰਤਾਂ ਅਗੇ ਦੋਇ ਹੱਥ ਜੋੜਕੇ ਮੱਥਾ ਟੇਕਦਾ ਤੇ ਬੇਨਤੀ ਕਰਦਾ ਹਾਂ ਕਿ ਇਹ ਅਰਸ਼ੀ ਵ੍ਯਕਤੀਆਂ ਦੀ ਕਥਾ ਅੰਤ ਤਕ ਸੰਪੂਰਣ ਹੋਵੇ ॥ ੧੬ ॥

[ਮੰਗਲ ਸਮਾਪਤ, ਚੌਥੇ ਗੁਰਾਂ ਦੀ ਕਥਾ ਦਾ ਅਰੰਭ]

ਨਰਾਜਛੰਦ॥ ਸੁ ਰਾਮਰਾਮ ਨਾਮ ਮੈਂ ਅਭੇਦਤਾ ਲਖਾਇਯੋ[1]।ਤਥਾ ਸਰੂਪ ਏਕ ਹੈ ਸੰਦੇਹ ਨਾ ਉਠਾਇਯੋ। ਮਹੀਪ ਰੂਪ ਹੋਨ ਤੇ ਸੁ[2] 'ਚੰਦ'ਸੰਗ ਭਾਖਿਯੋ। ਜਨਾਵਤਾਰ[3]ਏ ਭਏ ਤੁ'ਦਾਸ'ਨਾਮ ਆਖਿਯੋ ॥੧੭॥ ਸੋਰਠਾ॥ਭਗਤਿ ਦੇਹਿ ਅਵਤਾਰ[4]ਯਾਂਤੇ ਰਾਮ ਸੁ ਦਾਸ ਕਹਿ।ਰਾਜਾ ਰਾਮ ਉਦਾਰ ਰਾਮਚੰਦ ਕਹਿਬੋ ਬਨੈ*॥੧੮॥ਚੌਪਈ॥ਸ੍ਰੀਗੁਰ ਅਮਰਦਾਸਕੇ ਪਾਛੇ।ਸੋਢੀਬੰਸ ਬਿਭੂਖਨਆਛੇ। ਸਿੰਘਾਸਨ ਬੈਠੇ ਗੁਰ ਪੂਰੇ। ਮਾਯਾ ਤੇ ਅਲੇਪ ਗੁਨ ਰੂਰੇ॥੧੯॥ਗੁਰਤਾ ਰਥ ਅਰੂਢਬੋ ਕਰੇ।ਚੌਥੋ ਸੂਰਜ ਜਨੁ ਨਭ ਚਰੇ[5]। ਅਜ਼ਮਤ ਜੁਤਿ ਅਨੇਕ ਸਿਖ ਉਡਗਨ।ਸਭਿ ਮਹਿਂ ਸ਼ੋਭਤਿ ਪੂਰਨ ਸਸਿ ਜਨੁ[6]॥੨੦॥ਜਹਿਂ ਕਹਿਂ ਤੇ ਸੁਨਿ ਸੁਨਿ ਸਿਖ ਆਏ।-ਸ੍ਰੀ ਗੁਰ ਅਮਰ-ਇਹੀ ਲਖਿ ਪਾਏ। ਸ੍ਰੀ ਨਾਨਕ ਕੀ ਜੋਤਿ ਬਿਸਾਲਾ। ਇਨ ਮਹਿਂ ਦਿਪਤਿ[7] ਜਾਨ ਤਿਸ ਕਾਲਾ॥੨੧॥ਧਰਿ ਧਰਿ ਸਭਿਨਿ ਉਪਾਇਨ ਬੰਦੇ। ਦੇਖਿ ਸਰੂਪ ਸੁਭਾਉ ਅਨੰਦੇ। ਤ੍ਰੈ ਦਿਨ ਬਿਤੇ ਜਾਨਿ ਸਮੁਦਾਈ।ਜਹਿਂ ਸਸਕਾਰ ਗਏ ਤਿਸ ਥਾਈਂ॥੨੨॥ਸਤਿਗੁਰ ਰਾਮਦਾਸ ਹੁਇ ਖਰੇ। ਕਮਲ ਬਿਲੋਚਨ ਜਲ ਸੌਂ ਭਰੇ। ਸੰਗ ਮੋਹਰੀ ਸ਼ੋਕ

---

[1]ਰਾਮ (ਦਾਸ ਤੇ) ਰਾਮ (ਚੰਦ ਪਦਾਂ) ਵਿਚ ਸੁਹਣੀ ਅਭੇਦਤਾ ਸਮਝੋ। [2]ਉਸ ਨਾਲ। [3]ਭਗਤੀ ਦੇ ਅਵਤਾਰ। [4]ਭਗਤੀ ਨੇ ਦੇਹ ਵਿਚ ਅਵਤਾਰ ਲਿਆ। [5]ਚੜ੍ਹਿਆ। [6]ਮਾਨੋਂ ਚੰਦ੍ਰਮਾਂ (ਸ੍ਰੀ ਗੁਰੂ ਜੀ)। [7]ਪ੍ਰਕਾਸ਼ ਕਰ ਰਹੀ ਹੈ।

*ਕਵਿ ਦਾ ਮਤਲਬ ਇਹ ਜਾਪਦਾ ਹੈ ਕਿ 'ਦਾਸ' ਪਦ ਗੁਰੂ ਜੀ ਦੇ ਨਾਮ ਨਾਲ ਹੋਣ ਕਰਕੇ ਕੋਈ ਉਨ੍ਹਾਂ ਨੂੰ ਰਾਮਚੰਦ ਦਾ ਦਾਸ ਨਾ ਸਮਝੇ, ਓਹ ਆਪ ਪੂਰਨ ਅਵਤਾਰ ਹਨ। ਕਿਉਂਕਿ ਆਪ ਭਗਤੀ ਦਾ ਅਵਤਾਰ ਹੋਏ ਹਨ ਇਸ ਕਰਕੇ ਆਪਣੇ ਆਪ ਨੂੰ (ਰਾਮ=) ਵ੍ਯਾਪਕ ਵਾਹਿਗੁਰੂ ਦਾ ਦਾਸ ਪ੍ਰਗਟ ਕਰਦੇ ਰਹੇ ਹਨ।

ਉਪਾਵਤਿ। ਮੋਹਨ ਆਦਿਕ ਸੀਸ ਨਿਵਾਵਤਿ ॥ ੨੩ ॥ ਬ੍ਰਿਧ ਨੇ ਸਭਿ ਸੋਂ ਬਾਕ ਉਚਾਰਾ। 'ਕਹਜੋ ਗੁਰੂ ਕੋ ਕਰੋਂ ਨ ਰਿਤਾਰਾ।–ਮੇਰੋ ਸ਼ੋਕ ਨ ਕਰਹੁ ਕਦਾਈਂ। ਸਿਮਰਹੁ ਹਰਿ ਹਰਿ ਅਨੰਦ ਉਪਾਈ–॥੨੪॥ ਉਲੰਘਨਿ ਜੋਗ ਨ ਬਾਕ ਤਿਨ੍ਹੇ ਕਾ। ਯਾਂਤੇ ਕਰਹੁ ਨ ਕਬਿ ਮਿਲਿ ਸ਼ੋਕਾ'। ਸੁਨਿ ਬ੍ਰਿਧ ਕੋਰ ਉਚਿਤ ਸੁਭ ਬੈਨਾ।ਰੋਕਜੋ ਜਲ ਕੋ ਨਿਜ ਨਿਜ ਨੈਨਾ॥੨੫॥ਬੀਨਿ ਬੀਨਿ ਕਰਿ ਅਸਥਿ ਸਕੇਲੇ[1]। ਸੁੰਦਰ ਬਸਤ੍ਰ ਬਿਖੈ ਸਭਿ ਮੇਲੇ। ਸੁਰਸਰਿ ਕੋ ਤਤਛਿਨ ਪਹੁੰਚਾਏ। ਸਾਵਣ ਮਲ ਤਿਨ ਸੰਗ ਸਿਧਾਏ ॥ ੨੬ ॥ ਜਗਤ ਮ੍ਰਿਜਾਦ*ਹੇਤ† ਕ੍ਰਿਤ ਸਾਰੀ। ਜਥਾ ਜੋਗ ਕੀਨਸਿ ਹਿਤ ਕਾਰੀ। ਬੈਠਹਿ ਸਕਲ ਬਾਵਲੀ ਤੀਰ। ਆਵਹਿ ਨਿਤ ਸੰਗਤਿ ਕੀ ਭੀਰ ॥ ੨੭ ॥ ਗਾਵਹਿਂ ਸ਼ਬਦ ਰਬਾਬੀ ਰਾਗ। ਜਿਨ ਕੇ ਬਿਖੈ ਪਰਮ ਬੈਰਾਗ। ਸਭਾ ਲਗਹਿ ਜਬਿ ਹੋਵਤਿ ਭੋਰ।ਆਵਹਿਂ ਸਿੱਖ ਕਰਹਿ ਬਹੁ ਜੋਰ[2]‡॥੨੮॥ਤਿਸੀ ਪ੍ਰਕਾਰ ਦੇਸ਼ ਨਿਤਿ ਹੋਇ।ਮਿਲਹਿਂ ਹਜ਼ਾਰਹੁੰ ਅਰਵਹਿਂ ਸੋਇ। ਤ੍ਰਯੋਦਸ਼ ਦਿਵਸ ਬਿਤੀਤੇ ਜਬੈ।ਭੋਜਨ ਕਰਜੋ ਅਨਿਕ ਬਿਧਿ ਤਬੈ॥੨੯॥ਗੋਇੰਦਵਾਲ ਮੇਲ ਬਹੁ ਹੋਵਾ। ਸਭਿਹਿਨਿ ਰਾਮਦਾਸ ਗੁਰ ਜੋਵਾ। ਸਕਲ ਬੇਖ ਸਾਧੂ ਸਮੁਦਾਏ। ਕਰਨਿ ਅਹਾਰ ਮੇਲ ਕਰਿ ਆਏ ॥ ੩੦ ॥ ਬਖਸ਼ਿਸ਼ ਭਈ ਮੰਜੀਆਂ ਜੇਤਿਕ। ਲੇ ਅਕੋਰ ਕੋ ਪਹੁੰਚੇ ਤੇਤਿਕ।ਸ੍ਰੀਗੁਰ ਰਾਮਦਾਸ ਕੇ ਆਗੇ।ਅਰਪਿ ਅਰਪਿ ਕਰਿ ਪਾਇਨ[3]ਲਾਗੇ ॥ ੩੧ ॥ ਜਿਸ ਕੋ ਆਪ ਗਏ ਕਰਿ ਟੀਕਾ। ਕੌਨ ਹਟਾਇ ਸਕੈ ਤਿਨ ਲੀਕਾ[4]। ਮੋਹਨ ਅਪਰ ਮੋਹਰੀ ਦੂਵਾ।ਤਿਨ ਦਿਸ਼ ਦੇਖਿ ਦੀਨ-ਮਨ ਹੂਵਾ[5]॥੩੨॥ ਅਪਰ ਸਬੰਧਿਨਿ ਕੀ ਲਖਿ ਚਾਲੀ।ਮਨੁ ਜਿਨ ਕੇ ਖਟ-ਪਟੀ ਬਿਸਾਲੀ। ਸ੍ਰੀ ਗੁਰ ਰਾਮਦਾਸ ਮਹਾਂਰਾਜਾ। ਮਹਦ ਬਿਲੋਚਨ ਲਾਜ

---

[1]ਚੁਣ ਚੁਣ ਕੇ ਫੁੱਲ ਇਕੱਠੇ ਕੀਤੇ। [2]ਜੋੜ ਮੇਲ। [3]ਚਰਨੀਂ। [4]ਮਿਰਯਾਦਾ। [5]ਦੇਖਿਆ (ਸ੍ਰੀ ਗੁਰੂ ਜੀ ਨੇ) ਕਿ ਦੁਖੀ ਮਨ ਹੋਇਆ ਹੈ (ਬਾਬੇ ਮੋਹਨ ਤੇ ਬਾਬੇ ਮੋਹਰੀ ਜੀ ਦਾ)।

*ਦੂਸਰੀ ਪਾਤਸ਼ਾਹੀ ਨੇ ਅਪਨੀ ਜਗਤ ਮਿਰਯਾਦਾ ਬੰਦ ਕੀਤੀ ਸੀ, ਦੇਖੋ ਰਾਸ ੧ ਅੰਸੂ ੨੮ ਅੰਕ ੧੧ ਤੋਂ ਅੱਗੇ–'ਜਗ ਅਰ ਕੁਲ ਕੇ ਜਿਤਕ ਅਚਾਰੇ। ਹਮਰੇ ਹੇਤ ਨਹੀਂ ਕੁਛ ਕਰਨਾ। ਕੀਰਤ ਪਠਿ ਸੁਨਿ ਨਾਮ ਸਿਮਰਨਾ'। ਇਹ ਕਦੇ ਹੋ ਨਹੀਂ ਸਕਦਾ ਕਿ ਹੁਣ ਤੀਸਰੀ ਪਾਤਸ਼ਾਹੀ ਵੇਲੇ ਮਿਰਯਾਦਾ ਬਦਲੀ ਗਈ ਹੋਵੇ। ਗੁਰਮਤ ਜੋ ਗੁਰੂ ਅੰਗਦ ਜੀ ਨੇ ਥਾਪੀ, ਗੁਰੂ ਅਮਰਦਾਸ ਜੀ ਦੇ ਸਮੇਂ ਉਸੇ ਤੇ ਚਲਣਾ ਹੀ ਗੁਰਸਿੱਖੀ ਸੀ। ਤੀਸਰੇ ਸਤਿਗੁਰਾਂ ਦੀ ਬਾਣੀ ਇਨ੍ਹੋਂ ਕਰਮਾਂ ਨੂੰ ਮਨ੍ਹੇ ਕਰਦੀ ਹੈ। †ਪਾ:–ਹੇਰਿ। ‡ਪਾ:–ਜੋੜਿ।

ਜਹਾਜਾ[1] ॥ ੩੩ ॥ ਬਹੁ ਕੋਮਲ ਜਿਨ ਸਰਲ ਸੁਭਾਊ। ਨਹਿਂ ਪਿਖਿ ਸਕੈਂ ਭੰਗ ਮਨ ਕਾਊ[2]।ਰਿਦੈ ਬਿਚਾਰਹਿਂ ਅਨਿਕ ਉਪਾਊ।-ਕਿਮਹਮ ਕਰਹਿਂ? ਨ ਦੇਖਿ ਸਕਾਊ[3]-॥ ੪੩॥ ਅਪਰ ਬਾਰਤਾ ਅਨਬਨ ਜਾਨੀ। ਭਏ ਪ੍ਰਵੇਸ਼ ਸਦਨ ਗੁਨ ਖਾਨੀ।ਰਹੇ ਇਕਾਂਕੀ ਬੈਠਿ ਗੁਸਾਈਂ।ਅੰਤਰ ਬ੍ਰਿਤੀ ਰਹੇ*ਸੁਖ ਪਾਈ॥੩੫॥ਵਹਿਰ ਨਿਕਸ ਕਰਿ ਨਾਹਿਂਨਬੈਠਹਿਂ।ਸਿਖ ਸੰਗਤ ਜਹਿਂਸਕਲ ਇਕੈਠਹਿ[4]। ਸ੍ਰੀਗੁਰ ਅਮਰਦਾਸ ਪਦ ਪ੍ਰੇਮ। ਉਮਗਹਿ ਰਿਦਾ ਬਹੈ ਸਭਿ ਨੇਮ[5]॥੩੬॥ਜਹਿਂ ਬੈਠੇ ਤਹਿਂਬੈਠੇਰਹੈਂ।ਜਿਤ ਦੇਖਤਿ ਤਿਤ ਦਿਸ਼ ਕੋ ਲਹੈਂ[6]† । ਠਾਂਢੇ ਰਹਹਿਂ ਕਿ ਪੌਢਹਿਂ ਕਬੈ। ਕਿਤਿਕ ਕਾਲ ਥਿਰਤਾ ਗਹਿਂ[7]‡ ਤਬੈ ॥ ੩੭॥ਪ੍ਰਿਥੀਆ, ਮਹਾਦੇਵ, ਸ੍ਰੀ ਅਰਜਨ। ਬੰਦਹਿਂ ਚਰਨ ਬੁਲਾਵਹਿਂ ਤਿਸ ਛਿਨ।ਦੇ ਧੀਰਜ ਤਿਨ ਬੋਲਹਿਂ ਥੋਰ।ਬੈਠੇ ਰਹੈਂ, ਪਰਹਿਂ,ਇਕ ਠੌਰ॥੩੮॥ ਮਤਿ ਗਤਿ ਭਈ ਅਪਰ ਬਿਧ ਸਾਰੀ[8]। ਰਹੈਂ ਇਕਾਂਕੀ ਬਿਨਾਂ ਚਿਨਾਰੀ। ਕਬਹਿ ਪ੍ਰੇਮ ਕੋ ਬਹੈ ਪ੍ਰਵਾਹੂ।ਬਾਨੀ ਰਚਹਿਂ ਗੁਰੂ§ਛਿਨ ਤਾਂਹੂ॥੩੯॥ ਬਿਚ ਰਾਗਨ ਕੇ ਸ਼ਬਦ ਬਨਾਵਹਿਂ।ਮਧੁਰ ਮਧੁਰ ਮੁਖਤੇ ਧੁਨਗਾਵਹਿਂ।ਵਹਿਰ ਭਯੋ ਸਿੱਖਨਮਹਿਂਰੌਰ।'ਗੁਰੂ ਨ ਆਇਂ ਵਹਿਰਕੀਠੌਰ'॥੪੦॥ਸਚਨਿਸਚ ਮਾਣ-ਕਰੰਦ ਜੋਇ। ਡੱਲੇਵਾਸੀ ਸਿਖ ਸਭਿਕੋਇ। ਸਾਵਣਮੱਲ ਅਰੁ ਮਾਈਦਾਸ। ਗੋਗੋਬੱਸੀ ਖੱਤਰੀ ਦਾਸ॥੪੧॥ਮਥੋਮੁਰਾਰੀਇਹਚਲਿਆਇ।ਢਿਰਨਾਕਟਾਰਾ ਸਿਖ ਸਮੁਦਾਇ। ਖੇੜਾ ਸੁਇਰੀ ਦਿਜਬਰ ਤਹਾਂ। ਬੇਨੀਪੰਡਿਤ ਪ੍ਰੇਮੀ ਮਹਾਂ ॥੪੨॥ਆਦਿ ਹਿੰਦਾਲ[9]ਵਹਿਰਕੇ ਸਾਰੇ।ਬਾਸੇ[10]ਗੋਇੰਦਵਾਲ ਮਝਾਰੇ।ਮੋਹਨ ਅਪਰ ਮੋਹਰੀ ਦੋਊ। ਸਹਤ ਪੁੱਤ੍ਰ ਕੇ ਥਿਤ ਹ੍ਵੈ ਸੋਊ ॥੪੩॥ ਸਾਹਿਬ ਬੁੱਢਾ ਆਦਿ ਜਿ ਔਰ। ਬੈਠਹਿਂ ਸਕਲ ਬਾਵਲੀ ਠੌਰ।ਚਿੰਤਮਾਨ ਚਿਤਮਹਿਂ ਅਤਿ ਸਾਰੇ।-ਗੁਰੂ ਨ ਆਵਹਿਂ ਵਾਹਰਿ ਦ੍ਵਾਰੇ॥੪੪॥ਇਹ ਕਨਾ ਤਿਨਹੂੰ ਰਿਦੈ ਮੈਂ ਠਾਨੀ। ਬੈਠਹਿਂ ਬੀਰ ਨ ਦਰਸ਼ਨ ਦਾਨੀ[11]-।ਪ੍ਰੇਰਨ ਕਰਨੋ ਬ੍ਰਿੱਧ ਕੋ ਸਬ

---

[1]ਭਾਵ, ਜਿਨ੍ਹਾਂ ਦੇ ਨੇਤ੍ਰ ਬੜੇ ਹੀ ਸ਼ਰਮ ਵਾਲੇ ਹਨ। [2]ਕਿਸੇ ਦਾ ਮਨ ਉਦਾਸ ਨਹੀਂ ਦੇਖ ਸਕਦੇ। [3](ਇਹ) ਸਾਨੂੰ ਦੇਖ ਨਹੀਂ ਸਕਦੇ। (ਅ) ਕਿਸਤਰ੍ਹਾਂ ਕਰੀਏ (ਇਨ੍ਹਾਂ ਦਾ ਦੁਖ) ਅਸੀਂ ਦੇਖ ਨਹੀਂ ਸਕਦੇ। [4]ਇਕੱਠੀ ਹੋਵੇ। [5]ਰੁੜ੍ਹ ਜਾਏ ਸਭ ਨੇਮ ਭਾਵ,ਸ੍ਰੀ ਗੁਰੂ ਜੀ ਵੈਰਾਗਵਾਨ ਹੋ ਹੋ ਜਾਣ। [6]ਦੇਖਦੇ ਰਹਿਣ। [7]ਟਿਕਕੇ (ਬੈਠ ਜਾਣ)। [8]ਬੁੱਧੀ ਦੀ ਸਾਰੀ ਗਤੀ ਹੋਰ ਬਿਧੀ ਦੀ ਹੋ ਗਈ। [9]ਨਾਮ ਹੈ ਸਿਖ ਦਾ ਜਿਸਦੀ ਸੰਪ੍ਰਦਾ ਪਿੱਛੋਂ ਗੁਰ ਘਰ ਨਾਲ ਵਿਗੜੀ ਸੀ। [10](ਤੇ ਜੋ) ਵੱਸਦੇ ਸਨ। [11]ਦਰਸ਼ਨ ਨਹੀਂ ਦੇਂਦੇ। *ਪਾ:-ਭਏ।

†ਪਾ:-ਦੇਖਤ ਰਹੈਂ। ‡ਪਾ:-ਲਹਿਂ। §ਪਾ:-ਰਚਨ ਲਗਹਿ।

ਹੂੰ। 'ਆਨਹੁ ਵਹਿਰ ਜਾਹੁ ਤੁਮ ਅਬਿਹੂੰ' ॥ ੪੫ ॥ ਬ੍ਰਿਧ ਨੇ ਭਨਯੋ ਬਾਕ 'ਸੁਨਿ ਲੀਜੈ।ਅਨਬਨ ਮੇਰੋ ਗਮਨ ਜਨੀਜੈ। ਮੋਹਨ ਕੋ ਸੁਭਾਉ ਮਸਤਾਨੋ। ਹਾਨਲਾਭ ਬਹੁਕਹਿਬੇ*ਜਾਨੈ[1]॥੪੬॥ਯਾਂਤੇ ਸਤਿਗੁਰ ਸੁਤ ਲਘੁ ਜਾਵੈ। ਸੁਮਤਿ ਮੋਹਰੀ ਕਹਿ ਤਿਨ ਲਯਾਵੈ। ਮੈਂ ਭੀ ਸੰਗ ਕਰੌਂ ਇਨ ਕੇਰਾ। ਮਾਨੌਂ ਸੰਗਤਿ ਬਾਕ ਭੁਲੇਰਾ' ॥ ੪੭ ॥ ਸਭਿਨਿ ਮੋਹਰੀ ਸੋਂ ਜਬਿ ਕਹਯੋ।–ਆਵਹਿਂ ਮੋਹ ਗਏ ਤੇ–ਲਹਯੋ[2]। ਕੁਛਕ ਸਿੱਖ ਅਰੁ ਬ੍ਰਿਧ ਕੋ ਲੈਕੈ। ਗੁਰ ਸਮੀਪ ਪਹੁੰਚੇ ਹਿਤ ਕੈਕੈ॥੪੮॥ਅੰਤਰ ਬੈਠੇ ਜਾਇ ਨਿਹਾਰੇ।ਅਪਰ ਸੁਭਾਉ ਜਿਨਹੁੰ ਉਰ ਧਾਰੇ। ਪਿਖੇ ਸਕਲ ਉਠਿ ਕਰਿ ਸਨਮਾਨੇ। ਮਿਲੇ ਪਰਸਪਰ ਬੰਦਨ ਠਾਨੇ ॥੪੯॥ਬਾਕ ਮੋਹਰੀ ਤਦਹਿ ਉਚਾਰੇ।'ਤੁਮ ਕਿਮ ਬੈਠੇ ਸਦਨ ਮਝਾਰੇ?।ਸਤਿਗੁਰ ਪਿਤ ਨੈ[3]ਨਿਜ ਅਸਥਾਨ। ਤੁਮਹੁ ਬਿਠਾਇਸੁ ਕਰਿ ਸਨਮਾਨ॥੫੦॥ ਜਿਮ ਸਿਖ ਸੰਗਤਿ ਤਿਨਹੁੰ ਉਧਾਰੇ। ਤਿਮ ਤੁਮ ਕਰਹੁ ਬੈਠਿ ਇਹੁ ਕਾਰੇ। ਸਭਿਹਿਨਿ ਮਹਿਂ ਬੈਠਹੁ ਹਰਖਾਵਹੁ।ਉਪਦੇਸ਼ਹੁ ਸਤਿਨਾਮ ਜਪਾਵਹੁ॥੫੧॥ ਜਿਮ ਗੁਰ ਕਹਯੋ ਬਾਕ ਤਿਮ ਮਾਨਹੁੰ। ਸਤਿਸੰਗਤ ਮਤਿ ਇਮਿ ਪਹਿਚਾਨਹੁ।ਹਮ ਤੁਮ ਸਭਿ ਕਹੁ ਧਰਮ ਇਹੀ ਹੈ।ਗੁਰ ਆਗਯਾ ਸਿਰ ਧਰਨ ਸਹੀ ਹੈ' ॥੫੨॥ ਸੁਨਿ ਗੁਰ ਰਾਮਦਾਸ ਇਨ ਬੈਨਾ[4]।ਪਰਮ ਪ੍ਰੇਮ ਤੇ ਜਲ ਭਰਿ ਨੈਨਾ। 'ਤੁਮ ਗੁਰ ਸੁਤ ਅਰੁ ਗੁਰ ਸਿਖ ਸਾਰੇ। ਮੈਂ ਨਿਤ ਹੌਂ ਅਨੁਸਾਰਿ ਤੁਮਾਰੇ॥੫੩॥ਸਾਦਰ ਬਚਨ ਮਾਨਿਬੋ ਮੋਹਿ[5]†। ਮੋ ਕਹੁ ਮਹਾਂ ਧਰਮ ਇਹੁ ਹੋਹਿ'।ਅਸ ਕਹਿ ਨਿਕਸੇ ਬਾਹਰਿ ਆਏ। ਬੈਠਿ ਸਭਾ ਮਹਿਂ ਸ਼ੋਭ ਬਡਾਏ। ੫੪॥ਜਿਮ ਉਡਗਨ ਮੰਡਲ ਮਹਿਂ[6] ਆਇ।ਪੂਰਨ ਚੰਦ ਮਨਿੰਦ ਸੁਹਾਇ[7]। ਕਿਧੌਂ ਬਿਮਨ[8]ਸੈਨਾ ਕੇ ਮਾਂਹਿ। ਮਹਿਪਾਲਕ ਆਯਹੁ‡ਚਿਤ ਚਾਹਿ॥੫੫॥ ਸਭਿਨਿ ਖਰੇ ਹੁਇ ਬੰਦਨ ਕੀਨਿ।ਅਰਪਿਉ ਪਾਇਨ ਸਗਰੀ ਦੀਨਿ। ਕਰਿ ਦਰਸ਼ਨ ਉਰ ਹਰਖੇ ਸਬੈ। ਮਿਲਯੋ ਪ੍ਰਾਤਿ ਰਵਿ ਕਮਲਨ[9]ਅਬੈ ॥ ੫੬ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਗੁਰੂ ਰਾਮਦਾਸ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥ ੧ ॥

---

[1]ਭਾਵ ਵਧ ਘਟ ਗਲ ਕਰ ਦੇਂਦਾ ਹੈ। [2]ਮੇਰੇ ਗਿਆਂ ਤੇ ਆਵਨਗੇ (ਇਹ) ਜਾਣਿਆ। [3]ਸ੍ਰੀ ਗੁਰੂ ਅਮਰਦਾਸ ਜੀ ਨੇ। [4]ਇਨ੍ਹਾਂ ਦੇ ਬਚਨ। [5](ਤੁਹਾਡਾ) ਬਚਨ ਮੇਰੇ ਲਈ ਆਦਰ ਨਾਲ ਮੰਨਣਾ। [6]ਤਾਰਿਆਂ ਦੇ ਮੰਡਲ ਵਿਚ। [7]ਪੂਰਨਮਾਸ਼ੀ ਦੇ ਚੰਦ੍ਰਮਾਂ ਸਮਾਨ ਸ਼ੋਭੇ (ਗੁਰੂ ਜੀ)। [8]ਉਦਾਸ। [9]ਸਵੇਰ ਦਾ ਸੂਰਜ ਕਮਲਾਂ ਨੂੰ। *ਪਾ:–ਕੀ ਬਾਤ ਨ।

†ਪਾ:–ਮੋਇ। ‡ਪਾ:–ਆਯਸ।

## ੨. [ਗੁਰ ਰਾਮਦਾਸ ਸਤੋਤ੍ਰ। ਸਿੱਧਾਂ ਨਾਲ ਚਰਚਾ]

ਦੋਹਰਾ॥ ਸਿੰਘਾਸਨ ਸੰਤੋਖ ਪਰ ਸੱਤਸ ਛਤਰ ਅਭਿਰਾਮੁ। ਸੱਤਨਾਮ ਝੰਡਾ ਝੁਲਤਿ ਰਾਜਤਿ ਸਤਿਗੁਰ ਰਾਮ[1]॥੧॥ ਲਛਮੀ ਭਗਤਿ ਬਿਸਾਲ ਤੇ ਗਯਾਨ ਮੁਕਟ ਦੁਤਿ ਧਾਮ[2]। ਪੂਰਨ ਸਿਖ ਸ਼ੁਭ ਮਤਿ ਸਚਿਵ ਰਾਜਤਿ ਸਤਿਗੁਰ ਰਾਮ[3]॥੨॥ ਮੈਤ੍ਰੀ, ਧ੍ਰਿਤ, ਕਰੁਨਾ, ਖਿਮਾ, ਮੁਦਿਤਾ, ਆਠਹੁ ਜਾਮ[4]। ਸਯੰਦਨ[5] ਕੀ ਸੈਨਾ ਸਹਤ ਰਾਜਤਿ ਸਤਿਗੁਰ ਰਾਮ॥੩॥ਸਾਰਾਸਾਰ ਵਿਚਾਰ ਬਰ ਦਿਢ ਵਿਰਾਗੁ ਅਭਿਰਾਮ[6]। ਜੋਗ ਧਰਮ ਗਜ ਚਮੂੰ ਇਹੁ[7] ਰਾਜਤਿ ਸਤਿਗੁਰ ਰਾਮ॥੪॥ ਸਮ, ਦਮ,ਜੋਗ ਸੁ ਨੇਮ, ਯਮ, ਉਪਰਤਿ, ਤਤਿੱਖਯਾ ਨਾਮੁ[8]।ਸਭਿ ਤੁਰੰਗ ਕੀ ਬਾਹਿਨੀ[9], ਰਾਜਤਿ ਸਤਿਗੁਰ ਰਾਮ॥੫॥ ਸ਼ਰਧਾ, ਸੌਚ, ਸੁ ਬੁੱਧਿ ਬਰ*,ਸਭਿ ਸ਼ੁਭ ਕਰਮ ਬਿਰਾਮ[10]।ਭੌ,ਤਪ,ਭਾਉ ਜੁ ਪੈਕਦਲ[11]†ਰਾਜਤਿ ਸਤਿਗੁਰ ਰਾਮ॥੬॥ ਪ੍ਰੇਮ ਬਲੀ ਸੈਨਾਪਤੀ[12] ਹਰਿ ਕੀਰਤਨ ਅਭਿਰਾਮ। ਦੁੰਦਭਿ ਇਹੁ ਨਿਰਭੈ ਬਜਨ ਰਾਜਤਿ ਸਤਿਗੁਰ ਰਾਮੁ॥੭॥ ਮੋਹ ਸ਼ੱਤ੍ਰ ਮਨ ਦੇਸ਼ ਮਹਿਂ ਰਾਜ ਕਰਤਿ ਰਚਿ ਧਾਮ[13]। ਮਾਰਿ ਛਾਰ ਪ੍ਰਾਜੈ ਕਰਯੋ[14] ਰਾਜਤਿ ਸਤਿਗੁਰ ਰਾਮ॥੮॥ ਕਾਮ ਕ੍ਰੋਧ ਅਰੁ ਲੋਭ ਭਟ ਬਡ ਹੰਕਾਰ ਜਿਨਿ ਨਾਮ[15]। ਹਤਿ ਸੈਨਾਪਤਿ ਮੋਹ ਕੋ[16] ਰਾਜਤਿ ਸਤਿਗੁਰਰਾਮ॥੯॥ਹਿੰਸਾ,ਮ੍ਰਿਖਾ[17],ਸੁ ਦ੍ਵੈਸ਼ਤਾ,ਆਸ਼ਾ,ਤ੍ਰਿਸ਼ਨਾਨਾਮ।ਰਿਪੁਬਿਕਾਰ ਜਨਤਾ[18]‡ ਹਤੀ ਰਾਜਤਿ ਸਤਿਗੁਰ ਰਾਮ॥੧੦॥ ਸੂਪਨਖਾ ਅਰੁ ਤਾਰੁਕਾ

---

[1]ਬਿਰਾਜਦੇ ਹਨ ਸਤਿਗੁਰੂ ਰਾਮਦਾਸ ਜੀ। [2]ਸ੍ਰੇਸ਼ਟ ਭਗਤੀ ਰੂਪੀ ਲਛਮੀ ਹੈ ਤੇ ਗਯਾਨ ਰੂਪੀ ਮੁਕਟ ਬਹੁ ਸੁੰਦਰ ਸ਼ੋਭ ਰਿਹਾ ਹੈ। [3]ਪੂਰੇ ਸ਼ੁਭ ਮਤਿ ਵਾਲੇ ਵਜ਼ੀਰ ਹਨ ਤੇ ਰਾਜ ਕਰਦੇ ਹਨ ਸਤਿਗੁਰੂ ਰਾਮਦਾਸ ਜੀ। [4]ਮੈਤ੍ਰੀ, ਧੀਰਜ, ਕ੍ਰਿਪਾ, ਖਿਮਾ ਤੇ ਅੱਠੇ ਹੀ ਪਹਿਰ ਦੀ ਪ੍ਰਸੰਨਤਾ। [5](ਇਨ੍ਹਾਂ) ਰਥਾਂ ਦੀ। [6]ਸਾਰ ਅਸਾਰ ਦਾ ਸ੍ਰੇਸ਼ਟ ਵਿਚਾਰ ਤੇ ਸੁਹਣਾ ਦ੍ਰਿਢ ਵੈਰਾਗ। [7](ਧਰਨੇ) ਯੋਗ ਧਰਮ ਜੋ ਹੈ ਸੋ ਹਾਥੀ ਸੈਨਾ ਹੈ। [8]ਜੋਗ ਦੇ ਅੰਗ:—ਸਮ ਦਮ ਨੇਮ ਆਦਿਕ। [9]ਘੋੜ ਸੈਨਾ ਹੈ। [10]ਲਗਾਤਾਰ [ਸੰਸ:, ਅਵਿਰਾਮ] (ਅ) ਸ਼ਾਂਤੀ। [11]ਭੌ, ਤਪ, ਤੇ ਪ੍ਰੇਮ ਪੈਦਲ ਫੌਜ ਹੈ। [12]ਸੈਨਾਂ ਦਾ ਵਡਾ ਅਫਸਰ। [13]ਮੋਹ ਰੂਪੀ ਸ਼ਤ੍ਰੂ (ਜੋ) ਮਨ (ਰੂਪ) ਦੇਸ਼ ਵਿਚ ਘਰ ਰਚਕੇ ਰਾਜ ਕਰ ਰਿਹਾ ਸੀ। [14]ਮਾਰਕੇ ਧੂੜੀ ਕਰ ਜਿੱਤ ਲੀਤਾ। [15]ਵਡੇ ਸੂਰਮੇਂ ਕਾਮ, ਕ੍ਰੋਧ, ਲੋਭ ਤੇ ਹੰਕਾਰ ਜਿਨ੍ਹਾਂ ਦੇ ਨਾਮ ਹਨ। [16]ਤੇ ਮੋਹ ਸੈਨਾਪਤੀ ਸਮੇਤ ਸਭ ਨੂੰ ਮਾਰਕੇ। [17]ਕ੍ਰੋਧ। [18]ਵਿਕਾਰਾਂ ਦੇ ਪੈਦਾ ਕਰਨ ਵਾਲੀ (ਸੈਨਾਂ)।

*ਪਾ:—ਥਿਰ।

†ਪਾ:—ਭਵ ਪਦਾਂਤ ਚਤੁਰੰਗ ਦਲ।

‡ਪਾ:—ਸੈਨਾ।

ਜਿਮ ਹਤਿ ਰਾਜਾ ਰਾਮ[1]। ਹੈਤਾ ਮਮਤਾ ਤਿਮ ਹਤੀ* ਰਾਜਤਿ ਸਤਿਗੁਰ ਰਾਮ ॥੧੧॥ ਮਤਸਰ, ਕਪਟ, ਅਸੂਯਤਾ[2] ਤੀਨ ਬਾਸ਼ਨਾ ਨਾਮੁ[3]। ਨਿੰਦਾ ਜੁਤ ਹਤਿ ਸਭਿਨਿ ਕੋ ਰਾਜਤਿ ਸਤਿਗੁਰ ਰਾਮ ॥ ੧੨ ॥ ਨਹਿੰ ਨਾਨਾ[4], ਅੱਦ੍ਵੈਤ ਹੈ, ਸਚਿਦਾਨੰਦ ਸੁ ਨਾਮ। ਫੇਰਿ ਦੁਹਾਈ[5] ਸਭਿਨਿ ਪਰਿ ਰਾਜਤਿ ਸਤਿਗੁਰ ਰਾਮ॥੧੩॥ਜਨ[6] ਪਰਜਾ ਪਾਲਨ ਕਰਹਿੰ,ਚੋਰ ਬਿਕਾਰਨ ਗ੍ਰਾਮ[7]। ਕਰਿ ਸਭਿ ਕੋ ਨਿਰਮੂਲਤਾ[8] ਰਾਜਤਿ ਸਤਿਗੁਰ ਰਾਮ ॥ ੧੪ ॥ ਸਰਲ, ਸੁਸ਼ੀਲ, ਉਦਾਰ ਉਰਿ, ਦਾਨ, ਮਾਨ[9],ਸ਼ੁਭ ਕਾਮ। ਇੱਤ੍ਯਾਦਿਕ ਨਿਤਿ ਸੰਗ ਰਹਿਂ ਰਾਜਤਿ ਸਤਿਗੁਰ ਰਾਮ ॥੧੫॥ ਹੁਕਮ ਫਿਰਹਿ ਸਭਿ ਦੇਸ਼ ਪਰਿ ਸਤਿਸੰਗਤਿ ਸ਼੍ਰੁਤਿ ਨਾਮ[10]। ਅਤਿ ਪ੍ਰਤਾਪ ਨਿਤਪ੍ਰਤਿ ਬਧਤਿ ਰਾਜਤਿ ਸਤਿਗੁਰ ਰਾਮ ॥੧੬॥ਜੋਗ,ਛੇਮ[11] ਦਾਤਾ ਮਹਾਂ ਨਿਜ ਦਾਸਨ ਅਭਿਰਾਮੁ। ਪਰਉਪਕਾਰੀ, ਸੁਜਸ ਜੁਤਿ,ਰਾਜਤਿ ਸਤਿਗੁਰ ਰਾਮ॥੧੭॥ ਸਦਗੁਨ ਕੋ ਸੁਰਭਿਖ[12] ਕਰਨੋ ਜਹਿਂ ਕਹਿਂ ਇਨ ਕੋ ਨਾਮ[13] ।ਅਵਗੁਨ ਕੋ ਦੁਰਭਿਖ[14] ਪਰਨੋ ਰਾਜਤਿ ਸਤਿਗੁਰ ਰਾਮ ॥ ੧੮ ॥ ਮਾਯਾ ਅਲਿਬਾਲਤਿ ਰਹਹਿ ਨਿਤ ਅਲੇਪ ਨਿਸ਼ਕਾਮ[15]। ਕਾਟਤਿ ਬੰਧਨ ਜਨੋਂ ਕੇ ਰਾਜਤਿ ਸਤਿ-ਗੁਰ ਰਾਮ ॥ ੧੯ ॥ ਜਲ ਮਹਿਂ ਰਾਖੇ ਸ਼ੁਸ਼ਕ ਪਟ, ਬਿਚ ਸੁਰਮੇ ਨਹਿੰ ਸ਼੍ਯਾਮ[16]।ਅਦਭੁਤ ਮਹਿਦ ਚਰਿੱਤ੍ਰ ਜਿਸੁ[17]ਰਾਜਤਿ ਸਤਿਗੁਰ ਰਾਮੁ॥੨੦॥ ਪਠਹਿ ਜੁ† ਬੀਸੀ ਦੋਹਿਰੇ ਨਿਤਾ ਪ੍ਰਤੀ‡ ਕਰਿ ਨੇਮੁ ਮਨ। ਬਾਂਛਤਿ ਫਲ ਦੇਤਿ ਗੁਰ ਸੁਤ ਬਿਤ ਆਦਿਕ ਛੇਮ॥੨੧॥ਚੌਪਈ॥ਸਭਿ ਸੰਗਤਿ ਮਹਿਂ ਬੈਠਿ

---

[1]ਸੂਪਨਖਾ ਤੇ ਤਾੜਿਕਾਂ ਜਿਵੇਂ ਨਾਸ਼ ਕੀਤੀਆਂ ਸਨ ਰਾਜੇ ਰਾਮਚੰਦ੍ਰ ਜੀ ਨੇ। [2]ਈਰਖਾ। [3]ਵਾਸ਼ਨਾ ਤ੍ਰੈ ਹਨ:-੧. ਦੇਹ ਵਾਸ਼ਨਾ, ੨. ਸ਼ਾਸਤ੍ਰ ਵਾਸ਼ਨਾ, ੩. ਲੋਕ ਵਾਸ਼ਨਾ। ਤ੍ਰੈ ਈਖ਼ਣਾ ਹਨ:- ਸੁਤ,ਬਿਤ,ਨਾਰ। [4]ਨਾਨਾਪਨ ਨਹੀਂ ਹੈ। [5]ਪਰਮਾਤਮਾਂ ਦੇ ਨਾਮ ਦੀ ਦੁਹਾਈ ਫੇਰਕੇ। [6]ਦਾਸਾਂ ਰੂਪੀ। [7]ਵਿਕਾਰ ਸਮੂਹ। [8]ਨਾਸ਼ ਕਰਕੇ। [9]ਆਦਰ। [10]ਸਤਿਸੰਗਤ ਜੋ ਨਾਮ ਸੁਣਦੀ ਹੈ ਮਾਨੋਂ (ਇਹ) ਹੁਕਮ ਫਿਰਦਾ ਹੈ। [11]ਅਪ੍ਰਾਪਤ ਦੀ ਪ੍ਰਾਪਤੀ, ਤੇ ਪ੍ਰਾਪਤੀ ਦੀ ਰੱਖ੍ਯਾ। [12]ਸ੍ਰੇਸ਼ਟ ਗੁਣਾਂ ਦਾ ਸੁਕਾਲ। [13]ਇਨ੍ਹਾਂ ਦੇ ਨਾਮ ਨੇ। [14]ਔਗਣਾਂ ਦਾ ਕਾਲ। [15]ਮਾਯਾ ਸਦਾ ਚੁਫੇਰ ਰਹਿੰਦੀ ਹੈ (ਆਪ) ਅਸੰਗ ਤੇ ਕਾਮਨਾ ਤੋਂ ਰਹਤ (ਰਹਿੰਦੇ ਹਨ)। [16]ਜਲ ਵਿਚ ਸੁੱਕੇ ਰੱਖਣਾ ਬਸਤ੍ਰ ਨੂੰ ਤੇ ਸੁਰਮੇਂ ਵਿੱਚ ਕਾਲਕ ਨ ਲੱਗਣ ਦੇਣੀ (ਅ) ਮਨ ਰੂਪੀ ਪਟ ਨੂੰ ਪਦਾਰਥਾਂ ਰੂਪੀ ਜਲ ਵਿਚ ਤੇ ਪ੍ਰਵਿਰਤੀ ਰੂਪੀ ਕਾਲੋਂ ਤੋਂ। [17]ਜਿਸ ਸਤਿਗੁਰੂ ਦੇ ਭਾਵੇ ਅਚਰਜ ਚਰਿੱਤ੍ਰ ਹਨ।

*ਪਾ:-ਹਰੀ। †ਪਾ:-ਸੁ। ‡ਪਾ:-ਪ੍ਰਾਤ।

ਸੁਹਾਵਤਿ।ਜਿਮਿ ਮੁਨਿ ਮਹਿਂ ਰਘੁਬਰ ਛਬਿ ਪਾਵਤਿ । ਉਪਦੇਸ਼ਹਿਂ ਸਿੱਖਨ ਸੁਖ ਇਸ਼ਟ[1] । ਰਾਮ ਸਭਾ ਮਹਿਂ ਜਥਾ ਬਸ਼ਿਸ਼ਟ ॥ ੨੨ ॥ਸੰਤ ਬਿਲੋਕਤਿ ਅਨੰਦਬਿਲੰਦ।ਬ੍ਰਿੰਦ ਚਕੋਰ ਮਨਿੰਦ ਸੁ ਚੰਦ।ਉਦੈਹੋਤਿ ਸੂਰਜਜਿਮਆਵੈ । ਕਮਲ ਬਦਨ ਸਿੱਖਨ ਬਿਗਸਾਵੈਂ॥੨੩॥ਦਾਸਨ ਰਿਦੈ ਦੀਪਸਮ ਥਿਰੈਂ[2]*। ਆਤਮ ਰਤਨ ਪਰਖਬੋ ਕਰੈਂ।ਕ੍ਰਿਪਾ ਦ੍ਰਿਸ਼ਟਿ ਜਿਸ ਮਾਥੇ ਹਾਥ। ਬਨੈ ਹੇਮੁ ਅਯੁ ਪਾਰਸ ਸਾਥ[3]॥੨੪॥ਬਾਵਨ ਚੰਦਨ ਢਿਗ ਤਰੁ ਜੈਸੇ। ਮੁਕਤਿ ਸਰੂਪ ਸਮੀਪੀ ਤੈਸੇ[4]।ਕਿਤਿਕ ਸਮਾਂ ਬੀਤਯੋ ਇਸ ਰੀਤਿ। ਸਭਿ ਤੇ ਰਹਿਂ ਉਦਾਸ ਪ੍ਰਭੁ ਪ੍ਰੀਤਿ[5] ॥੨੫॥ 'ਚਤੁਰਥ ਗੁਰੂ ਭਯੋ' ਸਿਧ ਜਾਨ੍ਯੋ[6]। ਹੇਤੁ ਪਰਖਬੇ ਆਵਨ ਠਾਨ੍ਯੋ।ਜਿਮ ਤੀਰਥਪਰ ਜਾਤ੍ਰੀ ਆਵੈਂ।ਗੁਰ ਤਨ ਸੁਨਿ[7] ਤਿਮ ਸਿਧ ਸਭਿ ਧਾਵੈਂ ॥੨੬॥–ਗੁਰ ਨਾਨਕ ਗਾਦੀ ਪਰ ਬੈਸੇ।ਪੂਰ ਕਿ ਊਰ ਲਖਹਿਂ[8] ਅਬਿ ਤੈਸੇ–। ਸਤਿਗੁਰ ਸਭਾ ਬਿਖੈ ਸਭਿ ਆਇ । ਬ੍ਰਿੰਦ 'ਅਦੇਸ ਅਦੇਸ' ਅਲਾਇ॥੨੭॥ਕੁਸ਼ਲਬੂਝ ਸ਼੍ਰੀਪ੍ਰਭੁ ਸਨਮਾਨੇ।ਨਿਕਟਿਬਿਠਾਇ ਹੇਰਿ ਹਰਖਾਨੇ।ਪਰਖਨਿ ਕਾਰਨ ਚਰਚਾ ਰੀਤਿ।ਬੋਲੇ ਜੋ ਮੁਖਿ ਸਿੱਧ ਬਿਨੀਤ[9]॥੨੮॥ 'ਸ਼੍ਰੀ ਗੁਰ ਤੁਮਰੀ ਸੰਗਤਿ ਬਿਖੈ । ਨਹਿਂ ਅਸ਼ਟਾਂਗ ਜੋਗ ਕਹੁ ਸਿਖੈਂ । ਮਨ ਥਿਰ ਹੋਹਿ ਨ ਜੋਗ ਬਿਹੀਨੇ।ਮਨ ਥਿਰ ਬਿਨ ਨਹਿਂ ਆਤਮ ਚੀਨੇ[10]॥੨੯॥ ਆਤਮ ਜਾਨੇ ਬਿਨਾਂ ਨ ਜੁਗਤਿ[11]।ਜੁਗਤਿ ਬਿਨਾਂ ਕਿਮ ਹੋਹਿਂ ਨ ਮੁਕਤਿ। ਮੁਕਤਿ ਬਿਨਾ ਬੰਧਨ ਮਹਿਂ ਰਹੈ।ਤੌ ਗੁਰ ਸਿੱਖੀ ਮਹਿਂ ਕ੍ਯਾ ਲਹੈ॥੩੦॥ਇਹ ਸ਼ੰਕਾ ਹਮਰੇ ਮਨ ਮਾਂਹੀ । ਸਿੱਖੀ ਧਰਿ† ਪੱਧਤਿ ਕੁਛ ਨਾਂਹੀ' । ਸੁਨਿ ਸ਼੍ਰੀ ਸਤਿਗੁਰ ਉੱਤਰ ਦੀਨਸਿ । 'ਜੋਗ ਆਸਰੇ ਜਿਸਕੋ ਲੀਨਸਿ[12] ॥੩੧॥ ਸੋ ਸਤਿਨਾਮ ਹਮਾਰੇ ਮਤਿ ਮੈਂ।ਤਿਸਕੋ ਸਿਮਰਤਿ ਨਿਸ ਦਿਨ ਚਿਤ ਮੈਂ।ਪ੍ਰੇਮਾ-ਭਗਤਿ ਜਾਗ ਜਬਿ ਆਵਹਿ।ਅਪਰ ਵਸਤੁ ਮਹਿਂ ਬ੍ਰਿਤੀ ਨ ਲਾਵਹਿ॥੩੨॥

---

[1]ਸੁਖਦਾਈ ਤੇ ਪਿਆਰਾ ਉਪਦੇਸ਼। (ਅ) ਸੁਖਦਾਈ ਇਸ਼ਟ (ਰੂਪ ਵਾਹਿਗੁਰੂ)ਦਾ ਉਪਦੇਸ਼ ਸਿੱਖਾਂ ਨੂੰ ਦੇਂਦੇ ਹਨ। [2]ਇਸਥਿਤ ਹਨ । [3]ਜਿਕੁਰ (ਅਯ=) ਲੋਹਾ ਪਾਰਸ ਨਾਲ ਸੋਨਾ ਬਣ ਜਾਂਦਾ ਹੈ। [4]ਤਿਵੇਂ ਨੇੜੇ ਰਹਿਣ ਵਾਲੇ ਮੁਕਤ ਸਰੂਪ ਹੁੰਦੇ ਹਨ। [5]ਪ੍ਰੀਤ ਕਰਨ ਤੋਂ ਉਦਾਸ ਰਹਿਣ । [6]ਸਿੱਧਾਂ ਨੇ ਜਾਣ ਲਿਆ । [7]ਗੁਰਾਂ ਦਾ (ਨਵਾਂ) ਤਨ (ਬਦਲਿਆ)ਸੁਣਕੇ । [8]ਪੂਰਨ ਹਨ ਕਿ ਊਣੇ ? ਦੇਖੀਏ। [9]ਬੇਨਤੀ ਕਰਕੇ ਬੋਲੇ। (ਅ) ਜੋ ਮੁਖੀਏ ਸਿੱਧ ਵਿਸ਼ੇਸ਼ ਕਰ ਨੀਤੀ ਵਾਲੇ। [10]ਮਨ ਟਿਕੇ ਬਿਨਾਂ ਆਤਮਾ ਨਹੀਂ ਜਾਣੀਦਾ। [11]ਜੁੜਨਾ, ਚਿਤ ਬ੍ਰਿਤੀਆਂ ਦਾ ਨਿਰੋਧ। [12]ਜੋਗ ਨੇ ਆਸਰਾ ਜਿਸਦਾ ਲੀਤਾ ਹੈ।

*ਪਾ:–ਬਹੈਂ=ਜਗਮਗ ਕਰਦੇ ਹਨ। †ਪਾ:–ਪਰ, ਧਰਮ।

ਨਿਧਿ ਸਿਧਿ ਬਹੁ ਅਜ਼ਮਤਿ[1] ਦਿਖਰਾਵਤਿ*। ਨਿਜ ਕੀਰਤਿ ਜਗ ਬਿਖੈ ਬਧਾਵਤਿ†[2]।ਤਿਨਕੋ[3]ਛੋਰ ਨਾਮ ਬ੍ਰਿਤਿ ਅਟਕੀ। ਭੂਲਜਾਤਿ ਸਭਿਹੀ ਸੁਧਿ ਘਟਕੀ[4]‡॥ ੩੩ ॥ ਏਕ ਰੰਗ ਮਹਿਂ ਰਪਯੋ ਰਹੰਤਾ। ਬ੍ਰਿਤਿ ਇਸਥਿਰਤਾ ਜਬਹਿ ਲਹੰਤਾ।ਪ੍ਰਭੁਕੀਕ੍ਰਿਪਾ ਹੋਇ ਤਤਕਾਲਾ। ਹੁਇ ਆਵੈ ਤਬ ਗਯਾਨ ਸੁਖਾਲਾ ॥ ੩੪ ॥ਆਤਮ ਗਯਾਨ ਅਚਲ ਜਬਿ ਪਾਵਹਿ।ਰਜੁ ਮਹਿ ਸਰਪ[5] ਜਗਤ ਲਖਿ ਪਾਵਹਿ। ਮ੍ਰਿਗ ਤ੍ਰਿਸ਼ਨਾ ਕੋ ਨੀਕੇ ਜਾਨੀ[6]। ਨਹਿਂ ਦੌਰਹਿ ਮ੍ਰਿਗ ਮਨ ਹਿਤ ਪਾਨੀ[7]॥੩੫॥ਭਾਵਾਭਾਵਾ ਬਿਲਾਵਹਿ ਸਾਰੋ[8]। ਨਿਜ ਸਰੂਪ ਹੀ ਲਖਹਿ ਪਸਾਰੋ। ਐਸੇ ਪ੍ਰੇਮ ਭਗਤਿ ਮਹਿਂ ਹਮਰੇ। ਇਕ ਚਿਤ ਸੱਤਨਾਮ ਕੋ ਸਿਮਰੇ॥੩੬॥ਪ੍ਰੇਮ ਬਹੀਨ ਜਿ ਸਾਧਨ ਮੁਕਤਿ। ਨਿਸ਼ਫਲ ਹੋਤਿ ਸੰਤ ਕੀ ਉਕਤਿ[9]।ਬਿਨਾਂ ਪ੍ਰੇਮ ਕਰਿ ਘਾਲ ਬਿਸਾਲਾ[10]। ਪ੍ਰੇਮ ਕਰਹਿ ਫਲ ਲਹਿ ਤਤਕਾਲ॥੩੭॥ਤੁਮਰੋ ਮਤ ਜੋ ਕਸ਼ਟ ਜੋਗੁ ਕੋ।ਕਲ ਮਹਿਂ ਹੋਹਿ ਨ, ਲਹੈ ਰੋਗੁ ਕੋ। ਜੇ ਪੂਰਨਿ ਗੁਰ ਤੇ ਸਿੱਧ ਕਰੈ[11]।ਅਨਿਕ ਜਤਨ ਤੇ ਮਨ ਕੋ ਥਿਰੈ॥੩੮॥ਪੁਨ ਸਿੱਧਾਂ[12] ਜਬਿ ਆਇ ਅਗਾਰੀ। ਤਿਨ ਮਹੁੰ ਥਿਰਮਹੁ ਮਨ ਹਿਤਕਾਰੀ[13]। ਤਬਿਜਗਮਹਿਂ ਦਿਖਰਾਵਨ ਚਾਹੋ–ਨਰਬਹੁਪੂਜਹਿਂ–ਰਿਦਾ ਉਮਾਹੋ॥੩੯॥ਸਿੱਧਾਂ ਮਹੁੰ ਫਸਿਕੈ ਤਜਿ ਰਸਕੋ[14]। ਜਗਤ ਬਾਸ਼ਨਾ ਚਾਹਤਿ ਜਸਕੋ।ਆਤਮ ਗਯਾਨੀਕੇ ਸਿਧਿ ਸਾਰੀ। ਹਾਥ ਜੋਰਿਕਰਿ ਥਿਰਹਿਂਅਗਾਰੀ ॥੪੦॥ ਇਨ ਕੋ ਤਜਿ ਕਰਿ ਲੇ ਰਸੁ ਗਯਾਨ। ਅਨੰਦ ਰੂਪ ਸਭਿ ਲਖਹਿ ਜਹਾਨ। ਭੇਖਿ[15]ਜੋਗਕੋ ਸਦਾਕਮਾਵੋ।ਬਿਨਾਪ੍ਰੇਮਪ੍ਰਭੁ ਕੋ ਕਿਮਪਾਵੋ?॥੪੧॥ ਮਨ ਨਹਿ ਜੀਤਹੁ ਇਤ ਉਤ ਧਾਵੈ। ਸਿੱਧਾਂ ਮਹਿਂ ਉਰਝਯੋ ਭਰਮਾਵੈ[7]। ਸ੍ਰੀ ਗੁਰ ਰਾਮਦਾਸ ਕਹਿ ਕਰਿਕੈ।ਸ਼ਬਦ ਸੁਨਾਯਹੁ ਤਿਨਹੂ ਉਚਰਿ ਕੈ॥੪੨॥

---

[1]ਨਿਧੀਆਂ ਸਿਧੀਆਂ ਵਾਲੇ ਬਹੁਤ ਕਰਾਮਾਤਾਂ। [2]ਵਧਾਉਂਦੇ ਹਨ। [3]ਭਾਵ ਕਰਾਮਾਤਾਂ ਨੂੰ। [4]ਰਿਦੇ ਵਿਚੋਂ ਸਭ (ਵਿਹਾਰਾਂ ਦੀ) ਸੋਝੀ। [5]ਰੱਸੀ ਵਿਚ ਸੱਪ (ਵਾਂਙੂ) ਭਾਵ ਮਿਥਿਆ। [6]ਚੰਗੀ ਤਰ੍ਹਾਂ ਜਾਣਕੇ। [7]ਮਨ ਰੂਪੀ ਮਿਰਗ ਪਾਣੀ ਵਾਸਤੇ। [8]'ਇਹ ਹੈ'ਤੇ'ਇਹ ਨਹੀਂ ਹੈ' (ਅ) ਕਿਸੇ ਵਿਚ ਭਾਵ (ਪਯਾਰ) ਕਿਸੇ ਵਿਚ ਨਾ ਪਯਾਰ, ਭਾਵ ਰਾਗ ਦ੍ਵੈਖ। ਇਹ ਸਭ ਦੂਰ ਹੋ ਜਾਂਦਾ ਹੈ। [9]ਪ੍ਰੇਮ ਬਿਨ ਮੁਕਤ ਦੇ ਸਾਧਨ ਨਿਸ਼ਫਲ ਹੁੰਦੇ ਹਨ ( ਇਹ ਗਲ) ਸੰਤਾਂ ਦੀ ਬਾਣੀ (ਕਹਿੰਦੀ ਹੈ)। [10]ਬਹੁਤੀ ਕੀਤੀ ਕਮਾਈ (ਨਿਸ਼ਫਲ ਹੁੰਦੀ ਹੈ)। [11]ਜੇ ਪੂਰੇ ਗੁਰੂ ਤੋਂ (ਜੋਗ) ਪ੍ਰਾਪਤ ਭੀ ਕਰ ਲਵੇ। [12]ਸਿੱਧੀਆਂ। [13]ਮਨ ਭਰਮਾ ਲੈਂਦੇ ਹੋ ਉਨ੍ਹਾਂ ਵਿਚ ਪ੍ਰੇਮ ਕਰਕੇ। [14](ਨਾਮ ਦੇ)ਰਸ ਨੂੰ। [15](ਤੁਸੀਂ) ਭੇਖ (ਲੈਕੇ) ਸਦਾ ਜੋਗ ਕਮਾਉਂਦੇ ਹੋ।

*ਪਾ:–ਦਿਖਰਾਵਨ, ਦਿਖਰਾਵਹਿ। †ਪਾ:–ਬਧਾਵਨ,ਬਧਾਵਹਿਂ।

‡ਪਾ:–ਸਧ ਬਧ ਨਿਜ ਘਰ ਕੀ। ਸੁਧਿ ਸਭਿ ਨਿਜ ਘਟ ਕੀ।

ਸ੍ਰੀ ਮੁਖਵਾਕ

ੴ ਸਤਿਗੁਰਪ੍ਰਸਾਦਿ ॥ ਮਹਲਾ ੪

ਰਾਗੁ ਆਸਾ ਘਰੁ ੬ ਕੇ ੩ ॥

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥ ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥ ੧ ॥ ਜੋਗੀ ਹਰਿ ਦੇਹੁ ਮਤੀ ਉਪਦੇਸੁ ॥ ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥ ੧ ॥ ਰਹਾਉ ॥ ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥ ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥ ੨ ॥ ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥ ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥ ੩ ॥ ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥ ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥ ੪ ॥ ੯ ॥ ੬੧ ॥

ਚੌਪਈ॥ ਸੁਨਯੋ ਸਬਦ ਸਤਿਗੁਰ ਤੇ ਜਬੈ।'ਸ੍ਰੀਨਾਨਕ' ਜਾਨ੍ਯੋ ਸਿਧ[1] ਤਬੈ। ਕਰੀ ਪਰੀਖ੍ਯਾ,ਛੋਰੀ ਗਿਨਤੀ[2]।ਹੋਇਪ੍ਰਸੰਨਭਨੀ ਮੁਖਬਿਨਤੀ॥੪੩॥ਬਿਦਾ ਭੁਇ ਕਹਿ ਚਲੇ 'ਅਦੇਸੁ'। ਦੇਖਤਿ ਸੰਗਤਿ ਤਹਾਂ ਅਸ਼ੇਸ਼ੁ। ਅੰਤਰ ਧ੍ਯਾਨ ਭੁਏ ਤਤਕਾਲਾ। ਸਭਿ ਬਿਸਮਾਏ ਪਿਖਤਿ ਬਿਸਾਲਾ॥ ੪੪ ॥ ਪ੍ਰਸ਼ਨੋਤਰ ਸੁਨਿਕਰਿ ਸਭਿ ਕਾਨਾ। ਪਾਰਬ੍ਰਹਮ ਗੁਰ ਰੂਪ ਪਛਾਨਾ। ਬੂਝੈ'ਸੰਤ ਕਹਾਂ ਤੇ ਆਏ?ਕਹਿ ਸੁਨਿ ਟਿਕੇ ਨ,ਤੁਰਤਸਿਧਾਏ'॥੪੫॥ਸਤਿਗੁਰ ਸਰਬ ਸੁਨਾਵਨ ਕੀਨਿ।'ਇਹ ਗੋਰਖਕੋ ਪੰਥ ਪ੍ਰਬੀਨ।ਫਿਰਹਿ ਸਰਬਮਹਿ ਇੱਛਾਚਾਰੀ। ਕਰਨ ਪਰੀਖ੍ਯਾ* ਅਏ ਹਮਾਰੀ ॥੪੬॥ ਪ੍ਰਸ਼ਨੋਤਰ ਕਰਿ ਗਏ ਪਧਾਨ। ਸਿੱਧਾਂ ਵਿਗ, ਸਭਿ ਸਿਧ ਬਡ ਮਾਨ[3]'। ਇਮ ਸੁਨਿਕੈ ਸੰਗਤਿ ਹਰਿਖਾਨੀ। 'ਤੁਮਰੀ ਗਤਿ ਕਛੁ ਜਾਇ ਨ ਜਾਨੀ ॥ ੪੭ ॥ ਸਿੱਖ੍ਯਨ ਹਿਤ[4] ਨਿਜ ਰੂਪ ਧਰਯੋ ਹੈ। ਸੰਗਤਿ ਕੋ ਕੱਲ੍ਯਾਨ ਕਰਯੋ ਹੈ'। ਸੁਨਿ ਇਮ ਸਭਿਨਿ ਨਿਵਾਯਹੁ ਸੀਸ। 'ਤੁਮ ਸੁਖਦਾਤੇ ਹੋ ਜਗਦੀਸ਼'॥੪੮॥ ਕ੍ਰਿਪਾ ਦ੍ਰਿਸ਼ਟਿ ਸੰਗਤਿ ਪਰ ਕਰੀ। ਭਏ ਨਿਹਾਲ ਕਿਤਿਕ ਤਿਸ ਘਰੀ।ਕੇਤਿਕ ਦਯੋਸ ਬਿਤਾਵਨ ਕੀਨਿ। ਸ੍ਰੀ ਸਤਿਗੁਰੂ ਬਿਸਾਲ ਪ੍ਰਬੀਨ ॥੪੯॥ ਇਤਿ ਸ੍ਰੀ ਗੁਰ ਪਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਧ ਆਗਮਨ' ਪ੍ਰਸ੍ਰੰਗ ਬਰਨਨੰ ਨਾਮ ਦੁਤੀਓ ਅੰਸੂ ॥ ੨ ॥

---

[1]ਸ੍ਰੀ ਨਾਨਕ ਰੂਪ ਜਾਣਿਆਂ ਸਿੱਧਾਂ ਨੇ। [2]ਭਾਵ ਸੰਸੇ ਬ੍ਰਿਤੀ। [3]ਸਿਧੀਆਂ (ਜਿਨ੍ਹਾਂ) ਪਾਸ ਹਨ ਤੇ ਸਾਰੇ ਸਿੱਧ ਵਡੇ ਮਾਣੀ ਹਨ। [4]ਸਿੱਖਾਂ ਦੇ (ਤਾਰਨ)ਲਈ। *ਪਾ:-ਪਾਰਖਾ।

### ੩. [ਤਪਾ ਸਿੱਖ ਹੋਯਾ । ਸਿੱਖਾਂ ਨੂੰ ਸੇਵਾ ਦਾ ਉਪਦੇਸ਼ । ਖਗ ਸੇਵਾ] ।

ਦੋਹਰਾ ॥ ਰਾਮਦਾਸ ਸ਼੍ਰੀ ਸਤਿਗੁਰੂ ਰਹੈਂ ਪ੍ਰੇਮ ਗ਼ਲਤਾਨ । ਸੱਤਿਨਾਮ ਸਿਮਰਨ ਕਰਨਿ ਦੇ ਸਿੱਖਜਨ ਕਹੁ ਦਾਨ ॥ ੧ ॥ ਚੌਪਈ ॥ ਸਤਿਸੰਗਤਿ ਨਿਤਿ ਹੋਤਿ ਬਿਸਾਲਾ । ਆਵਹਿਂ, ਸਿੱਖ ਬਨਹਿਂ ਨਿਤ ਜਾਲਾ । ਜਹਿਂ ਕਹਿਂ ਨਗਰ ਗ੍ਰਾਮ ਬਡ ਛੋਟੇ । 'ਗੁਰ' 'ਗੁਰ' ਜਪਹਿਂ ਲਾਖ ਕਈ ਕੋਟੇ[1] ॥ ੨ ॥ ਸਿੱਖੀ ਕੇ ਮਾਰਗ ਸ਼ੁਭ ਪਰਿ ਹੀਂ[2] । ਅਪਰਨਿ ਕੇ ਮਤਕੋ ਪਰਹਰਿਹੀਂ । ਮਾਨੁਖ ਜਨਮ ਸਫਲਤਾ ਕਰਿਹੀਂ।ਗੁਰ ਮਹਿਮਾ ਸ਼ਰਧਾ ਤੇ ਧਰਿਹੀਂ ॥੩॥ ਦੁਸ਼ਟ ਦੇਖਿ ਕਰਿ ਦੁਖਤਿ ਬਿਸਾਲੇ।ਬਰਖਾ ਜਲਹਿ ਜਵਾਸੋ ਜਾਲੈ[3]। ਸਹਿ ਨਹਿਂ ਸਕਹਿਂ ਕਮੂਢ ਕੁਭਾਗੇ । ਮਨਹੁਂ ਚੰਦ੍ਰਿਕਾ ਬਿਰਹਨਿ ਲਾਗੈ[4]॥੪॥ ਸਿੱਖਨ ਕੀ ਅਸ ਰੀਤਿ ਨਵੀਨ।ਏਕ ਤਪੇ ਨੇ ਦੇਖਨਿ ਕੀਨ । ਤਰਕ ਕਰਨਕੋ ਉਮਗਜੋ ਰਹੈ[5]।'ਇਹੁ ਕਸ਼ਾ ਕੀਨਿ?'ਨਰਨਿ ਸੋਂ ਕਹੈ॥੫॥ ਬੂਝਨ ਕੋ ਕਰਿ ਪ੍ਰੀਤਿ ਬਡੇਰੀ[6]।ਆਇ ਸਭਾ ਸਤਿਗੁਰ ਕੀ ਹੇਰੀ । ਬੰਦਨ ਕਰਿ ਸਮੀਪ ਤਬਿ ਥਿਰਯੋ। ਬੈਠਾਇਵ ਗੁਰ ਆਦਰ ਕਰਯੋ॥੬॥ਪੁਨ ਬੂਝਯੋ ਕਹਿ ਦੁਸ਼ਟਨ ਦਵਨੂ।'ਕਾਰਨ ਕਵਨ ਆਪ ਆਗਵਨੂ[7]'? । ਕ੍ਰਿਪਾ ਕਰਹੁ ਸਮਝਾਵਹੁ ਕਹਿਕੈ।ਹਮਪੂਰਹਿਂ ਤਿਹਚਿਤ ਮਹਿਂ ਚਹਿਕੈ'॥੭॥ਤਪਾ ਕਹਨਿ ਲਾਗਸਿ ਚਿਤ ਚਾਹੂ[8]। 'ਭ੍ਰਮਨ ਕਰਯੋ ਬਹੁ ਅਵਨੀ ਮਾਂਹੂ । ਸਕਲ ਮਤਨ ਕੇ ਸੰਤ ਵਿਸ਼ੇਖੇ।ਬੇਦ ਪੁਰਾਨ ਸੁਨੇ ਬਹੁ ਦੇਖੇ ॥੮॥ ਤੀਰਥ ਬ੍ਰਿੰਦਨ ਜਾਤ੍ਰਾ ਕਰੀ । ਬਹੁ ਥਲ ਜਲ ਪਾਵਨਤਾ ਧਰੀ[9] । ਸਿੱਖ ਤੁਮਾਰੇ ਬਹੁ ਅਭਿਮਾਨੀ । ਸ਼ਾਸਤ੍ਰ ਰੀਤਿ ਨ* ਜਾਨੀ ਮਾਨੀ ॥ ੯ ॥ ਬਰਨਾਸ਼੍ਰਮ ਜਗ ਮਹਿਂ ਸਮੁ-ਦਾਇ।ਕਹਯੋ ਬੇਦ ਸਭਿ ਕੇ ਮਨ ਭਾਇ। ਤੁਮਰੇ ਸਿੱਖਜ ਨ ਜਾਨਹਿਂ ਸੋਈ। ਏ ਸ਼ੁਭ ਰੀਤਿ ਚਲਤਿ ਨਹਿਂ ਕੋਈ॥੧੦॥ਤੁਮ ਕੋ ਜਾਨਹਿਂ, ਪੂਜਨ ਠਾਨਹਿਂ। ਤੁਮਰੀ ਬਾਨੀ ਬਦਨ ਬਖਾਨਹਿਂ।ਵਾਹਿਗੁਰੂ ਕੋ ਸਿਮਰਨ ਕਰਹਿਂ।ਉਰ ਮਹਿਂ ਧਯਾਨ ਤੁਮਾਰੋ ਧਰਹਿਂ॥੧੧॥ ਤੀਰਥ ਬੇਦ ਪ੍ਰਭਾਵ ਨ ਜਾਨਯੋ । ਇਨ ਕੋ

---

[1]ਕਈ ਕ੍ਰੋੜ । [2]ਪੈਂਦੇ ਹਨ । [3]ਬਰਖਾ ਦੇ ਜਲ ਨਾਲ (ਜਿਵੇਂ) ਸਾਰਾ ਜਵਾਹਾਂ ਸੜ ਜਾਂਦਾ ਹੈ । [4]ਜਿਵੇਂ ਚਾਨਣੀ ਵਿਛੋੜੇ ਵਾਲੀ ਨੂੰ (ਦੁਖਦਾਈ) ਲਗਦੀ ਹੈ । [5]ਉੱਛਲਦਾ ਰਹਿੰਦਾ ਹੈ । [6]ਬੜੀ ਪ੍ਰੀਤ ਨਾਲ (ਲੋਗਾਂ)ਨੂੰ ਪੁਛਣਾ ਕਰਦਾ ਹੈ।[7]ਆਉਣੇ ਦਾਕਾਰਨ ਕੀਹੈ? [8]ਚਿਤ ਦੀ ਇੱਛਾ।[9]ਬਹੁਤੀ ਥਾਂ ਤੇ (ਤੀਰਥ) ਜਲ ਦੀ ਪਵਿੱਤ੍ਰਤਾ ਧਾਰਨ ਕੀਤੀ, ਭਾਵ ਤੀਰਥੀਂ ਇਸ਼ਨਾਨ ਕੀਤੇ ।

*ਪਾਃ—ਨਹਿ ।

ਧਰਮ ਸੁਭਾਵ ਨ ਮਾਨਯੋ[1] । ਕਿਸ ਪ੍ਰਕਾਰ ਸਿੱਖਨ ਗਤਿ ਹੋਵਹਿ । ਜਨਮ ਆਪਨੋ ਨਿਸ਼ਫਲ ਖੋਵਹਿਂ'॥੧੨॥ ਸੁਨਿ ਸ੍ਰੀ ਰਾਮਦਾਸ ਤਬਿ ਕਹਯੋ। 'ਕੌਨ ਮਹਾਤਮ ਇਨ ਕੋ[2] ਲਹਯੋ ?। ਕਰਹਿਂ ਪ੍ਰੀਤ ਸੋਂ ਸ਼ਰਧਾ ਧਾਰਿ।ਕੌਨ ਪਾਇਂ ਫਲ ਅੰਤੀਵਾਰ?'॥੧੩॥ਤਪੇ ਕਹਯੋ ਕਰਿਕੈ ਬਿਸਤਾਰ।'ਤੀਰਥ ਮੱਜਨ ਫਲਦ ਉਦਾਰਾ[3] । ਪਾਪ ਖਾਪਤੇ ਆਪ ਸ਼ਨਾਨੇ[4] । ਕਰਹਿਂ ਅੰਤ ਕੋ ਸੁਰਗ ਪਯਾਨੇ॥੧੪॥ਅਨਿਕ ਭਾਂਤਿ ਕੇ ਸੁਖ ਤਹਿਂ ਪਾਵਹਿਂ । ਪਠਿ ਬੇਦਨ ਬ੍ਰਹਮ ਲੋਕ ਸਿਧਾਵਹਿਂ' । ਸੁਨਿ ਸ੍ਰੀ ਸਤਿਗੁਰ ਵਾਕ ਬਖਾਨਾ । 'ਸੁਰਗ ਭੋਗ ਸੁਖ ਲਹਯੋ* ਮਹਾਂਨਾ ॥ ੧੫ ॥ ਸਾਚ ਜਾਨਿ ਉਰ ਕਰਹੁ ਉਪਾਯਾ। ਮਹਾਂ ਕਸ਼ਟ ਤੇ ਲਿਹੁ ਤਿਨ ਪਾਯਾ[5] । ਸੋ ਸਭਿ ਸੰਤਨ ਮਿੱਥਯਾ ਜਾਨੇ।ਕਯੋਂ ਸੰਕਟ ਤਿਨ ਹਿਤ ਕਰਿ ਠਾਨੇ[6] ॥ ੧੬ ॥ ਸਤਿਸੰਗਤ ਸੇਵਹੁ† ਤੁਮ ਨਾਂਹੀ । ਕਯੋਂ ਸੁਖ ਤਿਨਹੁਂ ਲਖਹੁ[7] ਮਨ ਮਾਂਹੀ। ਸੱਤਯ ਵਸਤੁ ਤੁਮ ਲਖੀ ਨ ਕੈਸੇ।ਚੱਕ੍ਰਵਰਤਿ ਸੁਖ ਰੰਕ ਨ ਜੈਸੇ॥ ੧੭ ॥ ਬ੍ਰਿਥਾ[8] ਦੋਸ਼ ਮਮ ਸਿੱਖਨਨ ਦੀਨਸਿ । ਤੱਤੁ ਵਸਤੁ ਕੋ ਭੇਦ ਨ ਚੀਨਸਿ । ਸਕਲ ਜਨਮ ਤੈਂ ਕੀਨ ਬਿਤੀਤ । ਮਿਲਯੋ ਨ ਗੁਰ ਨਹਿਂ ਆਇ ਪ੍ਰਤੀਤ ॥ ੧੮ ॥ ਜੰਗਮ ਤੀਰਥ ਅਤਿ ਸਤਿਸੰਗ[9]। ਤਿਸ ਕੋ ਮਿਲਯੋ ਨ ਲਹਿ ਹਰਿ ਰੰਗ।ਉਰ ਮਹਿਂ ਗਰਬ ਧਰਯੋ ਦ੍ਰਿਢ ਕੂਰਾ। ਤਬਹਿ ਮਿਟਹਿ ਮਿਲਿਹੈ ਗੁਰਪੂਰਾ'॥੧੯॥ਸੁਨਿ ਕੈ ਤਪੇ ਕਹਯੋ ਆਚਾਰ[10]। ਅਰੁ ਸਭਿ ਤੀਰਥ ਮੱਜਨ ਬਾਰ[11] । 'ਕਿਮ ਲਘੁ ਕਹਹੁ[12] ਜਿ ਸਭਿ ਨੇ ਮਾਨੇ । ਮਹਿਮਾ ਮਹਾਂ ਪੁਰਾਨ ਬਖਾਨੇ ॥ ੨੦ ॥ ਕਰ ਬਿਚਾਰ ਮੁਝ ਦਿਹੁ ਸਮੁਝਾਈ ; ਸਤਿਸੰਗਤਿ ਕੀ ਕਿਮਿ ਬਡਿਆਈ' । ਤਬਿ ਸ੍ਰੀ ਰਾਮਦਾਸ ਹਿਤਕਾਰਿ[13]। ਸ਼ਬਦ ਸੁਨਾਯੋ ਕੀਨਿ ਉਚਾਰਿ ॥੨੧॥ ਸ੍ਰੀ ਮੁਖਵਾਕ ॥

ਮਲਾਰੁ ਮਹਲਾ ੪ ॥

ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ

[1]ਇਨ੍ਹਾਂ (ਸਿਖਾਂ ਦਾ) ਧਰਮ ਤੇ ਸੁਭਾਵ (ਵੇਦ ਅਨੁਸਾਰ) ਨਹੀਂ ਜਾਣਿਆਂ । (ਅ) ਇਨ੍ਹਾਂ ਵੇਦਾਂ ਦਾ (ਕਥਨ ਕੀਤਾ) ਧਰਮ ਤੇ ਸ੍ਰੇਸ਼ਟ ਤਾਤਪਰਜ ਨਹੀਂ ਮੰਨਿਆਂ । [2]ਭਾਵ ਤੀਰਥਾਂ ਦਾ। [3]ਫਲ ਦੇਂਦਾ ਹੈ ਬੜਾ।[4]ਪਾਪ ਨਾਸ਼ ਹੋ ਜਾਂਦੇ ਹਨ ਜਲ ਵਿਚ ਇਸ਼ਨਾਨ ਕਰਨ ਨਾਲ।[5]ਭਾਵ ਸੁਰਗ ਨੂੰ ਪ੍ਰਾਪਤ ਕਰ ਲਿਆ । [6]ਧਾਰਨ ਕਰਨ । [7]ਤਿਸ(ਸਾਧ ਸੰਗਤ ਦੀ ਸੇਵਾ ਦਾ)ਤੁਸੀਂ ਜਾਣ ਸਕਦੇ ਹੋ।[8]ਐਵੇਂ ਨਿਕੰਮਾ । [9]ਸਤਿਸੰਗ ਟੁਰਦਾ ਫਿਰਦਾ ਤੀਰਥ ਹੈ । [10]ਕਰਮ । [11]ਤੀਰਥਾਂ ਦੇ ਜਲ ਦਾ ਇਸ਼ਨਾਨ। [12]ਭਾਵ ਇਨ੍ਹਾਂ ਨੂੰ ਨੀਵਾਂ ਕਿਉਂ ਕਹਿੰਦੇ ਹੋ । [13]ਪ੍ਰੇਮ ਕਰਕੇ ।

*ਪਾ:—ਲਖਯੋ । †ਪਾ:—ਸੇਵਯੋ, ਸੇਵੀ ।

ਤਾਈ ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ੧ ॥ ਤੀਰਥਿ ਅਠਸਠਿ ਮਜਨੁ ਨਾਈ ॥ ਸਤ ਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥ ੧ ॥ ਰਹਾਉ ॥ ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥ ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥ ੨ ॥ ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸਕੀ ਧੂਰਿ ਮੁਖਿ ਲਾਈ ॥੩॥ ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥ ੪ ॥ ੨ ॥

ਦੋਹਰਾ ॥ ਸ੍ਰੀ ਸਤਿਗੁਰ ਮੁਖ ਤੇ ਸੁਨਯੋ ਸ਼ਬਦ ਸੁ ਅਰਥ ਸਮੇਤ।ਗਦ ਗਦ ਭਯੋ ਪ੍ਰਸੰਨ ਤਬਿ ਉਰ ਭਾ ਪ੍ਰੇਮ ਨਿਕੇਤ*॥ਚੌਪਈ॥੨੨॥ ਤਪੇ ਰਿਦੇ ਸ਼ਰਧਾ ਤਬਿ ਆਈ।ਕਰਤਿ ਭਯੋ ਬਹੁ ਭਾਂਤਿ ਬਡਾਈ।ਕ੍ਰਿਪਾਦ੍ਰਿਸ਼ਟਿ ਗੁਰ ਹੇਰਨ ਕਰੀ। ਜਿਸ ਤੇ ਦੁਰਮਤਿ ਤਿਸੁ ਕੀ ਹਰੀ ॥ ੨੩ ॥ ਕਹਿਨ ਲਗਯੋ 'ਜਾਗੇ ਮਮ ਭਾਗਾ। ਅਨੁਰਾਗਤਿ ਰਾਵਰਿ ਮੁਖ ਲਾਗਾ[1]। ਜਬਿ ਤੁਮ ਕ੍ਰਿਪਾ ਕਰਹੁ

---

[1]ਭਾਵ ਆਪਦੇ ਦਰਸ਼ਨ ਕਰਕੇ ਪ੍ਰੇਮ ਉਤਪੰਨ ਹੋਇਆ ਹੈ। (ਅ) ਅਨ+ਰਾਗ=ਰਾਗ ਤੋਂ ਰਹਿਤ ਭਾਵ ਰਾਗ ਦ੍ਵੈਖ ਤੋਂ ਰਹਿਤ ਹੋਕੇ।

*ਇਕ ਲਿਖਤੀ ਨੁਸਖੇ ਵਿਚ ਇਸ ਦੋਹੇ ਦੀ ਥਾਵੇਂ ਐਤਨਾ ਪਾਠ ਹੋਰ ਹੈ:—

ਚੌਪਈ ॥ ਕਹਯੋ ਗੁਰੂ ਜੀ 'ਤਪਾ ਸੁਨੀਜੈ। ਗੰਗਾ ਆਦਿ ਜੁ ਤੀਰਥ ਭਨੀਜੈ। ਤੇ ਸਭਿ ਸਾਧੂ ਧੂਰ ਕੋ ਚਾਂਹੀ। ਲੋਕਨਿ ਕੇ ਅਘਿ ਤਿਨ ਮੈਂ ਪਾਂਹੀ ॥ ੨੨ ॥ ਪਾਪੂ ਮੈਲਿ ਕਰੁ ਹੋਇ ਮਲੀਨ। ਸਾਧੂ ਚਰਨ ਧਾਰਨ ਜਬ ਕੀਨ ॥ ਤਿਨ ਕੀ ਧੂਰਿ ਤੇ ਮੈਲਿ ਸਭੁ ਜਾਇ। ਤਬ ਤੀਰਥ ਸ਼ਾਂਤੀ ਕੋ ਪਾਇ ॥ ੨੩ ॥ ਅਠਸਠ ਤੀਰਥੁ ਸੰਗਤ ਮਾਂਹੀ। ਕਰ ਸਤਿਸੰਗ ਸਰਬ ਫਲ ਪਾਹੀ। ਭਗੀਰਥ ਤਪ ਕਰ ਗੰਗਾ ਆਨੀ ॥ ਹਰਿ ਚਰਨੋ ਕਾ ਨਿਰਮਲ ਪਾਨੀ ॥ ੨੪ ॥ ਤਿਹ ਮੱਜੇ ਪਾਪਨ ਹੁਇ ਨਾਸ। ਸੋ ਹਰ ਚਰਨ ਸਤਿਸੰਗ ਨਿਵਾਸ ॥ ਕਾਸੀ ਮਥੁਰਾ ਆਦਿ ਅਸਥਾਨੁ। ਹਰਿ ਅਵਤਾਰੁ ਤੇ ਉਤਮ ਜਾਨ ॥ ੨੫ ॥ ਸੋ ਹਰਿ ਸੰਤਨ ਰਿਦੈ ਮਝਾਰੁ ॥ ਧਾਰੁ ਪ੍ਰੇਮ ਕਰਿ ਕਰੈ ਉਚਾਰਿ ॥ ਯਾਂਤੇ ਸਤਿਸੰਗਤਿ ਵਡਿਆਈ ॥ ਬੇਦਾਗਮ ਰਿਖਿਅਨ ਮੁਖਿ ਗਾਈ ॥੨੬॥ ਬਿਨ ਸਤਿਸੰਗ ਤਰਿਓ ਨਹਿ ਕੋਈ ॥ ਆਗੈ ਪਾਛੈ ਅਬਿ ਜੋ ਹੋਈ ॥ ਸੋ ਸਤਿਸੰਗ ਹਮ ਰੀਤ ਚਲਾਈ ॥ ਸਭਿ ਸਿੱਖਨ ਕੋ ਨਾਮ ਜਪਾਈ ॥੨੭॥ ਇਸੀ ਹੇਤ ਸਤਿਸੰਗ ਮਹਾਤਮੁ ॥ ਹਮਨੇ ਗਾਯੋ ਜਾਨੁ ਕਰਿ ਆਤਮ ॥ ਤੁਮ ਆਪਨੇ ਮਨ ਲੇਹੁ ਬਿਚਾਰੁ ॥ ਅਹੈ ਸਤਿ ਤਬਿ ਕਰੋ ਉਚਾਰ' ॥੨੮॥ ਦੋਹਰਾ ॥ ਸ੍ਰੀ ਸਤਿਗੁਰ ਤੇ ਪਾਸ ਤੇ ਸਬਦ ਸੁ ਅਰਥ ਸਮੇਤ ॥ ਸੁਨਯੋ ਤਪੇ ਪ੍ਰਸੰਨ ਹ੍ਵੈ ਸਮਝਯੋ ਸਗਰੇ ਹੇਤੁ ॥ ੨੮ ॥ ਇਹ ਕਵਿਤਾ ਸਿਥਲ ਜਿਹੀ ਹੈ ਤਾਂਤੇ ਅਖੇਪਕ ਲਗਦੀ ਹੈ।

ਲਖਿ ਦਾਸ। ਤਬਿ ਉਰ ਦੇਤੇ ਤੁਰਤ ਪ੍ਰਕਾਸ਼ ॥ ੨੪ ॥ ਮੋ ਮਨ ਮਾਨੀ ਮਾਨ
ਮਹਾਂਨ[1]*।ਮਹਿਮਾ ਨਹਿਂ ਮਾਨੀ ਮਤਿ ਹਾਨ[2]†। ਸਨਮੁਖ ਬੋਲਨੋ ਮੈਂ ਬਹੁ‡
ਭੂਲਾ।ਪ੍ਰਤਿਕੂਲਨਿ ਪਰ ਤੁਮ ਅਨੁਕੂਲਾ[3]§॥੨੫॥ਅਸ ਦਾਤੇ ਤੁਮ ਤਜਾ ਗਹਿ
ਜੋਇ। ਸੋ ਮੂਰਖ ਲੇ ਸਭਿ ਕੁਛ ਖੋਇ। ਅਬਿ ਮਨ ਜਾਨਨੋ ਸੰਤ ¶ ਮਹਾ-
ਤਮ। ਜਿਸ ਤੇ ਪ੍ਰਾਪਤਿ ਗਜਾਤਾ ਆਤਮ[4]‖॥੨੬॥ਤਜਿ ਪਖੰਡ() ਗੁਰ ਕੇ
ਸਿਖ ਹੋਇਓ। ਮਿਲਿ ਸਤਿਸੰਗਤਿ ਮਹਿਂ ਸੁਖ ਜੋਇਓ ॥ ਨਿਕਟ ਰਹੈ ਕਬਿ
ਅਨਤ ਸਿਧਾਰੈ।ਸ਼੍ਰੀ ਗੁਰ ਪਗ ਪੰਕਜ ਉਰਧਾਰੈ ॥ ੨੭ ॥ ਨਿਤਿ ਸਿਖ ਦੇਸ਼
ਬਿਦੇਸ਼ਨ ਆਵਹਿਂ। ਲਗੇ ਦਰਬ ਅਰਪਨ ਹਰਖਾਵਹਿਂ। ਸ਼੍ਰੀ ਗੁਰ ਅਮਰ
ਦਾਸ ਇਕ ਦਿਨ ਕੋ।ਚਲੇ ਖਰਚ ਲੇ ਇਤਨਕੁ ਧਨ ਕੋ[5]॥੨੮॥ ਅਰਪਹਿ
ਅਧਿਕ ਸੁ ਦੇਤਿ ਹਟਾਇ। ਨਿਸ ਬਾਸੁਰ ਬਹੁ ਦੇਗ ਚਲਾਇਂ। ਸੰਚਹਿ
ਕਰਨੋ ਨ ਘਰ ਮਹਿਂ ਏਤੋ। ਏਕ ਦਿਵਸ ਭੋਜਨ ਹੋਇ ਜੇਤੋ ॥੨੯॥ ਆਇ
ਨਿਤਪ੍ਰਤਿ ਹੁਇ ਗੁਜ਼ਰਾਨਾ। ਨਿਜ ਸਰੀਰ ਲਗ ਅਸ ਪ੍ਰਨ ਠਾਨਾ[6]।
ਚਤੁਰਥ ਪਾਤਿਸ਼ਾਹੁ ਗੁਨਖਾਨੀ। ਸੇਵਾ ਲਖਮੀ ਕੀਨ ਮਹਾਂਨੀ॥੩੦॥ ਤੀਨ
ਗੁਰਨ ਕੋ ਜਾਚਤਿ ਰਹੀ। ਤਊ ਸਮੀਪ ਕਰੀ ਕਿਮਿ ਨਹੀ। ਮਹਾਂ ਬਲੀ
ਜੋਧਾ ਇਹੁ ਬੈਸੇ।ਜਾਚਨ ਲਖਮੀ ਕੋਲਖਿ ਤੈਸੇ॥੩੧॥ਅੰਗੀਕਾਰ ਕਰੀ ਤਬਿ
ਆਈ। ਅਰਪਹਿਂ ਆਨ ਸਿੱਖਨ ਸਮੁਦਾਈ। ਮਾਯਾ ਮਹਿਂ ਅਲੇਪ ਨਿਤਿ
ਐਸੇ। ਜਲ ਕਨ ਕਮਲ ਛੁਵੈ ਨਹਿਂ ਜੈਸੇ ॥੩੨॥ਪ੍ਰਿਥੀਆ ਰਹਿਨ ਸਮੀਪੀ
ਲਾਗਨੋ। ਧਨ ਆਗਮ ਤੇ ਮਨ ਅਨੁਰਾਗਨੋ। ਸਰਬ ਸੰਭਾਰਹਿ ਦੇਗ
ਚਲਾਵਹਿ। ਕਾਜ ਅਪਰ ਹੈ ਸੋ ਨਿਰਬਾਵਹਿ[] ॥੩੩॥ਮਹਾਂ ਦੇਵ ਮਨਮਸਤ
ਰਹੰਤਾ। ਹਾਨ ਲਾਭ ਕਉ ਕਛੁ ਨ ਗਨੰਤਾ। ਰਿਦੇ ਪ੍ਰੇਮ ਪਿਤ੍ਰ ਗੁਰ ਕੋ ਭਾਰੀ।
ਸ਼੍ਰੀ ਅਰਜਨ ਜੀ ਭਗਤਿ ਸੰਭਾਰੀ ॥ ੩੪ ॥ ਜਨਨੀ ਭਾਨੀ ਕੇ ਅਨੁਸਾਰੇ।

---

[1]ਮੇਰਾ ਮਨ ਮਹਾਨ ਹੰਕਾਰ ਕਰ ਹੰਕਾਰੀ ਹੋ ਰਿਹਾ ਸੀ। [2]ਮਤਹੀਣੇ ਨੇ (ਆਪ ਦੀ) ਮਹਿਮਾ ਨਹੀਂ ਸੀ ਜਾਣੀ। [3]ਵਿਰੋਧੀਆਂ ਉਤੇ (ਬੀ) ਤੁਸੀਂ ਦਿਆਲੂ ਹੋ। [4]ਆਤਮ ਗਜਾਤ। [5]ਐਤਨਾ ਕੁ ਧਨ ਲੈਂਦੇ ਸਨ (ਜਿਤਨੇ ਕੁ ਨਾਲ) ਇਕ ਦਿਨ ਦਾ ਖਰਚ ਚੱਲੇ। [6]ਭਾਵ ਸਾਰੀ ਆਯੂ ਤਕ ਇਹ ਪ੍ਰਣ ਧਾਰੀ ਰੱਖਿਆ। *ਪਾ:-ਮੈਂ ਬਡ ਮਾਨੀ ਮੂਢ ਮਹਾਨ।
†ਪਾ:-ਮਹਿਮਾ ਸਿੱਖਨ ਕੀ ਨਹਿਂ ਜਾਨ। ‡ਪਾ:-ਅਬ। §ਪਾ-ਬਖਸ਼ਹੁ ਆਪ ਤੁਮ ਹੋਇ ਅਨਕੂਲਾ। ¶ਪਾ:-ਅਬਜਾਨਨੋ ਸਤਿਸੰਗ। ‖ਪਾ:-ਗਜਾਨ ਨਿਜਾਤਮ।
()ਪਾ:-ਗਿਣਤੀ। []ਪਾ:-ਕਾਰਜ ਅਪਰ ਹੈ ਸੁ ਨਿਬਹਾਵਹਿ।

ਬੰਦਨ ਕਰਹਿਂ ਸੇਵ ਕੋ ਧਾਰੇ। ਸੁਕਚਤਿ ਰਹੈਂ ਪਿਤਾ ਤੇ ਮਨ ਮਹਿਂ। ਬਿਵਹਾਰੀ ਕਿਮ ਭਏ ਨ ਧਨ ਮਹਿਂ॥੩੫॥'ਅਲਪ ਬੈਸ ਮਹਿਂ' ਸਗਰੇ ਜਾਨਹਿਂ। 'ਯਾਂਤੇ ਨਹਿਂ ਬਿਵਹਾਰ ਪਛਾਨਹਿਂ[1]'। ਪਿਤਾ ਗੁਰੂ ਸਭਿ ਜਾਨਹਿ ਪ੍ਰੀਤਿ। ਜਿਮ ਬਰਤਤਿ ਜਨ ਗਨ ਕੇ ਚੀਤ[2]॥੩੬॥–ਸੋਢੀਬੰਸ ਬਿਭੂਖਨ ਹੋਵਹਿਂ[3]। ਸਭਿ ਗੁਨ ਨਿਪੁਨ–,ਪਿਤਾ ਇਮ ਜੋਵਹਿਂ।–ਨਿਜ ਕੁਲ ਮਹਿਂ ਰਾਖਹਿਂ ਗੁਰਿਆਈ। ਜਾਨਿ ਨ ਦੇਹਿਂ ਕਰਹਿ ਥਿਰਤਾਈ[4]–॥ ੩੭॥ ਅਪਰ ਲੋਕ ਪ੍ਰਿਥੀਏ ਕੋ ਜਾਨਹਿਂ।–ਸਭਿ ਬਿਵਹਾਰ ਮਹਾਂਨ ਪਛਾਂਨਹਿਂ।ਪਿਤਾ ਸਮੀਪੀ ਨਿਸਦਿਨ ਰਹੈ। ਦੇਨਿ ਲੇਨਿ ਸਗਰੋ ਨਿਰਬਹੈ ॥੩੮॥ ਸਭਿ ਬਿਵਹਾਰਨ ਮੰਹਿ ਸਵਧਾਨੇ। ਕਰਹਿ ਕਾਰ ਪਿਤ ਕੋ ਨ ਬਖਾਨੇ–। ਸਤਿਗੁਰ ਕਹੈਂ ਨ ਕੈਸੇ ਤਾਂਹੂ[5]। ਉਪਦੇਸ਼ਤਿ ਥਿਤਿ ਸਿੱਖਨ ਮਾਂਹੂ ॥ ੩੯ ॥ ਇਕ ਦਿਨ ਸੰਗਤਿ ਭਈ ਘਨੇਰੀ। ਸੁਨਤੇ ਚਹੈ ਬਾਨੀ ਗੁਰ ਕੇਰੀ। ਲਗਯੋ ਦਿਵਾਨ ਸਥਾਨ ਮਹਾਂਨ*। ਗੁਰਮੁਖ ਸਿੱਖਯ ਸੁ ਮਿਲੇ ਸੁਜਾਨ †॥੪੦। ਗਨ ਚਕੋਰ ਜਨੁ ਭਏ ਅਸ਼ੇਖੈਂ[6]।ਸਤਿਗੁਰ ਬਦਨ ਚੰਦ ਕੋ ਦੇਖੈਂ। ਚਾਤ੍ਰਿਕ ਬ੍ਰਿੰਦ ਤ੍ਰਿਖਾਤੁਰ ਬਹੁ ਲਹਿਂ[7]।ਗੁਰ ਘਨ ਤੇ ਉਪਦੇਸ਼ ਬੂੰਦ ਚਹਿਂ[8]॥੪੧॥ਸਭਿ ਸਿੱਖਯਨ ਕੀ ਲਖਿ ਕਰਿ ਲਾਲਸ। ਲਾਗੇ ਸਤਿਗੁਰ ਕਹਿਨ ਕ੍ਰਿਪਾਲਸ[9]। 'ਜੋ ਕੋ ਮੇਰੋ ਸਿੱਖਯ ਕਹਾਵਹਿ। ਸ਼ੁਭ ਗਤਿ ਅੰਤ ਸਮੈ ਲਲਚਾਵਹਿ ॥੪੨॥ ਸੇਵਾ ਕਰਨ ਬਿਖੈ ਚਿਤ ਕਰੈ।ਉਰ ਹੰਕਾਰ ਨ ਕਬਹੂ ਧਰੈ। ਅਪਰ ਜੁਗਨ ਮਹਿਂ ਤਪ ਕੋ ਤਾਪਨਿ। ਸਹਹਿ ਕਸ਼ਟ ਬਹੁ ਬਿਧਿ ਤਨ ਆਪਨ[10]॥੪੩॥ ਨਿਰਮਲ ਅੰਤਹਿਕਰਨ ਕਰੇ ਹੈ। ਹ੍ਵੈ ਨਿਸ਼ਕਾਮ ਅਨੰਦ ਥਿਰੇ ਹੈ। ਸੋ ਤਪ ਕੋ ਅਬ ਸਮਾਂ ਨ ਜਾਨਹੁ। ਸਤਿਸੰਗਤਿ ਕੀ ਸੇਵਾ ਠਾਨਹੁ॥੪੪॥ ਤਪ ਤੇ ਦਸ

---

[1](ਗੁਰੂ ਅਰਜਨ ਸਾਹਿਬ) ਛੋਟੀ ਉਮਰ ਵਿਚ (ਹਨ) ਇਸ ਕਰਕੇ ਵਿਵਹਾਰ ਨਹੀਂ ਪਛਾਣਦੇ, ਸਾਰੇ ਲੋਕ (ਇਹੀ) ਜਾਣਦੇ ਹਨ। [2](ਗੁਰੂ ਰਾਮਦਾਸ ਜੀ ਸ੍ਰੀ ਅਰਜਨਦੇਵ ਜੀ ਦੇ ਦਿਲ ਦੀ) ਪ੍ਰੀਤੀ ਨੂੰ ਜਾਣਦੇ ਹਨ, ਤੇ ਇਹ ਵੀ ਜਾਣਦੇ ਹਨ ਜਿਵੇਂ ਸ੍ਰੀ ਅਰਜਨ ਜੀ ਬਾਬਤ ਸਾਰੇ ਲੋਕਾਂ ਦੇ ਜੀ ਵਿਚ ਵਰਤੀ ਹੈ। (ਅ) ਜਿਵੇਂ ਜਨਗਨ=ਭਗਤ ਜਨਾਂ ਦੇ ਦਿਲ ਵਿਚ ਵਰਤੇ, ਉਹ ਬੀ ਜਾਣਦੇ ਹਨ, ਭਾਵ ਅੰਤਰਯਾਮੀ ਹਨ। [3](ਸ੍ਰੀ ਅਰਜਨ ਜੀ) ਹੋਣਗੇ। [4]ਟਿਕਾਵਣਾ ਕਰਨਗੇ। [5]ਕਿਸੇ ਤਰ੍ਹਾਂ (ਪ੍ਰਥੀਏ ਨੂੰ)। [6]ਕੱਠੇ। [7]ਸਾਰੇ ਚਾਤ੍ਰਿਕ (ਨਿਜ ਨੂੰ) ਬਹੁਤਾ ਤ੍ਰਿਖਾਵੰਤ ਜਾਣਕੇ। [8]ਗੁਰ ਰੂਪੀ ਬੱਦਲ ਤੋਂ ਉਪਦੇਸ਼ ਦੀ ਬੂੰਦ ਚਾਹੁੰਦੇ ਹਨ। [9]ਕ੍ਰਿਪਾਲ ਹੋ ਕੇ। [10]ਆਪਣੇ ਤਨ ਤੇ। *ਪਾ:–ਮਹਾਨ ਸਥਾਨਾ। †ਪਾ:–ਸੁਜਾਨਾ।

ਗੁਨ ਫਲ ਇਸ ਕੇਰਾ। ਅੰਤ ਸਮੇਂ ਬਲ*ਲਹੈ ਬਡੇਰਾ।ਤਪ ਕੋ ਬਹੁਦਿਨ ਜੋ ਨਿਤਿ ਤਾਪਤਿ। ਅਲਪ ਸਮੈ ਸੇਵਾ ਫਲ ਪ੍ਰਾਪਤਿ ॥੪੫॥ ਦਿਢ ਸ਼ਰਧਾ ਧਰਿ ਸੇਵਾ ਕਰੈ। ਜਨਮ ਮਰਨ ਭਵਜਲ ਤੇ ਤਰੈ। ਆਪਾ ਕਬਹੁ ਜਨਾਵਹਿ ਨਾਂਹਿਨ। ਕਹੈ ਕਠੋਰ ਦੁਖਾਵਹਿ ਕਾਹਿ ਨ ॥੪੬॥ ਸੇਵਾ ਕਰਿ ਲੇ ਚਤੁਰ ਪਦਾਰਥ। ਗੁਰ ਸਿਖ ਸੇਵਹਿ ਹੋਹਿ ਕ੍ਰਿਤਾਰਥ। ਬਿਨ ਸੇਵਾ ਤੇ ਭਗਤਿ ਨ ਪਾਵਹਿ। ਭਗਤਿ ਬਿਨਾਂ ਨਹਿਂ ਗਯਾਨ ਉਪਾਵਹਿ ॥੪੭॥ ਗਯਾਨ ਬਿਨਾ ਨਹਿਂ ਮੁਕਤਿ ਪਦਾਰਥ। ਸੇਵਾ ਮੂਲ ਸੁ ਕਰਹੁ ਕ੍ਰਿਤਾਰਥ[1]।ਜੋ ਸਤਿਸੰਗਤਿ ਸੇਵਾ ਠਾਨੇ। ਸੋ ਬਹੁ ਪ੍ਰਕਾਰੇ ਮਮ ਮਨ ਮਾਂਨੇ ॥੪੮॥ ਜਥਾ ਸ਼ਕਤਿ ਭੋਜਨ ਬਨਿਵਾਵੈ। ਨੰਮ੍ਰਿ ਹੋਇ ਸਿਖ ਸੰਤ ਅਚਾਵੈ। ਚਰਨ ਪਖਾਰੈ ਨੀਰ ਪਿਵਾਵੈ। ਕਰ ਬੀਜਨ ਲੈ[2] ਪੌਨ ਝੁਲਾਵੈ ॥ ੪੯ ॥ ਚਾਂਪਹਿ ਚਰਨ[3] ਮਧੁਰ ਕਹਿ ਬਾਨੀ।ਪਟ ਪਹਿਰਾਵੈ ਬਿਨੈ ਬਖਾਨੀ। ਅਰਪਹਿ ਫਲ ਬਰ ਫੂਲ ਅਪਾਰੀ†। ਬਸਤ੍ਰ ਪਖਾਰਹਿ ਸੰਤ ਅਗਾਰੀ ॥੫੦॥ ਮੰਦਰ ਚਿਨਹਿ ਚਿਨਾਵਹਿ ਚਾਰੂ। ਜਹਿਂ ਬਿਸਰਾਮਹਿਂ ਸੰਤ ਉਦਾਰੂ। ਸ਼ਰਧਾ ਪ੍ਰੇਮ ਸਹਤ ਕਰਿ ਸੇਵਾ। ਨਹਿਂ ਬ੍ਯਾਪੈ ਮਨ ਕੋ ਅਹੰਮੇਵਾ ॥ ੫੧ ॥ ਇਸ ਪਰ ਇਕ ਇਤਿਹਾਸ ਬਖਾਨਾ‡। ਇਕ ਨਰ ਨੇ ਖਗ ਸੇਵਾ[4] ਠਾਨਾ। ਪਾਨੀ ਚੋਗ ਦੇਹਿ ਧਰਿ ਊਚੇ[5]। ਸਭਿ ਪੰਛੀ ਤਿਹ ਸਦਨ ਪਹੂਚੇ॥੫੨॥ ਖਗ ਪ੍ਰਸੰਨ ਬਹੁ ਤਿਸ ਪਰ ਹੋਇ। ਆਨੇ ਹੰਸ ਸਦਨ ਤਿਹ ਦੋਇ। ਖਾਇਂ ਨ ਚੋਗ ਨ ਪੀਵੈਂ ਪਾਨੀ। ਤਿਨ ਪਿਖਿ ਕੈ ਚਿਤ ਚਿੰਤਾ ਠਾਨੀ ॥ ੫੩॥ ਕਿਨਹੂੰ§ ਆਨਿ ਤਿਸੈ ਸਮੁਝਾਇਸੁ।–ਮੁਕਤਾ ਦੂਧ ਖਾਇਂ ਤ੍ਰਿਪਤਾਇਸੁ–। ਸੁਨਿ ਅਨਬਿਧ ਮੁਕਤਾ[6] ਸੋ ਲ੍ਯਾਇਵ। ਰੁਚਿ ਕਰਿ ਹੰਸਨ ਸੈਂ ਤਹਿਂ ਖਾਇਵ ॥੫੪॥ ਪੀਯੋ ਦੁਗਧ ਨੀਰ ਕੋ ਤ੍ਯਾਗਾ। ਭੇ ਪ੍ਰਸੰਨ ਤਿਹ ਪਿਖਿ ਅਨੁਰਾਗਾ।ਦੋਇ ਲਾਲ ਉਗਲੇ ਧਰਿ ਦੀਨੇ। ਹੰਸ ਗਏ ਉਡਿ ਸੋ ਤਿਨਿ ਲੀਨੇ॥੫੫॥ਬੇਚ ਤਿਨਹੁਂ ਕਉ ਧਨ ਬਹੁ ਆਨਯੋ|| ।ਸੁੰਦਰ ਸਦਨ ਬਨਾਵਨ ਠਾਨਯੋ¶। ਕਰਹਿ ਬਿਹੰਗਨ ਸੇਵ ਬਿਸਾਲਾ। ਬ੍ਰਿੰਦ ਹੰਸ

[1]ਸੇਵਾ (ਸਭ ਦਾ) ਮੁੱਢ ਹੈ ਸੋ ਸੇਵਾ ਕਰੋ ਤੇ ਨਿਹਾਲ ਹੋਵੋ। [2]ਪੱਖਾ ਹੱਥ ਵਿਚ ਲੈਕੇ। [3]ਚਰਨ ਦੱਬੇ। [4]ਪੰਛੀਆਂ ਦੀ ਸੇਵਾ। [5]ਪਾਣੀ ਤੇ ਚੋਗਾ ਰਖ ਦੇਵੇ ਉੱਚੀ (ਥਾਂ)। [6]ਅਣਵਿਧ ਮੋਤੀ।

*ਪਾ:–ਪਦ। †ਪਾ:–ਅਗਾਰੀ। ‡ਪਾ:-ਇਹ ਕਥਾ ਦ੍ਰਿਸ਼ਟਾਂਤ ਮਾਤ੍ਰ ਹੈ ਇਸ ਦਾ ਇਹ ਮਤਲਬ ਨਹੀਂ ਹੈ ਕਿ ਪੰਛੀਆਂ ਦੇ ਸੇਵਕ ਬਣ ਜਾਓ, ਪਰ ਇਹ ਕਿ ਹੰਸ ਰੂਪ ਨਿਰਮਲ ਤੇ ਪੂਰਨ ਸੰਤ ਦੀ ਸੇਵਾ ਕਰੋ। §ਪਾ:–ਕਿਸਹੂੰ। ||ਪਾ:–ਲੀਨੇ। ¶ਪਾ:–ਕੀਨੈ।

ਆਇ ਇਕ ਕਾਲ॥੫੬॥-ਦੇਖਹਿਂ ਚਲਿ ਜੋ ਭਗਤ ਹਮਾਰੇ-। ਇਮਿ ਚਹਿ ਤਿਹ ਘਰ ਆਇ ਹਜ਼ਾਰੋਂ। ਅਨਬਿਧ ਮੁਕਤਾ ਧਰੇ ਅਗਾਰੀ। ਦੀਨਸਿ ਦੁਗਧ ਸੇਵ ਹਿਤਕਾਰੀ[1]॥੫੭॥ਤਿਹਂ ਪਰ ਸਭਿ ਪ੍ਰਸੰਨ ਤਬਿ ਹੋਇ। ਰਤਨ ਅਨੇਕ ਦੀਨ ਤਿਹ ਜੋਇ।ਭੂਪ ਸਮਾਨ ਭਯੋ*ਖਗ ਸੇਵੈ।ਸੰਤਨ ਸੇਵ[2]ਮਹਾਂ ਫਲ ਲੇਵੈ ॥੫੮॥ ਨਿਧਿ ਸਿਧਿ ਕੇ ਦਾਤਾ ਨਿਤਿ ਸੰਤ। ਮੁਕਤਿ ਪਦਾਰਥ ਦੇਵਤਿ ਅੰਤ।ਹੰਸ ਸਮਾਨ ਸਿੱਖਨ ਜੋ ਮੇਰੇ।ਇਨ ਸੇਵੇ ਫਲ† ਪਾਇਂ ਘਨੇਰੇ ॥੫੯॥ਅਲਭ ਵਸਤੁ ਐਸੀ ਨਹਿਂ ਕੋਈ।ਮਮ ਸਿਖ ਸੇਵੇ ਪਾਇ ਨ ਜੋਈ'। ਇਮ ਸ੍ਰੀ ਸਤਿਗੁਰ ਸੇਵ ਮਹਾਤਮ।ਕਹਜੋ ਸੁਨਤਿ ਸਿਖ ਲਿ ਸੁਖ ਆਤਮ॥ ੬੦॥ਦੋਹਰਾ॥ਸ੍ਰੀ ਸਤਿਗੁਰ ਬ੍ਰਿਧ ਅਮਰ ਜੀ ਆਇ ਤਿਨਹੁ ਕੇ ਪਾਸ[3]।ਗ੍ਰਾਮ ਕਿਤਿਕ ਅਰਪਨਿ ਕਰੇ ਅਕਬਰ ਬਿਨੈ ਪ੍ਰਕਾਸ਼ ॥੬੧॥ ਸੋ ਸਗਰੇ ਹੀ ਗ੍ਰਾਮ ਗਨ ਗੁਰਤਾ ਗਾਦੀ ਸਾਥ। ਰਾਮਦਾਸ ਗੁਰ ਕੋ ਦਏ ਕੁਲ ਭੱਲਜਨ ਕੇ ਨਾਥ ॥੬੨॥ ਚੌਪਈ॥ ਆਪ ਅਛਤ ਹੀ[4] ਪ੍ਰਥਮ ਪਠਾਏ। ਤਾਲ ਖਨਾਵਨਿ ਕੋ ਫੁਰਮਾਏ। ਕੁਛਕ ਖਨਜੋ ਅਰ ਗ੍ਰਾਮ ਬਸਾਵਾ। ਨਾਮ 'ਗੁਰੂ ਕੋ ਚੱਕ' ਧਰਾਵਾ ॥੬੩॥ ਅਸ ਇਤਿਹਾਸ ਸੁਨਤਿ ਸਭਿ ਸਿੰਘ। ਕਰੀ ਬਿਕਾਰਨ[5] ਕੋ ਬਡ ਸਿੰਘ।ਹਾਥ ਜੋਰਿ ਬੋਲੇ ਤਬਿ ਸ੍ਰੋਤਾ।'ਰਾਮਕੁਇਰ।ਤੁਮ ਅਨੰਦ ਉਦੋ-ਤਾ॥੬੪॥ਕਥਾ ਸੁਨਾਇ ਸਰਬ ਸੁਖ ਦੀਏ।ਜਿਸ ਤੇ ਭਏ ਪ੍ਰਫੁੱਲਿਤ ਹੀਏ। ਅਬ ਸ੍ਰੀ ਅੰਮ੍ਰਿਤਸਰ ਕੀ ਕਥਾ। ਕਰਹੁ ਸੁਨਾਵਨ ਹੋਈ‡ਜਥਾ॥੬੫॥ਐਸੋ ਤੀਨ ਲੋਕ ਕੇ ਅੰਦਰ। ਸੁਨਜੋ ਨ ਥਲ ਤੀਰਥ ਅਤਿ ਸੁੰਦਰ। ਕਿਮ ਉਤ-ਪਤੀ ਭਈ ਇਸ ਕੇਰੀ। ਮਹਿਮਾ ਕਹੀ ਨ ਜਾਹਿ ਬਡੇਰੀ ॥੬੬॥ ਜਿਸ ਕੋ ਮਹਾਂ ਮਹਾਤਮ ਆਹਿ।ਕਹਜੋ ਬਹੁਤ ਸ੍ਰੀਗ੍ਰਿੰਥ ਸੁ ਮਾਂਹਿ। ਕਿਸ ਪ੍ਰਕਾਰ ਇਹੁ ਤਾਲ ਲਗਾਵਾ? ਹਰਿ ਮੰਦਰ ਸੁੰਦਰ ਬਨਿਵਾਵਾ ॥੬੭॥ ਲਛਮੀ ਸਥਿਤ ਸੇਵਤੀ ਜਹਾਂ।ਸੰਤਨ ਕੇ ਚਿਤ ਭਾਵਤਿ ਮਹਾਂ।ਮਹਾਂ ਕਠੋਰ ਜਗਤ ਅਸ ਕੋਇ ਨਾ।ਦਰਸ਼ਨ ਤੇ ਸ਼ਰਧਾ ਜਿਸ ਹੋਇ ਨਾ॥੬੮॥ਅਸ ਦੁਰਭਾਗਿ ਕਵਨ ਜਗ ਹੋਇ।ਕਰਹਿ ਤਰਕਨਾ ਇਸ ਕੋ ਜੋਇ। ਦਰਸ਼ਨ ਤੇ ਮਨ ਹਰਿਬੇ ਹਾਰੋ[6]।

---

[1]ਸੇਵਾ ਕਰੀ ਪ੍ਰੇਮ ਨਾਲ। [2](ਤਿਵੇਂ ਹੀ) ਸੰਤ ਸੇਵਾ ਕਰਕੇ। [3]ਭਾਵ ਅਕਬਰ ਨੇ ਆਕੇ ਗੁਰੂ ਅਮਰ ਦੇਵ ਜੀ ਪਾਸ। [4]ਭਾਵ ਸ੍ਰੀ ਗੁਰੂ ਅਮਰਦਾਸ ਜੀ ਨੇ ਹੁੰਦਿਆਂ ਹੀ। [5]ਬਿਕਾਰਾਂ ਰੂਪ ਹਾਥੀ (ਦੇ ਮਾਰਨੇ ਲਈ ਜੋ) ਬੜੇ ਸ਼ੇਰ ਮਨਿੰਦ ਹਨ (ਸਿੰਘ)। [6]ਮਨ ਹਰਨ ਵਾਲੇ।

*ਪਾ:-ਬਨਿਓਂ। †ਪਾ:-ਸੁਖ। ‡ਪਾ:-ਬੀਤੀ।

ਮੱਜਨ ਸੇਵਨ ਤੇ ਸੁਖ ਭਾਰੋ॥੬੯॥ਸਕਲ ਜਨਨ ਕੋ ਸਭਿ ਫਲ ਦਾਇਕ। ਜਥਾ ਕ੍ਰਿਪਾਲ ਤ੍ਰਿਲੋਕੀ ਨਾਇਕ[1]। ਦੇਵਨ ਗਨ ਕੇ ਰਹਿਬੇ ਲਾਇਕ[2]। ਪਰਹਿ ਭੀਰ ਤੇ ਬਨਹਿ ਸਹਾਇਕ ॥ ੭੦ ॥ ਇਸ ਕੋ ਸਕਲ ਪ੍ਰਸੰਗ ਸੁਨਾਵਹੁ। ਸ਼੍ਰੋਤਨ ਕੋ ਸੰਦੇਹੁ ਮਿਟਾਵਹੁ। ਸਭਿ ਕੇ ਰਿਦੇ ਲਾਲਸਾ ਭਾਰੀ। ਗਹੀ ਆਇ ਕਰਿ ਸ਼ਰਨ ਤਿਹਾਰੀ ॥੭੧॥ ਤੁਮਹੋ ਮਹਾਂ ਕ੍ਰਿਪਾਲ ਸੁਬੱਗਜ। ਬ੍ਰਹਮ ਗਯਾਨ ਤੇ ਮਹਾਂ ਤਤੱਗਜ[3]। ਸ਼ਕਤਿਮਾਨ ਚਾਹੋ ਜਿਮਿ ਕਰਹੁ। ਨਹਿਂ ਤ੍ਰਿਲੋਕ ਮੈਂ ਕਿਸ ਭੈ ਧਰਹੁ ॥ ੭੨ ॥ ਭੂਤ ਭਵਿੱਖਯਤ ਕੇਰਿ ਬ੍ਰਿਤਾਂਤ॥ਰਾਵਰਿ ਰਿਦੈ ਸਰਬ ਕੀ ਗਯਾਤ॥ ਪ੍ਰੇਮ ਜਾਨ ਕਰਿ ਮਨਿ ਸ਼੍ਰੋਤਾ-ਨਿ[4]। ਕਰਹੁ ਸੁਧਾਸਰ ਕੋ ਬੱਖਯਾਨ[5]॥੭੩॥ਰਾਮਕੁਇਰ ਭਾਈ ਸੁਨਿ ਸਬੈ। ਪਰਮ ਪ੍ਰਸੰਨ ਭਯੋ ਮਨ ਤਬੈ।ਕਥਾ ਸੁਨਨਿ ਕੀ ਲਾਲਸ ਜਾਨੀ।ਹੈ ਸ਼੍ਰੋਤਨਿ ਕੇ ਪ੍ਰੀਤਿ ਮਹਾਂਨੀ ॥੭੪॥ ਮਨ ਮਹਿਂ ਕਰਤਿ ਸੁ ਭਯੋ ਵਿਚਾਰਾ। ਸ਼੍ਰੋਤਨਿ ਪ੍ਰੀਤੀ ਦੇਖਿ ਅਪਾਰਾ॥ਯਾਂ ਤੇ ਕਥਾ ਕਹਿਨ ਪਰ ਗੁਰਕੀ। ਵਧੀਪ੍ਰੀਤਿ ਭਾਈ ਕੇ ਉਰ ਕੀ ॥੭੫॥ ਸਾਹਿਬ ਸਿੰਘਾਦਿਕ ਜੇ ਸ਼੍ਰੋਤਾ। ਕਰੇ ਸਰਾਹਿਨ ਅਨੰਦ ਉਦੋਤ॥'ਧੰਨ ਸੁਮਤਿ ਅਰੁ ਚਾਹਿ ਤੁਮਾਰੀ। ਗੁਰ ਕੀ ਕਥਾ ਸੁਨਨਿ ਅਧਿ-ਕਾਰੀ ॥੭੬॥ ਸੁਨਹੁੰ ਪ੍ਰੇਮ ਧਰਿ ਸਰਬ ਸੁਨਾਵਉਂ। ਸਭਿ ਸ਼੍ਰੋਤਨਿ ਕੇ ਰਿਦੇ ਰਿਝਾਵਉਂ। ਜਿਸ ਕੇ ਸੁਨੇ ਭਰਮ ਬਿਨਸਾਵੈਂ। ਗੁਰ ਆਸ਼ੈ ਕੋ ਸਿਖ ਸਭਿ ਪਾਵੈਂ ॥੭੭॥ ਅਤਿ ਸੁੰਦਰ ਗੁਰ ਕੋ ਇਤਿਹਾਸ। ਰਿਦੇ ਬਿਕਾਰਨ ਕਰਤਾ ਨਾਸ਼। ਸ੍ਰੀ ਅੰਮ੍ਰਿਤਸਰ ਕੀ ਸ਼ੁਭ ਕਥਾ॥ਭਈ ਜਥਾ ਉਚਰੌਂ ਮੈਂ ਤਥਾ॥੭੮॥ ਇਕ ਮਨ ਹੋਇ ਸੁਨਹੁ ਕਰਿ ਪ੍ਰੀਤਿ।ਮਹਾਂ ਮਹਾਤਮ ਪ੍ਰਾਪਤਿ ਮੀਤਿ।ਸਤਿ-ਗੁਰ ਕਥਾ ਕਿ ਹੈ ਸੁਖਰਾਸਿ। ਜਨਮ ਮਰਨ ਕੇ ਕਸ਼ਟ ਬਿਨਾਸਿ' ॥ ੭੯ ॥

ਦੋਹਰਾ ॥ ਰਾਮਕੁਇਰ ਭਾਈ ਤਬੈ ਕਰਿ ਸ਼੍ਰੋਤਨਿ ਸਵਧਾਨ। ਕਰਨ ਲਗਯੋ ਇਤਿਹਾਸ ਕੋ ਬਰਨਨ ਜਥਾ ਮਹਾਨ ॥ ੮੦ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਦੁਤਿਯ ਰਾਸੇ 'ਸ਼੍ਰੋਤਨਿ ਕੋ ਬੂਝਬੋ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

## ੪. [ਜੈਮਲ ਫੱਤੇ ਦਾ ਚਿਤੌੜ ਤੇ ਆਕੀ ਹੋਣਾ]।

ਸ੍ਰੀ ਰਾਮਕੁਇਰੋ ਵਾਚ ॥ ਚੌਪਈ ॥ਸ਼੍ਰੋਤਨਿ ਕੀ ਉਰ ਚਾਹਿ ਬਿਚਰਿਕੈ।ਬੋਲੇ ਰਾਮ-ਕੁਇਰ ਹਿਤ ਧਰਿਕੈ:—। ਕਥਾ ਸੁਧਾਸਰ ਕੀ ਭਈ ਜੈਸੇ। ਸੁਨਹੁ ਕਾਨ ਦੈ

---

[1]ਜਗਤ ਦਾ ਸੁਆਮੀ। [2]ਭਾਵ ਸਾਰੇ ਪਵਿੱਤ੍ਰ ਲੋਕਾਂ ਦੇ ਰਹਿਣ ਯੋਗ। [3]ਬੜੇ ਤੱਤਵੇਤਾ। [4]ਸ੍ਰੋਤਿਆਂ ਦੇ ਮਨ ਦਾ। [5]ਅੰਮ੍ਰਿਤਸਰ ਦੀ ਕਥਾ ਕਰੋ।

ਬਰਨੌਂ ਤੈਸੇ॥੧॥ਸ੍ਰੀ ਗੁਰ ਅਮਰਦਾਸ ਜਬਿ ਭਏ। ਸਿੱਖਜਨ ਗਨ ਉਧਾਰ ਜਿਨ ਕਏ। ਰਚਨ ਬਾਪਿਕਾ ਕੀਨਸਿ ਤਯਾਰੀ। ਮਹਲ ਚਿਨਾਵਤਿ ਭੇ ਬਡ ਭਾਰੀ॥੨॥ਲਗੇ ਅਨਿਕ ਕਾਰੀਗਰ ਕਰਨੇ। ਬਹੁਤ ਮਜੂਰ ਕਹਾਂ ਕੋ ਬਰਨੇ। ਦੂਰ ਦੂਰ ਤੇ ਨਰ ਚਲਿ ਆਵੈਂ। ਸੇਵ ਬਾਪਿਕਾ ਕੀ ਸੁ ਕਮਾਵੈਂ ॥੩॥ ਕਿਤੋ ਕਾਲ*ਬੀਤਯੋ ਕਰਿਵਾਵਤਿ। ਬੈਠੇ ਸਤਿਗੁਰ ਬਯੋਂਤ ਬਤਾਵਤਿ। ਲੋਕਨ ਕੇ ਉਧਾਰਿਬੇ ਹੇਤੁ। ਬਨਵਾਵਤਿ ਕਹਿ ਕ੍ਰਿਪਾਨਿਕੇਤੁ॥੪॥ਉਤ ਦਿੱਲੀਮਹਿਂ ਅਕਬਰ ਸ਼ਾਹੂ।ਜੈਮਲ ਫੱਤਾ ਰਹਿਂ ਤਿਸ ਪਾਹੂ।ਬਡ ਜੋਧਾ ਦੋਨਹੁਂਰਜਪੂਤ। ਲਖਿ ਤੁਰਕੇਸ਼ ਬਲੀ ਕਿਯ ਸੂਤ[1] ॥ ੫॥ ਗਢ ਚਤੌੜ ਕੋ ਰਾਜ ਕਰੇਤੇ। ਆਇਸੁ ਅਕਬਰ ਕੀ ਬਰਤੇਤੇ। ਕਬਹਿ ਰਹੈਂ ਨਿਜ ਗੜ੍ਹ ਕੇ ਮਾਂਹਿ। ਕਬਿ ਦਿੱਲੀ ਮਹਿਂ ਅਕਬਰ ਪਾਹਿ ॥੬॥ ਇਕ ਦਿਨ ਪਿਸ਼ਨ[2] ਸੁਨਾਵਨਿ ਲਾਗ। 'ਸੁਨਹੁ ਖੁਦਾਵੰਦ ! ਤੁਮ ਵਡਭਾਗਾ। ਤੀਨ ਵਸਤੁ ਜੈਮਲ ਘਰ ਮਾਂਹਿ। ਸੋ ਰਾਵਰਿ ਕੇ ਉਚਿਤੀ[3]ਆਹਿ॥੭॥ਬਲੀ ਤੁਰੰਗਮ ਰੁਚਿਰ ਮਤੰਗ।ਦੋਨਹੁਂ ਘਰ ਰਾਖਹਿ ਬਿਧਿ ਸੰਗ। ਇਹਾਂ ਨ ਆਨਤਿ ਤ੍ਰਾਸ ਬਿਚਰਿਕੈ।–ਸ਼ਾਹੁ ਲੇਹਿਗੋ ਚਾਰੁ ਨਿਹਰਿਕੈ–॥੮॥ਇਕ ਜੈਮਲ ਤਨੁਜਾ ਤਨ ਸੁੰਦਰ। ਚਾਤੁਰਤਾ ਚੰਚਲ ਗਨ ਮੰਦਰ। ਕਮਲ ਪੱਤ੍ਰ ਬਿਸਤਾਰ ਬਿਲੋਚਨ[4]। ਪਿਖਤਿ ਕਟਾਛਨ ਧੀਰਜ ਮੋਚਨ[5]॥੯॥ਬੇਨੀ ਨਾਗਨ ਸੀ ਸਟਕਾਰੀ[6]। ਮੱਧਦੇਸ਼ ਸੂਖਮ,ਕੁਚ ਭਾਰੀ[7]। ਗੌਰ ਰੰਗ ਚੰਪਕ ਜਨੁ ਪਾਤਿ[8]†। ਕਿਧੌਂ ਦਿਪਤਿ‡ ਕੰਚਨ ਅਵਿਦਾਤ[9] ॥੧੦॥ ਭੌਰ ਗੁੰਜਾਰਤਿ ਜਿਹ ਪਰਵਾਰਤਿ।ਸਖੀ ਪਾਸ ਤੇ ਰਹਿਤ ਬਿਡਾਰਤਿ[10]। ਚੌਦਹਿਂ ਬਰਖਨ ਕੀ ਬਰ ਬਾਲਾ। ਮਨਹੁਂ ਅਧੂਮ ਲਾਟ ਹੈ ਜ੍ਵਾਲਾ[11]॥੧੧॥ਜਿਸਕੀ ਜਾਤਿ ਪਦਮਨੀ ਕਹੈਂ।ਭੂਖਨ ਭਾਰ ਦੇਹਿ ਨਹਿਂ ਸਹੈ[12]।ਸਖਿਯਨ ਬਾਂਹੁ ਗਹੇ ਜਬਿ ਚਾਲਤਿ। ਕਚਨ ਕੁਚਨਕੇ ਭਾਰ ਬਿਹਾਲਤਿ[13] ॥੧੨॥ ਬੀਚ ਪਜਾਮੇ ਉਰੂ[14] ਜੁ§ ਮੇਲੇ। ਗੋਲ ਸਛੀਲਕ[15]

[1]ਤੁਰਕਾਂ ਦੇ ਰਾਜੇ ਭਾਵ ਅਕਬਰ ਨੇ ਬਲੀ ਜਾਣਕੇ ਮੇਲ ਕਰ ਲਿਆ। [2]ਚੁਗ਼ਲ। [3]ਲਾਇਕ, ਜੋਗ। [4]ਕਮਲ ਫੁਲ ਦੇ ਪੱਤਿਆਂ ਵਤ ਚੌੜੇ ਹਨ ਨੇਤ੍ਰ। [5]ਧੀਰਜ ਛੁਟ ਜਾਂਦਾ ਹੈ। [6]ਗੁੱਤ ਨਾਗਨ ਵਰਗੀ ਪਿਛੇ ਲਮਕਦੀ ਹੈ। [7]ਲੱਕ ਪਤਲਾ ਤੇ ਛਾਤੀ ਭਾਰੀ। [8]ਚੰਬੇ ਦੀ ਜਾਣੋਂ ਪੰਗਤੀ। [9]ਪ੍ਰਕਾਸ਼ਦਾ ਹੈ ਸੋਨਾ ਪੀਲੇ ਰੰਗ ਦਾ (ਅ) ਸੁੱਛ [10]ਉਡੋਂਦੀ ਰਹਿੰਦੀ ਹੈ ਭੌਰਿਆਂ ਨੂੰ। [11]ਧੂੰਏਂ ਤੋਂ ਰਹਿਤ ਲਾਟ ਹੈ ਅਗਨੀ ਦੀ। [12]ਗਹਿਣਿਆਂ ਦਾ ਭਾਰ ਦੇਹ ਤੇ ਸਹਾਰ ਨਹੀਂ ਸਕਦੀ। [13]ਕੇਸਾਂ ਤੇ ਅਸਥਨਾਂ ਦੇ ਭਾਰ ਨਾਲ ਬਿਆਕੁਲ ਹੋ ਜਾਂਦੀ ਹੈ। [14]ਪੱਟ। [15]ਛਿੱਲੇ ਹੋਏ।

*ਪਾ:–ਕਿਤੇ ਬਰਖ। †ਪਾ:–ਗਾਤਿ, ਮਾਤ। ‡ਪਾ:–ਦਿਖਤ। §ਪਾ:–ਸੋ।

ਜਨੁ ਜੁਗ ਕੇਲੇ। ਚਾਰੁ ਚਕਿਤ ਮ੍ਰਿਗ ਸਿਸਿ ਦ੍ਰਿਗ ਸੋਹਤਿ[1]। ਪਲਟ ਮੀਨ ਕੀ ਜਨੁ ਜਬਿ ਜੋਹਤਿ[2] ॥੧੩॥ ਜਾਵਦ ਛੁਅਤਿ ਅਪਰ ਨਹਿਂ ਲੋਗ। ਤਾਵਦ ਸ਼ਾਹੁ ਆਪ ਕੇ ਜੋਗ। ਜੈਮਲ ਸੋ ਜਾਚਹੁਗੇ ਜਬਿਹੂੰ। ਅਰਪਹਿ ਸੁਤਾ ਤੁਮਹਿ ਕੋ ਤਬਿਹੂੰ ॥ ੧੪ ॥ ਨਹਿਂ ਜਗ ਮਹਿਂ ਕੋ ਤੁਮ ਤੇ ਆਛੋ। ਭਾਗ ਬਡੇ ਰਾਵਰਿ ਜੇ*ਬਾਂਛੋ। ਉਚਿਤ ਆਪ ਕੇ ਮੈਂ ਮਨ ਜਾਨੀ। ਯਾਂਤੇ ਸਭਿਹੀ ਬਾਤ ਬਖਾਨੀ' ॥ ੧੫ ॥ ਇਮ ਗੁਨ ਸੁਨਿ, ਭਰਮਯੋ ਮਨ ਸ਼ਾਹੁ। ਅਕਬਰ ਸ਼ਾਹੁ ਤੁਰਕ ਨਰਨਾਹੂ। ਪਠਯੋ ਵਕੀਲ ਤਬਹਿ ਤਿਸ ਡੇਰੇ। ਕਹਿ ਕਰਿ ਲਾਲਚ ਦੇਨਿ ਬਡੇਰੇ ॥੧੬॥ ਜੈਮਲ ਨਿਕਟਿ ਜਾਇ ਤਬਿ ਕਹਯੋ। 'ਸ਼ਾਹੁ ਪ੍ਰਸੰਨ ਤੁਮਹੁਂ ਪਰ ਲਹਯੋ। ਬਹੁ ਹਿਤ ਕਰਿਕੈ ਮੋਹਿ ਪਠਾਵਾ। ਬਾਰਿ ਬਾਰਿ ਤੁਵ ਸਤੁਤਿ ਸੁਨਾਵਾ ॥ ੧੭ ॥ -ਬਡੇ ਬਹਾਦਰ ਦੋਨਹੁਂ ਭ੍ਰਾਤਾ। ਤਿਨਿ ਸਮਾਨ ਮੈਂ ਅਪਰ ਨ ਜਾਤਾ। ਮੁਝ ਸੋਂ ਕਰਹਿਂ ਸਬੰਧ ਬਨਾਇ। ਕਹਯੋ ਮੋਹਿ ਮਾਨਹਿਂ ਹਰਿਖਾਇ ॥੧੮॥ ਤਿਨ ਕੋ ਮਨਸਬ ਕਰਵ ਬਡੇਰੇ। ਹੁਕਮ ਹੋਇ ਤਿਨ ਦੇਸ਼ਨ ਮੇਰੋ। ਅਪਨੀ ਸੁਤਾ ਦੇਹਿਂ ਮੁਝ ਬਯਾਹਿ। ਹਯ, ਹਾਥੀ, ਦਾਯਜ ਦੈ ਤਾਂਹਿ ॥੧੯॥ ਇਸ ਤੇ ਪਰੈ ਖੁਸ਼ੀ ਨਹਿਂ ਮੋਹਿ। ਜੈਮਲ ਕੋ ਅਤਿਸ਼ੈ ਹਿਤ ਹੋਹਿ'। ਸੁਨਿ ਰਜਪੂਤ ਮਹਾਂ ਦੁਖ ਮਾਨਾ। ਹਨਯੋ ਕਾਨ ਜਨੁ ਤਾਨਿ ਸੁ ਬਾਨਾ[3] ॥੨੦॥ ਕਿਤਿਕ ਕਾਲ ਕਰਿ ਮੌਨ ਅਡੋਲਾ। ਪੁਨ ਜੈਮਲ ਮੁਖ ਤੇ ਬਚ ਬੋਲਾ। 'ਤੁਰਕ ਸ਼ਾਹੁ ਹਮ ਹਿੰਦੂ ਧਰਮ। ਨਹੀਂ ਸਮਾਨ ਦੁਹਨ ਕੇ ਕਰਮ। ੨੧॥ ਅੰਤਰ ਰਾਤਿ ਦਿਵਸ ਕੋ ਅਹੈ[4]। ਕਿਮ ਸਮਤਾ ਤਿਸ ਕੀ ਹਮ ਲਹੈਂ। ਆਪਸ ਬਿਖੈ ਬਿਪਰਜੈ ਰੀਤਿ। ਕਰੇ ਬਿਚਾਰ ਬਨਹਿਂ ਨਹਿ ਨੀਤਿ[5] ॥੨੨॥ ਅਸਮੰਜਸ ਇਹੁ ਕਿਮਿ ਬਨਿ ਆਵੈ। ਭ੍ਰਾਤਨ ਮੈਂ ਕਯਾ ਬਦਨ ਦਿਖਾਵੈਂ'। ਇਮ ਸੁਨਿ ਦੂਤ[6] ਜਾਇ ਸੁਧਿ ਦੀਨਸਿ। 'ਖੁਦਾਵੰਦ! ਨਹਿ ਮਾਨਨ ਕੀਨਸਿ'[7] ॥੨੩॥ ਕਹਤਿ ਭਏ-ਹਮ ਹੈਂ ਰਜਪੂਤ। ਤੁਰਕੇਸ਼ਰ ਸੋਂ† ਕਿਮ

---

[1] ਸੁੰਦਰ ਦ੍ਰਿਸ਼ਟੀ ਤੇ ਮਿਰਗ ਦੇ ਬੱਚੇ ਵਰਗੇ ਨੇਤਰ ਸ਼ੋਭਨੀਕ ਹਨ। [2] ਪਲਟਕੇ ਜਦ ਵੇਖਦੀ ਹੈ ਮਾਨੋਂ ਮੱਛੀ ਵਰਗੇ (ਨੈਣ ਦਿੱਸਦੇ ਹਨ)। [3] ਮਾਨੋਂ ਕੰਨ ਤਕ ਖਿਚਕੇ ਬਾਣ ਮਾਰਿਆ ਹੈ। (ਅ) (ਕਹਿਣ ਵਾਲੇ ਦੇ ਵਚਨ ਕੰਨਾਂ ਨੂੰ ਇਉਂ ਲਗੇ) ਮਾਨੋਂ ਕੰਨਾਂ ਵਿਚ ਕੱਸਕੇ (ਉਸਨੇ) ਤੀਰ ਮਾਰਿਆ ਹੈ। [4] ਰਾਤ ਦਿਨ ਦਾ ਫਰਕ ਹੈ। [5] ਨੀਤੀ। [6] ਵਕੀਲ ਨੇ। [7] ਨਹੀਂ ਮੰਨੀ।

*ਪਾ:-ਕੇ। †ਪਾ:-ਕੋ।

ਹੁਇ ਸੁਤ। ਨਿਸਬਾਸੁਰ ਰਹਿਂ ਆਇਸੁ ਕਾਰੀ[੧]। ਬਿਧਿ ਸਬੰਧ ਕੀ ਹੁਇ ਨ ਹਮਾਰੀ॥੨੪॥ਦੋਹਰਾ॥ ਪਰਹਿ ਜੰਗ ਜਹਿਂ ਸ਼ਾਹੁ ਕੋ ਤਹਾਂ ਸੁਧਾਰਹਿਂ ਕਾਰ। ਨਾਂਹਿ ਤ ਹਿਤ ਤੁਰਕੇਸ਼ ਕੇ ਪ੍ਰਾਨ ਦੇਹਿਂ ਲਲਕਾਰ॥੨੫॥ ਚੌਪਈ॥ ਕਰਹਿਂ ਸਬੰਧ,ਨ ਧਰਮ ਹਮਾਰੋ। ਨਿੰਦਹਿ ਜੀਵਤਿ ਜਗਤ ਮਝਾਰੋ–'।ਅਕਬਰ ਕੇ ਉਰ ਮਹਿਂ ਲਿਵ ਲਾਗੀ।ਸੁਨਿ ਗੁਨ ਤਿਯ ਕੇ ਲਾਲਸ ਜਾਗੀ॥੨੬॥ਪੁਨਹਿ ਦੂਤ ਸੋਂ ਕੀਨ ਬਖਾਨ।'ਬਹੁਰ ਜਾਇ ਕਹੁ ਦੇ ਸਨਮਾਨਾ–ਮੁਝ ਤੇ ਭਲੋ ਜਗਤ ਮੈਂ ਕੌਨ। ਤਨੁਜਾ ਕੋ ਦੈ ਹੈਂ ਜਿਸ ਭੌਨ॥ ੨੭ ॥ ਮਮ ਘਰ ਮਹਿਂ ਬੇਗਮ ਕਹਿਲਾਵੈ।ਸਭਿ ਜਹਾਨ ਜਿਹ ਸੀਸ ਨਿਵਾਵੈ। ਜਿਸ ਤੇ ਪਰੈ ਨਹੀਂ ਬਡਿਆਈ। ਰਾਉ ਰੰਕ ਮੈਂ ਕਰਵਿ ਬਨਾਈ[੨]॥੨੮॥ ਦੇਹੁ ਸੁਤਾ ਨਿਜ ਹਠਿ ਕੋ ਖੋਵਹੁ। ਆਗੇ ਤੇ ਚੌਗੁਨ ਅਬਿ ਹੋਵਹੁ–। ਜਬਿ ਇਮਿ ਕਹਯੋ ਨ ਮਾਨੈ ਸੋਇ।ਅਪਨੇ ਹਠ ਮਹਿਂ ਰਹਹਿ ਖਰੋਇ॥੨੯॥ ਤਬਿ ਮੇਰੇ ਦਲ ਬਲ ਕੌ ਤ੍ਰਾਸ। ਕਰਹੁ ਸੁਨਾਵਨਿ ਸਭਿ ਤਿਨ ਪਾਸ।–ਭੁਵਮੰਡਲ ਮਹਿਂ ਕਹਾਂ ਪਲਾਵਹੁ। ਕਹਾਂ ਜਾਇ ਬਸਿ ਪ੍ਰਾਨ ਬਚਾਵਹੁ?॥੩੦॥ਸ਼ਾਹੁ ਗਹਹਿ ਤੁਮਕੋ ਸਭਿ ਠੌਰ। ਨਹੀਂ ਬਚਾਇ ਸਕਹਿ ਕੋ ਔਰ–।'ਸੁਨਿ ਅਕਬਰ ਤੇ ਗਮਨਯੋ ਦੂਤ।ਮਿਲਯੋ ਜਾਇ ਜੈਮਲ ਰਜਪੂਤ॥੩੧॥ਕਹੀ ਸ਼ਾਹ ਕੀ ਸਕਲ ਸੁਨਾਈ। 'ਦੇਹ ਤ੍ਰਾਸ ਕੈ ਲੇਹੁ ਬਡਾਈ[੩]। ਇਹੁ ਤਉ ਬਾਤ ਟਰਹਿ ਨਹਿਂ ਕੈਸੇ। ਦੇਹੁ ਸੁਤਾ ਕਾਰਜ ਸ਼ੁਭ ਐਸੇ'॥੩੨॥ ਸੁਨਿਕੈ ਤਬਿ ਚਿੰਤਾ ਚਿਤ ਠਾਨੀ। ਕਿਤਿਕ ਦੇਰ ਲੌ ਭਨੀ ਨ ਬਾਨੀ।ਪੁਨ ਜੈਮਲ ਬੋਲਯੋ ਬਲ ਸਾਲੀ[੪]। 'ਇਸ ਕੋ ਉੱਤਰ ਦੈਂ ਹਮ ਕਾਲੀ[੫]॥੩੩॥ਅਪਨੇ ਭ੍ਰਾਤਨਿ ਸਾਥਿ ਬਿਚਾਰਿ। ਸਾਰ ਅਸਾਰ ਕਰਹਿ ਨਿਰਧਾਰ[੬]'। ਸੁਨਤਿ ਦੂਤ ਤਬਿ ਗਯੋ ਬਿਚਰਿਕੈ[੭]। ਫੱਤੇ ਸੈਂ ਜੈਮਲ ਮਿਲਿ ਕਰਿਕੈ॥੩੪॥ਮਹਾਂ ਸ਼ੋਕ ਦੁਖ ਮਨ ਮਹਿ ਪਾਗੇ। ਦੋਨਹੁ ਮਸਲਤ ਕਰਨੇ ਲਾਗੇ। 'ਇਹੁ ਤੁਰਕੇਸ਼ ਬਡੋ ਗਰਬੀਲਾ। ਧਨ ਦਲ ਬਲ ਤੇ ਅਧਿਕ ਹਠੀਲਾ॥੩੫॥ ਹਮ ਰਜਪੂਤ ਸ਼ਸਤ੍ਰ ਬਡ ਧਾਰੀ।ਇਸ ਕੇ ਸਾਥ ਨ ਬਨਹਿ ਹਮਾਰੀ। ਜੇ ਤਨੁਜਾ ਦੇ ਰਾਜ ਕਮਾਵੈਂ। ਨਿੰਦਾ ਹਲਤ ਪਲਤ ਦੁਖ ਪਾਵੈਂ॥੩੬॥ ਗੜ੍ਹ ਚਿਤੌੜ ਚਢਿ ਚਲਹੁ ਸ਼ਿਤਾਬੀ। ਤਹਾਂ ਜੰਗ ਹਮ

[੧]ਰਹਾਂਗੇ ਆਗਿਆ ਕਾਰੀ। [੨]ਰੰਕਾਂ ਤੋਂ ਰਾਜੇ ਮੈਂ ਬਣਾ ਸਕਦਾ ਹਾਂ। (ਅ)ਰਾਉ ਰੰਕ (ਸਭ)ਵਿਚ (ਤੇਰੀ ਵਡਿਆਈ) ਬਣਾ ਦਿਆਂਗਾ। [੩]ਦੇਹ (ਪੁੱਤ੍ਰੀ ਤਾਂ) ਲੈ ਵਡਿਆਈ, (ਨਹੀਂ ਦੇਵੇਂ ਤਾਂ) ਦੇਵੇਗਾ ਤੈਨੂੰ ਤ੍ਰਾਸ। [੪]ਬਲ ਦਾ ਘਰ। [੫]ਕਲ ਨੂੰ। [੬]ਨਿਰਨੈ। [੭]ਵਿਚਾਰਕੇ ਚਲਾ ਗਿਆ।

ਕਰਹਿਂ ਅਜਾਬੀ[1]। ਇਸ ਕੋ ਲਸ਼ਕਰ ਦੇਹਿਂ ਖਪਾਇ ਹਨਹਿਂ ਸ਼ਸਤ੍ਰ ਸੌਂ[2] ਲੇਹਿਂ ਉਪਾਇ॥੩੭॥ਨਾਂਹਿ ਤ ਧਰਮ ਜੁੱਧ ਮਹਿਂ ਮਰਿਹੈਂ। ਸੁਰ ਪੁਰਿ ਬਿਖੈ ਪਯਾਨੋ ਕਰਿਹੈਂ।ਜੰਗ ਕਰਨ ਤੇ ਦੋਨਹੁ ਲੋਕ।ਸੁਧਰਤਿ ਹੈਂ,ਤਜਿਦੀਜੈ ਮਨ ਸ਼ੋਕ॥੩੮॥ਤਨੁਜਾ ਦੇਨਿ ਬਿਖੈ ਦੁਖ ਪਾਵੈਂ।ਲੋਕ ਜਾਇ ਪਰਲੋਕ ਗਵਾਵੈਂ। ਜੀਵਨ ਧੰਨ[3] ਤਿਸੀ ਕੋ ਅਹੈ। ਜਗ ਉਸਤਤਿ*,ਮਰਿ ਸੁਰ ਪੁਰਿ ਲਹੈ'॥ ੩੯॥ਅਸ ਮਸਲਤ ਕਰਿ ਦੋਨਹੁ ਭ੍ਰਾਤ। ਬਡੇ ਸੁਭਟ ਚਢਿ ਚਲੇ ਰਿਸਾਤ। ਮਗ ਮਹਿਂ ਲੂਟ ਕੂਟ ਪੁਰਿ ਗ੍ਰਾਮ। ਜਾਇ ਪਹੂੰਚੇ ਅਪਨੇ ਧਾਮ॥੪੦॥ ਗਢ ਚਿਤੌਰ ਆਕੀ ਹੁਇ ਰਹੇ।ਸਗਲ ਬਿਧਿਨਿ ਤਕਰਾਈ ਗਹੇ। ਸੈਨ ਸਕੇਲਿ ਦੁਰਗ ਕਰਿ ਤਯਾਰੀ। ਚਹਿਯ[4] ਵਸਤੁ ਸਭਿ ਅੰਤਰ ਡਾਰੀ ॥ ੪੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੈਮਲ ਫੱਤੇ ਕੋ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥ ੪ ॥

### ੫. [ਅਕਬਰ ਦੀ ਚੜ੍ਹਾਈ ਤੇ ਚਿਤੌੜ ਦਾ ਜੰਗ]।

ਦੋਹਰਾ ॥ ਗਢ ਚਿਤੌਰ ਆਕੀ ਭਏ ਜੈਮਲ ਫੱਤਾ ਭ੍ਰਾਤ। ਸੁਨਿ ਅਕਬਰ ਸਹਿ ਨਹਿਂ ਸਕ੍ਯੋ ਰਿਸ੍ਯੋ ਓਠ ਫਰਕਾਤਿ[5] ॥੧॥ ਚੌਪਈ॥ ਸਭਿ ਸੂਬੇ ਢਿਗ ਜੇ ਉਮਰਾਊ। ਤਿਨ ਦੇਕਰਿ ਨੀਕੇ ਸਿਰੁਪਾਊ। ਰਣ ਸਾਮੱਗਰੀ ਸਕਲ ਦਿਵਾਈ।ਉਚਿਤ ਜਾਨ ਕਰਿ ਦੀਨ ਬਡਾਈ ॥ ੨॥ ਸੈਨ ਸਕੇਲਿ ਦੇਸ਼ ਤੇ ਭਾਰੀ। ਸਾਜ਼ੀ,ਪੈਦਲ, ਗਜ, ਅੰਬਾਰੀ[6]। ਤੋਪ, ਰਹਿਕਲੇ,ਤੁਪਕ,ਜਮੂਰੇ[7]। ਅਤਿ ਉਤਸਾਹ ਭਰੇ†ਉਰ ਸੂਰੇ ॥੩॥ ਤਬਿ ਅਕਬਰ ਸਭਿ ਪੀਰ ਮਨਾਏ। ਭੇਟ ਸ਼ੀਰਨੀ ਦੇ ਅਧਿਕਾਏ। ਚਢੀ ਕਮਾਨ ਬੀਚ ਅਜਮੇਰ‡।ਭਯੋ ਪ੍ਰਸੰਨ ਸ਼ਾਹੁ ਸਮ ਸ਼ੇਰ ॥੪॥ ਗਢ ਚਤੌੜ ਦਿਸ਼ ਕੀਨ ਚਢਾਈ।ਚਢ੍ਯੋ§ਸ਼ਾਹੁ ਬਡ ਬੰਬ ਬਜਾਈ[8]। ਸਨੈ ਸਨੈ ਡੇਰੇ ਕਰਿ ਕੂਚੈ। ਗਢ ਰਿਪੁ ਕੇ ਤਬਿ ਜਾਇ ਪਹੂਚੈ ॥ ੫ ॥ ਲਾਇ ਮੋਰਚੇ ਦੀਨ ਚੁਫੇਰੇ। ਪਰ੍ਯੋ ਜੁੱਧ ਘਮਸਾਨ ਘਨੇਰੇ।

---

[1]ਅਸਚਰਜ। [2]ਸ਼ਸਤ੍ਰ ਮਾਰਕੇ ਫਤੇ। [3]ਧੰਨਤਾ ਯੋਗ। [4]ਲੋੜੀਂਦੀ। [5]ਗੁੱਸਾ ਕੀਤਾ (ਐਸਾ ਕਿ) ਬੁੱਲ੍ਹ ਫੁਰਕਦੇ ਹਨ। [6]ਸਾਜ਼ੀ=ਸਾਜ਼ ਵਾਲੀ, ਜਿਸ ਪਰ ਸਾਜ਼ ਲੱਗੇ ਭਾਵ ਘੋੜ ਚੜ੍ਹੀ ਸੈਨਾ, ਪੈਦਲ=ਪਿਆਦਾ ਫੌਜ। ਗਜ=ਹਾਥੀ ਸੈਨਾ। ਅੰਬਾਰੀ=ਰਥਾਂ ਵਾਲੀ ਸੈਨਾ। [ਫ਼ਾ:, ਅਮਾਰੀ=ਰਥ, ਗੱਡੀ। ਅੰਮਾਰੀ=ਹਾਥੀ ਦਾ ਹੌਦਾ]। [7]ਤੋਪਾਂ ਦੇ ਭੇਦ ਹਨ। ਤੁਪਕ=ਬੰਦੂਕ। [8]ਰਣ ਨਾਦ ਨਾਲ। *ਪਾ:-ਜਗਤ ਸਤੁਤਿ। †ਪਾ:-ਭਏ।

‡ਅਜਮੇਰ ਵਿਚ ਚਿਸ਼ਤੀ ਫਕੀਰਾਂ ਦਾ ਟਿਕਾਣਾ ਹੈ ਜਿਸਨੂੰ ਮੁਗ਼ਲ ਪਾਤਸ਼ਾਹ ਮੰਨਦੇ ਸਨ। ਅਕਸਰ ਪਾਤਸ਼ਾਹ ਜੰਗ ਵੇਲੇ ਏਸ ਮੰਦਰ ਵਿਚ ਕਮਾਨ ਚੜ੍ਹਾਯਾ ਕਰਦੇ ਸਨ। §ਪਾ:-ਚਲ੍ਯੋ।

ਚਲਹਿਂ ਤੋਪ ਜਨੁ ਗਾਜ ਗਜਬ ਕੀ[੧]। ਉਡਹਿਂ ਸੁਰੰਗਨ ਮਾਰ ਅਜਬ ਕੀ[੨]॥੬॥ਤਬਿ ਰਜਪੂਤ ਅਫੀਮ ਚਢਾਇ[੩]।ਮੁਖ ਲਾਲੀ ਮਨ ਕੋਪ ਬਢਾਇ। ਗਹਿ ਸ਼ਮਸ਼ੇਰ ਹੋਇ ਸਮ ਸ਼ੇਰ। ਮਾਰਿ ਮਾਰਿ ਕਰਿ ਪਰੇ ਦਲੇਰ ॥ ੭ ॥ ਦੌਰਿ ਦੌਰਿ ਕਰਵਾਰ ਪ੍ਰਹਾਰੈਂ[੪]। ਬਜਹਿ ਸਰੋਹੀ[੫] ਪਾਰ ਉਤਾਰੈਂ। ਛੁਟਹਿ ਤੁਫੰਗ[੬]ਗਡਹਿਂ ਤਨ ਗੋਰੀ[੭]।ਰੁਧਿਰ ਭੀਜਿ ਜਨੁ ਖੇਲਹਿਂ ਹੋਰੀ॥੮॥ ਪਰਹਿ ਗੁਬਾਰੇ ਦੁਰਗ ਮਝਾਰ। ਏਕ ਵਾਰ ਤੇ ਅਨਿਕ ਸੰਘਾਰ। ਹਲਾ ਹਲੀ ਮਾਚਯੋ ਸੰਗ੍ਰਾਮਾ[੮]।ਮਰਹਿਂਪਰਸਪਰ ਬਜੈਦਮਾਮਾ॥੯॥ਤੁਰਰੀ*ਰਣਸਿੰਘੇਗਣ ਢੋਲਾ।ਪਟਹਿ[੯]ਨਫੀਰਨ[੧੦] ਕੇ ਬਡ ਬੋਲਾ।ਤੋਪ ਰਹਿਕਲੇ ਛੁਟਹਿਂ ਜੰਜੈਲ[੧੧]। ਚਲਹਿਂ ਜਮੂਰੇ[੧੨] ਗੂੰਜਤਿ ਸੈਲ[੧੩] ॥ ੧੦॥ ਭਯੋ ਕੁਲਾਹਲ ਸੂਰਨਿ ਕੇਰਾ। ਉਠਯੋ ਸ਼ਬਦ ਚਹੁ ਦਿਸ਼ਨਿ ਬਡੇਰਾ॥ ਝਟ ਪਟ ਕਟਿ ਕਟਿ ਸੁਭਟ ਲਿਟੇ ਹੈਂ। ਸਟਪਟ ਜੁਟ ਕਰਿ ਰਿਸ ਨ ਮਿਟੇ ਹੈਂ[੧੪] ॥ ੧੧ ॥ ਕਟੇ ਅੰਗ ਲੋਹੂ ਬਹੁ ਚਾਲੇ। ਜੁੱਧ ਖੇਤ ਮਹਿਂ ਗਨ ਮੁਰਛਾਲੇ[੧੫]।ਕੇਤਿਕ ਕੇ ਕਰ ਪਗ ਉਡ ਗਏ।ਗੋਰੇ ਲਗਹਿਂ ਨਹੀਂ ਥਿਤ ਭਏ॥੧੨॥ਕੜਾ ਕੜੀ ਕਰਵਾਰਨਿ ਕਰੀ। ਠਿਲਾ ਠਿਲੀ ਸੇਲਨ, ਸਰ ਸਰੀ[੧੬]। ਹਥਾਵਥੀ ਹਥਿਆਰਨਿ ਹੋਏ[੧੭]। ਸਾਂਗਨਿ ਅੰਗ ਨਿਸੰਗ ਪਰੋਏ[੧੮]†॥੧੩॥ਉਡਹਿ ਬਰੂਦ ਸਾਥ ਨਭ ਮਾਂਹੀ। ਭ੍ਰਮਤਿ ਗਿਰਤਿ ਪ੍ਰਾਨਨ ਬਿਨਸਾਂਹੀ॥ ਲਗੈਂ ਘਾਵ[੧੯] ਸਨਮੁਖ ਮਰਿ ਰਹੈਂ। ਸ਼ੱਤ੍ਰ ਆਇ ਸਨਮੁਖ ਨਹਿਂ ਸਹੈਂ[੨੦]॥੧੪॥ ਹੋਠਨ ਕਾਟਤਿ ਮੂੰਡ[੨੧]ਪਰੇ ਹੈਂ। ਰੁੰਡ[੨੨]ਪਰੇ ਕਰ ਸ਼ਸਤ੍ਰ ਧਰੇ ਹੈਂ। ਆਮਿਖ ਗ੍ਰਿਧ ਬ੍ਰਿਧ ਕੋ ਖਾਵੈਂ।ਜੰਬੁਕ[੨੩] ਤ੍ਰਿਪਤੈਂ ਕੂਕ ਸੁਨਾਵੈਂ॥੧੫॥ਲੋਥਨ ਗਨ ਕੋ ਪੋਥਨ[੨੪]ਕਰੈਂ।ਸ਼ੋਣਿਤ ਖੱਪਰ

---

[੧]ਗਜਬ ਦੀ ਗਰਜ। ਬਿਜਲੀ ਦਾ ਕਹਿਰ। [੨]ਸੁਰੰਗਾਂ ਉਡਦੀਆਂ ਤੇ ਕਹਿਰ ਦੀ ਮਾਰ ਪੈਂਦੀ ਹੈ। [ਅ਼ਜ਼ਾਬ ਦਾ ਅਜਬ ਹੈ। ਯਾ–ਅਜੀਬ ਦਾ ਅਜਬ ਹੈ]ਦੇਖੋ ਇਸੇ ਅੰਸੂ ਦਾ ਅੰਕ ੨੮। [੩]ਖਾ ਕਰਕੇ। [੪]ਤਲਵਾਰਾਂ ਮਾਰਦੇ ਹਨ। [੫]ਤਲਵਾਰ। [੬]ਬੰਦੂਕ। [੭]ਗੋਲੀਆਂ। [੮]ਯੁੱਧ। [੯]ਇਕ ਤਰ੍ਹਾਂ ਦੀ ਦੁੰਦਭੀ। [੧੦]ਤੁਰਹੀ, ਬੰਸਰੀ ਵਰਗੀ। [੧੧]ਤੋਪ ਦੀ ਕਿਸਮ। [੧੨]ਤੋਪ ਦੀ ਕਿਸਮ। [੧੩]ਪਹਾੜ ਗੂੰਜਦੇ ਹਨ। [੧੪]ਜਲਦੀ ਜੁੜ ਗਏ ਗੁੱਸੇ ਨਹੀਂ ਮਿਟੇ। [੧੫]ਬੇਸੁਰਤ ਪਏ। [੧੬]ਬਰਛਿਆਂ ਦੀ (ਹੋਈ), ਬਾਣ ਤੇ ਬਾਣ ਚਲਿਆ। [੧੭]ਹੱਥੋ ਹੱਥੀ ਹਥਿਆਰ ਫੜਕੇ ਜੁੱਟ ਗਏ। [੧੮]ਬਰਛੀਆਂ ਨਾਲ ਅੰਗ ਪਰੋਤੇ ਨਿਸੰਗ ਹੋਕੇ। [੧੯]ਜ਼ਖਮ। [੨੦]ਸ਼ੱਤ੍ਰੂ ਸਾਮ੍ਹਣੇ ਆਵੇ (ਇਹ) ਨਹੀਂ ਸਹਾਰਦੇ। [੨੧](ਵੱਢੇ ਹੋਏ) ਸਿਰ। [੨੨]ਧੜ। [੨੩]ਗਿੱਦੜ। [੨੪]ਢੇਰ।

*ਪਾঃ–ਤੁਰਣੀ। †ਪਾঃ–ਸਾਂਗਨ ਸੰਗ ਨਿਸੰਗ ਪਰੋਏ–ਸਾਂਗਾਂ ਨਾਲ ਨਿਸ਼ੰਕ ਪ੍ਰੋਤੇ ਗਏ।

ਜੋਗਨਿ ਭਰੈਂ।ਨਿਕਸ ਪਰੇ ਭਟ ਜੈਮਲ ਫੱਤਾ। ਬਿਚਰਤਿ ਰਣ ਮਹਿਂ ਜਿਮ ਗਜ ਮੱਤਾ ॥੧੬॥ ਪ੍ਰਿਥਮ ਤੁਫੰਗਨ ਕੀ ਕਰਿ ਮਾਰ। ਬੀਚ ਮੋਰਚੇ ਸੁਭਟ ਸੰਘਾਰਿ। ਇਤ ਤੇ ਚਢੀ ਸ਼ਾਹ ਕੀ ਸੈਨਾ। ਮਿਲੇ ਸਮੁਖ ਮੁਖ ਭਟ ਰਣ ਐਨਾ[1] ॥ ੧੭ ॥ ਚਲਨ ਲਗਯੋ ਤੀਖਨ ਗਨ ਸਾਰ। ਮਾਰਿ ਮਾਰਿ ਕਰਿ ਪਰੇ ਜੁਝਾਰ। ਨਮਸਕਾਰਨੀ ਤੇ ਛੁਟਿ ਗੁਲਕਾਂ[2]। ਜ੍ਵਾਲਾ ਜ੍ਵਲਹਿ ਦਿਪਹਿ ਜਨੁ ਉਲਕਾ[3]॥੧੮॥ਚਹੁੰ ਓਰਨ ਗੋਰਨਿ ਮੁਚਕੰਤੀ[4]।ਜਨੁਓਰਨ ਘੋਰਨ[5] ਬਰਖੰਤੀ। ਉਰ ਫੋਰਨ ਤੋਰਨ ਮੁਖ ਕਰੈਂ[6]।ਡਰ ਹੋਰਨ ਕੋ ਕੋ ਰਨ ਅਰੈਂ[7]। ॥ ੧੯ ॥ ਚਹੁੰ ਦਿਸ਼ ਤੇ ਉਮਡਯੋ ਦਲ ਭਾਰੀ। ਜੈਮਲ ਫੱਤਾ ਘੇਰਿ ਮਝਾਰੀ। 'ਮਾਰਹੁ ਪਕਰਹੁ ਜਾਨ ਨ ਦੈਹੋ'।ਦੌਰਹਿ ਕਹਹਿਂ 'ਰੋਕ ਇਨ ਲੈਹੋ'॥੨੦॥ ਜਬਿ ਰਜਪੂਤ ਰੁਕੇ ਇਸ ਭਾਂਤੀ। ਜੁੱਧ ਕ੍ਰੋਧ ਕਰਿ ਆਂਖਨ ਰਾਤੀ। ਪ੍ਰਿਥਮ ਤੁਫੰਗਨ ਕੀ ਕਰਿ ਮਾਰਿ। ਤੋਮਰ[8]ਸਾਂਗਨਿ[9]ਸੇਲ[10] ਸੰਭਾਰ॥੨੧॥ਪੁਨਿਤਰਵਾਰਨ ਪਰ ਕਰ ਧਰੇ। ਸਨਮੁਖ ਮੁਖ ਕਰਿ ਦੁਹਿਦਿਸ਼ ਭਿਰੇ। ਅੰਗ ਬਿਦੀਰਨਿ[11]ਜੋਧਾ ਭਏ।ਘਾਇਲ ਘੂਮਤਿ ਮੁਰਛਾ ਲਏ॥੨੨॥ਕਟਿ ਕਟਿ ਗਿਰੇ ਸੁਭਟ ਰਣ ਮਾਂਹੀ। ਮਰੇ ਸਮੁਖ ਸੁਰਪੁਰਿ ਕੋ ਜਾਹੀਂ। ਨਹੀਂ ਚਰਨ ਇਕ ਹਟੇ*ਪਿਛਾਰੀ।ਸ਼੍ਰੋਣਿਤ ਬਿਖਰਯੋ ਅਵਨਿਮਝਾਰੀ॥੨੩॥ਮ੍ਰਿਤਕ ਅਨੇਕਪਰੇ ਛਿਤ ਕੀਰਨ[12]।ਕਰ ਪਗ ਕਟਿ ਹੋਏ ਬਿਸਤੀਰਨ। ਆਂਤ੍ਰੈਂ[13] ਕੇਸ ਬਿਸਾਲ ਪਰੇਹੈਂ।ਖੜਗ ਤੁਟੇ ਗਨ ਕਵਚ[14] ਗਿਰੇਹੈਂ॥੨੪॥ਕਹੂੰਤੁਰੰਗ ਮਰੇਧਰਿਪਰੇ। ਕਹੂੰ ਤੁਫੰਗ ਛੂਛੀਅਨ ਧਰੇ।ਤੋਮਰ ਸਾਥ ਬਿਧੇ ਤਨੁ ਕੇਤੇ। ਗੋਰੀਲਗੀਫਟੇ ਉਰਤੇਤੇ॥੨੫॥ ਕਿਤਿਤਰਫਤਿ ਮਾਂਗਤਿ†ਹੈਂਪਾਨੀ। 'ਹਾਇਹਾਇ ਹਤਿ[15]' ਕੂਕਤਿ ਬਾਨੀ। ਜੰਬੁਕ ਮ੍ਰਿਤਕ ਘਸੀਟਤਿ ਕਾਂਹੂ। ਕਾਕ ਗ੍ਰਿੱਧ ਤ੍ਰਿਪਤੇ ਰਣ ਮਾਂਹੂ॥੨੬॥ ਹਲਾਹਲੀ ਮਾਚਯੋ ਸੰਗ੍ਰਾਮ।ਮਰਿ ਮਰਿ ਪਹੁੰਚਤਿ ਭੇ ਜਮ ਧਾਮ।ਇਸ ਪ੍ਰਕਾਰ ਰਣ ਘਾਲਿ ਘਨੇਰੇ।ਹਟਿ ਪ੍ਰਵਿਸ਼ੇ ਨਿਜ ਦੁਰਗ ਬਡੇਰੇ

[1]ਆਮ੍ਹੋ ਸਾਮ੍ਹਣੇ ਹੋਕੇ ਮਿਲੇ ਸੂਰਮੇ ਰਣਭੂਮਕਾ ਵਿਚ। [2]ਬੰਦੂਕਾਂ ਤੋਂ ਛੁਟੀਆਂ ਗੋਲੀਆਂ। [3]ਚੁਆਤੀਆਂ। (ਅ) ਟੁੱਟਦੇ ਤਾਰੇ। [4]ਚਹੁੰਆਂ ਪਾਸਿਆਂ ਤੋਂ ਗੋਲੀਆਂ ਛੁਟਦੀਆਂ ਹਨ। [5]ਗਜੇ ਭਯਾਨਕ (ਅ) ਗੱਜਕੇ (ਬੱਦਲ)। [6]ਛਾਤੀ ਫੋੜਦੀਆਂ ਤੇ ਮੂੰਹ ਤੋੜਦੀਆਂ ਹਨ। [7]ਕੌਣ ਰਣ ਵਿਚ ਅੜੇ। (ਅ) ਕ੍ਰੋੜਾਂ ਅੜੇ। [8]ਨੇਜ਼ੇ। [9]ਬਰਛੇ। [10]ਸੇਲੇ। [11]ਜੋਧਿਆਂ ਦੇ ਅੰਗ ਟੁੱਟੇ। [12]ਖਿੰਡੇ ਹੋਏ [ਸੰਸ:, ਕੀਰ੍ਣ]। (ਅ) ਛਿਤ ਕੀ ਰਨ=ਯੁਧ ਭੂਮਕਾ (ਵਿਚ)। [13]ਆਂਦਰਾਂ। [14]ਸੰਜੋਇ। [15]ਮਾਰੇ ਗਏ। *ਪਾ:-ਟਰੇ। †ਪਾ:-ਮੰਗਤ।

।।੨੭।।ਵਹਿਰ ਤੁਰਕ ਸੈਨਾ ਢੁਕਿ ਨੇਰੇ। ਕਰੇ ਮੋਰਚੇ ਗੜ੍ਹ ਚਉਫੇਰੇ। ਧਹਾ ਧਹੀ[1] ਤੋਪਨਿ ਕੋ ਮਾਰੈਂ।ਉਡਹਿ ਸੁਰੰਗਨਿ ਗਜਬ ਗੁਜ਼ਾਰੈਂ[2]।।੨੮।।ਅੰਤਰ ਤੇ ਗਨ ਤੁਪਕ ਚਲਾਵੈਂ।ਆਵਤਿ ਜਾਤਿ ਅਨਿਕ ਭਟ ਘਾਵੈਂ। ਇਸੀ ਰੀਤ ਨਿਤ ਮਾਚਹਿ ਜੰਗ।ਲਿਟਹਿ ਸੁਭਟ ਜਨੁ ਪਰੇ ਮਲੰਗ।।੨੯।। ਗੋਰੇ ਗੋਰੀ[3] ਬਰਖਾ ਬਰਖਹਿਂ। ਹੋਤਿ ਸ਼ਬਦ ਕਾਇਰ ਉਰ ਧਰਖਹਿਂ। ਉਠਹਿਂ ਪਲੀਤੇ[4] ਦਾਗਹਿ ਤੋੜੇ। ਕੜਕਹਿਂ ਤੜਿਤਾ ਸਮ ਮੁਖ ਮੋੜੇ[5]।।੩੦।। ਕਿਤਿਕ ਦਿਵਸ ਮਹਿਂ ਪੁਨ ਕਰਿ ਤਯਾਰੀ।।ਨਿਕਸੇ ਵਹਿਰ ਭੇੜ ਕਰਿ[6] ਭਾਰੀ। ਮਾਰਨ ਮਰਨ ਸੁਭਟ ਕਰਿ ਸੂਰਿ[7]। ਕਟਿ ਕਟਿ ਅੰਗ ਮਿਲਤਿਹੈਂ ਧੂਰ।।੩੧।।ਲਰਿ ਲਰਿ ਪਚਿ ਪਚਿ ਸ਼੍ਰਮਤ ਸੁ ਹੋਇ। ਕਟਿ ਕਟਿ ਨਿਜ ਦਿਸ਼ ਹਟਿ[8] ਦਲ ਦੋਇ। ਸੰਮਤਿ ਕਿਤਿਕ ਬਿਤੀਤਤਿ ਭਏ। ਨਹੀਂ ਜੁਧ ਕੋ ਮੇਟਨ ਕਏ।।੩੨।।ਬੀਚ ਮੋਰਚਨਿ ਹੋਤਿ ਲਰਾਈ। ਤੋਪ, ਤੁਪਕ, ਜੰਜੈਲ ਚਲਾਈ। ਗੋਲੇ ਗੁਲਕਾਂ ਲਾਗਹਿ ਘਾਇ। ਨਿਤਪ੍ਰਤਿ ਹਤਿ ਹੈਂ ਸੁਭਟ ਰਿਸਾਇ।। ੩੩ ।। ਕਈ ਬਾਰ ਹੇਲਾ ਕਰਿ ਪਰੈਂ। ਦੌਰਿ ਦੌਰਿ ਸਨਮੁਖ ਹੁਇ ਮਰੈਂ। ਜ੍ਵਾਲਾ ਬਮਲੀ[9] ਕਰਿ ਕਰਿ ਤਯਾਰੀ। ਦਾਗਹਿ ਏਕ ਬਾਰ ਭਟ ਮਾਰੀ*।।੩੪।।ਅਨਿਕ ਜਤਨ ਕੋ ਰਚਹਿ ਬਨਾਇ। ਹਤਹਿ ਦੁਰਗ ਕਿਮ ਜੈ ਕੋ ਪਾਇ। ਦੂਹੂੰ ਦਿਸ਼ਨਿ ਕੇ† ਭਟ ਬਹੁ ਮਾਰੇ।ਲਰਹਿਂ ਪਰਸਪਰ ਮਰਹਿਂਜੁਝਾਰੇ।।੩੫।।ਨਿਜ ਨਿਜਪਤਿ[10] ਕੀ ਜੀਤ ਚਹੰਤੇ।ਹੇਤੁ ਜੀਵਕਾ ਲਰਤਿ ਮਰੰਤੇ। ਦੁਹਦਿਸ਼ ਬਜਹਿਂ ਜੁਝਾਊ ਬਾਜੇ[11]। ਕਰਿ ਉਤਸਾਹੁ ਭਿਰਤਿ ਬਡ ਰਾਜੇ ।। ੩੬ ।। ਗਢ ਚਤੌੜ ਕਹੁ ਕਰਿਕੈ ਘੇਰਾ। ਪਰਯੋ ਕਟਕ ਬਡ ਅਕਬਰ ਕੇਰਾ। ਲਰਿ ਬਹੁ ਬਾਰ ਭਏ ਭਟ ਹੇਰੇ।ਸਨੈ ਸਨੈ ਲਰਤੇ ਨਿਜਠੌਰੇ।।੩੭।।ਇਸ ਪ੍ਰਕਾਰ ਘੇਰੇ ਕੋ ਪਾਇ। ਪਰਯੋ ਸ਼ਾਹੁ ਅਕਬਰ ਤਿਸੁ ਥਾਇਂ। ਕਿਤਿਕ ਬਰਖ ਤਹਿ ਬੀਤ ਗਏ ਹੈਂ। ਨਹਿ ਸੰਗ੍ਰਾਮ ਸੁ ਟਿਕਨ ਕਿਯੇਹੈਂ[12]।।੩੮।। ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ

---

[1]ਧਾ ਧਾ ਕਰਕੇ। [2]ਸੁਰੰਗਾਂ ਉਡਦੀਆਂ ਹਨ ਤੇ ਕਹਿਰ ਹੁੰਦਾ ਹੈ, ਦੇਖੋ ਅੰਸੂ ੭. ਅੰਕ ੨੧, ਜਿਥੇ ਦਸਿਆ ਹੈ ਕਿ ਸੁਰੰਗਾਂ ਖੋਦਕੇ (ਬਰੂਦ ਭਰਕੇ) ਉਡਾਈਆਂ। [3]ਗੋਲੇ ਗੋਲੀਆਂ ਦੀ। [4]ਉਹ ਬਲਦੀ ਬੱਤੀ ਜਿਸ ਨਾਲ ਅੱਗ ਦੇਂਦੇ ਹਨ। [5]ਮੂੰਹ ਮੋੜ ਦੇਂਦੇ ਹਨ । [6]ਲੜਾਈ ਕਰਨ ਨੂੰ। [7]ਸੂਰਮਗਤੀ ਕਰਕੇ ਸੂਰਮੇ ਮਾਰਦੇ ਤੇ ਮਰਦੇ ਹਨ। [8]ਹਟੇ। [9]ਬੰਦੂਕਾਂ। [10]ਆਪੋ ਆਪਣੇ ਮਾਲਕ ਦੀ। [11]ਜੰਗ ਦੇ ਵਾਜੇ। [12]ਲੜਾਈ ਤੋਂ ਟਿਕਣਾ ਨਹੀਂ ਕੀਤਾ, ਭਾਵ ਜੰਗ ਛੋੜਿਆ ਨਹੀਂ।

*ਪਾ:–ਭਾਰੀ। †ਪਾ:–ਤੇ।

ਦੁਤਿਯ ਰਾਸੇ 'ਗਢ ਚਤੌਰ ਕੋ ਜੰਗ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥ ੫ ॥

## ੬. [ਅਕਬਰ ਨੂੰ ਇਕ ਸਿੱਖ ਨੇ ਗੁਰੂ ਜੀ ਦੀ ਸੁਧਿ ਦਿੱਤੀ]।

ਦੋਹਰਾ ॥ ਬਹੁਤ ਬਰਖ ਜਬ ਬੀਤ ਗੇ ਅਕਬਰ ਸ਼ਾਹੁ ਬਿਸਾਲ। ਸੋਚਤਿ ਸੋਚਨ ਕੋ ਅਧਿਕ ਕਰਿ ਬਿਚਾਰ ਤਿਸਕਾਲ॥੧॥ ਚੌਪਈ॥ਸਭਿ ਸੂਬੇ ਉਮਰਾਉ ਬੁਲਾਏ॥ਗਨ ਮੰਤ੍ਰੀ ਸੁਨਿ ਕਰਿ ਚਲਿ ਆਏ॥ਮੁਖੀ* ਸੈਨ ਕੇ ਸਕਲ ਹਕਾਰੇ। ਨਿਜ ਸਾਮੀਪ ਕਹਤਿ ਸਤਿਕਾਰੇ॥੨॥ ਜਬਿ ਸਭਿ ਆਏ ਲਗਯੋ ਦਿਵਾਨ। ਉਮੰਰਾਵਨ ਦਿਸ਼ ਦਿਖਿ ਸੁਲਤਾਨ॥ ਕਹਤਿ ਭਯੋ 'ਸੁਨ ਹੋ ਬਚ ਸਾਰੇ॥ਕਰਹੁ ਬਿਚਾਰਨ ਪੁਨਹੁਂ ਉਚਾਰੇ[1] ॥੩॥ਜਬਿ ਦਿੱਲੀ ਤੇ ਚਢੇ ਚਤੌਰ। ਤਬਹਿ ਮਨਾਏ ਸਭਿ ਹੀ ਠੌਰ॥ਜਿਤੇ ਪੀਰ ਸਭਿ ਕੋ ਮੈਂ ਮਾਨਾ॥ਦੀਨ ਸ਼ਰੀਨੀ †ਵਸਤੂ ਨਾਨਾ॥ ੪ ॥ ਸਭਿਹਿਨਿ ਕੀ ਆਗਯਾ ਕਹੁ ਪਾਏ। ਬਿਚ ਅਜਮੇਰ ਕਮਾਨ ਚਢਾਏ॥ ਮੈ ਨਿਜ ਕਾਰਜ ਕੌ ਸਿਧ ਜਾਨਾ। ਕਰਿ ਪੀਰਨ ਪਰ ਸਿਦਕ ਮਹਾਨਾ॥੫॥ਚਢਿ ਚਤੌਰ ਪਰ ਆਯਹੁ ਤਬੈ। ਅਪਨੋ ਦਲ ਸੰਗ ਲੈ ਕਰਿ ਸਬੈ॥ ਇਹਾਂ ਜੰਗ ਜੇਤਾ ਕਛੁ ਭਯੋ॥ਸਕਲ ਬੀਚ ਤੁਮ ਜਾਨਿ ਸੁ ਲਯੋ॥੬॥ ਅਨਿਕ ਜਤਨ ਕਰਿ ਕੀਨਿ‡ਲਰਾਈ॥ ਜੋਧਾ ਮਰੇ ਬ੍ਰਿੰਦ ਦੁਹਧਾਈ[2]। ਬਰਖ ਕਿਤੇ ਬੀਤੇ ਇਸ ਥਾਨ। ਖਰਚ ਖਜ਼ਾਨਾ ਭਯੋ ਮਹਾਨ ॥੭॥ ਬਹੁਤੇ ਸੁਭਟ ਰਹੇ ਰਨ ਠੌਰ। ਬਿਦਤ ਜੁੱਧ ਭਾ ਸਭਿ ਮਹਿਂ ਗੌਰ[3]। ਚਾਰਹੁਂ ਦਿਸ਼ਾ ਬਿਖੈ ਸੁਨਿ ਗਯੋ[4]।-ਸ਼ਾਹ ਚਤੌਰ ਸੰਗ ਰਣ ਭਯੋ-॥੮॥ਬਿਨ ਮਾਰੇ ਜੇ ਉਠਿ ਅਬਿ ਚਾਲੋ॥ਹੋਤਿ ਉਪੱਦ੍ਰਵ ਹਨਹਿਂ ਬਿਸਾਲੋ॥ਅਨਿਕ ਸੂਰ ਰਾਜੇ ਮੈਂ ਦਲੇ। ਸੋ ਸਭਿ ਮਿਲ ਕਰਿ ਹੋਵਹਿਂ ਖਲੇ॥੯॥ਆਕੀ ਹੋਇ ਜੰਗ ਕੋ ਚਾਹੈਂ। ਬਿਗਰ ਜਾਇਂ, ਨਹਿਂ ਮਿਲਨ ਉਮਾਹੈਂ। ਹਤਹਿਂ ਚਤੌਰ ਰਹਹਿ ਪਤਿ ਮੇਰੀ॥ ਪਤਿਸ਼ਾਹਿਤ ਤਬਿ ਬਧਹਿ ਬਧੇਰੀ ॥ ੧੦॥ ਜੇ ਗਢ ਨਹਿਂ ਟੂਟਹਿ ਹਟਿ ਜਾਹਿਂ। ਅਨਿਕ ਥਾਨ ਤਬਿ ਜੰਗ ਮਚਾਹਿਂ॥ਭਲੇ ਚਢੇ ਨਿਜ ਕਾਜ ਸੁਧਾਰਨਿ॥ਪੂਰਬ ਕੋ ਭੀ ਕੀਨਿ ਬਿਗਾਰਨ ॥੧੧॥ ਤੁਮਰੇ ਮਹਿਂ ਬੁਧਿਵਾਨ ਮਹਾਂਨ। ਕਹਹੁ ਉਪਾਵ ਹੋਹਿ ਗਢ ਹਾਨ[5]। ਜੋ ਇਹੁ ਕਾਜ ਸੁਧਾਰਹਿ ਮੇਰਾ॥ ਤਿਸਤੇ ਅਪਰ ਭੁਲਾ ਨਹਿਂ ਹੇਰਾ ॥੧੨॥ ਸਭ ਮਹਿਂ ਬ੍ਰਿਧਹਿ[6] ਸੁ ਮੋਹਿ ਅਗਾਰੀ। ਤਿਸਕੀ ਆਨ ਮਾਨਿ ਹੌਂ ਭਾਰੀ॥ਬਡ ਸੰਕਟ ਇਹੁ ਗਢ ਕੋ ਪਰਯੋ॥ਟੂਟਯੋ ਨਹੀਂ ਜੁਧ

[1]ਤੇ ਫੇਰ ਕਹੋ। [2]ਦੋਹਾਂ ਪਾਸਿਆਂ ਦੇ। [3]ਭਾਰੀ। [4]ਸੁਣਿਆ ਗਿਆ ਹੈ। [5]ਕਿਲ੍ਹਾ ਢੱਠੇ। [6]ਵਧੇਗਾ।
*ਪਾਠ—ਮੁੱਖਜ। †ਪਾਠ—ਸੀਰਨੀ। ‡ਪਾਠ—ਅਨਿਕ।

ਬਡ ਕਰਯੋ ॥੧੩॥ ਭੇਦ ਨਹੀ[1]ਰਜਪੂਤਨ ਮਾਂਹਿ। ਅਪਰ ਉਪਾਉ ਬਨਹਿ ਕੋ ਨਾਂਹਿ।ਪੀਰ ਫਕੀਰ ਅਪਰ ਜੇ ਕੋਈ। ਜਿਸ ਕੋ ਕਹਨੋ ਬਾਕ ਫੁਰਿ ਹੋਈ ॥੧੪॥ਸੋ ਖੋਜਹੁ ਚਾਰਹੁੰ ਦਿਸ਼ ਮਾਂਹਿ। ਜਹਾਂ ਸੁਨਹੁ ਪਰਖਹੁ ਤਹਿੰ ਜਾਹਿ*। ਜਿਮ ਪ੍ਰਸੰਨ ਹੁਇ ਕਰੁਨਾ ਕਰਈ। ਮੈਂ ਸਭਿ ਜੁਤਿ ਤਿਸਕੇ ਅਨੁਸਰਈ॥ ੧੫॥ਐਸੋ ਖੋਜ ਬਤਾਵਹਿ ਮੋਹੀ।ਅਧਿਕ ਹਿਤੂ ਤਿਹ ਸਮਨਹਿੰ ਹੋਹੀ। ਇਸ ਸੰਦੇਹ ਗਰਤ ਮਹਿੰ ਗਿਰਯੋ। ਕਰਹਿ ਨਿਕਾਸਨ ਜੋ ਹਿਤ ਭਰਯੋ' ॥੧੬॥ ਇਮ ਸੁਨਿਕੈ ਸਭਿ ਲਗੇ ਬਿਚਾਰਨ ।-ਅਸ ਪੂਰਨਕੋ[2]ਕਰਹਿਨਿਹਾਰਨ[3]-। ਕਿਸ ਹੂੰ ਨੇ ਕੋ ਪੀਰ ਬਤਾਵਾ।ਨਹਿੰਪਸੰਦ ਅਕਬਰਕੀ ਆਵਾ॥੧੭॥ ਕਹਨ ਲਗਾਨੈ 'ਇਸ ਤੇ ਭਿ ਬਡੇਰੇ। ਪ੍ਰਿਥਮ ਮਨਾਏ ਪੀਰ ਘਨੇਰੇ। ਕਿਸਹੂੰ ਤੇ ਨ ਸਰਯੋ ਮਮ ਕਾਮੂ। ਭਏ ਨਿਫਲ ਖਰਚੇ ਬਹੁ ਦਾਮੂ'॥੧੮॥ ਗੁਰਘਰ ਕੋ ਇਕ ਸਿੱਖ ਮਹਾਨਾ†।ਸ਼ਾਹੁ ਬਾਕ ਤਿਨ ਭੀ ਸੁਨਿ ਕਾਨਾ। ਸਹਤਿ ਸੰਦੇਹੁ[4] ਕਹਿਨ ਕੋ ਹੋਇ।-ਇਹੁ ਹੈ ਤੁਰਕ ਸ਼ੁਧਾਲੁ ਨ ਕੋਇ[5] ॥ ੧੯ ॥ ਗੁਰ ਘਰ ਪਰ ਕਿਮਿ ਸਿਦਕ ਧਰੇ ਹੈ।ਰਿਦੇ ਨੰਮ੍ਰਿ ਕਿਮ ਸੀਸ ਕਰੇਹੈ।ਗੁਰਕੋ ਨਿਮਹਿ ਪਾਇ ਬਡਿਆਈ।ਗੁਰਕੋ ਨਿਮਹਿ ਸੁ ਇੱਛ ਪੁਰਾਈ-॥੨੦॥ਏਵ ਬਿਚਾਰ ਏਕ ਦਿਨ ਰਾਤਿ।ਪੁਨਿ ਨਿਸ਼ਚੈ ਚਿਤ ਕੀਨਸਿ ਬਾਤ।-ਏਕਬਾਰ ਮੈਂ ਇਸ ਕੋ ਕਹੌਂ। ਸਤਿਗੁਰ ਕੋ ਪ੍ਰਤਾਪ ਜਸ ਲਹੌਂ[6] ॥੨੧॥ ਇਸਕੇ ਭਲੇ ਭਾਗ ਲੇ ਮਾਨ:ਨਾਂਹਿਤ ਪਾਵੈ ਕਸ਼ਟਮਹਾਂਨ-।ਇਮਿਬਿਚਾਰਕੇ ਚਿਤ ਦ੍ਰਿੜ ਕਰਿਕੇ ।ਗਯੋ ਸ਼ਾਹੁ ਢਿਗ ਖਰੋਨਿਹਰਿਕੈ॥੨੨॥ਕਰ ਤਸਲੀਮ[7] ਸਮੁਖ ਕਰਿ ਨੈਨ।

[1]ਪਾਟਕ ਨਹੀਂ ਹੈ। [2]ਐਸਾ ਪੂਰਾ ਕੌਣ ਹੈ। [3](ਉਸਨੂੰ) ਲੱਭੀਏ। [4](ਮਤਾਂ ਮੰਨੇ ਕਿ ਨਾ ਮੰਨੇ) ਇਸ ਸੰਸੇ ਸਹਤ ਕਹਣ ਲਈ (ਉੱਦਤ) ਹੋਯਾ। [5]ਸ਼ਰਧਾ ਵਾਲਾ ਨਹੀਂ ਹੈ। [6]ਜੈਸਾ ਮੈਂ ਜਾਣਦਾ ਹਾਂ। [7]ਸਲਾਮ। *ਪਾ:-ਜਹਾਂ ਸੁਨਹੁ ਤਹਾਂ ਹੀ ਜਾਹਿ।

†ਮਹਿਮਾ ਪ੍ਰਕਾਸ਼ ਵਿਚ ਇਹ ਗੱਲ ਨਹੀਂ ਲਿਖੀ ਕਿ ਕਿਸੇ ਸਿੱਖ ਨੇ ਅਕਬਰ ਨੂੰ ਪ੍ਰੇਰਨਾ ਕੀਤੀ, ਤੇ ਖਾ: ਤਵਾ: ਲਿਖਦੀ ਹੈ ਕਿ ਦੋ ਸਰਦਾਰਾਂ ਤਾਹਰਬੇਗ ਖਾਂ ਸੂਬਾ ਲਾਹੌਰ ਤੇ ਟੋਡਰ ਮੱਲ ਦੀਵਾਨ ਨੇ ਸਲਾਹ ਦਿੱਤੀ। ਮਹਿਮਾ ਪ੍ਰਕਾਸ਼ ਲਿਖਦਾ ਹੈ ਕਿ ਪਾਤਸ਼ਾਹ ਨੇ ਆਪ ਹੀ ਚੇਤੇ ਕੀਤਾ। ਦੂਸਰੀ ਗੱਲ ਮਹਿਮਾ ਪ੍ਰਕਾਸ਼ ਵਿਚੋਂ ਸਪਸ਼ਟ ਹੈ ਕਿ ਸਤਿਗੁਰ ਨੇ ਚਤੌੜ ਫਤਹਿ ਹੋਣ ਦਾ ਵਰ ਨਹੀਂ ਦਿੱਤਾ। ਕੇਵਲ ਇਹ ਕਿਹਾ ਹੈ:-'ਜਬ ਟੂਟੇ ਗੜ੍ਹ ਫਤਹਿ ਹੋਇ ਜਾਇ' ਕਿ ਜਦੋਂ ਬਾਵਲੀ ਦਾ ਕੜ ਟੁੱਟਣਾ ਹੈ ਓਦੋਂ ਕਿਲਾ ਟੁੱਟਣਾ ਹੈ। ਇਸਦਾ ਮਤਲਬ ਇਹ ਨਿਕਲਦਾ ਹੈ ਕਿ ਸਤਿਗੁਰ ਨੇ ਇਕ ਹੋਣਹਾਰ ਨੂੰ ਜਿਸਦਾ ਹੋਰ ਜੀਵਾਂ ਨੂੰ ਪਤਾ ਨਹੀਂ ਅਗੰਮ ਵਾਚ ਕੇ ਪਹਿਲੋਂ ਸਮਾਂ ਦੱਸਿਆ ਹੈ, ਵਰ ਸ੍ਰਾਪ ਕੁਛ ਨਹੀਂ ਦਿੱਤਾ। ਵਿਸ਼ੇਸ਼ ਲਈ ਦੇਖੋ ਪੰਨਾ ੧੬੭੩ ਦੀ ਟੂਕ†।

'ਸ਼ਾਹਨਸ਼ਾਹ ! ਸੁਨਹੁ ਮਮ ਬੈਨ। ਨਿਮਕ ਤੁਮਾਰੋ ਹਮ ਨਿਤ ਖਾਤਿ। ਭਲੋ ਚਹਤਿ ਹੈਂ ਚਿਤ ਦਿਨ ਰਾਤਿ ॥੨੩॥ ਜਗ ਗੁਰ ਨਾਨਕ ਪ੍ਰਥਮ ਭਏ ਹੈਂ। ਸਭਿਹਿਨਿ ਸ਼ੁਭ ਉਪਦੇਸ਼ ਦਏ ਹੈਂ।ਹਿੰਦੂ ਤੁਰਕ ਦੁਊ ਜਿਸ ਮਾਨਹਿ। ਗੁਰੂ ਪੀਰ ਜਿਸ ਨਾਮ ਬਖਾਨਹਿ ॥੨੪॥ ਅਜ਼ਮਤਿ ਮੈਂ ਪੂਰਨਿ ਸਭਿ ਭਾਂਤੀ। ਜਿਸ ਕੇ ਸਮਸਰ ਨਹਿ ਕਿਸੁ ਬਾਤੀ। ਕਰਾਮਾਤ ਸਭਿ ਥਾਨ ਲਗਾਈ। ਪੀਰ ਮੀਰ ਨੰਮ੍ਰ ਅਗੁਵਾਈ[1] ॥ ੨੫ ॥ ਜ਼ਾਹਰ ਸਭਿ ਜਹਾਨ ਮਹਿ ਹੋਵਾ। ਜਿਨ ਕੇ ਸਨਮੁਖ ਕੋ ਨ ਖਰੋਵਾ। ਬਾਬਰ ਸ਼ਾਹੁ ਜੁ ਬਡੋ ਤੁਮਾਰੋ। ਤਿਨ ਬਖਸ਼ਯੋ ਇਹੁ ਪਦ ਜੁ ਉਦਾਰੋ ॥ ੨੬ ॥ ਜਨਮਤਿ ਹੀ ਅਜ਼ਮਤਿ ਅਤਿ ਧਾਰੀ। ਸੁਪਤਿ ਛਾਂਵ ਕਿਯ ਫਣ ਬਿਸਤਾਰੀ[2]। ਮਹਿਖਨ[3] ਚਰਿਕੈ ਖੇਤ ਉਜਾਰਾ।ਛਿਨ ਮਹਿ ਕਿਯ ਹਰਿਆਵਲ ਸਾਰਾ ॥੨੭॥ ਅਨਿਕ ਮ੍ਰਿਤਕ ਭੀ ਕਰੇ ਜਿਵਾਵਨ। ਜਹਿਂ ਤਹਿਂ ਬਿਚਰੇ ਜਸੁ ਅਤਿ ਪਾਵਨ। ਕਰਾਮਾਤ ਧਾਰੀ ਜਗ ਜੇਤੇ। ਗੋਰਖ ਆਦਿਕ ਸਿਧ ਗਨ ਕੇਤੇ ॥੨੮॥ ਤੁਰਕਨ ਬਿਖੈ ਪੀਰ ਅਜ਼ਮਤੀ। ਮਤੀ* ਬਿਲੰਦ, ਦ੍ਵੈਤ ਚਿਤ ਹਤੀ। [illegible]ਸ[4] ਆਦਿ ਜਿਨਹੁੰ ਦਿਨ ਨਾਥ[5]।ਤਰੈ ਉਤਾਰਯੋ ਬੋਲਨ ਸਾਥ[6]॥੨੯॥ਸ਼੍ਰੀ ਗੁ[illegible] ਸਭਿ ਸੋਂ ਚਰਚਾ ਕਰੇ। ਅਜ਼ਮਤ ਕੋ ਦਿਖਾਇ ਕਰਿ ਤਰੇ[7]†। ਕੇਤਿਕ ਗਿਨੀਏਂ ਜਗਤ ਮਝਾਰੇ।ਦਰਸ਼ਨ ਦੇ ਕਰਿ ਨਰ‡ਨਿਸਤਾਰੇ ॥੩੦॥ ਖਲਕ ਬਿਖੈ ਅਸ ਠੌਰ ਨ ਕੋਈ।ਸ਼੍ਰੀ ਨਾਨਕ ਕੋ ਲਖੈ ਨ ਜੋਈ। ਜਿਨ ਕੇ ਹਿੰਦੂ ਤੁਰਕ ਸਮਾਨ। ਮੋਖ ਪੰਥ ਉਪਦੇਸ਼ਤਿ ਦਾਨ ॥੩੧॥ ਕਹੌਂ ਕਹਾਂ ਲਗ ਤਿਨ ਕੀ ਕੀਰਤਿ। ਬਿਦਤਿ ਜਗਤ ਸਗਰੇ ਬਿਸਤੀਰਤਿ। ਰਾਵਰ ਕੇ ਸਮੀਪ ਉਮਰਾਵ। ਬੂਝਿ ਪਿਖਹੁ ਸਭਿ ਲਖੈਂ ਪ੍ਰਭਾਵ॥੩੨॥ਤੇ ਬੈਕੁੰਠ ਲੋਕ ਜਬਿ ਗਏ। ਗਾਦੀ ਪਰ ਗੁਰ ਅੰਗਦ ਥਿਏ। ਮਨ ਇੰਦ੍ਰੇ ਕੋ ਜੀਤਨ ਹਾਰੇ। ਹਾਰੇ ਸ਼ੱਤ੍ਰ ਜਿਨਹੁ ਅਗਾਰੇ ॥੩੩॥ ਅਤਿ ਗੰਭੀਰ ਧੀਰ ਧਰਮਾਤਮਾ।ਕੋ ਕਹਿ ਸਕਿਹੈ ਤਿਨਹੁ ਮਹਾਤਮਾ। ਕਰਾਮਾਤ ਸ਼੍ਰੀ ਨਾਨਕ ਕੇਰੀ। ਲਈ ਛਪਾਇ ਨਹੀਂ ਕਿਨ ਹੇਰੀ ॥ ੩੪ ॥ ਅਪਨ ਸਥਾਨ ਥਾਪ ਕੈ ਆਪ। ਜ਼ਾਹਰ ਕਰਿ ਜਹਾਨ ਪਰਤਾਪ। ਦੇਵਲੋਕ ਮਹਿਂ ਗਏ ਗੁਸਾਈਂ। ਗਾਦੀ ਪਰ ਤਿਨ ਤੇ ਪਿਛਵਾਈ ॥੩੫॥

[1]ਅੱਗੇ ਝੁਕੇ। [2]ਸੁੱਤਿਆਂ ਤੇ ਛਾਂ ਕੀਤੀ (ਸੱਪ ਨੇ) ਫਣ ਨੂੰ ਫੈਲਾਕੇ। [3]ਮੱਝੀਆਂ ਨੇ। [4]ਸ਼ੱਮਸ ਤਬਰੇਜ਼। [5]ਸੂਰਜ। [6]ਕਹਿਨ ਨਾਲ ਹੀ। [7]ਨੀਵੇਂ ਕੀਤੇ। *ਪਾ:—ਅਤੀ।

†ਵਿਚਾਰ ਲਈ ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰ੍ਧ ਅੱਧਯਾਯ ੩੭। ‡ਪਾ:—ਜਗ।

ਅਮਰਦਾਸ ਹੈ ਤ੍ਰਿਤੀਓ ਰੂਪ। ਬੈਸ ਬ੍ਰਿੱਧ ਮੁਖ ਜੋਤਿ ਅਨੂਪ। ਜਿਨਹੁੰ ਪ੍ਰਤੱਗਜ਼ਾ ਅਚਰਜ ਕਰੀ।–ਆਇ ਬਸਹਿ ਜੋ ਹਮਰੀ ਪੁਰੀ ॥੩੬॥ ਦੇਖਤਿ ਮਾਤ ਪਿਤਾ ਕੇ ਤਾਤ। ਮਰਹਿਂ ਨਹੀਂ ਜੀਵਹਿਂ ਕੁਸ਼ਰਾਤ[1]–। ਕਰਾਮਾਤ ਇੱਤਯਾਦਿ* ਅਨੇਕ। ਬਿਦਤਿ ਜਗਤ ਮਹਿਂ ਸਹਤ ਬਿਬੇਕ॥੩੭॥ਆਗੈ† ਥਿਤਿ ਨਿਤਿ ਰਿਧਿ, ਸਿਧਿ,ਨਿੱਧਾਮੁਖ ਕੋ ਦੇਖਹਿਂ ਸਕਲ ਸਮ੍ਰਿੱਧਿ[2]। ਜਨ ਅਨੇਕ ਜਿਨ ਕੀਨ ਨਿਹਾਲ। ਕਹੈਂ ਜੁ ਮੁਖ,ਹੁਇ ਸੋ ਤਤਕਾਲ' ॥ ੩੮ ॥ ਸੁਨ ਕਰਿ ਅਕਬਰ ਅਚਰਜ ਮਾਨਾ। ਰਿਦੈ ਚਾਹਿ ਕਰਿ ਬਾਕ ਬਖਾਨਾ। 'ਕੌਨ ਦੇਸ਼ ਪੁਰਿ ਕੌਨ ਸਥਾਨਾ?। ਨੇਰੇ ਕਿਧੌਂ ਦੂਰ ਪਰਮਾਨਾ? ॥ ੩੯ ॥ ਤਿਨ ਤੇ ਬਰ ਲੇਵਨ ਕੇ ਕਾਰਨ।ਗੁਰ ਸੇਵਕ! ਤੁਮ ਕਰੋ ਉਚਾਰਨ'।ਸੁਨਿ ਕੈ ਹਾਥ ਜੋਰਿ ਗੁਰਦਾਸ।ਕਹਤਿ ਭਯੋ ਅਕਬਰ ਕੇ ਪਾਸ॥੪੦॥ 'ਸ਼ਾਹਨ-ਸ਼ਾਹ ਸੁਨਹੁ,ਇਸ ਥਲ ਤੇ।ਅਹੈ ਦੂਰ ਬਹੁ,ਮਾਰਗ ਚਲਤੇ। ਰਾਵਰ ਕੋ ਨ ਬਨਹਿਂ ਅਬਿ ਜਾਨੋ।ਦਿੱਲੀ ਪੁਰਿ ਤੇ ਨਿਕਟ ਸੁ ਜਾਨੋ॥੪੧॥ਲਵਪੁਰਿ ਕੇ‡ ਹੈ ਬਹੁਤ ਸਮੀਪ। ਨਦੀ ਬਿਪਾਸਾ, ਹੇ ਅਵਨੀਪ!। ਗੋਇੰਦਵਾਲ ਤੀਰ ਤਿਸੁ ਅਹੈ। ਅਮਰਦਾਸ ਗੁਰ ਤਿਹ ਠਾਂ ਰਹੈ ॥ ੪੨ ॥ ਅਬਹਿ ਮਾਤਬਰ[3] ਰਾਵਰ ਕੇਰ! ਪਹੁੰਚਹਿ ਤਿਨ ਢਿਗ ਕਰਹਿ ਅਦੇਰ[4]। ਅਨਿਕ ਉਪਾਇਨ ਕੋ ਲੈ ਜਾਇ। ਤੁਮਰੀ ਦਿਸ਼ ਤੇ ਬਿਨੈ ਸੁਨਾਇ॥੪੩॥ਸ਼ਰਧਾਲੂ ਹੁਇ ਭਾਵ ਮਹਾਂਨਾ[5]। ਅਰਜ਼ ਗੁਜ਼ਾਰਹਿ ਗਰਜ ਸੁਜਾਨਾ[6]§। ਤਬਿ ਜੋ ਕਰਹਿਂ ਬਾਕ ਗੁਰ ਪੂਰੇ।ਪੂਰਨ ਹੋਇਂ ਜ਼ਰੂਰ ਜ਼ਰੂਰੇ ॥ ੪੪ ॥ ਜਬਹਿ ਪਠਾਵਨ ਕਰਿ ਹੋ ਕੋਇ। ਤਬਿ ਤੁਮ ਹਾਥ ਜੋਰਿ ਕੈ ਦੋਇ। ਸ੍ਰੀ ਗੁਰ ਅਮਰਦਾਸੁ ਲੇ ਨਾਮ। ਮੁਖ ਸਨਮੁਖ ਕਰਿਕੈ ਤਿਨ ਧਾਮ ॥ ੪੫ ॥ ਅਪਨੋ ਕਾਜ ਚਿਤਵ ਕਰਿ ਮਨ ਮੈਂ। ਤਸਲੀਮਾਤ[7] ਕਰਿਹੁ ਤਿਸੁ ਛਿਨ ਮੈਂ। ਕਰਹੁ ਆਜ ਤੇ ਐਸੀ ਬਾਤ। ਗਮਨੈ ਮਾਰਗ ਦਿਨ ਅਰੁ ਰਾਤਿ॥ ੪੬ ॥ ਜਾਚਹਿ ਜਬਹਿ ਜਾਇ ਕਰਿ ਜੋਇ। ਨਿਸ਼ਚੈ ਕਾਰਜ ਤੁਮਰੋ ਹੋਇ। ਪੁਨ ਆਗੈ[8] ਸਤਿਗੁਰੂ ਮਨਾ-ਵਹੁ।ਮਨ ਬਾਂਛਤਿ ਫਲ ਤਿਨ ਤੇ ਪਾਵਹੁ'॥੪੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਖ ਵਾਕ ਅਕਬਰ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥ ੬ ॥

---

[1]ਸੁਖ ਅਨੰਦ ਦੇ ਨਾਲ। [2]ਵਿਭੂਤੀਆਂ। [3]ਇਤਬਾਰ ਵਾਲਾ। [4]ਦੇਰ ਨਾ ਕਰੇ। [5]ਬੜੇ ਪ੍ਰੇਮ ਨਾਲ। [6](ਉਹ) ਸੁਜਾਨ ਗਰਜ ਸੁਨਾਵੇ। [7]ਅਦਬ ਨਾਲ ਸਲਾਮ। [8]ਫਿਰ ਅਗੋਂ ਨੂੰ।

*ਪਾ:–ਇਸ ਆਦਿ। †ਪਾ:–ਅੱਗ੍ਰੈ। ‡ਪਾ:–ਤੇ। §ਪਾ:–ਗੁਰ ਜਸ ਜਾਨਾ।

## ੭. [ਗਾੜ੍ਹ ਦੀ ਜੈ ਦਾ ਵਾਕ ਹੋਣਾ]।

ਦੋਹਰਾ ॥ ਸੁਨਿ ਅਕਬਰ ਸ਼ਰਧਾ ਧਰੀ ਕਹਿਨ ਲਗ੍ਯੋ ਸਭਿ ਮਾਂਹਿ । 'ਮੱਕੇ ਤੇ ਹਾਜੀ ਅਏ ਅਪਰ ਮੁਜਾਵਰ ਆਹਿ[1]*॥੧॥ਚੌਪਈ॥ ਤਿਨਹੁੰ ਮੋਹਿ ਢਿਗ ਕਹੀ ਸੁਨਾਇ।—ਸ੍ਰੀ ਨਾਨਕ ਪਹੁੰਚੇ ਤਿਸੁ ਥਾਇ।ਤਹਿਂ ਮਕਾਨ ਕੀ ਦਿਸ਼ ਕਰਿ ਚਰਨ । ਸੁਪਤੇ ਨਿਸਾ ਪਰੇ ਢਿਗ ਧਰਨਿ[2]॥੨॥ ਜੀਵਨ ਗਯੋ ਮੁਜਾ-ਵਰ ਹੇਰਿ।ਕਹੇ ਕ੍ਰੂਰ ਬਚ ਗਹਿ ਕਰਿ ਪੈਰ । ਕਰੇ ਘਸੀਟਨ ਤਹਿਂ ਤੇ ਜਬੈ। ਦਰ ਮਕਾਨ[3] ਤਿੰਸ ਦਿਸ਼ ਭਾ ਤਬੈ—॥੩॥ਮੁਸਲਮਾਨਭੀ ਮਾਨਹਿਂ ਤਿਨ ਕੋ। ਇਕ ਸਮ ਜਸ ਬਰ੍ਯਾਪ੍ਯੋ ਜਗੁ ਜਿਨ ਕੋ।ਤਿਨ ਤੇ ਮੈਂ ਅਬਿ ਹੋਇ ਸਨਾਥ[4]। ਕਾਰਜ ਪੁਰਵੋਂ ਧਰਿ ਪਗ ਮਾਥ'॥੪॥ ਇਮ ਕਹਿ ਤਯਾਰ ਕੀਨ ਬੁਧਿਵਾਨ। ਪਢ੍ਯੋ ਪਾਰਸੀ ਇਲਮ ਮਹਾਂਨ । ਨਿਤਿ ਸਤਿਸੰਗੀ,ਮਾਧੁਰ ਕਹੈ । ਬਿਮਲ ਰਿਦਾ ਜੋ ਸਭਿ ਬਿਧਿ ਲਹੈ ॥੫॥ ਸਾਥ ਉਪਾਇਨ ਉੱਤਮ ਦੀਨਸਿ। ਜ਼ਰੀ ਵਸਤ੍ਰ ਪਸ਼ਮੰਬਰ ਲੀਨਸਿ । ਇੱਤ੍ਯਾਦਿਕ ਲੇ ਦਰਬ ਘਨੇਰਾ।ਚਲ੍ਯੋ ਗੁਰੂ ਦਿਸ਼ ਭਾਵ ਬਡੇਰਾ॥੬॥ ਪੁਨ ਅਕਬਰ ਨੇ ਸਿੱਖ ਸੋਂ ਕਹ੍ਯੋ। 'ਗੁਰੂ ਬ੍ਰਿਤਾਂਤ ਸਰਬ ਤੈਂ ਲਹ੍ਯੋ।ਤੂੰ ਭੀ ਗਮਨਹੁਂ ਇਸ ਕੇ ਸਾਥ।ਮਮਦਿਸ਼ ਤੇ ਟੇਕਹੁ ਪਗ ਮਾਥ ॥੭॥ ਜਥਾ ਬਚਨ ਸ੍ਰੀ ਮੁਖ ਤੇ ਕਹੈਂ । ਤੁਮ ਸੰਗ ਬਹੁਤ ਸਾਂਢਨੀ[5] ਅਹੈਂ । ਅਤਿਸ਼ੈ ਤੁਰਤ ਪਠਾਵਹੁ ਸੁਧਿ ਕੋ[6] । ਸੇਵਹੁ ਸਤਿਗੁਰ ਕਰਿ ਸੁਧਿ ਬੁਧਿ ਕੋ[7]' ॥ ੮ ॥ ਅਕਬਰ ਤੇ ਰੁਖਸਦ ਹੁਇ ਚਲੇ । ਕਰਤਿ ਉਤਾਇਲ ਮਾਰਗ ਢਲੇ । ਲਘੁ ਬਿਸਰਾਮ ਗਮਨੈਂ ਦੂਰ[8]।ਜਾਇ ਪਹੂੰਚੇ ਗੁਰੂ ਹਜ਼ੂਰ ॥੯॥ ਗੋਇੰਦਵਾਲ ਸਿਵਰ ਕਰਿ ਦੀ[illegible] ਸਗਰੀ ਭੇਟ ਹਾਥ ਧਰਿ ਲੀਨਿ । ਸ੍ਰੀ ਗੁਰ ਅਮਰਦਾਸ ਨਿਜ ਥਾਇੰ । ਬਡੀ ਬਾਪਿਕਾ ਕਹੁ ਬਨਵਾਇੰ॥੧੦॥ ਬੈਠਹਿਂ ਆਪ ਜਾਇ ਕਰਿ ਤਹਾਂ। ਸ਼ਿਲਪੀ[9] ਕਾਰ ਸਵਾਰਹਿ ਜਹਾਂ। ਸ੍ਰੀ ਮੁਖ ਤੇ ਫੁਰਮਾਵਹਿਂ ਜਯੋਂ ਜਯੋਂ । ਬਯੋਂਤ ਬਨਾਵਹਿ ਸਿਲਪੀ ਤਯੋਂ ਤਯੋਂ॥ ੧੧ ॥ ਅਨਿਕ ਜਤਨ ਕੋ ਕਰਤੇ ਅਹੈਂ। ਮਨੁਜ ਸੈਂਕਰੇ ਨਿਸ ਦਿਨ ਰਹੈਂ। ਹੋਈ ਰਹਤਿ ਭੀਰ ਚਹੁੰਫੇਰੇ।ਘਨੇ ਮਿਹਨਤੀ,ਸਿੱਖਘਨੇਰੇ॥੧੨॥ਅਨਿਕ ਦੇਸ਼ ਤੇ ਸੰਗਤਿ ਆਵੈ।ਦਰਸ਼ਨ ਦਰਸ ਕਾਮਨਾ ਪਾਵੈ।ਤਿਸੁ ਦਿਨ ਭੋਰ ਹੋਤਿ ਜਬਿ

[1]ਪੁਜਾਰੀ ਹੈਸਨ। [2]ਰਾਤ ਪਈ ਤੇ ਧਰਤੀ ਤੇ ਸੁੱਤੇ। [3]ਕਾਅਬੇ ਦਾ ਬੂਹਾ। [4]ਨਿਹਾਲ। [5]ਊਠਣੀਆਂ। [6]ਮੈਨੂੰ ਖਬਰ ਅਤੀ ਛੇਤੀ ਘੱਲੋ। [7]ਕਰਕੇ ਬੁੱਧੀ ਪਵਿੱਤ੍ਰ। [8]ਥੋੜਾ ਅਰਾਮ ਕਰਦੇ ਹਨ ਅਤੇ ਦੂਰ ਚਲੇ ਜਾਂਦੇ ਹਨ ਭਾਵ ਬਹੁਤਾ ਸਫਰ ਕਰਦੇ ਹਨ । [9]ਕਾਰੀਗਰ।

*ਪਾ:—ਤ੍ਰਾਂਹਿ ।

ਆਏ।ਬੈਠੇ ਗੁਰ ਮਸਨੰਦ[1] ਬਿਛਾਏ॥੧੩॥ਦੇਸ਼ ਦੇਸ਼ ਤੇ ਸਿਖ ਚਲਿ ਆਇ।
ਧਰੈਂ ਉਪਾਇਨ ਸੀਸ ਨਿਵਾਇ।ਬੈਠੇ ਸਬਦ ਗਾਵਨੇ ਹੇਤਿ।ਗੁਰਸਿੱਖੀ ਕਹੁ
ਕਰਤਿ ਉਦੋਤਿ॥੧੪॥ਇਤਨੇ ਮਹਿਂ ਅਕਬਰ ਕੇ ਮਾਨਵ।ਆਏ ਸੰਗ ਉਪਾਇਨਿ
ਠਾਨਵ। ਹਾਥ ਜੋਰ ਧਰਿ ਦੀਨ ਅਗਾਰੀ। ਹੋਇ ਦੀਨ ਮਨ ਬੰਦਨਧਾਰੀ
॥੧੫॥ਗੁਰ ਪੂਛੇ* 'ਤੁਮ ਕਿਤ ਤੇ ਆਏ?।ਭੇਟ ਮੋਲ ਬਹੁ ਬਸਤੂ ਲਜਾਏ। ਕੋ
ਕਾਰਜ ਗੁਰ ਪੂਰਨੋ ਤੁਮਾਰੋ?।ਕੈ ਜਾਚਨ ਕੋ ਚਹਤਿ,ਉਚਾਰੋ' ॥੧੬॥ ਸੁਨਿ
ਕੈ ਨਵੀਸਿੰਦ[2] ਕਰ ਜੋਰੇ। 'ਸ਼ਹਨਸ਼ਾਹ† ਤੁਮ ਚਰਨ ਨਿਹੋਰੇ[3]। ਰਾਵਰਿ
ਨਿਕਟਿ ਪਠਾਵਨ ਕੀਨੇ। ਜਸ ਤੁਮਰੋ ਸ੍ਰਵਨਨ ਸੁਨਿ ਲੀਨੇ॥੧੭॥ ਪਠੀ
ਉਪਾਇਨ ਸ਼ਰਧਾ ਧਰਿਕੈ। ਬਾਰਿ ਬਾਰਿ ਬਹੁ ਬਿਨੈ ਉਚਰਿਕੈ। ਸਭਿ
ਪੀ  ਨ ਤੇ ਹੋਇ ਨਿਰਾਸੇ।ਪਠਨੇ ਹਮਹਿ ਕੇ ਰਾਵਰਿ ਪਾਸੇ॥੧੮॥ਕੀਰਤਿ ਸ੍ਰੀ
ਨ  ਕ ਕੀ ਸੁਨਿਕੈ। ਗੁਰ ਅੰਗਦ ਕੀ ਗੁਰਤਾ ਗੁਨਿਕੈ। ਰਾਵਰਿ ਕੀ
ਮ  ਮਾ ਕਹੁ ਮਾਨਿ।ਪਠਨੇ ਹਮੈਂ ਅਕਬਰ ਸੁਲਤਾਨ॥੧੯॥ਕੀਨਸਿ ਦਿੱਲੀ
ਤੇ ਪ੍ਰਸਥਾਨ। ਬਿਗਰ ਪਰੇ ਰਜਪੂਤ ਮਹਾਨ। ਤਹਾਂ ਜੰਗ ਐਸੋ ਕਛੁ ਹੋਵਾ।
ਗਨ ਸੁਭਟਨਿ ਕੋ ਰਣ ਥਲ‡ ਸੋਵਾ[4] ॥ ੨੦ ॥ ਤੋਪੈਂ ਬਹੁਤ ਬਰਖ ਚਲਿ-
ਵਾਈ।ਧੂਮ ਧਾਰ[5] ਨਭ ਮਹਿਂ ਬਹੁ§ ਛਾਈ।ਅਨਿਕ ਸੁਰੰਗੈਂ ਖੋਦ ਉਡਾਈ।
ਲਾਖੋਂ ਜ੍ਵਾਲਾਬਮਣਿ[6] ਛੁਟਾਈ ॥੨੧॥ ਨਿਕਸਹਿਂ ਵਹਿਰ ਦੁਰਗ ਤੇ ਰਾਜੇ
। ਬਜਹਿਂ ਜੁਝਾਊ ਦੁਹੁ ਦਿਸ਼ਿ ਬਾਜੇ।ਜੋਧਾ ਭਿਰਹਿਂ ਪਰਸਪਰ ਘਨੇ। ਲਰਹਿ
ਮਰਹਿਂ ਗਿਰ ਸ਼੍ਰੋਣਿਤ ਸਨੇ ॥ ੨੨ ॥ ਇਸ ਬਿਧਿ ਮਚਹਿ ਘੋਰ ਸੰਗ੍ਰਾਮੂ।
ਲਾਖਹੁ ਨਰ ਪਹੁੰਚਹਿਂ ਜਮ ਧਾਮ। ਅਨਿਕ ਉਪਾਉ ਸ਼ਾਹ ਕਰਿ ਰਹਜੋ।
ਗਢ ਚਿਤੌਰ ਕੋ ਕਜੋਹੁੰ ਨ ਲਹਜੋ[7]॥੨੩॥ਸਭਿ ਪੀਰਨਿ ਕੇ ਬਾਕ ਸਿਮਰਿਕੈ।
ਰਹਜੋ ਸ਼ਾਹੁ ਅਚਰਜ ਉਰ ਧਰਿ ਕੈ। ਕਾਰਜ ਸਰਜੋ ਨ ਜਬਿ ਕਿਸ ਭਾਂਤਿ।
ਸੁਨਿ ਤੁਮਰੀ ਕੀਰਤਿ ਅਵਿਦਾਤਿ॥੨੪॥ਬਚਨ ਆਪ ਕੇ ਸੁਨਿਬੇ ਕਾਰਨ।
ਪਠਜੋ ਉਤਾਇਲ ਕਾਜ ਸੁਧਾਰਨ।—ਹਮ ਰਾਵਰਿ ਕੀ ਸ਼ਰਨੀ ਪਰੇ। ਪੂਰਹੁ

---

[1]ਗਦੀ, ਤਖਤ। [ਅ:, ਅਸਨਦ]। [2]ਮੁਨਸ਼ੀ ਨੇ। [3]ਭਾਵ ਅਕਬਰ ਨੇ ਚਰਨਾਂ ਵਿਚ ਬੇਨਤੀ ਕੀਤੀ ਹੈ। [4]ਸੋ ਰਣਭੂਮਕਾ (ਹੋਈ ਹੈ) (ਅ) ਸੂਰਮਿਆਂ ਦਾ ਸਮੂਹ ਰਣ ਥਲ ਵਿਚ ਸੌਂ ਗਿਆ ਹੈ, ਭਾਵ ਬਹੁਤ ਮੋਏ ਹਨ। [5]ਧੂਆਂਧਾਰ। [6]ਬੰਦੂਕਾਂ। [7]ਭਾਵ ਕਿਸੇਤਰ੍ਹਾਂ ਜਿੱਤ ਨਹੀਂ ਸੱਕਿਆ।

*ਪਾ:—ਬੂਝੇ।

†ਪਾ:—ਸ਼ਾਹਸ਼ਾਹ। ‡ਪਾ:ਬਲ। §ਪਾ:—ਰਹਿ।

ਪੈਜਿ ਤਹਾਂ ਜਿਮਿ ਕਰੈਂ[1] ॥੨੫॥ ਸ੍ਰੀ ਨਾਨਕ ਸੋਂ ਬਡੋ ਹਮਾਰੋ।ਮਿਲਿ ਕਰਿ ਪਾਯੋ ਰਾਜ ਉਦਾਰੋ। ਯਾਂਤੇ ਹਮ ਤਿਨ ਹੀ ਕੇ ਅਹੈਂ। ਹਮਰੀ ਸ਼ਰਮ ਆਪ ਹੀ ਲਹੈਂ ॥੨੬॥ ਰਾਵਰ ਕੀ ਮੈਂ ਸੁਨੀ ਬਡਾਈ। ਪਰੈਂ ਸ਼ਰਨਿ ਤਜਿ ਆਸ ਪਰਾਈ। ਤਿਸਕੇ ਸਦਾ ਸਹਾਈ ਹੋਤਿ। ਚਿੰਤਾ ਸਗਰੀ ਸੰਕਟ ਖੋਤਿ–' ॥੨੭॥ਸ੍ਰੀ ਗੁਰ ਅਮਰਦਾਸ ਸੁਨਿ ਬੈਨ। ਬ੍ਰਿੱਧ ਬੈਸ ਜਿਨਿ ਆਯਤ ਨੈਨ[2]। ਸ਼ਤ ਬਰਖਨ ਲੌ[3] ਪਹੁੰਚੇ ਜਾਇ। ਬਿਸਦ ਸ਼ਮਸ[4],ਬਰ ਬਦਨ ਸੁਹਾਇ॥੨੮॥ ਤਨ ਪ੍ਰਮਾਨ ਲਘੁ[5] ਜਿਨਿ ਕੋ ਅਹੈ। ਤਬਿ ਭੀ ਤਪ ਤਾਪਤਿ ਅਤਿ ਰਹੈਂ। ਪੁਰਸ਼ੋਤਮ ਸਭਿ ਸੁਖ ਪਰਹਰਿ ਕੈ। ਕਸਹਿੰ ਸਰੀਰ, ਕਸ਼ਟ ਨਿਤਿ ਧਰਿ ਕੈ॥੨੯॥ ਸੁਨਿ ਕੈ ਸਿਖ ਕੇ ਬਾਕ ਸਦੀਨ[6]। ਅਕਬਰ ਸ਼ਰਧਾ ਜਾਨਿ ਨਵੀਨ।–ਦੂਰ ਦੇਸ਼ ਤੇ ਪਹੁੰਚੇ ਆਇ।ਇਨਕੀ ਆਸਾਪੂਰਿਕਰਾਇ–॥੩੦॥ ਇਮ ਮਨ ਠਾਨਿ ਮਹਾਂਨ ਕ੍ਰਿਪਾਲ।ਬੋਲਤਿ ਭਏ ਬਾਕ ਤਿਸ ਕਾਲ।'ਜਬਿ ਕੋ ਅਕਬਰ ਚਢ੍ਯੋ ਸੁਚੇਤ। ਗਢ ਚਿਤੌਰ ਨਿਜ ਲੇਬੇ ਹੇਤ ॥੩੧॥ ਸਰਬ ਭਾਂਤਿ ਕਰਿ ਦਲ ਬਲ ਤ੍ਯਾਰੀ। ਘੇਰ੍ਯੋ ਦੁਰਗ ਜਤਨ ਕਰਿ ਭਾਰੀ। ਤਬਿ ਤੇ ਤਿਸੀ ਰੀਤਿ ਹਮ ਕੀਨਿ। ਉੱਦਮ ਬਾਪੀ ਰਚਨ ਨਵੀਨ॥੩੨॥ਅਨਿਕ ਜਤਨ ਹਮ ਭੀ ਕਰਿ ਰਹੇ।ਸਿਧਤਾ ਨਹਿੰਬਾਪੀ ਕੀ ਲਹੇ।ਜਬਹਿ ਬਾਪਿਕਾ ਕੋ ਕੜ ਤੂਟੇ। ਤਬਿ ਹੀ ਦਿਢ ਚਤੌਰ ਗਢ ਛੂਟੇ ॥੩੩॥ ਦੋਨਹੁ ਕਾਰਜ ਅਹੈਂ ਸਮਾਨ। ਤਹਿਂ ਰਜਪੂਤ ਮਹਾਂ ਬਲਵਾਨ। ਇਹਾਂ ਕਠੋਰ ਰੋੜ ਅੜ ਰਹੇ[7]। ਕਰੇ ਜਤਨ ਬਹੁ ਭਗਨ ਨ ਲਹੇ[8] ॥੩੪॥ ਤੈਸੇ ਤਹਾਂ ਨ੍ਰਿਪਤਿ ਭਟ ਭਾਰੀ।ਸਰ[9]ਨਹਿੰ ਭਏ ਕਰਤਿ ਨਿਤ ਰਾਰੀ।ਰੋੜਨ ਕੋ ਕੜ ਜਬਿ ਹਮਫੋਰੈਂ। ਸ਼ਾਹੁ ਨਿਸੰਸੈ ਦਿਢ ਗਢ ਤੋਰੈ ॥ ੩੫ ॥ ਜਿਸੀ* ਮਾਸ ਕੋ ਪੱਖਨ ਜੁ ਹੋਇ। ਤਿਥਿ ਅਰੁ ਵਾਰ ਏਕ ਹੀ ਜੋਇ। ਤਿਸੀ ਜਾਮ ਕੀ ਘਟਿਕਾ ਇਕ ਮਹਿਂ। ਟੂਟਹਿਂ ਦੋਨਹੁ ਸਮ, ਨਹਿਂ ਅਟਕਹਿਂ ॥ ੩੬ ॥ ਆਗੈ ਪਾਛੇ ਕਾਜ ਨ ਸਰੈ। ਤਿਸਹੀ ਸਮੈ ਸਿੱਧ ਜੁਗੁ ਕਰੈਂ'†।ਇਮਸੁਨਿਕੈ ਦੋਨੋ ਬੁਧਿਵਾਨ।ਰਿਦੈਕੌਤੂਹਲ[10] ਸਹਤ ਮਹਾਂਨ॥੩੭॥ਅਤਿ ਪ੍ਰਸੰਨਤਾ ਧਰਿ ਕਰਿ ਉਰ ਮੈਂ। ਸ਼ਰਧਾ

[1]ਜਿਵੇਂ(ਕਹੇ)ਕਰੀਏ।(ਅ)ਜਿਵੇਂ ਹੋ ਸਕੇ।[2]ਵਿਸ਼ਾਲ ਨੇਤ੍ਰ।[3]ਸੌ ਸਾਲ ਤਕ। [4]ਚਿੱਟਾ ਦਾੜ੍ਹਾ।[5]ਸਰੀਰ ਦਾ ਕੱਦ ਛੋਟਾ। [6]ਨਿੰਮ੍ਰਤਾ ਵਾਲੇ। [7]ਰੋੜ ਅੜ ਰਹੇ ਹਨ। [8]ਟੁੱਟਦੇ ਨਹੀਂ। [9]ਫਤਹ। [10]ਅਚਰਜਤਾ। [ਸੰਸ:, ਕੌਤੂਹਲ]। *ਪਾ:–ਤਿਸੀ। †ਖਾਲਸਾ ਤਵਾਰੀਖ ਤੇ ਮੁਹੰਮਦ ਜ਼ਕਾਉੱਲਾ ਦੀ ਤਾਰੀਖ ਹਿੰਦੁਸਤਾਨ ਵਿਚ ਬਾਵਲੀ ਬਣਨ ਦਾ ਸੰਮਤ ੧੬੧੬ ਬਿ: ਦਿੱਤਾ ਹੈ ਤੇ ਚਤੌੜ ਫਤੇ ਹੋਣ ਦਾ ਸਨ ਇਤਿਹਾਸਾਂ ਵਿਚ ਮਾਰਚ ੧੫੬੮ ਈ: ਅਰਥਾਤ ੧੬੨੫ ਇ: ਹੈ। ਇਸ ਹਿਸਾਬ ਪਤਾ ਲਗਦਾ ਹੈ ਕਿ ਉੱਪਰਲੀ ਸਾਖੀ ਨਹੀਂ ਹੋਈ। [ਦੇਖੋ ਪਿੱਛੇ ਸਫ਼ਾ ੧੬੬੨ ਦੀ ਟੂਕ]।

ਬਧੀ ਬਿਸਾਲੀ ਗੁਰਮੈਂ।ਕਰ ਜੋਰੇ ਪਦ ਨਮੋ ਕਰੈਤੇ।'ਸੱਤਨ,ਸੱਤਨ'ਮੁਖ ਤੇ ਉਚਰੈਤੇ ॥੩੮॥ ਸੁਨਿ ਗੁਰ ਵਾਕ ਸਿਵਰ ਮਹਿ ਆਏ। ਸ਼ਾਹੁ ਕਾਜ ਸਿਧਿ ਲਖਿ ਹਰਖਾਏ। 'ਆਵਨ ਸਫਲ ਹਮਾਰੋ ਹੋਵਾ। ਦਰਸ਼ਨ ਦਰਸੇ ਸੰਕਟ ਖੋਵਾ॥੩੯॥ਹਮ ਪਰ ਸ਼ਾਹੁ ਪ੍ਰਸੰਨੈ ਹੋਇ।ਬਾਂਛਤਿ ਦਰਬ ਦੇਇ ਹੈ ਸੋਇ*। ਅਤਿ ਦੁਖ ਸਾਗਰ ਸੰਸੈ ਮਾਂਹਿ[1]। ਪਾਰਿ ਪਰਹਿ ਉਰ ਮੈਂ ਹਰਖਾਹਿ'॥੪੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਗੁਰ ਅਮਰਦਾਸ' ਪ੍ਰਸੰਗ ਬਰਨਨ ਨਾਮ ਸਪਤਮੋ ਅੰਸੂ ॥ ੨ ॥

## ੮. [ਚਿਤੌੜ ਗੜ੍ਹ ਛੁੱਟਣਾ]

ਦੋਹਰਾ ॥ ਅਤਿ ਹਰਖਤਿ ਖਤ ਕੋ ਲਿਖਤਿ ਸਤਿਗੁਰ ਬਚ ਜਿਸ ਭਾਂਤਿ। ਦਯੋ ਸਾਂਢਨੀ[2]ਕੋ ਤੁਰਤ ਕਹ੍ਯੋ'ਗਮਹੁ ਦਿਨ ਰਾਤਿ'॥੧॥ਚੌਪਈ॥ ਲੇ ਖਤ ਤਬੈ ਉਤਾਇਲ ਧਾਯੋ। ਨਿਸ ਦਿਨ ਚਲਤਿ ਜਾਨੁ ਬਦਲਾਯੋ[3]। ਬਹੁਤ ਡਾਕ ਮਹਿਸੁਧਿ ਤਤਕਾਲ।ਪਹੁੰਚ੍ਯੋ ਜਹਿਅਕਬਰ ਮਹਿਪਾਲ॥੨॥ਕਾਗਦ ਮਹਿ ਜੋ ਲਿਖ ਕਰਿ ਪਠਯੋ[4]।ਸ਼ਾਹੁ ਖੋਲਕੈ ਤਤਛਿਨਿਪਠਯੋ[5]।ਹਰਖਮਾਨ ਹੁਇ ਬਹੁ ਮਨ ਮਾਂਹਿ। ਸੋ ਜਾਨ੍ਯੋ ਜੋ ਸ੍ਰੀ ਮੁਖ ਪ੍ਰਾਹਿ॥ ੩ ॥ਮਨਹੁੰ ਕ੍ਰਿਪਨ ਕਹੁੰ ਪਾਰਸੁਪਾਵਾ॥—ਗਢਿ ਲੈਹੌਂ—ਬਿਸਵਾਸ[6]ਉਪਾਵਾ॥ ਸ਼ਰਧਾ ਅਧਿਕਰਿਦੈ ਬਿਰਧਾਈ। ਤਹਿ ਬੈਠੇ ਹੀ ਗ੍ਰੀਵ ਨਿਵਾਈ ॥ ੪ ॥ ਕੌਤਕ[7] ਰਿਦ ਹ੍ਵੈ ਖਤ ਲਿਖਵਾਯੋ। 'ਤੁਮ ਨੇ ਲਿਖ੍ਯੋ ਸੁ ਹਮ ਲਖਿ ਪਾਯੋ। ਸ੍ਰੀ ਗੁਰ ਜੋ ਇਮ ਬਾਕ ਬਖਾਨਾ। ਤੁਮ ਦੋਨੋ ਰਹਿਯਹੁ ਤਿਸ ਥਾਨਾ ॥ ੫ ॥ ਬਾਪੀ ਕਰ ਤੂਟਨ ਕੇ ਹੇਤ। ਕਰਹੁ ਜਤਨ ਧਨ ਬੁੱਧਿ ਸਮੇਤ। ਜਿਮਿ ਉਦਪਾਨ[8] ਸਿੱਧਿ ਹੁਇ ਜਾਇ। ਜਥਾ ਸ਼ਕਤਿ ਬਹੁ ਕਰਹੁ ਉਪਾਇ ॥ ੬ ॥ ਸ਼ਿਲਪੀ ਚਾਤੁਰ[9] ਲੇਹੁ ਬੁਲਾਈ। ਕਰਿਹੁ ਸ਼ੀਘ੍ਰਤਾ ਮੁਝ ਹਰਖਾਈ'। ਖਤ ਦੇ ਕਰੀ ਤਿਸੈ ਤਕਰਾਈ।'ਅਤਿ ਤੂਰਨ ਸੁਧਿ ਦਿਹੁ ਪਹੁੰਚਾਈ॥੭॥—ਗਢ ਟੂਟੇ ਹਰਖਹਿ ਸੁਲਤਾਨ। ਕਰਹਿ ਸਭਿਨਿ ਬਖ਼ਸ਼ੀਸ਼ ਮਹਾਨ—'। ਚਲ੍ਯੋ ਸਾਂਢਨੀ ਪੌਨ ਸਮਾਨ। ਗੋਇੰਦਵਾਲ ਦਈ ਸੁਧਿ ਆਨਿ ॥ ੮ ॥ ਜਾਨ੍ਯੋ ਤਿਨਹੁੰ ਸ਼ਾਹੁ ਭਿੱਪ੍ਰਾਯ[10]। ਰਹਨ ਲਗੇ ਕਰਿ ਬਹੁਤ ਉਪਾਯ। ਬ੍ਰਿੰਦ ਮਿਹਨਤੀ ਸ਼ਿਲਪੀ ਲਾਏ। ਕੀਨਸਿ ਤਯਾਰ ਮਹਿਲ ਸਮੁਦਾਏ॥੯॥ ਕਰ ਰੋੜਨ ਕੋ[11] ਅਟਕ੍ਯੋ ਤਰੋ।ਭਗਨ ਖਨਹਿ[12] ਬਿਚ ਨਰ ਬਹੁ ਬਰੋ।ਸ੍ਰੀ ਗੁਰ ਅਮਰਦਾਸ

[1]ਸੰਸੇ ਰੂਪ ਸਮੁੰਦਰ ਦੇ ਦੁਖ ਵਿਚੋਂ। [2]ਸਾਂਢਨੀ ਸਵਾਰ। [3]ਸਵਾਰੀ ਬਦਲਦਾ। [4]ਭੇਜਿਆ ਸੀ। [5]ਪੜ੍ਹਿਆ। [6]ਭਰੋਸਾ। [7]ਪ੍ਰਸੰਨ। [8]ਬਾਵਲੀ। [9]ਕਾਰੀਗਰ ਸਿਆਣੇ। [10]ਤਾਤਪਰਜ। [11]ਰੋੜਾਂ ਦਾ ਕੜ। [12]ਤੋੜਨ ਲਈ ਪੁੱਟਦੇ ਹਨ। *ਪਾ:—ਜੋਇ।

ਦਿਨ ਸਾਰੇ।ਬੈਠਿ ਕਰਾਵਹਿਂ ਥਾਪੀ ਕਾਰੇ ॥੧੦॥ ਅਕਬਰ ਸ਼ਾਹੁ ਪਠੇ ਨਰ ਜੋਇ। ਚਤੁਰ ਜਾਮ ਬੈਠੇ ਰਹਿਂ ਸੋਇ। ਬੁਧਿ ਬਲ ਧਨ ਬਲ ਕਰਿਤੇ ਰਹੈਂ। –ਸਿੱਧ ਉਤਾਇਲ ਹੁਇ–ਚਿਤ ਚਹੈਂ॥੧੧॥ਲੋਹਨ ਕੇ ਹੱਥਨਾਰਨ ਸਾਥ। ਲਘੁ ਅਰ ਗਰਵ ਹਤਹਿਂ ਗਹਿ ਹਾਥ[੧]। ਬਹੁਤ ਕਟਯੋ ਥੋਰੋ ਰਹਿ ਗਯੋ। ਫੂਟਨਿ ਕੋ ਸੁ ਤਯਾਰ ਜਬਿ ਭਯੋ॥੧੨॥ਗਢ ਚਤੌਰ ਉਤ ਅਕਬਰ ਹਰਖਾ। ਕਰਿਵਾਵਤਿ ਭਾ ਗੁਲਕਨ ਵਰਖਾ। ਤੋਪੈਂ ਬਡੀ ਜੰਜੈਲ ਜੰਬੂਰੇ। ਨਿਕਟ ਦੁਰਗ ਹੁਇ ਦਾਗਤਿ ਸੂਰੇ॥੧੩॥ਹਲਾਹਲੀ ਕਰਿ ਰੌਰ ਮਚਾਏ। ਸ਼ਕਤੀ[੨] ਤੋਮਰ[੩] ਖੜਗ ਉਠਾਏ। ਅਨਿਕ ਗੁਬਾਰਨ ਕੀ ਕਰਿ ਮਾਰੇ[੪]। ਗਿਰਦ ਸੁਰੰਗੈਂ ਦੁਰਗ ਬਿਦਾਰੇ[੫]॥੧੪॥ਉਤ ਰਜਪੂਤ ਸਹੇ ਨਹਿਂ ਅੰਤਰਿ। ਨਿਕਸੇ ਚਾਹਤਿ ਜੰਗ ਨਿਰੰਤਰ। ਜੈਮਲ ਫੱਤਾ ਦੋਨਹੁ ਭ੍ਰਾਤ। ਲਰੇ ਵਹਿਰ ਜੋਧਾ ਬੱਖਯਾਤ ॥੧੫॥ ਦਲ ਦੋਨਹੁ ਮਿਲਿ ਆਪਸ ਮਾਂਹੀ। ਕਰਹਿਂ ਪ੍ਰਹਾਰ ਅੰਗ ਕਟਿ ਜਾਹੀਂ।ਗਿਰਹਿਂ ਤੁਰੰਗ ਤੇ ਸੁਰਗ ਚਢੰਤੇ[੬]। ਇਕ ਘਾਇਲ ਘੂਮਤਿ ਤਰਫੰਤੇ॥੧੬॥ਅਸ ਦਾਰੁਨ ਸੰਗ੍ਰਾਮ ਮਚਾਵਾ। ਸ਼ਵ ਦੇਹਨ ਕਰਿ[੭] ਸੋ ਬਲ ਛਾਵਾ।[੮]ਰੁੰਡ ਮੁੰਡ ਭੁਜਦੰਡ ਬਿਹੰਡੇ[੯]।ਖੰਡ ਖੰਡ ਬਡ ਦੰਡ ਘਮੰਡੇ[੧੦]॥੧੭॥ ਕਹਾਂ ਲਗੇ ਰਣ ਬਰਨਨ ਕਰੌਂ। ਇਹੀ ਗ੍ਰਿੰਥ ਬਡ ਹ੍ਵੈ ਇਮ ਡਰੌਂ। ਤਿਸ ਬਾਸੁਰ[੧੧]ਲਰਤੇ ਜੁਗ ਭ੍ਰਾਤ।ਬਹੁ ਲਸ਼ਕਰ ਤੁਰਕਨ ਕਰਿ ਘਾਤ ॥ ੧੮ ॥ ਫੱਤਾ ਗਿਰਯੋ ਯੁੱਧ ਮਹਿਂ ਐਸੇ।ਮੂਲ ਕਟੇ ਧਰ ਤਰੁਵਰ ਜੈਸੇ[੧੨]।ਲਗੇ ਸ਼ਸਤ੍ਰ ਬਹੁ ਜਰਜਰਿ[੧੩]ਹੋਵਾ। ਹੂਰਨ[੧੪] ਨੂਰ ਰੂਰ ਕੌ ਜੋਵਾ ॥ ੧੯ ॥ ਰਨ ਸਨਮੁਖ ਤਨ ਤ੍ਯਾਗਨ ਕਰਿਕੈ।ਗਯੋ ਸੁਰਗ ਉਰ ਆਨੰਦ ਭਰਿਕੈ।ਜੈਮਲ ਵਹਿਰ ਭ੍ਰਾਤ ਮਰਿਵਾਇ।ਅੰਤਰ ਦੁਰਗ ਬਹੁਤ ਬਿਲਪਾਇ॥੨੦॥ਰਹ੍ਯੋ ਇਕਾਕੀ ਭ੍ਰਾਤ ਬਿਹੀਨ। ਕਟੇ ਪੰਖ ਜੁਗ ਜਿਮ ਖਗ ਦੀਨ[੧੫]*। ਭੁਜਾ ਗਈ ਕਟਿ ਨਿਰਬਲ ਰਹਯੋ। ਭ੍ਰਾਤ ਬਿਨਾ ਕੋ ਨਾਥ ਨ ਲਹਯੋ ॥੨੧॥ ਜੀਵਤ ਰਹਿ

---

੧ਛੋਟੇ ਵਡੇ ਮਾਰਦੇ ਹੈਨ ਹਥ ਵਿਖੇ ਫੜਕੇ। ੨ਬਰਛੀ। ੩ਨੇਜਾ,ਭਾਲਾ। ੪ਅੰਧ ਧੁੰਦ ਦੀ ਬਹੁਤੀ ਮਾਰ ਕਰਦੇ ਹਨ। [ਅ:, ਗ਼ੁਬਾਰ=ਮਿੱਟੀ ਵਾਲੀ ਹਵਾ]। (ਅ) ਤੋਪ ਦੇ ਗੋਲਿਆਂ ਦੀ ਮਾਰ। ੫ਕਿਲ੍ਹੇ ਦੇ ਗਿਰਦ ਸੁਰੰਗਾਂ ਫੁਟਦੀਆਂਹਨ। ੬ਬੈਕੁੰਠ ਨੂੰ ਜਾਂਦੇ ਹਨ। ੭ਮੁਰਦਾ ਲੋਥਾਂ ਨਾਲ। ੮ਥਾਂ ਭਰ ਗਿਆ। ੯ਧੜ ਸਿਰ ਬਾਹਾਂ ਖਿੱਲਰੇ ਹੋਏਹਨ। ੧੦ਬਾਹਾਂ ਦੇ ਬੜੇ ਘੁਮੰਡ ਵਾਲੇ ਟੋਟੇ ਟੋਟੇ ਹੋ ਗਏ। ੧੧ਉਸ ਦਿਨ। ੧੨ਮੁਢ ਕੱਟੇ ਵਾਲਾ ਬ੍ਰਿੱਛ ਜਿਵੇਂ ਧਰਤੀ ਤੇ। ੧੩ਟੋਟੇ ਟੋਟੇ। ੧੪ਹੂਰਾਂ ਨੇ। ੧੫ਜਿਵੇਂ ਪੰਛੀ ਆਜਜ਼ ਹੋ ਜਾਂਦਾ ਹੈ। *ਪਾ:–ਧੀਨ।

ਕਸਾ ਮੁਖ ਦਿਖਰਾਵੌਂ। ਅੰਤਹਪੁਰ[1] ਕਸਾ ਜਾਇ ਬਤਾਵੌਂ? । ਮਹਾਂ ਸੁਭਟ ਨਹਿੰ ਅਪਰ ਸਮਾਨਾ।ਲਰਤਿ ਬਹੁਤ ਸੋਂ, ਡਰ ਨਹਿੰ ਮਾਨਾ[2]॥੨੨॥ਘਾਲਤਿ ਘਨੇ ਘਰਨ ਕੋ ਘੋਰ[3]। ਜਿਸ ਆਸ਼੍ਰੈ ਡਰ ਨਹੀਂ ਚਤੌਰ[4]'। ਇੱਤਸਾਦਿਕ ਬਿਰਲਾਪ ਕਰੰਤਾ।ਰਜਪੂਤਨ ਕੋ ਗਨ ਬਰਜੰਤਾ[5] ॥ ੨੩ ॥ 'ਸੁਭਟਨ ਕੀ ਗਤਿ ਐਸੀ ਅਹੈ। ਮਰੇ ਸੁਰਗ, ਜਸ ਜੀਵਤਿ ਲਹੈਂ। ਤੁਮਹਿ ਨ ਉਚਿਤ ਕਰਨ ਬਿਲਲਾਵਨ[6]।ਅਨ ਸੂਰਨ ਕੋ ਮਨ ਬਿਰਕ੍ਾਵਨ[7]॥੨੪॥ਹੋਤਿ ਪ੍ਰਾਤਿ ਰਣ ਮੰਡਹੁ ਭਾਰੀ।ਹਤਹੁ ਮੋਰਚੇ ਜੋ ਢਿਗ ਦ੍ਵਾਰੀ।ਕਰਹੁ ਕਟਾ ਖੜਗਨ ਕੇ ਸਾਥ। ਸ਼ਾਹ ਨਿਕਟਿ ਦਿਖਰਾਵਹੁ ਹਾਥ' ॥੨੫॥ ਇਮ ਸਹਿਸ਼ੋਕ ਬਿਤਾਇ ਨਿਸਾ ਕੋ।ਭਈ ਪ੍ਰਾਤਿ ਮੰਡਯੋ ਰਨ ਬਾਂਕੋ[8]। ਨਿਕਸ ਪਰੇ ਰਜਪੂਤ ਬਿਸਾਲੇ। ਦੁਹ ਦਿਸ਼ਿ ਸੁਭਟਨ ਸ਼ਸਤ੍ਰ ਸੰਭਾਲੇ ॥੨੬॥ ਧੁਖੇ ਪਲੀਤੇ ਛੁਟੀ ਤੁਫੰਗੈਂ। ਜੋਧਾ ਗਿਰੇ ਫੁਟੇ ਬਹੁ ਅੰਗੈ। ਬਰਛੇ ਤਿਰਛੇ ਬਹੁਤ ਭ੍ਰਮਾਏ। ਸਨਮੁਖ ਸ਼ੱਤ੍ਰਨ ਦੇਹਿ[9]ਧਸਾਏ ॥੨੭॥ ਗਹੇ ਕਮਾਨ ਬਾਨ ਗਨ ਛੋਰੈਂ।ਰਹਹਿੰ ਖਰੇ ਨਹਿੰ ਮੁਖ ਕੋ ਮੋਰੈਂ।ਕਹਿੰ ਲੌ ਬਰਨੌਂ ਜੁੱਧ ਉਦਾਰਾ। ਲਰਤਯੋ ਜੈਮਲ ਸੁਰਗ ਸਿਧਾਰਾ॥੨੮॥ਸਮੁਖ ਸੈਨ ਲਰਿ ਕੈ ਮਰਿ ਗਿਰੀ। ਕਾਇਰ ਭਾਜੇ ਧੀਰ ਨ ਧਰੀ।ਅੰਤਰ ਸੁਨਿ ਰਣਵਾਸੁ[10]ਮਹਾਨਾ। ਜੈਮਲ ਫਤੇ ਕੋ ਤਨ ਹਾਨਾ॥੨੯॥ ਲੇ ਜਮਧਰ[11] ਨਿਜ ਮਾਰ ਮਰੀ ਹੈਂ। ਤੁਰਕ ਤ੍ਰਾਸ ਤੇ ਰਿਦੇ ਡਰੀ ਹੈਂ। ਬਚੀ ਨ ਕੋਊ ਧਰਮ ਸੰਭਾਰੇ।ਹਤਿਹਤਿ ਨਿਜਕੋ ਪ੍ਰਾਨ ਬਿਦਾਰੇ॥੩੦॥ਫਤੇ ਜਾਨਿ ਕੈ ਅਕਬਰ ਸ਼ਾਹੂ। ਭਯੋ ਪ੍ਰਸੰਨ ਬਿਲੰਦ ਉਮਾਹੂ। ਗਢ ਚਤੌਰ ਕੋ ਤੋਰਨ ਕਰਿਕੈ। ਕਯੋ ਬਿਲੋਕਨ ਅੰਤਰ ਬਰਿਕੈ ॥੩੧॥ ਹਰਖਯੋ ਉਰ ਉਤਸਾਹੁ ਬਧਾਵਾ।–ਬਡ ਮਵਾਸ[12]ਇਹੁ ਮਾਰਿ ਗਿਰਾਵਾ।ਤ੍ਰਾਸ ਬਧੈ ਰਜਪੂਤਨ ਮਾਂਹੀ। ਦਿੱਲੀ ਸੌਂ ਬਿਗਰਹਿੰ ਅਬਿਨਾਂਹੀ॥੩੨॥ਬਖਸ਼ਸ਼ ਕਰਿਕੈ ਨਿਜ ਉਮਰਾਊ। ਬਹੁਤ ਮੋਲ ਕੋ ਦੈ ਸਿਰੁਪਾਊ। ਸਰਬ ਰੀਤਿ ਪੁਨ ਅਪਨੀ ਕਰਿਕੈ। ਸਕਲੇ ਦੁਰਗ ਬਸੀ ਤਹਿੰ ਧਰਿਕੈ[13]॥੩੩॥ਚਢਯੋ ਸ਼ਾਹੁ ਦਿੱਲੀ ਦਿਸ਼ਹਰਖਾ।ਕਰ-

---

[1]ਰਣ ਵਾਸ ਵਿਚ। [2]ਨਹੀਂ ਸੀ ਮੰਨਦਾ। [3]ਬਹੁਤੇ ਘਰਾਂ ਨੂੰ ਭੈਭੀਤ ਕਰਦਾ ਸੀ। [4]ਡਰ ਨਹੀਂ ਸੀ ਚਤੌੜ (ਦੇ ਮਾਰੇ ਜਾਣ ਦਾ)। [5]ਸਾਰੇ ਰਜਪੂਤ ਬਰਜਦੇ ਹਨ (ਜੈਮਲ ਨੂੰ)। [6]ਵਿਰਲਾਪ। [7]ਦੂਸਰੇ ਸੂਰਮਿਆਂ ਦਾ ਮਨ ਥਿੜਕੌਣਾ। [8]ਚੰਗਾ ਜੰਗ। [9]ਸਰੀਰਾਂ ਵਿਚ। [10]ਰਾਣੀਆਂ। [11]ਕਟਾਰ। [12]ਆਕੀ। [13](ਨੂੰ) ਵੱਸ ਵਿਚ ਰਖਕੇ।

ਤਿ ਜਾਤਿ ਮਗ ਧਨ ਕੀ ਬਰਖਾ। ਇਤਨੇ ਮਹਿੰ ਜੋ ਗੋਇੰਦਵਾਲ। ਪਠਯੋ ਹੁਤੋ ਜਿਸਕੇ ਸਿਖ ਨਾਲ॥੩੪॥ ਆਨਿ ਮਿਲਯੋ ਅਕਬਰ ਕੇ ਤੀਰ। ਜਹਿੰ ਉਮਰਾਵਨ ਕੀ ਬਡ ਭੀਰ।ਤਸਲੀਮਾਤ ਕਰੀ ਬਹੁ ਬਾਰੀ।ਸ਼੍ਰੀ ਗੁਰ ਕੀ ਸਭਿ ਕਥਾ ਉਚਾਰੀ॥੩੫॥ 'ਮਾਸ ਤਿਥੀ ਅਰੁ ਵਾਰ ਸੁ ਜਾਮ। ਘਟਿਕਾ ਲਿਖਿ ਕਾਗਦ ਪਰ ਨਾਮ।ਕਰ ਟੂਟੇ ਕੋ ਹਮ ਲਿਖਿ ਲ੍ਯਾਏ।ਔਰ ਬਡੋ ਅਚਰਜ ਪਿਖਿ ਆਏ॥੩੬॥ ਮੂਰਤਿ ਸ਼ੁਭ ਖੁਦਾਇ ਕੀ ਅਹੈ। ਜਿਨ ਕੀ ਸਮਤਾ ਕੋਇ ਨ ਲਹੈ। ਅਨਿਕ ਦੇਸ਼ ਤੇ ਸੰਗਤ ਆਇ। ਅਰਪ ਉਪਾਇਨ ਪੂਜਹਿ ਪਾਇ॥੩੭॥ਸਿੱਖਨ ਕੀ ਪੂਰਹਿੰ ਅਭਿਲਾਖੇ। ਨਿਸ ਬਾਸੁਰ ਪ੍ਰਭੁ ਕੀਰਤਿ ਭਾਖੇ॥ ਸੌ ਬਰਖਨਿ ਲਗ ਬਯ ਮਹਿੰ ਹੋਇ।ਤਹਾਂ ਦੇਸ਼ ਮਾਨਹਿੰ ਸਭਿ ਕੋਇ॥੩੮॥ ਸ਼੍ਰੀ ਨਾਨਕ ਕੀ ਜੋਤਿ ਉਦਾਰ।ਅਬਹਿ ਪ੍ਰਕਾਸ਼ਤਿ ਤਿਨਹਿੰ ਮਝਾਰ'।ਸੁਨਿ ਅਕਬਰ ਸਭਿ ਮਹਿੰ ਕਹਿ ਬਾਤੀ।'ਕਾਗਦ ਕਰਹੁ ਸੁਨਾਵਨ ਪ੍ਰਾਤੀ'॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਚਤੌਰ ਗੜ੍ਹ ਟੂਟਨ*' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ॥ ੮॥

## ੯. [ਨਵੀਸਿੰਦ ਨੇ ਗੋਂਦਵਾਲ ਦੀ ਕਥਾ ਸੁਣਾਈ]।

ਦੋਹਰਾ॥ ਭਈ ਭੋਰ ਅਕਬਰ ਕਹਯੋ 'ਸਭਿ ਉਮਰਾਉ ਬੁਲਾਇ। ਇਲਮ ਪਠਨ ਵਾਰੇ[1] ਜਿਤੇ ਅਰੁ ਜੋ ਪੀਰ ਕਹਾਇ'॥੧॥ ਚੌਪਈ॥ ਸਰਬ ਭਾਂਤਿ ਕੇ ਨਰ ਬੁਲਵਾਇ। ਸਭਾ ਬੀਚ ਬੈਠਯੋ ਹਰਖਾਇ। ਨਵੀਸਿੰਦ[2] ਕੋ ਬਾਕ ਬਖਾਨਾ।'ਅਬਹਿ ਸੁਨਾਵੋ ਲਿਖਿ ਜੋ ਆਨਾ'॥੨॥ਸਭਿ ਨਿਬਿਧੈ ਤਬਿ ਪਠਯੋ† ਸੁਨਾਯੋ।'ਜਬਹਿ ਸ਼ਾਹੁ ਦਿੱਲੀ ਤੇ ਧਾਯੋ।ਤਬਿ ਕੋ ਤਿਨ[3] ਸੰਕਲਪ ਉਠਾਯੋ। ਸਭਿ ਤਯਾਰੀ ਕਰਿ ਚਹਤਿ ਖਨਾਯੋ[4]‡॥ ੩॥ ਜਬਹਿ ਸ਼ਾਹੁ ਪਹੁੰਚਯੋ ਤਿਸ ਠੌਰ।ਤੋਪਨ ਗੋਰੇ ਲਗੇ ਚਤੌਰ। ਤਬਿ ਹੀ ਟਕ ਛਿਤ ਖਨਿਬੇ ਕੇਰਾ। ਲਾਇ ਮਜੂਰ ਦਏ ਬਿਨ ਦੇਰਾ॥੪॥ਇਹੁ ਚਤੌਰ ਸਰ ਕਰਤੇ ਰਹੇ।ਅਨਿਕ ਜਤਨ ਕਰਿ ਸ਼ੱਤ੍ਰੁ ਦਹੇ। ਤਿਨਹੁੰ ਖਨਾਇ ਮਹਿਲ ਚਿਨਵਾਯੋ। ਸਨੇ ਸਨੇ ਨੀਚੇ ਉਤਰਾਯੋ[5]॥ ੫॥ ਅਰਯੋ ਆਨਿ ਰੋਰਨ ਕਰ"ਜਬਿਹੂੰ।ਇਤ ਤੇ ਹਮ ਢਿਗ ਪਹੁੰਚੇ ਤਬਹੂੰ। ਕਹਯੋ ਬਾਕ-ਇਸਕੋ ਕਰ§ ਟੂਟੈ। ਤਬਹਿ ਸ਼ਾਹੁ ਤੇ ਸੋ ਗੜ੍ਹ ਛੂਟੈ¶-॥੬॥ਇਮ ਸੁਨਿ ਹਮ ਲਿਖਿ ਭੇਜਯੋ ਇਹਾਂ।ਤਹਾਂ ਰਹਿਨ ਕੋ ਹੁਕਮ ਸੁ

[1]ਵਿੱਦਯਾ ਪੜ੍ਹਨ ਵਾਲੇ, ਆਲਿਮ। [2]ਮੁਨਸ਼ੀ। [3]ਭਾਵ ਸ੍ਰੀ ਗੁਰੂ ਅਮਰਦਾਸ ਜੀ ਨੇ। [4]ਪਟਵਾਵਣਾ (ਬਾਵਲੀ ਸਾਹਿਬ)। [5]ਰੋੜਾਂ ਦਾ ਕੜ। *ਪਾঃ-ਚਤੌਰ ਗੜ੍ਹ ਮਾਰਨ। †ਪਾঃ-ਪਠਿ ਬ। ‡ਪਾঃ-ਬਨਾਯੋ। §ਪਾঃ-ਕੜ। ¶ਪਾঃ-ਛੂਟੈ।

ਕਹਾ। ਤਬਿ ਤੇ ਹਮ ਡੇਰਾ ਤਹਿਂ ਕੀਨਸਿ। ਅਚਰਜ ਅਧਿਕ ਬਿਲੋਕਨ ਕੀਨਸਿ॥੭॥ਅਰਯੋ ਰੋਰ ਕਰ ਜਬਹਿ ਮਹਾਂਨਾ। ਕਰੇ ਜਤਨ ਮਿਲਕੈ ਬਿਧਿ ਨਾਨਾ॥ਕਿਸਹੂੰ ਤੇ ਨ ਸਰੀ ਸੋ ਕਾਰ॥ਤਬਿ ਸ਼੍ਰੀਗੁਰ ਨੇ ਬਾਕ ਉਚਾਰ॥੮॥ਇਕ ਸੇਵਕ ਤਹਿਂ ਮਾਣਕ ਨਾਮੂ।ਵੈਰੋਵਾਲ ਬਿਖੈ ਤਿਹ ਧਾਮੂ। ਕਹਯੋ-ਮਾਨਕਾ! ਹੋਵਹੁ ਤਯਾਰ। ਕਰ ਰੋਰਨ ਤੋਰਨ ਕੀ ਕਾਰ॥੯॥ਤੁਝ ਤੇ ਸਰੈ,ਅਪਰ ਨਹਿਂ ਕਰੈ। ਅੰਤਰ ਪ੍ਰਵਿਸ਼ਹੁ ਅਬਿ ਨਹਿਂ ਅਰੈ। ਤੀਖਨ ਲੋਹ ਕਾਠ ਕੇ ਸਾਥ[1]। ਕਰਹੁ ਜੋਰ, ਇਸ ਗਹਿ ਕੈ ਹਾਥ-॥੧੦॥ਮਾਨ ਬਚਨ ਤੈਸੇ ਤਿਨ ਕਰਯੋ। ਨਿਜ ਬਲ ਬਾਹੁਨ ਤੇ ਦ੍ਰਿਢ ਧਰਯੋ।ਅੰਤਰ ਬੜਯੋ ਨਮੋ ਕਹੁ ਕਰਿਕੈ। ਸ਼੍ਰੀਗੁਰ ਚਰਨ ਸਪ੍ਰੇਮ ਨਿਹੁਰਿਕੈ* ॥੧੧॥ ਕਹਿਨ ਲਗਯੋ-ਕਯਾ ਅਹੈਂ ਬਿਚਾਰਾ। ਸਤਿਗੁਰ ਬਾਕ ਕਰਹਿ ਇਹੁ ਕਾਰਾ-।ਚਰਨ ਧਯਾਨ ਕੋ ਧਰਿਕੈ ਅੰਤਰ। ਕਰ ਬਲ ਬਾਹੁਨਿ ਓਜ ਨਿਰੰਤਰ॥੧੨॥ਕਰਯੋ ਪ੍ਰਹਾਰ ਗਯੋ ਤਰ† ਸਾਰੌ[2]। ਫਸਯੋ ਹਾਥ ਰਹਿ ਗਯੋ ਬਿਚਾਰੋ।ਕਰ ਟੂਟਯੋ ਕਾਗਦ ਕੀ ਨਯਾਈ।ਨਿਸਰੀ ਨੀਰ ਬੰਬ ਬਰਿਆਈ[3]॥੧੩॥ ਜਲ ਅਗਾਧਿ ਹੋਯੋ ਇਕ ਬਾਰੀ। ਰਹਿ ਗਯੋ ਮਾਣਕ ਆਪਿ ਮਝਾਰੀ[4]। ਜਤਨ ਨਿਕਾਸਨ ਕੋ ਨਹਿਂ ਹੋਵਾ। ਪਹੁੰਚ ਤਰੈ ਤਹਿਂ‡ ਕਿਨਹੂੰ ਨ ਜੋਵਾ॥੧੪॥ਸ਼੍ਰੀਗੁਰ ਅਪਨੇ ਮਹਿਲ ਸਿਧਾਰੇ।ਬਾਪੀ ਕਾਰਜ ਸਕਲ ਸੁਧਾਰੇ। ਅਤਿ ਉਤਸਾਹ ਸਭਿਨਿ ਮਹਿਂ ਹੋਵਾ। ਬਹੁ ਦਿਨ ਕੋ ਸ਼੍ਰਮ ਸਿੱਖਨ ਖੋਵਾ ॥੧੫॥ ਅਮਕੀ ਤਿਥਿ ਦਿਨ ਜਾਨ ਚਢੇ ਤੇ।ਊਪਰ ਘਟਿਕਾ ਦੋਇ ਬਢੇ ਤੇ।ਟੂਟਯੋ ਕਰ ਤਹਿਂ ਬਾਪੀ ਕੇਰ॥ ਅਨਿਕ ਨਰਨ ਥਿਤ ਸਭਿ ਨੈ ਹੇਰ'॥੧੬॥ਸੁਨਿਕੈ ਉਮਰਾਵਨ ਜੁਤਿ ਸ਼ਾਹੂ।'ਗਢ ਚਿਤੌਰ ਤਬਿ ਕੀਨ ਬਿਨਾਹੂ'। ਸਭਿਨਿ ਕਹਯੋ 'ਭਾ ਏਕਹੁ ਕਾਲ। ਕਰ ਟੂਟਨ ਗਢਿ ਛੂਟ ਬਿਸਾਲ'॥੧੭॥ਬਿਸਮਤਿ ਭਯੋ ਸ਼ਾਹ ਸੁਨਿ ਬਾਤ। 'ਸ਼੍ਰੀ ਗੁਰ ਅਮਰਦਾਸੁ ਬੱਖਯਾਤ। ਪੂਰਨ ਬਚਨ ਭਯੋ ਜਿਨ ਕੇਰ॥ਕਾਟਯੋ ਕਸ਼ਟ ਅਨਿਸ਼ਟ[5] ਜੁ ਮੇਰ ॥੧੮॥ਨਵੀਸਿੰਦ! ਰਹਿਕੈ ਤਿਸ ਠੌਰ।ਕਹਾਂ ਪਿਖਯੋ[6] ਤੈਂ ਅਚਰਜ ਔਰ?। ਸੋ ਭੀ ਸਕਲ ਬਤਾਵਹੁ ਮੋਹੀ। ਲਗਤਿ ਬਾਪਿਕਾ ਜਿਸ ਬਿਧਿ ਹੋਹੀ' ॥ ੧੯॥ ਸੁਨਿ ਕੈ ਨਵੀਸਿੰਦ ਸਿਖ ਸਾਥ। ਕਹਤਿ ਸ਼ਾਹ ਸੋਂ ਬੰਦੇ ਹਾਥ।'ਹਜ਼ਰਤ! ਸੁਨਹੁ,ਬੂਡ ਜੋ ਗਯੋ। ਨਹਿਂ ਊਪਰ ਕੋ ਆਵਤਿ ਭਯੋ ॥੨੦॥ ਤਿਸ ਨਰ ਕੀ

[1]ਤਿੱਖਾ ਲੋਹਾ ਲੱਕੜੀ ਨਾਲ ਲੱਗਾ ਹੋਇਆ। [2]ਹੇਠਾਂ ਚਲਾ ਗਿਆ ਸਾਰਾ (ਉਹ ਤਿਖਾ ਲੋਹਾ)। [3]ਧਾਰਾ ਜਲ ਦੀ ਬਲ ਕਰਕੇ ਨਿਕਲੀ। [4]ਆਪ(ਮਾਣਕ)ਵਿੱਚ।(ਅ) ਜਲ ਵਿੱਚ। [5]ਦੁਖਦਾਈ। [6]ਕੀ ਵੇਖਿਆ ? *ਪਾਃ-ਪ੍ਰੇਮ ਮਨ ਧਰਕੈ। †ਪਾਃ-ਗਰ। ‡ਪਾਃ-ਪਹੁੰਚਤਿ ਹੈ ਤਹਾ।

ਇਕ ਬ੍ਰਿੱਧਾ ਮਾਤ।ਸੁਨੀ ਕਾਨ–ਬੂਡਯੋ ਤਵ ਤਾਤ–।ਸ਼ੋਕਾਕੁਲ[1] ਰੋਦਨ ਕੋ
ਕੀਨ।ਮਹਾਂ ਦੁਖਿਤਿ ਹੋਈ ਮਨ ਦੀਨ॥੨੧॥ਦੁਤੀਏ ਦਿਵਸੁ*ਤਹਾਂ ਚਲਿ
ਆਈ।ਜਹਾਂ ਬਾਪਿਕਾ ਗੁਰੂ ਲਗਾਈ। ਪਿਖਯੋ ਨ ਸੁਤ ਬਿਰਲਾਪ ਕਰੰਤੀ।
–ਹਾਇ ਪੁਤ੍ਰ–ਮੁਖ–ਹਾਇ–ਕਰੰਤੀ ॥ ੨੨ ॥–ਹੇ ਸੁਤ ਮਾਣਕ ਬਧ ਮਹਿੰ
ਜ੍ਵਾਨ!।ਕਹਾਂ ਗਯੋ ਮੁਝਕੋ ਦੁਖ ਦਾਨ[2]?। ਮੋ ਬਿਰਧਾ ਕੇ ਅਪਰ ਨ ਕੋਈ।
ਹੁਤੋ ਏਕ ਤੂੰ ਅਸ ਗਤਿ ਹੋਈ–॥੨੩॥ ਮਹਾਂ ਰੁਦਨ ਕਰਿ ਗਮਨੀ ਤਹਾਂ।
ਅੰਤਰ ਮਹਿਲ ਗੁਰੂ ਥਿਤ ਜਹਾਂ। ਵਹਿਰ ਰੁਦਨ ਕਰਿ ਉਚ ਪੁਕਾਰੀ।–ਹੇ
ਮਾਣਕ ਸੁਤ ਮਿਲਿ ਇਕ ਵਾਰੀ ॥੨੪॥ ਨਾਂਹਿ ਤ ਮੁਝਕੋ ਲੇ ਚਲਿ ਸਾਥ–।
ਇਮ ਕੂਕਤਿ ਕਰਿ ਊਚੇ ਹਾਥ।ਗੁਰੂ ਸ਼੍ਰਵਨ ਮਹਿੰ ਜਬਿ ਧੁਨਿ ਪਰੀ। ਬੂਝਯੋ-
ਅਹੈ ਕੌਨ ਦੁਖ ਭਰੀ?॥੨੫॥ਕਯੋਂ ਰੋਵਤਿ, ਕਯੋਂ ਊਚ ਪੁਕਾਰਤਿ?। ਵਹਿਰ
ਲੇਹੁ ਸੁਧਿ ਇਹੁ ਕਯੋਂ ਆਰਤਿ?–।ਦੌਰਯੋ ਨਰ ਸੁਨਿਕੈ ਤਿਸ ਪਾਸ। ਜਾਇ
ਗੁਰੂ ਢਿਗ ਕਿਯ ਅਰਦਾਸ॥੨੬॥ਭਏ ਕ੍ਰਿਪਾਲ ਬ੍ਰਿਧਾ ਕੋ ਹੇਰਿ।ਢਿਗ ਬੁਲਾਇ
ਕਰਿ ਬੋਲੇ ਫੇਰ।–ਸੁਨਹੁ ਭੋਲੀਏ ਮਾਣਕ ਜੋਇ। ਸੋ ਜਲ ਮਹਿੰ ਕਿਮ
ਬੂਡਨ ਹੋਇ?॥੨੭॥ ਹੋਤਿ ਭੋਰ ਮਿਲਿ ਹੈਂ ਸੁਤ ਸਾਥ। ਕਰ ਤੋਰਯੋ ਜਿਸਨੇ
ਨਿਜ ਹਾਥ। ਹਮ ਨੇ ਕਰੀ ਪ੍ਰਤੱਗਯਾ ਭਾਰੀ। ਸੁਤ ਨ ਮਰਹਿ ਪਿਤ ਮਾਤ
ਅਗਾਰੀ॥੨੮॥ਨਿਫਲੀ ਨਹੀ ਕਰੈਂ ਹਮ ਸੋਇ। ਮਿਲਹਿ ਪੁਤ੍ਰ ਸੌਂ ਹਰਖਤਿ
ਹੋਇ–।ਗੁਰ ਬਾਕਨ ਪਰ ਸ਼ਰਧਾ ਧਰਿਕੈ।ਬਸੀ ਨਿਸਾ ਤਹਿਂ ਗੁਰੂ ਸਿਮਰਕੈ
॥ ੨੯ ॥ ਪ੍ਰਾਤਿ ਭਈ ਸਤਿਗੁਰ ਤਬਿ ਚਾਲੇ*। ਜਿਹ ਠਾਂ ਬਾਪੀ ਲਗੀ
ਬਿਸਾਲੇ।ਅਪਰ ਨਰਨ ਕੀ ਸੰਗੈ ਭੀਰ। ਥਿਰੇ ਜਾਇ ਸਭਿ ਹੀ ਤਿਸ ਤੀਰ॥
੩੦॥ਸ਼੍ਰੀ ਮੁਖ ਤੇ ਸਤਿਗੁਰ ਸੁਖ ਧਾਮੂ। ਕਰਯੋ ਪੁਕਾਰਨ–ਮਾਣਿਕ–ਨਾਮੂ।
–ਨਿਕਸਹੁ ਜਲ ਤੇ ਬਾਹਰ ਆਵਹੁ। ਸਭਿ ਸੰਗਤਿ ਕੋ ਦਰਸ ਦਿਖਾਵਹੁ॥
੩੧॥ ਜਿਨ ਕੋ ਮਾਣਿਕ ਨਾਮ ਕਹੇਤੇ। ਸੋ ਨ ਦੇਹਿ ਦੁਖ ਨਿਜ ਸੁਖਵੈਤੇ†।
ਤੋਹਿ ਮਾਤ ਇਹੁ ਖਰੀ ਦੁਖਾਰੀ। ਮਿਲਹੁ ਆਨਿ ਇਸੁ ਬਡ ਹਿਤਕਾਰੀ–॥
੩੨॥ ਇਮਿ ਕਹਿਬੇ ਤੇ ਬਾਪੀ ਬੀਚ। ਹਮ ਤਹਿ ਪਿਖਤਿ ਊਚ ਅਰੁ ਨੀਚ।
ਨਿਕਸਯੋ ਜਲ ਪਰ ਤਰਨੇ ਲਾਗ।ਤੀਨ ਦਿਵਸਿ ਪਾਛੇ ਬਡਭਾਗ ॥੩੩॥
ਲੋਕਨ ਦੇਖਿ ਨਿਕਾਸਨ ਕੀਨਸਿ। ਬਿਸਮਾਇ ਸਭਿ ਅਚਰਜ ਚੀਨਸਿ।

---

[1]ਸ਼ੋਕ ਵਿਚ ਬਿਆਕੁਲ। [2]ਦੇਕੇ। *ਇਉਂ ਤੀਸਰਾ ਦਿਨ ਹੋ ਗਿਆ, ਪਰ ਮਹਿਮਾ ਪ੍ਰਕਾਸ਼ ਵਿਚ ਡੁਬਣਾ ਕਢਣਾ ਤੇ ਜਿਵਾਉਣਾ ਇਉਂ ਲਿਖੇ ਹਨ ਜਿਵੇਂ ਨਾਲੋ ਨਾਲ ਹੋਏ ਹਨ।

†ਪਾ:–ਦਰਸ਼ਨ ਦਿਹੁ ਨਿਜ, ਹੇ ਸੁਖਵੈਤੇ !

ਸ੍ਰੀਗੁਰ ਕੇ ਪਾਇਨ ਪਰ ਪਰਯੋ।ਸ਼ਰਧਾਲੂ ਸੇਵਕ ਸੁਖ ਭਰਯੋ[1]॥੩੪॥ ਲਖਯੋ –ਬਚਨ ਹਮਰੇ ਥਿਤ ਰਹਯੋ[2]–। ਭਏ ਪ੍ਰਸੰਨ ਬਾਕ ਸ਼ੁਭ ਕਹਯੋ–ਗੁਰਤਾ ਕੀ ਮੰਜੀ ਅਬਿ ਲੇਹੁ। ਬਹੁ ਨਰ ਕੋ ਉਪਦੇਸ਼ ਕਰੇਹੁ ॥ ੩੫ ॥ਨਰ ਅਨੇਕ ਹੀ ਪੂਜਹਿਂ ਪਾਇ। ਦੇਹਿਂ ਉਪਾਇਨ ਫਲ ਕੋ ਪਾਇ–। ਇਮਿ ਕਹਿ ਮੰਜੀ ਪਰ ਬੈਠਾਵਾ। ਸਕਲ ਨਰਨ ਮਹਿਂ ਮਾਨ ਬਧਾਵਾ ॥੩੬॥ ਸਭਿ ਸਿੱਧਾਂ ਬਖਸ਼ੀ ਬਰ ਕਹਯੋ। 'ਭੋਗ ਮੋਖ ਤਿਨ ਅਸ ਪਦ ਲਹਯੋ'। [3]ਗੁਰ ਘਰ ਮਹਿ ਬਰਧਯੋ ਸਭਿ ਭਾਂਤੀ। ਨਾਮ 'ਜੀਵੜਾ' ਭਾ ਬੱਖਯਾਤੀ ॥ ੩੭ ॥ ਤਿਸਕੇ ਘਰ ਸੰਤਤਿ[4] ਜਬਿ ਹੋਈ। ਨਾਮ ਜੀਵੜੇ ਕਹਿ ਸਭਿ ਕੋਈ। ਜੋ ਤਿਹ ਸੰਤਤਿ ਕੇ ਸਮੁਦਾਇ। ਅਬਲੌਂ ਨਾਮੁ ਅਹੈ ਤਿਸੁ ਭਾਇ॥੩੮॥ ਨਵੀ-ਸਿੰਦ ਭਾਖਹਿ ਤਿਸ ਠੌਰ।'ਸੁਨਹੁ ਸ਼ਾਹਜੀ ਅਚਰਜ ਔਰ।।ਬੈਠ ਬਾਪਿਕਾ ਕੇ ਤਬਿ ਤੀਰ।ਸ਼੍ਰੀਗੁਰ ਅਮਰਦਾਸ ਗੰਭੀਰ॥੩੯॥ਕਹਯੋ ਸਭਿਨਿ ਮਹਿਂ–'ਬਾਪੀ ਸ੍ਰੋਤ। ਇਹੁ ਗੰਗਾ ਤੇ ਕੀਨਿ ਉਦੋਤ। ਇਹਾਂ ਜੁ ਕਰਹਿ ਆਇ ਇਸ਼ਨਾਨ। ਫਲ ਪਾਵਹਿ ਸੁਰਸਰੀ ਸਮਾਨ*॥ ੪੦ ॥ ਇਸ ਮਹਿ ਏਕ ਅਧਿਕਤਾ ਅਹੈ। ਜੈਸੇ ਫਲ ਬਿਸਾਲ ਕੋ ਲਹੈ। ਰਚੇ ਚੁਰਾਸੀ ਰੁਚਿਰ ਸੁਪਾਨਿ[5]। ਇਸ ਜਲ ਮਹਿ ਕਰਿ ਕਰਿ ਇਸ਼ਨਾਨ॥੪੧॥ਜਪੁਜੀ ਪੜ੍ਹੈ ਚੁਰਾਸੀ ਵਾਰ। ਸੋ ਨ ਚੁਰਾਸੀ ਲਹੈ ਸੰਸਾਰ। ਜਨਮ ਮਰਨ ਤੇ ਮੁਕਤਾ ਹੋਇ। ਸਤਿਗੁਰ ਚਰਨ ਪ੍ਰੇਮ ਮਨ ਭੋਇ[6]' ॥੪੨॥ਨਵੀਸਿੰਦ ਨੇ ਸਕਲ ਸੁਨਾਵਾ। ਅਕਬਰ ਸ਼ਾਹੁ ਮਹਾਂ ਬਿਸਮਾਵਾ। ਸ਼ਰਧਾ ਬਧੀ ਪ੍ਰੇਮ ਗੁਰ ਕੇਰਾ। ਮਿਲਨ ਲਾਲਸਾ ਵਧੀ ਵਧੇਰਾ† ॥੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਬਾਪਿਕਾ' ਪ੍ਰਸੰਗ ਬਰਨਨੰ ਨਾਮੁ ਨਵਮੋ ਅੰਸੂ ॥ ੯ ॥

### ੧੦. [ਅਕਬਰ ਨੇ ਗੁਰੁ ਜੀ ਨੂੰ ਗ੍ਰਾਮ ਭੇਟਾ ਕੀਤੇ]।

ਦੋਹਰਾ ॥ ਸੁਨਿਕੈ ਅਕਬਰ ਕਥਾ ਕੋ ਰਹਯੋ ਰਿਦੈ ਬਿਸਮਾਇ। ਨਵੀਸਿੰਦ ਸੋਂ ਕਹਤਿ ਭਾ 'ਗੁਰ ਪੂਰਨ ਸੁਖਦਾਇ‡ ॥ ੧ ॥ ਚੌਪਈ ॥ ਕੇਤਿਕ ਦਿਨ

---

[1]ਭਾਵ ਮਾਣਕ। [2]ਜਾਣਿਆਂ (ਗੁਰੂ ਜੀ ਨੇ ਏਹ) ਸਾਡੇ ਬਚਨ ਤੇ ਟਿਕਿਆ ਰਿਹਾ ਹੈ। [3]ਅੱਗੇ ਕਵੀ ਜੀ ਕਹਿੰਦੇ ਹਨ। [4]ਸੰਤਾਨ। [5]ਪੌੜੀਆਂ। [6]ਮਨ ਦਾ ਪ੍ਰੇਮ ਮੇਲਕੇ।

*ਦੇਖੋ ਰਾਸ ੧ ਅੰਸੂ ੪੯ ਅੰਕ ੪੩ ਦੀ ਟੂਕ ਜੋ ਗੰਗਾ ਸਤਿਗੁਰ ਦੀ ਦਾਸ ਹੋਕੇ ਸਤੁਤੀ ਕਰਦੀ ਹੈ, ਉਸਦੀ ਉਪਮਾ ਬਾਵਲੀ ਨਾਲ ਨਹੀਂ ਢੁੱਕਦੀ, ਜੋ ਸਤਿਗੁਰ ਨੇ ਆਪ ਰਚੀ ਹੈ। ਤਾਂਤੇ ਬਾਵਲੀ ਨੂੰ ਗੰਗਾ ਤੋਂ ਸ੍ਰੇਸ਼ਟ ਸਮਝੋ ਇਹ ਭਾਵ ਹੈ।

†ਇਕ ਲਿਖਤੀ ਨੁਸਖੇ ਵਿਚ ਇਹ ਅੰਤਲੀ ਚੌਪਈ ਨਹੀਂ ਹੈ। ‡ਪਾਃ–ਸੁਖਥਾਇ।

ਮਹਿ ਲਵਪੁਰਿ ਚਲਿ ਹੈਂ। ਤਹਾਂ ਜਾਇ ਸਤਿਗੁਰ ਕੋ ਮਿਲਿ ਹੈਂ। ਮਗ ਮਹਿਂ ਆਵਹਿ ਜਬਿ ਅਸਥਾਨ। ਤਹਿਂ ਮੁਝ ਕੋ ਕਰਿ ਦੇਹੁ ਬਖਾਨ' ॥ ੨ ॥ ਇਮ ਕਹਿ ਅਕਬਰ ਰਹਿ ਦਿਨ ਕੋਇ। ਲਵਪੁਰਿ ਦਿਸ ਗਮਨ੍ਯੋ ਸੁਖ ਜੋਇ। ਸਨੈ ਸਨੈ ਡੇਰੇ ਕਰਿ ਕੂਚ।ਤੀਰ ਬਿਪਾਸਾ ਆਨਿ ਪਹੂਚ॥੩॥ ਉਲੰਘਿ ਪਾਰ ਜਬਿ ਸਿਵਰ ਕਰਾਯੋ।ਸ਼ਾਹੁ ਆਇ ਬੈਠ੍ਯੋ ਹੁਲਸਾਯੋ। ਨਵੀਸਿੰਦ ਸਭਿ ਕਥਾ ਸਿਮਰਿਕੈ। ਕਰੀ ਜਨਾਵਨਿ ਸਕਲ ਉਚਰਿ ਕੈ ॥ ੪ ॥ ਸੁਨਤਿ ਸ਼ਾਹੁ ਹਰਖ੍ਯੋ ਉਰ ਮਾਂਹੀ। ਚਲਨ ਤ੍ਯਾਰ ਭਾ ਸਤਿਗੁਰ ਪਾਹੀ। ਲਈ ਉਪਾਇਨ ਹੀਰਾ ਮੋਤੀ। ਵਸਤੁ ਬਿਭੂਖਨ ਜੋਤਿ ਉਦੋਤੀ ॥੫॥ ਨਿਜ ਡੇਰੇ ਤੇ ਪਾਇਨ[1] ਚਲ੍ਯੋ।ਸਤਿਗੁਰ ਕੀ ਮਹਿਮਾ ਮਨ ਮਿਲ੍ਯੋ। ਸੰਗ ਪਠਾਨ ਮੁਗ਼ਲ ਸਮੁਦਾਯਾ। ਬਸਤੁ ਬਿਭੂਖਨ ਬ੍ਰਿੰਦ ਸੁਹਾਯਾ ॥ ੬ ॥ ਗੋਇੰਦਵਾਲ ਬਰ੍ਯੋ ਜਬਿ ਆਇ।ਤਜੇ ਉਪਾਨਯ[2] ਨੰਗੇ ਪਾਇ। ਸ਼ਰਧਾ ਕੋ ਬਧਾਇ ਉਰ ਮਾਂਹੀ।-ਜਿਸ ਤੇ ਗੁਰ ਮੋ ਪਰ ਹਰਖਾਹੀਂ-॥੭॥ਦਿਪਤ ਰਾਜ ਲੱਛਨ ਸਭਿ ਅੰਗ।ਰਾਜ ਸਮਾਜ ਬਿਰਾਜਤਿ ਸੰਗ। ਮੁਕਤਾ ਬੱਜ੍ਰ[3] ਜਵਾਹਰ ਜਰੇ।ਪਹਿਰੇ ਦਿਪਹਿਂ ਬਿਭੂਖਨ ਖਰੇ॥੮॥ਸ੍ਰੀਮੁਖ ਜਬਹਿ ਸ਼ਾਹੁ ਨੇ ਜੋਵਾ।ਹਾਥ ਜੋਰਿਨੰਮ੍ਰੀ ਸਿਰ ਹੋਵਾ। 'ਬਾਬਾ ਜੀ ਪਾਇਨ ਮੈਂ ਪਰਾ'। ਇਮ ਭਾਖਤਿ ਚਰਨਨ ਸਿਰ ਧਰਾ ॥ ੯ ॥ ਆਗ੍ਯਾ ਕਰਿ ਬੈਠਾਵਨਿ ਕੀਨਸਿ। ਸ਼ਾਹੁ ਕਹ੍ਯੋ ਬਚ ਸ਼ਰਧਾ ਭੀਨਸ। 'ਤੁਮਰੇ ਸਮ ਨਹਿਂ ਦੂਸਰ ਕੋਈ। ਜਿਮ ਖ਼ੁਦਾਇ ਸਮ ਅਪਰ ਨ ਹੋਈ॥੧੦॥ਸੱਤਿ ਹੋਤਿ ਹੈ ਵਾਕ ਤੁਮਾਰਾ।ਸੁਨੀ ਤਰੀਫ ਕਹਤਿ ਜਗ ਸਾਰਾ। ਸ੍ਰੀਨਾਨਕ ਕੀ ਕੀਰਤਿ ਸਾਰੇ।ਹਿਦੂ ਤੁਰਕ ਸਮਾਨ ਉਚਾਰੇ ॥ ੧੧ ॥ ਕਹੈਂ ਤੁਰਕ-ਹਮ[4] ਪੀਰ ਮਹਾਂਨਾ-।ਹਿੰਦੂਨਿ ਸਭਿਨ-ਗੁਰੂ-ਕਰਿਮਾਨਾ। ਜਿਨ ਕੀ ਅਜ਼ਮਤਿ ਜਗਤ ਮਝਾਰੇ।ਅਬਿ ਲੌ ਥਾਨ ਅਨੇਕ ਨਿਹਾਰੇ॥੧੨॥ਸੋਈ ਰੂਪ ਆਪ ਤੁਮ ਭਏ। ਅਧਿਕ ਸਭਿਨਿ ਤੇ ਅਜ਼ਮਤਿ ਥਿਏ। ਬਡੋ ਲਾਭ ਮੁਝ ਦਰਸ ਤੁਮਾਰਾ।ਕਾਰਜ ਮੇਰੋ ਸਗਲ ਸੁਧਾਰਾ॥੧੩॥ਕਰਿਹੁ ਉਪਾਇਨ ਅੰਗੀਕਾਰ। ਗੁਰ ਘਰ ਕੋ ਮੁਝ ਦਾਸ ਨਿਹਾਰਿ। ਬ੍ਰਿੰਦ ਗ੍ਰਾਮ ਲਿਹੁ ਜਹਾਂ ਬਤਾਵਹੁ।ਨਾਮ ਤਹਾਂ ਕੋ ਪਟਾ ਲਿਖਾਵਹੁ॥੧੪॥ ਮੁਝ ਲਗਿ ਕਾਜ ਪਰਹਿ ਜੋ ਆਈ।ਮਨੁਜ ਪਠਹੁ ਸੁਧਿ ਦੇਹੁ ਜਨਾਈ[5]'।ਸੁਨਿਕੈ ਸ੍ਰੀਗੁਰ ਅਮਰ ਬਖਾਨਾ। 'ਧਰੀ ਉਪਾਇਨ ਜੋ ਤੁਮ ਨਾਨਾ ॥ ੧੫ ॥ ਗ੍ਰਾਮ ਆਦਿ ਇਹੁ ਤੁਮ ਕੋ

[1]ਪੈਦਲ। [2]ਜੁੱਤੀ ਲਾਹਕੇ। [3]ਹੀਰੇ [ਸੰਸ:, ਵਜ੍ਰ]। [4]ਸਾਡਾ। [5]ਖਬਰ ਜਣਾ ਦਿਓ।

ਬਨੈਂ[1]।ਹੈਂ ਸਭਿ ਹਰਖਸ਼ੋਕ ਕੇ ਸਨੈਹਮ ਸਾਧੁਬ੍ਰਿਤਿ ਕਰਨਿ ਸਮਾਨ[2]।ਕੌਨ ਸੰਭਾਰੇ ਕਾਜ ਮਹਾਂਨ ॥੧੬॥ ਜਿਤੋ ਅਹਾਰ ਏਕ ਦਿਨੁ ਹੋਇ।ਧਰਹਿ ਆਨ ਪੁਜਾ ਜੋ ਕੋਇ। ਤਿਤੋ ਲੇਤਿ ਨਹਿਂ ਵਾਧੋ ਲੇਹਿਂ। ਸੰਗਤਿ ਭੋਜਨ ਸਰਬ ਅਚੇਹਿ'॥੧੭॥ਸੁਨਿ ਪੁਨਿ ਸ਼ਾਹੁ ਅਪਰ ਨਰ ਸਾਰੇ।ਹਾਥ ਬੰਦਿ ਕਰਿ ਬਿਨੈ ਉਚਾਰੇ।'ਤੁਮ ਕੋ ਨਹਿਂ ਪਰਵਾਹਿ ਕਿਸੂ ਕੀ। ਪੁਰਹੁ ਕਾਮ ਮਤਿ ਦਾਸ ਜਿਸੂ ਕੀ[3] ॥੧੮॥ ਸਭਿ ਜਗਿ ਜਾਚਕ ਤੁਮ ਇਕ ਦਾਤਾ। ਕਰੋ ਬਾਕ ਹੁਇ ਸੋ ਬੱਖਯਾਤਾ। ਤਊ ਜੋਗਤਾ ਐਸੀ ਅਹੈ। ਅੰਗੀਕਾਰ ਕਰਹੁ ਸਭਿ ਕਹੈਂ॥੧੯॥ ਯਾਂਤੇ[4] ਹੋਇ ਸ਼ਾਹੁ ਸਨਮਾਨੂ। ਧਰਿ ਸ਼ਰਧਾ ਹਰਖਾਇ ਮਹਾਨੂ। ਜੋ ਨਹਿਂ ਲੇਹੁ ਹੋਇ ਮਨ ਭੰਗ। ਸਭਿ ਰਿਦ ਕੀ ਜਾਨਹੁ ਸਭਿ ਸੰਗ[5] ॥੨੦॥ ਸਤਿਸੰਗਤਿ ਬਰਤਹਿ ਜੋ ਆਵੈ[6]।ਤੁਮਰੋ ਇਹ ਉਪਕਾਰ ਰਹਾਵੈ। ਆਪ ਕਰਹੁ ਫੁਰਮਾਵਨ ਤਹਾਂ। ਲੇਨਿ ਗ੍ਰਾਮ ਕੋ ਉਚਿਤੇ ਜਹਾਂ ॥੨੧॥ ਦਰਸ਼ਨ ਪਰਸੇ ਇਹੁ ਫਲ ਹੋਇ।ਪਾਇ ਅਨੰਦ ਜਾਇ ਸਭਿ ਕੋਇ[7]।ਤਾਵਰਿ ਸੋਂ ਮਿਲਿ ਹਰਖਹਿ ਸ਼ਾਹੂ[8]।ਹਰਖ ਸਭਿਨਿ ਕੈ ਹੁਇ ਮਨ ਮਾਹੂ॥੨੨॥ਬਹੁਤੋ ਬੋਲਨਿ ਆਪ ਅਗਾਰੀ।ਨਹਿਂ ਨੀਕੀ ਇਹੁ ਰੀਤ ਬਿਚਾਰੀ'।ਇਮ ਸੁਨਿ ਕੈ ਸਭਿਹਿਨਿ ਕੀ ਬਾਨੀ।ਸ਼੍ਰੀਗੁਰ ਬਾਤ ਭਵਿੱਖਤ ਜਾਨੀ॥੨੩॥ਤੀਰਥ ਉੱਤਮ ਉਦੈ ਸੁ ਕਰਿਨਾ।ਜਿਹ ਸ਼ਨਾਨ ਕਲਿ ਕਲਮਲ ਹਰਨਾ। ਹੋਨਹਾਰ ਸਭਿ ਕਰੀ ਬਿਚਾਰਨ। ਸ਼੍ਰੀ ਮੁਖ ਤੇ ਕਿਯ ਬਾਕ ਉਚਾਰਨ ॥ ੨੪ ॥ 'ਜਥਾ ਭਾਵਨੀ ਤਥਾ ਕਰੀਜਹਿ। ਸਤਿਸੰਗਤਿ ਕੋ ਮਾਨ ਰਖੀਜਹਿ। ਸਿਮਰਹਿਂ ਹਰਿ ਹਰਿ ਸੁਖ ਸੋਂ ਬਸਹਿਂ। ਭੋਜਨ ਅਚਹਿਂ ਪ੍ਰੇਮ ਪ੍ਰਭੁ ਰਸਹਿਂ'॥੨੫॥ਸੁਨਤਿ ਸ਼ਾਹੁ ਉਮਰਾਵਨ ਸਹਤ। ਹਰਖਜੋ ਪੁਨ ਸ਼ਰਧਾ ਧਰਿ ਮਹਤ।ਪਟਾ ਪਰਗਨੇ ਕੋ ਲਿਖਿ ਦੀਨ। 'ਰਹੈਂ ਗ੍ਰਾਮ ਸਭਿ ਗੁਰੂ* ਅਧੀਨ' ॥ ੨੬ ॥ ਆਦਿ ਝਬਾਲ ਬੀੜ ਜਹਿਂ ਕਰਜੋ। ਬਹੁਤੇ ਗ੍ਰਾਮ ਅਰਪਿ ਮੁਦ ਭਰਜੋ। ਅਪਨੋ ਜਨਮ ਸਕਾਰਥ ਜਾਨਾ। ਗੁਰ ਘਰ ਕੀ ਭੀ ਸੇਵ ਮਹਾਂਨਾ ॥੨੭॥ ਅਪਨੇ ਪਰ ਕਰੁਨਾ ਗੁਰ ਜਾਨੀ।

---

[1]ਬਣਦੇ, ਭਾਵ ਸ਼ੋਭਾ ਪਾਉਂਦੇ ਹਨ। [2]ਇਕੋ ਜਿਹੀ ਬ੍ਰਿਤੀ (ਰਹਿਣਾ) ਕਰਦੇ ਹਾਂ। [3]ਜਿਸਦੀ ਬੁੱਧੀ ਦਾਸ (ਭਾਵ) ਵਾਲੀ ਹੈ ਉਸਦੀ ਕਾਮਨਾ ਪੂਰੀ ਕਰੋ। [4]ਭਾਵ ਭੇਟਾ ਅੰਗੀਕਾਰ ਕਰਨ ਤੇ। [5]ਸਭ ਨਾਲ (ਜੋ ਵਰਤੀ ਹੈ)। [6]ਆਵੇਗੀ (ਪਿੰਡਾਂ ਦੀ ਆਮਦਨ) ਸੋ ਸੰਗਤ ਵਰਤੇਗੀ। [7](ਜੋ) ਸਭ ਕੋਈ ਅਨੰਦ ਪਾ ਜਾਂਦਾ ਹੈ। [8](ਤਿਵੇਂ) ਪ੍ਰਸੰਨ ਹੋਵੇ ਬਾਦਸ਼ਾਹ ਬੀ।

*ਪਾ:-ਸਤਿਗੁਰੂ।

–ਭਲੋ ਹੋਇ ਮੇਰੋ–ਚਿਤੁਠਾਨੀ।–ਜਿਮ ਉਰਚਹਯੋ ਮਾਨ ਸੋ ਲੀਨਿ।ਸਫਲ ਕਰਯੋ ਨਿਜ ਦਰਸ਼ਨ ਦੀਨਿ–॥੨੮॥ਗੁਰ ਕੀ ਖੁਸ਼ੀ ਲੀਨਿ ਇਸ ਰੀਤਿ। ਸ਼ਰਧਾ ਅਧਿਕ ਬਧਾਇਵ ਚੀਤ। ਪੁਨ ਕਰਿ ਬਿਨੈ ਹਾਥ ਕੋ ਬੰਦਿ। ਕਰੀ ਬੰਦਨਾ ਪਦ ਅਰਬਿੰਦ॥੨੯॥ਆਇਸੁ ਪਾਇ ਗੁਰੂ ਮੁਖ ਕੇਰੀ।ਉਠਯੋ ਸ਼ਾਹੁ ਕਰਿ ਖੁਸ਼ੀ ਘਨੇਰੀ। ਲੇ ਕਰਿ ਗੁਰ ਘਰ ਕੋ ਸਿਰੁਪਾਉ। ਧਰਯੋ ਸੀਸ ਪਰ ਅਨੰਦ ਉਪਾਉ॥੩੦॥ਨਿਕਸਯੋ ਪੁਰਿ ਤੇ ਆਯਹੁ ਡੇਰੇ। ਲੋਕਨਿ ਸੋਂ ਗੁਨ ਭਨਤਿ ਬਡੇਰੇ।‘ਪੂਰਨਪੁਰਖ ਬਾਕਜਿਨ ਪੂਰਨ।ਦਰਸੇ ਲਹੈਂ ਕਾਮਨਾ ਤੂਰਨ ॥੩੧॥ ਬੈਸ ਬਿਸਾਲ ਮਹਾਂ ਬ੍ਰਿਧ ਹੋਇ। ਭਲੀ ਭਈ ਹਮ ਦਰਸ਼ਨ ਜੋਇ। ਬਦਨ ਅਦੀਨ[1]ਸੁ ਦੀਰਘ ਆਸ਼ੈ। ਬੈਠੇ ਸ਼ੁਭ ਗੁਨ ਮਨਹੁਂ ਪ੍ਰਕਾਸ਼ੈ॥ ੩੨ ॥ ਲੋਭ ਆਦਿ ਜੇ ਮਹਿਦ ਬਿਕਾਰਾ। ਲੇਸ਼ ਨਹੀਂ ਨੀਕੇ ਨਿਰਧਾਰਾ[2]’। ਇਮ ਕਹਿ ਰੈਨਿ ਬਿਖੈ ਪਰਿ ਸੋਵਾ।ਭੋਰ ਭਏ ਲਵਪੁਰਿ ਮਗ ਜੋਵਾ॥੩੩॥ਸ੍ਰੀ ਅੰਮ੍ਰਿ-ਤਸਰ ਕੇ ਚਹੁਂ ਪਾਸੇ।ਸੁਨਿ ਗ੍ਰਾਮਨ ਕੇ ਲੋਕ* ਹੁਲਾਸੇ। ਲੇ ਲੇ ਭੇਟ ਆਇ ਸਮੁਦਾਇ। ਸਤਿਗੁਰ ਕੇ ਗ੍ਰਿਹ ਹੋਤਿ ਬਧਾਇ ॥੩੪॥ ਸ੍ਰੀ ਗੁਰ ਸਗਰੀ ਸਭਾ ਲਗਾਇ।ਰਾਮਦਾਸ ਨਿਜ ਪਾਸ ਬੁਲਾਇ। ਇਨ ਕੋ ਸਭਿ ਹੀ†ਭੇਟ ਦਿਵਾਈ। ਨਰ ਗ੍ਰਾਮਨ ਕੀ ਬਾਂਹੁ ਗਹਾਈ ॥ ੩੫ ॥ ਸੁਨਤਿ ਸਭਿਨਿ ਕੇ ਬਾਕ ਬਖਾਨਾ।‘ਮਾਲਕ ਤੁਮਰੋ ਇਹੀ ਮਹਾਂਨਾ। ਕੈ ਇਸ ਕੀ ਸੰਤਤਿ ਸ਼ੁਭ ਹੋਇ। ਕੈ ਇਸ ਕੇ ਸਿਖ ਤੁਮ ਪਤਿ ਜੋਇ[3]’॥੩੬॥ ਇਮ ਕਹਿ ਸਭਿ ਕੋ ਦੇ ਦਸ-ਤਾਰ।ਬਿਦਾ ਕਰੇ ਨਰ ਗ੍ਰਾਮ ਉਦਾਰ।ਭਾਈ ਬੁੱਢਾ ਸਭਿ ਪਰਿ ਛੋਰਾ। ਕਰਹਿ ਮਾਮਲਾ ਗ੍ਰਾਮ ਬਟੋਰਾ॥੩੭॥ਦੇਗ਼ ਗੁਰੂ ਕੀ ਚਲਹਿ ਅਪਾਰਾ। ਰੈਨਿ ਦਿਨਾ ਨਰ ਅਚਹਿਂ ਹਜ਼ਾਰਾ। ਅੰਨ ਫਸਲ ਦਰ ਫਸਲ ਮਹਾਂਨੈ। ਲੰਗਰ ਪਰਹਿ ਸੇਵ ਨਰ ਠਾਨੈਂ ॥੩੮॥ ਸਿੱਖਨ ਸੈਂਕਰੇ ਕਾਰ ਸੰਭਾਰੈਂ। ਸ੍ਰੀ ਗੁਰ ਰਾਮਦਾਸੁ ਅਨੁਸਾਰੈਂ।ਇਨ ਕੀ ਆਇਸੁ ਲੇਤਿ ਸਮਾਜਾ।ਆਪ ਆਪਨੇ ਸਾਰਹਿਂ ਕਾਜਾ ॥੩੯॥ ਸਿੱਖ ਅਨੇਕ ਦਾਸ ਸਭਿ ਗ੍ਰਾਮ। ਕਰਹਿਂ ਮਾਮਲੇ ਕੋ ਸਭਿ ਕਾਮ। ਜਿਮਿ ਭਾਈ ਬੁੱਢਾ ਕਹਿ‡ਦੇਹਿ।ਤਿਸੀ ਪ੍ਰਕਾਰ ਸਰਬ ਹੀ ਲੇਹਿਂ ॥ ੪੦ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦ੍ਵਿਤਿਯ ਰਾਸੇ ‘ਅਕਬਰ ਕੋ ਆਵਨ, ਗ੍ਰਾਮਨ ਕੋ

---

[1]ਤੇਜ ਵਾਲਾ (ਅ + ਦੀਨ)। [2]ਭਾਵ ਸ੍ਰੀ ਗੁਰੂ ਰਾਮਦਾਸ ਜੀ। [3]ਭਾਵ–ਇਹ ਪਿੰਡ ਆਪ ਨਹੀਂ ਰਖੇ ਸ੍ਰੀਰਾਮਦਾਸ ਜੀ ਜੋਗ ਦਿੱਤੇ। *ਭਾਵ ਇਹ ਹੈ ਕਿ ਉਹਨਾਂ ਗ੍ਰਾਵਾਂ ਦੇ ਲੋਕ ਜੋ ਅਕਬਰ ਛੋਟਾ ਕਰ ਗਿਆ ਸੀ ਅਤੇ ਜੋ ਗ੍ਰਾਮ ਕਿ ਅਜ ਕਲ ਅੰਮ੍ਰਿਤਸਰ ਦੇ ਚੁਫੇਰੇ ਦਿੱਸਦੇ ਹਨ।

†ਪਾਃ–ਸਗਰੀ। ‡ਪਾਃ–ਕਰਿ।

ਅਰਪਨੋ' ਪ੍ਰਸੰਗ ਬਰਨਨੰ ਨਾਮ ਦਸ਼ਮੋ ਅੰਸੂ ॥ ੧੦ ॥

## ੧੧. [ਤੀਰਥ ਪ੍ਰਗਟੋਣ ਹਿਤ ਗੁਰੂ ਜੀ ਨੇ ਵਿਚਾਰਨਾ]।

ਦੋਹਰਾ॥ਅਧਿਕ ਆਮਦਨਿ ਮਾਮਲਾ ਸਭਿ ਗ੍ਰਾਮਨ ਕੀ ਜਾਨਿ।ਅਮਰਦਾਸ ਸ੍ਰੀ ਸਤਿਗੁਰੂ ਰਿਦੈ ਬਿਚਾਰਨ ਠਾਨਿ॥੧॥ਚੌਪਈ॥–ਭਈ ਬਾਪਿਕਾ ਪੂਰਨ ਅਬੈ–। ਪਰਉਪਕਾਰ ਚਿਤਵਤੇ ਤਬੈ*।–ਤੀਰਥ ਪ੍ਰਗਟੈ ਪਾਵਨ ਕੋਈ। ਸਭਿ ਸੰਗਤਿ ਜਹਿਂ ਮੱਜਨ ਹੋਈ॥੨॥ਅਹੈ ਬਾਪਿਕਾ ਗੋਇੰਦਵਾਲ–।ਰਾਮ-ਦਾਸ ਹਿਤ ਕਰਤਿ ਸੰਭਾਲ[1] ।–ਸ੍ਰੀ ਗੁਰ ਨਾਨਕ ਜਥਾ ਬਨਾਯੋ[2] । ਆਪ ਅਛਤ ਸਭਿ ਬਿਧਿ ਸਮੁਝਾਯੋ॥੩॥ਗਾਦੀ ਦੇ ਕਰਿ[3]ਪੁਰਿ ਕਰਤਾਰ। ਦੀਨ ਬਸਾਇ ਖਡੂਰ ਮਝਾਰ।ਸੰਤਤਿ ਕਰੈ ਬਿਰੋਧ ਨ ਕੋਈ।ਬੈਠੇ ਪ੍ਰਿਥਕ ਪ੍ਰਕਾਸ਼ੈਂ ਸੋਈ॥੪॥ਤਿਮ ਸ੍ਰੀ ਅੰਗਦ ਕਾਰਜ ਕੀਨਾ। ਗੋਇੰਦਵਾਲ ਬਸਾਇ ਸੁ ਦੀਨਾ॥ਨਿਜ ਸੰਤਤਿ ਤੇ ਕਰਿ ਕੈ ਨਯਾਰੇ। ਸ੍ਰੀ ਗੁਰ ਅਮਰਦਾਸ ਬੈਠਾਰੇ–॥੫॥ਤਿਮ ਸ੍ਰੀ ਅਮਰ ਮਨੋਰਥ ਕਰਿ ਕੈ।ਸਭਿ ਬਿਧਿ ਨੀਕੇ ਰਿਦੇ ਬਿਚਰਿ-ਕੈ:–ਸਤਿਜੁਗ ਕੋ ਤੀਰਥ ਦੁਰ ਰਹਯੋ। ਚਿਰੰਕਾਲ ਭਾ ਕਿਨਹੁਂ ਨ ਲਹਯੋ ॥੬॥ਸਰਬ ਪ੍ਰਜਾ ਬਿਧਿ ਪਾਸ ਪੁਕਾਰੀ। 'ਬਿਨ ਰਾਜੇ ਹਮ ਕੋ ਦੁਖ ਭਾਰੀ। ਤਾਂ ਤੇ ਨਿਜ ਬਿਚਾਰ ਕਰਿ ਮਨ ਮੈਂ।ਦੀਜੈ ਰਾਜਾ ਹੋਇ ਸਭਿਨਿ ਮੈਂ[4]'॥੭॥ ਸੁਨਿ ਬ੍ਰਹਮਾ ਉਰ ਉਚਿਤ ਬਿਚਾਰਾ ।–ਮ੍ਰਿਤੁ ਮੰਡਲ[5] ਬਿਨੁ ਨ੍ਰਿਪ ਦੁਖਿ-ਆਰਾ। ਅਹੈ ਜੋਗ ਇਨ ਬਨਹਿਂ ਨਰੇਸ਼।ਬਸਹਿ ਸੁਖੀ ਤਬਿ ਪ੍ਰਜਾ ਅਸ਼ੇਸ਼–॥੮॥ਆਠਹੁਂ ਲੋਕਪਾਲ ਕੇ ਤਨ ਤੇ। ਅੰਸ ਨਿਕਾਸਨ ਕੀਨਸਿ ਤਿਨ ਤੇ। ਆਠਹੁਂ ਗੁਨ ਜੁਤਿ ਰਾਜਾ ਕੀਨਿ। ਤਿਸ ਨ੍ਰਿਪ ਨਾਮ ਸੁ'ਛੁਪ'ਧਰਿ ਦੀਨਿ ॥ ੯॥ ਹੋਨ ਪ੍ਰਸੰਨ ਇੰਦ੍ਰ ਕੋ ਗੁਨ ਹੈ। ਜਮ ਕੋ ਦੰਡ,ਧਨਦ ਦੇ ਧਨ ਹੈ[6]। ਇੱਤ੍ਯਾਦਿਕ ਸਭਿ ਲੀਜਹਿ ਜਾਨਿ।ਹੋਤਿ ਭਯੋ'ਛੁਪ'ਭੂਪ ਮਹਾਂਨ ॥ ੧੦ ॥ ਅਵਿਨੀ ਰਾਜ ਕੀਨਿ ਚਿਰਕਾਲ। ਪ੍ਰਜਾ ਬਸਾਈ ਸਭਿ ਸੁਖ ਨਾਲ। ਤਿਸ ਤੇ ਪੀਛੇ ਔਰੁ ਸੁ ਭਯੋ।ਨਾਮ ਇਖਵਾਕ[7]ਜਾਂਹਿ ਧਰਿ ਦਯੋ॥੧੧॥ਛੁਪ ਮ੍ਰਿਤੁ ਤੇ ਬੈਠਯੋ ਸੋ ਰਾਜ। ਕਰੇ ਸਰਬ ਪਰਜਾ ਕੇ ਕਾਜ। ਨ੍ਰਿਪ ਸਤਿਸੰਧਿ[8] ਮਹਾਂ

[1]ਸ੍ਰੀ ਰਾਮਦਾਸ ਜੀ ਲਈ ਸੰਭਾਲ ਕਰਦੇ ਹਨ ਭਾਵ ਸ੍ਰੀ ਗੁਰੂ ਅਮਰਦਾਸ ਜੀ ਸੋਚਦੇ ਹਨ ਜੋ ਸ੍ਰੀ ਰਾਮਦਾਸ ਜੀ ਕਿੱਥੇ ਜਾ ਟਿਕਣ। [2]ਬਣਾਇਆ (ਕਰਤਾਰ ਪੁਰ)। [3]ਭਾਵ, ਸ੍ਰੀ ਗੁਰੂ ਅੰਗਦ ਜੀ ਨੂੰ। [4](ਜੋ) ਸਭ ਵਿਚ (ਪ੍ਰਗਟ) ਹੋਵੇ। [5]ਮਾਤਲੋਕ। [6]ਧਰਮਰਾਜ ਦਾ (ਗੁਣ) ਡੰਡ ਦੇਣਾ ਹੈ, ਕੁਮੇਰ ਦਾ (ਗੁਣ) ਧਨ ਦੇਣਾ ਹੈ। [7][ਸੰਸ:, ਇਕਸ਼੍ਵਾਕੁ]। [8]ਸੱਚ ਨਾਲ ਮੇਲ ਕਰਨ ਵਾਲਾ, ਭਾਵ ਸੱਚ ਤੇ ਟੁਰਨ ਵਾਲਾ।

*ਤਾ:–ਸਭੇ।

ਬਲਵਾਨ।ਭਗਤਿ ਪ੍ਰਮੇਸ਼ਰ ਕੋ ਬੁਧਿਵਾਨ ॥ ੧੨ ॥ ਸਿੰਧ ਮੇਖਲਾ ਅਵਨੀ ਸਾਰੀ[1]।ਪੁੱਤ੍ਰ ਸਮਾਨ ਸਦਾ ਪ੍ਰਤਿਪਾਰੀ। ਨ੍ਰਿਪ ਇਖਵਾਕ ਬਲੀ ਇਕ ਕਾਲ। ਚਹਯੋ ਜੱਗ ਕੋ ਕਰਨ ਬਿਸਾਲ ॥ ੧੩ ॥ ਸਕਲ ਪ੍ਰਿਥੀ ਤੇ ਸੰਗ੍ਰਹ ਕੀਨੇ । ਜੱਗਯ ਸਮਾਜਨਿ ਸੰਖਯਾਹੀਨੇ[2]। ਆਵਾਹਨ ਸਗਰੇ ਸੁਰ ਕਰੇ। ਬੇਦ ਮੰਤ੍ਰ ਪਢਿ ਕਰਿ ਮੁਨਿਬਰੇ[3] ॥ ੧੪ ॥ ਆਯਹੁ ਬ੍ਰਹਮਾ ਜੁਤਿ ਬ੍ਰਹਮਾਨੀ। ਸ਼ੰਕਰ ਗਨ ਕੇ ਸਹਤ ਭਵਾਨੀ[4]। ਤੀਨ ਲੋਕ ਪਤਿ ਪ੍ਰਭੁ[5]ਬੁਲਾਏ।ਸੰਗ ਇੰਦਰਾ[6] ਅਧਿਕ ਸੁਹਾਏ ॥੧੫॥ ਅਗਨਿ ਪੁਰੋਗਮ[7] ਮਘਵਾ[8] ਆਦਿ।ਸਰਬ ਦੇਵਤਾ ਧ੍ਰਿਤਿ ਅਹਿਲਾਦ । ਧਨਦ[9] ਪ੍ਰਭੰਜਨ ਕੇ ਗਨ ਆਏ[10]। ਰੁੱਦ੍ਰ ਇਕਾਦਸ਼[11] ਸੁਰ ਸਮੁਦਾਏ॥੧੬॥ਬਿੱਸ੍ਵਾਦੇਵ[12]ਮਹਾਂ ਰਿਖਿਯਨੇ।ਗੰਧ੍ਰਬ[13]ਕਿੰਨਰ[14]ਜਾਹਿੰ ਨ ਗਨੇ । ਬਿੱਦਯਾਧਰਿ[15] ਸਸਿ ਸੂਰਜ ਆਏ। ਜੇ ਪਤਾਲ ਬਾਸੀ ਅਹਿ-ਰਾਏ[16]॥੧੭॥ ਤੀਨ ਲੋਕ ਮਹਿੰ ਮੁਖਿ ਸਭਿ ਆਏ। ਲੇਨਿ ਆਪਨੋ ਭਾਗ ਬਨਾਏ[17] । ਮ੍ਰਿਤੁ ਮੰਡਲ ਕੇ[18] ਦ੍ਵਿਜ ਰਿਖਿ ਸਾਰੇ। ਕਰੇ ਇਕੱਤ੍ਰ ਮਹੀਪ ਹਕਾਰੇ॥੧੮॥ਮਹਾਂ ਜੱਗਯ ਤਿਨ ਰਚਯੋ ਬਨਾਇ। ਸਭਿ ਕੋ ਜਥਾ ਜੋਗ ਤ੍ਰਿਪ੍ਤਾਇ।ਹੱਬਯ[19]ਕੱਬਯ[20]ਦੇ ਕਰਿ ਬਿਧਿ ਆਛੇ। ਦਿਯੋ ਦਾਨ ਜੇਤਿਕ ਜੋ ਬਾਛੇ ॥੧੯॥ ਰੰਕ ਨ ਰਹਯੋ ਪ੍ਰਿਥੀਤਲ ਕੋਈ। ਲੇ ਕਰਿ ਦਾਨ ਤ੍ਰਿਪਤਿ ਸੋ ਹੋਈ। ਹਮਨਕੁੰਡ ਕੇ ਚਾਰਿਹੁੰ ਪਾਸੇ। ਮੁੱਖਯ ਦੇਵਤਾ ਬੈਠਿ ਪ੍ਰਕਾਸ਼ੇ ॥੨੦॥ ਜਥਾ ਜੋਗ ਸਭਿ ਕੋ ਦੇ ਭਾਗ। ਪਦਮਾਪਤਿ[21] ਕੇ ਰਸੁ ਅਨੁਰਾਗ। ਕਰਿ ਕਰਿ ਭਗਤਿ ਸਕਲ ਹਰਖਾਏ ।ਜਸ ਇਖ਼ਵਾਕ ਜਗਤ ਰਹਿ ਛਾਇ॥੨੧॥ਬਿਧਿ,

---

[1]ਸਮੁੰਦਰ ਤੜਾਗੀ ਵਾਕੂੰ ਜਿਸ ਧਰਤੀ ਨੂੰ ਘੇਰੇ ਹੋਏ ਹੈ। [2]ਜੱਗ ਦੀਆਂ ਸਮੱਗ੍ਰੀਆਂ ਬੇ ਗਿਣਤ । [3]ਸ੍ਰੇਸ਼ਟ ਮੁਨੀ। [4]ਸ਼ਿਵਜੀ ਗਣਾਂ ਤੇ ਪਾਰਬਤੀ ਸਮੇਤ । [5]ਤਿੰਨਾਂ ਲੋਕਾਂ ਦਾ ਪਤੀ ਵਿਸ਼ਨੂੰ । [6]ਲੱਖਮੀ । [7]ਆਗੂ ਅਗਨੀ, ਅੱਗੇ ਚੱਲਣ ਵਾਲੀ ਅਗਨੀ। [8]ਇੰਦਰ। [9]ਕੁਬੇਰ । [10]ਵਾਯੂ ਦੇ ਸਮੂਹ, ਭਾਵ ੪੯ ਤਰ੍ਹਾਂ ਦੀ ਪੌਣ। [11]ਗਿਆਰਾਂ ਹੀ ਸ਼ਿਵ। [12]ਇਕ ਖਾਸ ਕਿਸਮ ਦੇ ਦੇਵਤੇ; ਪੁਰਾਣਾਂਨੁਸਾਰ ਇਹ ਦੱਖਯ ਦੀ ਧੀ ਵਿਸ੍ਵਾ ਦੇ ਪੁੱਤ੍ਰ ਹਨ, ਗੇਣਤੀ ਵਿਚ ਦਸ ਹਨ:-ਵਸੂ, ਕ੍ਰਤੂ, ਸੱਤਯਾ, ਕਲਾ, ਦੱਖਯ, ਕਾਮ, ਧ੍ਰਿਤੀ, ਕੁਰੂ, ਪਰੂਰਵਾ, ਮਾਦ੍ਰਵਾ, ਕਦੇ ਕਦੇ ਦੋ ਹੋਰ ਬੀ ਨਾਲ ਗਿਣਦੇ ਹਨ, ਰੋਚਕ ਯਾ ਲੋਚਨ ਤੇ ਧ੍ਰਨੀ ਯਾ ਧੂਰੀ, ਕ੍ਰਿਯਾ ਕਰਮ ਤੇ ਸ਼੍ਰਾਧਾਂ ਵਿਚ ਇਨ੍ਹਾਂ ਦੀ ਪੂਜਾ ਹੁੰਦੀ ਹੈ। [13]ਦੇਵਤਿਆਂ ਦੇ ਰਾਗੀ। [14]ਦੇਵਤਿਆਂ ਵਜੰਤ੍ਰੀ। [15]ਇਕ ਤਰ੍ਹਾਂ ਦੇ ਦੇਵਤੇ। [16]ਸ਼ੇਸ਼ਨਾਗ । [17]ਅਪਣਾ ਹਿੱਸਾ ਸੰਵਾਰਕੇ ਲੈਣ ਲਈ। [18]ਮਾਤਲੋਕ ਦੇ । [19]ਦੇਵਤਿਆਂ ਨਮਿੱਤ ਅਹੂਤੀਆਂ। [20]ਪਿੱਤ੍ਰਾਂ ਨਮਿੱਤ ਅਹੂਤੀਆਂ। [21]ਵਾਹਿਗੁਰੂ।

ਹਰਿ,ਹਰ[1] ਆਦਿਕ ਸੁਰ ਸਾਰੇ।ਭਏ ਪ੍ਰਸੰਨ ਭੂਪ ਸਤਿਕਾਰੇ[2]।—'ਬਰੰਬ੍ਰੂਹ[3]' ਸਭਿਹੂੰ ਮਿਲਿ ਕਹ੍ਯੋ।ਹਾਥ ਜੋਰਿ ਨ੍ਰਿਪ ਠਾਂਢੋ ਰਹ੍ਯੋ॥੨੨॥ਕਹਤਿ ਭਯੋ "ਹੇ ਪ੍ਰਭੂ! ਸੁਨੀਜੈ। ਸਭਿ ਪ੍ਰਸੰਨ ਤੌ ਇਹੁ ਵਰ ਦੀਜੈ।ਜਹਾਂ ਨਿਵਾਸ ਆਪ ਤੁਮ ਕੀਨੋ।ਧਾਰਿ ਅਨੰਦ ਮੁਝ ਦਰਸ਼ਨ ਦੀਨੋ॥੨੩॥ਅਗਨਿ ਕੁੰਡ[4] ਇਹੁ ਤੀਰਥ ਹੋਇ[5]। ਕਲੁਖ ਹਤਹਿ ਮੱਜੈ ਨਰ ਜੋਇ। ਹੋਹਿ ਜਗਤ ਮਹਿਂ ਮਹਾਂ ਪ੍ਰਕਾਸ਼। ਇਸ ਕੇ ਸਮ ਦੁਤਿਯੋ ਨਹਿਂ ਭਾਸੁ॥੨੪॥ ਅਗਨਿ ਕੁੰਡ ਕੇ ਜਿਸ ਜਿਸ ਦਿਸ਼ੁ ਹੋ। ਤਿਸ ਤਿਸ ਦਿਸ਼ ਸਦੀਵ ਤੁਮ ਬਸਿਹੋ। ਇਹਾਂ ਆਇ ਜੋ ਕਰਹਿ ਸ਼ਨਾਨ। ਚਹੁੰ ਦਿਸ਼ ਫਿਰਿ ਕਰਿ ਬੰਦਨ ਠਾਨਿ॥੨੫॥ ਤਿਸ ਕੋ ਸਕਲ ਕਰਹੁ ਕੱਲਜਾਨ।ਜਨਮ ਜਨਮ ਕੇ ਕਿਲਵਿਖ ਹਾਨ[7]।ਸੁਨਜੋ ਭੂਪ ਤੇ ਸਭਿ ਨੈ ਕਹ੍ਯੋ।ਪੁਰਸ਼ੋਤਮ[6] ਕੀ ਦਿਸ਼ ਤਬਿ ਲਹ੍ਯੋ॥੨੬॥ ਸ੍ਰੀ ਨਾਰਾਇਨ ਸਭਿ-ਦਿਸ਼ਿ ਹੇਰਿ।ਕਰੀ ਕ੍ਰਿਪਾ ਬੋਲੇ ਤਿਸ ਬੇਰਿ। 'ਹੇ ਭੂਪਤਿ! ਤੂੰ ਭਗਤ ਮਹਾਂਨਾ। ਕਾਰਨ ਪਰਉਪਕਾਰ ਬਖਾਨਾ॥੨੭॥ਜਿਮ ਜੀਵਨ ਕੋ ਹੁਇ ਕੱਲਜਾਨ। ਹਮ ਤੇ ਜਾਚ੍ਯੋ ਅਸ ਤੈਂ ਦਾਨ।ਮਮ ਪ੍ਰਸੰਨਤਾ ਤੇ ਸਭਿ ਹੋਇ।ਤੀਰਥ ਮਹਾਂ ਲਖੈ ਸਭਿ ਕੋਇ॥੨੮॥ ਲਾਖਹੁੰ ਬਰਸ ਬਿਦਤਿ ਅਬਿ ਰਹੈ। ਪੁਨ ਛਪ ਜਾਇ ਨ ਕੋਊ ਲਹੈ। ਪੰਚ ਹਜ਼ਾਰ ਬਿਤਹਿ ਕਲਿ ਕਾਲ। ਤਬਿ ਮਮ ਹੁਇ ਅਵਤਾਰ ਬਿਸਾਲ॥੨੯॥ ਸ੍ਰੀ ਨਾਨਕ ਨਿਜ ਨਾਮ ਧਰਾਵੋਂ। ਭਗਤਿ ਪੰਥ ਜਗ ਮਹਿਂ ਬਿਦਤਾਵੋਂ। ਜੋਗ,ਜੱਗਜ, ਤਪ ਤੂ ਜੁਗ ਧਰੈ।ਮੂ।ਇਨ ਮਹੁਂ ਕਰੈ[7] ਲਹੈ ਬਡ ਸ਼ਰਮ[8]॥੩੦॥ ਕਲਿਯੁਗ ਮਹਿਂ ਨਰ ਸ਼ਕਤਿ ਬਿਹੀਨ। ਬੁਧਿ* ਬਿਤਿ ਬਲ ਤੇ ਜਿਨ ਤਨ ਛੀਨ। ਤਿਨ ਕੇ ਹਿਤ ਸ਼ੁਭ ਮਾਰਗ ਪਾਵਨਿ[9]। ਤਨ ਧਰਿ ਫਿਰੌਂ ਸਰਬ ਹੀ ਥਾਵਨਿ॥੩੧॥ ਚਹੁੰ ਦਿਸ਼ ਮਹਿ ਸਿੱਖੀ ਪ੍ਰਗ-ਟਾਵੋਂ। ਭਗਤਿ ਰੀਤਿ ਮਹਿਂ ਗਜਾਨ ਬਤਾਵੋਂ।ਜਬਿ ਮੈਂ ਤੀਨ ਦੇਹਿ ਕੋ ਧਰੋਂ। ਚਤੁਰਥ ਤਨ ਅਪੁਨੋ ਪੁਨ ਕਰੌਂ॥੩੨॥ਤਬਿ ਇਹੁ ਤੀਰਥ ਕੋ ਬਿਦਤਾਵੋਂ। ਪੰਚਮ ਤਨ ਤੇ ਪੱਕ੍ਰ[10]† ਬਨਾਵੋਂ। ਸਰ ਅੰਦਰ ਸਿਰਜੌਂ ਹਰਿਮੰਦਰ। ਜਿਸਿ ਮਨਿੰਦ ਕਿਤ ਹੋਇ ਨ ਸੁੰਦਰ॥੩੩॥ਸੱਤਿਨਾਮ ਕੀ ਅਧਿਕ ਬਡਾਈ।ਕਰੌਂ ਸਥਾਪਤਿ, ਰਹੈ ਸਦਾਈ। ਖਸ਼ਟਮ ਦੇਹਿ ਧਰੌਂ ਮੈਂ ਜਬੈ।ਜਿਹ ਸਥਾਨ ਹੌਂ

[1]ਬ੍ਰਹਮਾਂ, ਵਿਸ਼ਨੂੰ, ਸ਼ਿਵ। [2]ਰਾਜਾ ਦੇ ਸਤਿਕਾਰੇ ਹੋਏ ਪ੍ਰਸੰਨ ਹੋਏ। [3]ਵਰ ਮੰਗ। [4]ਅਗਨੀ ਕੁੰਡ (ਦਾ ਥਾਂ)। [5]ਬਣੇ। [6]ਭਾਵ, ਵਿਸ਼ਨੂੰ। [7]ਇਨ੍ਹਾਂ ਵਿਚੋਂ ਜੋ ਕਰੇਗਾ। [8]ਭਾਵ ਹੈ ਸ਼੍ਰਮ ਤੋਂ=ਮਿਹਨਤ। [9]ਭਲੇ ਰਸਤੇ ਪਾਵਣ ਲਈ। [10]ਪੱਕਾ। *ਪਾ:—ਸੁਧਿ। †ਪਾ:—ਪ੍ਰਪਕ।

ਬੈਠਯੋ ਅਬੈ॥੩੪॥ਰਚਿ ਅਕਾਲਬੁੰਗਾ ਧਰਿਨਾਮੂ।ਸਿਰਜੈਂ ਤਖਤ ਮਹਾਂਅਭਿ-
ਰਾਮੂ।ਬੈਠੌਂ ਬੀਚ ਦਿਵਾਨ ਲਗਾਵੌਂ।ਸਰਬ ਜਗਤ ਕੋ ਗੁਰੂ ਕਹਾਵੌਂ॥੩੫॥ਪੁਨ
ਮੈਂ ਸਦਾ ਬਸੌਂ ਇਸਥਾਨ।ਬੰਦਹਿਂ ਅਚਰਜ ਹੋਹਿ ਜਹਾਨ। ਜੋਤਿ ਆਪਨੀ
ਨੀਤਿ ਬਸਾਵੌਂ।ਮਹਾਂ ਤੇਜ ਸਭਿ ਮਹਿਂ ਬਿਦਤਾਵੌਂ" ॥੩੬॥ ਇਮ ਪੁਰਸ਼ੋਤਮ
ਨ੍ਰਿਪ ਸੋਂ ਕਹਯੋ।ਪੁਨ ਬ੍ਰਹਮਾ ਕੀ ਦਿਸ਼ ਕੋ ਚਹਯੋ[1]।ਰੁੱਦ੍ਰ ਸਰੈਂਦ੍ਰ[2] ਆਦਿ ਸਭ
ਜੋਈ।ਹੁਇਪ੍ਰਸੰਨ ਬਰ ਭਾਖਤਿ ਸੋਈ॥੩੭॥"ਨਿਜ ਨਿਜ ਬਲ ਹਮ ਸਭਿਹੀ
ਰਹੈਂ*। ਤੀਨਲੋਕ ਪਤਿ ਸੰਗੀ ਅਹੈਂ"।ਇਸ ਪ੍ਰਕਾਰ ਨ੍ਰਿਪ ਕੋ ਬਰ ਦੀਨੇ।
ਪੁਨਹੁ ਬਿਸਰਜਨ ਸਗਰੇ ਕੀਨੇ ॥੩੮॥ਨ੍ਰਿਪ ਇਖਵਾਕ ਪ੍ਰਤਾਪੁ ਬਿਸਾਲਾ।
ਛੱਤ੍ਰੀਬੰਸ ਜਗਤ ਮਹਿਂ ਚਾਲਾ।ਰਾਮਚੰਦ ਆਦਿਕ ਸਿਰਮੌਰ। ਭਏ ਅਨੇਕ
ਸੁ ਰਾਜਾ ਔਰ॥੩੯॥ਸੋਈ ਬੰਸੁ ਚਲਯੋ ਜਗ ਆਵਾ।ਬੇਦੀ ਕੁਲ ਸੋਢੀ ਪ੍ਰਗ-
ਟਾਵਾ।ਸਭਿ ਪ੍ਰਸੰਗ ਪ੍ਰਥਮੈ ਜੋ ਭਯੋ।ਸ਼੍ਰੀ ਗੁਰ ਅਮਰ ਬਿਚਾਰਨ ਕਿਯੋ॥੪੦॥
ਸ਼੍ਰੀਗੁਰ ਰਾਮਦਾਸ ਕੇ ਹੇਤ।ਚਿਤ ਚਾਹਯੋ-ਬਨਵਾਇਂ ਨਿਕੇਤ।ਕੁਲ ਹਮਰੀ
ਰਹਿ ਗੋਇੰਦਵਾਲ। ਫੂਲਹਿ ਫਲਹਿ ਅਨੰਦ ਬਿਸਾਲ ॥ ੪੧ ॥ ਇਨ ਤੇ
ਪ੍ਰਥਕ ਰਹੈਂ ਕਿਤਿ ਔਰ।ਰਾਮਦਾਸ ਸੋਢੀ ਸਿਰਮੌਰ। ਅਰੁ ਤਹਿਂ ਤੀਰਥ ਸੋ
ਬਿਦਤਾਵੈਂ। ਸਨੇ ਸਨੇ ਸਭਿ ਕਾਰ ਕਰਾਵੈਂ-॥ ੪੨॥ ਨ੍ਰਿਪ ਕੋ ਬਰ ਪੂਰਬ
ਜੋ ਦਯੋ। ਉਰ ਸ਼੍ਰੀ ਅਮਰ ਸੁ ਸਿਮਰਨ ਕਯੋ। ਜਾਨਯੋ-ਸਮਾਂ ਪਹੂਚਯੋ
ਆਇ।ਤੀਰਥ ਸਰਬੋਤਮ ਬਿਦਤਾਇ†-॥੪੩॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ

---

[1]ਦੇਖਿਆ। [2]ਸ਼ਿਵਜੀ, ਸਹਤ ਯੁੱਧ ਦਾ ਦੇਵਤਾ, ਕਾਰਤਕੇਯ (ਅ) ਯਮਰਾਜ।

*ਪਾਃ-ਨਿਜ ਬਲ ਬਲ ਹਮ ਸਭ ਹੀ ਰਹੈਂ।

†ਅਯੁੱਧਯਾ ਦੇ ਪਹਿਲੇ ਸੂਰਜਬੰਸੀ ਰਾਜਾ ਦਾ ਨਾਮ ਇਕਸ਼ਵਾਕੁ ਹੈ ਜੋ ਇਕ ਵੈਵਸ੍ਵਤਮਨੁ ਦਾ ਪੁੱਤ੍ਰ ਸੀ, ਮਨੁ ਤੋਂ ਨਿੱਛ ਦੇ ਰਸਤੇ ਜੰਮਿਆਂ ਦੱਸਿਆ ਜਾਂਦਾ ਹੈ। ਇਸ ਦੇ ਸੌ ਪੁੱਤ੍ਰ ਸਨ। ਵੱਡੇ ਦਾ ਨਾਮ ਕੁਕਸ਼ੀ ਸੀ। ਰਾਮਚੰਦ੍ਰ ਜੀ ਇਸੇ ਦੇ ਖਾਨਦਾਨ ਵਿਚੋਂ ਹੋਏ ਦੱਸੀਦੇ ਹਨ। ਜੋ ਕਾਰਨ ਕਵੀ ਜੀ ਨੇ ਦਿੱਤਾ ਹੈ ਉਹ ਇਤਿਹਾਸਿਕ ਨਹੀਂ ਜਾਪਦਾ। ਗੁਰੂ ਸਾਹਿਬਾਂ ਜੈਸੀ ਇਲਾਹੀ ਜੋਤ ਦਾ ਹਰਿਮੰਦਰ ਬਨਾਉਣਾ ਕਾਫੀ ਹੈ ਇਸਦੇ ਵਾਹਿਗੁਰੂ ਮੰਦਰ ਹੋਣ ਲਈ। ਜਿਸ ਧਰਤੀ ਨੂੰ ਗੁਰੂ ਨਾਨਕ ਗੁਰੂ ਅੰਗਦ ਜੀ ਨੇ ਪਵਿੱਤ੍ਰ ਕੀਤਾ, ਗੁਰੂ ਅਮਰ ਦੇਵ ਜੀ ਨੇ ਆਗਯਾ ਕੀਤੀ ਤੇ ਚੌਥੇ ਪੰਜਵੇਂ ਸਤਿਗੁਰਾਂ ਸਾਜਿਆ, ਜਿੱਥੇ ਉਨ੍ਹਾਂ ਨੇ ਨਾਮ ਦਾ ਨਿਵਾਸ ਕੀਤਾ ਤੇ ਕੀਰਤਨ ਦਾ ਪ੍ਰਵਾਹ ਚਲਾਇਆ ਉਹ ਪਰਮ ਪਾਵਨ ਹਰੀ ਮੰਦਰ ਹੈ, ਓਹ ਸਤਯੁਗ ਵਿੱਚ ਹਵਨਕੁੰਡ ਸੀ ਯਾ ਨਹੀਂ ਕੁਛ ਮੁੱਲ ਵਧਾਉਣ ਵਾਲੀ ਗੱਲ ਨਹੀਂ ਹੈ। ਦੇਖੋ ਰਾਸ ੩ ਅੰਸੂ ੪੦ ਅੰਕ ੨੬ ਦੀ ਹੇਠਲੀ ਟੂਕ।

ਗ੍ਰਿੰਥੇ ਦੁਤਿਯ ਰਾਸੇ 'ਪੂਰਬ ਬਰ ਸਿਮਰਨ ਸ੍ਰੀ ਅਮਰਦਾਸੁ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥ ੧੧ ॥

## ੧੨. [ਗੁਰੂ ਕਾ ਚੱਕ। ਸੰਤੋਖਸਰ ਦੀ ਕਾਰ]।

ਦੋਹਰਾ ॥ ਅਮਰਦਾਸ ਸ੍ਰੀ ਸਤਿਗੁਰੂ ਜਾਨਿ ਸਕਲ ਗਤਿ ਲੀਨਿ।ਸੋਢੀਕੁਲ ਭੂਖਨ[1] ਤਬੈ ਨਿਕਟਿ ਬੁਲਾਵਨਿ ਕੀਨਿ ॥ ੧ ॥ ਚੌਪਈ ॥ 'ਸੁਨ ਹੋ ਸੌਮੂ[2] ਬਸਨ ਹਿਤ ਥਾਨ। ਗ੍ਰਾਮ ਬਸਾਵਹੁ ਪਿਖਿ ਕਰਿ ਆਨ। ਸਨੇ ਸਨੇ ਨਿਜ ਪਾਇੰ ਟਿਕਾਵਹੁ।ਬਹੁਰ ਕਰਹੁ ਪੁਰਿ ਮਹਾਂ ਬਸਾਵਹੁ॥੨॥ਜਿਮਿ ਖਡੂਰ ਗੁਰ ਸੇਵਾ ਕਰਿਕੈ। ਪਾਛੇ ਆਨ ਬਸੇ ਹਮ ਟਰਿਕੈ*। ਇਮ ਨੀਕੀ ਨਿਜ ਰਿਦੈ ਬਿਚਾਰਹੁ।ਬਸਨ ਹੇਤੁ ਥਲ ਜਾਇ ਨਿਹਾਰਹੁ ॥੩॥ ਅਹੈ ਪਰਗਨਾ ਤੁਮਰੇ ਪਾਸ। ਥਲ ਆਛੋ ਪਿਖਿ ਕਰਹੁ ਅਵਾਸ'।ਸੁਨਿ ਸ੍ਰੀ ਰਾਮਦਾਸੁ ਕਰ ਜੋਰੇ। 'ਹੁਕਮ ਆਪਕੋ ਮੋਰ ਅਮੋਰੇ[3]॥੪॥ਰਾਵਰ ਕੀ ਰਜ਼ਾਇ ਮਹਿੰ ਰਾਜ਼ੀ। ਇਹੀ ਪ੍ਰਤੱਗਯਾ ਮੈਂ ਉਰ ਸਾਜੀ। ਜੋ ਤੁਮ ਕਰਹੁ†ਸੁ ਆਛੀ ਹੋਇ। ਆਛੀ ਹੋਇ, ਕਰਹੁ ਤੁਮ ਜੋਇ ॥੫॥ਹਮ ਪ੍ਰਾਨੀ ਕਯਾ ਸਕੈਂ ਬਿਚਾਰੇ।ਸਭਿ ਗੁਨ ਸਾਗਰ ਮਹਿਦ ਅਪਾਰੇ[4]। ਥਲ ਕੋ ਪਰਖਨ ਹੇਤੁ ਨਿਕੇਤ। ਮੈਂ ਤੁਮ ਆਗੇ ਕਹਾਂ ਅਚੇਤ[5] ॥੬॥ ਅਰਜ਼ੀ ਸਿਖ ਕੀ ਰਾਵਰਿ ਮਰਜ਼ੀ। ਮੈਂ ਗੁਰ ਜੀ ਇਕ ਸੇਵਾ ਗਰਜ਼ੀ। ਜਿਮਿ ਰਜ਼ਾਇ ਜਿਸੁ ਥਲ ਕੋ ਕਹੋ। ਸਕਲ ਰੀਤਿ ਨੀਕੇ ਜਿਸ ਲਹੋ॥੭॥ਜਹਾਂ ਬਤਾਵਹੁ ਕਰੁਨਾ ਧਾਰਿ।ਸੇਵਕ ਜਾਇ ਕਰਹਿ ਤਹਿੰ ਕਾਰ। ਨਹਿ ਸੁਤੰਤ੍ਰ[6]ਕਛੁ ਮੋ ਤੇ ਹੋਇ।ਸੋ ਸਭਿ ਕਰਿਹੌਂ ਪ੍ਰੇਰਹੁ ਜੋਇ' ॥੮॥ ਸੁਨਿ ਸ੍ਰੀ ਅਮਰ ਦਾਸ ਕਰਿ ਕਰੁਨਾ। ਸਰਬ ਪ੍ਰਸੰਗ ਭਲੇ ਕਰਿ ਬਰਨਾ। 'ਗ੍ਰਾਮ ਤੁੰਗ ਤੇ ਅਹੈ ਉਰੇਰੇ।ਗਿਲਵਾਲੀ ਤੇ ਲਖਹੁ ਪਰੇਰੇ॥੯॥ ਹੈ ਸੁਲਤਾਨਪਿੰਡ ਜਿਸ ਨਾਮੂ। ਤਿਸ ਤੇ ਪਸ਼ਚਮ ਦਿਸ਼ ਅਭਿਰਾਮੂ। ਤਹਾਂ ਜਾਇ ਕਰਿ ਗ੍ਰਾਮ ਬਸਾਵਹੁ।ਸੁੰਦਰ ਅਪੁਨੇ ਸਦਨ ਬਨਾਵਹੁ॥੧੦॥ ਜਿਤਿਕ ਦਰਬ ਲਾਗਹਿ ਤਿਸ ਥਾਨ। ਸੋ ਸਭਿ ਲੇਹੁ ਬ੍ਰਿੱਧ ਤੇ ਪਾਨ[7]। ਜਬਹਿ ਸਦਨ ਤਹਿੰ ਲੇਹੁ ਚਿਨਾਇ।ਤਿਸ ਤੇ ਪੂਰਬ ਦਿਸ਼ ਪੁਨ ਜਾਇ॥੧੧॥ਤਹਾਂ ਬੈਠਿ ਤੀਰਥ

---

[1]ਭਾਵ ਸ੍ਰੀ ਗੁਰੂ ਰਾਮਦਾਸ ਜੀ। [2]ਮਨੋਹਰ। (ਅ) ਭਲੇ [ਸੰਸ:, ਸੋਮਯ]। [3]ਮੇਰੇ ਪਾਸੋਂ ਮੋੜਿਆ ਨਹੀਂ ਜਾ ਸਕਦਾ। [4]ਭਾਵ ਤੁਸੀਂ ਹੋ। [5]ਘਰ ਦੇ ਥਾਂ ਨੂੰ ਪਰਖਣ ਲਈ ਮੈਂ ਅਜਾਣ ਆਪ ਅਗੇ ਕੀ ਹਾਂ। [6]ਅਪਣੇ ਆਪ। [7]ਬਾਬਾ ਬੁੱਢਾ ਜੀ ਦੇ ਹੱਥੋਂ।

*ਪਾ:-ਟੁਰਕੇ। †ਪਾ:-ਕਹਹੁ।

ਖਨਵਾਵਉ।ਚਾਰਹੁੰ ਦਿਸ਼ ਤੇ ਭਲੋ ਬਨਾਵਉ।ਬਹੁਰ ਤੁਮਾਰੀ ਸੰਤਤਿ ਜੇਤੀ । ਤਿਸਕਉ ਕਰਹਿ ਬਨਾਵਨ ਤੇਤੀ॥੧੨॥ਦਿਨ ਪ੍ਰਤਿ ਪੁਰਿ ਬਿਸਾਲ ਬਨ ਜੈਹੈ।ਚਹੁੰ ਦਿਸ਼ ਕੇ ਨਰ ਆਨ ਬਸੈ ਹੈਂ।ਇਮੁ ਸਗਰੀ ਬਿਧਿ ਕਹਿ ਸਮੁਝਾ-ਈ। ਅਪਰ ਸਰਬ ਤਯਾਰੀ ਕਰਿਵਾਈ॥੧੩॥ਪਾਰੋ ਕੀ ਸ਼ੁਭ ਬੜਵਾ ਜੋਇ। ਹੇਤੁ ਅਰੂਢਨ ਦੀਨੀ ਸੋਈ।ਕਹਯੋ'ਤੁਰੰਗਨ ਅਚਰਜ ਏਹੀ। ਅਪਰ ਨਹੀਂ ਕਿਸਿ ਚਢਿਬੇ ਦੇਹੀ॥੧੪॥ਹਮ ਕੈ ਤੁਮ ਹੋਵਹਿਂ ਅਸਵਾਰੋ।ਚਢਯੋ ਪ੍ਰਥਮ ਕੈ ਭਾਈ ਪਾਰੋ। ਨੀਕੇ ਰਾਖਹੁ ਸੇਵ ਕਰਾਵਹੁ। ਬ੍ਰਿਧ ਸੁਮਤਿ ਕੋ ਸੰਗ ਮਿਲਾ-ਵਹੁ'॥੧੫॥ਇਮਿ ਕਹਿ ਕਰੇ ਬਿਸਰਜਨ ਸੋਇ। ਕੇਤਿਕ ਸੰਗ ਕਰੇ ਸਿਖ ਜੋਇ।ਸਨੇ ਸਨੇ ਤਹਿਂ ਚਲਿ ਕਰਿ ਆਇ।ਜੋ ਥਲ ਸ਼੍ਰੀ ਗੁਰ ਅਮਰ ਬਤਾਏ ॥੧੬॥ਸਭਿ ਗ੍ਰਾਮਨ ਕੀ ਸੀਮਨ[1]ਛੋਰ। ਫਿਰ ਤਹਿਂ ਕਾਰ ਕਰੀ ਚਹੁੰ ਓਰ। ਜਿਮ ਜਿਮ ਬੁੱਢਾ ਦਯੋਂਤ ਬਤਾਵਹਿ। ਤਿਮਿ ਸ਼੍ਰੀ ਰਾਮਦਾਸੁ ਕਰਿਵਾਵਹਿ॥੧੭॥ਪ੍ਰਥਮ ਮੰਗਾਯਹੁ ਬਹੁ ਮਿਸ਼ਟਾਨ।ਗੁਰ ਆਗੇ ਅਰਦਾਸ ਬਖਾਨਿ।ਭੀਰ ਸੈਂਕਰੇ ਲੋਕਨਿ ਹੋਈ।ਕਰਯੋ ਬ੍ਰਤਾਵਨ ਸਭਿ ਮਹਿਂ ਸੋਈ॥੧੮॥ਗਾਢੋ ਮੋੜ੍ਹਾ[2] ਗਾਡ ਖਰਯੋ ਹੈ।ਨਾਮ'ਗੁਰੂਕੋ ਚੱਕ'ਧਰਯੋ ਹੈ।ਈਂਟੈਂ ਕੇਤਿਕ ਤਹਾਂਪਕਾਇ। ਸਦਨ ਚਿਨਾਵਨ ਕੀਨਿ ਬਨਾਇ ॥ ੧੯ ॥ ਪੁਨ ਸ਼੍ਰੀ ਅਮਰਦਾਸ ਜਿਮ ਕਹਯੋ।ਸੋ ਸਿਮਰਤਿ ਸਰ ਸਿਰਜਨ ਚਹਯੋ।ਲੇ ਬ੍ਰਿਧ ਸੰਗ ਆਪ ਚਲਿ ਗਏ। ਪੂਰਬ ਦਿਸ਼ਾ ਗ੍ਰਾਮ ਤੇ ਅਏ ॥੨੦॥ ਇਤ ਉਤ ਬਿਚਰਤਿ ਥਲ ਕੋ ਹੇਰੇ। ਸ਼੍ਰੀ ਗੁਰੁ ਅਮਰ ਬਾਕ ਕੇ ਪ੍ਰੇਰੇ। ਜਿਸ ਪ੍ਰਕਾਰ ਕੇ ਪਤੇ ਬਤਾਏ। ਖੋਜਤਿ ਫਿਰਤਿ ਸਰਬ ਹੀ ਥਾਏਂ॥੨੧॥ਪੁਨ ਉੱਤਰ ਦਿਸ਼ ਮੁਖ ਕਰਿ ਚਲੇ।ਬਦਰੀ ਆਦਿ ਬ੍ਰਿੰਦ ਤਰੁ ਖਲੇ।ਸਨੇ ਸਨੇ ਥਲ ਦੇਖਤਿ ਜਾਵਹਿਂ।ਅਭਿਲਾਖਤਿ ਸੋ ਪਤੇ ਜਿ ਪਾਵਹਿਂ[3]॥੨੨॥ਬ੍ਰਿੱਛਸਿੰਸਪਾ[4]ਜਬਹਿ ਨਿਹਾਰਾ।ਲਖਯੋ ਪਤਾ।ਜੋਗੁਰੂ ਉਚਾਰਾ।ਤਿਸਕੇ ਤਰੇ ਬਿਰਾਜੇ ਜਾਇ।ਤਿਸ ਆਗੈ ਸਰਕੋ ਪਿਖਥਾਇ॥੨੩॥ ਬ੍ਰਿਧ ਕੇ ਸੰਮਤ ਹੁਇਥਲ ਜੋਵਾ।ਪਾਵਨ ਪਰਮ ਪ੍ਰਿਥਮ ਜੋ ਹੋਵਾ।ਚਹੂੰਓਰ ਤੇ ਫਿਰ ਕਰਿ ਹੇਰਾ।ਸਰਬ ਪ੍ਰਕਾਰ ਲਖੀ ਤਿਸ ਬੇਰਾ॥੨੪॥ਕਲਪਤਿ ਕਰੇ ਤਹਾਂ ਚਹੁ ਕੋਨਾ। ਬ੍ਰਿਧ ਕੋ ਦਿਖਰਾਇਸਿ ਥਲ ਤੋਨਾ।ਤਿਸ ਦਿਨ ਨਿਸਚੈ ਕਰਿ ਬਿਧਿ ਨੀਕੇ। ਪਰਖੇ ਪਤੇ ਕਹੇ ਗੁਰ ਹੀਕੇ॥੨੫॥ ਨਿਸ ਮਹਿਂ ਜਾਇ ਕਰਯੋ

[1]ਹੱਦਾਂ। [2]ਮੋੜ੍ਹਾ ਗੱਡਣਾ=ਨਿਸ਼ਾਨ ਬੰਨ੍ਹਣ ਲਈ ਇਕ ਵਡਾ ਮੋੜ੍ਹਾ ਗੱਡ ਦੇਣਾ। [3]ਚਾਹੁੰਦੇ ਹਨ ਕਿ (ਕਿਵੇਂ)ਓਹ ਪਤੇ (ਜੋ ਗੁਰੂ ਜੀ ਨੇ ਦੱਸੇ ਹਨ) ਪਾ ਲਈਏ। [4]ਟਾਹਲੀ।

ਬਿਸਰਾਮ॥ਬਸਨੇ ਹੇਤੁ ਬਨੇ ਜਹਿੰ ਧਾਮ॥*॥ਜਾਮ ਜਾਮਨੀ ਜਾਗ੍ਰਤਿ ਭਏ। ਸੌਚ ਸ਼ਨਾਨ ਆਦਿ ਸਭਿ ਕਏ॥੨੬॥ਭਏ ਪ੍ਰਕਾਸ਼ ਮਿਟਯੋ ਅੰਧਕਾਰ॥ਸਰ ਕਾਰਜ ਕੋ ਤਬਹਿ ਬਿਚਾਰਾ। ਬਹੁ ਮਿਸ਼ਟਾਨ ਅਨਾਵਨ ਕੀਨਾ॥ਸਿੱਖਜਨਨਿ ਤੇ ਉਚਵਾਇ ਸੁ ਲੀਨ॥੨੭॥ਬ੍ਰਿੰਦ ਮਜੂਰ ਜੁ ਹੁਤੇ ਅਗਾਰੇ। ਤਿਨ ਜੁਤਿ ਅਪਰ ਸਮੂਹ ਹਕਾਰੇ। ਮਹਾਂ ਢੋਲ ਕਰਿ ਸੰਗ ਸਿਧਾਰੇ। ਮੰਗਲ ਕੀਨਸਿ ਅਨਿਕ ਪ੍ਰਕਾਰੇ ॥੨੮॥ ਗਏ ਸਿੰਸਪਾ ਤਰੁ ਕੇ ਤਰੇ। ਤਹਾਂ ਜਾਇ ਸਗਰੀ ਬਿਧਿ ਕਰੇ। ਨਾਮ ਲੀਨ ਤੀਨਹੁਂ ਗੁਰ ਕੇਰਾ॥ ਕਰਿ ਅਰਦਾਸ ਖਰੇ ਤਿਸ ਬੇਰਾ ॥ ੨੯ ॥ ਟਕ ਲਾਇਅਹੁ ਸਿਰਜਨ ਕਹੁ ਤਾਲ । ਚਿਤਵਯੋ ਉਰ ਉਪਕਾਰ ਬਿਸਾਲ। ਲਗੇ ਮਜੂਰ ਖਨਨਿ ਸਮੁਦਾਏ। ਸਿਰ ਧਰਿ ਮ੍ਰਿਤਕਾ ਵਹਿਰ ਗਿਰਾਏ ॥੩੦॥ ਇਕ ਖੋਦੈਂ ਇਕ ਮ੍ਰਿਤਕਾ ਭਰੈਂ। ਇਕ ਉਠਾਇ ਕਰਿ ਬਾਹਰ ਕਰੈਂ†। ਇਕ ਆਵਹਿਂ ਇਕ ਲੈ ਲੈ ਜਾਹਿਂ। ਖਨਹਿਂ ਮਜੂਰ ਸਿੱਖ ਬਹੁ ਮਾਂਹਿ॥੩੧॥ਇਸ ਬਿਧਿ ਕਰਯੋ ਅਰੰਭਨ ਤਾਲ॥ਬੈਠਹਿਂ ਆਪ, ਖਨਹਿਂ ਨਰ ਜਾਲ॥ ਜਹਾਂ ਗ੍ਰਾਮ ਸਿਰਜਯੋ ਘਰ ਪਾਏ। ਤਹਾਂ ਕਾਰ ਕਰਤੇ ਸਮੁਦਾਏ ॥੩੨॥ ਨਿਤਿ ਪ੍ਰਤਿ ਸਕਲ ਲੋਕ ਤਿਸ ਥਾਨ। ਕਾਰ ਸੁਧਾਰਤਿ ਸਵਲ ਸੁਜਾਨ॥ ਕਿਤਿਕ ਦਿਵਸ ਮਹਿਂ ਕੋਤਿਕ ਕਰਯੋ¹।ਦਰਸ਼ਨ ਕੋ ਪੁਨ ਮਨ ਹਿਤ ਧਰਯੋ॥੩੩॥ ਗੋਇੰਦਵਾਲ ਕੀਨ ਪ੍ਰਸਥਾਨਾ। ਜਹਿਂ ਸ੍ਰੀ ਅਮਰਦਾਸ ਥਿਤਿ ਥਾਨਾ॥ਕੇਤਿਕ ਲੋਕ ਬਸਾਏ ਗ੍ਰਾਮ॥ਬਸਨ ਲਗੇ ਰਚਿ ਅਪੁਨੇ ਧਾਮ॥੩੪॥ਤਬਿਸ੍ਰੀਰਾਮਦਾਸ ਚਲਿਗਏ॥ ਚਰਨਕਮਲ ਗੁਰ ਬੰਦਤਿ ਭਏ॥ ਸਗਰੀ ਕਾਰ ਕਰੀ ਸੁ ਬਤਾਈ। 'ਸਦਨ ਗ੍ਰਾਮ ਸਿਰਜੇ ਸਮੁਦਾਈ॥੩੫॥ ਤਾਲ ਕੁਛਕ ਖਨਵਾਵਨਿ ਕੀਨਾ॥ ਜਥਾ ਹੁਕਮ ਰਾਵਰ ਨੇ ਦੀਨਾ'॥ਸੁਨਿ ਸ੍ਰੀ ਅਮਰਦਾਸ ਧਰਿ ਧਜਾਨਾ॥ਭੂਤ ਭਵਿੱਖਤ ਸਭਿ ਹੀ ਜਾਨਾ॥੩੬॥ਰਹੇ ਕਿਤਿਕ ਦਿਨ ਗੋਇੰਦਵਾਲ। ਸਭਿ ਆਮਦ ਕੀ ਕਰਤਿ ਸੰਭਾਲ। ਨਿਜ ਅਨੁਸਾਰ ਕਾਜ ਜੋ ਔਰ॥ਕਰਤਿ ਭਏ ਸੋਢੀ ਸਿਰਮੌਰ॥੩੭॥ ਜਥਾ ਹੁਕਮ ਸਤਿਗੁਰ ਜਬਿ ਕਰੈਂ॥ ਤਥਾ ਸ਼ੀਘ੍ਰ ਹੀ ਬਚ‡ ਅਨੁਸਰੈਂ॥ਨਿਸ ਦਿਨ ਇਕ ਸੇਵਾ ਕੇ ਤਤਪਰ॥ਅਪਰ ਨਹੀਂ ਕਿਮਿ ਬਾਂਛਾ ਉਰਿ ਧਰਿ ॥੩੮॥ਲੋਕ ਕਾਨ ਕੋ ਮਾਨਹਿਂਨਾਂਹੀ॥ਮਾਨ ਬਡਾਈ ਨਹਿਂ ਚਿਤਚਾਹੀਂ॥ਰਹੈਂ ਨਿਰਾਲਸ ਧੀਰ,

¹ਭਾਵ ਕੁਛ ਡੂੰਘਾ ਹੋ ਗਿਆ ਤਲਾਉ।

*ਪਾ:-ਬਸਨ ਹੇਤ ਬਨਵਾਇਸਿ ਧਾਮਾ। †ਪਾ:-ਧਰੈਂ। ‡ਪਾ:-ਬਨ।

ਜ ਧਾਰੀ।ਦੇਗ਼ ਆਦਿ ਕੀ ਕਰਤਿ ਸੰਭਾਰੀ॥੩੯॥ਸਭਿ ਗੁਰ ਘਰ ਕੋ ਖਰਚ ਚਲਾਵੈਂ।ਜੋ ਚਹਿਯਤਿ ਸੋ ਸਕਲ ਪੁਚਾਵੈਂ।ਸਰਬ ਪ੍ਰਕਾਰ ਕਾਰ ਵਧਿ ਗਈ। ਨਿਤ ਸਵਧਾਨ ਸੰਭਾਰਿ ਸੁ ਲਈ ॥੪੦॥ ਸਤਿਗੁਰ ਮਨ ਅਨੁਸਾਰੀ ਹੋਇ। ਨਿਰਹੰਕਾਰ ਕਾਰਕਰਿ ਸੋਇ।ਤਿਮਿ ਸੇਵਾ ਬਹੁਪਿਤਕੀ ਠਾਨੀ।ਮਨ,ਬਚ, ਕ੍ਰਮ ਤੇ ਨਿਸ ਦਿਨ ਭਾਨੀ॥੪੧॥ਪਿਖਿ ਦੋਨਹੁਂ ਕੀ ਦਿਸ਼ਗੁਰ ਸਾਚੋ।ਲੇਸ਼ ਬਿਕਾਰ ਨ ਜਿਨ ਮਨ ਰਾਚੋ[1]।ਹੋਤਿ ਪ੍ਰਸੰਨ ਚਹਿਸ ਅਧਿਕਾਈ।–ਦੀਜਹਿ ਅਬ ਗਾਦੀ ਗੁਰਿਆਈ–॥੪੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਸੰਤੋਖਸਰ ਕਾਰ' ਪ੍ਰਸੰਗ ਬਰਨਨੰ ਨਾਮ ਦੁਆਦਸ਼ਮੋ ਅੰਸੂ ॥੧੨॥

## ੧੩. [ਸ੍ਰੀ ਅੰਮ੍ਰਿਤਸਰ ਜੀ ਦੀ ਕਾਰ]

ਦੋਹਰਾ॥ਕਿਤਿਕ ਦਿਵਸ ਜਬਿਬਿਗ ਰਹੇ ਸੋਢੀਕੁਲ ਸਿਰਮੌਰ।ਕਰਜੋ ਹੁਕਮ ਸ੍ਰੀ ਗੁਰਅਮਰ'ਕਰੋ ਕਾਰ ਅਬਿਔਰ॥੧॥ਚੌਪਈ॥ਗਮਨਹੁ ਲਿਹੁ ਸੁਧਿ ਗ੍ਰਾਮ ਬਸਾਯੋ।ਜੋ ਨਿਜ ਬਸਿਬੇ ਸਦਨ ਚਿਨਾਯੋ।ਜਹਿਂ ਪੂਰਬ ਤੁਮ ਸਰ ਖਨਵਾਯੋ।ਚਾਰ ਕੋਨ ਕੋ ਬਸੌਂਤ ਬਨਾਯੋ॥੨॥ਸਰ ਸੰਤੋਖ ਨਾਮ ਤਿਸ ਰਾਖੋ।ਅਬਿ ਤਿਸ ਕਰਿਬੇ ਨਹਿਂ ਅਭਿਲਾਖੋ[2]।ਤਿਸਤੇ ਉਰੇ ਨੰਮ੍ਰਿ ਥਲ*ਜਹਾਂ। ਦੂਸਰ ਤਾਲ ਖਨਾਵੋ ਤਹਾਂ॥੩॥ਸ੍ਰੀਅੰਮ੍ਰਿਤਸਰ ਨਾਮ ਧਰੀਜੈ।ਜਾਇ ਕਿਤਿਕ ਖਨਵਾਵਨ ਕੀਜੈ।ਸਮੋਂ ਪਾਇ ਪਾਕੋ ਹੁਇ ਸਾਰੋ।ਪ੍ਰਥਮ ਜਾਇ ਉੱਦਮ ਤੁਮਧਾਰੋ' ॥੪॥ ਸੁਨਿ ਸ੍ਰੀ ਰਾਮਦਾਸ ਤਹਿਂਗਏ।ਸਦਨਚਿਨਜੋ ਸੁਧਿਲੇਵਤਿਭਏ[3]।ਜਿਮਿਜਿਮ ਕਹਿਂਤਿਮਿ ਤਿਮਿ ਨਰ ਕਰਜੋ।ਬਸਿਬੇ ਹੇਤ ਮਨੋਰਥ ਧਰਜੋ॥੫॥ਏਕ ਨਿਸਾ ਬਸਕਰਿ ਉਠਿ ਭੋਰ।ਕਰਿ ਸ਼ਨਾਨ ਗੇ ਪੂਰਬ ਓਰ।ਬ੍ਰਿਧਕੋ ਸੰਗਲਏ ਚਲਿ ਆਏ।ਸਤਿਗੁਰੁ ਜਿਸੁ ਦਿਸ਼ ਪਤੇ ਬਤਾਏ॥੬॥ਬਹੁ ਬਦਰੀ ਥਲ ਬਯਾਪਤ[4] ਹੇਰਾ।ਅਹੈ ਨੰਮ੍ਰਿ ਜਲ ਥਿਰੈ ਘਨੇਰਾ।ਇਤ ਉਤ ਫਿਰਕਰਿ ਨਿਸ਼ਚੈ ਕੀਨਾ। ਪਤਾ ਦੀਨ ਸੋ ਨੀਕੇ ਚੀਨਾ॥੭॥ਬ੍ਰਿਧ ਕੇ ਸੰਮਤ[5] ਹੋਇ ਸੁ ਟੋਰਾ[6]।ਸੋ ਥਲ ਪਿਖਤਿ ਫਿਰੇ ਚਹੁਂ ਓਰਾ। ਬਾਰ ਬਾਰ ਨਿਸ਼ਚੈ†ਕਰਿ ਆਛੇ। ਗੁਰ ਬਰ ਤੇ ਸਿਰਜਨ ਸਰ ਬਾਂਛੈ[7]॥੮॥ਕਰੀ ਠੀਕਿ[8]ਤਿਸੁ ਦਿਨ ਫਿਰਿ ਸਾਰੇ।ਧਰੇ ਚਿੰਨ੍ਹ

[1]ਮਨ ਵਿਚ ਲੇਸ਼ ਮਾਤ੍ਰ ਵਿਕਾਰ ਨਾ ਰਚਨ ਦਾ ਭਾਵ ਹੈ, ਸਰੂਪ ਤੋਂ ਲੇਸ਼ ਮਾਤ੍ਰ ਉਥਾਨ ਨਹੀਂ ਹੁੰਦੇ, ਇਕੋ ਪ੍ਰੇਮਾ ਭਗਤੀ ਦੇ ਭਾਵ ਵਿਚ ਟਿਕੇ ਰਹਿੰਦੇ ਹਨ। [2]ਭਾਵ ਉਸਦੇ ਬਨਾਉਣ ਦੀ ਚਾਹ ਨਾ ਕਰੋ। [3]ਬਣੇ ਘਰਾਂ ਦੀ ਖਬਰ ਲਈ। [4]ਬੇਰੀਆਂ (ਨਾਲ) ਭਰਿਆ ਥਾਂ। [5]ਸਲਾਹ ਨਾਲ। [6]ਟੋਲਿਆ। [7]ਗੁਰੂ ਜੀ ਦੇ ਵਰ ਨਾਲ ਸਰੋਵਰ ਬਨਾਵਣਾ ਚਾਹਿਆ। [8](ਥਾਂ) ਨਿਸ਼ਚੇ ਕੀਤਾ। *ਪਾঃ–ਜਲ। †ਪਾঃ–ਫਿਰਨੈ।

ਕਛੁ, ਗ੍ਰਾਮ ਪਧਾਰੇ[1]।ਪਠੇ ਸਿੱਖਨ ਲੈਬੇ ਮਿਸ਼ਟਾਨ।ਅਰ ਮਜੂਰ ਗਨ ਲੇਨਿ
ਮਹਾਨ ॥੯॥ ਭਈ ਪ੍ਰਭਾਤਿ ਕ੍ਰਿਯਾ[2] ਕਰਿ ਭਲੇ।ਲੇ ਨਰ ਟੋਲ ਤਿਸੀ ਦਿਸ਼
ਚਲੇ।ਸ੍ਰੀ ਨਾਨਕ ਆਦਿਕ ਲੇ ਨਾਇ।ਕਰਿ ਅਰਦਾਸ ਸੀਸ ਨਿਹੁਰਾਇ ॥
੧੦॥ਬ੍ਰਿਧ ਬਰ ਤੇਲੇ ਖਨਨੀ[3]ਹਾਥ।ਟਕ ਲਾਇਸ ਚਿਤਵਤਿ ਗੁਰ ਨਾਥ।
ਸਭਿ ਮੈਂ ਬਾਂਟਿ ਦਯੋ ਮਿਸ਼ਟਾਨ।ਲਗੇ ਖਨਨ ਸਗਰੇ ਤਿਸੁ ਥਾਨ ॥ ੧੧ ॥
ਕੇਤਿਕ ਸਿਰ ਧਰਿ ਵਹਿਰ ਗਿਰਾਵੈਂ।ਕੇਤਿਕ ਖਨਿ ਖਨਿ ਤਿਨਹੁ ਉਚਾਵੈਂ।
ਸਿੱਖਨ ਅਨੇਕ ਮਿਹਨਤੀ ਘਨੇ। ਕਰਤਿ ਕਾਰ ਗੁਰ ਸ਼ਰਧਾ ਸਨੇ ॥ ੧੨ ॥
'ਜਹਿਂ ਦੁਖਭੰਜਨਿ ਬਦਰੀ ਖਰੀ।ਤਹਿਂਤੇ ਖਨਹਿਂ'ਸੁਆਇਸੁ ਕਰੀ। ਆਪਿ
ਨਿਕਟ ਬੈਠੇ ਬਚੁ ਕਹੈਂ। ਮ੍ਰਿਤਕਾ ਵਹਿਰ ਗਿਰਾਵਤਿ ਲਹੈਂ*॥੧੩॥ਇਸੀ
ਪ੍ਰਕਾਰ ਖਨਤਿ ਦਿਨ ਸਾਰੇ। ਭੀ ਸੰਧਯਾ ਦਿਸ਼ ਗ੍ਰਾਮ ਪਧਾਰੇ। ਹੋਤਿ ਪ੍ਰਾਤਿ
ਸਭਿ ਕੋ ਸੰਗਿ ਲੈ ਕੈ।ਕਾਰ ਕਰਾਵਤਿ ਤਹਾਂ ਥਿਰੈ ਕੈ॥੧੪॥ਕਿਤਿਕ ਮਾਸੁ
ਇਮ ਕੀਨਿ ਖਨਾਵਨਿ। ਮ੍ਰਿਤਕਾ ਅਧਿਕ ਕਰਹਿਂ ਨਿਕਸਾਵਨ। ਗੁਰਤਾ
ਦੇਨਿ ਸਮੋ ਤਬਿ ਆਵਾ। ਸ੍ਰੀ ਗੁਰ ਅਮਰ ਇਨਹੁ ਬੁਲਿਵਾਵਾ॥੧੫॥ਦੁਖ-
ਭੰਜਨਿ ਬਦਰੀ ਤਰੁ ਤੀਰ।ਟੋਵਾ†ਭਯੋ ਕੁਛਕ ਗੰਭੀਰ। ਸੁਨਿ ਕਰਿ ਹੁਕਮ
ਤਥਾ ਤਜਿ ਗਏ।ਗੋਇੰਦਵਾਲ ਪਹੁੰਚਤੇ ਭਏ॥੧੬॥ਕਰਿ ਬੰਦਨ ਜੁਗਪਦ
ਅਰਬਿੰਦੁ।ਬੈਠੇ ਸਨਮੁਖ ਦ੍ਵੈ ਕਰਬੰਦੁ।ਚਕ ਕੀ ਗਾਥਾ ਬੂਝਨ ਕੀਨਿ।'ਕੈਸੇ
ਕਰਯੋ ਜਾਇ ਥਲ ਚੀਨ?'॥੧੭॥ਸੁਨਿ ਸੋਢੀ ਕੁਲ ਭੂਖਨ ਕਹਯੋ। 'ਚਕ
ਤੈ ਪੂਰਬ ਕੀ ਦਿਸ਼ ਲਹਯੋ। ਨੰਮ੍ਰ ਸਥਾਨ ਨੀਰ ਸਿਮਟਾਵੈ[4]। ਬਦਰੀ ਤਰੁ
ਸਮੁਦਾਇ ਦਿਸਾਵੈਂ॥੧੮॥ਤਹਾਂ ਜਾਇ ਅਬਿ ਤਾਲ ਖਨਾਯੋ। ਨਿਜ ਕਰ ਤੇ
ਟਕ ਪ੍ਰਥਮ ਲਗਾਯੋ। ਸ੍ਰੀ ਨਾਨਕ ਸ੍ਰੀ ਅੰਗਦ ਨਾਥ। ਧੁਕਤਿ ਆਪਕੇ
ਟੇਕਯੋ ਮਾਥ॥੧੯॥ਸਿਮਰਯੋ ਨਾਮੁ ਬਿਘਨ ਗਨ ਹਰਤਾ।ਸਦਾ ਸੁਖਦ ਬਹੁ
ਮੰਗਲ ਕਰਤਾ। ਬਹੁ ਮਿਸ਼ਟਾਨ ਤਹਾਂ ਅਨਵਾਯੋ। ਸਤਿਗੁਰ ਹੇਤੁ ਸਕਲ
ਬਰਤਾਯੋ ॥ ੨੦ ॥ ਬ੍ਰਿਧ ਆਦਿਕ ਸਿਖ ਸਹਤ ਬਿਬੇਕ। ਹੁਤੇ ਸੁ ਗੁਰਮੁਖ
ਸਾਥ ਅਨੇਕ।ਸਭਿ ਦਿਨ ਬੈਠਿ ਕਰਾਵਤਿ ਕਾਰ। ਲਗੇ ਮਜੂਰ ਉਠਾਵਤਿ
ਭਾਰ ॥੨੧॥ਤਿਮ ਸਿਖਨਨ ਮਿਲਿ ਕਾਰ ਕਮਾਈ। ਕੇਤਿਕ ਦਿਨ ਮ੍ਰਿਤਕਾ
ਖਨਿਵਾਈ। ਬਹੁਤ ਦਿਵਸ ਕੋ ਕਾਜ‡ਬਿਸਾਲਾ। ਹੁਇ ਨਰ ਬ੍ਰਿੰਦ ਕਰਹਿ

[1](ਉਸ ਥਾਂ) ਕੁਛ ਨਿਸ਼ਾਨ ਰਖਕੇ ਪਿੰਡ (ਚੱਕ) ਨੂੰ ਚਲੇ ਗਏ। [2]ਸੋਚ ਸ਼ਨਾਨ ਦੀ ਕ੍ਰਿਆ। [3]ਕਹੀ। [4]ਇਕਠਾ ਹੁੰਦਾ ਰਹਿੰਦਾ ਹੈ। *ਪਾ:-ਰਹੈਂ। †ਪਾ:-ਟੋਭਾ। ‡ਪਾ:-ਕਾਰ।

ਚਿਰਕਾਲ॥੨੨॥ ਯਾਂਤੇ ਅਲਪ ਕਾਜ ਹੀ ਭਯੋ।ਲਘੁ ਸਥਾਨ ਕਛੁ ਖੋਦਨੋ ਗਯੋ[1]।ਸੁਨਿ ਮੋਹਨਿ ਪਿਤ ਖਰੋ ਸਰਾਹਯੋ।'ਨੀਕੋ ਥਲ ਸੋਈ ਹਮ ਚਾਹਯੋ॥ ੨੩॥ਲੀਲਾਵਤੀ ਪੁਰੀ ਸ਼ੁਭ ਥਾਨ[1]।ਇਸ ਸਰੁ ਪਰ ਬਰ* ਬਸਹਿ ਮਹਾਂਨ। ਚਿਰੰਕਾਲ ਭ੍ਰਾ ਉਜਰੀ ਪਰੀ। ਅਬਿ ਇਹੁ ਬਾਸਹਿ ਗੀ ਬਡ ਪੁਰੀ ॥੨੪॥ ਸ੍ਰੀ ਗੁਰ ਅੰਗਦ ਹੋਇ ਕ੍ਰਿਪਾਲ। ਹਮਹਿ ਬਸਾਇਅਹੁ ਗੋਇੰਦਵਾਲ। ਊਜਰਿ ਪੁਰੀ ਬਸਾਵਨ ਕਰੀ। ਹਮ ਜੁਤਿ ਬਸੀ ਨੀਕ ਇਹੁ ਪੁਰੀ॥੨੫॥ ਨਾਮ ਤੁਮਾਰੇ ਪਰ ਪੁਰਿ ਹੋਇ। ਜਗ ਬਹੁ ਬਿਦਤਹਿ ਤੀਰਥ ਸੋਇ'। ਇਮ ਕਹਿ ਮਹਾਂ ਅਨੰਦ ਕੋ ਦੀਨ। ਹਰਖੇ ਰਾਮਦਾਸ ਸੁਖ ਭੀਨ ॥੨੬॥ ਨਿਜ ਸਮੀਪ ਹੀ ਰਾਖਨ ਕਰੇ।ਕਾਜ ਹਜੂਰ ਤਿਨਹੁੰ ਤੇ ਸਰੇ।ਤਾਂ ਦਿਨ ਤੇ ਥੋਰੋ ਥਲ ਨੀਵਾਂ।ਭਯੋ ਰਹਯੋ[2] ਨਹਿਂ ਪੂਰਨਿ ਥੀਵਾ ॥੨੭॥ ਸ੍ਰੀ ਗੁਰ ਪਰਮ ਬ੍ਰਿੱਧ ਤਨ ਅਹੈ। ਤਊ ਮਹਾਂ ਤਪ ਤਪਤੇ ਰਹੈਂ। ਘਰ ਮਹਿਂ ਠਾਂਢੇ ਰਹੈਂ ਇਕਾਕੀ।ਕੰਧ ਮੇਖ[3]ਪਕਰਹਿਂ ਜਬਿ ਥਾਕੀ॥੨੮॥ ਨਿਸ ਬਾਸੁਰ ਮਹਿਂ ਬੈਸਹਿਂ ਥੋਰਾ।ਖਰੇ ਰਹੈਂ ਸਤਿਗੁਰ ਤਪ ਘੋਰਾ।ਨਰਨ ਅਨੇਕਨ ਦੈ ਉਪਦੇਸ਼। ਨਿਜ ਦਾਸਨ ਕੇ ਕਟਹਿ ਕਲੇਸ਼ ॥ ੨੯ ॥ ਹੇਰਹਿਂ ਸੇਵਾ ਸੇਵਕ ਕੇਰੀ। ਬਖ਼ਸ਼ਹਿਂ ਪਦਵੀ ਉਚ ਬਡੇਰੀ।ਦੇਸ਼ ਬਿਦੇਸ਼ਨ ਸੰਗਤ ਆਵਹਿ। ਦਰਸ਼ਨ ਪਰਸਹਿਂ ਨਰ ਹਰਖਾਵਹਿਂ†॥੩੦॥ਸੇਵਾ ਹਿਤ ਅਨੇਕ ਢਿਗ ਰਹੈਂ।ਮਨ ਬਚ ਕਰਮ ਉਪਾਸਤਿ ਅਹੈਂ[4]।ਰਿਦਾ ਸੁੱਧ ਹੋਵਹਿ ਤਿਨਕੇਰਿ। ਗਯਾਨ ਪਾਇ ਭੇ ਮੁਕਤਿ ਘਨੇਰਿ॥੩੧॥ਦਿੱਲੀ ਪਤਿ ਪ੍ਰਸੰਨ ਜਿਮ ਹੋਇ। ਕਿਯ ਉਮਰਾਵ ਬੀਸ ਅਰੁ ਦੋਇ।ਇਸ ਜਗ ਕੇ ਨੱਸ੍ਵਰ ਸੁਖ ਦੀਨੇ। ਬਡਿਆਈ ਪਦ ਮਹਿਂ ਥਿਤ ਕੀਨੇ ॥੩੨॥ਤਿਮਿ ਸ੍ਰੀ ਅਮਰਦਾਸ ਨਿਜ ਦਾਸ। ਜਿਸ ਪਰ ਭਏ ਪ੍ਰਸੰਨ ਹੁਲਾਸ। ਦੋਨੋਂ ਲੋਕਨ ਕੋ ਸੁਖ ਦੀਨ। ਮੰਜੀ ਪਰ ਬੈਠਾਵਨਿ ਕੀਨਿ ॥੩੩॥ ਦੇਸ਼ਨਿ ਭੇਜੇ ਗੁਰੂ ਬਨਾਇ‡।ਇਹਾਂ ਗ੍ਰਿਸਤਿ ਮਹਿਂ ਸਭਿ ਸੁਖ ਪਾਇ। ਗਨ ਦੇਸ਼ਨਿ ਪਰ ਹੁਕਮ ਕਰੰਤੇ। ਨਰ ਅਨੇਕ ਮਿਲਿ ਸੇਵ ਕਰੰਤੇ ॥੩੪॥ ਮੁਕਤਿ ਭਏ

---

[1]ਪਹਿਲੇ ਲੀਲਾਵਤੀ ਪੁਰੀ ਇਹ ਸ਼ੁਭ ਥਾਨ ਸੀ। [2]ਨੀਵਾਂ ਹੋਇਆ ਰਿਹਾ। [3]ਕਿੱਲੀ।
[4]ਉਪਾਸਨਾ ਕਰਦੇ ਹਨ। *ਪਾ:-ਬਹੁ। †ਪਾ:-ਸੁਖ ਪਾਵਹਿਂ।

‡ਭਾਵ ਗੁਰਮੁਖ ਪਦਵੀ ਦਿੱਤੀ। (ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੪੯ ਅੰਕ ੧੩ ਵਿਖੇ 'ਮੰਜੀ' ਦਾ ਪ੍ਰਯਾਯ) ਗੁਰੂ ਪਦਵੀ ਗੁਰੂ ਰਾਮਦਾਸ ਜੀ ਲਈ ਹੈ, ਏਹ ਬਾਈ ਉਨ੍ਹਾਂ ਦੇ ਤਾਬੇ 'ਗੁਰਮੁਖ' ਹਨ। ਜਿਸ ਭਾਵ ਨੂੰ ਕਵੀ ਜੀ ਨੇ ਅਗਲੇ ਅੰਕ ੩੬ ਵਿਚ ਉਮਰਾਵ ਲਫਜ਼ ਨਾਲ ਦੱਸਕੇ ਪ੍ਰਗਟ ਕਰ ਦਿੱਤਾ ਹੈ।

ਸੁਖ ਭਾ ਪਰਲੋਕ । ਐਸੇ ਅਪਨੇ ਸਿੱਖ ਅਸ਼ੋਕ । ਦ੍ਵੈ ਬਿੰਸਤ ਮੰਜੀ ਅਧਿਕਾਰ। ਬੈਠਾਰੇ ਗੁਰ ਨਿਜ ਦਰਬਾਰ ॥੩੫॥ ਪਾਤਿਸ਼ਾਹੁ ਦ੍ਵੈ ਲੋਕਨਿ ਕੇਰੇ। ਇਮ ਪਤਿਸ਼ਾਹਿਤ ਕੀਨ ਘਨੇਰੇ।ਬਾਇਸ ਮੰਜਿਨਿਕੇ ਉਮਰਾਵ । ਕਰਿ ਸ਼੍ਰੀ ਗੁਰ ਨਿਜ ਮਹਿਦ ਪ੍ਰਭਾਵ॥੩੬॥ਸ਼੍ਰੀ ਹਰਿਦਾਸ ਨੰਦ[1] ਕਹੁ ਦੇਖ॥ ਉਚਿਤ ਤਖਤ ਕੈ ਬੁੱਧਿ ਬਿਸ਼ੇਖ। ਸਭਿ ਗੁਨ ਸੰਜੁਤਿ ਧਰਮ ਮਹਾਨਾ । ਅਪਰ ਨ ਹੇਰਨੋ ਇਨਹੁੰ ਸਮਾਨਾ॥੩੭॥ਭਗਤ ਆਪਨੋ ਜਾਨਿ ਬਿਸਾਲ॥ ਗੁਰ ਭਾਣੇ ਮਹਿੰ ਹਰਖਨਿ ਵਾਲਾ । ਪਰਖਨ ਕਰਿਕੈ ਨੀਕੀ ਰੀਤਿ । ਰਹਿ ਇਕਸਾਰ ਸੁੱਧ ਦਿਢ ਚੀਤਿ ॥੩੮॥ ਆਰਬਲਾ ਪੂਰਨ ਤਿਨ ਭਈ । ਸ਼੍ਰੀ ਗੁਰ ਅਮਰ ਜਾਨਿ ਸਭਿ ਲਈ । ਨਿਜ ਪੁੱਤ੍ਰੀ ਭਾਨੀ ਸੋਂ ਕਹਨੋ । 'ਸੋਢੀਕੁਲ ਟਿੱਕਾ ਜੋ ਅਹਨੋ॥੩੯॥ਬਧ ਪੂਰਨ ਪ੍ਰਾਪਤਿ ਤਨ ਕਾਲ।ਬਿਧਵਾ ਹੋਇ,ਰਹਹੁ ਕਿਸ* ਢਾਲ[2]? ਨਹਿੰ ਉਪਾਇਕੋ,ਕਰਨੋ ਕਹਾ ਹੈ?'। ਪਿਤਕੀ ਗਿਰਾ ਸੁਨੀ ਬਿਧਿ[3] ਧਾ ਹੈ॥੪੦॥ਨਿਜ ਸੁਹਾਗ ਕੋ[4] ਤਬਹਿ ਉਤਾਰੇ। ਚਰਨ ਕਮਲ ਪਰ ਧਰਨੋ ਸੁਧਾਰੇ।ਕਹਤਿ ਭਈ'ਸਚ ਬਾਕ ਤੁਮਾਰਾ।ਹੋਹਿ ਮ੍ਰਿੱਤੁਤਉ ਆਪਿਉਚਾਰਾ[5]' ॥੪੧॥ਪੁਤ੍ਰੀ ਕੋ ਨਿਸ਼ਚੈ ਨਿਜ ਬਚ ਪਰਿ।ਲਖਿ ਪ੍ਰਸਿੰਨ ਭੇ ਸ਼੍ਰੀ ਗੁਰਅਮਰਿ। ਕਹਿਨ ਲਗੇ'ਹਮ ਭਾਖਨੋ ਜੈਸੇ।ਨਿਸ਼ਚੈਹੋਇ ਬਰਤਬੋ ਤੈਸੇ[6]†॥੪੨॥ਸੰਮਤ ਸ਼ਤ ਦ੍ਵਾਦਸ਼ ਬਧ ਸਾਰੀ।ਖਸ਼ਟ ਬਰਸ ਅਬਿ ਰਹੀ ਹਮਾਰੀ । ਸੋ ਹਮ ਦੇਹਿੰ ਤਿਨਹੁੰ ਕੇ ਤਾਈਂ । ਲਿਹੁ ਸੁਹਾਗ ਅਪਨੋ ਸੁਖ ਪਾਈ' ॥੪੩॥ ਇਮਿ ਕਹਿ ਆਰਬਲਾ ਨਿਜਸ਼ੇਸ਼[7]।ਉੱਤਮ ਗੁਰਤਾ ਜਗਤ ਅਸ਼ੇਸ਼।ਸੋਢੀ ਕੁਲ ਭੂਖਨਿ ਕੋ ਦੀਨਸਿ । ਸਕਲ ਅਧੀਨ ਤਿਨਹੁੰ ਕੇ ਕੀਨਸਿ ॥੪੪॥ ਤਖਤ ਬਿਠਾਇ ਸੁਤ ਹਰਿਦਾਸ[1] । ਕਹਿ‡ ਕਰਿ ਸਭਿ ਮਹਿੰ ਕੀਨ ਪ੍ਰਕਾਸ਼।ਚਲਨਿ ਬਿਕੁੰਠ ਆਪ ਕੋ ਚਹਨੋ।ਪੁੱਤ੍ਰੀ ਨਿਕਟ ਦੇਖਿ ਕੈ ਕਹਨੋ॥੪੫॥ 'ਸਭਿ ਤੇ ਸ਼ਰਧਾ ਉਰ ਅਧਿਕਾਈ।ਜਾਚਿ ਲੇਹੁ ਹਮ ਤੇ ਮਨ ਭਾਈ'। ਸੁਨਿ ਕੈ ਹਰਖਤਿ ਪਿਤ ਕੀ ਬਾਨੀ।ਅਧਿਕ ਭਾਉ ਕਰਿ ਭਾਖਨੋ ਭਾਨੀ॥੪੬॥ 'ਸਭਿ ਬਿਧਿ ਮੁਝਕੋ ਕੀਨ ਨਿਹਾਲ।ਮੈਂ ਹੌਂ ਸਭਿ ਤੇ ਭਾਗ ਬਿਸਾਲ।ਜਿਸ ਕੇ ਪਿਤ ਤੁਮ ਪੁਨਹਿੰ ਪ੍ਰਸਿੰਨ। ਦਈ ਬਡਾਈ ਮੈਂ ਬਡ ਧੰਨੁ ॥੪੭॥ ਜੋ ਅਬਿ ਬਰ ਦੇਵਨ ਕੋ ਭਾਖਾ । ਯਾ

[1]ਸ਼੍ਰੀ ਗੁਰੂ ਰਾਮਦਾਸ ਜੀ ਨੂੰ । [2]ਬਿਧਵਾ ਹੋਕੇ ਕਿਸ ਤਰ੍ਹਾਂ ਰਹਿਸੇ । [3]ਬਿਧਨਾ, ਹੋਣਹਾਰ । [4]ਭਾਵ ਸੁਹਾਗ ਦੇ ਭੂਸ਼ਣ ਆਦਿ ਚਿੰਨ੍ਹ। [5]ਮੌਤ ਹੋਣੀ ਹੈ ਤਦੇ ਹੀ ਆਪ ਨੇ ਉਚਾਰਿਆ ਹੈ। [6]ਪੱਕ ਇਸੇ ਤਰ੍ਹਾਂ ਵਰਤਣਾ ਸੀ। [7]ਬਾਕੀ ਦੀ। *ਪਾ:-ਇਸ, ਤਿਸ । †ਪਾ:-ਐਸੇ । ‡ਪਾ:-ਗੁਰ ।

ਤੇ ਮੈਂ ਜਾਚਤਿ ਚਿਤ ਕਾਂਖਾ। ਇਕ ਚਿੰਤਾ ਅਤਿਸ਼ੈ ਬਿਰਧਾਇ। ਸੋ ਅਬਿ ਰਾਵਰ ਦੇਹੁ ਮਿਟਾਇ ॥੪੮॥ ਸ਼੍ਰੀ ਨਾਨਕ ਤੇ ਸ਼੍ਰੀ ਗੁਰ ਅੰਗਦ। ਪੁਨ ਤੁਮ ਲੀਨਸਿ ਗੁਰਤਾ ਸੰਪਦ। ਅਬਿ ਦੀਨਸਿ ਮੁਝ ਘਰ ਬਡਿਆਈ। ਸੋ ਕਬਿ ਪਰ ਕੇ ਘਰ ਨਹਿ ਜਾਈ[1] ॥੪੯॥ ਸੋਢੀ ਬੰਸ ਬਿਖੈ ਸੁ ਪ੍ਰਕਾਸ਼ਹਿ। ਸੁਨਹੁ ਪਿਤਾ ਜੀ ਇਹੁ ਮਮ ਆਸ਼ਹਿ'।ਸੁਨਿ ਸ਼ਰਧਾਲੁ ਸੁਤਾ ਕੇ ਬੈਨ।ਕਰੁਨਾ ਰਸ ਤੇ ਪੂਰਨ ਨੈਨ ॥੫੦॥ ਸ਼੍ਰੀ ਮੁਖ ਤੇ ਬਰ ਬਾਕ ਬਖਾਨਾ।'ਤਵ ਸੁਤ,ਪੌਤ੍ਰਨ, ਪਤਿ, ਮਤਿਵਾਨਾ।ਜਗਤ ਬਿਖੈ ਬਿਦਤਹਿਂ ਗੁਰ ਪੂਰੇ।ਤੇਹਿ ਮਨੋਰਥ ਹੋਹਿਂ ਜਰੂਰੇ' ॥੫੧॥ ਇਮ ਕਹਿ ਆਪ ਬਿਕੁੰਠ ਸਿਧਾਰੇ।ਰਾਮਦਾਸ ਗੁਰ ਭੇ ਜਗ ਸਾਰੇ।ਬਹੁ ਸਿੱਖਜਨ ਕੋ ਦੇ ਉਪਦੇਸ਼।ਕਰੇ ਮੁਕਤਿ ਹਤਿ ਬੰਧ ਕਲੇਸ਼॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਅੰਮ੍ਰਿਤਸਰ' ਪ੍ਰਸੰਗ ਬਰਨਨੰ ਨਾਮ ਤ੍ਰੋਦਸ਼ਮੋ ਅੰਸੂ ॥ ੧੩ ॥

੧੪ [ਅੰਮ੍ਰਿਤਸਰ ਕਾਰ ਨਿੱਤ ਕ੍ਰਿਯਾ। ਹਿੰਦਾਲ। ਭਾਈ ਗੁਰਦਾਸ। ਸ਼੍ਰੀ ਚੰਦ ਮੇਲ]।

ਦੋਹਰਾ॥ਰਮਤ ਰਾਮ ਜਬਿ ਗੁਰੁ ਭੇ[2] ਤਾਰਨ ਸਿੱਖਨ ਅਪਾਰ।ਐਸੇ ਪੂਰਨ ਬ੍ਰਹਮ ਕਉ ਬੰਦਉ[*] ਬਾਰੰ ਬਾਰ ॥੧॥ ਚੌਪਈ॥ ਬੈਠਿ ਇਕਾਗਰ ਗੁਰੂ ਦਿਆਰਾ। ਮਨ ਮੈਂ ਐਸੇ ਕਰਤਿ ਬਿਚਾਰਾ।–ਜਿਨ ਸਿਉਂ ਹਮਰੀ ਪ੍ਰੀਤਿ ਸੁ ਪੂਤੀ। ਸੋ ਤੌ ਗਏ ਬਿਕੁੰਠ ਪਹੂਤੀ॥੨॥ਗੁਰ ਦੇਖੇ ਬਿਨ ਨੀਂਦ ਨ ਆਵੈ।ਜਿਉ ਅੰਬੁਜ[3] ਰਵਿ ਬਿਨ ਕੁਮਲਾਵੈ–।ਕਰਿ ਵਿਵੇਕ ਮਨ ਕੋ ਠਹਿਰਾਯੋ।ਸੱਤਿਨਾਮ ਸਿਮ-ਰਨਿ ਚਿਤ ਲਾਯੋ॥੩॥ਬਹੁਰੋ ਮਨ ਮਹਿਂ ਕੀਨ ਬਿਚਾਰਾ।–ਸੋ ਕਰੀਏ ਜੋ ਗੁਰੂ ਉਚਾਰਾ। ਬਿਲਮ ਖੋਇ ਕਰਿ ਕਰੀਏ ਸੋਈ। ਜੈਸੇ ਕਾਰਜ ਸ਼ੀਘ੍ਰ ਸੁ ਹੋਈ–॥੪॥ਤਾਲ ਬਨਾਵਨ ਚਾਹਿਸਿ ਭਲੋ।ਕਹਨੋ ਸਭਿਨਿ ਸੋਂ"ਮਾਝੇ ਚਲੋ"। ਮੋਹਿਨ ਮੁਹਰੀ ਸੰਗ ਸੁ ਕਹੈਂ।"ਹਮ ਕਉ ਗੁਰ ਕੀ ਆਗਜ਼ਾ ਅਹੈ ॥੫॥ ਸੁਧਾ ਸਰੋਵਰ ਕੋ ਬਨਿਵਾਵਨਿ। ਤੁਮ ਭੀ ਆਇਸੁ ਕਰਹੁ ਅਲਾਵਨਿ"। ਅਪਨ ਮਨੋਰਥ ਸਭਿਨਿ ਸੁਨਾਵਾ।ਪ੍ਰੇਮ ਮਹਾਂ ਪਰਿਵਾਰ ਬਧਾਵਾ॥੬॥ ਮਿਲਿ ਕਰਿ ਗਵਨ ਕੀਨ ਤਤਕਾਲਹਿ।ਸਿੱਖ ਸੰਗਤਾਂ ਸੰਗ ਬਿਸਾਲਹਿ। ਭਏ ਤੁਰੰਗਨ ਪਰ ਅਸਵਾਰ। ਜੋ ਪਾਰੋ ਨੇ ਦੀਨਿ ਉਦਾਰ ॥੭॥ ਚੰਚਲ ਮਹਾਂ ਚਲਤਿ ਗੁਨ ਰੂਰੀ। ਉਛਰਤਿ ਬਡੇ ਬੇਗ ਤੇ ਪੂਰੀ। ਮਨਹੁ ਅਵਨਿ ਪਰ ਪਾਇ

---

[1]ਨਾ ਜਾਵੇ। [2]ਜੋ ਰਾਮ (ਵਿਆਪ) ਰਹਿਆ ਹੈ (ਉਹੀ) ਰਾਮਦਾਸ ਹੋਕੇ ਜਦੋਂ ਗੁਰੂ ਹੋਏ। ਗੁਰੁਵਾਕ ਭੀ ਹੈ:–ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ [3]ਕਵਲ। [*]ਪਾਃ–ਬੰਦਨ।

ਨ ਲਾਵਹਿ। ਦਿਖਿਯਤਿ ਉਡੀ ਗਗਨ ਜਨੁ ਜਾਵਹਿ ॥ ੮ ॥ ਮਨ ਕੀ ਗਤਿ ਕੋ ਲਖਿਬੋ ਕਰੈ[1]। ਜਿਮ ਇੱਛਾ ਤਿਮ ਹੀ ਅਨੁਸਰੈ। ਅਲਪ ਕਾਲ ਮਹਿਂ ਚਲਹਿ ਬਿਸਾਲਾ। ਅਵਲੋਕਹਿਂ ਬਿਸਮਹਿਂ ਨਰ ਜਾਲਾ ॥ ੯ ॥ ਚੱਕ ਗੁਰੂ ਕੇ ਪਹੁੰਚੇ ਜਾਇ। ਸੰਗ ਸੰਗਤਾਂ ਹੈਂ ਸਮੁਦਾਇ। ਕਾਰ ਤਾਲ ਕੀ ਕਛੁ ਕਰਿਵਾਈ।ਸਿੱਖ ਨਿਕਾਸਹਿਂ ਬਹੁ ਫਲ ਪਾਈ ॥੧੦॥ ਮਹਾਂ ਮਹਾਤਮ ਸਤਿਗੁਰ ਕਹੈਂ। ਕਾਰ ਕਢਤਿ ਮਨ ਬਾਂਛਤਿ ਲਹੈਂ। ਕਿਤਿਕ ਮਾਸ ਜਬਿ ਰਹਤਿ ਬਿਤਾਇ। ਕੀਰਤਿ ਪਸਰੀ ਛਿਤਿ ਅਧਿਕਾਇ ॥੧੧॥ 'ਅਨਿਕ ਪ੍ਰਕਾਰ ਮਨੋਰਥ ਮਨ ਕੇ। ਕਰਤਿ ਸੰਪੂਰਨ ਸਿੱਖਨ ਗਨਕੇ'। ਜਹਿਂ ਕਹਿਂ ਸੁਜਸ ਕਰਹਿਂ ਨਰ ਨਾਰੀ।ਆਵਨਿ ਲਾਗਸਿ ਨਿਤਿ ਧਨ ਭਾਰੀ॥੧੨॥ ਸੋਢੀ ਬੰਸ ਲਹੌਰ ਜੁ ਰਹੈ।ਕੀਰਤਿ ਸੁਨਤਿ ਸਕਲ ਸੁਖ ਲਹੈ। 'ਅਮਰ ਗੁਰੂ ਨੈ ਗੁਰਤਾ ਦਈ। ਸੰਗਤ ਸੰਗ ਅਧਿਕ ਤਿਨਿ ਭਈ ॥੧੩॥ ਲੋਕ ਹਜ਼ਾਰਹੁ ਬੰਦੈਂ ਖਰੇ।ਦੈਬੋ ਜਨ ਮਨੁ ਬਾਂਛਤਿ ਕਰੇ'। ਇੱਤ੍ਯਾਦਿਕ ਸੁਨਿ ਸੋਢੀ ਸਾਰੇ। ਦਰਸ਼ਨ ਕੋ ਆਏ ਹਿਤ ਧਾਰੇ॥੧੪॥ ਚੱਕ ਗੁਰੂ ਕੇ ਆਨਿ ਮਿਲੇ ਹੈਂ। ਸਨਮਾਨੇ ਸਤਿਗੁਰੂ ਭਲੇ ਹੈਂ। ਇਕ ਦਿਨ ਬਸਿ ਗੁਰ ਕੇ ਸੰਗ ਕਹ੍ਯੋ। 'ਲਵਪੁਰਿ ਮੈਂ ਤੁਮਰੋ ਘਰ ਲਹ੍ਯੋ॥੧੫॥ਪਿਤਾ ਤੁਮਾਰੇ ਸੁਰਗ ਸਿਧਾਏ। ਤਬਿ ਕੇ ਤੁਮ ਇਤਿ ਦਿਸ਼ਿ ਚਲਿ ਆਇ।ਅਬਿ ਹੋਏ ਲਾਇਕ ਸਭਿ ਰੀਤਿ। ਨਿਵਹਿ ਜਗਤ ਕਰਿ ਕੈ ਬਡ ਪ੍ਰੀਤਿ॥੧੬॥ਉਚਿਤ ਅਬਹਿ ਗਮਨਹੁ ਤਿਸਿ ਥਾਨ। ਸਰਬ ਸੰਭਾਰਹੁ ਸਦਨ ਮਹਾਂਨ। ਅਪਨੇ ਬੰਸ ਬਿਖੈ ਅਬਿ ਚਲੀਅਹਿ। ਲਘੁ ਦੀਰਘ ਸਭਿਹਿਨਿ ਸੋਂ ਮਿਲੀਅਹਿ ॥ ੧੭ ॥ ਕਿਤਿਕ ਦਯੋਸ ਮਿਲਿ ਬਸੀਅਹਿ ਤਹਾਂ।ਪੁਨ ਆਵਹੁ ਇੱਛਾ ਹੁਇ ਜਹਾਂ'। ਇੱਤ੍ਯਾਦਿਕ ਬਹੁ ਬਾਕ ਬਖਾਨੇ। ਰਾਮਦਾਸ ਗੁਰੁ ਸੁਨਿ ਕਰਿ ਮਾਨੇ ॥੧੮॥ ਸਰਬ ਸੋਢੀਅਨਿ ਲੈ ਕਰਿ ਸੰਗਿ। ਸੰਗਤਿ ਬ੍ਰਿੰਦ ਲਗੇ ਹਰਿ ਰੰਗਿ[2]। ਲਵਪੁਰਿ ਕਹੁ ਤਬਿ ਕੀਨਿ ਪਯਾਨਾ। ਨਿਸਿ ਬਸਿ ਇਕ ਪਹੁੰਚੇ ਤਿਸ ਥਾਨਾ ॥ ੧੯ ॥ ਅਪਨੇ ਸਦਨ ਕਰ੍ਯੋ ਤਬਿ ਡੇਰਾ। ਹੋਤਿ ਦੇਗ ਲਗਿ ਅੰਨ ਘਨੇਰਾ[3]। ਅੰਮ੍ਰਿਤ ਸਮੈ ਜਾਗ ਕਰਿ ਸਾਰੇ।ਗਾਇ ਸੁਨਹਿਂ ਸਭਿ ਆਸਾ ਵਾਰੇ ॥੨੦॥ ਹੇਰਿ ਹੇਰਿ ਨਰ ਸੁਭ

[1]ਅਸਵਾਰ ਦੇ ਮਨ ਦੀ ਹਾਲਤ ਲਖ ਲੈਂਦੀ ਹੈ ਭਾਵ ਉਸਦੇ ਸੰਕਲਪ ਮਾਤ੍ਰ ਨਾਲ ਟੁਰਦੀ ਹੈ।
[2](ਨਾਲ) ਬਹੁਤੀ ਸੰਗਤ ਪਰਮੇਸ਼ੁਰ ਪ੍ਰੇਮ ਵਿਚ ਲਗੀ। (ਅ) ਹਰੀ ਰੰਗ ਲੱਗ ਰਿਹਾ ਹੈ।
[3]ਲੰਗਰ ਹੁੰਦਾ ਹੈ ( ਜਿਸ ਵਿੱਚ ) ਅੰਨ ਬਹੁਤਾ ਲਗਦਾ ਹੈ।

ਮਗੁ ਰੀਤਿ।ਹੋਵਨ ਲਗੇ ਸਿੱਖ ਕਰਿ ਪ੍ਰੀਤਿ।ਗੁਰਮੁਖ ਪੰਥ ਪਰੇਹਰਿਖਾਏ[1]।
ਮਨ ਬਾਂਛਤਿ ਸਤਿਗੁਰ ਤੇ ਪਾਇ॥੨੧॥ਲਵਪੁਰਿ ਮਹਿਂ ਸਿੱਖੀ ਬਹੁ ਹੋਈ।
ਸੱਤਿਨਾਮ ਸਿਮਰਹਿਂ ਦੁਖੁ ਖੋਈ। ਤਬਿ ਸਤਿਗੁਰ ਨਿਜ ਘਰ ਕੇ ਥਾਨ।
ਧਰਮਸਾਲ ਰਚਿਵਾਇ ਮਹਾਂਨ॥੨੨॥ਬੀਚ ਕੂਪ ਕੋ ਬਡ ਕਰਵਾਇ।ਸੁੰਦਰ
ਮੰਦਰ ਰਚਿ ਸਮੁਦਾਇ। ਸੰਗਤਿ ਮੇਲ ਹੋਹਿ ਜਹਿਂ ਭਾਰੀ। ਸਕਲ ਕਹੈਂ
'ਗੁਰ ਪਰਉਪਕਾਰੀ'॥੨੩॥ਸਿੱਖਨ ਹੋਨ ਆਵਹਿਂ ਸਭਿ ਜਾਤੀ।ਪਗ ਪਾਹੁਲ
ਤੇ ਲੇ ਸੁਖ ਥਾਤੀ। ਧੰਨ ਧੰਨ ਗੁਰ ਨਾਮ ਉਚਾਰੈਂ। ਭਵਜਲ ਤੇ ਤਤਕਾਲ
ਉਧਾਰੈਂ॥੨੪॥ਕਰਹਿਂ ਪਰਸਪਰ ਗੋਸ਼ਟ ਗਯਾਨ। ਰਿਦੈ ਧਰਹਿਂ ਸ੍ਰੀ ਪ੍ਰਭੁ ਕੋ
ਧਯਾਨ।ਗੁਰ ਸਿੱਖੀ ਪੁਰਿ ਬਹੁਤ ਵਧਾਈ। ਅਰਪ ਉਪਾਇਨ ਕੋ ਸਮੁਦਾਈ
॥੨੫॥ਸਤਿਸੰਗਤਿ ਕੀ ਰੀਤਿ ਚਲਾਇ।ਅੰਮ੍ਰਿਤ ਕਾਲ ਸ਼ਬਦ ਕੋ ਗਾਇ।
ਕਿਤਿਕ ਮਾਸ ਬਸਿ ਕਰਿ ਲਵਪੁਰੀ। ਗਮਨ ਕਰਨ ਕੋ ਇੱਛਾ ਕਰੀ॥
੨੬॥ਧਰਮਸਾਲ ਮਹਿਂ ਕਿਤਿਕ ਟਿਕਾਇ।ਅਪਰ ਸਿੱਖ ਲੈ ਕਰਿ ਸਮੁਦਾਇ।
ਗੋਇੰਦਵਾਲ ਪੁਰੀ ਕਉ ਚਲੇ।ਭਾ ਚਿਰਕਾਲ ਸਭਿਨਿ ਸੋਂ ਮਿਲੇ॥੨੭॥ਸਨੈ
ਸਨੈ ਮਗ ਉਲੰਘਯੋ ਸਾਰੇ।ਆਨ ਪ੍ਰਵੇਸ਼ੇ ਪੁਰੀ ਮਝਾਰੇ।ਮੋਹਨ ਅਪਰ ਮੋਹਰੀ
ਮਿਲੇ।ਔਰ ਸਭਿਨਿ ਪੂਛ ਕੁਸ਼ਲੀ ਭਲੇ॥੨੮॥ਮਹਾਂਦੇਵ ਸ੍ਰੀਅਰਜਨ ਆਏ
॥ਪਿਤ ਕੇ ਪਗ ਪੰਕਜ ਲਪਟਾਏ।ਅਪਰ ਮਿਲਯੋ ਸਗਰੋ ਪਰਵਾਰ।ਜਾਨਤਿ
ਭਏ ਪ੍ਰਤਾਪ ਉਦਾਰ॥੨੯॥ ਦੇਸ਼ ਬਿਦੇਸ਼ਨ ਸੰਗਤਿ ਆਵੈ। ਬਸਤੂ ਦਰਬ
ਕੋ ਭੇਟ ਚੜ੍ਹਾਵੈ। ਪੂਜਾ ਹੋਇ ਸਦੀਵ ਕ੍ਰਿਪਾਲਾ। ਦਿਵਸ ਪਰਬ ਕੇ ਆਇ
ਬਿਸਾਲਾ ॥੩੦॥ ਲਗਹਿਂ ਅੰਬਾਰ ਉਪਾਇਨ ਕੇਰੇ। ਦੂਰ ਦੂਰ ਤੇ ਲਯਾਇ
ਅਛੇਰੇ। ਅਰਪਹਿਂ ਬਿਨਤੀ ਕਰਹਿਂ ਅਗਾਰੀ। ਗੁਰ ਪ੍ਰਸੰਨਤਾ ਚਹਤਿ
ਉਦਾਰੀ॥੩੧॥ਸਤਿਗੁਰ ਦੇਂ ਸਭਿਹਿਨਿ ਉਪਦੇਸ਼। 'ਸਿਮਰਹੁ ਸੱਤਯਨਾਮ
ਜਗਤੇਸ਼'। ਨਿਤਪ੍ਰਤਿ ਗੁਰ ਕੋ ਇਮ ਬਿਵਹਾਰੁ। ਜਾਮ ਜਾਮਨੀ ਨਿੰਦ੍ਰਾ
ਟਾਰਿ[2]॥੩੨॥ਕਰਿ ਨਿਤ ਕ੍ਰਿਯਾ ਸੌਚ ਕੋ ਧਰੈਂ। ਸੀਤਲ ਜਲ ਮਹਿਂ ਮੱਜਨ
ਕਰੈਂ।ਪੁਨ ਸਮਾਧਿ ਕੋ ਲੇਤਿ ਲਗਾਇ।ਰਾਖਹਿਂ ਅੰਤਰਿ ਬ੍ਰਿੱਤਿ ਟਿਕਾਇ॥
੩੩॥ ਨਿਰ ਬਿਕਲਪ[3] ਨਿਜ ਪਦ ਸੁਖ ਲੀਨ। ਆਸਨ ਥਿਰਹਿਂ ਅਡੋਲ
ਪ੍ਰਬੀਨ।ਪ੍ਰਾਤਿ ਹੋਤ ਲੋਚਨ ਅਰਬਿੰਦ। ਬਿਕਸਤਿ ਭਰੇ ਸੁ ਪ੍ਰੇਮ ਬਿਲੰਦ॥

[1]ਗੁਰਮੁਖ ਮਾਰਗ, ਅਰਥਾਤ ਸਿੱਖੀ ਵਿਚ ਆਕੇ ਪ੍ਰਸੰਨ ਹੋਏ। [2]ਪਹਿਰ ਰਾਤ ਰਹਿੰਦੀ ਜਾਗਕੇ।
[3]ਕਲਪਨਾਂ ਤੋਂ ਰਹਿਤ (ਸਮਾਧੀ)।

੩੪॥ਕੇਸਰ ਤਿਲਕ ਲਗਾਵਹਿਂ ਮਾਥੇ। ਪਹਿਰ ਬਸਤ੍ਰ ਪੁਨ ਸ਼ੋਭਾ ਸਾਥੇ।
ਸੂਰਜ ਚਢੇ ਸਿੰਘਾਸਨ[1] ਬਹੈਂ। ਆਨਿ ਦਰਸੁ ਪ੍ਰੇਮੀ ਸਿਖ ਲਹੈਂ॥ ੩੫॥
ਕਿਰਤਨਿ ਗਾਇਂ ਰਬਾਬੀ ਆਗੇ।ਧੁਨਿ ਰਬਾਬ ਕੀ ਬਾਜਨਿ ਲਾਗੇ।ਸੁਨਹਿਂ
ਸਿੱਖ ਬੈਠੇ ਗੁਰ ਤੀਰ।ਪੁਨ ਉਪਦੇਸ਼ਹਿਂ ਗੁਨੀ ਗਹੀਰ॥੩੬॥ਪੁਨਹਿਂ ਦੇਗ
ਜਬਿ ਹੋਵਹਿ ਤ੍ਯਾਰੀ। ਸਭਿ ਰਸ ਕੇ ਅਹਾਰ ਤਿਸ ਬਾਰੀ। ਸੂਪਕਾਰ[2]ਸੁਧਿ
ਦੇਹਿ ਜਿ ਆਈ।ਉਠਿ ਕਰਿ ਪਹੁੰਚਹਿਂ ਗੁਰ ਗੋਸਾਈਂ॥੩੭॥ਸਭਿ ਸੰਗਤਿ
ਕੇ ਬੀਚ ਸਥਾਨਾ। ਅਭ੍ਯਾਗਤਿ[3] ਚਲਿ ਆਇਂ ਮਹਾਂਨਾ। ਇਕ ਸਮਾਨ
ਸਭਿ ਦੇਤਿ ਅਹਾਰਾ। ਧਨੀ ਰੰਕ ਕੇ ਆਇ ਉਦਾਰਾ॥੩੮॥ ਸੰਗਤਿ ਬੀਚ
ਅਚਹਿਂ ਤ੍ਰਿਪਤਾਵਹਿਂ।ਬਹੁਰ ਚੁਰਾ[4]ਕਰਿ ਨਿਜ ਥਲ ਆਵਹਿਂ।ਪੁਨ ਇਕੰਤ
ਰਹਿਂ ਕੇਤਿਕ ਕਾਲ।ਪੌਢੈਂ ਸਿਹਜਾ ਪਰ ਸੁਖ ਨਾਲ॥੩੯॥ ਜਾਮ ਦਿਵਸ
ਤੇ ਸੌਚਾਚਾਰ। ਬੈਠਤਿ ਹੈਂ ਪੁਨ ਸਭਾ ਮਝਾਰ। ਕਥਾ ਸਮਾਗਮ ਕੋ ਤਿਸਿ
ਕਾਲ।ਗੁਰ ਜੁਤਿ ਸੰਗਤਿ ਸੁਨਹਿਂ ਰਸਾਲ[5]॥੪੦॥ਭਗਤਿ ਬਿਰਾਗ,ਗ੍ਯਾਨ
ਗੁਨ ਸਾਨੀ। ਹੋਹਿ ਕਥਾ ਆਤਮ ਸੁਖਦਾਨੀ। ਚਾਰ ਘਟੀ ਬਾਸੁਰ ਜਬਿ
ਰਹੈ।ਸ਼ਬਦ ਕੀਰਤਨ ਕੋ ਸੁਖ ਲਹੈਂ॥੪੧॥ਅਨਿਕ ਪ੍ਰਕਾਰਨ ਕੇ ਹੁਇਂ ਰਾਗ
। ਰਾਗ ਦ੍ਵੈਖ ਜਿਨ ਸੁਨਿ ਅਘ ਭਾਗ[6]। ਭਾਗ ਜਗੇ ਜਿਨਕੇ ਹੁਇ ਲਾਗ[7]
ਲਾਗ ਸ੍ਵਾਦ ਜਿਨ ਪ੍ਰੇਮ ਸੁ ਪਾਗ[8]॥੪੨॥ ਬ੍ਰਿਤਿ ਇਕੰਤ ਸਤਿਗੁਰ ਨਿਤ
ਰਹੈਂ। ਸੁਨਹਿਂ ਨ ਕਾਹੂ ਤੇ ਨਹਿਂ ਕਹੈਂ। ਬਹੁ ਪ੍ਰੇਮੀ ਸਿਖ ਕੋ ਜਬਿ ਆਵੈ।
ਤਿਸ ਕੋ ਸ਼ੁਭ ਉਪਦੇਸ਼ ਬਤਾਵੈਂ॥੪੩॥ਨਾਤੁਰ ਸਦਾ ਤੁਸ਼ਨੀ ਧਰੈਂ। ਹਿਤ
ਬਿਵਹਾਰ ਨ ਬੋਲਨ ਕਰੈਂ।ਸੰਧ੍ਯਾ ਤੇ ਇਕੰਤ ਪੁਨ ਹੋਇ। ਪ੍ਰੇਮਮਗਨ ਰਹਿਂ,
ਨਿਕਟ ਨ ਕੋਇ॥੪੪॥ਲੋਚਨ ਮਹਿਂ ਜਲ ਝਲਕਤਿ ਸਦਾ। ਪ੍ਰੇਮ ਪ੍ਰਵਾਹਿ
ਨ ਮਿਟਿ ਹੈ ਕਦਾ।ਜਾਮ ਨਿਸਾ ਲਗ ਸਿਖ ਸਮੁਦਾਇ।ਗਾਵਹਿਂ ਸੁਨਹਿਂ ਪ੍ਰੇਮ
ਬਿਰਧਾਇ॥੪੫॥ ਪੌਢਹਿਂ ਜਬਿ ਸਿਹਜਾ ਪਰ ਧੀਰ। ਸੈਨ ਹੇਤ ਨਿਸ ਗੁਰੂ
ਗੰਭੀਰ।ਸੁਨਹਿਂ ਸਿੱਖ ਜਬਿ:'ਸੁਪਤ ਕ੍ਰਿਪਾਲ'।ਨਿਜ ਨਿਜ ਥਲ ਗਮਨਹਿਂ
ਤਿਸ ਕਾਲ॥੪੬॥ ਇਮ ਸਤਿਗੁਰ ਨਿਸ ਬਾਸੁਰ ਸਾਰੇ। ਕਰਹਿਂ ਬਿਤੀਤ
ਨਾਮ ਹਰਿ ਪਤ੍ਯਾਰੇ। ਜਾਮ ਨਿਸਾ ਤੇ ਸਤਿਗੁਰ ਜਾਗਹਿਂ। ਸਿੱਖਜਨ ਕੇ

---

[1]ਗੱਦੀ ਤੇ। [2]ਰਸੋਈਆ। [3]ਲੋੜਵੰਦ। [4]ਚੁਲਾ। [5]ਰਸਾਂ ਦਾ ਘਰ ਭਾਵ ਸੁੰਦਰ (ਕਥਾ)। [6]ਨੱਸ ਜਾਂਦੇ ਹਨ। [7]ਜਿਨ੍ਹਾਂ ਦੀ ਕਿਸਮਤ ਜਾਗੇ (ਤਿਨ੍ਹਾਂ ਨੂੰ) ਲਾਗ ਲਗਦੀ ਹੈ(ਅ)ਲਾਗ=ਸਮੀਪ। [8]ਤਿਨ੍ਹਾਂ ਨੂੰ ਸ੍ਵਾਦ (ਕੀਰਤਨ ਆਦਿ ਦਾ) ਲੱਗਦਾ ਹੈ ਤੇ ਪ੍ਰੇਮ ਵਿਚ ਰੰਗੇ ਜਾਂਦੇ ਹਨ।

ਉਧਾਰ ਹਿਤ ਲਾਗਹਿਂ ॥੪੭॥ ਅਬਗਤਿ[1] ਲੀਲਾ ਸਤਿਗੁਰ ਕੇਰੀ। ਬਰਨੌਂ ਸਕਲ,ਸ਼ਕਤਿ ਕਹਾਂ ਮੇਰੀ। ਜਿਤਿਕ ਬੁਝਾਵਹਿਂ ਸਤਿਗੁਰ ਆਪ।ਬਰਨਨ ਕਰਵਿ ਤਿਤਿਕ ਪਰਤਾਪ॥੪੮॥ ਏਕ ਸਿੱਖ ਜਿਸ ਨਾਮ ਹਿੰਦਾਲ।ਸਤਿਗੁਰ ਸੇਵਾ ਕਰਤਿ ਬਿਸਾਲ। 'ਸੱਤਿਨਾਮ' 'ਕਰਤਾਰ' ਅਪਾਰਾ। ਆਠਹੁੰ ਜਾਮ ਜਾਪ ਜਿਨ ਧਾਰਾ॥੪੯॥ ਮਿਲਹਿ ਨ ਕਿਹ ਸੋਂ,ਰਾਗ ਨ ਦ੍ਵੈਸ਼।ਬੋਲਹਿ ਸੁਨਹਿ ਨ, ਸ਼ਾਂਤਿ ਹਮੇਸ਼। ਦੇਗ ਬਿਖਹਿ ਸਭਿ ਚੂਨ ਸੁ ਛਾਨਹਿ। ਇਕ ਅੰਗੀ, ਬਿਨ ਗੁਰੂ ਨ ਜਾਨਹਿ[2]॥੫੦॥ ਮਗਨ ਪ੍ਰੇਮ ਕੇ ਰੰਗ਼ਯੋ ਰੰਗ।ਅੰਤਰ ਬ੍ਰਿਤੀ ਸਦਾ ਸੁਖ ਸੰਗ। ਕਾਮ ਨ ਕ੍ਰੋਧ ਨ ਲੋਭ ਹੰਕਾਰ। ਸੱਤਯ ਨਾਮ ਸੋਂ ਲਾਗੀ ਤਾਰ॥੫੧॥ਹਰਖ ਨ, ਸ਼ੋਕ ਨ, ਬੈਰੀ ਮੀਤ ਨ। ਤਤਪਰ ਰਹੈ ਏਕ ਮਨ ਜੀਤਨ[3]। ਨਿਸ਼ਕਾਮੀ, ਨਿਤ ਸਹਿਨ ਸੁਸ਼ੀਲ। ਸਦਾ ਏਕ ਰਸ ਮਹਿਂ ਬ੍ਰਿਤਿ ਮੀਲ[4] ॥ ੫੨ ॥ ਅੰਤਰਯਾਮੀ ਸਤਿਗੁਰ ਦਯਾਲ। ਲਖੀ ਸਿੱਖ ਕੀ ਦੀਰਘ ਘਾਲ। ਇਕ ਦਿਨ ਸਲਿਤਾ ਕੋ ਗੁਰ ਗਏ। ਮੰਦ ਮੰਦ ਪਦ ਕੀ ਗਤਿ ਲਏ ॥੫੩॥ ਮੱਜਨ ਕਰਿ ਪੁਰਿ ਕੋ ਪੁਨ ਆਏ। ਦੇਗ ਸਦਨ ਮੇਂ[5]* ਗੁਰ ਪ੍ਰਵਿਸ਼ਾਏ।ਜੇਤਿਕ ਸਿੱਖ ਕਰਤਿ ਤਹਿਂ ਸੇਵਾ। ਸਨੇ ਸਨੇ ਸਭਿ ਪਿਖਿ ਗੁਰਦੇਵ॥੫੪॥ਗੁੰਧਤਿ ਚੂਨ ਤਬਹਿ ਹਿੰਦਾਲ। ਲਗ਼ਯੋ ਰਹ਼ਯੋ ਜੁਗ ਹਾਥਨ ਨਾਲ।–ਮ੍ਰਿਤਕਾ ਲਗਹਿ ਨ–ਇਮਿ ਉਰ ਧਾਰੀ।ਤਬਿ ਦੋਨਹੁੰ ਕਰਿ ਹਾਥ ਪਿਛਾਰੀ ॥੫੫॥ ਗੁਰ ਪਦ ਪੰਕਜ ਮਸਤਕ ਧਰ਼ਯੋ। ਦੇਖਿ ਪ੍ਰੇਮ ਕੋ ਬਾਕ ਉਚਰ਼ਯੋ।'ਤੇਰੋ ਪ੍ਰੇਮ ਮੋਹਿ ਮਨ ਭਾਯੋ।ਨਈ ਰੀਤਿ ਕੋ ਪੰਥ ਚਲਾਯੋ[6]॥੫੬॥ ਮੇਰੀ ਕ੍ਰਿਪਾ ਤੋਹਿ ਪਰ ਭਈ। ਹਤਿ ਬੰਧਨ ਮੁਕਤੀ ਸ਼ੁਭ ਲਈ। ਪੂਰਨ ਸੇਵਾ ਅਬਿ ਤਵ ਹੋਈ।ਬਾਂਛਤਿ ਪਾਇ,ਨ ਸੰਸੈ ਕੋਈ'॥੫੭॥ਸਿੱਧ ਅਵਸਥਾ ਗੁਰ ਕੇ ਕਹੇ।ਪ੍ਰਾਪਤਿ ਭਈ,ਭਰਮ ਗੁਰ ਦਹੇ। ਜੈਸੇ ਮਹਾਂ ਰੰਕ ਹੁਇ ਕੋਈ। ਪਦ ਕੁਬੇਰ ਕੇ ਬੈਠਹਿ ਸੋਈ ॥੫੮॥ ਨਿਜ ਕਰ ਸੋਂ ਤਿਹ ਮਾਥ ਉਠਾਇ। ਦੀਨ ਸੂਦਨਾ[7] ਬਖ਼ਸ਼ਿਸ਼ ਭਾਇ। ਲੇ ਕਰਿ ਧਰ਼ਯੋ ਸੀਸ ਪਰ ਜਬੈ। ਹੁਤੋ ਜੀਵ,ਈਸੁਰ ਭਾ ਤਬੈ ॥੫੯॥ ਤੀਨ ਲੋਕ ਗਾਮੀ ਹੁਇ ਗਯੋ[8]। ਸ੍ਰੀ ਸਤਿ-

---

[1]ਅਚਰਜ। [2]ਭਾਵ ਅਨਿੰਨ ਪ੍ਰੇਮ ਵਾਲਾ ਸੀ, ਗੁਰੂ ਬਿਨਾਂ (ਕਿਸੇ ਨੂੰ) ਨਹੀਂ ਜਾਣਦਾ ਸੀ। [3]ਮਨ ਜਿੱਤਣ ਦੇ। [4]ਮਿਲੀ ਹੋਈ। [5]ਲੰਗਰ ਵਿਚ। [6]ਭਾਵ ਨਵੀਂ ਤਰ੍ਹਾਂ ਦਾ ਮੱਥਾ ਟੇਕਿਆ ਹਈ। [7]ਪਰਨਾ, ਸਾਫਾ। [8]ਤਿੰਨ ਲੋਕਾਂ ਦੀ ਗੰਮਤਾ ਵਾਲਾ, ਭਾਵ ਤਿੰਨ ਲੋਕਾਂ ਦੀ ਸੋਝੀ ਹੋ ਆਈ। *ਪਾ:–ਕੈ।

ਗੁਰ ਊਚੋ ਪਦ ਦਯੋ। ਸਭਿ ਸਿੱਧਾਂ ਪ੍ਰਾਪਤਿ ਭੀ ਆਇ। ਅਦਭੁਤ ਹੀ ਕੁਛ ਬਨਯੋ ਬਨਾਇ॥੬੦॥ ਹਾਥ ਜੋਰਿ ਕਰਿ ਖਰੋ ਹਿੰਦਾਲ। ਕਰਿ ਸਤਿਗਰ ਕੋ ਸੁਜਸੁ ਬਿਸਾਲ।'ਕਹੀ ਨ ਜਾਇ ਗੁਰੂ ਗਤਿ ਨਯਾਰੀ। ਛਿਨ ਮਹਿਂ ਬਖ਼ਸ਼ਿ ਤਿਲੋਕੀ ਸਾਰੀ॥ ੬੧ ॥ ਕਰਹਿਂ ਨਿਹਾਲ ਦਾਸੁ ਤਤਕਾਲਾ। ਤੁਮ ਸਮਾਨ ਨਹਿਂ ਆਨ ਕ੍ਰਿਪਾਲਾ। ਧੰਨ ਧੰਨ ਗੁਰ ਪਰਮ ਉਦਾਰੇ। ਕਹੇ ਨ ਜਾਇਂ ਚਰਿੱਤ੍ਰ ਤੁਮਾਰੇ'॥੬੨॥ ਤਬ ਸ੍ਰੀ ਮੁਖ ਤੇ ਬਾਕ ਬਖਾਨੋ। 'ਅਬਿ ਅਪਨੇ ਘਰ ਗਮਨਹੁ ਸਯਾਨੇ। ਸੱਤਿਨਾਮ ਕੋ ਮੰਤ੍ਰ ਜਪਾਵਹੁ। ਬਹੁ ਲੋਕਨ ਉਪਦੇਸ਼ ਦ੍ਰਿੜ੍ਹਾਵਹੁ' ॥੬੩॥ਇਮਿ ਕਹਿ ਵਿਦਾ ਕੀਨਿ ਹਿੰਦਾਲ। ਗਮਨਯੋ ਲੇ ਕਰਿ ਬਖਸ਼ ਬਿਸਾਲ। ਬਸਯੋ ਜਾਇ ਅਪਨੇ ਗ੍ਰਿਹ ਮਾਂਹੀ। ਕਬਿ ਕਬਿ ਆਇ ਦਰਸ ਕੋ ਪਾਹੀ ॥੬੪॥ ਕਹਯੋ ਹਿੰਦਾਲ ਕੇਰ ਬਿਰਤਾਂਤ। ਜਿਮਿ ਬਖਸ਼ਿਸ਼ ਹੋਈ ਬੱਖਯਾਤ। ਟਹਿਲ ਕਰੀ ਸ਼ਰਧਾ ਕੇ ਸਾਥ। ਮਹਿਲ ਲਹਯੋ ਅਰੁ ਭਯੋ ਸਨਾਥ ॥ ੬੫ ॥ ਸ੍ਰੀ ਗੁਰ ਦ੍ਰਿਸ਼ਟਿ ਕਰੀ ਜਿਸ ਓਰ। ਭਯੋ ਨਿਹਾਲ ਬੰਧ ਨਿਜ ਤੋਰਿ। ਅਪਰਨ ਕੀ ਠਾਨੈ ਕੱਲਯਾਨ[1]। ਇਹੁ ਸਾਖੀ ਯਾ ਮੈ ਪਰਮਾਨ ॥੬੬॥ਦੋਹਰਾ॥ਰਾਈ ਹੁਤੋ ਸੁਮੇਰੁ ਸੋ ਭਯੋ ਜਗਤ ਬੱਖਯਾਤ। ਨਹਿਂ ਅਚਰਜ ਕੋਈ ਕਰੋ,ਸਤਿਗੁਰ ਸਫਲੀ ਦਾਤ॥੬੭॥ ਚੌਪਈ॥ਇਕ ਦਿਨ ਬੈਠੇ ਸਤਿਗੁਰ ਦਯਾਲੁ ॥ ਅਯੋ ਗੁਰਦਾਸ ਸੁ ਪ੍ਰੇਮ ਬਿਸਾਲੁ। ਹਾਥ ਜੋਰਿਕੈ ਬਿਨੈ ਬਖਾਨੀ।'ਮੋ ਕਉ ਸਿੱਖੀ ਦੇਹੁ ਮਹਾਂਨੀ'॥੬੮॥ਦੇਖੀ ਸ਼ਰਧਾ ਤਿਨਕੀ ਪੂਰੀ। ਸਤਿਗੁਰ ਬੋਲੇ ਵਾਕ ਗਰੂਰੀ[2]। ਸਿਮਰਹੁ ਵਾਹਿਗੁਰੂ ਸਤਿਨਾਮੁ। ਜਾਂਤੇ ਪਾਵਹੁ ਸੁਖ ਬਿਸਰਾਮੁ॥੬੯॥ਅਬਿ ਤੁਮ ਆਗ੍ਰੈ[3] ਮਾਂਹਿ ਸਿਧਾਵਹੁ।ਤਹਿਂ ਕੀ ਸੰਗਤਿ ਪ੍ਰੇਰ ਲਯਾਵਹੁ। ਸਮੇ ਪਾਇ ਬਾਣੀ ਤੁਮ ਕਰਨੀ। ਗੁਰ ਸਿੱਖਨ ਕੇ ਮਨ ਕਉ ਹਰਨੀ' ॥੭੦॥ ਦੋਹਰਾ ॥ ਸੁਨਿ ਕਰਿ ਬਚਨ ਦਯਾਲ ਕੇ ਚਰਨ ਨਿਵਾਯੋਸੀਸ।ਆਗ੍ਰੈ ਕੋਪਯਾਨਾ ਕਰਯੋਜਾਨਿ ਗੁਰੂ ਜਗਦੀਸ਼॥੭੧॥ਚੌਪਈ॥ ਗੁਇੰਦਵਾਲ ਤੇ ਚਲੇ ਗੁਸਾਈਂ। ਮੋਹਨ ਮੁਹਰੀ ਬਿਦਾ ਕਰਾਈ। ਅਪਨ ਪਰੀ[4] ਮਹਿਂ ਆਨਿ ਬਸਾਏ।ਜਿਨ ਸਿੱਖਨ ਕੋ ਨਾਮ ਦ੍ਰਿੜ੍ਹਾਏ*॥੭੨॥ਦੋਹਰਾ॥

---

[1](ਉਹ ਸਿੱਖ, ਹੋਰਨਾਂ ਦੀ ਕੱਲਯਾਨ ਕਰਦਾ ਹੈ। [2]ਗੌਰਵਤਾ ਵਾਲੇ । [3]ਆਗਰਾ ਸ਼ਹਿਰ।
[4]ਭਾਵ ਰਾਮਦਾਸ ਪੁਰੇ। *ਇਹ ਚੌਪਈ (੭੨ ਵੀਂ) ਦੋ ਲਿਖਤੀ ਨੁਸਖਿਆਂ ਵਿਚ ਨਹੀਂ ਹੈ ਤੇ ਇਹ ਪ੍ਰਕਰਣ ਵਿਰੁਧ ਬੀ ਹੈ, ਕਿਉਂਕਿ ਸਤਿਗੁਰੂ ਜੀ ਅਜੇ ਗੋਇੰਦਵਾਲ ਹੀ ਠਹਿਰੇ ਹੋਏ ਹਨ। ਦੇਖੋ ਇਸੇ ਰਾਸ ਦਾ ਅੰਸੂ ੧੫ ਅੰਕ ੧੫ ਤਥਾ ਅੰਸੂ ੧੬ ਅੰਕ ੨੩।

ਏਕ ਦਿਨਾ ਸ੍ਰੀ ਚੰਦ ਜੀ ਮਨ ਮਹਿਂ ਕਰਤਿ ਬਿਚਾਰ।–ਰਾਮਦਾਸੁ ਅਬਿ ਗੁਰ ਭੁਏ ਹਮ ਸੋਂ ਕੈਸੇ ਪਯਾਰ?–॥ ੭੩॥ ਚੌਪਈ॥ਐਸੇ ਮਨ ਮਹਿਂ ਕਰਤਿ ਬਿਚਾਰੀ॥ਚਲੇ ਗੁਦੜੀਏ[1]ਕਰਿ ਅਸਵਾਰੀ। ਸੁਨਿਕੈ ਰਾਮਦਾਸ ਗੁਰ ਪੂਰੇ। ਤੂਰਨ ਚਲੇ ਪ੍ਰੇਮ ਭਰਪੂਰੇ॥੭੪॥ਹਾਥ ਜੋਰਿ ਕਰਿ ਕਰੀ ਪ੍ਰਨਾਮੂ॥ਆਨੇ ਘਰ ਮਹਿਂ ਬਿਨੈ ਬਖਾਨੂ॥ਏਕ ਸੁ ਹਯ ਪੰਜ ਸ਼ਤ ਰੁਪੱਯਾ[2]।ਦੀਨਿ ਭੇਟ ਬਹੁ ਸੇਵ ਕਮੱਯਾ॥੭੫॥ਏਕ ਜਾਮ*ਦਿਨ ਜਬੈ†ਰਹਾਇਓ॥ਆਇ ਰਬਾਬੀ ਕਿਰਤਨ ਗਾਇਓ। ਉਚਸਥਾਨ ਸ੍ਰੀਚੰਦ ਬਿਠਾਏ। ਆਪ ਨਿੰਮ੍ਰਿ ਕਰਿ ਤਰੇ ਤਕਾਏ ॥ ੭੬ ॥ ਸਿਰੀਚੰਦ ਬੋਲੇ ਤਤਕਾਲੂ। ਕਰਤਿ ਪਰਖਣਾ ਪ੍ਰੇਮ ਦਿਆਲੂ। 'ਇਤਨਾ ਦਾੜ੍ਹਾ ਕੈਸ ਬਧਾਯੋ?'।ਸੁਨਿਕੈ ਸਤਿਗੁਰ ਭੇ ਨਿੰਮ੍ਰਾਯੋ[3] ॥ ੭੭ ॥ ਦੋਹਰਾ॥ਚਰਨ ਗਹੇ ਕਰਿ ਪ੍ਰੇਮ ਸੋਂ ਪੋਂਛਹਿਂ ਬਾਰੰਬਾਰ।'ਇਸਹੀ ਹੇਤੁ ਵਧਾਤਿ ਭੇ, ਸੁਨੀਏ ਗੁਰ ਸੁਤ ਦਾਰ!'॥੭੮॥ਦੇਖਿ ਨਿੰਮ੍ਰਤਾ ਗੁਰੂ ਕੀ ਸ੍ਰੀਚੰਦ ਭਏ ਪ੍ਰਸੰਨ।'ਅੰਗਦ ਲੀਨੀ[4]‡ ਸੇਵ ਕਰਿ ਤੁਮਰੋ ਪ੍ਰੇਮ ਅਨੰਨ ॥ ੭੯ ॥ ਤੁਮਰੀ ਮਹਿਮਾ ਅਧਿਕ ਹੈ ਕਹੀਏ ਕਾਹਿ ਬਨਾਇ। ਤੁਮਰੇ ਸਰ ਮੈਂ ਜੋ ਮਜਹਿ ਪਾਪੀ ਭੀ ਗਤਿ ਪਾਇ' ॥ ੮੦ ॥ ਐਸੇ ਬਰ ਦੇ ਚਲਤਿ ਭੇ ਜਹਿਂ ਪੁਰਿ ਸ੍ਰੀ ਕਰਤਾਰ। ਅਪਨ ਥਾਨ ਸ੍ਰੀ ਪ੍ਰਭੁ ਅਏ§ਪਤਿਤ ਉਧਾਰਨ ਹਾਰ॥ ੮੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤੀਯ ਰਾਸੇ ਸ੍ਰੀ ਚੰਦ ਮਿਲਾਪ¶ ਪ੍ਰਸੰਗ ਬਰਨਨੰ ਨਾਮ ਚਤੁਰ ਦਸ਼ਮੋ ਅੰਸੂ ॥ ੧੪ ॥

## ੧੫. [ਭਾਈ ਸੈਹਾਰੀ ਜੀ ਲਾਹੌਰੋਂ ਆਏ]।

ਦੋਹਰਾ॥ ਸਤਿਗੁਰ ਸਰਬ ਅਤੀਤ ਨਿਤਿ ਕਰਮਨ ਤੇ ਨਿਰਲੇਪ। ਮਾਯਾ ਕੇ ਦੁਖ ਸੁਖ ਜਿਤੇ ਕਰਿ ਨਹਿਂ ਸਕਹਿਂ ਵਿਖੇਪ[5] ॥੧॥ ਚੌਪਈ ॥ ਪੁਨ ਸਤਿਗੁਰ ਬੈਠੇ ਦਿਨ ਏਕ।ਸਿਖ ਚਹੁੰਦਿਸ਼ ਜੋ ਰਹਤਿ ਬਿਬੇਕ। ਸੁਨਿਬੇ ਕੇ ਅਭਿਲਾਖਾਵਾਨ। ਗੁਰਕੇ ਬਾਕ ਦੇਤਿ ਕੱਲਯਾਨ ॥ ੨ ॥ 'ਸੁਨਹੁ ਸਿੱਖ ਤੁਮ ਮੋਕਹੁ ਪਯਾਰੇ। ਮਾਨੁਖ ਜਨਮ ਦੁਲਭ ਕੋ ਧਾਰੇ। ਹਰਿ ਸਿਮਰਨ ਬਿਨ ਬ੍ਰਿਥਾ ਨ ਖੋਵਹੁ॥ਨਰਕ ਸੁਰਗ ਨਹਿਂ ਪੁਨ ਪੁਨ ਜੋਵਹੁ॥੩॥ਹਰਟ ਟਿੰਡ ਜਯੋਂ ਆਵਨ

[1]ਸੇਵਕ ਦਾ ਨਾਮ। [2]ਇਕ ਘੋੜਾ ਤੇ ਪੰਜ ਸੈ ਰੁਪੱਯਾ। [3]ਨਿੰਮ੍ਰਤਾ ਵਾਲੇ ਹੋਏ। [4]ਗੁਰਿਆਈ ਲੀਤੀ। [5]ਮਨ ਦਾ ਖਿੰਡਾਉ। *ਪਾ–ਪਹਿਰ। †ਪਾਃ–ਆਨ, ਆਇ। ‡ਇੱਥੇ ਸ੍ਰੀ ਚੰਦ ਜੀ ਆਪ ਮੰਨ ਰਹੇ ਹਨ ਕਿ ਗੱਦੀ ਸ੍ਰੀ ਅੰਗਦ ਜੀ ਨੇ ਲੀਤੀ, ਭਾਵ ਅਸੀਂ ਗੱਦੀਓਂ ਵਿਰਵੇ ਰਹੇ। ਗੁਰੂ ਜੀ ਦੀ ਨਿੰਮ੍ਰਤਾ ਲਈ ਦੇਖੋ ਅਗਲੇ ਅੰਸੂ ਦਾ ਅੰਕ ੧੭।ਸ੍ਰੀ ਬਾਬਾ ਸ੍ਰੀਚੰਦਜੀ ਆਪ ਚੱਲਕੇ ਗੁਰੂ ਜੀ ਨੂੰ ਮਿਲਣ ਆਏ ਹਨ, ਘਰ ਆਏ ਗੁਰੂ ਸੁਤ ਦਾ ਸਤਿਕਾਰ ਜੋ ਗੁਰੂ ਰਾਮ ਦਾਸ ਜੀ ਨੇ ਕੀਤਾ ਹੈ ਉਨ੍ਹਾਂ ਦੇ ਉੱਚੇ ਤੇ ਅਮਿੱਤ ਸ੍ਰੇਸ਼ਟਾਚਾਰ ਦਾ ਲਖਾਯਕ ਹੈ।

§ਪਾਃ–ਰਾਮਦਾਸ ਸ੍ਰੀ ਸਤਿਗੁਰੂ। ¶ਪਾਃ–ਹਿੰਦਾਲ, ਭਾਈ ਗੁਰਦਾਸ, ਸ੍ਰੀ ਚੰਦ ਮਿਲਾਪ।

ਜਾਨ॥ਉਚ ਨੀਚ ਬਲ ਕਰਨ ਪਧਾਨ॥ ਸੱਤਿਨਾਮ ਤੁਮ ਰਦੈ ਬਸਾਵਹੁ॥ ਮਨ ਕੇ ਸਕਲ ਬਿਕਾਰ ਨਸਾਵਹੁ ॥ ੪ ॥ ਰਮਹੁ[1] ਪ੍ਰੇਮ ਧਰਿ ਗੁਰ ਉਪਦੇਸ਼। ਕਾਟਹੁ ਬਿਕਟ ਕਪਾਟ ਕਲੇਸ਼[2]। ਹਿਤ ਰਹਿਨੀ ਕੇ ਸਿੱਖਜਨ ਲੋਕ[3]। ਸਤਿਗੁਰ ਉਚਰਯੋ ਰੁਚਿਰ ਸ਼ਲੋਕ ॥੫॥ ਮਃ ੪ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥

ਚੌਪਈ॥ਸ਼੍ਰੀਗੁਰ ਮੁਖ ਤੇ ਸੁਨਿ ਉਪਦੇਸ਼॥ਧਰਤਿ ਭਏ ਜਿਨਿ ਭਾਗ ਵਿਸ਼ੇਸ਼॥ ਸੰਗਤਿ ਕੇ ਮਨੁ ਚਾਮੀਕਰ[3] ਹੈਂ। ਗੁਰ ਉਪਦੇਸ਼ੁ ਰਤਨ ਸਮਸਰ ਹੈਂ ॥ ੬ ॥ ਅਸ ਭੂਖਨ ਜੁਗ ਲੋਕ ਸੁਹਾਵਤਿ॥ਜਹਾਂ ਕਹਾਂ ਆਦਰ ਕੋ ਪਾਵਤਿ॥ਸਿੱਖਨ ਕੇ ਉਰ ਸਰ ਸਮਸਰ ਹੈ॥ਗੁਰ ਉਪਦੇਸ਼ੁ ਬਿਮਲ ਜਲ ਭਰਿ ਹੈ॥੭॥ ਤਿਸੁ ਅਨੁਸਾਰ ਕ੍ਰਿਤ ਜੋ ਕਰਨੀ॥ਅਰਬਿੰਦਨ ਕੀ ਬਨੀ ਸੁ ਬਰਨੀ[4]॥ਮਨ ਸਿੱਖਨ ਕੇ ਧਾਤੁ ਸਮਾਨ॥ ਪਾਰਸੁ ਗੁਰ ਉਪਦੇਸ਼ ਮਹਾਂਨ ॥ ੮ ॥ ਕੰਚਨ ਹੋਇ ਮਹਾਂ ਛਬਿ ਧਾਰੀ॥ਸਹੈ ਕਸੌਟੀ ਸਭਿ ਮਲ ਹਾਰੀ[5]॥ਬਾਵਨ ਚੰਦਨ ਗੁਰ ਉਪਦੇਸ਼॥ ਜਨ ਮਨ ਤਰੁ ਬਨ ਗੰਧਿ ਵਿਸੇਸ਼[6]॥੯॥ਗੁਰ ਘਨ ਤੇ ਬਚ ਬੂੰਦਨ[7] ਪਾਏ॥ ਚਾਤ੍ਰਿਕ ਸਿਖ[8] ਸੁਨ ਪੀ ਤ੍ਰਿਪਤਾਏ॥ ਕਿਨਹੂੰ ਸਿੱਧਾਂ ਲਈ ਅਠਾਰਹਿ। ਕੋ ਆਤਮ ਕੋ ਰੂਪ ਬਿਚਾਰਹਿਂ ॥੧੦॥ ਕੋ ਪ੍ਰਭੁ ਸਿਮਰਨ ਕੇ ਅਨੁਰਾਗੀ। ਕੋ ਦਰਸ਼ਨ ਹਰਿ ਚਹਿਂ ਬਡਭਾਗੀ॥ਬਿਸ਼ਦ ਵਿਰਾਗ ਕਿਨਹੂੰ ਕੇ ਹੋਵਾ॥ਕਿਨਹੂੰ ਸੁਖ ਨਿਜ ਅੰਤਰ ਜੋਵਾ ॥੧੧॥ ਭਰਮ ਮੋਹ ਸੰਸੈ ਤ੍ਰੈ ਤਾਪੂ॥ਸਭਿ ਸੰਗਤ ਕੇ ਖਾਪਿ ਕਲਾਪੂ। ਕਰਹਿਂ ਸਭਿਨਿ*ਪਰ ਕ੍ਰਿਪਾ ਕ੍ਰਿਪਾਲ॥ਬੰਧਨ ਕਾਟਿ ਦਏ ਤਤਕਾਲ ॥੧੨॥ ਇਕ ਦਿਨ ਬੈਠੇ ਸਤਿਗੁਰ ਸਭਾ। ਜਨੁ ਮੁਨਿ ਗਨ ਸੋਂ

[1]ਉਚਾਰੋ। [2]ਸਿੱਖਾਂ ਲੋਕਾਂ ਦੀ ਰਹਿਣੀ ਵਾਸਤੇ। [3]ਸੋਨਾਂ। [4]ਕਵਲਾਂ ਦੀ ਬਗੀਚੀ ਕਥਨ ਕੀਤੀ ਹੈ। [5](ਮਨ ਦੀ) ਸਾਰੀ ਮੈਲ ਨੂੰ ਦੂਰ ਕਰਨਾਂ ਇਹ ਕਸਵਟੀ ਸਹਾਰਨਾਂ ਹੈ। [6]ਦਾਸਾਂ ਦਾ ਮਨ ਬ੍ਰਿਛਾਂ ਦਾ ਬਨ (ਹੈ ਜੋ ਗੁਰੂ ਉਪਦੇਸ਼ ਨਾਲ) ਬਹੁਤੀ ਸੁਗੰਧੀ ਵਾਲਾ ( ਹੋ ਜਾਂਦਾ ਹੈ )। [7]ਬਚਨਾਂ (ਰੂਪੀ) ਕਣੀਆਂ। [8]ਬੰਬੀਹੇ ਵਤ ਸਿੱਖ। *ਪਾਃ-ਸਭਿ ਸੰਗਤਿ।

ਸ਼ਿਵ ਕੀ ਪੂਜਾ। ਲਵਪੁਰਿ ਬਿਖੈ ਨਾਮ ਸੈਂਹਾਰੀ[1]। ਕੁਲ ਸੋਢੀ ਸੁਭ ਕਰਤਿ ਅਚਾਰੀ॥੧੩॥ ਰਾਮਦਾਸ ਸਤਿਗੁਰ ਕੋ ਤਾਯਾ। ਤਿਸ ਕੋ ਸੁਤ ਗੁਨ ਸਹਤ ਸੁਹਾਯਾ। ਸਕਟ ਅਰੂੜ ਹੋਇ ਕਰਿ ਆਯਹੁ। ਚਤੁਰ ਦਾਸ ਅਪੁਨੇ ਸੰਗ ਲਯਾਯਹੁ ॥੧੪॥ ਗੋਇੰਦਵਾਲ ਸੁ ਉਤਰਨੋ ਆਈ। ਗਯੋ ਗੁਰੂ ਢਿਗ ਲੇ ਮਿਠਿਆਈ।ਹਾਥ ਜੋਰਿ ਬੰਦਨ ਚਹਿ ਕਰਨੋ। ਰਾਮਦਾਸੁ ਸਤਿਗੁਰੂ ਨਿਹਰਨੋ ॥ ੧੫ ॥ ਇਕ ਤੌ ਲਖਯੋ ਬਡੋ ਇਹੁ ਭ੍ਰਾਤਾ। ਕਰਮੁ ਕਰਤਿ ਸੁਭ, ਦੁਤੀਏ ਜ੍ਞਾਤਾ। ਤ੍ਰਿਤੀਏ ਤਾਏ ਕੋ ਸੁਤ ਆਹਿ। ਹਮ ਢਿਗ ਆਯਹੁ ਚਾਹ ਉਮਾਹ[2] ॥੧੬॥ ਯਾਂਤੇ ਤਿਹ ਕੇ ਕਰ ਨਿਰਵਾਰੇ[3]। ਆਪ ਚਰਨ ਪਰ ਬੰਦਨ ਧਾਰੇ। ਇਮਿ ਬਿਲੋਕ ਕੈ ਨੰਮ੍ਰਿ ਅਗਾਰੀ। ਬਿਸਮੈ ਹੋਇ ਕਹਤਿ ਸੈਂਹਾਰੀ॥ ੧੭ ॥ 'ਅਸਮੰਜਸੁ ਨਹਿਂ ਕਰਹੁ ਗੁਸਾਈਂ। ਅਬਿ ਤੁਮ ਕੋ ਹਮ ਲਖਹਿਂ ਨ ਭਾਈ। ਸਤਿਗੁਰ ਅਮਰਦਾਸੁ ਕਰਿ ਸੰਗ। ਜਗ ਗੁਰ ਬਨਿ ਪਦ ਲਹਨੋ ਉਤੰਗ ॥ ੧੮ ॥ ਮਾਨਨੀਯ ਭੇ ਨਰਨ ਹਜ਼ਾਰਨਿ। ਸਰਬ ਸ਼ਕਤਿ ਯੁਤਿ ਕਰਤਿ ਉਧਾਰਨ।ਹਮ ਸੰਸਾਰੀ ਪਚੀ ਕੁਟੰਬ[4]। ਕਬਹੁੰ ਨ ਲੇਂ ਹਰਿ ਨਾਮ ਅਲੰਬ' ॥੧੯॥ਪੁਨ ਸ੍ਰੀ ਰਾਮਦਾਸ ਜੀ ਕਹੈਂ। 'ਬਡੋ ਭ੍ਰਾਤ ਕੋ ਪਦ ਤੁਮ ਅਹੈ। ਅਰੁ ਪਿਤ ਬਡੋ ਭ੍ਰਾਤ ਕੋ[5]ਨੰਦਨ।ਯਾਂ ਤੇ ਉਚਿਤ ਹਮਹੁਂ ਕੋ ਬੰਦਨ'॥੨੦॥ ਇਮ ਦੁਇ ਦਿਸ਼ ਤੇ ਕਹਿ ਤਿਹ ਸਮੇ। ਕਰੀ ਸ ਪ੍ਰੀਤਿ ਪਰਸਪਰ ਨਮੇ। ਬੈਠੇ ਕੁਸ਼ਲ ਪ੍ਰਸ਼ਨ ਕਰਿ ਆਛੇ।ਦੇਖਿ ਮਿਠਾਈ ਦਿਸ਼ ਗੁਰ ਪਾਛੇ॥੨੧॥'ਕਾਰਨ ਕਵਨ ਆਪ ਆਗਵਨੂ?। ਤਜਿਕੈ ਕ੍ਰਿੱਤਿ ਸਕਲ ਨਿਜ ਭਵਨੂ'। ਤਬਿ ਕਰ ਜੋਰਿ ਕਹਤਿ ਸੈਂਹਾਰੀ। 'ਤੁਮ ਸੋਢੀ ਕੁਲ ਮਹਿਂ ਉਜਿਆਰੀ॥੨੨॥ਜਗ ਮਹਿਂ ਪ੍ਰਗਟ ਭਈ ਬਡਿਆਈ। ਸੋ ਮੈਂ ਕਹਿਂ ਲਗ ਕਹੌਂ ਸੁਨਾਈ। ਅਬਿ ਤੁਮਰੇ ਭਤੀਜ ਕੋ ਬਨਾਹੁ।ਕਰਨ ਅਛੇਰੋ ਮੈਂ ਚਿਤ ਚਾਹੂ॥੨੩॥ਸੋ ਆਛੇ ਤੁਮ ਬਿਨ ਨਹਿਂ ਬਨੈ।ਇਮ ਆਯਹੁ ਮੈਂ ਠਟਿ ਕਰਿ ਮਨੈ।ਸਭਿ ਮਹਿਂ ਆਪ ਹੋਇ ਸਿਰਮੌਰ। ਕਰਹੁ ਬਨਾਹੁ ਚਲਿਕੈ ਤਿਸ ਠੌਰ'॥ ੨੪ ॥ ਸੁਨਿ ਸ੍ਰੀ ਰਾਮਦਾਸੁ ਸਨਮਾਨਾ। ਡੇਰੋ ਦਿਯ ਕਰਾਇ ਸੁਭ ਥਾਨਾ। ਖਾਨ ਪਾਨ ਕੀ ਸੁਧਿ ਸਭਿ ਲੀਨਸਿ। ਨਿਸ ਸੁਪਤਨ ਹਿਤ ਸਿਹਜਾ ਦੀਨਸਿ ॥੨੫॥ ਸਤਿਗੁਰ ਰਿਦੈ ਬ੍ਰਿਤੰਤੁ ਬਿਚਾਰਾ।-ਤਿਹ ਠਾਂ ਜਾਨਿ ਨ ਬਨੈ ਹਮਾਰਾ। ਅਨਗਨ ਸੰਗਤਿ

[1]ਸ੍ਰੀ ਗੁਰੂ ਰਾਮਦਾਸ ਜੀ ਦਾ ਤਾਏ ਦਾ ਪੁਤ੍ਰ। [2]ਉਤਸਾਹ ਚਾਹ ਕੇ। [3]ਹੱਥ ਪਰੇ ਕੀਤੇ। [4]ਕੁਟੰਬ ਵਿਚ ਖੱਚਤ। [5]ਪਿਤਾ ਜੀ ਦੇ ਵੱਡੇ ਭਰਾ (ਤਾਏ ਜੀ) ਦੇ।

ਨਿਤਿਪ੍ਰਤਿ ਆਵੈ। ਅਚਹਿ ਦੇਗ, ਰਹਿ, ਬਹੁਰ ਸਿਧਾਵੈ-॥ ੨੬ ॥ ਇਮਿ ਚਿਤਵਤਿ ਸਤਿਗੁਰ ਨਿਸ਼ ਸੋਏ। ਜਾਗੇ ਬਹੁਰ ਪ੍ਰਾਤਿ ਜਬਿ ਹੋਏ। ਆਦਿ ਸ਼ਨਾਨਕ੍ਰਿਆ ਕਰਿ ਸਾਰੀ।ਬੈਠਯੋਗੁਰ ਢਿਗ ਆਨਿ ਸੰਹਾਰੀ॥੨੭॥ਹਾਥ ਜੋਰ ਕਰਿ ਕੀਨਸਿ ਬਿਨਤੀ। 'ਹੁਜੋ ਤਯਾਰ ਆਪ ਤਜਿ ਗਿਨਤੀ। ਇਸ ਹਿਤ ਕਰਿ ਨਹਿ ਅਪਰ ਪਠਾਵਾ। ਬਹੁ ਕਾਰਜ ਤਜਿ ਕਰਿ ਮੈਂ ਆਵਾ॥੨੮॥ ਯਾਂ ਤੇ ਮੇਰੋ ਪ੍ਰੇਮ ਬਿਚਾਰੋ। ਕਰਹੁ ਭਤੀਜੇ ਕੋ ਇਹੁ ਪਯਾਰੋ। ਤੁਮਰੇ ਚਰਨ ਪਰਹਿੰ ਘਰ ਮੇਰੇ। ਬਡਿਆਈ ਜਗ ਹੋਇ ਬਡੇਰੇ॥੨੯॥ਸਭਿ ਬਿਧਿ ਕਾਰਜ ਸਰਹਿ ਹਮਾਰੋ। ਦਰਸ਼ਨ ਮੰਗਲ ਰੂਪ ਤੁਮਾਰੋ। ਹੋਹਿ ਨ ਬਿਘਨ, ਬਨਹੁ ਰਖਵਾਰੋ।ਮਮ ਸੁਤ ਨਿਜ ਸੁਤ ਸਮ ਨਿਰਧਾਰੋ' ॥੩੦॥ਸੁਨੇ ਭ੍ਰਾਤ ਕੇ ਬਾਕ ਕ੍ਰਿਪਾਲਾ। ਭਰੇ ਸਨੇਹ ਅਛੇਹ ਬਿਸਾਲਾ। ਤਿਹ ਸਨਮਾਨ ਰਾਖਿਬੇ ਹੇਤਾ। ਮ੍ਰਿਦੁਲ ਕਹਯੋ ਸੋਢੀ ਕੁਲਕੇਤਾ॥੩੧॥ 'ਜਥਾ ਜੋਗ ਤੁਮ ਭਾਖਤਿ ਭ੍ਰਾਤਾ। ਤਊ ਸੁਨਹੁ ਹਮਰੋ ਬਿਰਤਾਂਤਾ। ਦੇਸ਼ ਬਿਦੇਸ਼ਨਿ ਸੰਗਤਿ ਆਵਹਿ। ਨਿਤ ਪ੍ਰਤਿ ਨਈ ਦਰਸ ਕਰਿ ਜਾਵਹਿ॥੩੨॥ਗੁਰ ਸਿੱਖਯਨ ਕੋ ਹੁਇ ਅਪਮਾਨਾ। ਇਤੀ ਨ ਮੋ ਮਹਿੰ ਸ਼ਕਤਿ ਮਹਾਨਾਂ। ਸਤਿਗੁਰ ਪਗ ਪੰਕਜ ਕੇ ਪ੍ਰੇਮੀ। ਜਿਨ ਕੋ ਦਰਸ਼ਨ ਨਿਤ ਸੁਖ ਛੇਮੀ[1] ॥੩੩॥ ਬਰ ਅਰੁ ਸ੍ਰਾਪ ਸਫਲ ਜਿਨ ਕੇਰੇ। ਤਿਨਹੁ ਪ੍ਰਸੰਨ ਕਰਨ ਇਛ ਮੇਰੇ। ਭੱਲਯਨ ਕੁਲ ਭੂਖਨ ਕੇ ਦਾਸ[2]। ਤਿਨ ਐਬੇ ਕਬਿ ਹੁਇ ਨ ਨਿਰਾਸੁ॥੩੪॥ ਗਏ ਸੌਂਪ ਗੁਰ ਸੰਗਤਿ ਸਾਰੀ। ਗਮਨਹਿ ਅਬਿ,ਅਨਬਨੀ ਬਿਚਾਰੀ।ਭੀਰ ਹਜ਼ਾਰਹੁ ਨਰ ਕੀ ਰਹੈ। ਸਭਿ ਕੋ ਖਰਚ ਕਹਾਂ ਨਿਰਬਹੈਂ ॥੩੫॥ ਜਬਿ ਬਰਾਤ ਪਹੁੰਚੇ ਤਹਿੰ ਜਾਇ। ਸੰਗਤਿ ਮੇਲ ਹੋਹਿ ਸਮੁਦਾਇ।ਕਿਮਿ ਸਮਧੀ[3]ਸਭਿ ਕਰਹਿੰ ਸੰਭਾਰੀ। ਇੱਤਯਾਦਿਕ ਲਿਹੁ ਹੇਤ ਬਿਚਾਰੀ' ॥੩੬॥ ਜਥਾ ਜੋਗ ਸੁਨਿ ਬਚ ਸੰਹਾਰੀ। ਬਿਨੈ ਸਨੀ[4] ਪੁਨ ਗਿਰਾ ਉਚਾਰੀ।'ਉਚਿਤ ਆਪ ਸਭਿ ਮੋਹਿ ਸੁਨਾਈ। ਅਬਿਤੀ ਸੰਗਤਿ ਹੈ ਸਮੁਦਾਈ॥੩੭॥ ਅਨਗਨ ਆਇ ਭੀਰ ਬਡ ਹੋਈ। ਪੁਨ ਗ੍ਰਾਮਨਿ ਕੇ ਸਿਖ ਸਭਿ ਕੋਈ। ਤਹਾਂ ਗਏ ਸਮਧੀ ਹਠਿ ਧਰੈਂ। ਭੋਜਨ ਸਭਿ ਕੋ ਨਿਜ ਘਰ ਕਰੈਂ॥੩੮॥ ਸ਼ਕਤਿ ਨ ਏਤੀ,ਹੁਹਿੰ ਕਰਜ਼ਾਈ[5]। ਹੈ ਅਨਬਨ ਮੈਂ ਭੀ ਲਖਿ ਪਾਈ।ਤਊ ਆਪ ਮਮ ਆਵਨ ਜਾਨਹੁ। ਕਰਹੁ ਸਫਲ ਬਿਨਤੀ ਇਮ*

[1]ਕੱਲਯਾਨ ਕਰਨ ਵਾਲਾ ਹੈ। [2]ਭਾਵ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਸਿੱਖ ਹਨ। [3]ਕੁੜਮ। [4]ਬੇਨਤੀ ਵਾਲੀ। [5]ਕਰਜ਼ਾਈ ਹੋ ਜਾਣਗੇ (ਕੁੜਮ)। *ਪਾਃ—ਕਰਿ ਜਾਈ।

ਮਾਨਹੁ॥੩੯॥ ਅਪਨੇ ਪੁੱਤ੍ਰ ਪਠਹੁ ਮਮ ਸੰਗ।ਹੋਵਹਿ ਸ਼ੁਭ ਕਾਰਜ ਸਰਬੰਗ। ਮਮ ਅਰਜ਼ੀ ਤੁਮ ਮਰਜ਼ੀ ਅੰਤਰ।ਰਾਵਰਿ ਗਰਜ਼ੀ[1] 'ਰਹੌਂ ਨਿਰੰਤਰ'॥੪੦॥ ਸੁਨਿ ਸ੍ਰੀ ਰਾਮਦਾਸ ਸੁਖਰਾਸੀ। ਪ੍ਰਿਥੀਆ ਪੁੱਤ੍ਰ ਬੁਲਾਇਵ ਪਾਸੀ। ਨਿਜ ਬੰਧੁਨਿ ਕੀ ਰੀਤਿ ਸੁਨਾਈ।'ਸ਼ਾਦੀ ਬਿਖੈ ਮਿਲਹਿਂ ਸਮੁਦਾਈ॥੪੧॥ਹਮਰੇ ਤਾਊ ਕੋ ਇਹੁ ਨੰਦਨ। ਬਡੋ ਸਥਾਨ ਉਚਿਤ ਹੈ ਬੰਦਨ। ਸੁਤ ਕੋ ਬਯਾਹੁ ਰਚਯੋ, ਚਲਿ ਆਇਵ। ਤੁਝ ਕੋ ਉਚਿਤ ਸੰਗ ਇਹੁ ਜਾਇਵ॥੪੨॥ ਸੋਢੀ ਕੁਲ ਸਭਿ ਬੰਧੁ ਹਮਾਰੇ। ਮਿਲਹੁ ਤਹਾਂ ਜੋ ਜੋ ਹਿਤੁ ਧਾਰੇ। ਕੇਤਿਕ ਦਿਵਸ ਰਹੋ ਲਵਪੁਰਿ ਮੈਂ। ਆਵਹੁ ਪੁਨ ਇੱਛਾ ਜਬਿ ਉਰ ਮੈਂ॥੪੩॥ਅਪਨੀ ਧਰਮ-ਸਾਲ ਸੁਧਿ ਲੇਹੁ। ਜਥਾ ਜੋਗ ਸਭਿਹਿਨਿ ਕਹੁ ਦੇਹੁ'।ਪਿਤ ਤੇ ਸੁਨਿ ਪ੍ਰਥੀਏ ਮਨ ਜਾਨੀ। ਬਿਛੁਰਨਿ ਇਨ ਤੇ ਨੀਕ ਨ ਮਾਨੀ॥੪੪॥-ਰਹੇ ਸਮੀਪ ਪ੍ਰੇਮ ਬਿਰਧਾਵੈ। ਦੂਰ ਬਸੈਂ ਕਬਿਹੂੰ ਚਿਤ ਆਵੈ। ਰਹੈ ਸਹੋਦਰ ਪਿਤ ਕੇ ਪਾਸ।ਸੰਗਤਿ ਕੇ ਨਿਤ ਨਏ ਹੁਲਾਸ॥੪੫॥ਦਰਬ ਸੰਭਾਰਨਿ ਮੈਂ ਸਭਿ ਕਰਿਹੈਂ। ਕਿਤਿਕ ਪ੍ਰਿਥਕ ਕਰਿ[2] ਨਿਜ ਘਰ ਧਰਿਹੈਂ। ਅਬਿ ਲਗਿ ਮੈਂ ਮਾਲਕ ਸਭਿ ਭੇਟਨਿ[3]।ਆਵਹਿ ਨਿਤ ਸੋ ਕਰਹੁਂ ਸਮੇਟਨਿ-॥੪੬॥ਬਡੇ ਭ੍ਰਾਤ ਸੁਨਿ ਸੀਸ ਨਿਵਾਯਹੁ[4]। 'ਚਿਰ ਜੀਵਹੁ' ਆਸ਼ਿਖ ਕੋ ਪਾਯਹੁ। ਕਿਤਿਕ ਕਾਲ ਹੁਇ ਮੌਨ ਬਿਚਾਰੈ।-ਮਮ ਪਾਛੈ ਸਭਿ ਭ੍ਰਾਤ ਸੰਭਾਰੈ॥੪੭॥ਸਰਬ ਕਾਰ ਕੀ ਸੁਧਿ ਕੋ ਪਾਵਹਿ। ਸੰਚਹਿ ਦਰਬ ਪਿਤਾ ਮਨ ਭਾਵਹਿ।ਬਹੁਰੋ ਮੈਂ ਪਰ ਜਾਉਂ ਪਿਛਾਰੀ[5]।ਲਘੁ ਭ੍ਰਾਤਾ ਹੁਇ ਜਾਹਿਂ ਅਗਾਰੀ॥੪੮॥ ਧਨ ਗੁਰਤਾ ਆਦਿਕ ਮਹਿਂ ਸਾਰੇ।ਹੈ ਸੰਸਯ ਕੋ ਲਿਯ ਨ ਸੰਭਾਰੇ। ਗੁਰ ਘਰ ਮਹਿਂ ਨਿਸ਼ਚੈ ਨਹਿਂ ਕੋਈ।ਲੇਤਿ ਅਪਰ ਅਧਿਕਾਰ ਨ ਜੋਈ[6]॥੪੯॥ਸੇਵਾ ਹੇਰਤਿ ਹੋਹਿਂ ਪ੍ਰਸੰਨ। ਨਿਜ ਅਸਥਾਨ ਬਿਠਾਵਹਿਂ ਅੰਨ-।ਇੱਤਯਾਦਿਕ ਉਰ ਤਰਕ ਬਿਚਰਿਕੈ। ਸਗਰੀ ਜੁਗਤਾਜੁਗਤਿ[7] ਨਿਹਰਿਕੈ॥੫੦॥ ਗ੍ਰੀਵ ਨੀਵ ਕਰਿ ਰਹਯੋ ਬਿਚਾ-ਰਤਿ। ਪੁਨ ਸ੍ਰੀ ਗੁਰ ਪਿਤ ਸੰਗਿ ਉਚਾਰਤਿ। 'ਆਪ ਬਿਲੋਕਤਿ ਹੋ ਸਭਿ ਸਮੈ। ਰਹਤਿ ਕਾਜ ਜਿਸ ਬਿਧਿ ਕੇ ਹਮੈ॥ ੫੧ ॥ ਦੇਨਿ ਲੇਨਿ ਨਿਤਿ ਹੋਤਿ ਹਜ਼ਾਰਨਿ। ਇਕ ਆਵਤਿ ਇਕ ਕਰਤਿ ਪਧਾਰਨ। ਖਰਚ ਦੇਗ਼ ਕੋ ਸਦਾ

[1]ਚਾਹਵਾਨ। [2]ਵੱਖਰਾ ਕਰਕੇ। [3]ਸਾਰੀਆਂ ਭੇਟਾਂ ਦਾ। [4](ਪ੍ਰਥੀਏ ਨੇ ਸੋਢੀ ਜੀ ਨੂੰ) ਸੀਸ ਨਿਵਾਕੇ (ਮੱਥਾ ਟੇਕਿਆ)। [5]ਪਿੱਛੇ ਪੈ ਜਾਵਾਂਗਾ। [6]ਜਿਸਦਾ ਅਧਿਕਾਰ ਵੀ ਨਹੀਂ ਹੁੰਦਾ। [7]ਯੋਗ ਅਯੋਗ। ਵਾਜਬ ਨਾਵਾਜਬ [ਯੁਕ੍ਤਿ ਅਯੁਕ੍ਤਿ](ਅ) ਯੁਕਤੀ ਸਹਤ, ਵਾਜਬ,[ਸੰਸ; ਯੁਕ੍ਤਿਯੁਕ੍ਤ]।

ਸੰਭਾਰਤਿ । ਲੇ ਕਰਿ ਔਨ ਰਾਸ* ਕੋ ਡਾਰਤਿ ॥ ੫੨ ॥ ਕਿਸ ਛਿਨ ਮਮ ਅਵਕਾਸ਼[1] ਨ ਜਾਨੋ । ਕੈਸੇ ਬਨਹਿਂ ਤਹਾਂ ਮਮ ਜਾਨੋ?'। ਸਤਿਗੁਰ ਕਹ੍ਯੋ 'ਸੰਭਾਰਹਿ ਔਰ ।ਤੁਮ ਕੋ ਉਚਿਤ ਗਮਨ ਤਿਸ ਠੌਰ' ॥੫੩॥ 'ਪਿਤੁ ਜੀ ! ਤੁਮ ਹੋ ਵੇਪਰਵਾਹੂ । ਹਾਨ ਨ ਲਾਭ ਲਖਹੁ ਮਨ ਮਾਂਹੂ । ਮੁਝ ਤੇ ਜਾਯੋ ਜਾਇ ਨ ਤਹਾਂ।ਨਿਤਿ ਮਗ ਤਾਮਸ[2]†ਹੋਵਤਿ ਮਹਾਂ ॥੫੪॥ ਮਹਾਂ ਕੁਲਾਹਲ ਬੀਚ ਬਰਾਤ । ਮੋਹਿ ਸੁਹਾਇ ਨ ਰਹਿ ਚਿਤ ਸ਼ਾਂਤਿ'। ਪ੍ਰਿਥਕ ਸੁ ਪ੍ਰਿਥੀਆ ਪ੍ਰਿਥਮ ਸੁਨਾਈ[3]। ਨਹਿਂ ਮਾਨ੍ਯੋ ਪਿਤ ਬਾਕ ਟਲਾਈ ॥ ੫੫ ॥ ਸੁਤ ਚਿਤ ਕੀ ਸਭਿ ਜਾਨਿ ਖੁਟਾਈ । ਹੋਇ ਤੁਸ਼ਨਿ ਗੁਰੁ ਗੋਸਾਈਂ । ਪੁਨ ਲਘੁ ਨੰਦਨ ਤੀਰ ਹਕਾਰੇ । ਪਰਖਤਿ:ਕੋ[4] ਆਇਸੁ ਅਨੁਸਾਰੇ ॥੫੬॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸੰਹਾਰੀ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥ ੧੫ ॥

### ੧੬. [ਸ੍ਰੀ ਅਰਜਨ ਦੇਵ ਜੀ ਤਾਏ ਸੰਹਾਰੀ ਜੀ ਨਾਲ ਲਾਹੌਰ ਗਏ]।

ਦੋਹਰਾ ॥ ਦੋਨਹੁਂ ਪੁਤ੍ਰ ਸਮੀਪ ਪਿਤ ਆਨਿ ਬੰਦਨਾ ਕੀਨਿ।ਸੰਹਾਰੀ ਕੋ ਨਮੋ ਕਿਯ ਤਿਨ ਪਿਖਿ ਆਸ਼ਿਖ ਦੀਨ॥੧॥ਚੌਪਈ॥ਮਹਾਂਦੇਵ ਕੇ ਸੰਗ ਉਚਾਰਾ । 'ਜਾਹੁ ਬਜਾਹੁ ਪਿਖਿ ਭ੍ਰਾਤ ਤੁਮਾਰਾ । ਲਵਪੁਰਿ ਮਹਿਂ ਇਸਕੇ ਸੰਗ ਜਾਇ। ਮਿਲੋ ਤਹਾਂ ਬੰਧੁ ਸਮੁਦਾਇ'॥੨॥ਸੁਨਿ ਕਰਿ ਬੋਲ੍ਯੋ ਮਸਤ ਸੁਭਾਊ।'ਕੋ[4]ਬੰਧੂ ਕਿਸ ਕੋ?ਕਿਤ ਜਾਊਂ?। ਨਹਿਂ ਮੇਰੀ ਕਿਸ ਸਾਥ ਚਿਨਾਰੀ। ਨਹਿਂ ਚਾਹੌਂ ਮੈਂ ਕਰਨ ਅਗਾਰੀ॥੩॥ਕ੍ਯਾ ਸਨਬੰਧੁਨਿ ਕੀ[5]ਗਤਿ ਅਹੈ?। ਅਪਨੋ ਹਿਤ ਸਭਿ ਹੇਰਤਿ ਰਹੈਂ । ਦਰਬ ਹੀਨ ਪਿਖਿ ਹੋਹਿਂ ਨ ਨੇਰੇ । ਧਨੀ ਪੁਰਸ਼ ਕੇ ਬਨਹਿਂ ਘਨੇਰੇ॥੪॥ਮੋ ਤੇ ਨਹਿਂ ਤਹਿਂ ਜਾਯਹੁ ਜਾਇ। ਆਵਨ ਜਾਵਨ ਸ਼੍ਰਮਕੋਪਾਇ' ।ਇਮ ਕਹਿ ਮੌਨ ਰਹ੍ਯੋ ਤਿਸ ਕਾਲ। ਜੁਗਮ ਪੁਤ੍ਰ ਇਮ ਹੇਰਿ ਕ੍ਰਿਪਾਲ॥੫॥ -ਨਹਿਂ ਆਗਯਾ ਕੋ ਮਾਨਹਿਂ ਮੇਰੀ । ਜਾਨਤਿ ਅਪੁਨੀ ਸੁਮਤਿ ਬਡੇਰੀ-। ਤਬਿ ਸ਼੍ਰੀ ਅਰਜਨ ਕੀ ਦਿਸ਼ ਦੇਖਾ।ਜਿਨ ਕੋ ਮ੍ਰਿਦੁਲ ਸੁਸ਼ੀਲ ਵਿਸ਼ੇਖਾ॥੬॥ ਪਿਤ ਕੇ ਸਨਮੁਖ ਪਿਖਹਿਂ ਨ ਸੋਇ । ਪ੍ਰਤਿ ਉੱਤਰ ਕਹਿਬੋ ਕਿਮਿ ਹੋਇ । ਕਰ ਜੋਰੇ ਥਿਰ ਨੰਮ੍ਰਿ ਅਗਾਰੀ।'ਸੁਤ ਅਰਜਨ! ਬਨਿ ਆਇਸੁਕਾਰੀ[6]॥੭॥ ਨਿਜ ਤਾਊ ਕੇ ਸੰਗ ਸਿਧਾਵਹੁ । ਭ੍ਰਾਤ ਬਜਾਹੁ ਮਹਿਂ ਮਿਲਿ ਹਰਖਾਵਹੁ । ਬੰਧੁਨਿ ਕੀ[5] ਪੰਕਤਿ ਮਹਿਂ ਜਾਇ।ਉਤਸਵ ਪਿਖਹੁ ਹੋਹਿ ਜਿਸ ਭਾਇ ॥੮॥

[1]ਵੇਹਲ । [2]ਪੈਂਡੇ ਵਿਚ ਗਰਮੀ । [3](ਇਹ ਗਲ ਜੋ) ਪ੍ਰਿਥੀਏ ਨੇ ਸੁਣਾਈ (ਉਸਦੇ ਮਨ ਦੇ ਗੁਰੂ ਰਜ਼ਾ ਤੋਂ) ਵਖਰੇ ਹੋਣ ਦੀ ਪਹਿਲੀ ਗਲ ਸੀ । [4]ਕੌਣ ਹੈ । [5]ਸਾਕਾਂਦੀ । [6]ਆਗਯਾਕਾਰ ।

*ਪਾ:-ਰਸਦ । †ਪਾ:-ਮਗਤਾਸ਼੍ਰਮ ।

ਏਕ ਮਾਸੁ ਤੌ ਇਨ ਸੰਗ ਰਹੋ।ਪੁਨ ਧ੍ਰਮਸਾਲ ਆਪਨੀ ਬਹੋ।ਸਭਿਬਿਵਹਾਰ ਬਿਲੋਕਿ ਚਲਾਵਹੁ।ਸਭਿ ਸੰਗਤਿ ਸਤਿਨਾਮੁ ਜਪਾਵਹੁ॥੯॥ ਜਬਿ ਹਮ ਤੁਮ ਕਹੁਬੋਲਿ ਪਠਾਵਹਿਂ।ਲਿਖਹਿਂ ਪੱਤ੍ਰਿਕਾ ਪ੍ਰੇਮ ਬਢਾਵਹਿਂ।ਤਬਿ ਹਮਰੀ ਦਿਸ਼ ਆਵਨਿ ਕਰੌ।ਨਾਂਹਿ ਤ ਤਾਵਦ[1] ਤਿਸ ਪੁਰਿ ਥਿਰੌ'॥੧੦॥ ਪਿਤਾ ਗੁਰੂ ਤੇ ਸੁਨਿ ਕਰਿ ਮਾਨੇ। ਹਾਥ ਜੋਰ ਕਰਿ ਬਾਕ ਬਖਾਨੇ। 'ਇਹ ਤੋ ਸੁਗਮ ਕਾਜ ਮਹਿਂ ਮੋਹਿ[2]। ਪਠਹੁ ਆਪ ਜਹਿਂ ਆਨੰਦ ਹੋਹਿ ॥੧੧॥ ਜਹਿਂ ਜਾਵਨ ਮਹਿਂ ਜੀਵਨ ਸੰਸੈ।ਤਹਿਂ ਆਇਸੁ ਮੁਝ ਦੇਹੁ ਨਿਸੰਸੈ।ਦੇਰ ਨ ਕਰੋਂ ਪਿਤਾ ਜੀ ਉਹਾਂ। ਪ੍ਰਾਨ ਦੇਉਂ ਮੈਂ ਤੂਰਨ ਤਹਾਂ'॥੧੨॥ਕਹਿ ਸ਼੍ਰੀ ਅਰਜਨ ਸਰਲ ਸੁਭਾਊ।ਭਏ ਤਯਾਰ ਚਲਿਬੇ ਸੰਗ ਤਾਊ। ਜਨਨੀ ਭਾਨੀ ਢਿਗ ਤਬਿ ਗਏ। ਚਲਨ ਬ੍ਰਿਤਾਂਤ ਸਗਲ ਕਹਿ ਦਏ ॥੧੩॥ ਕਰਨੈ ਸਨੇਹ ਅੰਕ ਬੈਠਾਰੇ। ਮਸਤਕ ਸੂੰਘਤਿ ਭਾਗ ਉਦਾਰੇ।'ਸੁਨਹੁ ਪੁੱਤ੍ਰ ਪਿਤੁ ਆਇਸੁ ਕਰੋ।ਇਸ ਮਹਿਂ ਨਿਜ ਹਿਤ ਨਿਤਿ ਅਨੁਸਰੋ ॥ ੧੪ ॥ ਨਾਂਹਿ ਤ ਗੁਰਤਾ ਘਰ ਤੇ ਜਾਵਹਿ। ਸੇਵਾ ਕਰਹਿ ਦਾਸ ਕੋ ਪਾਵਹਿ। ਪ੍ਰਿਥੀਏ ਕੋ ਸੁਭਾਉ ਅਹੰਕਾਰੀ। ਨਹੀਂ ਰਹਤਿ ਪਿਤ ਕੇ ਅਨੁਸਾਰੀ ॥੧੫॥ ਮਹਾਂਦੇਵ ਕੋ ਮਸਤ ਸੁਭਾਉ। ਹਾਨ ਲਾਭ ਕੋ ਲਖੈ ਨ ਕਾਊ। ਇਕ ਤੇਰੇ ਪਰ ਮੋਹਿ ਭਰੋਸਾ। ਗੁਰਤਾ ਲੈਂ, ਗੁਨ ਜੁਕਤਿ ਅਦੋਸ਼ਾ ! ॥੧੬॥ ਹੇ ਸੁਤ ! ਸ਼੍ਰੀ ਨਾਨਕ ਜੀ ਆਦਿ। ਦਈ ਦਾਸ ਕਹੁ ਕਿਯ ਅਹਿਲਾਦ। ਤਿਮ ਸ਼੍ਰੀ ਅੰਗਦ ਅਰੁ ਪਿਤ ਮੇਰੇ। ਦੇਤਿ ਭਏ ਪਿਖਿ ਸੇਵ ਘਨੇਰੇ ॥ ੧੭ ॥ ਤਿਨ ਕੇ ਸਮ ਤੁਮ ਘਾਲਹੁ ਘਾਲ। ਆਇਸੁ ਅਨੁਸਾਰੀ ਸਭਿ ਕਾਲ।ਨਹੀਂ ਗੁਰਨਿ ਕੈ ਮੋਹ ਕਦਾਈ। ਰੀਝਹਿਂ ਸੇਵਕ, ਦੇਂ ਬਡਿਆਈ ॥੧੮॥ ਇਸ ਚਿੰਤਾ ਮਹਿਂ ਚਿਤ ਨਿਤਿ ਮੇਰੋ। ਤੋ ਪਰ ਏਕ ਭਰੋਸਾ ਹੇਰੋਂ। ਰਹੀ ਸੁ ਪ੍ਰਿਥੀਏ ਕੋ ਸਮੁਝਾਇ। ਨਹਿਂ ਮਾਨਹਿ ਅਹੰਕਾਰ ਕਰਾਇ॥੧੯॥ਹਾਥਨਿ ਕੋਂ ਮੀਂਡਤ ਰਹਿ ਜੈਹੈ[3]। ਗੁਰਤਾ ਅਪਰ ਸੇਵ ਕਰਿ ਲੈ ਹੈ। ਮੈਂ ਤੁਮ ਆਸ਼ਿਖ ਕਰਵਿ ਉਚਾਰੀ।ਰਹੋ ਸਦਾ ਪਿਤ ਕੇ ਅਨੁਸਾਰੀ' ॥ ੨੦ ॥ ਇਮ ਸਮੁਝਾਇ ਨੈਨ ਜਲ ਭਰੇ। 'ਜਾਹੁ ਪੁੱਤ੍ਰ !' ਆਇਸੁ ਅਸ ਕਰੇ।ਸਾਦਰ ਸੀਖ ਮਾਤ ਕੀ ਮਾਨੀ।ਸੀਸ ਨੰਮ੍ਰਿ ਕਰਿ ਬੰਦਨ ਠਾਨੀ॥੨੧॥ ਬਿਦਾ ਹੋਇ ਜਨਨੀ ਤੇ ਨਿਕਸੇ। ਕਮਲ ਪੱਤ੍ਰ ਸੇ ਲੋਚਨ ਬਿਕਸੇ। ਬਹੁਰ ਪਿਤਾ ਕੋ ਕਰਿਕੈ ਨਮੋ।ਤਾਊ ਸੰਗ ਚਲੇ ਤਿਹ ਸਮੋ॥੨੨॥ਦੋਨਹੁੰ ਭ੍ਰਾਤਨਿ*

[1]ਤਦ ਤਕ। [2]ਸੌਖੇ ਕੰਮ ਵਿੱਚ ਮੈਨੂੰ। [3]ਹੱਥ ਮਲਦਾ ਰਹਿ ਜਾਏਗਾ। *ਪਾਃ—ਮਾਤੁਲ=ਮਾਮੇ।

ਕੋ ਕਰਿ ਬੰਦਨ। ਚਲੇ ਸਕਟ ਆਰੂਢਿ ਸੁਛੰਦਨ। ਸਭਿ ਮਗ ਸਨੈ ਸਨੈ
ਕਰਿ ਛੋਰਾ।ਜਾਇ ਪ੍ਰਵੇਸ਼ੇ ਪੁਰੀ ਲਹੌਰ॥੨੩॥ਰਚਨੋ ਬਨਾਹੁ ਸੁਤ ਕੋ ਸੰਹਾਰੀ।
ਸ੍ਰੀ ਅਰਜਨ ਮਿਲਿ ਨਰ ਕੁਲ ਸਾਰੀ[1]। ਜਥਾ ਜੋਗ ਸਭਿ ਕੋ ਹਰਖਾਯਹੁ।
ਗਏ ਬਰਾਤ ਸੰਗ ਸੁਖ ਪਾਯਹੁ ॥੨੪॥ ਜਬਿ ਲਗ ਤਿਨ ਕੇ ਕਾਰਜ ਭਯੋ।
ਤਬਿ ਲਗ ਬਾਸ ਤਿਨਹੁੰ ਕੇ ਕਯੋ। ਪੁਨ ਅਪੁਨੀ ਧ੍ਰਮਸਾਲਾ ਥਿਰੇ। ਸਭਿ
ਸੰਗਤਿ ਸਿਖ ਆਨੰਦ ਭਰੇ॥੨੫॥ਕਰਤਿ ਪ੍ਰਤੀਖਨ ਪੱਤ੍ਰੀ ਪਿਤ ਕੀ। ਪਗ-
ਪੰਕਜ ਮਹਿਂ ਪ੍ਰੀਤੀ ਚਿਤ ਕੀ॥ਨਿਸਬਾਸੁਰਿ ਸਿੰਮ੍ਰਤ ਹੀ ਬੀਤੇ।ਸੁਜਸ ਉਚਾ-
ਰਤਿ ਸੰਗਤ ਥੀਤੇ[2]॥੨੬॥ਪ੍ਰੇਮ ਪ੍ਰਵਾਹ ਵਧਤੋ ਜਾਇ। ਦਰਸ਼ਨ ਕਰਿਬੇ
ਕੌ ਅਕੁਲਾਇਂ।ਖਾਨ ਪਾਨ ਸੁਖ ਸੇਵਨ ਕਰਿਬੋ। ਸਨੈਂ ਸਨੈ ਇਨਕੋ* ਪਰ-
ਹਰਿਬੋ[3]॥੨੭॥ ਸਤਿਗੁਰ ਪਿਤਾ ਸੁਸ਼ੀਲ ਬਿਸਾਲਾ। ਕਰਹਿਂ ਸਰਾਹਨ ਸਭਿ
ਹੀ ਕਾਲ। ਬੀਤ ਗਏ ਇਮੁ ਕਿਤਿਕ ਮਹੀਨੇ। ਕਰਤਿ ਪ੍ਰਤੀਖਨ ਪ੍ਰੇਮ
ਪ੍ਰਬੀਨੇ॥੨੮॥ਰਾਮਦਾਸ ਸ੍ਰੀ ਸਤਿਗੁਰ ਪਿਤਾ।ਇਨਹੁੰ ਨ ਸਿਮਰਨੋ ਪਰਖਨ
ਹਿਤਾ। ਪ੍ਰਿਥੀਆ ਰਹੈ ਪਾਸ ਨਿਸ ਦਿਨ ਮੈਂ। ਜਾਨਹਿ ਬਡੋ ਆਪ ਕੋ ਮਨ
ਮੈਂ॥੨੯॥-ਪਿਤ ਪਾਛੈ ਮੈਂ ਲੈ ਗੁਰਗਾਦੀ। ਕਰੌਂ ਸਦਾ ਮਨਭਾਵਤਿ ਸ਼ਾਦੀ।
ਹਮਰੇ ਘਰ ਮਹਿਂ ਸਭਿ ਬਡਿਆਈ।ਲੋਕ ਹਜ਼ਾਰਹੁੰ ਪਰਤੇ ਪਾਈ[4]-॥੩੦॥
ਦਰਬ ਛੁਪਾਵਤਿ ਨਿਤਪ੍ਰਤਿ ਨਜਾਰੇ[5]। ਸਰਬ ਰੀਤਿ ਤੇ ਉਰ ਹੰਕਾਰੇ। ਕੋ
ਕੋ ਮਾਨਹਿਂ[6] ਪਿਤ ਕੀ ਬਾਤ।ਨਾਂਹਿ ਤ ਉੱਤਰ ਦੇਤਿ ਰਿਸਾਤਿ॥੩੧॥ ਹੋਇ
ਸੁਤੰਤ੍ਰ ਕਰਹਿ ਬਿਵਹਾਰ। ਬਹੁਤ ਲੋਕ ਜਿਸ ਕਰਤਿ† ਜੁਹਾਰੁ[7]। ਜਿਤੇ
ਮਸੰਦ ਗੁਰੂ ਅਗੁਵਾਈ।ਸਭਿ ਪ੍ਰਿਥੀਏ ਅਨੁਸਾਰ ਰਹਾਈ॥੩੨॥ਕਿਤੇ ਮਸੰਦ
ਆਪਹੀ ਕਰੈਂ। ਸੰਗਤਿ ਤੇ ਆਨਹਿ ਧਨ ਧਰੈਂ। ਸਤਿਗੁਰ ਅਤਿ ਸੁਸ਼ੀਲ
ਜਨ ਓਟਾ[8]।ਪ੍ਰਿਥੀਏ ਕੋ ਸੁਭਾਉ ਲਖਿ ਖੋਟਾ॥੩੩॥ਨਹੀਂ ਹਟਾਵਹਿਂ ਤੂਸ਼ਨਿ
ਰਹੈਂ।ਸ੍ਰੀ ਮੁਖ ਤੇ ਸ਼ੁਭ ਨਹਿਂ ਤਿਸ ਕਹੈਂ।ਗੁਰਤਾ ਉਚਿਤ ਪਛਾਨਹਿਂ ਨਾਂਹੀ।
-ਜਲ ਸਮ ਟਿਕਹਿ ਨੈਮ੍ਰਿ ਥਲ ਮਾਂਹੀ[9]॥੩੪॥ਇਸ ਕੇ ਉਰ ਹੰਕਾਰ ਘਨੇਰਾ
। ਜਿਮੁ ਟਿੱਬਾ ਕਿਤਿ ਹੋਤਿ ਉਚੇਰਾ-। ਯਾਂਤੇ ਤਿਸੁ ਤੇ ਰਹੈਂ ਉਦਾਸਿ। ਗੁਰ
ਮਹਿਮਾ ਨ ਲਖੈ ਰਹਿ ਪਾਸ॥ ੩੫ ॥ ਜਿਮੁ ਤੀਰਥ ਕੇ ਨਿਕਟਿ ਰਹੈਬਾ।

[1]ਸਾਰੀ ਕੁਲ ਦੇ ਆਦਮੀਆਂ ਨੂੰ। [2]ਸੰਗਤ ਵਿਚ ਬੈਠਕੇ। [3]ਛੁੱਟ ਗਿਆ। [4]ਚਰਨੀ ਪੈਂਦੇ ਹਨ। [5]ਅੱਥਰਾ। [6]ਕੋਈ ਕੋਈ ਗੱਲ ਮੰਨ ਲੈਂਦਾ ਹੈ। [7]ਨਮਸਕਾਰ। [8]ਦਯਾ ਦੀ ਓਟ। [9](ਜੈਸੇ ਗੁਰਜਾਈ ਕਿ) ਜਲ ਵਾਂਗ ਨੀਵੇਂ ਥਾਂ ਟਿਕਦੀ ਹੈ। *ਪਾ:-ਇਨਕੋਰ। †ਪਾ:-ਜਿਮਹਿ।

'ਹਮ ਤੇ ਮਹਿਮਾ' ਕਹਿ ਗਰਬੰਤਾ[1]। ਤਿਮਿ ਪ੍ਰਿਥੀਏ ਮਨੁ ਮਾਨ ਘਨੇਰਾ। ਨਹੀਂ ਨੰਮ੍ਰਤਾ ਕੋ ਕਰਿ ਨੇਰਾ[2] ॥੩੬॥ ਮਹਾਂਦੇਵ ਕੋ ਮਸਤ ਸੁਭਾਊ। ਰਹੈ ਮੌਨ ਧਰਿ ਕਹੈ ਨ ਕਾਊ। ਕਬਿ ਕਬਿ ਗੁਰ ਸਮੀਪ ਚਲਿ ਆਵਹਿ। ਅਪਰ ਥਾਨ ਹੀ ਦਿਵਸੁ ਬਤਾਵੈ ॥ ੩੭ ॥ ਰਾਮਦਾਸ ਸਤਿਗੁਰੂ ਪ੍ਰਬੀਨੇ। ਪਰਖਨ ਕੀਨ ਸੁ ਨੰਦਨ ਤੀਨੇ। ਸ੍ਰੀ ਅਰਜਨ ਲਵਪੁਰਿ ਮੈਂ ਰਹੈਂ। ਕਬਿ ਨ ਸੰਦੇਸੋ ਲਿਖਿ ਪਠ ਕਹੈਂ[3]* ॥੩੮॥ ਤਿਨ ਕੇ ਉਰ ਨਿਤ ਪ੍ਰੇਮ ਪ੍ਰਵਾਹੂ। ਬਧਤਿ ਜਥਾ ਨਦਿ ਪਾਵਸ ਮਾਂਹੂ[4]। ਸਿਮਰਹਿਂ ਸਾਸਿ ਸਾਸਿ ਪਿਤ ਗੁਰ ਕੋ।–ਕਬਿ ਦਰਸ਼ਨ ਦੇ ਕਰਿਂ[5] ਸੁਖ ਉਰ ਕੋ–॥੩੯॥ ਰਾਗਨ ਬਿਖੈ ਸ਼ਬਦ ਕੋ ਗਾਵੈਂ। ਮਹਾਂ ਪ੍ਰੀਤਿ ਤੇ ਚਿਤ ਉਮਗਾਵੈਂ। ਲੋਚਨ ਭਰੇ ਨੀਰ ਝਲਕਾਵੈਂ। ਹੋਤਿ ਰੁਮੰਚ ਮਹਾਂ ਅਕੁਲਾਵੈਂ ॥੪੦॥ ਬਿਰਹਿ ਪੀਰ ਤੇ ਪੀਰੋ ਰੰਗੁ। ਦੂਰਬਲ ਹੋਇ ਸਗਰੇ ਅੰਗੁ।–ਮੋਹਿ ਬਿਸਾਰਨੋ ਸਤਿਗੁਰ ਸ੍ਵਾਮੀ। ਯਾਦ ਨ ਕੀਨਸਿ ਅੰਤਰਜਾਮੀ ॥੪੧॥ ਜਾਉਂ ਆਪ ਤੇਂ[6] ਸ਼ਕਤਿ ਨ ਐਸੇ। ਪਿਤ ਕੇ ਬਾਕ ਨ ਉਲੰਘਵ ਕੈਸੇ। 'ਹਮਰੇ ਕਹੈ ਆਵਨੋ ਇਤੇ''–। ਤਿਸੀ ਬਚਨ ਕੋ ਪੁਨ ਪੁਨ ਚਿਤੈਂ ॥੪੨॥ ਜਥਾ ਪਿੰਜਰੇ ਪੰਖੀ ਪਾਯੋ। ਤਿਮ ਆਇਸੁ ਮਹਿ ਵਸ ਨਹਿ ਆਯੋ[8]। ਦੀਰਘ ਸ੍ਵਾਸ ਲੇਤਿ ਬਹੁ ਬਾਰੇ।–ਮੋਕਹੁ ਕਰਨੋ ਸਦਨ† ਤੇ ਨਜਾਰੇ–॥ ੪੩ ॥ ਕਬਿ ਗਾਵਤਿ ਗਦ ਗਦ ਸੁਰ ਹੋਵਤਿ। ਪਿਤਾ ਪਰਮ ਪ੍ਰਿਯ ਨਿਕਟ ਨ ਜੋਵਤਿ। ਕਬਿ ਸੰਗਤਿ ਮਹਿਂ ਗੁਰ ਗੁਨ ਕਹੈਂ। ਕਮਲ ਬਿਲੋਚਨ ਤੇ ਜਲ ਬਹੈ ॥੪੪॥ ਇਸ ਪ੍ਰਕਾਰ ਥਿਤ ਰਹੇ ਲਹੌਰ। ਨਿਤ ਸਿਮਰਤਿ ਸੋਢੀ ਸਿਰਮੌਰ। ਬਿਰਹਿ ਬਹੁਤ ਤੇ ਬਨਾਕੁਲ ਬਨੈ। ਪਾਇੰ ਕਹਾਂ ਸੁਖ, ਮਿਲਿਬੇ ਬਿਨੈ[9] ॥੪੫॥ ਇਤ ਸਤਿਗੁਰ ਕਬਿ ਗੋਇੰਦਵਾਲ। ਬਸਹਿਂ ਸੰਗਤਾਂ ਸੰਗ ਬਿਸਾਲ। ਸੁਧਾ ਸਰੋਵਰ ਕਬਹੂੰ ਰਹੈਂ। ਬਹੁ ਸਿੱਖਨਨ ਕੀ ਦੁਰਮਤਿ ਦਹੈਂ ॥੪੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸਿ 'ਸ੍ਰੀ ਅਰਜਨ ਲਹੌਰ ਗਮਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ । ੧੬ ॥

੧੭. [ਭਾ: ਤੀਰਥਾ, ਬਿਸ਼ਨਦਾਸ, ਮਾਣਕ ਚੰਦ, ਪਦਾਰਥਾ, ਤਖੂ ਭਾਰੂ ਪ੍ਰਤਿ ਉਪਦੇਸ਼]।

ਦੋਹਰਾ ॥ ਸਭਰਵਾਲ ਸਿਖ ਤੀਰਥਾ[10] ਆਇ ਗੁਰੂ ਕੇ ਪਾਸ। ਨਮਸਕਾਰ

---

[1]ਜਿਵੇਂ ਤੀਰਥ ਦੇ ਨੇੜੇ ਰਹਿਣ ਵਾਲਾ ਕਹੇ ਕਿ ਮੇਰੇ ਕਰ (ਇਸ ਤੀਰਥ) ਦੀ ਮਹਿਮਾਂ ਹੈ (ਇਸ ਤਰ੍ਹਾਂ) ਕਹਿਕੇ ਹੰਕਾਰ ਕਰੇ। [2]ਨਿੰਮ੍ਰਤਾ ਨੂੰ ਨੇੜੇ ਨਹੀਂ ਆਉਣ ਦੇਂਦਾ। [3]ਕਹਿਕੇ ਯਾ ਲਿਖਕੇ ਸੰਦੇਸਾ ਕਦੇ ਨਹੀਂ ਘਲਿਆ। [4]ਨਦੀ ਬਰਸਾਤ ਵਿਚ। [5]ਕਰੈਂ, ਕਰਨਗੇ। [6]ਆਪਣੇ ਆਪ। [7]ਸਾਡੇ ਕਹਿਆਂ ਇਧਰ ਆਵਣਾਂ। [8]ਭਾਵ ਆਗਿਆ ਦੇ ਅਨੁਸਾਰੀ ਹੋ ਕੇ ਨਹੀਂ ਆਏ। [9]ਮਿਲੇ ਬਿਨਾਂ। [10]ਤੀਰਥਾ ਨਾਮੇ ਸੱਭਰਵਾਲ ਜਾਤਿ ਦਾ ਖਤਰੀ।

*ਪਾ:–ਪਿਤ ਚਹੈ। †ਪਾ:–ਸਦਿਨਿ। ‡ਪਾ:–ਖਸ਼ੁਦਸਮੋ।

ਕਰਿ ਬੈਠਿਗਾ ਧਰਹਿ ਸ਼੍ਰੇਯ ਕੀ ਆਸ ॥੧॥ਚੌਪਈ॥'ਸ੍ਰੀ ਗੁਰ ਮੈਂ ਆਯੋ ਤੁਵ
ਸ਼ਰਨੀ।ਸ਼੍ਰੇਯ ਦੇ ਜੁ ਉਪਦੇਸ਼ਹੁ ਕਰਨੀ[1]। ਰਾਵਰਿ ਮੁਖ ਤੇ ਸੁਨਹਿਂ ਜੁ ਬੈਨਾ
ਬਿਨਸਹਿਂ ਪਾਪ ਹੋਤਿ ਚਿਤ ਚੈਨ'॥੨॥ਤਬਿ ਸ਼੍ਰੀਰਾਮਦਾਸ ਉਪਦੇਸ਼ਾ।-ਸਚੁ
ਸਮ ਅਪਰ ਨ ਪੁੰਨ ਵਿਸ਼ੇਸ਼॥ਸਚੁ ਸਰੂਪ ਪਰਮੇਸ਼ੁਰ ਕੇਰਾ। ਸਚੁ ਤੇ ਪਾਯਹਿ
ਸਾਚੁ ਬਸੇਰਾ ॥੩॥ਦੁਹਿ ਲੋਕਨ ਮਹਿਂ ਸੁਖ ਲਹਿ ਸਾਚੋ। ਸੁਰ ਸਨਮਾਨਹਿ
ਜੋ ਸਚੁ ਰਾਚੋ। ਸਾਚੁ ਪੁਰਖ ਕੇ ਸਤਿਗੁਰ ਸੰਗੀ। ਬਡਿ ਪੁੰਨਨਿ ਤੇ ਸਾਚੁ
ਪ੍ਰਸੰਗੀ ॥੪॥ਸੁਮਤਿ ਬਿਚਾਰੁ ਸਾਚੁ ਹੀ ਕਹੈਂ।ਸੂਖਮ ਭੇਦ ਏਕ ਇਮੁ ਲਹੈਂ।
ਸਾਚੁ ਕਹੇ ਕਿਸ ਕੋ ਹੁਇ ਬੁਰੋ। ਤਹਾਂ ਕੂਰ ਕਹਿ, ਸਚੁ ਪਰਹਰੋ ॥੫॥ਇਸ
ਪਰ ਇਕ ਪ੍ਰਸੰਗ ਸੁਨਿ ਲੇਹੂ।ਨਿਰਨੈ ਕਰਿ ਪੁਨ ਕਹਨਿ*ਕਰੇਹੂ[2]। ਬਿਰਜੋ
ਸਾਧ ਇਕ ਨ੍ਰਿਪ ਕੇ ਦ੍ਵਾਰੇ। ਬੈਠੇ ਕੇਤਿਕ ਮਾਸ ਗੁਜ਼ਾਰੇ ॥੬॥ਸੋ ਨ੍ਰਿਪ ਪੁੱਤ੍ਰ
ਬਨਾਹੁ ਕਰਿ ਆਯੋ। ਸਰਬ ਪ੍ਰਕਾਰ ਉਛਾਹੁ ਵਧਾਯੋ। ਰਾਜ ਕੁਅਰ ਇਕ
ਮੰਦਿਰ ਮਾਂਹੂਲੇ ਕਰਿ ਬਧੂ ਸੁਪਤਿ ਭਾ ਤਾਂਹੂ॥੭॥ ਕਿਤਿਕ ਰਾਤਿ ਬੀਤੇ ਸੁਖ
ਪਾਈ। ਤਾਂਹਿ ਬਧੂ ਕੋ ਨੀਂਦ ਨ ਆਈ। ਜਮਧਰ ਹੁਤੀ ਸਿਰਾਨੇ ਧਰੀ।
ਲੇ ਤ੍ਰਿਯ ਨੇ ਸੋ ਦੇਖਨਿ ਕਰੀ ॥ ੮॥ ਅਤਿ ਤੀਛਨ ਹੇਰੀ ਲੇ ਹਾਥ। ਪਰਜੋ
ਸੁਪਤ ਸਾਥ ਤਿਸ ਨਾਥ।ਛੂਟੀ ਅਚਾਨਕ ਕਰ ਤੇ ਜਬੈ। ਗਿਰੀ ਉਦਰ ਪਰ
ਧਸਿਗੀ ਤਬੈ ॥੯॥ ਨ੍ਰਿਪ ਸੁਤ ਮ੍ਰਿਤਕ ਭਯੋ ਤਤਕਾਲ। ਚਿੰਤਾਤੁਰ ਤ੍ਰਿਯ
ਰਿਦੈ ਬਿਸਾਲ। ਭਈ ਪ੍ਰਾਤਿ ਪਿਖਿਕੈ ਨ੍ਰਿਪ ਜਾਨਜੋ। ਸਭਿਨਿ ਸਾਥ ਤਬਿ
ਬਧੂ ਬਖਾਨਜੋ ॥ ੧੦ ॥ 'ਇਹੁ ਜੋ ਸਾਧ ਰੂਪ ਕਰਿ ਬਿਰਜੋ। ਆਇ ਇਹਾਂ
ਪਤਿਕੋ ਹਤਿਕਰਜੋ'।ਸੁਨਭੂਪਤਿ ਰੋਵਤਿ ਬਿਰਲਾਪਤ। ਗਹਜੋ ਸਾਧੁਕੋਬਹੁ
ਸੰਤਾਪਤ[4]॥੧੧॥ਪੁਨਿ ਸਭਿ ਮਿਲਿ ਨ੍ਰਿਪ ਰਿਦੈ ਬਿਚਾਰਾ।-ਇਸ ਮਾਰੇ ਸੁਤ
ਜਿਯ ਨ ਹਮਾਰਾ-। ਏਕ ਹਾਥ ਕੋ ਕਾਟਿ ਨਿਕਾਰਾ। ਚਲਜੋ ਸਾਧ ਲਹਿ
ਕਸ਼ਟ ਉਦਾਰਾ॥੧੨॥ਚਿਤਵਤਿ-ਪ੍ਰਭੁ ਕੇ ਘਰ ਹੈ ਨਜਾਇਨਹਿਂ ਅਘ ਮੈਂ
ਕਿਯ,ਮਿਲੀ ਸਜ਼ਾਇ। ਮੋਹਿ ਸਾਥ ਅੰਨਜਾਇ ਕਿਯੋ ਹਰਿ-।ਇਮ ਬਿਚਾਰ
ਚਿੰਤਾ ਬਡਿ ਉਰਧਰਿ ॥ ੧੩ ॥ ਸੁਨਜੋ-ਬਸੈ ਦਿਜ ਕਾਂਸ਼ੀ ਮਾਂਹਿ। ਪ੍ਰਿਥਮ
ਜਨਮ ਕੀ ਸੁਧਿ ਕੋ ਪ੍ਰਾਹਿ। ਕਰਮ ਵਿਪਾਕ ਸੁ ਗ੍ਰੰਥ[5] ਬਿਚਾਰੈ।ਦੁਖ ਸੁਖ ਕੌ

---

[1]ਜੋ ਕਰਨੀ ਮੁਕਤੀ ਦੇਵੇ ਉਹ ਉਪਦੇਸ਼ੋ। [2]ਮੇਲੀ । [3]ਭਾਵ ਆਖੋ। [4]ਦੁਖ ਦਿੱਤਾ। [5]ਕਰਮਾਂ ਦੇ ਫਲ ਦੱਸਣ ਵਾਲਾ ਗ੍ਰੰਥ।

*ਪਾ:-ਗ੍ਰਹਿਨ।

ਸਭਿ ਹੇਤਿਉਚਾਰੈ–॥੧੪॥ਗਯੋਸਾਧ ਬੂਝਤਿ ਘਰਨਾਮ॥ਦਿਜਨ ਹੁਤੋਬੈਠੀ ਤਿਸੁ ਬਾਮ[1]*।ਪੂਛਤਿ ਭਯੋ'ਬਿੱਪ੍ਰ ਕਿਤਗਯੋ?'।ਸੁਨ ਤ੍ਰਿਯ ਰਿਦੈ ਰੋਸ ਬਹੁ ਕਯੋ ॥੧੫॥ ਕੁਛ ਨਿਜ ਪਤਿ ਕੋ ਗਾਰਿ ਉਚਾਰੀ। ਨਿਠੁਰ ਸਾਧ ਕੋ ਕਹਿ ਕਲਹਾਰੀ[2]। ਬਿਸਮਤਿ ਰਹ੍ਯੋ–ਕਹਾਂ ਦਿਜ ਨਾਰਿ?।ਸੋ ਪੰਡਿਤ ਮੈਂ ਸੁਨ੍ਯੋ ਉਦਾਰ–॥੧੬॥ਥਿਰ੍ਯੋ ਦ੍ਵਾਰ ਬਾਹਰ, ਦਿਜ ਆਯੋ। ਸਭਿ ਅਪਨੋ ਪਰਸੰਗ ਸੁਨਾਯੋ।ਫੇਰਕਹੀਤਿਸੁਤ੍ਰਿਯਕੀ ਬਾਤ।'ਬੂਝੇ,ਗਾਰਿਨਿਕਾਰਤਿਜਾਤ'॥੧੭॥ ਪੰਡਿਤ ਬੈਠਿ ਬਿਚਾਰ ਸੁਨਾਯੋ। 'ਕਾਰਨ ਸੁਨਹੁ ਆਪ ਜਿਸ† ਆਯੋ। ਪ੍ਰਿਥਮ ਜਨਮ ਮਹਿਂ ਤੁਮ ਦਿਜ ਹੁਤੋ।ਬੈਠ੍ਯੋ ਜਲ ਤਟਮੱਜਨ ਕਿਤੋ॥੧੮॥ ਏਕ ਹਾਥ ਗੋਮੁਖੀ[3]ਮਝਾਰੀ।ਫੇਰਤਿ ਮਾਲਾ ਉਚ ਉਸਾਰੀ।ਤਬਿ ਇਕ ਧੇਨੁ ਤ੍ਰਾਸ ਕੋ ਪਾਇ।ਤੁਝ ਆਗੈ ਕੋ ਗਈ ਪਲਾਇ ॥ ੧੯॥ ਪੀਛੇ ਆਯੋ ਦੁਸ਼ਟ ਕਸਾਈ। ਤਿਨ ਬੂਝੀ–ਇਤ ਦਿਸ਼ ਗੋ[4] ਆਈ?–। ਮੋਨ ਧਰੀ ਮੁਖ ਤੇ ਨ ਅਲਾਈ।–ਗਈ ਇਤਹਿ–ਕਰ ਸਾਥ ਬਤਾਈ॥੨੦॥ਜਾਇ ਗਹੀ ਸੋ ਧੇਨੁ ਬਿਚਾਰੀ।ਲੇ ਨਿਜ ਸਦਨ ਬਿਖੈ ਤਿਨ ਮਾਰੀ। ਪੂਰਬਲੇ ਪੁੰਨਨ ਕੋ ਪਾਇ। ਭਯੋ ਕਸਾਈ ਸੁਤ ਨਰ ਰਾਇ[5]‡॥੨੧॥ਨ੍ਰਿਪ ਕੀ ਸੁਤਾ ਧੇਨੁ ਤਨ ਪਾਯੋ[6]। ਹਿਤ ਬਦਲੇ ਸੰਜੋਗ ਬਨਾਯੋ। ਤਿਸ ਤ੍ਰਿਯ ਨੇ ਸੋ ਨ੍ਰਿਪ ਸੁਤ ਮਾਰ੍ਯੋ। ਕਰੇ ਤ੍ਰਾਸ ਤੁਵ ਨਾਮ ਉਚਾਰ੍ਯੋ॥੨੨॥ਹਾਥ ਸਾਥ ਤੈਂ ਧੇਨੁ ਬਤਾਈ।ਤਿਸਕੋ ਫਲ ਭਾ§ਦੀਨ[7]ਕਟਾਈ।ਪ੍ਰਭੁ ਅੰਨ੍ਯਾਇ ਕਰਹਿ ਨਹਿਂ ਕੈਸੇ।ਕਰੇ ਕਰਮ ਤੇ ਦੇ ਫਲ ਤੈਸੇ॥੨੩॥ਮਮ ਤ੍ਰਿਯ ਕੋ ਸੁਨਿ ਲੇਹੁ ਪ੍ਰਸੰਗ। ਨਹਿਂ ਸੰਸੈ ਕਰੀਅਹਿ ਚਿਤ ਸੰਗ।ਪੂਰਬ ਜਨਮ ਕਾਗ ਕੋ ਮੇਰਾ।ਗਧੀ ਤ੍ਰਿਯਾ[8] ਪਿਠ ਘਾਵ ਘਨੇਰਾ ॥੨੪॥ ਮੈਂ ਆਯੋ ਪਿਖਿ ਚੋਂਚ ਚਲਾਈ। ਫਸੀ ਅਸਥਿ ਮਹਿਂ ਨਹਿ ਨਿਕਸਾਈ।ਸ੍ਰੀ ਗੰਗਾ ਜਲ ਵਿਖੇ ਪ੍ਰਵੇਸ਼ੀ।ਆਗੇ ਗਮਨਤਿ ਪੀਰ ਵਿਸ਼ੇਸ਼ੀ[9]॥੨੫॥ ਜ੍ਯੋਂ ਜ੍ਯੋਂ ਮੈਂ ਨਿਜ ਚੋਂਚ ਨਿਕਾਰੀ।ਤ੍ਯੋਂ ਤ੍ਯੋਂ ਦੁਖ ਤੇ ਪ੍ਰਵਿਸ਼ਹਿ ਬਾਰੀ[10]। ਜਹਿਂ ਗੰਭੀਰ ਧਾਰ ਤਹਿਂ ਗਈ। ਫਸੀ ਚੁੰਚ ਬਿਚ ਨਹਿਂ ਨਿਕਸਈ॥੨੬॥

---

[1]ਬ੍ਰਾਹਮਣ ਹੈ ਨਹੀਂ ਸੀ ਉਸਦੀ ਵਹੁਟੀ ਬੈਠੀ ਸੀ। [2]ਕਲਹਣੀ ਨੇ ਸਾਧ ਨੂੰ (ਬੀ) ਕਠੋਰ ਵਾਕ ਕਹੇ। [3]ਗੁਪਤੀ ਜਿਸ ਵਿਚ ਹੱਥ ਪਾਕੇ ਮਾਲਾ ਫੇਰਦੇ ਹਨ। [4]ਗਊ। [5]ਕਸਾਈ ਰਾਜੇ ਦਾ ਪੁੱਤ੍ਰ ਹੋਯਾ। [6]ਗਊ ਨੇ ਰਾਜ ਕੁਮਾਰੀ ਦਾ ਸ੍ਰੀਰ ਪਾਯਾ। [7](ਤੇਰਾ ਹੱਥ) ਕਟਾ ਦਿੱਤਾ ਗਿਆ। [8](ਇਹ) ਤ੍ਰੀਮਤ ਖੋਤੀ ਸੀ। [9]ਪੀੜਾ ਬਹੁਤੀ ਕਰਕੇ। [10]ਪਾਣੀ ਵਿਚ। *ਪਾਃ–ਦਿਜਨ ਹੁਤੀ ਬੈਠੀ ਤਿਸ ਬਾਮ। †ਪਾਃ–ਜਿਮ। ‡ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰਧ ਅਧਯਾਯ ੫੩ ਅੰਕ ੭੨ ਹੇਠਲੀ ਟੂਕ। §ਪਾਃ–ਭੁਜ।

ਅਧਿਕ ਪ੍ਰਵਾਹ ਬਹਾਇ ਦੋਊ। ਬੂਡ ਸਰੀਰ ਤਯਾਗ ਕਰਿ ਸੋਊ । ਸ਼੍ਰੀ ਗੰਗਾ ਜਲ ਕੋ ਫਲ ਭਯੋ।ਦੁਹਨਿ ਬਿੱਪ੍ਰ ਘਰ ਜਨਮ ਸੁ ਲਯੋ॥੨੭॥ਪੁਨ ਸਬੰਧ ਭਾ ਇਹੁ ਸੰਗ ਮੇਰਾ । ਪ੍ਰਿਥਮ ਜਨਮ ਦੁਖ ਦੀਨ ਬਡੇਰਾ।ਯਾਂ ਤੇ ਕਹਿ ਕਠੋਰ ਦੁਖ ਦੇਤਿ । ਪੂਰਬ ਕਰਮ ਤਾਂਹਿ ਫਲ ਲੇਤਿ' ॥੨੮॥ ਸੁਨਤਿ ਸਾਧ ਤਬ ਨਿਸ਼ਚੈ ਆਯੋ।–ਬਿਨਾਂ ਕਰਮ ਦੁਖ ਸੁਖ ਨਹਿਂ ਪਾਯੋ–।ਸ਼੍ਰੀਗੁਰ ਭਨੇਂ'ਸਾਚੁ ਵਿਜ ਕਹਯੋ।ਧੇਨੁ ਬਤਾਇ ਇਤੋ ਦੁਖ ਲਹਯੋ ॥੨੯॥ ਸ਼ਾਰਤ[1] ਕਰਿ ਜਿਸ ਹਾਥ ਬਤਾਈ । ਸੋ ਕਟਵਾਇ ਪੀਰ ਕੋ ਪਾਈ । ਪੁਰਬ ਕਰਮ ਫਲ ਮਿਟਤੇ ਨਾਂਹਿ।ਸੀਤਾ ਦੁਖ ਪਾਏ ਬਨ ਮਾਂਹਿ॥੩੦॥ਗੁਰ,ਵਿਜ,ਸੰਤ,ਧੇਨੁ,ਦੁਖਪਾਵੈ। ਜਿਸ ਕੇ ਸਾਚੁ ਕਹੇ ਹੁਇ ਜਾਵੈਂ[2]।ਸੋ*ਅਸ ਸਾਚੁ ਨਰਕ ਮਹਿਂਡਾਰੈ।ਸੁਮਤਿ-ਵੰਤ ਨਹਿਂ ਕਬਹੁਂ ਉਚਾਰੈ॥੩੧॥ਜਿਸੁ ਸਚੁ ਤੇ ਦੁਖ ਪਾਵਹਿ ਪ੍ਰਾਨੀ।ਸੋ ਨਹਿਂ ਕਹੈ ਬਿਚਾਰ ਸੁਜਾਨੀ।ਅਪਰ ਸਰਬ ਬਿਵਹਾਰ ਮਝਾਰੈ।ਸੁਖਹਿਤ ਪਾਵਨ[3] ਸਾਚ ਉਚਾਰੈ॥੩੨॥ਝੂਠ ਸਮਾਨ ਪਾਪ ਨਹਿਂ ਕੋਈ। ਕਹੈ† ਨ ਕਬਹੂ ਗੁਰ ਸਿਖ ਜੋਈ।ਜਹਿਂਪ੍ਰਾਨੀ ਮਰਬੇ ਤੇ ਛੁਟੈ।ਕਿਧੌਂ ਪਰਯੋ ਕਿਹ ਸੰਕਟਮਿਟੈ॥੩੩ ਤਹਾਂ ਝੂਠ ਹੈ ਸਾਚੁ ਸਮਾਨ । ਪਰ ਹਿਤ[4] ਹੋਤੇ ਕਰਹਿ ਬਖਾਨ'।ਗੁਰ ਤੇ‡ ਬਚਨਤੀਰਥੇ ਸੁਨੇ।ਕਰੇ ਕਮਾਵਨਤਿਮ ਮਨਮਨੇ॥੩੪॥ਬੋਲਤਿਸਾਚਪਰਮ ਗਤਿ ਪਾਈ। ਪਰਯੋ ਰਹਯੋ ਸਤਿਗੁਰ ਸ਼ਰਨਾਈ । ਬਿਸ਼ਨਦਾਸ ਮਾਨਕ ਚੰਦ ਪੁਰੋ।ਤੀਨਹੁਂ ਆਇ ਗੁਰੂਹਜ਼ੂਰੋ॥੩੫॥ਚਰਨ ਕਮਲ ਪਰ ਕਰਯੋਪ੍ਰਣਾਮ ਬੈਠਿ ਕਰਯੋ ਦਰਸ਼ਨ ਅਭਿਰਾਮ । ਹਾਥ ਜੋਰ ਕਰਿ ਅਰਜ਼ ਗੁਜ਼ਾਰੀ । ਜਨਮ ਮਰਨ ਤੇ ਲੇਹੁ ਉਬਾਰੀ॥੩੬॥ਸਹਤ ਕੁਟੰਬ ਹੋਇ ਕੱਲਯਾਨੇ।ਅਸ ਦੀਜਹਿ ਉਪਦੇਸ਼ ਮਹਾਨੇ'।ਕਰਯੋ ਵਾਕ ਤਬਿ ਸ਼੍ਰੀ ਗੁਰਦੇਵਾ।'ਕਰਹੁ ਆਪ ਗੁਰ ਸਿੱਖਨਨਿ ਸੇਵਾ ॥੩੭॥ ਬਨਿਤਾ, ਸੁਤ, ਤਨੁਜਾ, ਸਿਖਰਾਵਹੁ । ਕਹਿ ਤਨ ਤੇ ਸੇਵਾ ਕਰਿਵਾਵਹੁ। ਲਖਹੁ–ਵਾਹਿਗੁਰੁ ਕੇ ਹਮ ਦਾਸ–।ਤਿਮ ਸੁਤ ਤਾ ਦਾਸ ਗੁਰ ਪਾਸ॥੩੮॥ਜਥਾ ਖਸਮ ਕੇਦਰ ਪਰ ਧੇਰਾ। ਚਾਕਰ ਰਾਖਿ ਰਾਵਹਿ ਦੇ ਛੋਰਾ । ਤਬਿ ਸਭਿ ਵਿੱਤ ਖਸਮ ਕੋ ਹੋਇ।ਖਾਨ ਪਾਨ ਦੇਪੋਖਹਿ ਇ ॥੩੯ ॥ ਤਿਮ ਅਪਨੋ ਸਗਰੋ ਪਰਵਾਰ । ਸੌਂਪਹਿ ਸਤਿਗੁਰ ਕੇ ਦਰ-

[1]ਸ਼ਾਰਤ [ਅ:, ਇਸ਼ਾਰਤ] । [2]ਜਿਸ ਸੱਚਦੇ ਕਿਹਾਂ (ਇਹ ਗਲ) ਹੋ ਜਾਵੇ ਕਿ ਗੁਰੂ ਬ੍ਰਾਹਮਣ, ਸੰਤ, ਗਊ ਦੁਖ ਪਾਉਣ । [3]ਸੁਖ ਪਾਵਣ ਵਾਸਤੇ । [4]ਪਰਾਇਆ ਭਲਾ ।

*ਪਾ:–ਜੋ । †ਪਾ:–ਗਹੇ । ‡ਪਾ:–ਕੇ ।

ਬਾਗਤਜਹਿ ਅਪਨਪੌ[1] ਤਿਨ ਤੇ ਘਨੋ। ਜਾਨਹਿ ਤਰੀ ਮੇਲ ਗਨ ਮਨੋ[2]॥ ੪੦॥ਤਬਿ ਸਤਿਗੁਰ ਕੋ ਪਰਿ ਹੈ ਲਾਜ।ਕਰਹਿ ਨਿਬਾਹਨ ਸਕਲ ਸਮਾਜ। ਭੋਜਨ ਬਸਤ੍ਰ ਭਲੇ ਪਹੁੰਚਾਵੈ। ਸ੍ਰੇਯ ਕਰਹਿ ਗਨ ਕਸ਼ਟ ਮਿਟਾਵੈ' ॥੪੧॥ ਬਿਸ਼ਨ ਦਾਸ ਮਾਣਕ ਚੰਦ ਪੂਰੋ। ਸੁਨਿ ਗੁਰ ਕੋ ਉਪਦੇਸ਼ਨਿ ਰੂਰੋ। ਕਰਨੋ ਕਮਾਵਨਿ ਨੀਕੇ ਮਾਨਿ।ਅੰਤਕਾਲ ਪ੍ਰਾਪਤਿਕਲਜਾਨ॥੪੨॥ਸਿੱਖ ਪਦਾਰਥ, ਤਾਰੂ,ਭਾਰੂ। ਤੀਨੋ ਚਲਿ ਆਇ ਗੁਰਦ੍ਵਾਰੂ । ਆਗੈ ਲਾਗਮੋ ਬਡਿ ਦੀਵਾਨ। ਕਥਾ ਕੀਰਤਨ ਹੋਤਿ ਮਹਾਂਨ॥੪੩॥ਸੁਨਿ ਗੁਰ ਬਚਨ ਭਯੋ ਉਰ ਤ੍ਰਾਸੁ। ਹਾਥ ਜੋਰਿ ਕੀਨੀ ਅਰਦਾਸੁ। 'ਹਮ ਕੁਟੰਬ ਮਹਿਂ ਅਧਿਕ ਲਪੇਟੇ। ਪਵਨ ਸੁਨਨ ਗੁਰ ਸ਼ਬਦ ਨ ਭੇਟੇ[3]॥੪੪॥ਸਤਿ ਸੰਗਤਿ ਹੋ ਨਹਿਂ*ਕਿਸ ਬਾਰ।ਗੁਰ ਜੀ!ਕਿਮ ਹੁਇ ਹਮਹੁਂ ਉਧਾਰ?।ਆਇ ਪਰੇ ਅਬਿ ਸ਼ਰਨਿ ਤੁਮਾਰੀ।ਕਰਹੁ ਆਪ ਕੱਲਜਾਨ ਹਮਾਰੀ'॥੪੫॥ਰਾਮਦਾਸ ਗੁਰ ਗਿਰਾ ਬਖਾਨੀ।'ਵਾਹਿਗੁਰੂ ਸਿਰਜੇ ਜੇ ਪ੍ਰਾਨੀ। ਪੂਰਬ ਸਭਿ ਹਿਤ ਕਰਨੋ ਅਹਾਰ।ਯਾਂਤੇ ਤੁਮ ਬੈਠੋ ਗੁਰ ਦ੍ਵਾਰ॥੪੬॥ਧਰਹੁ ਸਿਦਕ ਉਰ ਡੋਲਹੁ ਨਾਂਹੀ। ਸਿਮਰੋ ਵਾਹਿਗੁਰੂ ਮਨਮਾਂਹੀ । ਤੁਮਰੇ ਸਨਬੰਧੀ ਸਮੁਦਾਇ। ਸਭਿ ਕੋ ਰਿਜ਼ਕ ਤਹਾਂ ਪਹੁੰਚਾਇ ॥੪੭॥ ਤੁਮਰੋ ਰਿਜਕ ਇਹਾਂ ਗੁਰ ਦੇਹਿ।ਜਨਮ ਸੁਧਾਰੋ ਪਰਖਹੁ ਏਹੁ'। ਸੁਨਿ ਤੀਨੋ ਨਿਜ ਪੁੱਤ੍ਰ ਬੁਲਾਵੈ।ਕਹਯੋ'ਤਰੁਨਤਾ[4] ਤੁਮ ਅਬਿ ਪਾਇ॥੪੮॥ਭਏ ਕਿਰਤ ਲਾਇਕ[5]ਨਿਰਧਾਰਹੁ । ਅਬਿ ਘਰ ਕੋ ਸਭਿ ਕਾਰ ਸੰਭਾਰਹੁ। ਉੱਦਮ ਕਰੋ ਲਾਭ ਹੁਇ ਜੇਤਾ। ਗੁਰ ਕੋ ਦਸਵੰਧ ਕਾਢਹੁ ਤੇਤਾ ॥੪੯॥ ਆਵਹਿ ਸਿਖ ਕਰਹੁ ਤਿਹ ਸੇਵ।ਹਮ ਅਬਿ ਰਹੈਂ ਦ੍ਵਾਰ ਗੁਰਦੇਵ।ਪਾਨੀ ਪੱਖਾ ਸੇਵ ਕਮਾਵਹਿਂ।ਸਤਿਸੰਗਤਿ ਕਰਿ ਸੇਵ ਰਿਝਾਵਹਿਂ ॥ ੫੦ ॥ ਕਥਾ ਕੀਰਤਨ ਸੁਨਹਿਂ ਅਨੰਦੋ।ਹੁਇ ਪ੍ਰਾਪਤਿ ਕੱਲਜਾਨ ਬਿਲੰਦੋ।ਇਮ ਤੁਮਰੀ ਭੀ ਹੁਇ ਕੱਲਜਾਨ'।ਇਮ ਸਿੱਖਜਾ ਦੇ ਕੁਟੰਬ ਮਹਾਂਨ॥੫੧॥ਕਰਨ ਲਗੇ ਗੁਰ ਸੇਵ ਘਨੇਰੀ। ਪ੍ਰਾਪਤ ਮੁਕਤਿ ਅੰਤ ਕੀ ਬੇਰੀ। ਸਤਿਗੁਰ ਕੇ ਤਨ ਬਿਖੈ ਸਮਾਏ। ਜਨਮ ਮਰਨ ਕੇ ਬੰਧ ਮਿਟਾਏ ॥੫੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋ ਅੰਸੂ ॥ ੧੭ ।

੧੮. [ਮਹਾਂਨੰਦ,ਬਿਧੀ ਚੰਦ। ਧਰਮ ਦਾਸ ਆਦਿ ਸਿੱਖਾਂ ਪ੍ਰਤਿ ਉਪਦੇਸ਼]।

ਦੋਹਰਾ॥ ਮਹਾਂਨੰਦ ਕੇ ਸੰਗ ਮਿਲਿ ਬਿਧੀ ਚੰਦ ਹੁਇ ਦੌਨ।ਦਰਸ਼ਨ ਦੇਖਯੋ

[1]ਅਪਣੱਤ । [2]ਜਾਣੋਂ ਕਿ ਮਾਨੋਂ ਸਾਰਾ ਬੇੜੀ ਦਾ ਮੇਲਾ ਹੈ। [3]ਨਹੀਂ ਮਿਲਦਾ । [4]ਜਵਾਨੀ। [5]ਕਮਾਉਣ ਜੋਗੇ। *ਪਾ:-ਹੋਤ ਨ।

ਗੁਰੂ ਕੋ ਬੰਦਨ ਕੀਨਸਿ ਔਨ[1]॥੧॥ਚੌਪਈ॥ਹਾਥ ਜੋਰਿ ਕਰਿ ਥਿਰੇ ਅਗਾ-ਰੀ। ਸੁਖ ਗਰਜੀ[2] ਨਿਜ ਅਰਜ਼ ਗੁਜ਼ਾਰੀ'ਜਨਮ ਮਰਨ ਕੋ ਤ੍ਰਾਸ ਹਮਾਰੇ। ਭ੍ਰਮਣ ਮਿਟਾਵਹ ਜੋ ਦੁਖਵਾਰੇ॥੨॥ਜਨਮ ਅਨੇਕ ਧਰੇ ਪੁਨ ਹਮਰੇ। ਰਾਗ ਦ੍ਵੈਸ਼ ਬਸਿ ਜੂਨਨਿ ਪਰੇ। ਅਬਿ ਚਲਿ ਆਏ ਸ਼ਰਨਿ ਤੁਮਾਰੀ।ਕਰਹੁ ਕ੍ਰਿਪਾ ਕਰਿ ਸੁਗਤਿ[3]ਹਮਾਰੀ'॥੩॥ਸੁਨਿ ਸ੍ਰੀ ਰਾਮਦਾਸ ਕਰਿ ਕਰੁਨਾ। ਸ਼ੁਭ ਉਪ-ਦੇਸ਼ ਤਿਨਹੁ ਪ੍ਰਤਿ ਬਰਨਾ'ਅਪਨੋ ਜਬੈ ਸਰੂਪ ਪਛਾਨਹੁ। ਜਨਮ ਮਰਨ ਤਬਿ ਬੰਧਨ ਹਾਨਹੁ' ॥੪ ॥ ਹਾਥ ਜੋਰਿ ਸੁਨਿ ਦੌਨਿ ਬਖਾਨਹਿ[4]।'ਹਮ ਤੌ ਇਹੁ ਸਰੂਪ ਨਿਜ ਜਾਨਹਿ।ਜਨਮੇ ਹੁਇ ਨੰਦਨ ਖੱਤ੍ਰੀਨ[5]। ਖੱਤ੍ਰੀ ਹੈਂ ਨਰ ਤਨ ਮਨ ਚੀਨ ॥੫॥ ਪੂਰਬ ਬਾਲਕ ਬਯ ਕੋ ਧਰੇ।ਤਰੁਨ ਭਏ ਅਬਿ ਬਹੁ ਬਲ ਭਰੇ। ਬਿਨ ਤਨ ਅਪਰ ਕਛੂ ਨਹਿਂ ਜਾਨਹਿਂ। ਅਪਨੋ ਰੂਪ ਇਹੀ ਹਮ ਮਾਨਹਿਂ'॥੬॥ਤਬਿ ਸ੍ਰੀ ਸਤਿਗੁਰ ਬਾਕ ਉਚਾਰਾ'ਮਾਤ ਪਿਤਾਨੇ ਇਹੁ ਤਨ ਧਾਰਾ। ਜਾਤਿ ਰੁ ਨਾਮ*ਤਿਨਹੁੰ ਕਲਪਾਏ[6]। ਨਿਜ ਮਤਿ ਕਹਿ ਬਿਵਹਾਰ ਬਤਾਏ ॥੭॥ ਤੁਮ ਤੌ ਇਸ ਤਨ ਪੂਰਬ ਹੁਤੇ[7]। ਕਰੇ ਕਰਮ ਫਲ ਤਿਸ ਕੇ ਲਿਤੇ।ਭਲਾ ਬੁਰਾ ਜਿਮ ਪੂਰਬ ਕੀਨ। ਤਿਸ ਤੇ ਦੁਖ ਸੁਖ ਭੋਗਨਿ ਕੀਨ॥੮॥ਇਹ ਤਨ ਤਜਿ ਪੁਨ ਧਾਰਹੁ ਔਰ। ਕਰਹੁ ਕਰਮ ਭੋਗਹੁ ਤਿਸ ਠੌਰ। ਤਨ ਉਪਜਨ ਤੇ ਹੁਤੇ ਅਗੇਰੇ।ਤਨ ਬਿਨਸੇ ਪੁਨ ਰਹਹੁ ਪਿਛੇਰੇ॥੯॥ਆਦਿ ਅੰਤ ਤਨ ਕੇ ਜਬਿ ਰਹੇ[8]।ਤਨ ਨਿਜ ਰੂਪ ਕੁਤੋ ਤੁਮ ਲਹੇ?।ਤਨ ਕੂਰਾ ਸਮ ਬਸਤ੍ਰ ਲਖੇ ਹੋ। ਜੀਰਨ ਭਏ ਅਪਰ ਧਰਿ ਲੈ ਹੋ॥੧੦॥ ਤਾਂਤੇ ਤਨ ਪਟ[9] ਪਹਿਰਹਿ ਜੋਇ।ਅਪਨ ਸਰੂਪ ਜਾਨੀਯਹਿ ਸੋਇ।ਕਬਹੂੰ ਮਰਹਿ ਨ ਮਾਰਯੋ ਜਾਇ।ਜਲ ਡੂਬੈ ਨਹਿਂ ਅਗਨਿ ਜਲਾਇ ॥ ੧੧ ॥ ਤਨ ਝੂਠੋ, ਸਤਿ ਰੂਪ ਤੁਮਾਰਾ।ਤਨ ਦੁਖ,ਤੁਮ ਹੋ ਅਨੰਦ ਉਦਾਰਾ।ਤਨ ਜੜ੍ਹ ਹੈ,ਚੇਤਨ ਨਿਜਰੂਪ।ਅਸ ਨਿਸ਼ਚੈ ਉਰ ਧਰਹੁ ਅਨੂਪ'॥੧੨॥ਸੁਨਿ ਦੋਨਹੁ ਕੀਨਸਿ ਅਰਦਾਸ। 'ਕਿਮ ਹਮ ਕੋ ਅਸ ਰੂਪ ਪ੍ਰਕਾਸ਼?। ਤਨ ਹੰਤਾ ਤਜਿ ਤਿਸ ਮਹਿ ਧਰੈਂ[10]। ਸਹੀ ਸਰੂਪ ਆਪਨੋ ਕਰੈਂ'॥੧੩॥ਤਬਿ ਸਾਹਿਬ ਨੈ ਕਹਯੋ ਸੁਨਾਈ। 'ਸਤਿ

[1]ਪ੍ਰਿਥਵੀ ਤੇ [ਸਿਸ:, ਅਵਨਿ] (ਅ) ਆਕੇ। [2]ਸੁਖ ਦੀ ਗ਼ਰਜ਼ ਵਾਲਿਆਂ ਨੇ। [3]ਕੱਲਯਾਣ। [4]ਦੋਹਾਂ ਨੇ ਕਿਹਾ। [5]ਖੱਤ੍ਰੀਆਂ ਦੇ ਪੁੱਤ੍ਰ। [6]ਕਲਪੇ। [7]ਤਨ ਤੋਂ ਪਹਿਲਾਂ ਹੋਗੇ ਸਾਓ। [8]ਤਨ ਦੇ ਆਦਿ (ਤੋਂ ਪਹਿਲਾਂ) ਤੇ ਅੰਤ ਹੁੰਦਿਆਂ ਵੀ ਤੁਸੀਂ ਰਹੇ। [9]ਤਨ ਰੂਪੀ ਕਪੜਾ। [10]ਤਨ ਦਾ ਹੰਕਾਰ ਛੱਡਕੇ ਤਿਸ (ਸਰੂਪ) ਵਿਚ (ਅਪਣੱਤ) ਧਾਰੀਏ। *ਪਾ:-ਜਾਤ ਬਰਨ।

ਸੰਗਤਿ ਕੀਜਹਿ ਚਿਤ ਲਾਈ। ਕਥਾ ਨੇਮ ਤੇ ਸੁਨੀਅਹਿ ਕਾਨ। ਗੁਰ ਸਿੱਖਨ ਸੇਵਹੁ ਹਿਤ ਠਾਨਿ॥੧੪॥ਕਰਹੁ ਬਿਚਾਰਨ ਸਤਿਗੁਰ ਬਾਨੀ॥ਅਰਥ ਲਖਹੁ ਕਰਿ ਪ੍ਰੀਤ ਮਹਾਂਨੀ। ਤਿਸ ਕੇ ਸਾਥ ਰਿਦਾ ਨਿਜ ਤੋਲਹੁ। ਦੁਖ ਸੁਖ ਬਿਖੈ ਨ ਕਬਹੂੰ ਡੋਲਹੁ ॥੧੫॥ ਤੁਮਰੀ ਪ੍ਰੀਤਿ ਜਾਨਿ ਬਚ*ਕਹੋ। ਇਮ ਜੋ ਕਰਹੁ ਰੂਪ ਨਿਜ ਲਹੋ'।ਇਮ ਸਤਿਗੁਰ ਕੋ ਸੁਨਿ ਉਪਦੇਸ਼। ਕਰਨ ਲਗੇ ਤਿਮ ਕਾਰ ਹਮੇਸ਼ ॥੧੬॥ ਸਮਾ ਪਾਇ ਹੋਯਹੁ ਨਿਜ ਗਯਾਨ। ਕੀਨੇ ਕਰਮ ਬੰਧ ਗਨ ਹਾਨਿ[1]।ਗੁਰ ਸਿੱਖਨ ਕੀ ਪਦਵੀ ਪਾਈ। ਅੰਤ ਕਾਲ ਗੁਰ ਲੀਨ ਮਿਲਾਈ॥੧੭॥ ਹੁਤੋ ਖੋਸਲਾ† ਧਰਮੰਦਾਸ। ਇਕ ਤਕਿਆਰਾ ਡੂਗਰ-ਦਾਸ।ਦੀਪਾ ਅਰੁ ਜੇਠਾ ਸੰਸਾਰੂ। ਬੂਲਾ ਅਪਰ ਤੀਰਥਾ ਚਾਰੂ[2]॥੧੮॥ ਮਿਲਿ ਕਰਿ ਸਪਤ[3] ਸਿੱਖ ਇਹ ਆਏ।ਸ੍ਰੀ ਗੁਰ ਰਾਮਦਾਸ ਜਿਸ ਥਾਏ।ਨਮੋ ਕਰੀ ਬਹੁ ਬਿਨੈ ਪ੍ਰਕਾਸ਼।ਹਾਥ ਜੋਰਿ ਕਰਿ ਬੈਠੇ ਪਾਸ॥੧੯॥'ਸ਼ਰਨਿ ਪਰੇ ਰਾਵਰਿ ਦਰਬਾਰ। ਕਰਹੁ ਉਧਾਰਨ ਕਿਸੈ ਪ੍ਰਕਾਰ'। ਰਾਮਦਾਸ ਸਤਿਗੁਰੂ ਉਚਾਰਾ। 'ਪ੍ਰਥਮ ਤਜਹੁ ਮਨ ਕੋ ਹੰਕਾਰ॥੨੦॥ਗਹੋ ਨੰਮ੍ਰਤਾ, ਤ੍ਯਾਗਹੁ ਮਤਸਰ[4]। ਕਰਹੁ ਨ ਨਿੰਦਾ, ਅਵਗੁਨ ਪਰਹਰਿ। ਜੇ ਘਰ ਆਯੋ ਸਿੱਖ ਨਿਹਰਿਯਹਿ। ਨਿਜ ਨਿਜ ਘਰ ਤੇ ਸੇਵਾ ਕਰਿਯਹਿ ॥ ੨੧ ॥ ਭੋਜਨ ਬਸਤ੍ਰ ਭਾਉ ਧਰਿ ਕੀਜਹਿ।ਮਾਨਹੁ ਬਾਕ ਨ ਫੇਰਨਿ ਕੀਜਹਿ।ਜੇ ਸਿਖ ਕੋ ਹੁਇ ਕਾਜ ਬਡੇਰਾ। —ਬਿਨ ਧਨ ਸਰਹਿ ਨ—ਜੋ ਅਸੁ ਹੇਰਾ[5]॥੨੨॥ਸਭਿ ਮਿਲਿ ਕਰਿ ਉਚਰਹੁ ਅਰਦਾਸ।ਸਭਿ ਤੇ ਇਕ ਥਲ ਕਰ ਨਿਜ ਪਾਸਿ[6] । ਸਿਖ ਕੋ ਕਾਰਜ ਦੀਜੈ ਸਾਰ। ਤਬਿ ਪ੍ਰਾਪਤਿ ਤੁਮ ਕੋ ਸੁਖ ਸਾਰ॥੨੩॥ਜਹਿਂ ਸਤਿਸੰਗਤਿ ਕੋ ਸਮੁ-ਦਾਇ। ਕਥਾ ਕੀਰਤਨ ਕਰਹਿਂ ਬਨਾਇ। ਤਹਾਂ ਜਾਇ ਸੰਧ੍ਯਾ ਅਰੁ ਪ੍ਰਾਤੀ।ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ[7] ॥੨੪॥ ਜਿਸ ਮਹਿਂ ਯਥਾ ਸ਼ਕਤਿ ਹੁਇ ਆਵਹਿ। ਧਰਮਸਾਲ ਆਪੇ ਬਨਵਾਵਹਿ।ਤਿਸ ਮੈਂ ਰਾਖਹਿ ਸਿੱਖ ਟਿਕਾਇ। ਪੰਥੀ ਕੋ ਭੋਜਨ ਮਿਲਿ ਜਾਇ॥੨੫॥ਇਕ ਸਿਖ ਦੇਹਿ,ਕਿ ਸਭਿ ਮਿਲ ਦੇਵੈਂ। ਸਿਮਰਹਿਂ ਨਾਮ ਸੁਜਨ ਕੋ ਸੇਵੈਂ। ਕਹਾਂ ਮਹਾਤਮ ਇਸ ਕੋ ਕਹਿਯਹਿ। ਪੁੰਨ ਪਦਾਰਥ ਸਮ ਨਹਿਂ ਲਹਿਯਹਿ ॥੨੬॥ ਇਸ ਜਗ ਮਹਿਂ ਸੁਖ ਪਾਇ

[1]ਕਰਮਾਂ ਦੇ ਸਾਰੇ ਬੰਧਨ ਨਾਸ਼ ਕੀਤੇ। [2]ਸੁੰਦਰ। [3]ਸੱਤੇ। [4]ਈਰਖਾ [ਸੰਸਃ, ਮਤਸਰ]। [5]ਜੇ ਐਸਾ ਤੁਸੀਂ ਵੇਖੋ। [6]ਆਪਣੇ ਪਾਸੋਂ ਤੇ ਸਾਰਿਆਂ ਕੋਲੋਂ (ਧਨ) ਇਕ ਥਾਂ (ਕੱਠਾ) ਕਰਕੇ। [7]ਬੁੱਧੀ ਨੂੰ ਰੱਤੀ ਹੋਈ ਕਰਕੇ। *ਪਾঃ—ਬਰ। †ਪਾঃ—ਖੇਟੜਾ।

ਘਨੇਰਾ॥ ਅੰਤ ਗੁਰੂ ਢਿਗ ਲਹੈ ਬਸੇਰਾ। ਪਾਛਲ ਰਾਤਿ ਕਰਹੁ ਇਸ਼ਨਾਨ। ਗੁਰ ਬਾਨੀ ਪੜ੍ਹੀਅਹਿ ਹਿਤ ਠਾਨਿ'॥੨੭॥ਸੁਨਿ ਉਪਦੇਸ਼ ਕਮਾਵਨ ਲਾਗੇ॥ ਗੁਰੂ ਪ੍ਰੇਮ ਪਾਗੇ ਬਡਿਭਾਗੇ। ਅੰਤ ਸਮੈ ਸਤਿਗੁਰ ਕੇ ਪਾਸ। ਪ੍ਰਾਪਤਿ ਭਏ ਅਨੰਦ ਪ੍ਰਕਾਸ਼ ॥੨੮॥ ਧਰਿ ਸ਼ਰਧਾ ਜਾਪਾਅਰੁਮੱਈਆ। ਖੁੱਲਰ ਜਾਤਨਾਮੁ ਜਿਸ*ਨੱਈਆ।ਤੁਲਸਾ,ਵਹੁਰਾ ਮਿਲਿ ਸਿਖ ਚਾਰੇ। ਸਤਿਗੁਰ ਰਾਮਦਾਸ ਕੇ ਦ੍ਵਾਰੇ ॥੨੯॥ ਆਇ ਪ੍ਰਵੇਸ਼ੇ ਦਰਸ਼ਨ ਪਾਯੋ। ਕੀਨ ਬੰਦਨਾਂ ਸੀਸ ਨਿਵਾਯੋ। ਜੁਗ ਕਰ ਜੋਰਤਿ ਅਰਜ਼ ਬਖਾਨੀ। 'ਦਿਹੁ ਉਪਦੇਸ਼ ਅਪਨ ਜਨ†ਜਾਨੀ ॥੩੦॥ਰਹੈਂ ਗ੍ਰਿਹਸਤ ਮਹਿ ਕਹਨੋ ਕਮਾਵੈਂ।ਜਿਸ ਤੇ ਹਮ ਸਿੱਖੀ ਪਦਪਾਵੈਂ। ਬਸਹਿਂ ਅਵਾਸ ਉਦਾਸੀ ਪਾਇ। ਦਿਨ ਪ੍ਰਤਿ ਉਰ ਤੇ ਮੋਹ ਮਿਟਾਇ' ॥੩੧॥ ਸ੍ਰੀ ਗੁਰ ਰਾਮਦਾਸ ਉਪਕਾਰੀ।ਬਾਨੀ ਕਰੁਨਾ ਠਾਨਿ ਉਚਾਰੀ। 'ਜਿਮੁ ਨਿਸ ਦਿਨ ਘਰਕਾਜ ਸੁਧਾਰੋ।ਤਜਾਗਹੁ ਕਬਹੁਂ ਨ,ਲਾਗਹਿਂ ਪਜਾਰੋ॥੩੨॥ ਤਥਾ ਪਜਾਰ ਧਾਰਹੁ ਗੁਰਬਾਨੀ। ਪਠਨਿ ਸੁਨਨਿ ਕੀਜਹਿ ਰੁਚਿ ਠਾਨੀ। ਧਰਨੋ ਅਰਥ ਜੋ ਸ਼ਬਦ ਮਝਾਰਾ।ਬਾਰ ਬਾਰ ਉਰ ਕਰਹੁ ਬਿਚਾਰਾ॥ ੩੩ ॥ ਕਜਾ ਗੁਰ ਕਹੈਂ, ਕਰੈਂ ਹਮ ਕਹਾਂ। ਸਨੈ ਸਨੈ ਮੋਰਹੁ ਮਨ ਮਹਾਂ[1]। ਮਮ ਸਰੀਰ ਕੋ ਧਾਰਹੁ ਧਜਾਨਾ।ਅੰਮ੍ਰਿਤ ਵੇਲਾ ਪੁੰਨ ਮਹਾਂਨ॥੩੪॥ਮਮ ਬਾਨੀ ਕੋ ਕਰਹੁ ਉਚਾਰਨਿ। ਮਿਲਿ ਸਿੱਖਨਿ ਤੇ ਅਰਥ ਬਿਚਾਰਨ। ਜਿਮ ਤੁਰੰਗ ਕੋ ਦੇਹਿਂ ਮਸਾਲਾ। ਬਹੁਰ ਕਰਹਿਂ ਕਾਜੈ[2] ਚਿਰਕਾਲਾ ॥੩੫॥ ਤਬਿ ਹਯ ਰੋਗੀ ਹੋਇ ਨਿਰੋਵਾ[3]।ਸਭਿ ਸਰੀਰ ਕੀ ਬਜਾਧੀ ਖੋਵਾ।ਤਿਮ ਸਤਿਗੁਰ ਕੋ ਕਰਿਬੋ ਧਜਾਨਾ।ਹਿਰਦੇ ਧਾਰਨ ਪ੍ਰੇਮ ਮਹਾਨ॥੩੬॥ਸਿਮਰਹਿਂ ਵਾਹਿਗੁਰੂ ਸਤਿਨਾਮੂ। ਤਬਿ ਨਾਸਹਿ ਹਉਮੈ ਬਡ ਆਮੂ[4]। ਮਨ ਤੁਰੰਗ ਬਡ ਸੁਧਤਾ ਪਾਵੈ। ਗੁਰ ਅਨੁਸਾਰੀ ਹੁਇ ਬਿਰਤਾਵੈ ॥੩੭॥ ਪਾਇਨ ਬਿਚਰਤਿ[5] ਸਿਮਰਹੁ ਨਾਮੂ। ਹਾਥਨ ਕਰਿਹੁ ਕਾਜੁ ਸਭਿ ਧਾਮੂ। ਊਠਤਿ ਬੈਠਤਿ ਜਾਗਤਿ ਸੋਵਤਿ। ਸੁਨਿਤੇ ਸ੍ਰਵਨ,ਬਿਲੋਚਨ ਜੋਵਤਿ ॥੩੮॥ ਰਿਦਾ ਧਰਹੁ ਸਤਿਗੁਰ ਕੇ ਸੰਗ। ਅਪਰ ਕ੍ਰਿਯਾ ਕਰਿਯਹਿ ਸਭਿਅੰਗ।ਜਿਮ ਸਿਰਘਟ[6]ਬਹੁ ਬਾਤ ਬਨਾਵਤਿ।

---

[1] ਮਨ ਨੂੰ ਬਹੁਤ ਮੋੜੋ। [2] ਮਸਾਲਾ ਦੇਣ ਮਗਰੋਂ ਘੋੜੇ ਨੂੰ ਕਜਈ ਪਾਕੇ ਖਾਣੋਂ ਪੀਣੋਂ ਕੁਛ ਚਿਰ ਰੋਕ ਰੱਖਣਾ। [3] ਤੰਦਰੁਸਤ। [4] ਰੋਗ। [5] ਭਾਵ ਟੁਰਦਿਆਂ ਫਿਰਦਿਆਂ। [6] ਸਿਰ ਤੇ ਘੜੇ ਵਾਲੀ।

*ਪਾ:-ਜਿਮ। ਨਾਮ ਜਿ ਘਨਈਆ। ਭਾਈ ਗੁਰਦਾਸ ਜੀ ਦੀ ਤੁਕ ਐਉਂ ਹੈ:- ਮਾਈਆ ਜਾਪਾ ਜਾਣੀਅਨਿ ਨਈਆ ਖੁੱਲਰ ਗੁਰੂ ਪਿਆਰਾ। †ਪਾ:-ਦਾਸ ਨਿਜ।

ਹਾਥ ਹਲਾਵਤਿ,ਮਾਰਗ ਜਾਵਤਿ ॥੩੯॥ ਤਊ ਘਟੇ ਸੋਂ[1] ਮਨ ਹੈ ਜੁਰਿਓ। ਗਿਰਹਿ ਨ ਡੋਲਹਿ, ਰਹੇ ਸੁ ਧਰਿਓ। ਇਮ ਬ੍ਰਿਤਿ ਨਿਸ਼ਚਲ ਕਰਿ ਸੁਖ ਪਾਵੇ।ਅੰਤਕਾਲ ਕੈਵਲ ਹੁਇ ਜਾਵੇ॥੪੦॥ਸ੍ਰੀ ਗੁਰ ਰਾਮਦਾਸ ਉਪਦੇਸ਼। ਚਾਰਹੁੰ ਸਿੱਖ ਕਮਾਇੰ ਹਮੇਸ਼। ਸੇਵਤਿ ਰਹੇ ਸੁ ਜਾਵਦ[2] ਜੀਵਤਿ। ਅੰਤ ਸਮੀਪੀ ਗੁਰ ਕੇ ਥੀਵਤਿ[3]॥੪੧॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋ ਅੰਸੂ ॥ ੧੮ ॥

## ੧੯. [ ਸ਼੍ਰੀ ਅਰਜਨ ਜੀ ਦੇ ਬਿਨੈ ਪੱਤ੍ਰ ]

ਦੋਹਰਾ ॥ ਜਿਸ ਪ੍ਰਕਾਰ ਸਤਿਗੁਰ ਪਿਤਾ ਕਰਤਿ ਦਿਵਸ ਪ੍ਰਤਿ ਕਾਰ[4]। ਸ਼੍ਰੀ ਅਰਜਨ ਸੰਗਤਿ ਬਿਖੈ ਕਰਤੇ ਤਥਾ ਅਚਾਰ ॥ ੧ ॥ ਚੌਪਈ ॥*ਬੀਤ ਗਯੋ ਲਵਪੁਰਿ ਚਿਰ ਕਾਲ। ਕਰੀ ਨ ਸਤਿਗੁਰ ਪੁੱਤ੍ਰ ਸਮਾਲ। ਜਿਤਿਕ ਨਿਕਟ ਵਰਤੀ ਗੁਰ ਕੇਰੇ।ਸਭਿ ਪ੍ਰਿਥੀਏ ਤੇ ਡਰਹਿਂ†ਘਨੇਰੇ॥੨॥ਤਿਮ ਜਿਸਕੋਰੁਖ਼ ਦੇਖਨ ਕਰਹਿਂ। ਤਿਮ ਬਰਤਹਿ ਅਰੁ ਬਦਨ ਉਚਰਹਿਂ।ਬੋਲਤਿ ਕੋ ਸਨ-ਮਾਨਤਿ ਘਨੇ[5]। ਤਿਸ ਤੇ ਲੇਤਿ ਕਾਜ ਜੋ ਬਨੈ[6] ॥ ੩ ॥ ਸ਼੍ਰੀ ਅਰਜਨ ਕੋ ਸਿਮਰਹਿਂ ਨਾਹਿਨ।ਕਬਿ ਪ੍ਰਸੰਗ ਤੇ ਕਰਹਿਂ‡ ਸਰਾਹਿ ਨ।ਸਭਿ ਪ੍ਰਿਥੀਏ ਤੇ ਕਰਿ ਕੈ ਤ੍ਰਾਸੁ।ਇਸੇ ਸਰਾਹੈਂ ਸੁਗੁਨ ਪ੍ਰਕਾਸ਼[7]॥੪॥ਪੁੱਤ੍ਰ ਪਰਖਬੇ ਹਿਤ ਕਿਹ ਕਾਲ[8]। ਨਹਿਂ ਕਹਿ ਭੇਜਯੋ ਕਬਹਿ ਕ੍ਰਿਪਾਲੁ।–ਹਮ ਨੇ ਆਗਯਾ ਦੀਨਸਿ ਤਾਂਹਿ। ਤਿਸ ਮਹਿਂ ਨਿਸ਼ਚਲ ਰਹੈ ਕਿ ਨਾਂਹਿ ? ॥ ੫ ॥ ਬਿਨਾ ਕਹੇ ਚਲਿ ਆਇ ਅਵਾਸੇ।ਤੌ ਆਇਸੁ ਕੋ ਕਰਹਿ ਬਿਨਾਸੇ। ਜਬਿ ਲੌ ਹਮ ਕਹਿ ਪਠਹਿਂ ਨ ਤਾਂਹੂ। ਤੌ ਲਗ ਇਸਥਿਤ ਰਹਿ ਪੁਰਿ ਮਾਹੂੰ[9] ॥ ੬ ॥ ਤੌ ਆਇਸੁ ਮਹਿਂ ਰਹਿਬੇ ਵਾਰੋ।ਹੋਵਹਿ ਗੁਰਤਾ ਕੇਰ ਅਧਾਰੋ–।ਇਮ ਬਿਚਾਰ ਕਰਿ ਸਿਮਰਯੋ ਨਾਂਹੀ।ਚਿਰੰਕਾਲ ਭਾ ਲਵਪੁਰਿ ਮਾਂਹੀ॥੭॥ ਸੋ ਦਰਸ਼ਨ ਕੋ ਚਾਹਤਿ ਐਸੇ।

[1]ਘੜੇ ਨਾਲ। [2]ਜਦ ਤਕ। [3]ਹੋ ਗਏ। [4]ਹਰ ਰੋਜ਼ ਕਾਰਜ ਕਰਦੇ। [5](ਪ੍ਰਿਥੀਏ) ਦੇ ਬੋਲਣ ਨੂੰ ਘਨਾ ਆਦਰ ਦਿੰਦੇ ਸਨ। [6]ਜੋ ਕੰਮ (ਜੋ ਲੋੜ) ਆ ਬਣੇ ਉਸ (ਪ੍ਰਿਥੀਏ) ਤੋਂ ਲੈਂਦੇ (ਯਾ ਪੂਰੀ ਕਰਦੇ)। [7]ਇਸਦੇ ਸ਼ੁਭ ਗੁਣਾਂ ਨੂੰ ਪ੍ਰਗਟ ਕਰਕੇ। [8]ਕਿਸੇ ਵੇਲੇ ਬੀ। [9]ਭਾਵ ਲਾਹੌਰ ਵਿਚ।

*ਏਥੇ ਛਾਪੇ ਦੇ ਨੁਸਖ਼ੇ ਵਿਚ ਚੌਪਈ ਹੈ ਜੋ ਇਸ ਪ੍ਰਕਾਰ ਹੈ:–'ਤਹਾਂ ਰਹੈਂ ਗੁਰ ਪੁਰਬੀ ਕਰਿਹੀਂ। ਮੁਹਨਿਕਾਦਸ਼ੀ ਨਾਮ ਉਚਰਿਹੀਂ। ਜੋ ਇਸ ਦਿਨ ਮੈਂ ਸੰਗਤਿ ਆਵੈ। ਮਨ ਬਾਂਛਤ ਫਲ ਕੋ ਤਬ ਪਾਵੈ'। ਇਹ ਆਖੇਪਕ ਜਾਪਦੀ ਹੈ,ਕਿਉਂਕਿ ਲਿਖਤੀਆਂ ਵਿਚ ਨਹੀਂ ਹੈ। ਇਕ ਲਿਖਤੀ ਦੇ ਹਾਸ਼ੀਏ ਤੇ ਕਿਸੇ ਨੇ ਛਾਪੇ ਤੋਂ ਉਤਾਰਾ ਕੀਤੀ ਹੈ।

†ਪਾ:–ਦਬਹਿਂ। ‡ਪਾ:–ਕਰਨ।

ਚਾਤ੍ਰਿਕ ਚਿਤਵਤਿ ਘਨ ਕੋ ਜੈਸੇ। ਕਲ[1] ਨਹਿਂ ਪਰਹਿ ਰਿਦੇ ਮਹਿਂ ਕਬੈ। ਪ੍ਰੇਮ ਪ੍ਰਵਾਹ ਬਧਹਿ ਉਰ ਤਬੈ ॥੮॥ ਬਹੁਤ ਬਿਚਾਰਤਿ ਗੁਰ ਗਤਿ ਭਾਰੀ। ਸਿਮਰਤਿ ਪਉੜੀ ਸ਼ਬਦ ਸੁਧਾਰੀ[2]। ਸੋ ਕਾਗਤ ਪਰ ਲਿਖੀ ਬਨਾਇ। ਨਿਜ ਮਨ ਦਸ਼ਾ ਜਥਾ ਅਕੁਲਾਇ ॥ ੯ ॥ (ਸ੍ਰੀ ਮੁਖਵਾਕ:-*)

ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨੈ ਸੰਤ ਪਿਆਰੇ ਜੀਉ ॥ ੧ ॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ ॥

ਚੌਪਈ ॥ ਇਕ ਸਿਖ ਹਾਥ ਸੌਂਪ ਕਰਿ ਦੀਨਸਿ। ਤਿਸ ਕੋ ਸਾਥ ਬਚਨ ਇਮ ਕੀਨਸਿ। 'ਇਹੁ ਅਰਦਾਸ[3] ਲੇਹੁ ਕਰ ਧਾਰੀ। ਦੀਜੈ ਸਤਿਗੁਰ ਕੇਰ ਅਗਾਰੀ ॥ ੧੦ ॥ ਕ੍ਰਿਪਾ ਕਰਹਿਂ ਜਬਿ ਬਾਚਹਿਂ ਏਹਿ। ਬਹੁਰ ਤੋਹਿ ਜਿਮ ਉੱਤਰ ਦੇਹਿਂ। ਸੁਨਿ ਕਰਿ ਸ੍ਰੀ ਸਤਿਗੁਰ ਤੇ ਬੈਨ। ਪੁਨ ਆਵਹੁ ਲਵਪੁਰਿ ਨਿਜ ਐਨ'।੧੧॥ ਸੁਨਿਕੈ ਸ੍ਰੀ ਅਰਜਨ ਤੇ ਤਬੈ। ਲਈ ਪੱਤ੍ਰਿਕਾ ਮਿਲਿ ਸਿਖ ਸਬੈ। ਕਰਿ ਬੰਦਨ ਕੋ ਤਜਾਗਿ ਲਹੌਰ। ਗਮਨਜੋ ਪੰਥ ਸੁਧਾਸਰ ਓਰ॥੧੨॥ ਇਕ ਨਿਸ ਮਗ ਮਹਿ ਬਸਿ ਕਰਿ ਆਯੋ। ਨਿਜ ਮੰਦਰ ਮਹਿਂ ਗੁਰੂ ਸੁਹਾਯੋ। ਗਯੋ ਤਹਾਂ ਕੋ ਲੇ ਅਰਦਾਸੁ। ਜਿਸ ਕੇ ਉਰ ਦਰਸ਼ਨ ਕੀ ਆਸ ॥ ੧੩ ॥ ਬੈਸਯੋ ਪ੍ਰਿਥੀਆ ਊਪਰ ਪੌਰ। ਪਿਖਯੋ ਓਪਰਾ ਸਿਖ ਇਹ ਔਰ। ਬੂਝਯੋ ਕਚਯੋ 'ਕਹਾਂ ਤੇ ਆਯੋ?। ਪਤੀਆ ਕਰ ਤੁਵ[4] ਕਿਨਹੁਂ ਪਠਾਯੋ' ॥੧੪॥ ਸੁਨਿ ਕੈ ਸਿਖ ਨੇ ਸਕਲ ਬਤਾਇਵ। 'ਮੈਂ ਲਵਪੁਰਿ ਤੇ ਚਲਿ ਕਰਿ ਆਇਵ। ਪੱਤ੍ਰੀ ਭੇਜੀ ਅਨੁਜ ਤੁਮਾਰੇ[5]। ਧਰੌਂ ਜਾਇ ਸਤਿਗੁਰੂ ਅਗਾਰੇ ॥੧੫॥ ਜੋ ਉੱਤਰ ਦੇਂ ਸੋ ਲੇ ਜਾਊਂ। ਗੁਰ ਸੁਤ ਲਘੁ ਕੋ ਜਾਇ ਸੁਨਾਊਂ'। ਪ੍ਰਿਥੀਆ ਚਮਕਯੋ 'ਮੋਹਿ ਦਿਖਾਇ। ਮੈਂ ਗੁਰ ਨਿਕਟ ਸੁ ਦੇਊਂ ਪੁਚਾਇ॥੧੬॥ ਤੋਹਿ ਜਾਨ ਕੋ ਅਬ ਨਹਿ ਸਮੋ। ਡੇਰੇ ਜਾਹੁ, ਇਹਾਂ ਕਰਿ ਨਮੋ'। ਖੋਲਿ ਪੱਤ੍ਰਿਕਾ ਪ੍ਰਿਥੀਏ ਹੇਰੀ। ਪਠੀ ਤੁਕਾਂ ਸੁਠ ਲਿਖੀ ਬਡੇਰੀ॥੧੭॥–ਇਹ ਤੌ ਬਾਣੀ ਕਰੀ ਬਨਾਇ। ਚਹੁਂ

[1]ਚੈਨ, ਸ਼ਾਂਤੀ। [2](ਗੁਰੂ ਜੀ ਨੂੰ) ਯਾਦ ਕਰਦਿਆਂ ਸ਼ਬਦ ਦੀ ਪਉੜੀ ਬਣਾਈ। [3]ਚਿੱਠੀ। [4]ਚਿੱਠੀ ਤੇਰੇ ਹੱਥ ਹੈ। [5]ਆਪ ਦੇ ਛੋਟੇ ਭਾਈ ਨੇ।

*ਕਈ ਨੁਸਖਿਆਂ ਵਿਚ ਏਥੇ 'ਮਾਝ ਮਹਲਾ ੫' ਲਿਖਿਆ ਹੈ। ਸ੍ਰੀ ਗੁਰੂ ਜੀ ਨੇ ਇਸ ਵੇਲੇ ਮਾਝ ਮਹਲਾ ੫ ਨਹੀਂ ਲਿਖਿਆ, ਕਿਉਂਕਿ ਅਜੇ ਆਪ ਗੱਦੀ ਤੇ ਨਹੀਂ ਸਨ, ਤੇ ਇਹ ਚਿੱਠੀ ਸੀ।

ਪਤਿਸ਼ਾਹੁਨ ਕੀ ਜਿਸੁ ਭਾਇ॥ਜਿਨ ਮਹਿਂ ਪ੍ਰੇਮ ਜਨਾਵਨ ਕੀਨਸਿ॥ਮਿਲਿਬੇ
ਕੀ ਲਾਲਸ ਮਨ ਭੀਨਸਿ[1] ॥੧੮॥ ਪਠਹਿਂ ਪਿਤਾ ਜਬ, ਤਿਸੈ ਹਕਾਰਹਿਂ[2]।
ਹੁਇ ਪ੍ਰਸੰਨ ਨਿਜ ਥਾਨ ਬਿਠਾਰਹਿਂ। ਇਸ ਕਾਰਨ ਤੇ ਨਹਿਂ ਦਿਖਰਾਵੈਂ।
ਅਪਨੇ ਖੀਸੇ ਬਿਖੈ ਰਖਾਵੈਂ-॥੧੯॥ ਨਹਿਂ ਸਤਿਗੁਰ ਕੇ ਢਿਗ ਪਹੁੰਚਾਈ।
ਰਾਖਿ ਆਪਨੇ ਪਾਸ ਛੁਪਾਈ। ਨਿਸਾ ਗੁਜ਼ਾਰੀ ਕਰਿ ਸਿਖ ਡੇਰਾ। ਆਯਹੁ
ਗੁਰ ਦਰ ਹੋਤਿ ਸਵੇਰਾ ॥੨੦॥ ਪ੍ਰਿਥੀਏ ਨੇ ਅਵਲੋਕਨ ਕੀਨਾ। ਨਿਕਟ
ਹਕਾਰਸਿ ਉੱਤਰ ਦੀਨਾ॥'ਪਠੀ ਪੱਤ੍ਰਿਕਾ[3] ਸਤਿਗੁਰ ਸੋਇ॥ਹਰਖਤਿ ਭਏ
ਕੁਸ਼ਲ ਜੁਤਿ ਜੋਇ॥੨੧॥ਸੁਖ ਆਨੰਦ ਇਤ ਕੋ ਸਭਿ ਦੀਜੈ। ਸ੍ਰੀ ਅਰਜਨ
ਕੇ ਸੰਗ ਕਹੀਜੈ।-ਲਵਪੁਰਿ ਮਹਿਂ ਸੰਗਤਿ ਮਿਲਿ ਰਹਿਯਹਿ। ਸਿੱਖਨ ਤੇ
ਸੇਵਾ ਕੋ ਲਹਿਯਹਿ-॥੨੨॥ ਅਬਿ ਤੁਮ ਗਮਨਹੁ ਕਾਜ ਨ ਆਨਾ'। ਸੁਨਿ
ਸਿਖ ਨੇ ਤਬਿ ਕੀਨ ਪਯਾਨਾ। ਛਲ ਕਰਿ ਗੁਰ ਸੋਂ ਮਿਲਨ ਨ ਦਯੋ। ਭੋਰ
ਹੋਤਿ ਹੀ ਪਠਿਬੋ ਕਿਯੋ[4]॥੨੩॥ਮਗ ਉਲੰਘਯੋ ਪ੍ਰਵਿਸ਼ਯੋ ਲਾਹੌਰ*।ਸ੍ਰੀ ਅਰ-
ਜਨ ਸੋਂ ਮਿਲਿ ਕਰ ਜੋਰਿ। ਬੰਦਨ ਕਰਿਕੈ ਕਹਿ ਸੁ ਪ੍ਰਸੰਗ। 'ਮਿਲਯੋ ਪੈਰ
ਪਰ ਪ੍ਰਿਥੀਏ ਸੰਗ॥੨੪॥ਲਈ ਪੱਤ੍ਰਿਕਾ ਗੁਰ ਢਿਗ ਗਯੋ।ਭੋਰ ਭਈ ਮੁਝ ਸੌਂ
ਕਹਿ ਦਯੋ। -ਕੁਸ਼ਲ ਅਨੰਦ ਦੇਹੁ ਸੁਧਿ ਜਾਇ। ਪਢਿ ਲੀਨਸਿ ਜੋ ਤੈਂ
ਇਤ ਲਯਾਇ-'॥੨੫॥ਸੁਨਿ ਸ੍ਰੀ ਅਰਜਨ ਚਿੰਤ ਉਪਾਈ।-ਮੋਹਿ ਬਿਸਾਰਯੋ
ਪਿਤ ਸੁਖਦਾਈ।ਦੂਰ ਰਹੇ ਨਿਤ ਹੋਹਿ ਨ ਪਯਾਰੂ। ਢਿਗ ਵਰਤੀ ਸੰਗ ਪ੍ਰੇਮ
ਉਦਾਰੂ[5]॥੨੬॥ਪਠੀ ਪੱਤ੍ਰਿਕਾ, ਉੱਤਰ ਨ ਲਿਖਯੋ। ਮੁਝ ਸੋਂ ਪ੍ਰੇਮ ਨ, ਯਾਂਤੇ
ਪਿਖਯੋ।ਅੰਤਰਯਾਮੀ ਗੁਰੂ ਉਦਾਰੇ। ਜਾਨਯੋ ਕਿਮ ਨਹਿਂ ਪ੍ਰੇਮ ਹਮਾਰੇ॥੨੭॥
ਦਰਸ਼ਨ ਕੋ ਚਾਹਤਿ ਦਿਨ ਰੈਨ। ਜਲ ਜੁਤਿ[6] ਰਹੇ ਤਰਸਤੇ ਨੈਨ। ਦੀਨ
ਜਾਨ ਮੁਝ ਕਬਹਿ ਬੁਲਾਵਹਿਂ।ਸਿਰ ਪਰ ਕਰ ਫੇਰਹਿਂ ਹਰਿਖਾਵਹਿਂ॥੨੮॥ਸੇ
ਬਡਿਭਾਗੀ ਰਹੈਂ ਜੁ ਪਾਸਿ।ਮੁਖ ਪਿਖਿ ਬਚ ਸੁਨਿ ਪੁਰਵਹਿਂ ਆਸ। ਹੌਂ ਨਿਰ-
ਭਾਗ ਬਿਯੋਗੀ ਹੋਵਾ। ਚਿਰ ਬੀਤਯੋ ਨਹਿ ਦਰਸ਼ਨ ਜੋਵਾ-॥ ੨੯ ॥ ਇਮ
ਚਿਤਵਤਿ ਚਿਤਿ ਚਿੰਤ ਬਿਸਾਲਾ।ਬੀਤ ਗਯੋ ਪੁਨ ਕੇਤਿਕ ਕਾਲਾ। ਦੁਤਿਯ

[1]ਮਿਲਨੇ ਦੀ ਲਾਲਸਾ ਵਿਚ ਮਨ ਭਿੱਜਾ ਹੋਇਆ (ਜਣਾਯਾ ਹੈ)। [2]ਜਦੋਂ ਪਿਤਾ ਜੀ (ਏਹ ਚਿੱਠੀ) ਪੜ੍ਹਨਗੇ ਤਾਂ (ਨਿਸ਼ਚੇ ਛੋਟੇ ਭਾਈ ਨੂੰ) ਬੁਲਾ ਘੱਲਣਗੇ। [3]ਪੜ੍ਹੀ ਹੈ ਚਿੱਠੀ। [4]ਭੇਜ ਦਿੱਤਾ। [5]ਸਮੀਪੀਆਂ ਨਾਲ ਪ੍ਰੇਮ ਬੜਾ ਹੁੰਦਾ ਹੈ। [6]ਅੱਥ੍ਰੂਆਂ ਨਾਲ ਭਰੇ।

*ਪਾ-ਪਰਵਸਿਓ ਲਹੌਰ।

ਸ਼ਬਦ ਕੋ ਪਦ ਰਚਿ ਲੀਨਾ।ਲਿਖ ਕਾਗਦ ਪਰ ਪਵ੍ਰਿਬੋ*ਕੀਨ॥੩੦॥ਤਿਸੀ ਸਿੱਖ ਕੋ ਬਹੁਰ ਪਠਾਵਾ। 'ਜਾਹੁ ਅਬਹਿ ਸਤਿਗੁਰ ਜਿਸ ਭਾਵਾ'। ਸੋ ਪਦ ਸ਼ਬਦ ਕਹੌਂ† ਲਿਖਿ ਅਬੈ। ਦਰਸ਼ਨ ਪਜਾਸ ਭਨੀ ਬਿਚ ਤਬੈ ॥੩੧॥

(ਸ਼੍ਰੀ ਮੁਖਵਾਕ:—) ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰੁ ਹੋਆ ਦੇਖੇ ਸਾਰਿੰਗ ਪਾਣੀ ॥ ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥ ੨ ॥ ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥ ੧ ॥ ਰਹਾਉ ॥

ਚੌਪਈ॥ਕਾਗਦ ਕੋ ਸਕੇਲ[1] ਕਰਿ ਦੀਨਾ। ਸਿਖ ਨੇ ਲੇ ਕਰਿ ਪਜਾਨਾ ਕੀਨ॥ ਸੁਧਾ ਸਰੋਵਰ ਕੋ ਚਲਿ ਆਇਵ। ਤੁਰਨਿ ਦੁਰੇ ਗੁਰ ਦਰ ਦਰਸਾਇਵ[2] ॥੩੨॥ਤਿਸ ਛਿਨ ਹੋਤਿ ਸਦਨ ਕੇ ਮਾਂਹਿ[3]। ਵਹਿਰ ਨ ਹੁਤੇ ਮਿਲਹਿਂ ਕਿਸ ਪਾਹਿ। ਥਿਰਜੋ ਪੌਰ ਪੁਰ ਘਟਿਕਾ ਜਬੈ। ਪ੍ਰਿਥੀਆ ਨਿਕਸਜੋ ਘਰ ਤੇ ਤਬੈ॥ ੩੩ ॥ ਬੈਠਜੋ ਸਿੱਖ ਪਛਾਨਜੋ ਸੋਈ। ਲਖਜੋ—ਅਨੁਜ ਕਛੁ ਭੇਜਜੋ ਹੋਈ—। ਨਿਕਟ ਹਕਾਰਜੋ ਪੁਛਨ‡ ਕੀਨ।ਸਿਖ ਨੇ ਕਾਢ ਪੱਤ੍ਰਿਕਾ ਦੀਨ॥੩੪॥ਖੋਲਿ ਪਢਜੋ ਸੰਕਟ ਭਾ ਐਸੇ। ਲਗਜੋ ਸੇਲ ਕਰਕਤਿ[4] ਉਰ ਜੈਸੇ। —ਰਚਨ ਲਗਜੋ ਅਬਿ ਨਿਤਿਪ੍ਰਤਿ ਬਾਨੀ। ਗੁਰ ਕੀ ਕੀਰਤਿ ਬੀਚ ਬਖਾਨੀ॥੩੫॥ ਜਿਮ ਪਿਤ ਰਚਹਿਂ ਤਥਾ ਸੋ ਕਰਿਹੀ। ਰੀਝਹਿਂ ਸਤਿਗੁਰ ਜਬਹਿ ਨਿਹਰਿਹੀਂ—।ਤਬਿ ਸਿਖ ਕੋ ਡੇਰਾ ਕਰਿਵਾਇ। ਕਹਤਿ ਭਜੋ'ਮੈਂ ਦਿਉਂ ਪਹੁੰਚਾਇ' ॥੩੬॥ਖੀਸੇ ਪਾਇ ਸਦਨ ਨਿਜ ਗਯੋ। ਨਿਸਾ ਬਿਤਾਇ ਬੁਲਾਵਨ ਕਯੋ। 'ਸ਼੍ਰੀ ਅਰਜਨ ਪਾਤੀ ਜੁ ਪਠਾਇ। ਗੁਰੂ ਪਿਤਾ ਪਠਿ ਕਰਿ ਹਰਖਾਇ॥੩੭॥ ਕੁਸ਼ਲ ਛੇਮ ਸਭਿ ਜਾਨੀ ਗਈ।ਹੈ ਅਨੰਦ ਇਤ ਤੇ ਸੁਧ ਦਈ। ਲਵਪੁਰਿ ਕੋ ਅਬਿਕਰੋ ਪਯਾਨ।ਇਮ ਤਿਨਸੋਂ ਸਤਿਗੁਰੂ ਬਖਾਨ॥੩੮॥—ਧਰਮਸਾਲ ਕੀ ਸੇਵ ਕਰਾਵਹੁ।ਸਭਿ ਸੰਗਤਿ ਕੋ ਮੇਲ ਬਨਾਵਹੁ।ਸਤਿ ਸੰਗਤ ਹੈ ਦਰਸ ਹਮਾਰਾ।ਮਿਲਹੁ ਕਰਹੁ ਸਿੱਖਨ ਨਿਸਤਾਰਾ—'॥੩੯॥ਸੁਨਿਕੈ ਤਿਹਕੀਨਸਿ ਪ੍ਰਸਥਾਨਾ[5]। ਪ੍ਰਿਥੀਏ ਤਬੈ ਬਿਚਾਰਨ ਠਾਨਾ॥—ਖਸ਼ਟ ਬਰਖ ਕਛੁ ਊਪਰ ਮਾਸ। ਪਿਤ ਕੀ ਬਯ ਤਬਿ ਲਗ ਹੈ ਸਾਸ ॥੪੦॥ ਸਮਾਂ ਸਮੀਪ ਆਇ ਸੋ ਗਇਊ। ਗੁਰਤਾ ਤਿਲਕ ਤਬਹਿ ਮੈ ਲਇਊਂ।ਤਾਵਦ ਅਰਜਨ ਮਿਲਹਿ

[1]ਲਪੇਟ ਕੇ। [2]ਸੂਰਜ, ਛੁਪੇ ਗੁਰਾਂ ਦਾ ਦਰਵਾਜਾ ਡਿੱਠਾ। [3](ਗੁਰੂ ਜੀ)ਅੰਦਰ ਸਨ। [4]ਰੜਕਦਾ ਹੈ। [5]ਜਾਣਾ। *ਪਾ:—ਪਠਬੋ। †ਪਾ:—ਕੁ ਹੈਂ। ‡ਪਾ:—ਬੂਝਨ।

ਨ ਆਇ। ਭ੍ਰਾਤ ਸ਼ਰੀਕ ਸੰਸ ਉਪਜਾਇ[1] ॥੪੧॥ ਨਿਰਸੰਦੇਹ ਮੈਂ ਪਿਤਾ ਪਿਛਾਰੀ।ਬਹੁਰ ਨ ਬੋਲਹਿ ਮੋਹਿ ਅਗਾਰੀ[2]। ਗਾਦੀ ਪਰ ਮੇਰੋ ਅਧਿਕਾਰੂ। ਦੂਰਨੋ ਨ, ਜਾਨਹਿਂ ਸਭਿ ਸੰਸਾਰੂ॥੪੨॥ਪਿਤਾ ਜਿਯਤ ਲੌ ਸੰਸੈ ਹੋਈ।ਰਹਿਂ ਪ੍ਰਤਿਕੂਲ ਸਦਾ ਦਿਸ਼ ਮੋਹੀ[3]। ਜੇ ਅਰਜਨ ਢਿਗ ਆਇ ਨ ਤਾਵਤ। ਨੀਕੀ ਬਾਤ ਮਾਨਹੌਂ ਜਾਵਤ[4]–॥੪੩॥ ਇੱਤਯਾਦਿਕ ਬਹੁ ਰਿਦੈ ਬਿਚਾਰੈ। ਹੋਤਿ ਨ ਗੁਰ ਆਇਸੁ ਅਨੁਸਾਰੈ। ਧਨ,ਬੁਧਿ,ਬਲ ਤੇ ਚਹਿ ਗੁਰਿਆਈ। ਸਰਬੱਗਜਨ ਢਿਗ ਤੇ ਕਿਮ ਪਾਈ[5]॥੪੪॥ ਗਯੋ ਸਿੱਖ ਲਵਪੁਰੀ ਮਝਾਰੀ। ਸ਼੍ਰੀ ਅਰਜਨ ਢਿਗ ਸਕਲ ਉਚਾਰੀ।'ਬਿਨਾਕਹੇ ਪ੍ਰਿਥੀਏ ਨੇ ਲੀਨੀ। ਗੁਰ ਢਿਗ ਦਈ ਕਿਧੌਂ ਨਹਿ ਦੀਨੀ॥ ੪੫॥ ਝੂਠੋ ਸੋ ਬੋਲਤਿ ਲਖਿ ਪਾਇਵ। ਕੀਨਸਿ ਮੋਹਿ ਬਿਦਾ ਉਤਲਾਇਵ।ਨਹਿਂ ਪੂਰਬਮੈਂ ਤਿਹ ਛਲ ਜਾਨਾ।ਅਬਿ ਕੇ ਮਤਸਰ ਸਹਤ ਪਛਾਨਾ॥੪੬॥ ਗੁਰ ਸੋਂ ਮਿਲਨ ਨਹੀਂ ਮੁਝ ਦਯੋ।ਤੂਰਨ ਕਰਿਕੈ ਭੇਜਨ ਕਯੋ।ਤਬਿ ਮੈਂ ਜਾਨਯੋ ਕਪਟ ਕਰੰਤਾ।ਚਲਯੋ ਨ ਬਸ, ਮੈਂ ਆਇ ਤੁਰੰਤਾ'॥੪੭॥ਸਭਿ ਸੰਗਤਿ ਜੁਤਿ ਸੁਨਯੋ ਬ੍ਰਿਤੰਤ।ਜਾਨਯੋ ਪ੍ਰਿਥੀਆ ਛਲੀ ਛਲੰਤ। ਨਿਸ਼ਚੈ ਸ਼੍ਰੀ ਅਰਜਨ ਉਰ ਜਾਨਾ।–ਕਰਹਿ ਸ਼ਰੀਕ ਪਨੋ ਛਲ ਸਾਨਾ–॥੪੮॥ਬਹੁਰ ਤ੍ਰਿਤੀਪਦ ਸ਼ਬਦ ਬਨਾਇਵ। ਮਿਲਿਨਿ ਪਯਾਸ ਕੋ ਅਧਿਕ ਜਨਾਇਵ।ਲਿਖਿ ਕਾਗਦ ਪਰ ਇਕਠੋ ਕੀਨ। ਲਿਖੌਂ ਇਹਾਂ ਸੋ ਪਾਠ ਪ੍ਰਬੀਨ !:–॥੪੯॥ (ਸ੍ਰੀ ਮੁਖ ਵਾਕ:–)

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥ ੩ ॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥ ੧ ॥ ਰਹਾਉ॥

ਚੌਪਈ॥ ਕਹਿ ਸਿੱਖ ਕੋ ਨੀਕੇ ਸਮਝਾਯੋ।'ਅਬਿ ਕੇ ਜਾਹੁ ਗੁਰੂ ਜਿਸ ਥਾਯੋ।ਮਿਲਹੁ ਨ ਪ੍ਰਿਥੀਏ ਕੋ ਤਹਿਂ ਜਾਇ। ਜਬਿ ਗੁਰ ਸੰਗਤਿ ਬੈਠਹਿਂ ਆਇ॥੫੦॥ਤਬਹਿ ਅਚਾਨਕ ਜਾਵਹੁ ਪਾਸ।ਕਰਹੁ ਸਮਰਪਨ ਇਹੁ ਅਰਦਾਸ[6]।

[1]ਭਰਾ ਸ਼ਰੀਕ (ਹੁੰਦਾ ਹੈ, ਇਹ ਗਲ ਮੈਨੂੰ) ਸੰਸਾ ਉਪਜਾਉਂਦੀ ਹੈ। [2]ਤੇ ਪਿਤਾ ਜੀ ਤੋਂ ਪਿਛੋਂ ਤਾਂ ਮੈਂ ਬੇ ਖਟਕੇ ਹੋਸਾਂ,ਭਾਵ ਜੇ ਮੈਂ ਗਦੀ ਲੈ ਲਈ ਤਾਂ ਉਨ੍ਹਾਂ ਤੋਂ ਪਿਛੋਂ ਮੇਰੇ ਸਾਹਮਣੇ ਛੋਟਾ ਭਿਰਾ ਬੋਲ ਨਹੀਂ ਸਕੇਗਾ। [3]ਪਿਤਾ ਜੀ ਸਦਾ ਮੇਰੇ ਤੋਂ ਉਲਟੇ ਰਹਿੰਦੇ ਹਨ। [4]ਜਦ ਤਾਈਂ (ਪਿਤਾ ਜੀ ਜੀਉਂਦੇ ਹਨ) ਤਦ ਤਾਂਈ ਜੇ ਅਰਜਨ ਪਾਸ ਨਾ ਆਵੇ ਤਾਂ ਮੈਂ ਸਮਝਦਾ ਹਾਂ ਕਿ ਇਹੋ ਗਲ ਚੰਗੀ ਹੈ। [5](ਪਰ) ਸਭ ਤਰ੍ਹਾਂ ਦੀ ਜਾਣਨ ਵਾਲਿਆਂ ਪਾਸੋਂ (ਲੈਉ) ਕਿਵੇਂ ਮਿਲੇ। [6]ਭਾਵ ਦਿਓ ਇਹ ਚਿਠੀ।

ਹਮ ਦਿਸ਼ ਤੇ ਬੰਦਨ ਕੋ ਕਰੀਅਹਿ। ਕਰ ਜੋਰਹੁ ਚਰਨਨ ਸਿਰ ਧਰੀਅਹਿ' ॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪੱਤ੍ਰਿਕਾ ਪਠਨ ਸ੍ਰੀ ਅਰਜਨ' ਪ੍ਰਸੰਗ ਬਰਨਨੰ ਨਾਮ ਏਕ ਊਨਿਬਿੰਸਤੀ ਅੰਸੂ ॥ ੧੯ ॥

੨੦. [ਸ੍ਰੀ ਅਰਜਨ ਜੀ ਲਾਹੌਰੋਂ ਬੁਲਾਏ]।

ਦੋਹਰਾ॥'ਮਿਲਹੁ ਨ ਪ੍ਰਿਥੀਏ ਕੋ ਪ੍ਰਿਥਮ' ਸਮੁਝਾਯੋ ਬਹੁ ਬ੍ਰਾਗ ਦਈ ਪੱਤ੍ਰਿਕਾ ਸਿੱਖ ਕਰ, ਗੁਰ ਕੋ ਬੰਦਨ ਧਾਰਿ ॥੧॥ ਚੌਪਈ॥ਧਯਾਨ ਪਿਤਾ ਗੁਰ ਕੋ ਉਰ ਧਰਿਓ।ਮਨ ਕਰਿ ਪਗ ਪ੍ਰਨਾਮ ਕੋ ਕਰਿਓ।–ਰਿਦੇ ਪ੍ਰੇਮ ਕੀ ਖੈਂਚ ਬਿਸਾਲੇ। ਕਿਉਂ ਨਹਿਂ ਜਾਨਹੁੰ ਮੋਰ ਹਵਾਲੇ ॥ ੨ ॥ ਦੀਨ ਬੰਧੁ ਪ੍ਰਭੁ ਅੰਤਰਜਾਮੀ !। ਕ੍ਰਿਪਾਸਿੰਧੁ ਸੁਖਦਾਇਕ ਸ੍ਵਾਮੀ !। ਦਿਨ ਮਹਿਂ ਖਾਨ ਪਾਨ ਨਹਿਂ ਭਾਵਤਿ। ਨਿਸ ਮਹਿਂ ਪਰ੍ਹੇ ਨੀਂਦ ਨਹਿਂ ਆਵਤਿ॥੩॥ਲਖਯੋ ਨਿਲਾਇਕ ਮੋਹਿ ਭੁਲਾਇਵ।ਦਰਸ਼ਨ ਕੋ ਨਿਤ ਚਿਤ ਅਕੁਲਾਇਵ–।ਇੱਤਯਾਦਿਕ ਅਨੇਕ ਮਨ ਗਿਨਤੀ।ਅੰਤਰ ਗਤੀ ਕਰਤਿ ਚਿਤ ਬਿਨਤੀ[1] ॥ ੪ ॥ ਸਤਿਗੁਰ ਜਾਨਹਿਂ ਉਰ ਕੋ ਪ੍ਰੇਮ। 'ਪ੍ਰੇਮ ਬਸੀ ਹੁਇ' ਜਿਨ ਕੋ ਨੇਮ। ਪਰਖਹਿਂ–ਸੁਤਿ ਆਇਸੁ ਅਨੁਸਾਰੀ–।ਦੇਨਿ ਹੇਤ ਜਗ ਗੁਰਤਾ ਭਾਰੀ ॥ ੫ ॥ ਲਵਪੁਰਿ ਤੇ ਲੇ ਕਰਿ ਅਰਦਾਸ। ਗਮਨਯੋ ਸਿੱਖਨ ਧਰੇ ਗੁਰ ਆਸ। ਮਗ ਉਲੰਘਿ ਸਗਰੋ ਕ੍ਰਮ ਕਾਰਿਕੈ।–ਮਿਲੌਂ ਹਜੂਰ ਸਮੋ ਸੁਬਿਚਰਿਕੈ–॥੬॥ਜਬ ਦਿਨ ਜਾਮ ਰਹਯੋ ਤਬਿ ਆਇਵ।–ਪਿਖਹਿ ਨ ਪ੍ਰਿਥੀਆ–ਆਪ ਬਚਾਇਵ। ਸਤਿਗੁਰ ਜਹਾਂ ਦਿਵਾਨ ਲਗਾਇਵ।ਪ੍ਰਵਿਸ਼ਯੋ ਤਹਾਂ ਅਚਾਨਕ ਜਾਇਵ॥੭॥ਹਾਥ ਜੋਰਿ ਬੰਦਨ ਕੋ ਠਾਨੀ। ਪੁਨ ਸੰਗਤਿ ਕੀ ਨਮੋ ਬਖਾਨੀ। ਕਰ ਪਰ ਧਰਿ ਅਰਦਾਸ ਅਗਾਰੀ। ਸ੍ਰੀ ਅਰਜਨ ਕੀ ਅਰਜ਼ ਉਚਾਰੀ ॥੮॥ ਸੁਨਿ ਸ੍ਰੀ ਰਾਮਦਾਸ ਨੇ ਲੀਨਸਿ।ਖੋਲਿ ਪੱਤ੍ਰਕਾ ਦੇਖਿਨਿ ਕੀਨਸਿ।–ਮਹਦ ਪ੍ਰੇਮ ਤੇ ਦਰਸ਼ਨ ਚਾਹੂ। ਨਹੀਂ ਸ਼ਾਂਤਿ ਨਿਸ ਬਾਸੁਰ ਮਾਂਹੂ॥੯॥ਪ੍ਰੇਮ ਮਹਾਂ ਤੇ ਬਯਾਕੁਲ ਹੋਵਾ। ਹਮਰੇ ਬਿਰਹਾਤੁਰ[2] ਸੁਤ ਜੋਵਾ–। ਜਾਨਿ ਦਸ਼ਾ ਲੋਚਨ ਭਰਿ ਆਏ। ਰੁਕਯੋ ਕੰਠ ਨਹਿਂ ਬੋਲਯੋ ਜਾਏ॥੧੦॥–ਪੁੱਤ੍ਰਨ ਬਿਖੇ ਟੇਕ ਇਨ ਰਾਖੀ[3]। ਰਹਿ ਆਇਸੁ ਮਹਿਂ ਦਰਸ਼ਨ ਕਾਂਖੀ।ਸਰਬ ਸਹਾਰਹਿ ਗੁਰਤਾ ਭਾਰ। ਅਜਰ ਜਰਹਿ ਗੋ, ਨਹਿਂ ਹੰਕਾਰਿ[4]॥੧੧॥ਰਾਖੀ ਸੋਢਿ ਬੰਸ ਬਡਿਆਈ। ਨਹੀਂ ਜਾਨ ਦੀਨਸਿ

[1]ਚਿਤ ਵਿਚ ਹੀ ਅੰਤਰ ਗਤੀ ਵਾਲੀ ਬੇਨਤੀ ਕਰਦੇ ਹਨ। [2]ਵਿਛੋੜੇ ਕਰ ਦੁਖੀ। [3]ਭਾਵ ਗੁਰਸਿੱਖੀ ਦੀ ਭਾਵਨਾਂ ਦੀ ਪ੍ਰਤੱਗਜਾਂ ਤਿੰਨਾਂ ਪੁਤ੍ਰਾਂ ਵਿਚੋਂ ਇਸ ਨੇ ਨਿਬਾਹ ਲਈ ਹੈ; ਅਰਥਾਤ ਇਹ ਪੂਰੇ ਉਤਰੇ ਹਨ। [4](ਇਸ ਪੁੱਤ੍ਰ ਵਿਚ) ਹੰਕਾਰ ਨਹੀਂ ਹੈ।

ਕਿਸ ਥਾਈਂ। ਤੁਕੈਂ ਸ਼ਬਦ ਕੀ ਰੁਚਿਰ ਬਨਾਈ। ਬਾਨੀ ਰਚਹਿ ਨਰਨ ਗਤਿਦਾਈ॥੧੨॥ਹਮਰੀ ਆਗਯਾ ਬੰਧਨ ਮਾਂਹੀ। ਰਹਯੋ ਸਥਿਤ, ਮੇਟੀ ਜਿਸ ਨਾਂਹੀ–।ਪ੍ਰੇਮ ਬਿਖੈ ਬਿਹਬਲ ਹੁਇ ਰਹੇ। ਅਤਿ ਪ੍ਰਸੰਨ ਮਨ ਬਚ ਤਬਿ ਕਹੇ ॥੧੩॥ 'ਦੇਖਹੁ ਭਾਈ ਬਿਧ ! ਸੁਤ ਅਰਜਨ। ਪ੍ਰੇਮ ਬਿਖੇ ਲਿਖਿ ਅਪਨੀ ਅਰਜ਼ਨਿ[1]।ਪਠੀ ਇਹਾਂ ਸੋ ਪਠੀ ਬਨਾਇ[2]। ਤੁਕਾਂ ਸ਼ਬਦ ਕੀ ਸੁੰਦਰ ਭਾਇ ॥੧੪॥ ਚਿਰ ਹੋਯੋ ਲਵਪੁਰੀ ਪਠਾਯੋ। ਲਈ ਨ ਹਮ ਸੁਧ, ਚਿਤ ਅਕੁ-ਲਾਯੋ।ਅਬਿ ਤਹਿਂ ਤੁਮਰੋ ਪਹੁੰਚਨ ਬਨੈ। ਆਨਹੁ ਤਿਨਹਿਂ ਪ੍ਰੇਮ ਮਨ ਸਨੈ' ॥ ੧੫ ॥ ਸੁਨਿ ਸਤਿਗੁਰ ਤੇ ਤਬਿ ਬ੍ਰਿਧ ਭਾਈ। ਸ੍ਰੀ ਅਰਜਨ ਕੀ ਬਹੁ ਬਡਿਆਈ। ਲਗਯੋ ਸਰਾਹਨਿ'ਸ਼ੀਲ ਬਿਸਾਲ। ਲੇਸ਼ ਹੰਕਾਰ ਨਹੀਂ ਕਿਸ ਕਾਲ॥੧੬॥ਰਾਵਰ ਕੀ ਆਇਸੁ ਕੋ ਪਾਇ।ਹੋਤਿ ਪ੍ਰਾਤ ਕੇ ਲਵਪੁਰਿ ਜਾਇ। ਮੈਂ ਆਨਹੁੰ ਗੋ ਅੰਮ੍ਰਿਤਸਰ ਮੈਂ।ਜਿਨਕੇ ਅਤੀ ਲਾਲਸਾ ਉਰ ਮੈਂ*'॥੧੭॥ ਇਮ ਕਹਿ ਸੁਨਿਕੈ ਨਿਸਾ ਬਿਤਾਈ। ਚਲਤਿ ਭਯੋ ਮਗ ਬੁੱਢਾ ਭਾਈ। ਏਕ ਨਿਸਾ ਬਸਿ ਕੈ ਪੁਰਿ ਗਯੋ।ਧਰਮਸਾਲ ਮਹਿਂ ਪ੍ਰਾਪਤਿ ਭਯੋ॥੧੮॥ਦੇਖਿ ਇਸੇ ਸਿਖ ਜੋ ਸਮੁਦਾਈ। ਸ਼੍ਰੀ ਅਰਜਨ ਜੁਤਿ ਉਠਿ ਅਗੁਵਾਈ। ਬੰਦਨ ਕਰੀ ਪਰਸਪਰ ਮਿਲੇ। ਬੈਠਾਰਯੋ ਕਰਿ ਆਦਰ ਭਲੇ॥੧੯॥ ਗੁਰ ਦਿਸ਼ ਕੇ ਸੁਨਿਕਰਿ ਸੰਦੇਸ਼।ਭਯੋ ਸਭਿਨਿ ਕੋ ਹਰਖ ਵਿਸ਼ੇਸ਼।'ਆਯਹੁ ਤੁਮਹੁ ਲੇਨਿ' ਸੁਨਿ ਐਸੇ।ਬਚਨ ਪੁਟਨ ਪੀ ਅੰਮ੍ਰਿਤ ਜੈਸੇ ॥ ੨੦ ॥ ਭਯੋ ਅਨੰਦ ਸੁ ਬਰਨੈ ਕੌਨ।ਲਹਯੋ ਕਲਪਤਰੁ ਮਾਨਹੁ ਭੌਨ[3]।ਸੁਖ ਸੋਂ ਬਸ ਕਰਿ ਨਿਸਾ ਬਿਤਾਈ। ਪੁਨਾ ਸੰਹਾਰੀ ਮਿਲੇ ਸੁ ਜਾਈ ॥੨੧॥ ਅਪਰ ਬੰਧੁ ਗਨ[4] ਸਭਿ ਸੋਂ ਮਿਲੇ। ਗੁਰਮੁਖ ਸਿੱਖਯ ਪ੍ਰੇਮ ਕਰਿ ਭਲੇ। ਗੁਰ ਸੁਤ ਸੋਂ ਮਿਲਿ ਮਿਲਿ ਕਰਿ ਨਮੋ। ਬਿਛੁਰਨ ਤੇ ਸੰਕਟ ਤਿਹ ਸਮੋਂ ॥੨੨॥ ਸ਼੍ਰੀ ਅਰਜਨ ਪਿਖਿ ਸੰਗਤ ਸਾਰੀ। ਧੀਰ ਦਈ'ਕੀਜਹਿ ਸੁਖ ਭਾਰੀ।ਸੁਧਾ ਸਰੋਵਰ ਮੇਲੇ ਆਵਹੁ।ਮਿਲਹੁ ਗੁਰੂ ਦਰਸਹੁ ਹਰਖਾਵਹੁ'॥੨੩॥ਭਏ ਸਕਟ[5]ਆਰੂਢ ਤੁਰੰਤੇ।ਜੁਤੇ ਬ੍ਰਿਖਭ ਭਾਰੀ ਬਲਵੰਤੇ। ਗ੍ਰੀਵ ਬਿਭੂਖਨ ਬਾਜਹਿਂ ਚਾਲਤਿ[6]। ਮਗ ਮਹਿਂ ਉਤਲਾਵਤਿ ਪਗ ਡਾਲਤਿ[7] ॥੨੪॥ ਭਾਈ ਬੁੱਢਾ ਸੰਗ ਚਢਾਯੋ। ਕਰੇ ਸ਼ੀਘ੍ਰਤਾ ਸਕਟ

[1]ਬੇਨਤੀਆਂ। [2]ਭੇਜੀ ਇੱਥੇ ਸੋ ਪੜ੍ਹੀ ਹੈ ਅਸਾਂ ਚੰਗੀ ਤਰ੍ਹਾਂ। [3]ਮਾਨੋ ਘਰ ਵਿਚ ਕਲਪ ਬ੍ਰਿੱਛ ਮਿਲ ਗਿਆ। [4]ਸਾਕਾਂ ਨੂੰ। [5]ਬਹਿਲ, ਗਡੇ ਤੇ। [6](ਬੈਲਾਂ ਦੇ) ਗਲੇ ਵਿਚ ਗਹਣੇ (ਟੱਲੀਆਂ) ਚਲਦਿਆਂ ਵੱਜਦੇ ਹਨ। [7]ਭਾਵ ਛੇਤੀ ਟੁਰਦੇ ਹਨ।

*ਪਾ:–ਜਿਨਕੇ ਅਤਿ ਲਾਲਸ ਹੈ ਉਰਮੇ।

ਚਲਾਯੋ। ਬ੍ਰਿਖਭਨਿ ਪ੍ਰੇਰਕ[1] ਕੋ ਧਨ ਦੀਨਾ।ਗਮਨੋ ਮਾਰਗ ਕੋ ਸੁਖਕੀਨਾ ।੨੫।।ਤ੍ਰਿਪਤਾਇ ਦੈ ਬ੍ਰਿਖਭ ਅਹਾਰਾ। ਚਲੇ ਜਾਹਿਂ ਨਹਿਂ ਲਗੇ ਅਵਾਰਾ। ਤੀਨ ਜਾਮ ਮਹਿਂ ਪਹੁੰਚੇ ਜਾਈ। ਦੇਖਿ ਸੁਧਾਸਰ ਗ੍ਰੀਵ ਨਿਵਾਈ ॥੨੬॥ ਪਿਤ ਮਿਲਿਬੇ ਕੋ ਅਨੰਦ ਬਿਚਾਰਹਿਂ। ਲੋਚਨ ਤੇ ਜਲਬੂੰਦਨ ਡਾਰਹਿਂ। ਬਹੁਤ ਦਿਵਸ ਕੋ ਬਿਰਹਿ ਬਿਦਾਰਹਿਂ। 'ਘਟੀ ਆਜ ਕੀ ਧੰਨ' ਉਚਾਰਹਿਂ ॥ ੨੭ ॥ ਸਤਿਗੁਰ ਜਿਸ ਥਲ ਸਭਾ ਲਗਾਈ। ਉਤਰੇ ਆਨਿ ਸੰਗ ਬ੍ਰਿਧ ਭਾਈ। ਪਿਖੇ ਦੂਰ ਤੇ ਸਤਿਗੁਰ ਭਾਨੁ। ਕਮਲ ਪ੍ਰਫੁੱਲਤ ਬਦਨ ਮਹਾਂਨ ॥ ੨੮॥ਪੂਰਨ ਚੰਦ ਪਿਤਾ ਕੀ ਓਰਾ। ਲੋਚਨ ਕੀਨ ਚਕੋਰਨ ਜੋਰਾ। ਨੀਠ ਨੀਠ ਪਹੁੰਚੇ ਢਿਗ ਜਾਇ। ਪਰੇ ਚਰਨ ਪੰਕਜ ਉਤਲਾਇ ॥ ੨੯ ॥ ਦ੍ਰਿਗ ਜਲ ਤੇ ਪਗ ਮਨੋ ਪਖਾਰੇ[2]।ਪ੍ਰੇਮ ਨਿਮਗਨ ਸਪੂਤ ਨਿਹਾਰੇ। ਪਕਰਿ ਭੁਜਾ ਤਤਕਾਲ ਉਠਾਇ। ਭਰੇ ਅੰਕ ਦੇਖਤਿ ਹਰਿਖਾਇ॥੩੦॥ਅਧਿਕ ਪ੍ਰੀਤ ਸੋਂ ਲਾਇਵ ਛਾਤੀ। ਮਸਤਕ ਸੂੰਘ ਲਈ ਜਨੁ ਬਾਤੀ[3]। 'ਸੋਢੀ ਕੁਲ ਕੀ ਰਾਖਿ ਬਡਾਈ।ਹੇ ਸਪੂਤ ! ਕਰਿ ਹੈਂ ਅਧਿਕਾਈ॥੩੧॥ਗੁਰਤਾ ਭਾਰ ਧਾਰਿਬੇ ਬਲੀ। ਮਹਾਂ ਧੀਰ ਹੋਯਹੁ ਬਿਧਿ ਭਲੀ'। ਤਬਿ ਮੰਗਵਾਇਵ ਪਠੀ ਜੁ ਪਾਤੀ। ਪਠੀ ਆਪ ਕਰਿ ਸੀਤਲ ਛਾਤੀ॥੩੨॥'ਸੁਨਹੁ ਪੁੱਤ੍ਰ ! ਜਬਿ ਕੇ ਤੁਮ ਗਵਨੇ, ਏਕ ਪੱਤ੍ਰਿਕਾ ਭੇਜੀ ਭਵਨੇ। ਲਵਪੁਰਿ ਬਿਖੇ ਰਹੇ ਚਿਰਕਾਲ। ਮਿਲੇ ਰਹੇ ਸਤਿਸੰਗਤਿ ਜਾਲ[4]॥੩੩॥ਅਪਰ ਪੱਤ੍ਰਿਕਾ ਕਯੋਂ ਨ ਪਠਾਈ।ਲਿਖਨਿ ਬਿਖੈ ਮਤਿ ਅਤਿ ਚਤੁਰਾਈ। ਪਠੀ ਏਕ ਤੱਦਨਪਿ ਕਸਾ ਕੀਨਾ ?।ਅੰਕ ਤੀਸਰੋ ਕਿਮ ਲਿਖਿ ਦੀਨਾ?॥੩੪॥ਬਨਯੋ ਸ਼ਬਦ ਪਦ ਏਕੋ ਜੈਸੋ।ਲਿਖਯੋ ਇਕਾਂਗ[5] ਚਾਹੀਯੇ ਤੈਸੋ।ਇਸ ਮਹਿਂ ਕਹੋ ਹੇਤੁ ਹੈ ਕੌਨ?'।ਸਭਿਨਿ ਬਿਖੈ ਬੂਝਯੋ ਸੁਖ ਭੌਨ[6] ॥੩੫॥ ਸ੍ਰੀ ਅਰਜਨ ਕਰ ਜੋਰਿ ਉਚਾਰੀ। 'ਕਹਿਨੋ ਬਨਹਿ ਨ ਆਪ ਅਗਾਰੀ ।ਸਭਿ ਘਟਿ ਘਟਿ ਕੇ ਅੰਤਰਜਾਮੀ। ਦੁਰਯੋ ਨ ਕਛੁ ਤੁਮ ਤੇ ਜਗ ਸੁਆਮੀ ! ॥੩੬॥ ਤਊ ਆਪ ਕੀ ਆਇਸੁ ਪਾਇ। ਕਹਿਬੋ ਬਨੈ ਹੋਇ ਜਿਸ ਭਾਇ।ਦੋਇ ਪੱਤ੍ਰਿਕਾ ਪਠੀ ਅਗਾਰੀ।ਭਏ ਸ਼ਬਦ ਪਦ ਗਿਰਾ ਉਚਾਰੀ'॥੩੭॥

---

[1]ਗਾਡੀਵਾਨ। [2]ਨੇਤ੍ਰਾਂ ਦੇ ਪਾਣੀ ਨਾਲ ਮਾਨੋਂ ਚਰਨ ਧੋਤੇ। [3]ਮਾਨੋਂ (ਕਸਤੂਰੀ ਦੀ) ਥੈਲੀ (ਅਰਥਾਤ) ਨਾਫਾ ਮਿਲਿਆ ਭਾਵ ਇਹ ਕਿ ਸ੍ਰੀ ਅਰਜਨ ਦੇਵ ਜੀ ਦਾ ਮਸਤਕ ਨਾਮ ਸੁਗੰਧੀ ਦਾ ਮਾਨੋਂ ਨਾਫਾ ਸੀ। [4]ਸਾਰੀ ਸੰਗਤ ਨੂੰ। [5]ਏਕਾ ਅੰਗ। [6]ਭਾਵ ਗੁਰੂ ਜੀ ਨੇ। [7](ਉਨ੍ਹਾਂ ਵਿਚ ਜੋ)ਬਾਣੀ ਉਚਾਰੀ ਹੈ ਉਹ ਸ਼ਬਦ ਦੀਆਂ (ਦੋ) ਪੌੜੀਆਂ ਬਣ ਗਏ।

ਤ੍ਰਿਤੀ ਪਠੀ ਇਹੁ ਰਾਵਰਿ ਪਾਸ। ਬਨਯੋ ਸ਼ਬਦ ਪਦ ਬਿਚ ਅਰਦਾਸ।ਇਕ ਤੀਨ ਕੋ ਯਾਂਤੇ ਲਿਖ੍ਯੋ। ਜੋ ਬੂਝ੍ਯੋ ਰਾਵਰ ਨੇ ਪਿਖ੍ਯੋ' ॥੩੮॥ਸੁਨਿ ਗੁਰ ਕਹ੍ਯੋ,'ਨ ਮੁਹਿ ਢਿਗ ਆਈ। ਲਿਖਿ ਤੁਮ ਨੇ ਕਿਸ ਹਾਥ ਪਠਾਈ?। ਲੇ ਕਿਹ ਨੇ ਕਹਿਂ ਧਰੀ ਛਪਾਈ?।ਕੈ ਮਾਰਗ ਗਿਰ ਪਰੀ ਨ ਪਾਈ?'॥੩੯॥ਜੋ ਸਿਖ ਲ੍ਯਾਯੋ ਬੈਠ੍ਯੋ ਪਾਸਿ। ਕਹ੍ਯੋ ਸੁ 'ਮੈਂ ਆਨੀ ਅਰਦਾਸ।ਪੁਤ੍ਰ ਆਪ ਕੋ ਜੇਸ਼ਟ ਲੇਕਰਿ[1]। ਮੁਝ ਤਜਿ ਵਹਿਰ ਪ੍ਰਵੇਸ਼ਤਿ ਭਾ ਘਰ॥੪੦॥ਬਹੁਰ ਆਇ ਕਰਿ ਤਿਨ ਕਹਿ ਦੀਨ।–ਸ੍ਰੀ ਸਤਿਗੁਰ ਨੇ ਬਾਚਨ ਕੀਨ। ਸੁਖ ਅਨੰਦ ਕੀ ਸੁਧਿ ਕਹਿ ਦੀਜਹਿ। ਤੂੰ ਲਵਪੁਰੀ ਪਯਾਨੋ ਕੀਜਹਿ*–॥੪੧॥ ਤੁਮਰੋ ਦਰਸ਼ਨ ਹੋਨਿ ਨ ਦਯੋ। ਬਿਨਾ ਮਿਲੇ ਮੁਝ ਰੁਖ਼ਸਦ ਕਯੋ।ਅਪਰ ਨ ਸੁਧਿ ਮੋਕਹੁ ਕਿਮ ਭਈ।ਦਈ ਆਪ ਢਿਗ, ਕੈ ਨਹਿਂ ਦਈ'॥੪੨॥ ਪ੍ਰਿਥੀਏ ਕੀ ਇਮ ਸੁਨੀ ਖੁਟਾਈ। ਕੂਰੋ ਕਰ੍ਯੋ ਚਹਤਿ ਗੋਸਾਈਂ। ਸਭਾ ਬਿਖੈ ਬੋਲੇ 'ਸੋ ਕਹਾਂ?।ਜਾਇ ਹਕਾਰੋ ਭੋ ਸਿੱਖ। ਤਹਾਂ'॥੪੩॥ ਕਿਨਹੂੰ ਕਹ੍ਯੋ 'ਘਾਮ ਤੇ ਅੰਗ।ਕਰਤਿ ਸ਼ਨਾਨ ਕੂਪ ਜਲਸੰਗ[2]?'।'ਜਾਉ ਤਹਾਂ ਤੇ ਲ੍ਯਾਉ ਹਕਾਰੇ' ਸ੍ਰੀ ਗੁਰ ਕਹ੍ਯੋ'ਬਿਲੰਬ ਨ ਧਾਰੇ'॥੪੪॥ਆਇਸੁ ਪਾਇ ਸਿੱਖ ਤਬਿ ਗਯੋ। ਮੱਜਨ ਕਰਤਿ ਨਿਹਾਰਤਿ ਭਯੋ। ਸੇਵਕ ਕਿਤਿਕ ਸੰਗ ਹਰਖਾਏ। ਸੇਵਾ ਕਰਤਿ ਨੀਰ ਬਹੁ ਪਾਏ ॥੪੫॥ਕੋ ਸ਼ਰੀਰ ਕੋ ਮਰਦਨ ਕਰੈ।ਕੋ ਢਿਗ ਖਰੋ ਬਸਤ੍ਰ ਕਰ ਧਰੈ।ਪਨਹੀ ਪੌਂਛ ਧਰਤਿ ਕੋ ਆਗੇ। ਕੋ ਬੋਲਤਿ ਬਾਕਨਿ ਅਨੁ-ਰਾਗੇ॥ ੪੬ ॥ ਸਨਮਾਨਤਿ ਚਹੁ ਦਿਸ਼ਿ ਨਰ ਖਰੇ। ਜਲ ਸੋਂ ਕੇਲ ਅਨਿਕ ਬਿਧਿ ਕਰੇ।ਗਰਮੀ ਲਾਗਤਿ ਅਧਿਕ ਚੁਮਾਸੇ। ਯਾਂਤੇ ਮੱਜਤਿ ਨੀਰ ਬਿਲਾਸੇ ॥੪੭॥ਹੇਰਿ ਸਿੱਖ ਕਰ ਜੋਰਿ ਉਚਾਰਾ। 'ਸ੍ਰੀ ਸਤਿਗੁਰ ਜੀ ਤੁਮਹਿ ਹਕਾਰਾ। ਬਿਨਾ ਬਿਲੰਬ ਆਪ ਚਲਿ ਜਾਵਹੁ।ਸਭਾ ਬਿਖੈ ਸਭਿ ਕੋ ਦਰਸਾਵਹੁ'॥੪੮॥ ਸੁਨਿ ਤਬਿ ਬਸਤ੍ਰ ਪਹਿਰ ਕਰਿ ਲੀਨਾ।ਚਲ੍ਯੋ ਚੌਂਪ†ਕਰਿ ਕਪਟਿ ਪ੍ਰਬੀਨਾ। ਆਵਤਿ ਦਾਸ ਸੰਗ ਸਮੁਦਾਯਾ।ਬਿਗਸਤਿ ਬੋਲਤਿ ਉਰ ਹਰਖਾਯਾ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅਰਜਨ ਆਗਵਨ ਸੁਧਾਸਰ' ਬਰਨਨੰ ਨਾਮ ਬਿੰਸਤੀ ਅੰਸੂ ॥੨੦॥

## ੨੧. [ਪ੍ਰਿਥੀ ਚੰਦ ਪਾਸੋਂ ਚਿੱਠੀਆਂ ਨਿਕਲੀਆਂ]

ਦੋਹਰਾ ॥ ਸ੍ਰੀ ਅਰਜਨ ਸਨਮਾਨ ਜੁਤਿ ਅਤਿ ਸਮੀਪਤਾ ਪਾਇ।ਬੈਠੇ ਸ਼ੋਭਤਿ ਪਿਤਾ ਸੋਂ ਗਯਾਨ ਅਨੰਦ ਕੇ ਭਾਇ[3] ॥ ੧ ॥ ਚੌਪਈ॥ ਪ੍ਰਿਥੀਆ ਦੇਖਿ ਕੂਰ

---

[1]ਆਪਦੇ ਜੇਠੇ ਪੁੱਤ੍ਰ ਨੇ ਲੈਕੇ। [2]ਗਰਮੀ ਕਰਕੇ ਪਿੰਡੇ ਨ੍ਹਾ ਰਿਹਾ ਹੈ ਖੂਹ ਦੇ ਪਾਣੀ ਨਾਲ। [3]ਭਾਵ ਜਿਵੇਂ 'ਗ੍ਯਾਨ' ਤੇ 'ਅਨੰਦ' ਮਿਲੇ ਬੈਠੇ ਹੋਣ। *ਪਾः–ਪਯਾਨ ਕਰੀਜਹਿ। †ਪਾः–ਚੂਪ।

ਤੇ ਜਰਿਯੋ।—ਇਤੌ ਨਿਕਟ ਥਿਤ ਹ੍ਵੈ ਕਰਿ ਥਿਰਿਯੋ। ਪਿਤਾ ਗੁਰੂ ਕੋ ਅਦਬ ਨ ਰਾਖ੍ਯੋ।ਬੈਠ੍ਯੋ ਜਨੁ ਸਮਤਾ ਅਭਿਲਾਖ੍ਯੋ[1] ॥੨॥ ਇਮ ਢਿਗ ਹ੍ਵੈ ਲੋਕਨਿ ਦਿਖਰਾਵੈ। ਸਿੱਖਨ ਮੈ* ਨਿਜ ਮਾਨ ਬਧਾਵੈ—। ਜਰਤਿ ਆਇ ਪਿਤ ਕੋ ਕਰਿ ਨਮੋ।ਬੈਠ੍ਯੋ ਕਿਤਿਕ ਦੂਰ ਤਿਹ ਸਮੋ ॥੩॥ਸ੍ਰੀ ਅਰਜਨ ਲਖਿ ਕਰਿ ਬਡ ਭ੍ਰਾਤ। ਬੈਠੇ ਰਹੇ ਨਿਕਟ ਗੁਰ ਤਾਤ[2]। ਹਾਥ ਜੋਰਿ ਬੰਦਨ ਕੋ ਠਾਨੀ। ਆਸ਼ਿਖ ਦੇ[3] ਪ੍ਰਿਥੀਏ ਨੇ ਮਾਨੀ॥੪॥ਸ਼੍ਰੀ ਗੁਰ ਦੇਖ੍ਯੋ ਪੁੱਤ੍ਰ ਬਿਲੰਦਾ।ਕਹ੍ਯੋ—'ਪ੍ਰਿਥੀਚੰਦ ਸੁਨਿ ਮਤਿਵੰਦ !। ਦੋਇ ਪੱਤ੍ਰਿਕਾ ਪੂਰਬ ਆਈ। ਸ਼੍ਰੀ ਅਰਜਨ ਤੁਕ ਸ਼ਬਦ ਬਨਾਈ ॥੫॥ ਸਿਖ ਨੇ ਦਈ ਸੌਂਪ ਕਰਿ ਤੋਹਿ। ਸੋ ਅਬਿ ਤੇਰੇ ਹੀ ਢਿਗ ਹੋਹਿ। ਹਮਰੇ ਤੀਰ ਨ ਆਨਿ ਦਿਖਾਈ। ਕੌਨ ਹੇਤੁ ਤੇ ਰਾਖਿ ਛੁਪਾਈ?॥੬॥ਆਨਹੁ ਅਬਿ ਤਿਨ ਕੋ ਜਹਿਂ ਧਰੀ। ਅਵਲੋਕਹਿਂ ਕੈਸੀ ਬਿਧਿ ਕਰੀ'।ਸੁਨਿ ਬੋਲ੍ਯੋ ਬਚ ਜੋ ਛਲਸਾਨੋ।'ਕਬਿ ਇਨ ਪਠੀ,ਕਹਾਂ ਕੋ ਜਾਨੋ? ॥੭॥ ਮੋਹਿ ਰਿਦੇ ਸੁਧਿ ਅਹੈ ਨ ਕੋਈ। ਕਰੋ ਦੁਰਾਵ ਕਾਜ ਕਸ ਹੋਈ। ਚਤੁਰੰਗਲ ਕਾਗਦ ਕੇ ਸੰਗ[4]।ਮੈਂ ਨਹਿਂ ਤਾਂਹਿ ਚਢਾਇਵ ਚੰਗ[5]'॥੮॥ਸੁਨਿ ਸ਼੍ਰੀ ਰਾਮਦਾਸ ਪੁਨ ਕਹੀ। 'ਲੇਹੁ ਸਿਮਰਿ ਜੇ ਸੁਧਿ ਨਹਿਂ ਰਹੀ।ਧਰੀ ਹੋਇਗੀ ਕਿਸਹੀ ਥਾਇਂ। ਖੋਜਿ ਆਨੀਅਹਿ ਦੇਹੁ ਦਿਖਾਇ ॥ ੯ ॥ ਅਪਰ ਸਰਬ ਹੀ ਕਾਰ ਸੁਧਾਰਹਿ।ਸੋ ਕੈਸੇ ਕਰਿ ਨਹੀਂ ਬਿਸਾਰਹਿਂ[6] ?। ਕੂਰ ਨ ਕਹੁ ਨਹਿਂ ਰਾਖਿ ਦੁਰਾਈ।ਤ੍ਯਾਗ ਦੇਹਿ ਛਲ ਕੀ ਚਤੁਰਾਈ'॥੧੦॥ਸੁਨਿ ਕੈ ਖੁਨਸ੍ਯੋ ਊਚੇ ਕਹੇ। 'ਕਛੁ ਹੁੰਡੀ ਤੋ ਨਾਹਿਨ ਅਹੇ। ਜਿਹ ਛਿਪਾਇ ਧਨ ਕੋ ਲੇ ਆਵੈਂ।ਕੌਨ ਅਰਥ ਤੇ ਤਾਂਹਿ ਛਿਪਾਵੈਂ॥੧੧॥ਕੁਛ ਲੇਖਾ ਨਹਿਂ ਤਿਸ ਕੇ ਮਾਂਹੂ। ਰਿਨ ਕੀ[7] ਵਹੀ ਨ,ਰਾਖੌਂ ਪਾਹੂ। ਸਿਖ ਤੋ ਗਿਰੋ ਹੋਹਿ ਮਗ ਲਯਾਵਤਿ। ਛਰਤਿ ਰਿਦੈ ਮੁਝ ਪਾਸ ਬਤਾਵਤਿ॥੧੨॥ਜੇ ਕਰਿ ਪਦ ਇਨ ਸ਼ਬਦ ਬਨਾਇਵ।ਤਿਸ ਦੇਖਨ ਹਿਤ ਚਿਤ ਲਲਚਾਇਵ ॥ ਤੌ ਕਿਛੁ ਤੋਟ ਨਹੀਂ ਢਿਗ ਬੈਸੋ।ਕਹਿ,ਬਨਵਾਇ ਲੇਹੁ ਤੁਮ ਜੈਸੇ ॥੧੩॥ ਅਪਰ ਕਾਜ ਤੇ ਨਹਿ ਤਿਨ ਮਾਂਹੂ।ਜਿਸ ਤੇ ਕਾਰ ਅਟਕ ਕੁਛ ਜਾਹੂ'। ਦੇਖਿ ਕੁਟਿਲਤਾ ਪ੍ਰਿਥੀਏ ਕੇਰੀ।

---

[1]ਮਾਨੋਂ ਬਰਾਬਰੀ ਦਾ ਚਾਹਵਾਨ ਹੈ। [2]ਗੁਰੂ ਪਿਤਾ ਜੀ ਦੇ ਨੇੜੇ। [3]ਅਸੀਸ ਦੇਕੇ। [4]ਚਾਰ ਉਂਗਲ ਕਾਗਜ਼ ਨਾਲ। [5]ਮੈਂ ਨਹੀਂ ਸੀ ਪਤੰਗ (=ਗੁਡੀ) ਉਡਾਉਣੀ (ਤਿਸ ਨਾਲ)। [6]ਓਹ (ਕੰਮ) ਤੂੰ ਕੀਕੂੰ ਨਹੀਂ ਭੁੱਲਦਾ ? (ਅ) ਉਹ (ਭਾਵ ਚਿੱਠੀਆਂ ਨੂੰ) ਤੂੰ ਕਿਵੇਂ ਬੀ ਨਹੀਂ ਭੁਲ ਸਕਦਾ। [7]ਕਰਜ਼ੇ ਦੀ। *ਪਾ:—ਮਨ।

ਤਨਕ ਸਰਲਤਾ[੧]ਨਹਿਂ ਤਬਿ ਹੇਰੀ॥੧੪॥ਦਾਸ ਨਿਕਟਿਕੇ ਸ੍ਰਵਨ ਮਝਾਰਾ॥
ਅੰਤਰਜਾਮੀ ਵਾਕ ਉਚਾਰਾ। 'ਸ਼ੀਘ੍ਰ ਸਦਨ ਇਸ ਕੈ ਉਠਿ ਜਾਵਹੁ। ਤਹਾਂ
ਪਹੁੰਚਿ ਇਹ ਬਾਕ ਸੁਨਾਵਹੁ ॥੧੫ ॥–ਪ੍ਰਿਥੀਏ ਨੇ ਕੀਨਸ ਇਸ਼ਨਾਨਾ।
ਚਾਹਤਿ ਸਤਿਗੁਰਪਾਸ ਪਯਾਨਾ।ਜਾਮਾ ਪਹਿਰਨ ਹਿਤ ਮੰਗਵਾਵਤਿ। ਪਠੀਏ
ਮੋਹਿ ਆਇਵ ਉਤਲਾਵਤਿ[੨]*–'॥੧੬॥ਸੁਨਿਸਿਖ ਗਯੋ ਗੁਰੂ ਪੁਨ ਕਹਨੋ।
'ਤਿਸ ਕਾਗਦ ਮਹਿਂ ਕਾਜ ਨ ਲਹਨੋ।ਹਮਹੁ ਦਿਖਾਵਤਿ ਕਨੌਂ ਨਹਿ ਸੋਊ।
ਇਸ ਮਹਿਂ ਸਾਹਸ ਮਤਿ[੩] ਕਿਮ ਹੋਊ?॥੧੭॥ ਸਿਮਰਨ ਕਰਹੁ[੪] ਜਹਾਂ ਸੋ
ਧਰੀ।ਅਰੀ ਨ ਧਰਹੁ ਦੇਹੁ ਪਰਹਰੀ[੫]'।ਭਾਵੀ ਨੇ ਪ੍ਰੇਰਨੋ,ਨਹਿਂ ਮਾਨਾ। ਤੀਨ
ਬਾਰ ਗੁਰ ਬਚ ਉਲਟਾਨਾ॥੧੮॥ ਰਿਸ ਕਰਿ ਬੋਲਨੋ'ਮੇਰੋ ਕਹਨੋ। ਰਾਵਰ
ਨੇ ਸਭਿ ਝੂਠੋ ਲਹਨੋ।ਸਪਤ ਮੋਹਿ ਤੁਮ ਚਰਨਨ ਕੇਰੀ। ਜੇ ਕਰਿ ਪੱਤ੍ਰੀ ਮੈਂ
ਕਿਤਿ ਹੇਰੀ'॥੧੯॥ਪਿਤ ਗੁਰ ਕੋ ਸਰਬੱਗਯ ਨ ਜਾਨਾ। ਬਡਿ ਮਹਿਮਾ ਤੇ
ਰਹਿ ਅਨੁਜਾਨਾ। ਮਹਾਂ ਅਭਾਗ ਜਾਂਹਿ ਕੇ ਹੋਇਂ। ਕਿਮ ਊਚੇ ਪਦ ਪ੍ਰਾਪਤਿ
ਸੋਇ॥੨੦॥ਦਾਸੁ ਗਯੋ ਤਿਹਕੈ ਗ੍ਰਿਹਿ ਕਹਨੋ। ਤਿਸਕੀ ਤ੍ਰਿਯ ਕੁਛ ਭੇਦ ਨ
ਲਹਨੋ।ਕਰਮੋ ਨੇ ਤਬਿ ਪ੍ਰੇਰੀ ਦਾਸੀ।ਲਿਆਵਤਿ ਭੀ ਜਾਮਾ ਤਿ ਸੁਪਾਸੀ॥੨੧॥
ਸਿਖ ਨੇ ਇਕਠੌ ਕਰਿ ਸੋ ਲਯਾਇਵ। ਅਪਨੇ ਬਸਤ੍ਰ ਲਪੇਟ ਛੁਪਾਇਵ। ਕੋ
ਨਹਿਂ ਜਾਨਿ ਸਕਹਿ ਇਸਭਾਂਤੀ।ਆਨਿ ਦਿਯੋ ਗੁਰ ਕੋ ਜੁਤਿ ਪਾਤੀ[੬]॥੨੨॥
ਮਹਾਂ ਦੇਵ ਕੋ ਤਬਹਿ ਹਕਾਰਾ। ਅਪਰ ਦਿਵਾਨ ਲਗਾਇਵ ਸਾਰਾ।ਸਯਾਨੇ
ਸਿੱਖ ਅਨੇਕ ਸੁਹਾਏ।ਸਮ ਚਿਤ ਜਿਨਹੁੰ ਬਿਕਾਰ ਬਿਹਾਏ॥੨੩॥ਕੋ ਸਤਿ-
ਗੁਰ ਕੇ ਮੁਖ ਕੋ ਦੇਖਤਿ। ਕੋ ਪ੍ਰਿਥੀਏ ਕੀ ਕ੍ਰਾਂਤਿ ਪਰੇਖਤਿ[੭]। ਪੁਨ ਗੁਰ
ਸਭਿਨਿ ਸੁਨਾਇ ਉਚਾਰੋ। 'ਅਜਹੁ ਸਮਝ ਤੂੰ ਕਹਨੋ ਹਮਾਰੋ ॥੨੪॥ ਦੇਹੁ
ਪੱਤ੍ਰਿਕਾ ਜਹਾਂ ਦੁਰਾਈ। ਤੇਰੋ ਕਾਜ ਨ ਬਿਗਰੈ ਰਾਈ। ਜੇ ਨ ਦੇਹਿਂ ਸੁਧਰੈ
ਕੁਛ ਨਾਂਹੀ।ਨਾਹਕ ਪਰਨੋ ਮਹਾਂ ਹਠ ਮਾਂਹੀ॥੨੫॥ਅਲਪ ਵਸਤੁ ਤੇ ਮਹਿਦ
ਬਿਗਾਰੇ[੮]। ਕਨੌਂ ਤੂੰ ਕਰਤੋ ਬਿਨਾ ਬਿਚਾਰੇ'। ਸਗਰੀ ਸਭਾ ਸੁਨਤਿ ਤਿਸ

[੧]ਸਿੱਧਾ ਪਨ,ਅਨੁਕੂਲਤਾ। [੨]ਛੇਤੀ ਆਵੀਂ। [੩]ਜੋ ਹਠ ਬੁੱਧੀ ਨੂੰ ਧਾਰਨ ਕਰੇ। [੪]ਚੇਤੇ ਕਰੋ। [੫]ਅੜੀ ਨਾ ਧਾਰਨ ਕਰੋ (ਅੜੀ) ਛੱਡ ਦਿਓ। [੬]ਸਹਿਤ ਚਿਠੀਆਂ ਦੇ। [੭]ਸ਼ੋਭਾ (ਯਾ ਚਿਹਰੇ ਦੀ ਦਸ਼ਾ) ਦੇਖਦੇ ਹਨ [ਸੰਸ:, ਕਾਂਤਿ]। [੮]ਬੜਾ ਬਿਗਾੜ।

*ਸਤਿਗੁਰ ਜੀ ਨੇ ਕੇਵਲ ਪ੍ਰਿਥੀਏ ਦੇ ਘਰੋਂ ਉਸਦਾ ਜਾਮਾ ਮੰਗਵਾ ਘਲਿਆ ਸੀ। ਇਹ ਪਰੰਪਰਾ ਦੀ ਸਾਖੀ ਹੈ। 'ਪ੍ਰਿਥੀਆ ਨ੍ਹਾ ਰਿਹਾ ਹੈ ਤੇ ਜਾਮਾ ਮੰਗਦਾ ਹੈ' ਐਸੇ ਸੰਦੇਸੇ ਦੇਣੇ ਸਤਿਗੁਰੂ ਰਾਮਦਾਸ ਜੀ ਦੀ ਰਚੀ ਬਾਣੀ ਦੱਸਦੀ ਹੈ ਕਿ ਉਨ੍ਹਾਂ ਦੇ ਸੁਭਾਵ ਵਿਰੁੱਧ ਹਨ।

ਬਾਨ।ਕਹੇ ਨ ਸਮਝਯੋ ਮਹਦ ਅਜਾਨ॥੨੬॥ਕਹਤਿ ਭਯੋ ਬਿੱਪ੍ਰੈਹੀਫੇਰੇ[1] :-
'ਪੌਤ੍ਰੀ ਤੇ ਕਨਾ ਬਨਵ ਬਡੇਰੋ।ਕੈ ਢਿਗ ਰਾਖਿ ਰਾਜ ਕਿਹ ਲੇਵੈਂ। ਦੁਲਭ
ਵਸਤੁ ਕਨਾ।ਤਿਸ ਤੇ ਸੇਵੈਂ?'॥੨੭॥ਸੁਨਿ ਸ਼੍ਰੀ ਰਾਮਦਾਸ ਬਚ ਕਹੈਂ।'ਬਡਿ-
ਆਈ ਤੁਵ ਭਾਗ ਨ ਅਹੈ।ਕਹਾਂ ਨਿਲਾਇਕ ਰਾਜ ਕਮਾਵਹਿ।ਦੁਲਭਵਸਤੁ
ਬਿਨੁ ਭਾਗ ਨ ਪਾਵਹਿ'॥੨੮॥ਬੁੱਢੋਆ।ਇਕ ਸਿੱਖਸਭਿ ਹੇਰੈਂ।ਤਬਿਸੋਜਾਮਾ
ਧਰਯੋ ਅਗੇਰੇ। ਕਹਯੋ ਗੁਰੂ: 'ਜਾਮਾ ਪਿਖਿ ਲੇਹੂ। ਹੈ ਕਿ ਨਹੀਂ ਤੁਵ ਗਰ
ਕੋ ਏਹੂ'[2]॥੨੯॥ਦੇਖਯੋ ਧਰਯੋ, ਕਹਯੋ 'ਇਹੁ ਮੇਰਾ। ਘਰ ਤੇ ਕਿਨ ਆਨਯੋ
ਇਸ ਬੇਰਾ?'।ਗੁਰੂ ਕਹਯੋ'ਇਸ ਜੇਬ ਮਝਾਰੀ। ਨਿਜ ਕਰ ਸੌਂ ਅਬਿ ਲੇਹੁ
ਨਿਕਾਰੀ[3]'॥੩੦॥ ਕਹਨ ਲਗਯੋ 'ਮੈਂ ਤੋ ਨਹਿ ਪਾਈ। ਇਸ ਮਹਿਂ ਪਾਤੀ
ਕਹਿਂ ਤੇ ਆਈ'। ਸ਼੍ਰੀ ਮੁਖ ਭਨਯੋ'ਨ ਫੇਰ ਕਰੀਜੈ। ਨਿਜ ਕਰ ਤੇ ਕਾਗਦ
ਨਿਕਸੀਜੈ'॥੩੧॥ਚਪਯੋ*ਲਾਜ ਤੇ[4] ਸਭਾ ਮਝਾਰਾ।ਜੇਬ ਬਿਖੈ ਅਪਨੋ ਕਰ
ਡਾਰਾ। ਗਨ[5] ਕਾਗਦ ਸੇ ਸਕਲ ਨਿਕਾਸੇ। ਸਭਿ ਲੇ ਕਰਿ ਸਤਿਗੁਰ ਨਿਜ
ਪਾਸੇ ॥ ੩੨ ॥ ਪੌਤ੍ਰੀ ਦੋਨਹੁ ਤੁਰਤ ਨਿਕਾਰੀ। ਬਿਸਮਤਿ ਭੇ, ਸਭਿ ਸਭਾ
ਨਿਹਾਰੀ।ਕਰ ਪਰ ਧਰਿਕਰਿ ਗੁਰੂ ਉਚਾਰੀ। 'ਕਨਾ ਗੁਰਮੁਖਿ[6] ਇਹੁ ਕਰਹੁ
ਬਿਚਾਰੀ॥੩੩॥ਬਡੋ ਗਰੀਬ ਕਪਟ ਤੇ ਹੀਨਾ[7]। ਨਹੀਂ ਕੁਟਿਲਤਾ ਦੀਰਘ
ਮੀਨਾ[8]। ਓਰਕ ਲੌ ਹਠ ਕੋ ਨਿਰਬਹੀਆ। ਭਯੋ ਨਿਲਾਇਕ ਗੁਰ ਕੁਲ
ਮਹੀਆ॥੩੪॥ਸੰਤਤਿ ਸਹਤ ਤੋਹਿ ਕਉ ਤ੍ਯਾਗਾ।ਨਹੀਂ ਊਚ ਪਦ ਇਸਕੇ
ਭਾਗਾ।ਲਹਯੋ ਅਚਲ ਅਪਜਸ ਜਗ ਮਾਂਹੀ।ਕਨਾ ਇਨ ਕੀਨ,ਮਿਟਯੋ ਪੁਨ
ਨਾਂਹੀ[9]॥੩੫॥ਇਸ ਕੀ ਸੰਤਤਿ ਉਪਜੈ ਜੋਇ।ਗੁਰ ਸਿੱਖਨਕੇਸਿਖਸੁਹੋਇ[10]
।ਤੌ ਸੰਗਤਿ ਕੋ ਮੇਲ ਬਨੇ ਹੈ। ਨਾਤੁਰ ਵਹਿਰ ਮੁਖੀ ਇਹੁ ਰਹਿ ਹੈਂ'॥੩੬॥
ਜਥਾ ਪੁੱਤ੍ਰ ਸੌਂ ਕਹਯੋ ਜੁਜਾਤੀ। ਜਦੁ ਨੇ ਨਹਿ ਮਾਨੀ ਮਨ ਬਾਤੀ[11]।ਰਾਜ

---

[1]ਫੇਰ ਬੀ ਉਲਟਾ ਹੀ ਬੋਲਯਾ, ਵਿਪਰਜੇ। [2]ਤੇਰੇ ਗਲੇ ਦਾ ਇਹ ਹੈ ਕਿ ਨਹੀਂ। [3]ਕੱਢਲਓ (ਚਿੱਠੀ)। [4]ਸ਼ਰਮ ਨਾਲ ਖਿਝਿਆ। [5]ਸਾਰੇ। [6]ਇਹ ਕੀਹ ਗੁਰਮੁਖਤਾਈ ਹੈ। (ਅ)ਹੇ ਗੁਰਮੁਖੋ! [7](ਵਯੰਗ ਵਾਕ ਹੈ)ਬੜਾ ਗਰੀਬ ਤੇ ਕਪਟ ਤੋਂ ਖਾਲੀ। (ਅ) ਬੜਾ ਗ਼ੀਬ ਹੈ ਤੇ ਕਪਟ ਨਾਲ, ਹੀਨ ਹੋ ਗਿਆ ਹੈ। [8]ਮੀਣਾ=ਰਾਜ ਪੂਤਾਨੇ ਦੀ ਇਕ ਲੁੱਟ ਮਾਰ ਕਰਨ ਵਾਲੀ ਜਾਤੀ ਦਾ ਨਾਮ ਹੈ। (ਅ) ਮਾਲਵੇ ਵਿਚ ਸਿੰਗਹੀਨ ਬੈਲ ਨੂੰ ਬੀ ਕਹਿੰਦੇ ਹਨ। ਮੁਰਾਦ ਮੀਸਣੇ ਤੋਂ ਹੈ। [9]ਇਸ ਨੇ ਕੀਤਾ ਹੈ, ਹਟਿਆ ਨਹੀਂ (ਆਪਣੇ ਹਠ ਤੋਂ)। [10]ਗੁਰ ਸਿੱਖਾਂ ਦੇ ਸਿਖ ਹੋਣ ਤਾਂ। [11]ਯਯਾਤੀ ਰਾਜੇ ਨੇ ਅਪਨੇ 'ਜਦੁ' ਪੁੱਤ੍ਰ ਨੂੰ ਕਿਹਾ ਸੀ ਕਿ ਮੇਰਾ ਬੁਢੇਪਾ ਲੈ ਲੈ, ਉਸਨੇ ਨਾ ਮੰਨਿਆਂ, ਪਰ 'ਪਰੂ' ਨੇ ਮੰਨ ਲਿਆ। ਰਾਜੇ ਨੇ ਅੰਤ ਬਨ ਜਾਣ ਸਮੇਂ ਰਾਜ 'ਪੁਰੂ' ਨੂੰ ਦਿੱਤਾ ਸੀ, 'ਜਦੂ' ਵਾਂਜਿਆ ਗਿਆ ਸੀ। *ਪਾਃ-ਪਚਯੋ।

ਭਾਗ ਤੇ ਕਰਯੋ ਸੁ ਬਾਹਰ।ਤਥਾ ਕਰੀ ਗੁਰ, ਸੁਤ ਸੋਂ ਜਾਹਰ ॥੩੭॥ ਸੁਨਿ ਬੁੱਢਾ ਬੋਲਯੋ ਸ਼ੁਭ ਮਤਿ ਕੀ।'ਦੇਖਹੁ ਕਹਾਂ ਕਰੀ ਬ੍ਰਿਤ ਚਿਤ ਕੀ।ਪਿਤ ਗੁਰ ਕੋ ਸਰਬੱਗਯ ਨ ਜਾਨਯੋ।ਕਰਯੋ ਛੁਪਾਵਮਹਿਦ ਛਲਠਾਨਯੋ॥੩੮॥ਅਲਪੱ-ਗਯਨ ਸੰਗ[1] ਕਪਟ ਪੁਜੈਹੈ। ਹੋਤਿ ਅਪਰ ਅਪਰੈ ਕਰਿ ਜੈ ਹੈ[2]। ਤੁਮਰੇ ਬਿਖੈ ਨ ਨਿਸ਼ਚਾ ਧਰਯੋ।ਨਿਜ ਸਮਾਨ ਹੀ ਲਖਿਬੋ ਕਰਯੋ'॥੩੯॥ ਸੁਨਿ ਸਭਿ ਸਭਾ ਬਿਸਮ ਹੁਇ ਗਈ। 'ਕਯਾ ਇਨ ਕਿਯ'ਅੰਗੁਰੀ ਮੁਖ ਦਈ। ਨਿਜ ਛਲ ਪ੍ਰਗਟ ਭਯੋ ਮਨ ਜਾਨਯੋ।ਲੱਜਿਤਿ ਹ੍ਵੈਕੈ ਕਛੁ ਨ ਬਖਾਨਯੋ॥੪੦॥ ਨੀਚ ਗ੍ਰੀਵ ਕਰਿ ਬੈਠਯੋ ਰਹਯੋ।ਕਟਕ ਬਾਕ[3] ਸਭਿਹਿਨਿ ਕੋ ਸਹਯੋ।ਜਥਾ ਪ੍ਰਧਾਨ ਕਾਚ ਕੋ ਹੀਰਾ। ਬੰਚਕਤਾ ਕਰਿ ਹੈ ਮਤਿਧੀਰਾ[4] ॥ ੪੧ ॥ ਜਬਹਿ ਤੀਰ ਹੀਰਾ ਹੁਇ ਸਾਚੋ। ਪਰਖਯੋ ਜਾਇ, ਤਜਹਿ*ਸਭਿ ਕਾਚੋ। ਜਬਿ ਸ੍ਰੀ ਅਰ-ਜਨ ਪਰਖੇ ਸਾਚੇ। ਕੂਰੋ ਤਬਿ ਕੂਰੋ ਕਚ ਪਾਚੇ[5] ॥ ੪੨॥ ਤਬਿ ਸ੍ਰੀ ਰਾਮ-ਦਾਸ ਦ੍ਵੈ ਪਾਤੀ। ਧਰਿ ਕਰ ਬਾਚੀ ਹਿਤ ਕਰਿ ਬਾਤੀ†[6]। ਪ੍ਰੇਮ ਬਿਸਾਲ ਦਰਸ ਕੋ ਕਾਰਨ[7]‡। ਬਨੀ ਤੁਕਾਂ ਬਡਹੀ ਸ਼ੁਭ ਚਾਰੁਨ[8]§ ॥੪੩॥ ਅਤਿ ਪ੍ਰਸੰਨ ਉਰ ਪਠਿ ਕਰਿ ਭਏ। ਪੁਨ ਭਾਈ ਬ੍ਰਿਧ ਕੇ ਕਰ ਦਏ। ਆਇਸੁ ਦਈ 'ਪਠਹੁ ਕਿਮ ਅਹੇ। ਸਭਿ ਗੁਰ ਕੋ ਆਸ਼ੈ ਤੁਮ ਲਹੇ'॥ ੪੪ ॥ ਤਬਿ ਬੁੱਢੇ ਪੜ੍ਹ ਸਭਿਨਿ ਸੁਨਾਇ। ਸੁੰਦਰ ਸ਼ਬਦ ਨਵੇਂ ਜੁ ਬਨਾਇ।ਸਭਾ ਸੁਨਤਿ ਸਭਿ ਹੀ ਮੁਦ ਲਹੇ।'ਧੰਨ ਧੰਨ ਸ੍ਰੀ ਅਰਜੁਨ'ਕਹੇ॥੪੫॥ ਅਨੁਜ ਬਡਾਈ ਸੁਨਿ ਦੁਖ ਪਾਵਤਿ। ਜਰਤਿ ਰਿਦਾ ਕਛੁ ਬਸ ਨ ਬਸਾਵਤਿ। ਛਲ ਬਲ ਕਰਿ ਚਾਹਤਿ ਗੁਰਿਆਈ।ਪੁਨ ਪਿਤ ਕੀ ਨਹਿੰ ਸੇਵ ਕਮਾਈ॥੪੬॥ ਕਰਿ ਹੰਕਾਰ ਨ ਕਬਿ ਬਚ ਮਾਨਾ। ਧਨ ਕੋ ਸਾਂਭਤਿ ਰਹਯੋ ਮਹਾਨਾ।ਜਗ ਬਿਵਹਾਰਨ ਮਹਿੰ ਚਤੁਰਾਈ। ਇਕ ਭੀ ਗੁਨ ਨਹਿੰ ਲੇ ਗੁਰਿਆਈ॥੪੭॥ ਇਮ ਪ੍ਰਿਥੀਆ ਬੈਠਯੋ ਮੁਰਝਾਈ। ਪੁਨ ਬੁੱਢੇ ਸੰਗ ਗੁਰੂ ਅਲਾਈ। 'ਸ੍ਰੀ

[1]ਸਾਧਾਰਣ ਸਮਝ ਵਾਲੇ (ਅਲਪ+ਗਯਾਨ ਵਾਲੇ) ਨਾਲ। [2]ਹੁੰਦੀ ਹੈ ਹੋਰ, ਕਰ ਜਾਈਦੀ ਹੈ ਹੋਰ। [3]ਖੋਟੇ ਬਚਨ। [4]ਜਿਵੇਂ ਕੱਚ ਦਾ ਹੀਰਾ ਮੁਖੀਆ ਹੋਕੇ ਬੁਧੀਮਾਨ ਦੀ ਮਤ ਨੂੰ ਠਗ ਲੈਂਦਾ ਹੈ। [5]ਕੂੜਾ (ਪ੍ਰਿਥੀਆ) ਤਦੋਂ ਝੂਠਾ ਤੇ ਕੱਚਾ ਪਿੱਲਾ ਨਿਕਲਿਆ। [6]ਪ੍ਰੇਮ (ਨਾਲ ਭਰੀ)ਬੋਲੀ, ਭਾਵ ਪੱਤ੍ਰਿਕਾ। [7](ਜਿਸ ਵਿਚ) ਬਹੁਤੇ ਪ੍ਰੇਮ ਦੇ ਕਾਰਣ ਦਰਸ਼ਨ ਦੀ (ਸਿਕ ਦੱਸੀ ਸੀ)। [8]ਸੁੰਦਰ। *ਪਾ:-ਤਬਹਿ। †ਪਾ:-ਧਰਿ ਕਰਿ ਮਹਿ ਬਾਚੀ ਹਿਤ ਬ੍ਰਾਤੀ। ‡ਪਾ:-ਜਾਚਨ। §ਪਾ:-ਬਾਨੀ ਸੁਭ ਰਾਚਨ।

ਨਾਨਕ ਕੇ ਤੁਮ ਬਹੁ ਪਜਾਰੇ।ਗੁਰ ਅੰਗਦ ਸ੍ਰੀ ਅਮਰ ਨਿਹਾਰੇ॥੪੮॥ਗੁਰਤਾ
ਅਜਰ ਜਰਨ ਉਰ ਮਾਂਹੀ।ਸ੍ਰੀ ਅਰਜਨ ਅਬਿ ਭਯੋ ਕਿ ਨਾਂਹੀ?।ਜੇ ਕਰਿ
ਤੁਮਹੁ ਸੁਹਾਵਤਿ ਆਛੇ।ਇਸਹਿ ਬਿਠਾਵਹਿਂ ਹਮ ਨਿਜ ਪਾਛੇ॥੪੯॥ਗੁਰਤਾ
ਉਚਿਤ ਸੁ ਔਰ ਨ ਕੋਈ। ਇਨ ਸਮ ਗੁਨ ਕਹੁ ਕਿਸ ਮਹਿਂ ਹੋਈ। ਤੁਮ
ਸੰਮਤ ਹੁਇ[1]ਚਾਹਤਿ ਕਰਜੋ।ਕਹੋ ਸਾਚੁ ਜਿਮ ਉਰ ਮਹਿਂ ਧਰਜੋ'॥੫੦॥ਸੁਨਿ
ਬੁੱਢੇ ਕਰ ਜੋਰਿ ਉਚਾਰਾ।'ਇਹੁ ਸੇਵਕ ਕੀ ਵਸਤੁ ਉਦਾਰਾ[2]।ਅਜਰ ਜਰਨ
ਆਦਿਕ ਗੁਨ ਹੋਇ। ਇਸ ਕੀ ਲਾਇਕ ਜਾਨਹੁੰ ਸੋਇ॥੫੧॥ਸ੍ਰੀ ਅਰਜਨ
ਮਹਿਂ ਪਰਖੇ ਸਾਰੇ। ਤੁਮ ਤੇ ਅਪਰ ਸੁਮਤਿ ਕੋ ਧਾਰੇ?। ਇਨ ਸਮ ਸੇਵਕ
ਅਪਰ ਨ ਬੀਯੋ। ਜਿਮ ਆਇਸੁ ਮਹਿਂ ਵਾਸਾ ਕੀਯੋ॥੫੨॥ਦੋਹਰਾ॥ਪ੍ਰੇਮਾਤੁਰ
ਅਤਿ ਦੁਖ ਲਹਜੋ ਸੰਮਤ ਦੋਇ ਬਿਤਾਇ। ਆਇਸੁ ਪਾਇ ਸੁ ਆਪ
ਕੀ ਅਬਿ ਦਰਸ਼ਨ ਕੋ ਆਇ[3]'॥੫੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ
ਰਾਸੇ 'ਪ੍ਰਿਥੀਏ ਤੇ ਪੱਤ੍ਰਿਕਾ ਲੇ ਬ੍ਰਿੱਧ ਸੰਗ ਪ੍ਰਸੰਗ' ਬਰਨਨੰ ਨਾਮ ਏਕ ਬਿੰਸਤੀ ਅੰਸੂ ॥ ੨੧ ॥

੨੨. [ਸ੍ਰੀ ਅਰਜਨ ਜੀ ਨੂੰ ਗੁਰਿਆਈ। ਸ਼ਬਦ ਦਾ ਚੌਥਾ ਪਦ ਰਚਿਆ]।

ਦੋਹਰਾ॥ਸੁਨਿਕੈ ਬ੍ਰਿਧ ਕੇ ਬਚਨ ਕੋ ਸਤਿਗੁਰ ਰਿਦੇ ਅਨੰਦ—ਇਨਹੁ ਸਰਾ-
ਹਜੋ ਤਬਿ ਭਯੋ ਸ੍ਰੀਅਰਜਨ ਕੁਲ ਚੰਦ॥੧॥ਚੌਪਈ॥ਬਰਤੀ ਇਨਹੁ ਬਹੁਤ
ਗੁਰਿਆਈ।ਸਾਰ ਅਸਾਰ ਪਰਖਨਾ ਪਾਈ। ਮੂੰਖਜ ਜੌਹਰੀ ਜਬਹਿ* ਜਵਾ-
ਹਰ[4]।ਪਰਖਹਿ,ਤਬਿ†ਹੋਵੈ ਜਗ ਜ਼ਾਹਰ—॥੨॥ਸ੍ਰੀਫਲ[5]ਪੈਸੇ ਪੰਚ ਮੰਗਾਏ।
ਜਹਿਂ ਕਹਿਂ ਤੇ ਸਿਖ ਸਰਬ ਬੁਲਾਏ।ਸਭਿ ਸੰਗਤਿ ਕੋ ਮੇਲਾ ਭਯੋ।ਚਹੁੰਦਿਸ਼
ਪਰਵਾਰਤਿ ਹੁਇ ਗਯੋ ॥੩॥ ਸਰਬ ਨਿਹਾਰਤ—ਕਹਾਂ ਕਰਹਿਂਗੇ?। ਬਡਿ
ਸੁਤ ਸੋਂ ਉਰ ਕ੍ਰੋਧ ਧਰਹਿਂਗੇ—।ਤਬਿ ਸ੍ਰੀਰਾਮਦਾਸ ਉਠਿ ਕਰਿਕੈ। ਸ੍ਰੀ ਫਲ
ਅਰ ਪੈਸੇ ਕਰ ਧਰਿਕੈ॥੪॥ਤੀਨ ਪ੍ਰਦੱਛਨ ਕੋ ਤਬਿ ਦੀਨਾ।ਸ੍ਰੀ ਅਰਜਨ ਸੁਤ
ਲਾਇਕ ਚੀਨਾ।ਤਿਨ ਆਗੇ ਧਰਿ ਮਸਤਕ ਟੇਕਾ।ਅਤਿ ਅਨੰਦ ਭਾ ਜਲਧਿ
ਬਿਬੇਕਾ ॥ ੫ ॥ ਪੁਨ ਸਤਿਗੁਰ ਕੀ ਆਇਸੁ ਪਾਇ। ਬੁੱਢਾ ਉਠਜੋ ਰਿਦੇ
ਹਰਖਾਇ।ਭਰਜੋ ਭਾਗ ਸੋਂ ਭਾਲ ਜੁ ਨੀਕਾ[6]। ਨਿਜ ਕਰ ਤੇ ਸੁਠ ਕੀਨਸਿ
ਟੀਕਾ॥੬॥ਸਭਿ ਸੋਂ ਸਤਿਗੁਰ ਬਾਕ ਉਚਾਰੇ।'ਸੁਨਹੁ ਸਿੱਖ ਸਭਿ ਤੁਮ ਗੁਰ
ਪਜਾਰੇ। ਸ੍ਰੀ ਅਰਜਨ ਮਮ ਰੂਪ ਨਿਹਾਰਹੁ। ਜਿਮ ਮੁਝ ਲਖਹੁ ਤਥਾ ਉਰ-

[1]ਤੁਸਾਡੀ ਸੰਮਤੀ ਹੋਣ ਨਾਲ। [2]ਸ੍ਰੇਸ਼ਟ ਵਸਤੂ। [3]ਭਾਵ ਦੇਖੀ ਹੈ ਭਾਈ ਬੁੱਢੇ ਨੇ।
[4]ਵਧੀਆ ਰਤਨ। [5]ਨਲੇਰ। [6]ਜੋ ਮੱਥਾ ਭਲੇ ਭਾਗਾਂ ਨਾਲ ਭਰਪੂਰ ਸੀ (ਉਸਤੇ)।

*ਪਾ:—ਜਬਰਿ। †ਪਾ:—ਜਬ।

ਧਾਰਹੁ॥੭॥ਗੁਰਤਾ ਗਾਦੀ ਪਰ ਇਹ ਥਿਰਯੋ।ਹਲਤ ਪਲਤ ਭਾਰ ਜੁ ਸਭਿ ਧਰਯੋ। ਸੰਗਤ ਕੋ ਦੁਖ ਪਾਰ ਉਤਾਰਹਿ। ਕਾਰਜ ਅਨਿਕ ਜਗਤ ਮਹਿੰ ਸਾਰਹਿ॥੮॥ਉਠਹੁ ਸਕਲ ਬੰਦਨ ਇਸ ਕੀਜਹਿ।ਨਾਨਾ ਭਾਂਤਿ ਉਪਾਇਨ ਦੀਜਹਿ'।ਸੁਨਿ ਸਤਿਗੁਰ ਕੇ ਬਚਨ ਅਨੰਦੇ। ਬੋਲਤਿ ਜੈਜੈਕਾਰ ਬਿਲੰਦੇ ॥ ੯॥ ਜਥਾ ਸ਼ਕਤਿ ਧਰਿ ਨਿਕਟ ਅਕੋਰ। ਨਮਸਕਾਰ ਕੀਨਸਿ ਕਰ ਜੋਰਿ। ਉਤਸਵ ਸਭਿ ਸਿੱਖਨ ਮਹਿੰ ਹੋਵਾ। ਸ੍ਰੀ ਅਰਜਨ ਰਵਿ ਉੱਦਜਤਿ ਜੋਵਾ॥ ੧੦॥ ਦਾਸ ਤਾਮਰਸ[੧] ਬਿਕਸੇ ਬ੍ਰਿੰਦ। ਜਗਨਾਸੀ ਗਨ ਮੁਦਿਤ ਮਲਿੰਦ। ਮਹਾਂ ਦੇਵ ਪ੍ਰਿਥੀਏ ਉਰ ਆਸਾ। ਭ੍ਰਮ ਤਮ ਜੁਤ ਇਹ ਨਿਸਾ ਬਿਨਾਸਾ[੨]॥ ੧੧॥ ਇਨ ਕੇ ਪੱਖੀ ਉਡਗਨ ਦੂਰੇ। ਨਿੰਦਕ ਪੇਚਕ ਮੁਖ ਦ੍ਰਿਗ ਜੂਰੇ[੩]। ਪ੍ਰਿਥੀ ਚੰਦ ਦੁਤਿ ਚੰਦ ਮਨਿੰਦ[੪]।ਫੀਕੋ ਪਰਯੋ ਤਿਸੀ ਛਿਨ ਮੰਦ॥੧੨॥ਜਰ ਬਰ ਗਯੋ ਅਧਿਕ ਦੁਖ ਪਾਵਤਿ।ਨੀਵ ਗ੍ਰੀਵ ਕਰਿ ਬਸ ਨ ਬਸਾਵਤਿ।ਮਹਾਂ ਦੇਵ ਤੂਸ਼ਨਿ ਥਿਰ ਥਿਯੋ। ਹਰਖ ਨ ਸ਼ੋਕ ਰਿਦੈ ਕੁਛ ਕਿਯੋ ॥੧੩॥ ਸੁਨਿ ਜਨਨੀ ਬਡਭਾਗਾ ਭਾਨੀ।-ਗੁਰ ਅਰਜਨ ਭਾ-ਮੁਦਿਤ ਮਹਾਂਨੀ।ਸਿਮਰਤਿ ਪਿਤਾ ਬਾਕ ਸੁਖ ਪਾਇਵ।-ਨਹੀਂ ਬੰਸ ਤੇ ਗੁਰਤਾ ਜਾਇਵ-॥੧੪॥ਪਿਤਾ ਗੁਰੂ ਕੋ ਕਹਯੋ ਅਟਲ ਹੈ। ਚਲਹਿ ਸੁਮੇਰੁ ਨਹੀਂ ਸੋ ਚਲਿ ਹੈ[੫]।ਸਭਾ ਬਿਖੈ ਸ੍ਰੀ ਸਤਿਗੁਰ ਤਬੈ। ਬੈਠੇ ਚਹੁੰਦਿਸ਼ ਸੰਗਤ ਸਬੈ॥੧੫॥ ਸ੍ਰੀ ਅਰਜਨ ਸੁਤ ਕੀ ਦਿਸ਼ ਦੇਖਿ। ਕਹਯੋ ਬਾਕ ਮਨ ਮੁਦਿਤਿ ਵਿਸ਼ੇਖ। 'ਹੋਤਿ ਸ਼ਬਦ ਕੇ ਚਤੁਰਥ ਪਦ ਸਭਿ। ਕਰੋ ਤੀਨ ਇਕ ਚਹੀਅਤਿ ਹੈ ਅਬਿ ॥੧੬॥ ਰੁਚਹੁ ਸੁਪਦ ਸ਼ੁਭ ਨਿਕਟ ਹਮਾਰੇ। ਪਾਵਹੁ ਸ਼ਬਦ ਭੋਗ ਮਤਿਧਾਰੇ। ਜਿਸ ਕੋ ਜਗ ਮਹਿੰ ਸਿੱਖਜ ਘਨੇਰੇ। ਪਠਹਿੰ ਸੁਨਹਿੰ ਮੁਦ ਪਾਇੰ ਬਡੇਰੇ' ॥੧੭॥ ਮੁਦਿਤਿ ਬ੍ਰਿੱਧ[੬] ਹੁਲ੍ਹਿ ਕਰਿ ਤਬਿ ਕਹੈ।'ਸਤਿਗੁਰ ਬਾਕ ਉਚਿਤ ਹੀ ਅਹੈ'।ਸ੍ਰੀ ਅਰ-ਜਨ ਸੁਨਿਕੈ ਤਿਹ ਸਮੋ। ਰਚਯੋ ਸੁ ਪਦ ਪਿਤ ਕੋ ਕਰਿ ਨਮੋ॥੧੮॥

(ਸ੍ਰੀ ਮੁਖ ਵਾਕ॥) ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥ ੪ ॥ ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥ ੧ ॥ ੮ ॥

[੧]ਕਮਲ। [੨]ਭ੍ਰਮ ਰੂਪ ਅੰਧਕਾਰ ਵਾਲੀ ਜੋ ਰਾਤ੍ਰੀ (ਸਮਾਨ) ਸੀ (ਆਸਾ)ਸੋ ਨਾਸ਼ ਹੋ ਗਈ। [੩]ਨਿੰਦਕ ਉਲੂਆਂ ਦੇ ਮੂੰਹ ਤੇ ਨੇਤ੍ਰ ਬੰਦ ਹੋਏ। [੪]ਪ੍ਰਿਥੀ ਚੰਦ ਦੀ ਸੁੰਦਰਤਾ ਚੰਦ੍ਰਮਾ ਵਾਂਙੂ। [੫]ਟਲੇਗਾ ਨਹੀਂ (ਕਹਿਆ)। [੬]ਬਾਬੇ ਬੁੱਢੇ ਨੇ।

ਚੌਪਈ॥ ਸ੍ਰੀ ਗੁਰ ਰਾਮਦਾਸ ਸੁਨਿ ਹਰਖੇ।–ਬਾਨੀ ਬਹੁਤ ਕਰਹਿੰਗੇ-ਪਰਖੇ। ਆਛੀ ਸਾਫ ਬਨਾਵਟ ਹੇਰੀ। ਰਚੀ ਤੁਰਤ ਨਹਿਂ ਲਾਗਸੁ ਦੇਰੀ ॥੧੯॥ ਸ੍ਰੀ ਮੁਖ ਤੇ ਸੁਤ ਸੋਂ ਫੁਰਮਾਇਵ। 'ਸਹਤ ਨੰਮ੍ਰਤਾ ਸ਼ਬਦ ਬਨਾ-ਇਵ।ਜਿਸਕੋ ਪਠਿ ਸੁਨਿ ਕਰੇ ਬਿਚਾਰਨ। ਹਰੇ ਹੰਕਾਰ ਸਮੇਤ ਬਿਕਾਰਨ' ॥੨੦॥ਹਾਥ ਜੋਰਿ ਪਿਤ ਤੇ ਸੁਨਿ ਬਾਨੀ।ਅਤਿ ਅਧੀਨ ਹੁਇ ਬੰਦਨ ਠਾਨੀ। 'ਕਰਨ ਕਰਾਵਨ ਤੁਮਹੀ ਅਹੋ। ਮੈਂ ਅਨੁਸਾਰਿ ਸਦਾ ਜਿਮ ਕਹੋ' ॥੨੧॥ ਸਭਾ ਉਠੀ ਜਬਿ ਨਿਜ ਨਿਜ ਥਾਨ। ਪਹੁੰਚੇ ਸਭਿ 'ਸ਼ੁਭ' ਕਰਤਿ ਬਖਾਨ। ਭਾਈ ਬ੍ਰਿੱਧਸੋਂ ਪ੍ਰਿਥੀਆ ਮਿਲ੍ਯੋ।ਜਰ ਬਰ ਰਹ੍ਯੋ ਨ ਬਸ ਕਛੁ ਚਲ੍ਯੋ॥੨੨॥ 'ਸੁਨਿ ਬੁੱਢੇ! ਹਮ ਤੁਝਕੋ ਜਾਨਹਿਂ। ਗੁਰ ਨਾਨਕ ਸਮ ਮਹਿਮਾ ਮਾਨਹਿਂ। ਇਸ ਬਿਧਿ ਆਜ ਤੀਕ ਮਤਿ ਮੇਰੀ[1]।ਰਹੀ ਨ ਅਬ ਸ਼ਰਧਾ ਕ੍ਰਿਤ ਹੇਰੀ[2]॥੨੩॥ਰਹ੍ਯੋ ਸੰਗ ਸਭਿ ਹੀ ਸਤਿਗੁਰ ਕੇ। ਦੇਖਤਿ ਰਹ੍ਯੋ ਬ੍ਰਿਤਾਂਤ ਸੁ ਧੁਰਕੇ। ਮੈਂ ਜੇਸ਼ਟ ਅਰੁ ਲਾਇਕ ਆਛੇ। ਉਚਿਤ ਹੁਤੀ ਗੁਰਤਾ ਪਿਤ ਪਾਛੇ॥੨੪॥ ਸੋ ਤੁਮ ਨੇ ਕਛੁ ਨਹੀਂ ਬਿਚਾਰ੍ਯੋ।ਭਯੋ ਬ੍ਰਿੱਧ ਕੈ ਬੁਧਿ ਬਲ ਹਾਰ੍ਯੋ[3]। ਪਿਤ ਤੌ ਗੁਰੂ ਨਾਮੁ ਇਕ ਬਨੇ[4]।ਮੈਂ ਬਿਵਹਾਰ ਚਲਾਵਤਿ ਘਨੇ ॥੨੫॥ਸਭਿ ਬਿਧਿ ਕੀ ਬੁਧਿ ਤੂੰ ਮਮ ਜਾਨਤਿ। ਸਭਿ ਸੰਗਤਿ ਗੁਰ ਮੁਹਿ ਅਨੁਮਾਨਤਿ।ਕ੍ਰਿੱਤਿ ਅਚਾਨਕ ਇਹ ਕਜਾ ਕੀਨ। ਤੈਂ ਉਠਿ ਤੁਰਤ ਤਿਲਕ ਕਰਿ ਦੀਨ॥੨੬॥ ਮੈਂ ਨਿਜ ਬਲ ਤੇ ਦਯੋਂ ਉਲਟਾਇ। ਤੌ ਤੁਮਰੀ ਕਜਾ ਪਤਿ ਰਹਿ ਜਾਇ। ਆਗੈ ਜ਼ਿਕਰ ਨ ਕਬਿਹੂੰ ਭਯੋ। ਤੁਰਤ ਅਨੁਚਿਤ ਕਹਾਂ ਕਰਿ ਦਯੋ॥੨੭॥ਜੋ ਪਿਤ ਰਿਸ ਕਰਿਕੇ ਇਮ ਠਾਨੀ।ਰੀਤਿ ਅਨੁਚਿਤ ਕਰਨ ਕੋ ਮਾਨੀ। ਤਊ ਤੁਮਹੁ ਕੋ ਲਾਇਕ ਹੁਤੀ। ਸਮਝਾਵਨ ਕਹਿ ਕੈ ਸ਼ੁਭ ਮਤੀ ॥੨੮॥– ਬਡ ਸੁਤ ਕੋ ਹੈ ਇਹੁ ਅਧਿਕਾਰਾ।ਪੁਨ ਸਭਿ ਬਿਧਿ ਲਾਇਕ ਨਿਰਧਾਰਾ। ਪਿਤ ਕੇ ਹੋਵਤਿ ਸਭਿ ਬਿਵਹਾਰਾ। ਕਰੇ ਸੰਭਾਰਨ ਸੁਮਤਿ ਉਦਾਰਾ–॥ ੨੯ ॥ ਇੱਤ੍ਯਾਦਿਕ ਕਹਿ ਕਰਿ ਸਮਝਾਵਤਿ। ਗੁਰਤਾ ਲਘੁ ਸੁਤ ਤੇ ਬਰਜਾਵਤਿ[5]। ਤੁਮ ਕੋ ਉਚਿਤ ਹੁਤੀ ਇਹੁ ਰੀਤਿ। ਤੌ ਸਯਾਨੋ ਸਮਝਤਿ ਸਭਿ ਚੀਤ॥੩੦॥ ਸੋ ਤੌ ਬਾਤ ਨ ਕੀਨਸਿ ਨੀਕਾ। ਤੈਂ ਉਠਿ ਦੀਨ ਤੁਰਤ ਹੀ ਟੀਕਾ।ਤੁਵ ਕ੍ਰਿਤ

[1]ਮੇਰੀ ਮਤ ਇਸ ਪ੍ਰਕਾਰ ਦੀ (ਭਾਵ ਸ਼ਰਧਾ ਵਾਲੀ ਰਹੀ)। [2](ਤੁਹਾਡੀ) ਕਰਤੂਤ ਵੇਖਕੇ। [3]ਬੁੱਢਾ ਹੋ ਗਿਆ ਹੈਂ, ਕਿ ਤੇਰੀ ਮਤ ਦਾ ਬਲ ਹਾਰ ਗਿਆ ਹੈ। [4]ਪਿਤਾ ਜੀ ਤਾਂ ਇਕ ਨਾਮ ਮਾਤ੍ਰ ਗੁਰੂ ਬਣੇ ਹੋਏ ਸਨ। [5]ਰੋਕ ਦੇਂਦੇ।

ਕੋ ਕਨਾ ਨਿੰਦਹਿਂ ਨਾਂਹੀ?।ਜੇਸਿਖ ਸਨਾਨੇ ਸੰਗਤਿ ਮਾਂਹੀ॥੩੧॥ਦੇਖਿਲਈ ਤੁਮਰੀ ਕਰਤੂਤ। ਕਹਤਿ ਸੁਮਤਿ ਜੁਤਿ ਕੀਨ ਕਸੂਤ[੧]। ਅਬਿ ਮੈ ਕਰਿਹੌਂ ਨਿਤ ਉਤਸਾਹੂ।ਛੀਨ ਲੇਹੁਂ ਗਾਦੀ ਤਿਸ ਪਾਹੂ॥੩੨॥ਦਰਬ ਬ੍ਰਿੰਦ ਖਰਚਨ ਕਰਿ ਲੈਹੋਂ । ਸਭਿ ਕੀ ਕਰੀ ਉਲਟ ਅਬਿ ਦੈ ਹੌਂ" । ਬ੍ਰਿੱਧ ਕਹ੍ਯੋ 'ਰਿਸ ਕਸੌਂ ਉਰ ਕਰੈਂ?।ਪਿਤ ਸੇਵਾ ਮਹਿਂ ਨਹਿਂ ਹਿਤ ਧਰੈਂ॥੩੩॥ਰੀਝਹਿਂ,ਬਿਨਾ ਕਹੇ ਤੁਝ ਦੈ ਹੈਂ[੨] । ਜੇ ਕਰਿ ਲਾਇਕ ਕੋ ਪਿਖਿ ਲੈਹੈਂ।ਕਰੈਂ ਬਖੀਲੀ ਹਾਥ ਨ ਆਵੈ।ਗਹਹਿਂ*ਨੰਮ੍ਰਤਾ ਬਾਂਛਤ ਪਾਵੈਂ॥੩੪॥ ਪਿਤ ਕੋ ਕਹ੍ਯੋ ਨ ਮਾਨ੍ਯੋ ਨੀਕਾ।ਯਾਂਤੇ ਨਹੀਂ ਭਯੋ ਤੁਵ ਟੀਕਾ।ਗੁਰੂ ਪੁੱਤ੍ਰ ਤੁਮ,ਬਡੀ ਬਡਾਈ।ਮਾਨ-ਨੀਯ,ਕਹਾ ਹਾਥ ਨ ਆਈ[੩] ॥੩੫॥ ਕ੍ਰੋਧ ਬਿਖਾਦ ਛੋਡ ਸੁਖ ਪਾਵਹੁ।ਪਿਤਾ ਕਰੇ ਤਿਮ ਉਰ ਹਰਖਾਵਹੁ।ਦੀਨ ਦੁਨੀ ਕੇ ਮਾਲਿਕ ਅਹੈਂ। ਤਿਨ ਸਨਮੁਖ ਕੋ ਉੱਤਰ ਕਹੈ?"॥੩੬॥ਇਮ ਕਹਿ ਬ੍ਰਿਧ ਮੁਖ ਧਾਰੀ ਮੌਨ।ਪ੍ਰਿਥੀਆ ਜਾਇ ਪ੍ਰਵੇਸ਼੍ਯੋ ਭੌਨ । ਗਿਰਾ ਕਠੋਰ ਕਹਤਿ ਰਿਸ ਧਾਰੇ । ਪਿਤ ਕੇ ਨਿਕਟ ਗਯੋ ਦੁਖ ਭਾਰੇ ॥ ੩੭ ॥ ਮੁਖ ਤੇ ਕਹਿਨ ਲਾਗਿ ਕਟੁ ਬਾਨੀ। 'ਕਹਾ ਬਿਪਰੀਤਿ ਆਪ ਨੇ ਠਾਨੀ?। ਮੇਰੀ ਵਸਤੁ ਅਲਪ ਕੋ ਦਈ । ਕੋ ਇਮੁ ਕਰਹਿ?, ਨ ਆਗੇ ਭਈ†॥੩੮॥ਮੋ ਸੰਗ ਖੋਟ ਜਾਨਿਕੈ ਕਰ੍ਯੋ।ਕੌਨ ਦੋਸ਼ ਲਖਿਕੈ ਪਰ-ਹਰ੍ਯੋ।ਜਿਸ ਪ੍ਰਕਾਰ ਤੁਮ ਮੁਝ ਸੋਂ ਠਾਨੀ।ਇਸ ਕੋ ਫਲ ਦੇਖੋ ਅਗਵਾਨੀ[੪]। ੩੯॥ਦਰਬ ਬ੍ਰਿੰਦ ਅਬਿ ਮੋਹਿ ਸਮੀਪਿ।ਮਿਲਿ ਹੌਂ ਬਲੀ ਜੁ ਹੋਹਿ ਮਹੀਪਿ । ਦੇ ਕਰਿ ਧਨੁ ਕੋ ਤਿਸੁ ਅਪਨਾਵਹੁਂ। ਪਿਤ ਸੁਤ[੫]ਤੁਮ ਕੋ ਕਸ਼ਟ ਦਿਖਾਵਹੁਂ ॥੪੦॥ ਜਬਿ ਤੁਮਰੋ ਬਸ ਚਲਹਿ ਨ ਕੋਈ।ਬਿਨਾ ਕਰੇ ਗੁਰਤਾ ਮੁਝ ਹੋਈ'। ਇੱਤਯਾਦਿਕ ਝਗਰਾ ਬਹੁ ਠਾਨ੍ਯੋ । ਤਿਸ ਪਰ ਸ਼੍ਰੀ ਗੁਰ ਸਬਦ ਬਖਾਨ੍ਯੋ ॥ ੪੧ ॥

ਸ੍ਰੀ ਮੁਖਵਾਕ:- ਸਾਰਗ ਮਹਲਾ ੪ ਘਰੁ ੩ ਦੁਪਦਾ

ੴ ਸਤਿਗੁਰਪ੍ਰਸਾਦਿ ॥

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ੧ ॥ ਰਹਾਉ ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ ਛੋਡਿ

---

[੧](ਲੋਕੀ ਤੁਹਾਨੂੰ) ਅਕਲ ਵਾਲਾ ਕਹਿੰਦੇ ਸਨ, (ਪਰ ਤੁਸਾਂ) ਕਸੂਤੀ ਗਲ ਕੀਤੀ ਹੈ । [੨]ਜੇ ਰੀਝ ਜਾਂਦੇ ਤਾਂ ਬਿਨਾ (ਮੇਰੇ) ਕਹੇ ਤੈਨੂੰ ਦੇ ਦਿੰਦੇ । [੩]ਤੇਰੀ ਵਡਿਆਈ ਵਡੀ ਹੈ,ਤੂੰ ਗੁਰੂ ਦਾ ਪੁੱਤ੍ਰ ਹੈਂ, ਮਾਨਨੀਯ ਹੈਂ, ਕੀ ਹੋਯਾ (ਜੇ ਗੁਰਜਾਈ) ਹਥ ਨਹੀਂ ਆਈ ਤਾਂ। [੪]ਦੇਖੋਗੇ ਅੱਗੇ ਨੂੰ । [੫]ਪਿਤਾ ਪੁੱਤ੍ਰ (ਦੋਹਾਂ ਨੂੰ)। *ਪਾ:-ਗਹਹੁ । †ਪਾ:-ਹੁਈ ।

ਜਾਇ ਬਿਖਿਆ ਰਸੁ ਤਉ ਲਾਗੋ ਪਛੁਤਾਪ ॥ ੧ ॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥

ਚੌਪਈ॥'ਪ੍ਰਿਥੀਆ ਸੁਨਹੁ ਗਰਬ ਕਰਾ ਧਨ ਕੋ।ਜਿਸ ਕੋ ਤਜਾਗਤਿ ਟਿਕਹਿ ਨ ਖਿਨ ਕੋ[1] । ਪਛੁਤਾਵਨ ਪੀਛੇ ਰਹਿ ਜੈਹੈ। ਪਿਤ ਸੋਂ ਝਗਰਤਿ ਲਾਜ ਨ ਪੈਹੈ ॥ ੪੨ ॥ ਯਾਂਤੇ ਹਰਿ ਹਰਿ ਸਿਮਰਨ ਕਰਹੁ।ਨੀਕੋ ਇਹੁ ਉਪਦੇਸ਼ ਜਿ ਧਰਹੁ।ਤਨ ਮਨ ਕੇ ਸਭਿ ਹਤਹਿਂ ਸੰਤਾਪ।ਬਹੁਰ ਨ ਬਜਾਪਹਿ ਲੋਭ ਸੁ ਪਾਪ' ॥੪੩॥ਸੁਨਿ ਪ੍ਰਿਥੀਆ ਪੁਨ ਖਿਝਯੋ ਬਿਸਾਲਾ।—ਸਿਮਰਹੁ ਹਰਿ ਹਰਿ ਨਾਮ ਗੁਪਾਲਾ[2]—।ਗੁਰਿਆਈ ਲਘੁ ਸੁਤ ਕੋ ਦੈ ਕੈ। ਮੋਹਿ ਅਨਾਦਰਿ ਸਭਿ ਮਹਿਂ ਕੇ ਕੈ॥੪੪॥ਉਪਦੇਸ਼ਨ ਕੋ ਲਖਿਅਧਿਕਾਰੀ। ਭਲੇ ਸਮੇਂ ਅਬਗਿਰਾਉਚਾਰੀ।—ਗੁਰਤਾ ਕੀ ਧਰਿ ਕਰਿ ਉਰ[3] ਆਸਾ । ਹਰਿ ਕੌ ਭਜੋ ਹੋਇ ਕਰਿ ਦਾਸਾ—॥੪੫॥ਇਹੁ ਧਰਿਹੌਂ[4]ਉਪਦੇਸ਼ ਤੁਮਾਰਾ।ਭਲੇ ਕਰਹੁਗੇ ਭਵਜਲ ਪਾਰਾ ।। ਕਰਤਿ ਅਜੋਗ ਨ ਕਛੁ ਬਿਚਾਰੇ।—ਸਿਮਰਹੁ ਹਰਿ ਹਰਿ—ਅਬਹਿ ਉਚਾਰੇ' ॥੪੬॥ ਸੁਨਿ ਸ੍ਰੀ ਰਾਮਦਾਸ, ਬਚ ਖੋਟੇ।—ਹਟਤਿ ਨਹੀਂ, ਕੋ ਕਿਸ ਬਿਧਿ ਹੋਟੇ[5] । ਏਕ ਪ੍ਰੀਤਿ ਜਿਸ ਕਰਨ ਖੁਟਾਈ[6]—। ਪੁਨ ਇਕ ਸ਼ਬਦ ਬਨਾਇ ਸੁਨਾਈ ॥ ੪੭ ॥

ਸ੍ਰੀ ਮੁਖਵਾਕ ॥ ਸੂਹੀ ਮਹਲਾ ੪ ॥

ਤਿਨ੍ਹੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ॥ ਤਿਨ੍ਹ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥ ੧ ॥ ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣ ਹਾਰਾ ॥ ੧ ॥ ਰਹਾਉ ॥ ਧੁਰਿ ਭਗਤਿ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥ ਮੂਰਖੁ ਹੋਵੈ ਸੁ ਉਨ ਕੀ ਰੀਸਿ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥ ੨ ॥ ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥ ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥ ੩ ॥ ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੁਛਿ ਕਰਹੁ ਬੀਚਾਰਾ ॥ ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ ॥ ੪ ॥ ੨॥ ੯॥

ਚੌਪਈ ॥ 'ਤਿਸ ਕੇ ਅੰਤਰ ਹਰਿ ਲਿਵ ਲਾਗੋ।ਜਿਸ ਕੇ ਲਿਖਯੋ ਧੁਰਹੁੰ ਵਡ-

[1]ਕੋਈ। [2](ਮੈਨੂੰ ਕਹਿੰਦੇ ਹੋ ਤੂੰ) ਹਰਿ ਹਰਿ ਗੁਪਾਲ ਦੇ ਨਾਮ ਨੂੰ ਸਿਮਰ। [3]ਧਰਕੇ ਭਾਵ ਛੋਡਕੇ ਦਿਲੋਂ । [4]ਧਾਰਨ ਕਰਾਂਗਾ। [5]ਇਹ ਮੁੜਦਾ ਨਹੀਂ ਭਾਵੇਂ ਕੋਈ ਕਿਸੇ ਤਰ੍ਹਾਂ ਇਸਨੂੰ ਹੋੜੇ। [6]ਇਕ ਖੋਟ ਕਰਨ ਵਿਚ ਹੀ ਇਸਦੀ ਪ੍ਰੀਤੀ ਹੈ।

ਛਾਗੇ। ਸ੍ਰੀ ਅਰਜਨ ਕੋ ਸਦਾ ਸਹਾਇਕ। ਹਰਿ ਕਰਤਾਰ ਜੁ ਸਭਿ ਜਗੁ ਨਾਇਕ॥੪੮॥ਤਿਸ ਕੀ ਤੂੰ ਕਸਾ ਕਰਹਿਂ ਬਖੀਲੀ॥ਜਿਸਕੇ ਹਰਿ ਲਿਵਲਗੀ ਰਸੀਲੀ॥ ਲਖਯੋ ਭਗਤ ਬਖਸ਼ਸ਼ ਭੀ ਧੁਰ ਤੇ। ਅੰਮ੍ਰਿਤ ਭਗਤਿ ਭੰਡਾਰ ਸੁ ਬਰਤੇ॥੪੯॥ਰੀਸ ਕਰੇ, ਮੂਰਖ ਹੈ ਸੋਇ। ਹਲਤਿ ਪਲਤਿ ਮੁਖ ਕਾਰੋ ਹੋਇ। ਪ੍ਰਿਯ ਹਰਿਨਾਮ ਭਗਤਿ ਸੋ ਦਾਸ। ਤਿਨ ਤੇ ਪਾਈਅਹਿ ਪ੍ਰਭੁ ਪ੍ਰਕਾਸ਼ ॥ ੫੦ ॥ ਨਿੰਦਕ ਕੇ ਕੁਛ ਹਾਥ ਨ ਆਵੈ। ਛਾਰ ਪਰੈ ਸਿਰ ਫਿਰ ਪਛੁਤਾਵੈ। ਜਿਸ ਕੇ ਉਰ ਬਰਤਹਿ ਲਿਵ ਹਰਿਕੀ। ਸੋ ਜਾਨਹਿ ਮਹਿਮਾ ਸਤਿਗੁਰ ਕੀ ॥੫੧॥ ਸ੍ਰੀ ਨਾਨਕ ਗੁਰ ਅੰਗਦ ਚੇਰ੍ਹਾ।ਸ੍ਰੀਗੁਰ ਅਮਰਦਾਸ ਸੁਖਕੰਦਾ।ਰਤ੍ਰ- ਰਥ ਪੀੜ੍ਹੀ ਗੁਰਤਾ ਕੇਰੀ। ਹਮ ਲਗ ਹੋਈ ਸਭਿ ਜਗੁ ਹੇਰੀ ॥ ੫੨ ॥ ਕਰੇ ਬਖੀਲੀ ਕਰ ਨਹਿਂ ਆਈ[1]। ਲਹਯੋ ਪਰਮ ਪਦ ਕਰਿ ਸਿਵਕਾਈ[2]।ਸੋ ਤੇਰੇ ਕਬਿ ਤੀਰ ਨ ਹੋਈ[3]। ਭਰੇ ਗਰਬ ਸੋਂ ਮਤ ਛਲ ਭੋਈ॥੫੩॥ ਹਮ ਕੋ ਤੈਂ ਅਲਪੱਗਯ ਪਛਾਨਾ।ਆਪ ਕਰੇ ਛਲ ਮਾਨਿ ਮਹਾਂਨਾ[4]। ਮਤਸਰ ਧਰਿ ਕਰਿ ਲੋਕਰਿ ਪਾਤੀ।ਕਰੀ ਛੁਪਾਵਨ ਮਨਹੁੰ ਅਰਾਤੀ[5]॥੫੪॥ਹਮ ਤੁਝ ਬੂਝਰਹੇ, ਨਹਿਂ ਮਾਨੀ। ਨਿਡਰ ਕੁਮਤਿ ਧਰਿ ਸਪਤ[6] ਬਖਾਨੀ। ਕੂਰ ਸਪਤ ਕੋ ਦੋਸ਼ ਨ ਮਾਨਾ।ਹਮ ਕੋ ਜਾਨਤਿ ਰਹਯੋ ਅਜਾਨਾ॥੫੫॥ਬਿਨਾਂ ਨੰਮ੍ਰਤਾ ਹੋਇ ਨ ਸੇਵਾ। ਸੇਵਾ ਕਹਾਂ ਮਹਾਂ ਅਹੰਮੇਵਾ[7]*। ਸ਼ਰਧਾ ਸਭਿਕੀ ਮੂਲ ਮਹਾਂਨੀ। ਅੰਕੁਰੁ[8]ਪ੍ਰੇਮ ਹੋਤਿ ਸੁਖਦਾਨੀ ॥੫੬॥ ਤ੍ਵਚ ਸੇਵਾ ਜਿਸ ਕੋ ਦ੍ਰਿੜ੍ਹ ਕਰਤਾ[9]। ਕਾਂਡ[10] ਬਡੇ ਵੈਰਾਗ ਪ੍ਰਵਿਰਤਾ[11]। ਹਰਿ ਕਾ† ਨਾਮ ਸੁਮਨ ਤੇ ਫੂਲਾ[12]। ਸਤਿ ਸੰਗਤਿ ਮਹਿਂ ਸ਼ੋਭਤਿ ਝੂਲਾ[13]॥੫੭॥ ਦੈਵਿ ਸੰਪਦਾ ਗੁਣ ਜਿ ਅਨੇਕਾ

[1](ਗੁਰਤਾਈ) ਹੱਥ ਨਹੀਂ ਆਈ। [2]ਸੇਵਾ। [3]ਸੋ (ਸੇਵਾ) ਤੇਰੇ ਕਦੇ ਨੇੜੇ ਨਹੀਂ ਢੁੱਕੀ। [4]ਆਪ ਨੂੰ ਮਹਾਨ ਮੰਨਕੇ ਛਲ ਕਰਦਾ ਰਿਹਾ ਹੈਂ। (ਅ) ਆਪ ਨੂੰ ਛਲ ਤੇ ਬੜਾ ਹੰਕਾਰ ਕਰਦਾ ਰਿਹਾ ਹੈਂ। [5]ਮਾਨੋਂ ਸ਼ੱਤ੍ਰ। [6]ਸੁਗੰਦ, ਸੌਂਹ। [7]ਤੂੰ ਸੇਵਾ ਕੀ ਕਰਨੀ ਸੀ ਬੜਾ ਹੰਕਾਰ ਵਧਾਇਆ ਹੈ। [8]ਅੰਗੂਰ । [9]ਭਾਵ ਸੇਵਾ ਛਿੱਲ ਸਮਾਨ ਹੈ ਜੋ ਪ੍ਰੇਮ ਨੂੰ ਦ੍ਰਿੜ੍ਹ (ਮਜ਼ਬੂਤ) ਕਰਦੀ ਹੈ। [10]ਟਾਹਣੇ। [11]ਘੇਰੇ ਹੋਏ। [12]ਫੁੱਲਾਂ ਕਰਕੇ ਪ੍ਰਫੁੱਲਤ ਹੁੰਦਾ ਹੈ। [13]ਝੂਲਦਾ ਹੋਯਾ ਸ਼ੋਭਦਾ ਹੈ (ਇਹ ਬ੍ਰਿੱਛ)।

*ਪ੍ਰਿਥੀਆ ਜੋ ਕੰਮ ਕਾਜ ਪ੍ਰਬੰਧ ਕਰਦਾ ਸੀ ਉਸਨੂੰ ਸੇਵਾ ਸਮਝਦਾ ਸੀ। ਉਹ ਸੀ ਹੰਕਾਰ, ਕਿਉਂਕਿ ਹੰਕਾਰ ਵਿਚ ਕਰਦਾ ਸੀ ਤੇ ਉਸ ਸੇਵਾ ਵਿਚ ਸ਼ਰਧਾ ਪ੍ਰੇਮ ਭਾਵ ਕੁਛ ਨਹੀਂ ਸੀ, ਗੱਦੀ ਦਾ ਲੋਭ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨਾਮ ਦੀ ਲਿਵ ਵਿਚ ਤੇ ਸਤਿਗੁਰੂ ਜੀ ਦੇ ਪ੍ਰੇਮ ਵਿਚ ਨਿਮਗਨ ਆਤਮ ਸੇਵਾ ਵਿਚ ਰਹਿੰਦੇ ਸਨ। †ਪਾ:—ਕੋ।

। ਗੁਣ ਦਲ ਕਲਿਤ ਸੁ ਬਲਿਤ ਬਿਬੇਕਾ[1]। ਆਤਮ ਗ੍ਯਾਨ ਲਗ੍ਯੋ ਫਲ ਸੁੰਦਰ। ਅਤਿ ਅਨੰਦ ਰਸ ਜਿਸ ਕੇ ਅੰਦਰ[2] ॥੫੯॥ ਕੋਟਿ ਕਲਪਤਰੁ ਹ੍ਵੈ ਨ ਪਟੰਤਰ[3]। ਪ੍ਰਭੁ ਕ੍ਰਿਪਾ ਤੇ ਲਹੈ ਸੁ ਅੰਤਰ। ਕ੍ਯੋਂ ਤਰਫਤਿ ਅਬਿ ਦੁਖ ਕੋ ਪਾਇ। ਬਿਨਾਂ ਭਾਗ ਤੇ ਹਾਥ ਨ ਆਇ॥੫੯॥ ਅਬਿ ਭੀ ਰਹੁ ਅਨੁਸਾਰਿ ਸਦੀਵਾਹਰਿ ਹੰਕਾਰ[4] ਹੋਹੁ ਮਨ ਨੀਵਾਂ[5]। ਇੱਤ੍ਯਾਦਿਕ ਪ੍ਰਿਥੀਆ ਸਮੁਝਾਇਵ। ਬਾਦ ਕਰਨ ਤੇ ਬਹੁ ਬਰਜਾਇਵ ॥੬੦॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅਰਜਨ ਕੋ ਗੁਰਿਆਈ ਦੇਨਿ' ਪ੍ਰਸੰਗ ਬਰਨਨੰ ਨਾਮ ਦੁਇ ਬਿੰਸਤੀ ਅੰਸੂ ॥੨੨॥

੨੩. [ਪ੍ਰਿਥੀਏ ਨਾਲ ਝਗੜਾ। ਸ੍ਰੀ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਜਾਣਾ]

ਦੋਹਰਾ ॥ ਸੁਨਤਿ ਪਿਤਾ ਕੇ ਬਚਨ ਕੋ ਪ੍ਰਿਥੀਆ ਅਤਿ ਹੰਕਾਰ। ਮਹਾਂ ਕ੍ਰੋਧ ਕੋ ਧਾਰਿਕੈ ਸਨਮੁਖ ਕੀਨ ਉਚਾਰ ॥੧॥ ਚੌਪਈ ॥ 'ਸੇਵਾ ਭੁਲੀ ਕਰਤਿ ਹੋ ਪਰਖਨ। ਬੈਠ੍ਯੋ ਲਵਪੁਰਿ ਮਹਿਂ ਦ੍ਵੈ ਬਰਖਨਿ। ਤੁਮਰੀ ਸੁਧਿ ਅਰੁ ਨਹੀਂ ਸਦਨ ਕੀ। ਆਵਤਿ ਜਾਤਿ ਨਹੀਂ ਸੁਧ ਧਨ ਕੀ॥੨॥ ਬੈਠ੍ਯੋ ਰਹ੍ਯੋ ਨਿਚਿੰਤ ਸੁਖਾਰੋ। ਕੌਨ ਕਾਜ ਤਹਿਂ ਰਹਤਿ ਸੁਵਾਰੋ। ਮੈਂ ਸਗਰੇ ਘਰ ਕੀ ਬਡ ਕਾਰ। ਸੰਗਤਿ ਆਵਨਿ ਜਾਨਿ ਹਜ਼ਾਰ॥੩॥ ਕਿਸ ਕੋ ਦੇਨਿ ਕਿਸੂ ਤੇ ਲੇਨਾ। ਰਾਖਨ ਸਭਿ ਕੋ ਸਦਾ ਸੁਖੈਨਾ। ਨਿਤਪ੍ਰਤਿ ਕਰਤਿ ਰਹ੍ਯੋ ਮੈਂ ਆਛੇ[5]। ਸਭਿ ਪ੍ਰਸੰਨ ਹੁਇ ਮੁਝ ਤੇ ਗਾਛੇ[6]॥੪॥ ਅਖਿਲ ਮਸੰਦਨ ਤੇ ਸਭਿ ਕਾਰ। ਰਹ੍ਯੋ ਸੰਭਾਰਤਿ ਸਰਬ ਪ੍ਰਕਾਰ। ਦੇਗ਼ ਕਰਨ ਕੀ ਕਾਰ ਚਲਾਈ। ਇੱਤ੍ਯਾਦਿਕ ਮੈਂ ਸੇਵ ਕਮਾਈ ॥੫॥ ਤੁਮ ਤੇ ਆਦਿ ਸਰਬ ਪਰਵਾਰੇ। ਕਾਰਿ ਕਿਨਹੁਂ ਨਹਿ ਕੋਇ ਸੰਭਾਰੇ। ਸੁਧਿ ਭੀ ਕਬਹੁਂ ਨ ਲੀਨਸਿ ਕੋਈ। ਮੋ ਤੇ ਹੋਤਿ ਸਰਬ ਬਿਧਿ ਸੋਈ'॥੬॥ ਇਮ ਕਹਿ ਕਟਕ ਬਾਕ ਪੁਨ ਭਾਖੇ। ਜਿਨ ਮਹਿਂ ਬਚਨ* ਅਨਾਦਰ ਰਾਖੇ। ਲਿਖੇ ਨ ਜਾਇਂ ਮੋਹਿ ਤੇ ਸੋਇ। ਮਹਾਂ ਕਠੋਰ ਅਨੁਚਿਤ ਜੋਇ॥੭॥ ਛਿਮਾ ਨਿਧਾਨ ਬਿਰਦ ਲਖਿ ਆਪਨਿ। ਰਿਸ ਤੇ ਕਰ੍ਯੋ ਨ ਸੁਤ ਕੋ ਸ੍ਰਾਪਨਿ। ਕਹਤਿ ਭਏ 'ਉਠ ਬਿਰਹੁ ਨ ਆਗੋ। ਅਬਿ ਤੇ ਨਹਿਂ ਹਮਰੋ ਮੁਖ ਲਾਗੋ॥੮॥ ਬਡ ਦੁਰਭਾਗਿ ਲਾਲਸਾ ਧਨ ਕੀ। ਦੁਰਮਤਿ ਬਿਖੈ ਬ੍ਰਿੱਤਿ

[1]ਵਿਵੇਕ ਆਦਿਕ ਜੋ ਦੈਵੀ ਸੰਪਦਾ ਦੇ ਅਨੇਕ ਗੁਣ ਹਨ ਓਹ ਮਾਨੋਂ ਸਾਰੇ ਸੁੰਦਰ ਪੱਤੇ (ਹਨ, ਜਿਨ੍ਹਾਂ ਕਰਕੇ ਓਹ ਬ੍ਰਿੱਛ) ਵਿਹੜਿਆ ਹੈ। (ਅ) ਬਿਬੇਕਾ=ਜਾਣੋ, ਸਮਝੋ। [2]ਉਸ ਫਲ ਵਿਚ ਰਸ ਜੋ ਹੈ ਸੋ 'ਅਨੰਦ' ਹੈ। [3]ਬਰਾਬਰ। [4]ਹੰਕਾਰ ਨੂੰ ਦੂਰ ਕਰਕੇ। [5]ਚੰਗੀ ਤਰ੍ਹਾਂ। [6]ਜਾਂਦੇ ਸਨ।

*ਪਾ:-ਬਰਨ।

ਅਤਿ ਮਨ ਕੀ*'। ਸੁਨਿ ਪ੍ਰਿਥੀਆ ਕਹਿ 'ਜੇ ਮੁਝ ਤਜਾਗੋ। ਤੁਮ ਭੀ ਨਹਿਂ ਕਬਹੂੰ ਮੁਖ ਲਾਗੋ॥੯॥ਦੋਹਰਾ॥ ਮੈਂ ਤਜਾਗਨ ਤੁਮਰੋ ਕਰਜੋ ਤੁਮ ਨੇ ਤਜਾਗਜ ਮੋਹਿ।ਪਲਟੋ ਮੈਂ ਜਬਿ ਲੇਇ ਹੌਂ ਸ਼ਾਂਤਿ ਰਿਦੇ ਤਬਿ ਹੋਹਿ॥੧੦॥ਚੌਪਈ।ਪਿਤ ਸੁਤ ਜੁਗ ਕੋ ਦੁਖ ਦਿਖਲਾਵੌਂ। ਤੌ ਮੈਂ ਪ੍ਰਿਥੀਆ ਨਾਮ ਧਰਾਵੌਂ'। ਤ੍ਰਿਸਕା- ਰਤਿ ਕਹਿਏਵ ਕਠੋਰਾ।ਉਠਜੋ,ਨਿਕਸਿ ਗਮਨਜੋ ਘਰ ਓਰਾ॥੧੧॥ਚਲਤਿ ਜਾਤ ਕਟੁ ਵਾਕ ਉਚਾਰਤਿ। ਉਚੀ ਧੁਨਿ ਸਭਿ ਕੇ ਸ੍ਰੁਤ ਡਾਰਤਿ। ਅਪਨੇ ਸਦਨ ਪ੍ਰਵੇਸ਼ਜੋ ਜਾਈ।ਮਹਾਂ ਦੁਖਿਤਿ ਰਿਸ ਬਸ ਨ ਬੌਸਾਈ॥ ੧੨॥ ਨਿਸਾ ਬਿਖੈ ਸ਼੍ਰੀ ਗੁਰੂ ਬਿਚਾਰਾ।-ਰਾਰ ਕਰਨ ਮੈਂ ਇਹੁ ਛਲਵਾਰਾ। ਅਨਿਕ ਬਿਘਨ ਕੌ ਠਾਨਿ ਉਪਾਇ।ਨਹਿਂ ਇਹੁ ਟਰੇ ਕੁਮਤਿਕੋ ਪਾਇ॥੧੩॥ ਤਨ ਤਜਾਗਨ ਕੋ ਸਮਾਂ ਸੁ ਆਇਵ। ਜਿਮ ਸ਼੍ਰੀ ਅਮਰ ਬਾਕ ਫੁਰਮਾਇਵ। ਹਮ ਕੋ ਉਚਿਤ ਕਰਨ, ਸੋ ਕੀਨਾ। ਜਥਾ ਹੁਕਮ ਪਰਮੇਸ਼ੁਰ ਦੀਨਾ॥੧੪॥ ਨਿਕਟਿ ਨ ਰਹਿ ਹੈ†ਪ੍ਰਿਥੀਆ ਤਬੈ। ਹਮ ਤਨ ਤਜਾਗਨ ਕਰਿ ਹੈਂ ਜਬੈ। ਕਰਤਾ ਇਹੁ ਉਤਪਾਤ ਬਿਸਾਲਾ। ਸ਼੍ਰੀ ਅਰਜਨ ਤੇ ਰਹੈ ਨਿਰਾਲਾ॥੧੫॥ ਇਹ ਠਾਂ ਬਨੈ ਨ ਨੀਕੀ ਬਾਤੀ। ਗੋਇੰਦਵਾਲ ਚਲਹਿਂ ਉਠਿ ਪ੍ਰਾਤੀ। ਸ਼੍ਰੀ ਗੁਰੂ ਅਮਰਦਾਸ ਕੇ ਨੰਦ। ਮੋਹਨ ਸੁਮਤਿ ਮੋਹਰੀ ਚੰਦ ॥ ੧੬ ॥ ਸ਼੍ਰੀ ਅਰਜਨ ਕੀ ਬਾਂਹਿ ਗਹਾਇ। ਤੀਰ ਬਿਪਾਸਾ ਚਲਹਿਂ ਸਮਾਇ-। ਨਿਕਟ ਹਕਾਰਨ ਕੀਨਸਿ ਭਾਨੀ। 'ਸਰਬ ਭੇਦ ਸਮਝਾਇ ਮਹਾਂਨੀ ॥ ੧੭ ॥ 'ਗੋਇੰਦਵਾਲ ਪ੍ਰਤਿ ਕੋ ਚਲੀਅਹਿ। ਨੈਹਰ ਬਿਖੈ ਅਖਿਲ° ਸੰਗ ਮਿਲੀਅਹਿ'।ਪੁਨ ਭਾਈਬੁੱਢਾ ਸਮਝਾਯਹੁ।'ਭੋਰ ਹੋਤਿ ਤਜਾਰੀ ਕਰਿ- ਵਾਯਹੁ'॥੧੮॥ਕਹਿ ਕਰਿ ਖਾਨ ਪਾਨਕੋ ਕਰਿਕੈ।ਸੁਪਤ ਜਥਾ ਸੁਖ ਸਿਹਜਾ ਪਰਿਕੈ। ਜਾਮ ਜਾਮਨੀ ਤੇ ਉਠਿ ਜਾਗੇ। ਨਿਤ ਕੀ ਕ੍ਰਿਆ ਕਰਨ ਕੋ ਲਾਗੇ। ॥੧੯॥ਕਰਿ ਮੱਜਨ ਨਿਜ ਬ੍ਰਿਤੀ ਟਿਕਾਈ। ਆਨੰਦਾਤਮ ਬਿਖੈ ਸਮਾਈ। ਦ੍ਵੈ ਘਟਿਕਾ ਜਬਿ ਜਾਮਨਿ ਰਹੀ। ਛੂਟੀ ਸਮਾਧਿ ਦੇਹਿ ਸੁਧਿ ਲਹੀ ॥੨੦॥ ਕਹਿ ਕਰਿ ਸਭਿ ਤਜਾਰੀ ਕਰਿਵਾਇ। ਸ਼੍ਰੀ ਅਰਜਨ ਭਾਨੀ ਸੰਗ ਜਾਇ। ਪ੍ਰਿਥਮ ਪੰਥ ਇਨ ਗਮਨ ਕਰਾਯਹੁ। ਕੇਤਿਕ ਸਿੱਖ ਦਾਸ ਸੰਗ ਲਾਯਹੁ॥ ੨੧॥ਗੁਰੁ ਆਰੂਢ‡ਹੋਇ ਪ੍ਰਸਥਾਨੇ।ਲਏ ਸਿੱਖ ਸੰਗ ਪ੍ਰੇਮ ਮਹਾਂਨੇ।ਪ੍ਰਿਥੀਆ

°(ਤੁਸਾਡੇ) ਪੇਕਿਆਂ ਵਿਚ ਸਾਰਿਆਂ ਨੂੰ। *ਪਾਃ-ਦੁਰਮਤਿ ਮੈਂ ਬ੍ਰਿਤਿ ਲਿਤ ਅਤਿ ਮਨਕੀ। †ਪਾਃ-ਰਹੈ। ‡ਪਾਃ-ਗੁਰੁ ਅਰੂਢ।

ਸੁਪਤਿ ਤਜਯੋ ਘਰ ਮਾਂਹੀ। ਗੁਰ ਰੁਖ਼ ਲਖਿ ਕਿਨ ਸੁਧਿ ਦਿਯ ਨਾਂਹੀ ॥
੨੨॥ਭਾਦ੍ਰੋਂ ਸੁਦੀ ਪ੍ਰਤਿਪਦਾ[1] ਦਿਨ ਕੋ। ਗੁਰਤਾ ਤਿਲਕ ਦੀਨਿ ਅਰਜਨ
ਕੋ।ਰਵਿ ਦੂਜ ਕੇ ਦਯੋਸ ਕ੍ਰਿਪਾਲ।ਆਨ ਪਹੂਚੇ ਗੋਇੰਦਵਾਲ॥੨੩॥ ਕੁਛਕ
ਰਹੇ ਦਿਨ ਪ੍ਰਵਿਸ਼ੇ ਪੁਰਿਮੈਂ । ਦੇਖਤਿ ਹਰਖ ਭਰੇ ਗੁਰ ਉਰ ਮੈਂ । ਜਾਇ
ਚੁਬਾਰੇ ਬੰਦਨ ਠਾਨੀ।ਤਬਹਿ ਮੋਹਰੀਨੇ ਸੁਧਿ ਜਾਨੀ॥੨੪॥ਕਰੇ ਉਤਾਇਲ
ਮਿਲਿਬੇ ਆਯਹੁ। ਆਪਸ ਮਹਿਂ ਬੰਦਤਿ ਹਰਖਾਯਹੁ। ਲੇ ਅਪਨੇ ਗ੍ਰਿਹ ਕੋ
ਤਬਿਗਯੋ।ਮਿਲਿਨ ਕੁਟੰਬ ਸਭਿਨਿਕੋਭਯੋ॥੨੫॥ਪੁਨ ਭ੍ਰਾਨੀ ਸਭਿਸੋਂ ਮਿਲ
ਰੋਈ।ਬਡਿ ਚਿੰਤਾ ਮਹਿਂ ਬਯਾਕੁਲ ਹੋਈ।ਇਕ ਤੌ ਜਗ ਗੁਰੁ ਕੋਰ ਚਲਾਨੇ।
ਬਹੁਰ ਸੁਤਨਿ ਮਹਿਂ[2] ਝਗਰ ਮਹਾਂਨੋ॥੨੬॥—ਉਠਹਿ ਉਪਾਧਿ—ਬਿਚਾਰਤਿ
ਰੋਵਤਿ।ਪਿਤਾ ਬਾਕ ਸਾਚੋ ਹੁਇਜੋਵਤਿ।'ਅਪਰਨਿ ਕੁਲਮਹਿਂ ਜਾਤਗੁਰਾਈ।
ਮੈਂ ਬਰ ਲੇ ਨਿਜ ਸਦਨ ਟਿਕਾਈ ॥ ੨੭ ॥—ਗੁਰਤਾ ਰੁਕੇ ਕਲੇਸ਼
ਬਿਸਾਲ—।ਪਿਤ ਨੇ ਕਹਯੋ ਬਾਕ ਇਸ ਢਾਲ। ਯਾਂਤੇ ਮੈਂ ਜਾਨੋ ਉਤਪਾਤ।
ਹੋਵਹਿ ਗੋ,ਬਿਗਰਹਿ ਸਭਿਬਾਤ*'॥੨੮॥ਇਮ ਸਮੁਝਾਇ ਸੰਗ ਭਰਜਾਈ।
ਗਲਮਿਲਿ ਰੁਦਤਿ ਭਈ ਚਿਰ ਤਾਈਂ।ਪੁਨ ਸਭਿ ਤ੍ਰਿਯਨ ਦੀਨ ਦਿਲਾਸਾ।
ਪੌਂਛਿ ਬਦਨ ਕੋ ਬੈਠਤਿ ਪਾਸਾ ॥ ੨੯ ॥ ਪੁਨ ਗੁਰ ਢਿਗ ਮੋਹਨ ਚਲਿ
ਆਇਓ। 'ਨਮੋ' ਪਰਸਪਰ ਕਰਿ ਸੁਖ ਪਾਇਓ।ਅਪਰ ਲੋਕ ਸਯਾਨੇ ਸਭਿ
ਆਏ।ਕਰਿ ਕਰਿ ਨਮੋ ਥਿਰੇ ਤਿਸ ਥਾਏਂ॥੩੦॥ਬੁੱਢੇਆਦਿਕ ਸੰਗ ਜਿਗਏ।
ਮਿਲੇ ਪਰਸਪਰ ਬੈਠਤਿ ਭਏ। ਤਬਿ ਪ੍ਰਿਥੀਏ ਕੀ ਬਾਤ ਸੁਨਾਈ।'ਬਿਗਰ
ਪਰਯੋ ਬਹੁ ਕਰੀ ਲਰਾਈ ॥੩੧॥ ਅਪਮਾਨਤਿ ਦੁਰਬੈਨ ਬਖਾਨੇ। ਇਹਾਂ
ਅਏ ਚਲਿ ਖੋਟੋ ਜਾਨੇ[3] । ਸ੍ਰੀ ਅਰਜਨ ਥਿਰ ਕਰਿ[4] ਨਿਜ ਥਾਨੇ। ਗੁਰ
ਚਾਹਸਿ ਤਨ ਤਯਾਗ ਸਿਧਾਨੇ' ॥੩੨॥ ਸੁਨਤਿ ਦੁਊ ਭ੍ਰਾਤਨ ਦੁਖ ਮਾਨਾ।
'ਕੀਨ ਅਜੋਗ,ਨ ਬਨਯੋ ਸਿਯਾਨਾ।ਹਮਨੇ ਪ੍ਰਿਥਮ ਤਾਂਹਿ ਕੋ ਹੇਰਾ।ਕਰਹਿ
ਕੁਕਾਜ ਲੋਭ ਕੋ ਪ੍ਰੇਰਾ ॥੩੩॥ ਪਿਤ ਕੇ ਜੀਵਤ ਰਹੀ ਸੁ ਲਾਜਾ[5]। ਅਬਿ ਨ
ਮਿਟੈ ਗੋ,ਕਰਹਿ ਕੁਕਾਜਾ'। ਇਮ ਕਹਿ ਸਭਿ ਠਾਨਤਿ ਅਫਸੋਸ।ਪ੍ਰਿਥੀਏ
ਮੈਂ ਹੰਕਾਰ ਕੋ ਦੋਸ਼ ॥੩੪॥ ਲੋਕ ਸਕਲ ਹੀ ਚਿੰਤਾ ਲਹੈਂ। ਗੁਰਤਾ ਮਹਿਂ
ਬਿਗਾਰ ਪਰ ਰਹੈਂ†—।ਅਪਰ ਬਾਰਤਾ ਭਈ ਅਨੇਕ।ਕੌਨਕਹੈ ਤਿਨ ਸਰਬ

[1]ਏਕਮ। [2]ਪੁੱਤ੍ਰਾਂ ਵਿਚ। [3](ਪ੍ਰਿਥੀਏ ਨੂੰ) ਖੋਟਾ ਜਾਣਕੇ। [4]ਟਿਕਾਕੇ। [5](ਕਿਵੇਂ ਨਾਂ ਕਿਵੇਂ) ਸ਼ਰਮ ਕਰਦਾ ਰਿਹਾ ਹੈ ਪਰ (ਅ) ਰਹਿ ਗਈ ਭਾਵ ਦੂਰ ਹੋਈ। *ਪਾ:—ਭ੍ਰਾਤ। †ਪਾ:—ਕਹੈਂ।

ਬਿਬੇਕ[1]॥੩੫॥ਤਜਾਰ ਅਹਾਰ ਖਾਇ ਕਰਿ ਸੋਏ। ਨਿਜ ਨਿਜ ਥਲ ਮਹਿਂ ਨਰ ਸਭਿ ਕੋਏ।ਭਾਨੀ ਕੇ ਮਨ ਚਿੰਤ ਮਹਾਂਨੀ। ਗਿਨਤੀ ਗਿਨਹਿ ਅਨੇਕ ਬਿਧਾਨੀ ॥ ੩੬॥ ਸ੍ਰੀ ਅਰਜਨ ਬਿਛੁਰੇ ਚਿਰ ਰਹੇ। ਸਭਿ ਸੋਂ ਮਿਲਿ ਕਰਿ ਆਨੰਦ ਲਹੇ।ਮਾਤੁਲ ਅਰੁ ਮਾਤੁਲ ਕੀ ਦਾਰਾ[2]।ਸਿਰ ਪਰ ਕਰ ਫੇਰਤਿ ਦੇ ਪਜਾਰਾ ॥੩੭॥ ਬੁੱਢੇ ਆਦਿਕ ਸਿਖ ਗੁਰ ਪਾਸਿ। ਜਾਗ੍ਰਤ ਕਰਤੇ ਬਚਨ ਬਿਲਾਸ।ਨਿਸਾ ਬਿਖੇ ਸੁਪਤੇ ਨਹਿਂ ਕੋਊ।ਸਤਿਗੁਰ ਤਜਾਰੀ ਕੋ ਲਖਿ ਸੋਊ। ੩੮॥ਜਾਮ ਜਾਮਨੀ ਤੀਨ ਬਿਤਾਈ।ਉਠੇ ਗੁਰੂ ਸਭਿ ਸੌਚ ਬਨਾਈ। ਭਾਨੀ ਕੋ ਹਕਾਰਿ ਨਿਜ ਸਾਥ।ਪ੍ਰੇਮੀ ਸਿੱਖ ਸੰਗ ਲੇ ਨਾਥ॥੩੯॥ਮੋਹਨ ਔਰ ਮੋਹਰੀ ਆਏ। ਜਾਇ ਬਾਪਿਕਾ ਜਲ ਸੋਂ ਨ੍ਹਾਏ। ਗਾਵਨਿ ਲਗੇ ਰਬਾਬੀ ਵਾਰਿ। ਭਾਂਤਿ ਭਾਂਤਿ ਕੇ ਸ਼ਬਦ ਉਚਾਰਿ॥੪੦॥ਸੁਨਿਬੇ ਲਗੇ ਪ੍ਰੇਮ ਕਰਿ ਸਾਰੇ।ਬੈਠੇ ਸਤਿਗੁਰ ਸਭਿਨਿ ਮਝਾਰੇ। ਨਿਜਾਨੰਦ ਮਹਿਂ ਲਗੀ ਸਮਾਧਿ। ਸਦਾ ਏਕ ਰਸ ਪਰਮ ਅਗਾਧਿ॥੪੧॥ ਪੁਰਿ ਕੇ ਨਰ ਸੁਨਿ ਸੁਨਿ ਸਭਿ ਆਏ। ਮੌਨਿ ਠਾਨਿ ਬੈਠੇ ਸਮੁਦਾਏ।ਭਈ ਆਨਿ ਜਬਿਹੂੰ ਭੁਨਸਾਰਿ[3]। ਪਰਜੋ[*]ਭੋਗ ਤਬਿ ਆਸਾਵਾਰਿ॥੪੨॥ ਹਾਥ ਜੋਰਿ ਕਰਿ ਮਸਤਕਿ ਟੇਕਾ। ਬਹੁਰੋ ਬੋਲੇ ਜਲਧਿ ਬਿਬੇਕ।'ਸੁਨਹੁ ਸਿੱਖਜ ਤੁਮ ਸਤਿਗੁਰ ਪਜਾਰੇ!।ਸਿਮਰੋ ਹਰਿ ਹਰਿ ਜਨਮ ਸੁਧਾਰੇ॥੪੩॥ਅੰਤ ਸਮਾਂ ਅਬਿ ਭਯੋ ਹਮਾਰੈ।ਤਨ ਤਜਾਗੈਂ ਪਰਲੋਕ ਪਧਾਰੈਂ। ਸ੍ਰੀ ਨਾਨਕ ਗੁਰ ਅੰਗਦ ਔਰਾ। ਸ੍ਰੀ ਗੁਰ ਅਮਰ ਚੌਥ ਤਨ ਮੋਰਾ ॥ ੪੪ ॥ ਚਾਰਹੁਂ ਗੁਰ ਕੋ ਦਰਸ ਵਿਸ਼ੇਖਹੁ।ਪੰਚਮ ਸ੍ਰੀ ਅਰਜਨ ਬਪੁ ਦੇਖਹੁ । ਏਕ ਰੂਪ ਪੰਚਹੁਂ ਕੋ ਜਾਨੋ।ਭੇਦ ਰਤੀ ਕੁ ਨਹੀਂ ਮਨ ਠਾਨੋ॥੪੫॥ਹਲਤ ਪਲਤ ਗਨ ਸਿੱਖ ਸਹਾਇਕ। ਇਹ ਸਭਿ ਭਾਰ ਧਾਰਿਬੇ ਲਾਇਕ। ਦੇ[4] ਗੁਰਤਾ ਗਾਦੀ ਕੋ ਸ਼ੋਭ।ਰਤਨਾਕਰ[5] ਗੰਭੀਰ ਅਛੋਭ॥੪੬॥ਇਸ ਕੇ ਸੰਗ ਜੁ ਰਚੈ ਖੁਟਾਈ। ਪੁਜਹਿ ਨ, ਦੀਨ ਦੁਨੀ ਦੁਖ ਪਾਈ'। ਮੋਹਨ ਅਪਰ ਮੋਹਰੀ ਸਾਥ।ਕਹਜੋ ਬਾਕ ਸੋਢੀ ਕੁਲ ਨਾਥ॥੪੭॥'ਤੁਮ ਗੰਭੀਰ ਧੀਰ ਮਤਿਵੰਤੇ। ਪਿਤ ਆਇਸੁ ਨਿਤ ਚਿਤ ਬਰਤੰਤੇ†। ਛਿਮਾਵੰਤ, ਗੁਨ ਬੈਸ ਮਹਾਨੇ। ਅਨਸੂਯਕ[6], ਸ਼ੁਭ ਮਨ, ਨਹਿਂ ਮਾਨੇ[7] ॥ ੪੮ ॥ ਸ੍ਰੀ ਅਰਜਨ ਮਨ ਪਰਮ ਪੁਨੀਤ।ਤੁਮ ਅਨੁਸਾਰੀ ਬਰਤੈ ਨੀਤਿ।ਸ਼ੁਭ ਗੁਨ ਜੁਗਤ ਸੁ ਨੰਮ੍ਰਿ ਗੰਭੀਰ।

[1]ਬਿਚਾਰ ਕੌਣ ਆਖੇ। [2]ਮਾਮਾ ਤੇ ਮਾਮੀ ਜੀ। [3]ਸਵੇਰ। [4]ਦੇਵੇਗਾ। [5]ਸਮੁੰਦ੍ਰ ਵਾਂਙੂੰ। [6]ਈਰਖਾ ਤੋਂ ਰਹਤ। [7]ਮਾਨ ਨਹੀਂ ਹੈ। *ਪਾ:-ਪਠ। ਪਰ। †ਪਾ:-ਬਿਚਰੰਤੇ।

ਇਸ ਕਹੁ ਜਾਨਹੁ ਮੋਰ ਸਰੀਰ॥੪੯॥ਗਹਹੁ ਭੁਜਾ ਨਿਰਬਾਹੋ ਸਦਾ॥ਰਾਖਹੁ ਚਿਤ ਨ ਬਿਸਾਰਹੁ ਕਦਾ'।ਸੁਨਤਿ ਮੋਹਰੀਨੇ ਤਿਹ ਸਮੋਂ।ਗਹੀ ਬਾਂਹੁ ਕਰਿ ਕੈ ਗੁਰ ਨਮੋ ॥੫੦॥ ਨਿਜ ਸਿਰ ਪਰ ਸੋ ਧਾਰਨ ਕਰੀ। ਬਾਨੀ ਕਹਤਿ ਮ੍ਰਿਦੁਲ ਰਸ ਭਰੀ।'ਜਬਿ ਤੇ ਪਿਤ ਕੀ ਆਇਸੁ ਭਈ।ਮੈਂ ਸ਼ਰਧਾ ਤਬਿ ਤੇ ਧਰਿ ਲਈ ॥੫੧॥ ਸਤਿਗੁਰ ਰੂਪ ਪ੍ਰਿਥਮ ਤੁਮ ਭਏ। ਬੰਦਨੀਯ ਸਭਿ ਤੇ ਬਡ ਥਏ। ਅਬਿ ਤੁਮ ਜਿਸਹਿ ਬਿਠਾਵਹੁ ਆਪ।ਜਗ ਗੁਰਤਾ ਬਡਿਆਈ ਥਾਪ॥੫੨॥ਤੁਮ ਸਮ ਪੂਜਨੀਯ ਸਭਿ ਕੇਰੇ। ਇਸ ਪ੍ਰਕਾਰ ਵਿਚ ਸ਼ਰਧਾ ਮੇਰੇ'।'ਧੰਨ ਮੋਹਰੀ' ਸਤਿਗੁਰ ਕਹਯੋ।ਪੁਨ ਸ੍ਰੀ ਅਰਜਨ ਕੀ ਦਿਸ਼ ਲਹਯੋ ॥੫੩॥'ਸੁਧਾ ਸਰੋਵਰ ਮੋਰ ਸਰੀਰ। ਤਿਸ ਕੀ ਟਹਿਲ ਕਰਹੁ ਬਡਧੀਰ !* ।ਜਗ ਮਹਿ ਬਡੋ ਹੋਇ ਬੱਖਯਾਤ।ਮੁਕਤਿ ਭੁਗਤਿ ਸੰਗਤਿ ਕੋ ਦਾਤ॥੫੪॥ ॥ਸ੍ਰੀਗੁਰ ਅਮਰਦਾਸ ਕੀ ਆਇਸੁ। ਰਹੇ ਖਨਤਿ ਹਮ ਸਭਿ ਸੁਖਦਾਇ ਸੁ। ਚਹੁੰਦਿਸ਼ ਤੇ ਸੋਪਾਨਿ[1]ਬਨਾਵਹੁ। ਹਰਿ ਮੰਦਰ ਸੁੰਦਰ ਉਸਰਾਵਹੁ॥ ੫੫ ॥ ਤਾਲ ਬਿਖੇ ਸ਼ੋਭਾ ਹੁਇ ਐਸੇ।ਹਰਿ ਬਿਮਾਨ[2] ਥਿਤ ਨਭ ਮਹਿ ਜੈਸੇ।ਕਿਧੌਂ ਫਰਸ਼ ਬੈਡੂਰਜ[3] ਮਨਿ ਕੋ। ਬੀਚ ਬਨਯੋ ਘਰ ਮਹਾਂ ਬਿਸ਼ਨੁ[4] ਕੋ ॥੫੬॥ਮਮ ਆਗਯਾ ਇਹੁ ਧਾਰਹੁ ਮਨ ਮੈਂ। ਨਿਤਪ੍ਰਤਿ ਰਹੀਅਹਿ ਰਚਨ ਜਤਨ ਮੈਂ' ॥ ਸੁਨਿ ਕਰਿ ਸ੍ਰੀ ਅਰਜਨ ਕਰ ਜੋਰਿ।'ਕਰਨ ਕਰਾਵਨ ਮੈਂ[5]ਤੁਮ ਜੋਰ॥੫੭॥ ਨਮਿਤ ਮਾਤ੍ਰ ਮੈਂ ਰਹਿਹੌਂ ਮਾਂਹਿ। ਪ੍ਰਾਨ ਹੋਤਿ ਲਗ ਸੇਵੌਂ ਤਾਂਹਿ। ਰਹੌਂ ਰਚਨ ਪਰਸਾਦਿ† ਤੁਮਾਰੋ।ਹੋਹੁ ਸਹਾਇਕ ਆਪਿ ਸੰਭਾਰੋ'॥੫੮॥ਇਮ ਸੁਨਿ ਕਰਿ ਸਤਿਗੁਰੂ ਪ੍ਰਸੰਨ। ਕਹਯੋ 'ਹੋਹੁ ਸਭਿ ਲਾਇਕ ਧੰਨ'। ਕਹਿ ਸੁਨਿਕੈ ਤਬਿ ਕੀਨਸ ਤਯਾਰੀ। ਹਿਤ ਪ੍ਰਲੋਕ ਜਗੁ ਗੁਰ ਉਪਕਾਰੀ॥੫੯॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੋ ਰਾਸੇ ਗੋਇੰਦਵਾਲ ਸ੍ਰੀ ਗੁਰੂ ਰਾਮਦਾਸ ਆਗਵਨ ਪ੍ਰਸੰਗ ਬਰਨਨੰ ਨਾਮ ਤ੍ਰੈਵਿੰਸਤੀ ਅੰਸੂ ।੨੩।

## ੨੪. [ਸ੍ਰੀ ਗੁਰੂ ਰਾਮਦਾਸ ਜੀ ਬੈਕੁੰਠ ਗਮਨ]

ਦੋਹਰਾ॥ਲਖਿ ਤਯਾਰੀ ਸਤਿਗੁਰੂ ਕੀ ਤਬਿ ਭਾਨੀ ਬਡਿਭਾਗ। ਹਾਥ ਬੰਦਿ ਬੰਦਨ ਕਰੀ ਉਰ ਉਮਗਾ ਅਨੁਰਾਗ ॥੧॥ ਚੌਪਈ॥'ਸਰਬ ਰੀਤਿ ਸਮਰਥ ਸੁਖ ਦਾਤੇ!।ਜਿਨ ਬਡਿਭਾਗ ਤਿਨਹੁਂ ਤੁਮ ਜਾਤੇ।ਹਲਤ ਪਲਤ ਨਹਿਂ ਹੋਹੁ ਸਹਾਈ।ਜਿਮ ਚਾਹੋ ਤਿਮ ਠਟਹੁ ਗੁਸਾਈਂ।॥੨॥ਮੈਂ ਰਾਵਰ ਕੇ ਸੰਗ ਸਿਧਾਰੌਂ।

[1]ਪੌੜੀਆਂ। [2]ਪ੍ਰਭੂ ਦਾ ਬਿਬਾਨ ਮਾਨੋਂ ਅਕਾਸ਼ ਵਿਚ ਸਥਿਰ ਹੈ। [3]ਇਕ ਪ੍ਰਕਾਰ ਦਾ ਰਤਨ, ਲਸਣੀਆ। [ਸੰਸ:, ਵੈਡੂਰਯ]। [4]ਮਹਾਂ ਬਿਸ਼ਨੁ ਤੋਂ ਮੁਰਾਦ ਅਕਾਲ ਪੁਰਖ ਦੀ ਹੈ। [5]ਕਰਨ ਕਰਾਵਨ ਵਿੱਚ। *ਪਾ: ਮਤਿਧੀਰ। †ਪਾ:—ਚਰਨ ਪਰ ਦਾਸ।

ਤੁਮ ਬਿਨ ਨਹੀਂ ਜੀਵਬੋ ਧਾਰੌਂ। ਰਾਗ ਦ੍ਵੈਖ ਬਡ ਹਰਖ ਰੁ ਸ਼ੋਕ। ਇਨ ਜੁਤਿ ਬਸਿਬੋ ਹੈ ਇਸ ਲੋਕ ॥ ੩ ॥ ਸੁਤ ਪ੍ਰਿਥੀਆ ਉਤਪਾਤ ਉਠੈ ਹੈ। ਦੇਖਤਿ,ਦੁਖ ਮੇਰੋ ਮਨ ਪੈਹੈ[1]।ਅਤਿ ਅਨੰਦ ਮਹਿਂ ਬਾਸ ਤੁਮਾਰੋ।ਬਸੌਂ ਸੰਗ ਮੈਂ ਚਿੰਤ ਨਿਵਾਰੋਂ'॥੪॥ਸੁਨਿ ਭਾਨੀ ਤੇ ਕੋਮਲ ਬਾਨੀ।ਰਾਮਦਾਸ ਸਤਿਗੁਰੂ ਬਖਾਨੀ। 'ਮਹਾਂਜਸੇ[2] ਸੁਨਿ ਭਾਗ ਮਹਾਂਨੀ* !। ਅਪਰ ਨ ਤ੍ਰਿਯ ਕੋ ਤੋਹਿ ਸਮਾਨੀ॥੫॥ਸ੍ਰੀ ਗੁਰ ਅਮਰਦਾਸ ਪਿਤ ਜਿਸਕੋ। ਕੌਨ ਪਟੰਤਰ ਕਹੀਅਹਿ ਤਿਸਕੋ।ਪੁਨ ਭੁਵ ਪਰ ਪ੍ਰਸੇਨ ਹਮ ਰਹੇ।ਮਾਂਨਹਿਂ ਤਥਾ ਜਥਾ ਬਚ ਕਹੇਂ॥ ੬॥ਸ੍ਰੀਅਰਜਨ ਭਾ ਪੁੱਤ੍ਰ ਪ੍ਰਬੀਨਾ।ਸੋਢੀ ਕੁਲ ਜਿਨ ਉੱਜਲ ਕੀਨਾ। ਰਾਖੀ ਗੁਰਤਾ ਕੇਰਿ ਜਿਠਾਈ। ਅਪਰ ਬੰਸ ਤੇ ਰਾਖਿ ਹਟਾਈ ॥੭॥ ਤੇਰੋ ਸਫਲ ਜਨਮ ਜਗ ਭਇਊ।ਕਰਿਬੇ ਉਚਿਤ ਸਕਲ ਕਰਿ ਲਇਊ। ਕਿਤਿਕਦਿਨਾ ਤਵ ਸ੍ਵਾਸ ਸਰੀਰ। ਪਰਾਰਬਧ ਭੋਗੋ ਧਰਿ ਧੀਰ ॥੮॥ ਪੁਨ ਸੁਖੇਨ ਹੀ ਤਨ ਕੋ ਤ੍ਯਾਗ। ਆਇ ਮਿਲਹਿਂ ਹਮ ਸੋਂ,ਬਡਭਾਗ!।ਹਰਖ ਸ਼ੋਕ ਅਰੁ ਰਾਗ ਜੁ ਦ੍ਵੈਸ਼। ਅਬਿ ਤੇ ਤੋਹਿ ਨ ਹੋਹਿ ਅਸ਼ੇਸ਼[3]" ॥ ੯॥ ਇਮ ਧੀਰਜ ਦੇ ਕਰਿ ਸੁਖ ਰਾਸ। ਦੇਖਯੋ ਦਿਸ਼ ਬੁੱਢੇ,ਗੁਰਦਾਸ। ਸ੍ਰੀ ਅਰਜਨ ਹਿਤ ਕਹਿ ਸਭਿ ਹੀ ਕੋ। ਬਹੁਰ ਗੁਰੂ ਸੋਢੀ ਕੁਲ ਟੀਕੋ॥੧੦॥ਰਚਯੋ ਕੁਸ਼ਾਸਨ ਪਰ ਥਿਤ ਹ੍ਵੈ ਕੈ।ਪੌਢੇ ਮੁਖ ਕੋ ਛਾਦਨ ਕੈ ਕੈ। ਜਯੋਂ ਗਜ ਫੂਲਮਾਲ ਕੋ ਡਾਰੇ। ਤਯੋਂ ਤਨ ਤਜ਼ਿ ਬੈਕੁੰਠ ਪਧਾਰੇ॥੧੧॥ਅੱਗ੍ਰ† ਪੁਰੋਗਮ ਸੁਰ ਸਭਿ ਆਏ[4]। ਬ੍ਰਹਮਾ, ਨਾਰਦ, ਸ਼ੰਭੁ[5]ਸੁਹਾਏ।ਭਯੋ ਪ੍ਰਕਾਸ਼ ਅਕਾਸ਼ ਬਿਸਾਲਾ। ਬਹੁ ਬਿਮਾਨ ਦੀਪਤਿ ਮਣਿ ਮਾਲਾ‡ ॥੧੨॥ ਧਨਦ[6], ਬਰੁਣ, ਸਭਿ ਲੋਕਨਿ ਪਾਲਕ[7]। ਦੇਵ ਅਨਿਕ ਆਏ ਤਤਕਾਲਕ। 'ਜੈਜੈ'ਸ਼ਬਦ ਸੁਰਨ ਮਹਿਂ ਹੋਵਾ। ਕਰਤਿ ਕੁਲਾਹਲ ਮੰਗਲ ਜੋਵਾ ॥੧੩॥ ਉਤਸਵ ਕਰਹਿਂ ਅਨੇਕ ਪ੍ਰਕਾਰੇ। ਭਰਿ ਭਰਿ ਫੂਲਨ ਅੰਜੁਲ[8] ਡਾਰੇ।ਜਹਿਂ ਕਹਿਂ ਬਹੁ ਸੁਗੰਧਿ ਬਿਸਤਾਰੀ।ਬਿਸਮੈ ਭਏ ਹੇਰਿ ਨਰ ਨਾਰੀ॥੧੪॥ਬਾਪੀ ਪਾਸ ਨਰਨ ਸਮੁਦਾਇ।ਸੰਗਤਿ ਸੁਨਿ ਆਈ ਉਮਡਾਇ।

---

[1]ਦੁਖ ਪਾਵੇਗਾ। [2]ਹੇ ਬੜੇ ਜੱਸ ਵਾਲੀ! [3]ਬਿਲਕੁਲ ਨਾ ਹੋਊ। [4]ਅੱਗੋਂ ਸਾਰੇ ਮੁਖੀ ਦੇਵਤੇ ਆਏ। (ਅ) ਅਗੋ ਟੁਰਨ ਵਾਲੇ ਯਾ ਸਵਾਗਤ ਕਰਨ ਵਾਲੇ। [5]ਸ਼ਿਵਜੀ। [6]ਕੁਬੇਰ। [7]ਸਾਰੇ ਲੋਕਪਾਲ। [8]ਭਰ ਭਰ ਫੁੱਲਾਂ ਦੇ ਬੁੱਕ।

*ਪਾ:-ਮਹਾਂ ਜਸੁ ਸੂਨੁ ਭਾਗ ਮਹਾਨੀ=ਹੇ ਮਹਾਂ ਜਸ ਵਾਲੇ ਦੀ ਸਪੁੱਤ੍ਰੀ ਵਡੇ ਭਾਗਾਂ ਵਾਲੀ। [ਸੰਸ:, ਸੂਨੁ:=ਬੇਟੀ] †ਪਾ:-ਅਗਨਿ। ‡ਪਾ:-ਲਾਲਾ।

'ਧੰਨ ਗੁਰੂ ਗਤਿ ਜਾਇ ਨ ਜਾਨੀ'। ਤਨ ਸੁਛੰਦ[1] ਤਜ੍ਯਾਗਯੋ ਗੁਨ ਖ਼ਾਨੀ॥੧੫॥ਹਾਹਾਕਾਰ ਸਭਿਨਿ ਮਹਿਂ ਹੋਵਾ।ਪ੍ਰੇਮੀ ਸਿੱਖਜਨ ਕੋ ਗਨ ਰੋਵਾ। ਸਿਮਰਿ ਸਿਮਰਿ ਗੁਰ ਕੇ ਉਪਦੇਸ਼।–ਮਮ ਪਾਛੇ ਹੁਇ ਸ਼ੋਕ ਨ ਲੇਸ਼॥੧੬॥ ਪਠਨ ਕੀਰਤਨ ਸ੍ਰੀ ਸਤਿਨਾਮੁ। ਕਰਹੁ ਭਜਨ ਮਿਲਿ ਕੈ ਨਰ ਗ੍ਰਾਮ[2]–। ਸਜਾਨੇ ਸਿਖਬਰਜੈਂ ਕਹਿ ਬਾਨੀ॥ਗਿਰਾ ਗੁਰੂਕੀ ਕਰੈਂ ਬਖਾਨੀ॥੧੭॥ਧਰੀ ਧੀਰ ਭਾਨੀ ਨਹਿ ਰੋਈ। ਬੈਠੀ ਪਤੀ ਸਮੀਪੀ ਹੋਈ। ਨਿਕਟ ਹੁਤੇ ਇਕ ਦਿਸ਼ ਜੁਗ ਭ੍ਰਾਤਾ[3]।ਦਿਸ ਦੂਸਰ ਸ੍ਰੀ ਅਰਜਨ ਤਾਤਾ ॥੧੮॥ਭੂਸ਼ਨਿ ਠਾਨਿ ਰਿਦੇ ਬਿਸਮਾਏ। ਉਠਿ ਬੁੱਢੇ ਇਮ ਬਾਕ ਅਲਾਏ। 'ਬੈਠਨ ਕਯੋਂ ਬਨਿ ਹੈ ਇਸ ਕਾਲਾ।ਹੋਇ ਉਚਿਤ ਕ੍ਰਿਤ ਕਰਹੁ ਬਿਸਾਲਾ ॥੧੯॥ਹੁਤੇ ਦਰਸ ਗੁਰ ਪਾਛਲ ਸਮੋ।ਪਿਖੇ ਮੁਨੇ ਕਰਿ ਲੀਨਸਿ ਨਮੋ। ਅਬਿ ਇਨ ਕੇ ਤਨ ਕੋ ਸਸ-ਕਾਰ। ਕਰਹਿਂ ਹੋਹਿ ਸ੍ਰੀ ਅਰਜਨ ਤਯਾਰ ॥੨੦॥ ਸਕਲ ਵਸਤੁ ਕੋ ਕਰਹੁ ਸਕੇਲਾ। ਸਗਰੇ ਸਿਖ ਸੰਗਤਿ ਕਰਿ ਮੇਲਾ। ਬਹੁ ਕੰਚਨ ਕੇ ਕੁਸਮ ਘਰਾ-ਵਹੁ[4]।ਜਵ,ਤਿਲ, ਚੰਦਨ, ਘ੍ਰਿਤ ਅਨਾਵਹੁ ॥੨੧॥ ਬਹੁ ਧਨ ਸੰਗ ਬਿਮਾਨ ਬਨਾਵਹੁ।ਪਸ਼ਮੰਬਰ ਬਹੁ ਮੋਲ ਲਿਆਵਹੁ। ਕਾਸ਼ਟ ਸੰਚੇ ਨਰ ਲੈ ਜਾਵਹੁ। ਤੀਰ ਬਿਪਾਸਾ ਪਾਸ ਪੁਚਾਵਹੁ॥੨੨॥ਜਹਿਂ ਸ੍ਰੀ ਅਮਰਦਾਸ ਕੋ ਮੰਦਰ। ਸਭਿ ਕੋ ਰੁਚਹਿ ਸੁ ਥਲਹੈ ਸੁੰਦਰ'।ਸੁਨਿ ਬ੍ਰਿਧਤੇ ਉਠਿ ਕਰਿ ਤਤਕਾਲਾ।ਤੁਰਤ ਮੋਹਰੀ ਲੇ ਨਰ ਜਾਲਾ॥੨੩॥ਇਕ ਇਕ ਸੇਵਾ ਪਰ ਨਰ ਗਨ ਕੋ।ਕਰੇ ਖਰੇ ਕਹਿ ਕਹਿ ਸਭਿਹਿਨਿਕੋ।ਆਪੁ ਆਇ ਬ੍ਰਿਧ ਕੇ ਸੰਗਮਿਲਿਕੈ।ਸ੍ਰੀ ਅਰਜਨ ਕੇ ਸੰਗ ਸੁ ਰਲਿਕੈ॥੨੪॥ਦਧਿ ਸੋਂ ਸ਼ਮਸ ਸੁ ਕੇਸ ਪਖਾਰੇ।ਬਿਮਲ ਨੀਰ ਮੱਜੇ ਅੰਗ ਸਾਰੇ।ਸੁੰਦਰ ਵਸਤ੍ਰ ਨਵੀਨ ਬਨਾਏ।ਸਰਬ ਅੰਗ ਮਹਿਂ ਲੇ ਪਹਿਰਾਏ ॥੨੫॥ ਤਬਿ ਲਗ ਆਇਵ ਰੁਚਿਰ ਬਿਮਾਨਾ। ਰਚਯੋ ਰੁਚਿਰ ਸ਼ੁਭ ਅੰਬਰ ਤਾਨਾ[5]। ਫੂਲਨ ਮਾਲ ਬਿਸਾਲ ਬਨਾਈ।ਚਹੁੰ ਦਿਸ਼ ਮਹਿਂ ਜਿਸ ਕੋ ਲਰ-ਕਾਈ[6] ॥੨੬॥ ਮਹਾਂ ਸੁਗੰਧਿ ਉਲੀਚਨ ਕਰੇ[7]। ਲਯਾਇ ਉਤਾਰਯੋ ਤਿਸ ਥਲ ਤਰੇ। ਤਬਿ ਉਠਾਇ ਸਤਿਗੁਰ ਪੌਢਾਏ। ਪਸ਼ਮੰਬਰ ਕੋ ਊਪਰ ਪਾਏ॥ ੨੭॥ਸਿਖ ਸੰਗਤਿ ਮਿਲਿਕੈ ਸਮੁਦਾਏ। ਅੰਜੁਲ ਫੂਲਨਿ ਕੇ ਬਰਖਾਏ। ਜੈ ਜੈਕਾਰ ਉਚ ਧੁਨਿ ਹੋਵਾ। ਮਨਹੁ ਬਿਮਾਨ ਸੁਰਗ ਕੋ ਜੋਵਾ॥੨੮॥ਸ੍ਰੀ ਅਰ-

[1]ਅਪਨੀ ਇੱਛਾ ਅਨੁਸਾਰ। [2]ਸਾਰੇ ਨਰ। [3]ਭਾਵ ਮੋਹਨ ਤੇ ਮੋਹਰੀ ਜੀ। [4]ਘੜਾਵੋ। [5]ਕੱਪੜਾ ਤਾਣਕੇ। [6]ਲਮਕਾਈ [7]ਛਿੜਕਾਈ।[ਸੰਸ:, ਉਲ੍ਲੁੰਚਨ]।

ਜਨ ਕੋ ਆਗੈ ਕਰੇ।ਲੀਨ ਉਠਾਇ ਕੰਧ ਪਰ ਧਰੇ ।ਕਰੈਂ ਅਪਨਪੌ ਸਫਲ ਬਿਸ਼ਾਲਾ। ਲਗੇ ਬਿਮਾਨ ਸਾਥ ਸਿਖ ਜਾਲਾ ॥੨੯॥ ਚਾਮੀਕਰ ਕੇ ਕੁਸਮ ਬਨਾਏ[1] । ਲਾਜਾ[2] ਮਹਿਂ ਮਿਲਾਇ ਬਰਖਾਏ। ਅਪਰ ਦਰਬ ਊਪਰ ਬਹੁ ਡਾਰਤਿ।'ਸ਼੍ਰੀ ਸਤਿਗੁਰ ਜੀ ਧੰਨਯ' ਉਚਾਰਤਿ ॥੩੦॥ ਬਹੁ ਬਿਰਾਗ ਪਠਿਬੇ ਜਿਨ ਆਵਤਿ। ਸੋ ਤਬਿ ਸ਼ਬਦ ਰਬਾਬੀ ਗਾਵਤਿ । ਖਰੇ ਹੋਇ ਪੌਰੀ ਜਬਿ ਲਾਵਤਿ।ਦੇਤਿ ਦਰਬ ਤਿਨ ਆਗੈ ਜਾਵਤਿ ॥੩੧॥ ਸੰਗਤਿ ਸੰਗ ਹਜ਼ਾਰਹੁ ਚਾਲਤਿ । ਲਾਜਾ, ਫੂਲ, ਦਰਬ, ਕੋ ਡਾਲਤਿ। ਚਮਰ ਚਾਰੁ ਫੇਰਤਿ ਦਿਸ਼ ਦੋਇ।ਉਜਲ ਮਨਹੁਂ ਹੰਸ ਹੀ ਹੋਇ॥੩੨॥ਸ਼੍ਰੀਗੁਰ ਅਮਰ ਦੇਹੁਰਾ ਜਹਾਂ।ਇਮ ਕਰਤੇ ਪਹੁੰਚਤਿ ਭੇ ਤਹਾਂ।ਪ੍ਰੇਮ ਅਧਿਕ ਸ਼੍ਰੀਸਤਿਗੁਰ ਕੇਰਾ।ਸਭਿਨਿ ਬਿਲੋਚਨ ਤੇ ਜਲ ਗੇਰਾ ॥੩੩॥ ਤੀਰ ਬਿਪਾਸਾ ਪਾਸ ਉਤਾਰੇ। ਚਹੁਂਦਿਸ਼ ਮਹਿ ਨਰ ਗਨ ਪਰਵਾਰੇ। ਬ੍ਰਿੰਦ ਸੰਖ ਬਾਜਤਿ ਬਹੁਬਾਰੀ[3] । ਸਭਿ ਮਿਲਿ ਕਰਿ ਤਹਿਂ ਚਿਖਾ ਸੁਧਾਰੀ ॥੩੪॥ ਬਹੁ ਚੰਦਨ ਤੇ ਊਚੀ ਕਰਿ ਕੈ । ਸਤਿਗੁਰ ਕੋ ਸਰੀਰ ਵਿਚ ਧਰਿਕੈ।ਸ਼੍ਰੀਅਰਜਨ ਲੈ ਅਗਨੀ ਹਾਥ।ਲਾਇ ਤਬੈ ਰੋਦਨ ਕੇ ਸਾਥ ॥੩੫॥ ਜਬਿ ਊਚੇ ਸਤਿਗੁਰ ਸੁਤ ਰੋਵਾ। ਭਾਨੀ ਆਦਿ ਸਭਿਨਿ ਨੇ ਜੋਵਾ।ਪ੍ਰੇਮਾਤੁਰ ਹੁਇ ਆਂਸੂ*ਛੋਰੇ। ਸ਼ੋਕ ਬਿਖੈ ਸਭਿ ਕੇ ਮਨ ਭੋਰੇ[4]†॥੩੬॥ ਵਸਤ੍ਰਨਿ ਸਾਥ ਪੌਂਛਬੋ ਕਰੈਂ।ਮੁਖ ਪਰਿਪੁਲਤ[5]‡ਦ੍ਰਿਗਨ ਜਲ ਢਰੈਂ। ਬ੍ਰਿਧ ਨੇ ਭਨਯੋ ਦੇਖਿ ਕਰਿ ਨੈਨਾ 'ਸਿਮਰਹੁ ਕਿਯੋਂ ਨਹਿਂ ਸਤਿਗੁਰ ਬੈਨ॥੩੭॥ ਇਨ ਕੇ ਪਾਛੈ ਕਰਹੁ ਅਨੰਦਾ।ਕਥਾ ਕੀਰਤਨ ਭਜਨ ਮੁਕੰਦਾ।ਜਿਸ ਤੇ ਹੁਇ ਸਭਿਹਿਨਿ ਕੱਲਯਾਨੁ। ਕਰਨ ਉਚਿਤ ਇਮ ਜੋ ਹਿਤਮਾਨ[6]॥੩੮॥ਸਭਿਹਿਨਿ ਸੋਂ ਕਹਿ ਧੀਰਜ ਦੀਨਾ।ਦੀਨਮਨੇ[7]ਬਹੁ ਸ਼ੋਕ ਅਧੀਨ । ਸ਼੍ਰੀਅਰਜਨ ਮਨ ਮਾਨਿ ਪ੍ਰਬੀਨ। ਉਠਯੋ ਕਪਾਲਕ੍ਰਿਆ[8] ਤਬਿ ਕੀਨ॥੩੯॥ਗੁਰ ਸਰੀਰ ਨੀਕੇ ਸਸਕਾਰਾ। ਹੇਰਿ ਬਿਪਾਸਾ ਰੁਚਿਰ[9] ਕਿਨਾਰਾ। ਸ੍ਰੀ ਅਰਜਨ ਕੋ ਕਰੇ ਅਗਾਰੀ। ਆਇ ਸ਼ਨਾਨੇ ਨਿਰਮਲ ਬਾਰੀ॥੪੦॥ਬ੍ਰਿਧ ਕੇ ਸੰਗ ਤਿਲਾਂਜੁਲਿ

[1]ਸੋਨੇ ਦੇ ਫੁੱਲ। [2]ਫੁੱਲੀਆਂ। [3]ਬਹੁਤ ਵਾਰੀ। [4]ਸ਼ੋਕ ਵਿਚ ਮਨ ਮਿਲੇ। [5]ਭਿੱਜਾ ਹੋਯਾ, ਤਰੋਤਰ [ਸੰਸ:, ਪਰਿਤਪ੍ਲੁ]। [6]ਪ੍ਰੇਮੀਆਂ ਨੂੰ। [7]ਉਦਾਸ। [8]ਅਗਨੀ ਦੇਣ ਤੋਂ ਕੁਛ ਕਾਲ ਮਗਰੋਂ ਸਿਰ ਨੂੰ ਫੋੜਨਾ ਕਪਾਲ ਕ੍ਰਿਆ ਕਹਾਉਂਦੀ ਹੈ। [9]ਸੁੰਦਰ।

*ਪਾ:-ਅੱਸ੍ਰੂ। †ਪਾ:-ਢੋਰੇ= ਡੋਲੇ। ‡ਪਾ:-ਪਰਫੁਲਤ=ਮੂੰਹ ਲਾਲ ਹੈ। ਤੇ ਨੈਣਾਂ ਤੋਂ ਪਾਣੀ ਢਿੱਗਦਾ ਹੈ।

ਦੀਨੀ* । ਪਿਤੁ ਕੋ ਨਾਮ ਸਿਮਰਿ ਬਿਧਿ ਕੀਨੀ । ਸਨੈ ਸਨੈ ਸਭਿ ਹੀ ਪੁਰਿ ਆਏ । ਬੈਠੇ ਤੀਰ ਬਾਪਿਕਾ ਜਾਏ ॥੪੧॥ ਮਾਨਵ ਕੋ ਸਮੁਦਾਇ ਮਹਾਨਾ । ਸਿਮਰਿ ਸਿਮਰਿ ਗੁਰ ਕੇ ਗੁਨ ਨਾਨਾ। ਸੁਜਸ ਕਰਹਿਂ ਬਹੁ ਆਪਸ ਮਹੀਆ। 'ਪਰਉਪਕਾਰ ਹੇਤ ਤਨ ਲਹੀਆ॥੪੨॥ ਜਿਮ ਲੋਕਨ ਕੇ ਭਾਗਨ ਕਾਰਨ। ਨਭ ਘਨ ਬਿਦਤਹਿ ਤਜਿ ਜਲ ਧਾਰਨ[1] । ਸਭਿ ਕੋ ਹਿਤ ਕਰਿ ਬਹੁਰ ਸਮਾਵਹਿਂ । ਤਿਮ ਸਤਿਗੁਰ ਤਨ ਧਰਿ ਜਗੁ ਆਵਹਿਂ ॥੪੩॥ ਸਿੱਖਨਨ ਕੋ ਕਰਿਕੈ ਕੱਲਯਾਨ। ਗਮਨਹਿਂ ਬਹੁਰ ਬਿਕੁੰਠ ਸਥਾਨ'। ਇੱਤਯਾਦਿਕ ਸਿੱਖ ਸਯਾਨੇ ਕਹਿ ਕਹਿ। ਸ੍ਰੀ ਅਰਜਨ ਕੀ ਦਿਸ਼ ਸਭਿ ਲਹਿ ਲਹਿ[2] ॥੪੪॥ ਭਾਨੀ ਭਰਜਾਈਅਨਿ ਸੰਗ ਮਿਲਿ ਮਿਲਿ । ਅਪਰ ਅਨਿਕ ਤ੍ਰਿਯ ਆਵਤਿ ਚਲਿ ਚਲਿ । ਰੁਦਨ ਕਰਤਿ ਹੈਂ ਸਗਰੀ ਪੁਨ ਪੁਨ । ਬਾਰ ਬਾਰ ਸਤਿਗੁਰ ਕੇ ਗੁਨ ਗੁਨਿ[3] ॥ ੪੫ ॥ ਉਰ ਧੀਰਜ ਕੋ ਭਾਨੀ ਧਰਿ ਧਰਿ। ਗੁਰ ਮੂਰਤਿ ਕੋ ਰਿਦਵਨ ਕਰਿ ਕਰਿ। ਸ਼ਾਂਤਿ ਮਤੀ ਕਰਿ ਕੈ ਥਿਰ ਸੋਈ[4]। ਪਤਿ ਕੇ ਧਯਾਨ ਪਰਾਇਣ[5] ਹੋਈ ॥ ੪੬ ॥ ਇਸਤ੍ਰੀ ਪੁਰਖ ਆਇ ਬਹੁਤੇਰੇ । ਸ੍ਰੀ ਅਰਜਨ ਢਿਗ ਬੈਠਿ ਘਨੇਰੇ । ਬੰਦਨ ਕਰਿ ਨਿਜ ਸਦਨ ਸਿਧਾਵਹਿਂ। ਇਸ ਪ੍ਰਕਾਰ ਆਵਹਿਂ ਇਕ ਜਾਵਹਿਂ॥੪੭॥ ਗ੍ਰਾਮ ਨਗਰ ਜਹਿਂ ਜਹਿਂ ਸੁਧਿ ਹੋਈ। ਸਿਖ ਸੰਗਤ ਪਹੁੰਚਹਿਂ ਸਭਿ ਕੋਈ॥ ਮਿਲਿ ਮਿਲਿ ਸਗਰੇ ਸਦਨ ਸਿਧਾਏ॥ ਗੋਇੰਦਵਾਲ ਭੀਰ ਸਮੁਦਾਏ ॥ ੪੮ ॥ ਦਯੋਸ ਤੀਨ ਇਸ ਰੀਤਿ ਬਿਤਾਏ । ਸ਼ਬਦ ਕੀਰਤਨ ਹ੍ਵੈ ਅਧਿਕਾਏ । ਬੀਚ ਮੋਹਰੀ ਬ੍ਰਿਧ ਆਦਿਕ ਗਨ । ਬੈਠਤਿ ਹੈਂ ਲੇ ਕਰਿ ਸ੍ਰੀ ਅਰਜਨ ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਰਾਮਦਾਸ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥ ੨੪ ॥

## ੨੫. [ਪੱਗ ਬੰਨ੍ਹਾਈ । ਪ੍ਰਿਥੀਏ ਤੇ ਸੁਲਹੀ ਦੀ ਮਿੱਤ੍ਰਤਾ] ।

ਦੋਹਰਾ ॥ ਸੋਰਹ ਸਤ ਅਠਤੀਸ ਮਹਿ ਪਾਵਸੁ ਭਾਦੂੰ ਮਾਸ[6] । ਤੀਜ ਦਯੋਸ

---

[1]ਅਕਾਸ਼ ਵਿਚ ਬੱਦਲ ਪ੍ਰਗਟ ਹੁੰਦੇ ਹਨ ਤੇ ਪਾਣੀ ਦੀਆਂ ਧਾਰਾਂ ਛੱਡਦੇ ਹਨ। [2]ਤੱਕ ਤੱਕ ਕੇ। [3]ਗੁਣ ਵਿਚਾਰ ਕੇ। [4]ਉਹ, ਭਾਵ ਭਾਨੀ। [5]ਧਯਾਨ ਦੇ ਆਸਰੇ। [6]੧੬੩੮ ਦੀ ਬਰਸਾਤ ਵਿਚ ਭਾਦੋਂ ਦੇ ਮਹੀਨੇ।

*ਦੂਸਰੀ ਪਾਤਸ਼ਾਹੀ ਨੇ ਅੰਤ ਸਮੇਂ ਕਿਹਾ ਸੀ ਕਿ:-'ਜਗ ਅਰ ਕੁਲ ਕੇ ਜਿਤਕ ਅਚਾਰੇ। ਹਮਰੇ ਹੇਤੁ ਨਹੀਂ ਕੁਛ ਕਰਨਾ। ਕੀਰਤਿ ਪਠਿ ਸੁਨਿ ਨਾਮ ਸਿਮਰਨਾਂ। ਕਰਹੁ ਅਨੰਦ ਮੰਗਲਾਚਾਰਾ। ਦੇਹੁ ਸਰੀਰ ਅਗਨਿ ਸਸਕਾਰਾ। [ਰਾਸ ੧ ਅੰਸੂ ੨੮ ਅੰਕ ੪੪] ਸੋ ਤਦ ਤੋਂ ਗੁਰਮਤ ਜਾਰੀ ਹੋਗਈ। ਹੁਣ ਐਸੀਆਂ ਰਸਮਾਂ ਦਾ ਹੋਣਾ ਸਹੀ ਨਹੀਂ ਜਾਪਦਾ।

ਪਖ ਚਾਂਦਨੋ ਤਜਯੋ ਦੇਹਿ ਗੁਨਰਾਸ*॥੧॥ਚੌਪਈ॥ ਤਿਸ ਤੇ ਚਉਥੇ ਦਿਨ ਮਿਲਿ ਸਾਰੇ।ਗਮਨੇ ਜਹਿਂ ਸਤਿਗੁਰ ਸਸਕਾਰੇ। ਤਿਸ ਥਲ ਭਸਮ ਰਾਸ ਕੋ ਹੇਰੇ। ਸ੍ਰੀ ਅਰਜਨ ਲੋਚਨ ਜਲ ਗੇਰੇ॥੨॥'ਸ੍ਰੀ ਗੁਰ ਪਿਤਾ ਆਸਰਾ ਮੋਰਾ॥ ਦ੍ਰਿਸ਼ਟਿ ਨ ਪਰਤਿ ਅਬਹਿ ਕਿਤ ਓਰਾ॥ਰਹਯੋ ਇਕਾਕੀ ਬਿਨ ਅਵਿਲੰਬਾ॥ ਭ੍ਰਾਤਾ ਚਿਤਵਤਿ ਖੋਟ ਕਦੰਬਾ'॥੩॥ਅਪਰ ਨਰਨ ਸਮ ਕਰਤਿ ਬਿਲਾਪਾ। ਦਿਖਯੋ ਮੋਹਰੀ ਕਰਤਿ ਸੰਤਾਪਾ।ਧੀਰਜ ਦਿਯੋ ਬਾਕ ਮ੍ਰਿਦੁ ਕਹੇ।'ਸਤਿਗੁਰ ਪੂਰਨ ਜਹਿਂ ਕਹਿਂ ਅਹੇ ॥੪॥ ਧਰਿ ਸ਼ਰਧਾ ਚਿਤਵਹਿ ਜਹਿਂ ਕੋਈ। ਆਨਿ ਸਹਾਇਕ ਤਿਹ ਠਾਂ ਹੋਈ। ਅਪਰ ਨਰਨ ਕੋ ਕਰਿ ਦਿਖਰਾਵੈਂ[1]।ਸੋ ਸਰੂਪ[2] ਤੁਮ ਆਪ ਕਹਾਵੋ ॥੫॥ ਸਰਬ ਭਾਂਤਿ ਕੀ ਸ਼ਕਤਿ ਧਰੰਤੇ। ਸਿੱਖਨ ਸਦਾ ਸਹਾਇ ਕਰੰਤੇ'।ਇੱਤਯਾਦਿਕ ਕਹਿ ਧੀਰਜ ਦੀਨੋ। ਪੁਨ ਮਿਲਿ ਗੁਰੂ ਫੂਲ ਸਭਿ ਬੀਨੇ[3]॥੬॥ਸਰਬ ਕ੍ਰਿਆ ਕਰਿ ਆਛੀ ਭਾਂਤਿ। ਆਇ ਪੁਰਿ,ਕਹਿ ਜਸੁ ਅਵਦਾਤਿ[4] ਸ੍ਰੀ ਅੰਮ੍ਰਿਤਸਰ ਕੋ ਨਰ†ਗਯੋ।ਪ੍ਰਿਥੀਏ ਸਭਿ ਬ੍ਰਿਤਾਂਤ ਸੁਨਿ ਲਯੋ ॥੭॥ 'ਇਕ ਨਿਸ ਬਸਿ ਕੈ ਗੋਇੰਦਵਾਲ। ਤਨੁ ਤਜਿ,ਗਏ ਬਿਕੁੰਠ ਕ੍ਰਿਪਾਲ।ਸ੍ਰੀ ਅਰਜਨ ਕਰ ਨਿਜ[5] ਸਸਕਾਰੇ। ਅਪਰ ਕ੍ਰਿਯਾ ਕੀਨਸ ਹਿਤ ਧਾਰੇ' ॥ ੮ ॥ ਚਿਤ ਚਟਪਟੀ[6] ਸੁਨਤਿ ਹੁਇ ਆਈ। ਚਢਯੋ ਤੁਰੰਗ ਪੰਥ ਪਗ ਪਾਈ। ਕਰਮੋ ਆਦਿਕ ਕੀ ਕਰਿ ਤਯਾਰੀ। ਗਮਨੀ ਮਾਰਗ ਸਕਲ ਪਿਛਾਰੀ ॥੯॥ ਗੋਇੰਦਵਾਲ ਪਹੂਚਯੋ ਆਈ।ਦੇਖੇ ਲੋਕ ਮਿਲੇ ਸਮੁਦਾਈ। ਮਹਾਂਦੇਵ ਹੈ ਸੰਗ ਸੁ ਆਯੋ।ਉਤਰੇ ਵਹਿਰ,ਨੀਰ ਦ੍ਰਿਗ ਛਾਯੋ॥੧੦॥ਫਲ ਤੇ ਰੋਦਤਿ ਕ੍ਰੋਧ ਬਧਾਯੋ।ਸਭਿਨਿ ਸੁਨਾਵਤਿ ਊਚ ਅਲਾਯੋ। 'ਗੁਰਤਾ ਤਿਲਕ ਭਲੋ ਇਨ ਪਾਯੋ।ਦੁਇ ਦਿਨ ਬਿਤੇ ਨ,ਬਿਸੁ[7]ਕੋ ਖ੍ਵਾਯੋ॥੧੧॥ਪੁਜਵਾਵਨ ਕੋ ਲਾਲਚ ਕਰਿਕੈ।ਮਾਰਯੋ ਪਿਤਾ ਕਪਟ ਕੋ ਧਰਿਕੈ।ਇਸ ਬਿਧਿ ਤੇ ਨਹਿਂ ਗੁਰ ਬਨ ਜੈ ਹੈ।ਘੋਰ ਪਾਪ ਕੋ ਫਲੁ ਇਹੁ ਪੈਹੈ॥੧੨॥ਵਸਤੁ ਪਾਇ ਜੋ ਹੁਇ ਅਧਿਕਾਰੀ। ਇਹੀ ਰੀਤਿ ਹੈ ਸਕਲ ਮਝਾਰੀ। ਪਿਤ ਅਰੋਗ ਬਲਵਾਨ ਅਫੇਰੇ। ਅਤਿ ਪ੍ਰਸੰਨ ਮਨੁ ਤਨੁ ਤਿਸ ਬੇਰੇ॥੧੩॥ਆਵਤਿ ਇਕ ਦਿਨ ਮਹਿਂ ਕਯਾ ਹੋਯੋ। ਬਿਖ[7] ਬਿਨ ਮ੍ਰਿਤੁ ਕਾਰਨ ਨਹਿਂ ਕੋਯੋ[8]। ਬ੍ਰਿਧ ਆਦਿਕ ਪੱਖੀ ਇਸ ਭਏ।

---

ਹੋਰਨਾਂ ਨੂੰ (ਮਨੁੱਖ ਨਾਟ) ਕਰਕੇ ਦਿਖਾਂਦੇ ਹੋ। [2]ਭਾਵ ਸਤਿਗੁਰੂ ਦਾ ਰੂਪ। [3]ਗੁਰੂ ਜੀ ਦੇ ਫੁਲ ਚੁਣੇ। [4]ਉੱਜਲ [ਸਿਸ:, ਅਵਦਾਤ=ਸ੍ਵੇਤ, ਉੱਜਲ]। [5]ਹਥੀਂ ਆਪਣੀ। [6]ਘਬਰਾ, ਕਾਹਲੀ। [7]ਜ਼ਹਿਰ। [8]ਕੋਈ ਨਹੀਂ। *ਪਾ:-ਸੁਖਰਾਸ। †ਪਾ:-ਨਰ ਜਬ।

ਕਿਸ ਕੋ ਤ੍ਰਾਸ ਨਹੀਂ ਮਨ ਕਏ'॥੧੪॥ਤਬੈ ਮੋਹਰੀ ਨੇ ਤਿਹ ਕਹ੍ਯੋ।'ਕਾਰਨ ਬਿਨਾ ਕ੍ਰੋਧ ਕਿਮ ਲਹ੍ਯੋ?। ਮਿਲਹੁ ਸਭਿਨਿ ਮਹਿਂ ਮ੍ਰਿਦੁਲ ਉਚਾਰਿ।ਹੋਹਿ ਇਕਾਕੀ ਕਰਿ ਲਿਹੁ ਤਾਰ'॥੧੫॥ਮਧੁਰ ਬਾਕ ਤੇ ਬਰਜਨ ਕਰ੍ਯੋ।ਦ੍ਰਿਗ ਜਲ ਢਰ੍ਯੋ ਕਪਟ ਕੋ ਭਰ੍ਯੋ।ਮਹਾਂਦੇਵ ਨੇ ਪੁਨ ਸਮਝਾਯੋ।'ਉਚਿਤ ਬੋਲਿਬੋ ਤੁਝ ਬਨਿ ਆਯੋ[1]॥੧੬॥ਦੂਰ ਦੂਰ ਕੇ ਨਰ ਸੁਨਿ ਕਰਿਕੈ।ਕਹ੍ਯਾ ਕਹਿਹੈਂ ਤੁਵ ਬਾਕ ਸਿਮਰਿਕੈ'।ਸ੍ਰੀ ਅਰਜਨ ਸੁਨਿ ਤੁਸ਼ਨਿ ਠਾਨੀ।ਉਰ ਸੀਤਲ ਨਿਤ ਆਤਮ ਗ੍ਯਾਨੀ ॥੧੭॥ ਬਹੁ ਲੋਕਨ ਤਿਹ ਕੋ ਸਮੁਝਾਵਾ। ਰਹ੍ਯੋ ਤਹਾਂ ਬਡ ਚਿਤ ਉਪਾਵਾ॥–ਲੈਹੋਂ ਪਾਗ ਸਭਿਨਿ ਤੇ ਇਹਾਂ–।ਯਾਂਤੇ ਰਹਤਿ ਭਯੋ ਦੁਖਿ ਮਹਾਂ॥੧੮॥ ਇਸ ਬਿਧਿ ਬਸਿਕੈ ਗੋਇੰਦਵਾਲ। ਦ੍ਵਾਦਸ਼ ਦਿਵਸਨ ਕੋ ਤਹਿਂ ਟਾਲਿ। ਤ੍ਰੈਦਸ ਮੇਂ ਮਹਿਂ ਕ੍ਰਿਤ ਸਭਿ ਕੀਨਿ।ਜਥਾ ਜੋਗ ਜੈਸੇ ਕਹਿ ਦੀਨਿ॥੧੯॥ਤਬੈ ਮੋਹਰੀ ਮਿਲਿ ਸਭਿ ਸੰਗ।ਕਹ੍ਯੋ ਬੰਧਾਵਨ ਪਾਗ ਪ੍ਰਸੰਗ।'ਸ੍ਰੀ ਗੁਰ ਰਾਮਦਾਸ ਜਿਮ ਭਾਖ੍ਯਾ।ਹਮ ਤੇ ਕਰਹਿਂ ਤਥਾ ਅਭਿਲਾਖ੍ਯਾ'॥੨੦॥ਬ੍ਰਿਧ ਨੇ ਭਨ੍ਯੋ'ਗੁਰੂ ਜਿਸ[2] ਆਇਸੁ। ਤੁਮਹਿ ਉਚਿਤ ਪਿਤ ਥਾਨ ਬਿਠਾਇਸੁ। ਸ੍ਰੀ ਗੁਰ ਅਮਰ ਅੰਸੁ ਤੁਮ ਅਹੋ।ਜਥਾ ਜੋਗ ਕੀਜੈ ਜਿਮ ਲਹੋ'॥੨੧॥ਬਹੁਰ ਮੋਹਰੀ ਸੁਨਿਕੈ ਕਹ੍ਯੋ।'ਨੀਕੇ ਤਥਾ, ਜਥਾ ਤੁਮ ਲਹ੍ਯੋ। ਤਊ ਸੁ ਪ੍ਰਿਥੀਆ ਬਡ ਹੰਕਾਰੀ। ਦਰਬ ਅਧਿਕ ਤੇ ਗਰਬਤਿ ਭਾਰੀ॥੨੨॥ਬੁਰੋ ਪਰਹਿ ਸਭਿਹਿਨਿ ਕੇ ਸੰਗ। ਕਹਿਨ ਕਠੋਰ ਸੁਭਾਇ ਕੁਢੰਗ।ਦ੍ਵੈਸ਼ ਰਚਹਿਗੋ ਸੰਗ ਹਮਾਰੇ।ਇਹੀ ਲਹੈਗੋ, ਇਨਹਿਂ ਬਿਗਾਰੇ[3]॥੨੩॥ਯਾਂਤੇ ਬੈਠੋ ਸਭਾ ਲਗਾਇ।ਪੂਰਬ ਲਖੀਅਹਿ ਤਾਂਹਿ ਸੁਭਾਇ। ਕਿਮ ਬੋਲਹਿ ਪਾਰੁਖ[4] ਕਰਿ ਲੀਜਹਿ। ਬਹੁਰੋ ਪਾਗ ਬੰਧਾਇ ਥਪੀਜਹਿ॥੨੪॥ਦ੍ਵੈਸ਼ੀ ਮਹਾਂ,ਨ ਮ੍ਰਿਦੁਲ ਸੁਭਾਊ।ਪਰ ਜਸ ਤੇ ਅਤਿਸ਼ੈ ਤਪਤਾਊ'।ਇਮ ਬਿਚਾਰਿ ਥਾਪੀ ਦਰਬਾਰ। ਬੈਠੇ ਲਘੁ ਬਡ ਸਭਾ ਮਝਾਰ॥੨੫॥ ਸ੍ਰੀ ਅਰਜਨ ਪ੍ਰਿਥੀਆ ਤਬਿ ਆਇਵ।ਮਹਾਂਦੇਵ ਤਹਿਂ ਆਨ ਥਿਰਾਇਵ। ਬ੍ਰਿਧ ਆਦਿਕ ਸਿਖ ਜੋ ਸਮੁਦਾਇ।ਸਕਲ ਹਕਾਰੇ ਤਹਿਂ ਚਲਿ ਆਇ॥੨੬॥ ਕਹ੍ਯੋ ਮੋਹਰੀ 'ਬਡ ਬਚ ਲੀਕਾ। ਚਹੀਅਹਿ ਸਭਿਨਿ ਲਖਹਿਂ ਤਿਹ ਨੀਕਾ[5] ।ਅਬਿ ਜਿਮ ਮਤਿ ਹੋਵਹਿ ਸਭਿਹੀ ਕਾ। ਉਚਿਤ ਜਾਨ ਕਰੀਅਹਿ

---

[1]ਮੁਨਾਸਬ ਵਾਕ ਬੋਲਣੇ (ਇਸ ਵੇਲੇ) ਤੈਨੂੰ ਬਣ ਆਉਂਦੇ ਹਨ । [2]ਜਿਸਨੂੰ । [3]ਇਹੀ ਸਮਝੇਗਾ ਕਿ ਇਨ੍ਹਾਂ ਨੇ ਵਿਗਾੜ ਕੀਤਾ ਹੈ (ਭਾਵ ਸਾਡੇ ਸਿਰ ਦੋਸ਼ ਥੱਪੇਗਾ)। [4]ਪ੍ਰੀਖਿਆ ।
[5](ਦੂਜਾ ਕੋ)ਬਚਨ ਦੀ ਲੀਕ ਵਡੀ ਹੈ, ਸਭ ਨੂੰ ਚਾਹੀਦਾ ਹੈ ਕਿ ਉਸਨੂੰ ਚੰਗਾ ਸਮਝਣ ।

ਸ਼ੁਭ ਟੀਕਾ ॥੨੭॥ ਸਿਖ ਸੇਵਕ ਸਨਬੰਧੀ ਸਾਰੇ । ਜਿਮ ਆਛੇ ਤਿਮ ਕਰਹੁ ਉਚਾਰੇ' । ਸੁਨਿ ਪ੍ਰਿਥੀਆ ਨਹਿੰ ਸਕਯੋ ਸਹਾਰ। ਖੁਨਸਯੋ ਮੁਖ ਤੇ ਕਰਤਿ ਉਚਾਰ॥੨੮॥ 'ਸੁਮਤਿਵੰਤ[1] ! ਤੁਮ ਕਯੋਂ ਨ ਬਿਚਾਰੋ । ਅਧਿਕਾਰੀ ਕੌ ਹੇਰਿ ਉਚਾਰੋ। ਕਰੇ ਕ੍ਰੋਧ ਜੋ ਪਿਤ ਕਹਿ ਦੀਨੋ। ਬਡੋ ਅਲਪ ਕਿਮ ਹ੍ਵੈ ਚਿਤ ਚੀਨੋ ॥੨੯॥ ਜੇਕਰਿ ਤੁਮ ਮਿਰਜਾਦ ਬਿਗਾਰੋ । ਅਪਨੀ ਸੰਤਤਿ ਓਰ ਨਿਹਾਰੋ । ਸਭਿਕੈ ਬਿਗਰ ਜਾਇ ਕੁਲ ਰੀਤਿ।ਹੋਹਿ ਸੁਛੰਦ ਚਲਹਿੰ ਬਿੱਪ੍ਰੀਤਿ' ॥੩੦॥ ਪੁਨ ਬ੍ਰਿਧ ਅਪਰ ਮੋਹਰੀ ਭਨਯੋ।'ਸ੍ਰੀਗੁਰ ਵਾਕ ਭਲੇ ਤੁਮ ਸੁਨਯੋ। ਹਮ ਤੇ ਨਹਿੰ ਉਲੰਘ ਤਿਹ ਸਕਿਹੈਂ।ਅਪਰ ਕਰਨ ਤਕਿਕੈ ਸਭਿ ਜਕ ਹੈਂ[2]' ॥੩੧॥ ਇਮ ਕਹਿ ਪਾਗ ਹਾਥ ਮਹਿੰ ਲੀਨਿ । ਸ੍ਰੀ ਅਰਜਨ ਕੋ ਦੇਨਹੁ ਦੀਨ । ਮ੍ਰਿਦੁਲ ਸੁਭਾਉ।ਪਿਤਾ ਅਨੁਕੂਲ।।ਹਰਖ ਸ਼ੋਕਕੋ ਨਾਸਯੋ ਮੂਲ॥੩੨॥ਕਰਯੋ ਬਿਚਾਰ–ਪਾਗ ਮਹਿੰ ਕਯਾ ਹੈ । ਮਿਟਤ ਨ ਕਿਮੁ ਜੋ ਪਿਤਾ ਕਿਯਾ ਹੈ। ਤਿਨ ਕੀ ਬਖਸ਼ਿਸ਼ ਸਦਾ ਸਥਿਰ ਹੈ । ਛੀਨੀ ਜਾਇ ਨ ਲਗਿ ਤਸਕਰ ਹੈ॥੩੩॥ ਕੋਟਿ ਉਪਾਇ ਕਰੇ ਨਹਿੰ ਜਾਇ।ਜੋ ਕਰਤੇ ਦੀਨਸਿ ਰੰਗ ਲਾਇ। ਨਾਹਕ ਕਲਹ ਉਠਾਵਹਿੰ ਕਾਹਿ–।ਇਮ ਬਿਚਾਰ ਕਰਿਕੈ ਚਿਤ ਮਾਂਹਿ॥੩੪॥ਪਾਗ ਗਹੇ ਬੰਦੈ ਜੁਗ ਹਾਥ । ਸਮ ਚਿਤ ਨਿਤ ਸ੍ਰੀ ਅਰਜਨ ਨਾਥ । ਕਹਤਿ ਭਏ 'ਬਡ ਭ੍ਰਾਤ ਹਮਾਰੇ । ਹਮ ਅਲੰਬ ਰਹਿੰ ਸਦਾ ਤੁਮਾਰੇ ॥੩੫॥ ਛਿਮਹੁ ਕ੍ਰੋਧ ਅਰੁ ਬੈਰ ਤਿਆਗਹੁ।ਹਿਤੁ ਜਾਨਿ ਅਪਨੇ,ਅਨੁਰਾਗਹੁ[3]। ਪਿਤ ਸੰਮਤ ਸਭਿ ਨੇ ਇਹੁ ਪਾਗ।ਮੋਕਹੁ ਅਬਹਿ ਬੰਧਾਵਨ ਲਾਗ॥੩੬॥ਜੇਕਰਿ ਅਪਨੋ ਰੋਸ ਨਿਵਾਰਹੁ । ਲੇਹੁ ਪਾਗ ਸਿਰ ਊਪਰ ਧਾਰਹੁ । ਬੈਰ ਨ ਕੀਜਹਿ ਬਹੁਰ ਕਦਾਈ। ਪ੍ਰਤਿਪਾਰਹੁ ਲਖਿਕੈ ਲਘੁ ਭਾਈ' ॥੩੭॥ ਇਮ ਸੁਨਿ[4] ਸਭਿ ਕੋ ਦੇਖਤਿ,ਲੈ ਕੈ।ਸਿਰ ਪਰ ਪਾਗ ਬੰਧੀ ਹਰਖੈ ਕੈ।ਮਾਨਯੋ ਮਨ ਮਹਿੰ–ਮੈਂ ਗੁਰ ਭਇਊ। ਨਿਜ ਅਧਿਕਾਰ ਬਿਚਾਰਤਿ ਲਇਊ–॥੩੮॥ਤੂਸ਼ਨਿ ਰਹੇ[5] ਦੇਖਿ ਕ੍ਰਿਤ ਤਾਂਹੀ ।–ਅਰਜਨ ਗੁਰੂ–ਲਖਹਿੰ ਮਨ ਮਾਂਹੀ । ਪੁਨ ਅਪਨੇ ਅਪਨੇ ਸਭਿ ਥਾਨ।ਕਰਹਿੰ ਸਰਾਹਨ ਗੁਨਨਿ[6]ਮਹਾਂਨ॥੩੯॥ 'ਨਿਰਹੰਕਾਰ ਸ਼ਾਂਤਿ ਚਿਤ ਧੀਰ। ਹਰਖ ਸ਼ੋਕ ਨਹਿੰ ਲੇਸ਼, ਗੰਭੀਰ । ਸਕਲ ਗੁਨਨ ਤੇ ਜਾਨਯੋ ਨੀਕ।।ਪਿਤ ਨੇ ਪਰਖ ਕੀਨ ਤਬਿ ਟੀਕਾ' ॥੪੦॥ਅਗਲੇ ਦਿਵਸ ਸੰਗਤਾਂ

[1]ਹੇ ਸਿਆਣਿਓ ! [2]ਡਰਦੇ ਹਾਂ, ਜਕਦੇ ਹਾਂ। [3]ਪਿਆਰ ਕਰੋ । [4]ਇਉਂ ਸੁਣਕੇ (ਪ੍ਰਿਥੀਏ ਨੇ । [5](ਸੰਗਤ ਦੇ ਲੋਕ) ਚੁਪ ਰਹੇ। [6](ਗੁਰੂ ਅਰਜਨ ਦੇਵ ਜੀ ਦੇ) ਮਹਾਨ ਗੁਣਾਂ ਨੂੰ ।

ਆਈ । ਰੀਤਿ ਅਨੇਕ ਉਪਾਇਨ ਲਜਾਈ । ਸਭਿ ਬ੍ਰਿਤੰਤ ਸੁਨਿ ਨਿਰਨੈ ਕੀਨ। ਸ੍ਰੀ ਅਰਜਨ ਕਉ ਸਤਿਗੁਰ ਚੀਨਿ॥੪੧॥ ਬ੍ਰਿੰਦ ਅਕੋਰਨ ਅਰਪਿ ਅਗਾਰੀ।ਸਭਿ ਸੰਗਤਿ ਨੇ ਬੰਦਨ ਧਾਰੀ । ਮਨੋ ਕਾਮਨਾ ਪਾਵਨ ਕਰਿਹੀਂ। –ਰਾਮਦਾਸ ਗੁਰ ਇਹੀ–ਨਿਹਰਿਹੀਂ ॥ ੪੨ ॥ ਹੇਰਿ ਹਜ਼ਾਰਨ ਧਨ ਕੋ* ਆਇਵ । ਜਰਜੋ ਨ ਪ੍ਰਿਥੀਆ ਜਰਜੋ ਰਿਸਾਇਵ[1]। ਰਹਜੋ ਉਪਾਇ ਕਰਤਿ ਬਹੁਤੇਰੇ। ਕੋ ਸਿਖ ਸੇਵਕ ਗਯੋ ਨ ਨੇਰੇ ॥੪੩॥ ਦਿਵਸ ਆਗਲੇ ਪੁਨ ਸਿਖ ਆਇ।ਦੇਖਿ ਪ੍ਰਿਥਮ ਜਿਉਂ,ਤਿਨ ਅਰਪਾਇ।ਦੂਰਦੂਰ ਕੀ ਸੰਗਤਿ ਆਵਹਿ। ਸ੍ਰੀ ਅਰਜਨ ਕੋ ਸੀਸ ਨਿਵਾਵਹਿ ॥੪੪॥ ਕਿਤਿਕ ਦਿਵਸ ਦੇਖਤਿ ਦੁਖ ਹੋਵਤਿ।ਅਪਨੋ ਮਹਾਂ ਅਨਾਦਰ ਜੋਵਤਿ।–ਦੋਸ਼ ਮੋਹਰੀ ਆਦਿਕ ਕੇਰਾ।ਬ੍ਰਿਧ ਆਦਿਕ ਸਿਖ ਕੇਰ ਘਨੇਰਾ–॥੪੫॥ਜਰਤਿ ਰਿਦੈ ਨਹਿੰ ਚਲਤਿ ਉਪਾਈ। –ਮੋ ਢਿਗ ਭੇਟ ਏਕਨਹਿੰ ਆਈ।ਸਿੱਖਸੰਗਤਿ ਕੋ ਇਹੁ ਭਰਮਾਵੈਂ।ਸ੍ਰੀਅਰ-ਜਨ ਕੋ ਕਹਿ ਪੁਜਵਾਵੈਂ॥੪੬॥ਮੁਝ ਆਛੋ ਨਹਿੰ ਇਹਾਂ ਬਸਾਵੋਂ।ਜਾਉਂ ਸੁਧਾ-ਸਰ ਬਿਖੈ ਪੁਜਾਵੋਂ–।ਇਮ ਬਿਚਾਰਿ ਦੁਖ ਪਾਇ ਘਨੇਰਾ । ਸ੍ਰੀ ਅੰਮ੍ਰਿਤਸਰ ਗਮਨਜੋ ਫੇਰਾ॥੪੭॥ਜਹਾਂਗੀਰ ਪਤਿਸ਼ਾਹ ਭਯੋ ਹੈ। ਸੁਲਹੀ ਤਿਹ ਉਮਰਾਵ ਕਿਯੋ ਹੈ । ਸੋ ਮਾਝੇ ਮਹਿੰ ਚਲਿ ਕਰਿ ਆਯੋ । ਲਸ਼ਕਰ ਮਹਾਂ ਸੰਗ ਮਹਿੰ ਲਜਾਯੋ॥੪੮॥ ਪ੍ਰਿਥੀਆ ਬਿਨ ਪੂਜਨ ਦੁਚਿਤਾਈ[2] । ਸੁਲਹੀ ਆਵਨ ਕੀ ਸੁਧਿ ਪਾਈ । ਬਡ ਸਮਾਜ ਕਰਿ ਮਿਲਜੋ ਸੁ ਤਾਂਹਿ। ਵਸਤੁ ਅਮੋਲਕ ਦੈ ਕਰਿ ਵਾਹਿ[3] ॥੪੯॥ 'ਸ੍ਰੀ ਨਾਨਕ ਗਾਦੀ ਪਰ ਹਮ ਹੈਂ। ਸਕਲ ਮੁਲਖ ਕੇ ਮਾਲਿਕ ਤੁਮ ਹੈਂ'।ਮੁਲਾਕਤ ਕੀਨਸਿ ਚਿਤ ਚਹਿਕੈ ।–ਬਨਹਿ ਸਹਾਇਕ ਕਬਿ–ਇਮ ਲਹਿਕੈ॥੫੦॥ਸੁਨਿ ਸੁਲਹੀ ਨੇ ਬਹੁ ਸਨਮਾਨਾ। 'ਸ੍ਰੀ ਨਾਨਕ ਜਗ ਪੀਰ ਮਹਾਂਨਾ । ਨਿਜ ਮੁਰਾਦ ਹਮ ਤੁਮ ਤੇ ਪਾਵਹਿੰ। ਕਰਹਿੰ ਬੰਦਗੀ ਸੇਵ ਰਿਝਾਵਹਿੰ' ॥੫੧॥ ਇਮਿ ਕਹਿ ਤਿਨ ਤੁਰੰਗ ਇਕ ਦੀਨਾ । ਰਜਤ[4] ਸ਼ਿੰਗਾਰਤਿ ਸੁੰਦਰ ਜ਼ੀਨਾ । ਅਪਰ ਦਰਬ ਅਰਪਜੋ ਕੁਛ ਆਗੇ।ਹਿਤ ਕਰਿ ਮਿਲੇ ਅੰਗ ਸੰਗ ਲਾਗੇ ॥੫੨॥ ਪੁਨ ਪ੍ਰਿਥੀਏ ਨੇ ਕਹਿ ਮ੍ਰਿਦੁ ਬੋਲਾ।ਸਿਰੇ-ਪਾਉ ਦੀਨਸ ਬਹੁ ਮੋਲਾ । ਕਹਿ ਕਰਿ ਕੀਨ ਸਖਾਪਨ[5] ਦੋਊ। ਦੇਨ ਲੇਨ ਕਰਿ ਹਿਤ ਮੈਂ ਸੋਊ ॥੫੩॥ਸੁਲਹੀ ਸੰਗ ਤੁਰਕ ਜੋ ਔਰ[6]। ਜਿਨ ਸੋਂ ਪਰਚ

---

[1]ਸਹਿ ਨ ਸਕਿਆ ਸੜ ਗਿਆ ਗੁੱਸੇ ਨਾਲ। [2]ਪੂਜਾ ਦੀ ਅਪ੍ਰਾਪਤੀ ਦੀ ਚਿੰਤਾ ਵਿਚ। [3]ਉਸ ਨੂੰ। [4]ਚਾਂਦੀ ਨਾਲ। [5]ਮਿੱਤ੍ਰਤਾਈ। [6]ਭਾਵ ਸੁਲਹੀ ਦੇ ਮੁਸਾਹਿਬ। *ਪਾ:–ਜੋ।

ਰਹਤਿ ਸਭਿ ਠੌਰ। ਹਿਤੂ ਹੁਤੇ, ਤਿਨ ਕੋ ਤਿਸ ਕਾਲਾ। ਸਿਰੋਪਾਉ ਅਰੁ ਦਰਬ ਬਿਸਾਲਾ॥ ੫੪॥ ਦੇਕਰਿ ਪ੍ਰਿਥੀਏ ਨੇ ਅਪਨਾਏ[1]। ਲੇ ਕਰਿ ਸਰਬ ਰਿਦੇ ਹਰਖਾਏ। ਕਰਹਿਂ ਸਿਫਤ ਸੁਲਹੀ ਕੇ ਤੀਰ। 'ਪ੍ਰਿਥੀ ਚੰਦ ਆਛੋ ਗੁਰ ਪੀਰ' ॥੫੫॥ ਤੀਨ ਦਿਵਸ ਲਗ ਮਿਲਿਤੇ ਰਹੇ। ਤਬਿ ਸੁਲਹੀ ਆਦਰ ਕਰਿ ਚਹੇ। 'ਜੋ ਤੁਵ ਕਾਰਜ ਹੋਇ ਸੁ ਕਰਹੂੰ*। ਸੁਧਿ ਜਬਿ† ਦੇਉ ਸਦਾ ਅਨੁਸਰਿ ਹੂੰ*॥੫੬॥ਮਿੱਤ੍ਰ ਕਾਜ ਮੈ ਅਪਨੋ ਜਾਨੌਂ।ਜਹਾਂਗੀਰ ਤੇ ਤੁਵ ਸਨਮਾਨੌਂ'। ਕਹਿ ਪ੍ਰਿਥੀਆ 'ਬਖਸ਼ੇ ਗੁਰ ਪੀਰ। ਤੁਮ ਪਰ ਮਮ ਬਿਸਵਾਸ ਗਹੀਰ ॥੫੭॥ ਸਭਿ ਕਾਰਜ ਕੇ ਲਾਇਕ ਆਪ। ਅਪਰ ਨਹੀਂ ਮੁਝ ਕੋ ਸੰਤਾਪ। ਅਰਜਨ ਅਨੁਜ ਲੀਨ ਅਧਿਕਾਰਾ। ਅਰਪਹਿ ਧਨ ਸੰਗਤਿ ਤਿਸ ਸਾਰਾ॥੫੮॥ਤਿਹ ਕੇ ਸੰਗ ਬਾਦ ਹੈ ਮੇਰਾ।ਹੋਇ ਪਰਹਿ ਕਬਹੂ ਬਡ ਝੇਰਾ‡। ਤਬਿ ਮੈਂ ਤੁਮਰੀ ਚਹਹੁੰ ਸਹਾਇ।ਅਪਰ ਨਹੀਂ ਕੋ ਮੁਝ ਦੁਖਦਾਇ' ॥੫੯॥ ਸੁਲਹੀ ਕਹ੍ਯੋ 'ਨਚਿੰਤ ਰਹੀਜਹਿ। ਜਿਮ ਤੁਮ ਚਹੋ ਤਥਾ ਕਹਿ ਦੀਜਹਿ ।ਪਰਹਿ ਕਾਜ ਕੁਛ ਤੇਰੋ ਆਇ। ਸਰਬ ਸਵਾਰੌਂ ਮੈਂ ਬਲ ਲਾਇ' ॥ ੬੦ ॥ ਇਮਿ ਆਪਸ ਮਹਿਂਕਹਿਸੁਨਿ ਕਰਿਕੈ।ਸੁਲਹੀ ਬਿਦਾ ਭਯੋ ਤਬਿ ਚਰਿਕੈ। ਬਹੁ ਧਨ ਖਰਚ ਤੁਰਕ ਅਪਨਾਯੋ।–ਨਹਿਂਮੋ ਸਮੁ ਕੋ–ਉਰਗਰਬਾਯੋ॥੬੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪ੍ਰਿਥੀਆ' ਸੁਲਹੀ ਮੇਲ ਕੋ ਪ੍ਰਸੰਗ ਬਰਨਨੋ ਨਾਮ ਪੰਚਬਿੰਸਤੀ ਅੰਸੂ ।੨੫॥

੨੬. [ਸ੍ਰੀ ਗੁਰੂ ਅਰਜਨਦੇਵ ਜੀ ਅੰਮ੍ਰਿਤਸਰ ਪੁੱਜੇ। ਭਾਈ ਗੁਰਦਾਸ ਜੀ ਆਗਰਿਓਂ ਆਏ]

ਦੋਹਰਾ ॥ ਸ੍ਰੀ ਅਰਜਨ ਗੁਰਤਾ ਲਏ ਹੋਈ ਸ਼ਕਤਿ ਬਿਸਾਲ। ਨੌ ਨਿਧਿ ਰਿਧਿ, ਸਿਧਿ ਅਸ਼ਟ ਦਸ§ ਆਗੈ ਥਿਤਿ ਸਭਿ ਕਾਲ ॥ ੧ ॥ ਚੌਪਈ ॥ ਤੀਨ ਲੋਕ ਮਹਿਂ ਅਸ ਨਹਿਂ ਕੋਈ। ਚਹੈਂ ਸੁ ਕਰੈਂ ਹਟਾਵੈ ਜੋਈ। ਇੰਦ੍ਰ ਸਮੇਤ ਦੇਵਤਾ ਸਾਰੇ।ਰਹਹਿਂ ਸਦਾ ਆਇਸੁ ਅਨੁਸਾਰੇ॥੨॥ਜਿਸ ਕੋ ਚਹਹਿਂ ਨਰਕ ਮਹਿਂ ਪਾਵਹਿਂ। ਨਰਕ ਬਿਖੈ ਤੇ ਸੁਰਗ ਪੁਚਾਵਹਿਂ। ਮਹਾਰਾਜ ਪਦ ਬਖਸ਼ਹਿਂ ਰੰਕ[2]।ਰੰਕ ਕਰਹਿਂ ਰਾਜਾ ਭ੍ਰੂਬੰਕ[3] ॥੩॥ ਕਹਹਿਂ ਬਚਨ ਜੀਵਤਿ ਕੋ ਮਾਰਹਿਂ। ਮਰਤੇ ਕੌ ਤਤਕਾਲ ਉਬਾਰਹਿਂ। ਰਿਸ ਪ੍ਰਸੰਨਤਾ ਸਵਲ ਬਿਸਾਲ। ਨਾਸ਼ਨਿ ਬਖ਼ਸ਼ਨਿ ਹੈ ਤਤਕਾਲਾ ॥੪॥ ਇਮ ਸਮਰਥਤਾ ਕਹਾਂ

[1]ਅਪਣੇ ਕੀਤੇ। [2]ਕੰਗਾਲ ਨੂੰ। [3]ਭਰਵੱਟੇ ਦੇ ਟੇਢੇ ਕਰਨ ਨਾਲ ਭਾਵ ਇਸ਼ਾਰੇ ਮਾਤ੍ਰ ਨਾਲ ਰਾਜੇ ਨੂੰ ਰੰਕ ਕਰ ਸਕਦੇ ਹਨ। *ਪਾ:–ਕਰਊਂ। ਅਨੁਸਰਊਂ। †ਪਾ:–ਸੁਧ ਕਹਿ। ਮੁਝ ਕਹਿ। ‡ਪਾ:–ਹੋਇ ਸਰਹਿ ਕਬਹੂੰ ਬਡ ਝੇਰਾ। §ਪਾ:–ਨੌ ਨਿਧ, ਸਿੱਧਾਂ ਅਸ਼ਟ ਦਸ।

ਛੁਪਾਈ।ਅਨਿਕ ਹੇਤ ਤੇ ਹ੍ਵੈ ਬਿਦਤਾਈ। ਸਿਖ ਸੇਵਕ ਪਰਖਹਿਂ ਬਹੁਭਾਂਤੀ। ਸਭਿ ਘਟ ਘਟ ਕੀ ਜਾਨਹਿਂ ਬਾਤੀ ॥ ੫ ॥ ਅਜ਼ਮਤ ਜੁਤਿ ਸਿਖ ਕੇਤਿਕ ਅਹੈਂ। ਗੁਰੂ ਸਰੂਪ ਰਿਦੈ ਸਭਿ ਲਹੈਂ। ਕਰਹਿਂ ਬੰਦਨਾ ਸੇਵਹਿਂ ਪਾਸ। ਖਰੇ ਹੋਇ ਬੋਲੈਂ ਅਰਦਾਸ॥੬॥ ਰਾਮਦਾਸ ਗੁਰ ਸੁਨਹਿਂ ਚਲਾਨਾ।ਸੰਗਤਿ ਆਇ ਭੇਟ ਲੇ ਨਾਨਾ। ਦਰਸ਼ਨ ਕਰਹਿਂ ਭਾਵਨਾ ਪਾਵਹਿਂ। ਗੁਨ ਗਨ ਗਾਵਤਿ ਸਦਨ ਸਿਧਾਵਹਿਂ॥੭॥ਦੇਸ਼ ਬਿਦੇਸ਼ਨ ਭੇ ਬੱਖਜਾਤ।'ਗਾਦੀ ਪਰ ਬੈਠੇ ਲਘੁ ਤਾਤ। ਸ਼੍ਰੀ ਨਾਨਕ ਕੀ ਜੋਤਿ ਬਿਲੰਦ। ਮਹਿਦ ਬਿਰਾਜਤਿ ਅਰਜਨਚੰਦ' ॥੮॥ਸ਼੍ਰੀ ਅੰਮ੍ਰਿਤਸਰ ਪ੍ਰਿਥੀਆ ਰਹਜੋ।'ਮੈਂ ਗੁਰ ਬਨਜੋ'ਬਹੁਤ ਹੀ ਕਹਜੋ। ਤਊ ਨ ਪੂਜਾ ਕੋਇ ਚਢਾਵਹਿ। ਨਹੀਂ ਜਾਇ ਕਰਿ ਸੀਸ ਨਿਵਾਵਹਿ॥੯॥ ਬਹੁਤ ਬਿਸੂਰਤਿ ਕਰਤਿ ਉਪਾਇ। ਸੰਗਤ ਪਰ ਕੁਛ ਬਸ ਨ ਬਸਾਇ[1]। ਸ਼੍ਰੀ ਅਰਜਨ ਜੀ ਗੋਇੰਦਵਾਲ।ਕੇਤਿਕ ਮਾਸ ਬਸੇ ਸੁਖਨਾਲ॥੧੦॥ਸ਼੍ਰੀ ਗੁਰ ਰਾਮਦਾਸਗੁਰਦਾਸ।ਪਠਜੋ[2]ਆਗਰੇ ਸੰਗਤਿ ਪਾਸ।ਸੋ ਭੀ ਤ੍ਯਾਰ ਹੋਇਚਲਿ ਪਰਯੋ।ਸੁਨਿ-ਪਰਲੋਕ ਪਿਆਨਾ ਕਰਿਯੋ[3]-॥੧੧॥ ਗੁਰ[4] ਦੇ ਦ੍ਵਿਜਨ ਦਾਨ ਬਹੁਤੇਰਾ। ਜਾਚਕ ਤ੍ਰਿਪਤ ਕਰੇ ਤਿਸ ਬੇਰਾ। ਕਲਪਤਰੂ ਅਨੁਮਾਨਤਿ ਕੋਈ। ਕੈ ਚਿੰਤਾਮਨਿ ਕੋ ਬਪੁ[5]ਹੋਈ॥੧੨॥ ਗੋਇੰਦਵਾਲ ਨਿਕਟ ਜੇ ਗ੍ਰਾਮ। ਸੁਨਿ ਜਾਚਕ ਆਏ ਤਜਿ ਧਾਮ।ਮਨ ਬਾਂਛਤ ਸਭਿ ਲੇਕਰਿ ਗਮਨੇ। ਸਰਬ ਕਰਤਿ ਜਸੁ ਨਿਜ ਨਿਜ ਭਵਨੇ ॥੧੩॥ ਹੇਤ ਪਿਤਾ ਬਹੁ ਦੀਨਸਿ ਦਾਨ। ਕੀਰਤਿ ਪਸਰੀ ਬਿਦਤ ਜਹਾਨ। ਪੁਨ ਸ਼੍ਰੀ ਅਰਜਨ ਰਿਦੇ ਬਿਚਾਰ।'ਪਿਤਾ ਨਗਰ ਬਸਿਬੇ ਹਿਤ ਧਾਰਾ[6]॥੧੪॥-ਨਾਨੇ ਕੋ ਇਸ ਬਲ ਪਰਵਾਰ। ਬਸਹੁ ਸੁਖੀ ਨਿਤ ਬਧਹੁ ਉਦਾਰ।ਬਸਿਬੋ ਇਹਾਂ ਅਜੋਗ ਹਮਾਰੋ। ਸੰਗਤਿ ਦਿਨ-ਪ੍ਰਤਿ ਆਇ ਹਜ਼ਾਰੋਂ॥੧੫॥ ਖੇਦ ਹੋਤਿ ਸਭਿ ਹੀ ਬਿਧਿ-, ਜਾਨਜੋ।ਚਲਨ ਸੁਧਾਸਰ ਕੋ ਹਿਤ ਠਾਨਜੋ। ਮੋਹਨ ਅਪਰ ਮੋਹਰੀ ਸਾਥ। ਨਮੋ ਠਾਨਿ ਸ਼੍ਰੀ ਅਰਜਨ ਨਾਥ ॥੧੬॥ ਕਹਜੋ 'ਪਿਤਾ ਕੀ ਆਇਸੁ ਮੋਹਿ। ਕਾਰ ਸੁਧਾਸਰ ਕਰਿਬੇ ਜੋਹਿ। ਤਹਾਂ ਪਹੁੰਚਿ ਹਮ ਚਹਤਿ ਕਰਾਈ'।ਇਮ ਕਹਿ ਮਾਤੁਲ[7] ਆਗ੍ਯਾ ਪਾਈ॥੧੭॥ਤ੍ਯਾਰੀ ਕਰੀ ਸਗਲ ਸੰਗ ਮਿਲੇ।ਚਢਿ ਵਾਹਨਿ ਪਰ

---

[1]ਵੱਸ ਨਹੀਂ ਚਲਦਾ। [2]ਭੇਜਿਆ ਹੋਇਆ ਸੀ। [3](ਸ੍ਰੀ ਗੁਰੂ ਰਾਮਦਾਸ ਜੀ ਨੇ) ਪਰਲੋਕ ਜਾਣਾ ਕੀਤਾ ਸੁਣਕੇ। [4]ਗੁਰੂ(ਅਰਜਨ ਦੇਵ ਜੀ) ਨੇ। ਭਾਵ ਅਧਿਕਾਰੀਆਂ ਨੂੰ ਦੇਣ ਤੋਂ ਹੈ। [5]ਸਰੀਰ, ਸਰੂਪ। [6]ਭਾਵ ਪਿਤਾ ਜੀ ਦੇ ਨਗਰ (ਰਾਮਦਾਸ ਪੁਰੇ) ਵਿਚ ਵੱਸਣੇ ਨੂੰ ਜੀ ਕੀਤਾ। [7]ਮਾਮੇ ਦੀ।

ਮਾਰਗ ਚਲੇ। ਨਿਸ ਇਕ ਬਸਿਕੈ ਪੰਥ ਮਝਾਰਾ। ਪਹੁੰਚਤਿ ਭੇ ਸਤਿਗੁਰੂ ਉਦਾਰਾ॥੧੮॥ਪਿਤਾ ਸਥਾਨ ਮਾਥ ਕੋ ਟੇਕਾ। ਨਿਜ ਗ੍ਰਿਹ ਪ੍ਰਵਿਸ਼ੇ ਜਲਧਿ ਬਿਬੇਕਾ। ਬੰਸਨ ਲਗੇ ਸ੍ਰੀ ਅੰਮ੍ਰਿਤਸਰ ਮੈਂ। ਸਿਮਰਹਿੰ ਸਤਿਗੁਰ ਆਗਜਾ ਉਰ ਮੈਂ ॥ ੧੯ ॥ ਸੰਗਤਿ ਸਕਲ ਆਇ ਕਰਿ ਪਾਸ। ਅਰਪਹਿ ਭੇਟ ਕਰਹਿ ਅਰਦਾਸ। ਨਗਰ ਆਗਰੇ ਤੇ ਕਰਿ ਬਾਸ। ਸੰਗਤਿ ਬ੍ਰਿੰਦ ਸੰਗ ਗੁਰਦਾਸ ॥੨੦॥ ਗੁਰ ਦਰਸ਼ਨ ਕੇ ਕਾਰਨ ਆਵਤਿ।ਪ੍ਰੇਮ ਸਹਤ ਸ਼ਬਦਨਿ ਕੋ ਗਾਵਤਿ। ਸੰਗਤ ਮਿਲਹਿ ਕੀਰਤਨ ਕਰੇ। ਸ਼੍ਰਮਤ ਹੋਇ ਟਿਕ ਹੈਂ ਨਿਸ ਪਰੇ ॥ ੨੧ ॥ ਪ੍ਰਿਥਮ ਜਾਮ ਅਰੁ ਪਾਛਲ ਜਾਮੂ। ਗਾਵਤਿ ਸੰਗਤਿ ਕੀਰਤਿ ਨਾਮੂ[1]। ਪੰਥ ਚਲਤਿ ਮਿਲਿ ਕਿਰਤਨ ਕਰੈਂ। ਸਤਿਗੁਰ ਪ੍ਰੇਮ ਮਹਾਂ ਉਰ ਧਰੈਂ ॥੨੨॥ ਇਮ ਦਿਨ ਪ੍ਰਤਿ ਸੰਗਤ ਚਲਿ* ਆਵਤਿ। ਮੁਖਿ ਗੁਰਦਾਸ ਸਭਿਨਿ ਹਰਖਾਵਤ।ਤੀਰ ਬਿਪਾਸਾਕੇ ਤਬਿ ਆਇ।ਜਲਗੰਭੀਰ ਥਾਹ ਨਹਿੰ ਪਾਇ॥੨੩॥ਨਿਕਟ ਤਰੀ[2]ਨਹਿਂ,ਉਤਰਹਿਂਪਾਰ।ਠਾਂਢੇ ਹੇਰਹਿਂਨਦੀ ਕਿਨਾਰ। –ਬਸਹਿਂ ਜਾਮਨੀ ਜੇ ਇਸ ਥਾਨ। ਆਵਹਿ ਨੌਕਾ ਪ੍ਰਾਤੀ ਜਾਨ ॥ ੨੪ ॥ ਸਕਲ ਵਸਤੁ ਤੇ ਰਹਿ ਔਖਾਈ। ਸੰਗਤਿ ਸਗਰੀ ਸ਼੍ਰਮ ਕੋ ਪਾਈ–।ਏਵ ਬਿਚਾਰਤਿ ਉਰ ਗੁਰਦਾਸ। ਇਕ ਸਿਖ ਪਠਤਿ ਹੁਤੋ ਥਿਤ ਪਾਸ ॥੨੫॥

ਸ੍ਰੀ ਮੁਖਵਾਕਃ–

ਗੁਰ ਕਾ ਬਚਨੁ ਬਸੈ ਜੀਅ ਨਾਲੇ॥ ਜਲਿ ਨਹੀ ਡੂਬੈ ਤਸਕਰੁ
ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧ ॥ ਰਹਾਉ ॥

ਚੌਪਈ ॥ ਸੁਨਿ ਗੁਰਦਾਸ ਬਿਚਾਰਤਿ ਰਿਦੇ।–ਗੁਰ ਸਮੁਝਾਇ ਨ ਡੂਬਹਿ ਕਦੈ। ਸ਼ਬਦ ਆਸਰੇ ਹੋਵਹੁ ਪਾਰ–। ਇਮ ਨਿਸ਼ਚਾ ਸਤਿਗੁਰ ਕੋ ਧਾਰਿ॥ ੨੬ ॥ ਸਭਿ ਸੰਗਤਿ ਕੋ ਕਹਾ ਬੁਝਾਈ।'ਹਮ ਹੈਂ ਮੁਗਧ ਬੂਝ ਨਹਿਂ ਪਾਈ। ਭਵਜਲ ਗੁਰ ਕੋ ਸ਼ਬਦ ਉਧਾਰੈ। ਇਹ ਬਪੁਰੀ ਕਯਾ ਨਦੀ ਨ ਤਾਰੈ ?॥ ੨੭॥ ਧਰਿ ਸ਼ਰਧਾ ਗੁਰ ਕੋ ਬਚੁ ਮਾਨੋ। ਉਤਰਹੁ ਪਾਰ ਬਿਲਮੁ ਨਹਿਂ ਠਾਨੋ'। 'ਸੱਤਿਨਾਮ' ਗੁਰਦਾਸ ਉਚਾਰਾ। ਪ੍ਰਥਮ ਪ੍ਰਵੇਸ਼ਯੋ ਨਦੀ ਮਝਾਰਾ ॥੨੮॥ਜਾਨੂਲਗ[3]ਜਲ ਭਾ ਸਲਿਤਾ ਕੋ।ਸੰਗਤਿ ਸਗਲ ਦੇਖਿ ਕਰਿ ਤਾਂਕੋ। 'ਸੱਤਿਨਾਮ' ਕੋ ਉਚਰਯੋ ਆਛੇ। ਗਮਨ ਕੀਨ ਗੁਰਦਾਸਹਿਂ ਪਾਛੇ ॥੨੯॥ ਕਟ ਲਗ[4] ਜਲ ਕਿਸ ਕੇ ਨਹਿਂ ਆਯੋ। ਸੰਗਤਿ ਸਕਲ ਪਾਰ ਉਤਰਾਯੋ।

[1]ਨਾਮ ਦੀ ਕੀਰਤੀ। [2]ਬੇੜੀ। [3]ਗੋਡੇ ਤੱਕ। [4]ਲੱਕ ਤੱਕ। *ਪਾ:–ਮਿਲ। ਨਿਤ।

ਗੁਰਕੋਂ ਸ਼ਬਦ ਕਰਯੋ ਬਡ ਬੇਰਾ[1]।ਭਏ ਪਾਰ ਸਗਰੇ ਬਿਨ ਬੇਰਾ[2]॥੩੦॥ਸਭਿ ਕੋ ਅਤਿ ਨਿਸ਼ਚਾ ਉਰ ਭਯੋ। ਸ਼ਬਦ ਆਸਰਾ ਦ੍ਰਿਢ ਮਨ ਕਯੋ॥ ਗੋਇੰਦ-ਵਾਲ ਪੁਰੀ ਮਹਿਂ ਆਏ। ਸਿਸ ਸ੍ਰੀ ਅਮਰ ਅੰਸ ਸਮੁਦਾਏ[3] ॥੩੧॥ਖੇਲਤਿ ਮਿਲੇ ਪਰਸਪਰ ਸੋਊ। ਬਾਲਿਕ ਖੇਲ ਹੋਤਿ ਹੈ ਜੋਊ। ਕਿਸੀ ਬਾਤ ਪਰ ਬਾਕ ਅਲਾਵੈਂ। 'ਹੁਇ ਹੈ ਇਮ ਜੇ ਸਤਿਗੁਰ ਭਾਵੈ' ॥੩੨॥ ਸੁਨਿ ਕੈ ਮਨ ਗੁਰਦਾਸੁ ਬਿਚਾਰਾ॥–ਗੁਰ ਭਾਣਾ ਉਰ ਇਨ ਨੇ ਧਾਰਾ॥ ਯਾਂਤੇ ਇਹ ਬਾਲਕ ਗੁਰ ਰੂਪ। ਬੋਲਤਿ ਨਿਸ਼ਚੈ ਬਾਕ ਅਨੂਪ–॥੩੩॥ ਦ੍ਵੈ ਕਰ ਬੰਦਿ ਬੰਦਨਾ ਠਾਨੀ। 'ਧੰਨ ਧੰਨ ਇਨ ਗੁਰਮਤਿ ਜਾਨੀ'॥ ਕੀਨਸਿ ਨਿਸ ਬਿੱਸ੍ਰਾਮ ਸੁ ਨਗਰੀ॥ ਸਿਮਰਿ ਸਤਿਗੁਰੂ ਸੰਗਤਿ ਸਗਰੀ॥੩੪॥ਪ੍ਰਾਤਿ ਉਠੇ ਬਾਪੀ ਇਸ਼-ਨਾਨੇ॥ ਅਮਰ ਅੰਸ ਕੋ[4] ਬੰਦਨ ਠਾਨੇ। ਸੁਨੀ ਕੁਮਤਿ ਪ੍ਰਿਥੀਏ ਕੀ ਕਾਨ। ਕੀਨਿ ਸੁਧਾਸਰ ਕੋ ਪ੍ਰਸਥਾਨ ॥੩੫॥ਇਕ ਨਿਸ ਬਸਿ ਪਹੁੰਚੇ ਤਹਿਂ ਜਾਈ। ਤਬਿ ਗੁਰਦਾਸੁ ਰਿਦੈ ਠਹਿਰਾਈ।–ਨਿਸ਼ਚੈ ਸ੍ਰੀ ਅਰਜਨ ਗੁਰ ਭਯੋ ॥ ਤਉ ਮਨੋਰਥ ਐਸੇ ਕਯੋ॥੩੬॥ ਗੁਰ ਭਾਨਾ ਜਾਨਯੋ ਜਿਨ ਬਾਲਿਕ। ਮੈਂ ਤਿਨ ਕੋ ਬੰਦਯੋ ਤਤਕਾਲਕ। ਬਿਨਾ ਭਨੇ ਇਹੁ ਸਕਲ ਪ੍ਰਸੰਗ। ਜੋ ਕਰਿ ਬੂਝਹਿੰਗੇ ਮੁਝ ਸੰਗ ॥ ੩੭ ॥ ਤੌ ਜਾਨਹੁੰ ਮੈਂ ਗੁਰ ਇਹੁ ਭਏ। ਸ੍ਰੀ ਨਾਨਕ ਪੰਚਮ ਤਨ ਲਏ–।ਏਵ ਮਨੋਰਥ ਕਰਿ ਉਰ ਮਾਂਹੀ। ਡੇਰਾ ਕੀਨ ਸੁਧਾਸਰ ਪਾਹੀ॥੩੮॥ਨਿਸ ਬਿਤਾਇ ਕੀਨਸਿ ਇਸ਼ਨਾਨਾ। ਸਭਿ ਸੰਗਤਿ ਲੇ ਵਸਤੂ ਨਾਨਾ। ਸ੍ਰੀ ਅਰਜਨ ਸੋਹਤਿ ਜਿਸ ਥਾਇਂ। ਜਾਇ ਸਭਿਨਿ ਬੰਦੇ ਤਿਨ ਪਾਇ॥੩੯॥ਅਰਪੀ ਪੁੰਜ ਅਕੋਰ ਅਗਾਰੀ[5]।ਦਰਸ਼ਨ ਤੇ ਪ੍ਰਾਪਤਿ ਸੁਖ ਭਾਰੀ। ਪ੍ਰੇਮਾਨੰਦ ਰਿਦੇ ਭਰਿ ਆਏ। ਗੁਰ ਰਵਿ ਪਿਖਿ ਦ੍ਰਿਗ ਕੰਜ[6] ਖਿਰਾਏ ॥੪੦॥ ਗੁਰਮੁਖ ਸਸਿ, ਚਕੋਰ ਚਖ ਕਰੇ[7]। ਇਕ ਟਕ ਅਵਲੋਕਤਿ ਸਭਿ ਖਰੇ।ਗੁਰ ਕ੍ਰਿਪਾਲ ਲਖਿ ਪ੍ਰੇਮੁ ਬਿਸਾਲਾ॥ ਖੁਸ਼ੀ ਕਰੀ ਸਭਿ ਪਰ ਤਿਸ ਕਾਲਾ ॥ ੪੧॥ ਆਇਸੁ ਦੇ ਕਰਿ ਸਭਿ ਬੈਠਾਏ। ਮਨ ਬਾਂਛਤ ਸੰਗਤਿ ਬਰੁ ਪਾਏ। ਸਹਿਜ ਸੁਭਾਇਕ ਬਾਕ ਬਿਲਾਸ। ਬੂਝਯੋ ਗੁਰ 'ਸਚ ਕਹੁ ਗੁਰਦਾਸ ! ॥੪੨॥ਬਾਲਿਕ ਬ੍ਰਿੰਦ ਖੇਲਤੇ ਜਹਾਂ।ਤੈਂ ਆਵਤਿ ਦੇਖੇ ਜਬਿ ਤਹਾਂ। ਸਭਿ ਕੋ

[1]ਵੱਡਾ ਬੇੜਾ, ਭਾਵ ਜਹਾਜ਼। [2]ਦੇਰੀ ਦੇ ਬਿਨਾ । [3]ਸ੍ਰੀ ਅਮਰਦਾਸ ਜੀ ਦੀ ਅੰਸ਼ ਦੇ ਸਾਰੇ ਬਾਲਕੇ। [4]ਬਾਬੇ ਮੋਹਨ ਤੇ ਮੋਹਰੀ ਜੀ ਨੂੰ । [5]ਸਾਰੀ ਭੇਟ। [6]ਨੇਤਰ ਰੂਪੀ ਕਵਲ । [7]ਗੁਰਾਂ ਦਾ ਮੁਖ ਚੰਦ੍ਰਮਾਂ ਤੇ ਨੇਤ੍ਰ ਚਕੋਰ ਵਾਂਙ ਕਰਕੇ।

ਤਬਿ ਪ੍ਰਨਾਮ ਜੋ ਕਰਯੋ।ਕੌਨ ਗਯਾਨ ਮਨ ਮੈਂ ਸ਼ੁਭ ਧਰਯੋ?'॥੪੩॥ਸੁਨਤਿ ਪ੍ਰਸੰਨ ਭਯੋ ਗੁਰਦਾਸ। ਬਹੁਤ ਭਾਂਤਿ ਕੀ ਸਤੁਤਿ ਪ੍ਰਕਾਸ਼। 'ਗੁਰ ਚਾਰਨ ਮਹਿ[੧]ਜੋਤਿ ਬਿਸਾਲਾ।ਸੋ ਅਬਿ ਰਾਵਰਿ ਬਿਖੈ ਕ੍ਰਿਪਾਲਾ!॥੪੪॥ਸ੍ਵਾਮੀ ਸਰਬ ਘਟਨ ਕੇ ਮਾਲਕ।ਕਯਾ ਮੈਂ ਕਹੌਂ ਬ੍ਰਿਤਾਂਤ ਸੁ ਬਾਲਿਕ।ਆਪਸ ਮਹਿ ਬੋਲਤਿ ਇਸ ਭਾਇ।–ਗੁਰ ਭਾਵੈ ਤੌ ਇਮੁ ਹੁਇ ਜਾਇ–॥ ੪੫ ॥ ਸੁਨਿ ਤਿਨ ਤੇ ਮੈਂ ਰਿਦੈ ਬਿਚਾਰਾ।–ਗੁਰ ਭਾਯਾ ਇਨ ਮਨ ਮਹੁਂ ਧਾਰਾ। ਇਹੀ ਸੰਤ ਗੁਰ ਮੁਖ ਗੁਰ ਰੂਪ–।ਪਰਯੋ ਚਰਨ ਮਹਿ ਜਾਨਿ ਅਨੂਪ' ॥੪੬॥ ਪੁਨ ਸ਼੍ਰੀ ਅਰ-ਜਨ ਭਏ ਪ੍ਰਸੰਨ।'ਧੰਨ ਗੁਰਦਾਸ ਸਿੱਖ ਤੂੰ ਧੰਨ।ਗੁਰਮਤਿ ਗੁਰ ਕਰੁਨਾ ਤੇ ਪ੍ਰਾਪਤਿ।ਪ੍ਰੇਮ ਸਹਤ ਮੇਰੋ ਜਪੁ ਜਾਪਤਿ ॥੪੭॥ ਕਰਿ ਨਿਸ਼ਚਾ ਗੁਰ ਸ਼ਬਦ ਘਨੇਰਾ। ਨਦੀ ਪਾਰ ਪ੍ਰਾਪਤਿ ਬਿਨ ਬੇਰਾ[੨]। ਕਰਨ ਕਰਾਵਨ ਜਾਨਹਿ ਮੋਹਿ। ਤਿਸਕੋ ਬਿਘਨ ਕਹੋ ਕਿਮ ਹੋਹਿ ॥੪੮॥ ਤੁਮ ਅਭੇਦ ਕਰਿ ਮੋ ਕਹੁ ਜਾਨਯੋ।ਸ਼ਰਧਾ ਤੇ ਨਿਸ਼ਚਾ ਦ੍ਰਿੜ੍ਹ ਠਾਨਯੋ।ਰਹੁ ਹਮ ਪਾਸ ਸਦਾ ਮਮ ਪਯਾ-ਰੇ। ਬਡੇ ਭਾਗ ਅਬਿ ਉਦੇ ਤਿਹਾਰੇ॥੪੯॥ਪਠਨ ਲਿਖਨਿ ਕੀ ਕਾਰ ਸੰਭਾਰਹੁ। ਗੁਰਘਰ ਕੀ ਸੇਵਾ।ਹਿਤ ਧਾਰਹੁ।ਸੰਗਤ ਮਹਿਂ ਮਸੰਦ ਹੁਇੰ ਔਰ।ਤੁਮ ਨਿਤ ਰਹਹੁ ਹਮਾਰੀ ਠੌਰ'।।੫੦॥ਸੁਨਿ ਗੁਰਦਾਸ ਬੰਦਨਾ ਕੀਨਿ।'ਜਿਉਂ ਆਗਯਾ ਤਿਉਂ ਕਰੌਂ ਪ੍ਰਬੀਨ !। ਅਬਿ ਤੁਮ ਮੋਕਹੁ ਆਗਯਾ ਦੀਜੈ। ਗੋਇੰਦਵਾਲ ਹੋਇ ਆਵੀਜੈ[੩]' ॥੫੧॥ ਸੁਨਿਕੈ ਸਤਿਗੁਰ ਭਏ ਦਯਾਲੂ। 'ਜਾਵਉ ਫਿਰ ਆਵਉ ਤਤਕਾਲੂ*'।ਐਸੇ ਸੁਨਤਿ ਗਯੋ ਤਤਕਾਲਾ।ਰਹਯੋ ਸਮਾ ਤਿਹ ਠਾਂ ਕੁਛ ਕਾਲਾ† ॥ ੫੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿਸਤੀ ਅੰਸੂ ॥ ੨੬ ॥

੨੭. [ਗੁਰਦਾਸ ਜੀ ਗੋਇੰਦਵਾਲੋਂ ਹੋਕੇ ਸੁਧਾਸਰ ਆਏ। ਛੋਲਿਆਂ ਦੀ ਰੋਟੀ ਮਿਲੀ]।

ਦੋਹਰਾ ॥ ਇਕ ਦਿਨ ਗੋਇੰਦਵਾਲ ਤੇ ਭੱਲੇ ਕੁਲ ਗੁਰਦਾਸ। ਚਲਯੋ ਹੇਤ ਦਰਸ਼ਨ ਗੁਰੂ ਉਰ ਮਹਿ ਧਰੇ ਹੁਲਾਸ॥੧॥ਚੌਪਈ।–ਸ਼੍ਰੀ ਗੁਰਰਾਮਦਾਸ ਕੇ ਨੰਦੂ। ਅਹੈਂ ਤੀਨ, ਬਡ ਪ੍ਰਿਥੀਆ ਚੰਦੂ। ਮਹਾਂਦੇਵ ਮੱਧਮ[੪] ਸੁਤ ਵਹੈ। ਦੁਹਨ ਅਨੁਜ[੫]ਸ਼੍ਰੀ ਅਰਜਨ ਅਹੈਂ॥੨॥ਕਿਸ ਬਿਧਿ ਬਰਤੈਂ ਆਪਸ ਮਾਂਹੀ। ਪ੍ਰਿਥਮ ਦ੍ਵੈਸ਼ ਸਮ, ਕੈ ਅਬਿ ਨਾਂਹੀ[੬]।ਜਬਿ ਕੇ ਬੈਠੇ ਗੁਰਤਾ ਗਾਦੀ।ਨਹਿਂ

[੧](ਪਿਛਲੇ) ਚਹੁੰਆਂ ਗੁਰਾਂ ਵਿਚ। [੨]ਬਿਨ ਨੌਕਾ ਤੋਂ। [੩]ਹੋਇ ਆਵਾਂ। [੪]ਵਿਚਕਾਰਲਾ। [੫]ਦੂਹਾਂ ਤੋਂ ਛੋਟੇ। [੬]ਪ੍ਰਿਥਮ ਸਮ ਦ੍ਵੈਸ਼ ਹੈ ਕਿ ਹੁਣ ਨਹੀਂ।

*ਪਾ:–ਵੰਦ ਗੁਰਦਾਸ ਆਉ ਤਤਕਾਲੂ। †ਪਾ:–ਤਿਹਂ ਬਹੁਤ ਬਿਸਾਲ।

ਮੈਂ ਕੀਨਹੁੰ ਕੁਛ ਸੰਬਾਦੀ[1]॥੩॥ਕੈਸੇ ਅਬਿ ਨਿਬਹੈ ਬਿਵਹਾਰ।ਭਈ ਨਵੀਨ
ਜਿਨਹੁੰ ਕੀ ਕਾਰ। ਪ੍ਰਿਥਮ ਇਕੱਤ੍ਰ ਹੁਤੋ ਪਰਵਾਰੂ।ਅਬਿ ਭੇ ਪ੍ਰਿਥਕ ਭ੍ਰਾਤ
ਰਿਸ ਧਾਰੂ–॥੪॥ ਇੱਤਯਾਦਿਕ ਗਿਨਤੀ ਕਰਿ ਚਲਿਯੋ। ਰਾਮਦਾਸ ਪੁਰਿ
ਆਇ ਸੁ ਮਿਲਿਯੋ। ਪੂਰਬ ਸ੍ਰੀ ਅਰਜਨ ਢਿਗ ਆਯੋ। ਜਾਨਿ ਗੁਰੂ ਪਦ
ਸੀਸ ਨਿਵਾਯੋ॥੫॥ਬੈਠ੍ਯੋ ਨਿਕਟ ਕੁਸ਼ਲ ਸ਼ੁਭ ਪੂਛਾ।ਕਹ੍ਯੋ ਦੁਹਨ ਦਿਸ਼ ਤੇ
ਹਿਤ ਸੂਛਾ[2]।'ਸ੍ਰੀ ਗੁਰ ਅਮਰਦਾਸ ਪਰਵਾਰੂ। ਕੁਸ਼ਲ ਸਹਤ ਸਭਿ' ਕੀਨ
ਉਚਾਰੂ॥੬॥'ਮੋਹਨ ਦੁਤਿਯ ਮੋਹਰੀ ਚੰਦ। ਸੰਸਰਾਮ ਤਿਨ ਪੁੱਤ੍ਰ ਅਨੰਦ।
ਪਤਨੀ ਸਹਤ ਰਹਤਿ ਹਰਖਾਇ। ਕੁਸ਼ਲ ਤੁਮਾਰੀ ਚਹਿਂ ਸਮੁਦਾਇ' ॥੭॥
ਬੈਠ੍ਯੋ ਕਿਤਿਕ ਕਾਲ ਜਬਿ ਬੀਤਾ।ਕਰਤਿ ਬਾਰਤਾ ਕੋ ਇਸੁ ਰੀਤਾ।ਤਿਸ ਹੀ
ਥਲ ਭੋਜਨ ਲੈ ਆਇ।ਜਹਿਂ ਸ੍ਰੀ ਅਰਜਨ ਨਰ ਸਮੁਦਾਇ॥੮॥ਦੁਇ ਦੁਇ
ਚਨਕ ਰੋਟਿਕਾ[3] ਦੀਨਸਿ। ਬਰਤਤਿ ਗੁਰੂ ਦਾਸ[4] ਸੋ ਲੀਨਸਿ। ਅਪਰ ਨ
ਕੁਛ ਭਾ ਖੈਬੇ ਕਾਰਨ[5]।ਖਾਇ ਸੁ ਕੀਨਸ ਬਾਕ ਉਚਾਰਨ ॥੯॥ ਦੋਹਰਾ॥
'ਸੰਸਾਰੀ ਸਨਬੰਧ ਕੋ ਜੇ ਕਰਿ ਕਰੋ ਬਿਚਾਰ। ਬਡੇ ਥਾਨ ਤੁਮ ਤੇ ਅਹੌਂ–
ਮਾਤੁਲ[6]–ਕਰਹੁ ਉਚਾਰ॥੧੦॥ਦੁਤਿਯ ਸਬੰਧ ਸੁਨੀਜੀਏ ਜਬਿ ਕੀ ਗਾਦੀ
ਲੀਨ।ਭਏ ਪ੍ਰਮੇਸ਼ੁਰ ਰੂਪ ਤੁਮ ਸਭਿ ਜਗ ਗੁਰੂ ਪ੍ਰਬੀਨ॥੧੧॥ਚੌਪਈ॥ਇਸੁ
ਬਿਧ ਮੈਂ ਹੌਂ ਸਿੱਖ੍ਯ ਤੁਮਾਰੋ। ਬੰਦਨੀਯ ਸਭਿ ਕੋ ਹਿਤ ਧਾਰੋ। ਚਿਰੰਕਾਲ
ਬੀਤੇ ਮੈਂ ਅਯੋ। ਪੂਰਬ ਹੀ ਮਿਲਿਬੋ ਇਹੁ ਭਯੋ ॥੧੨॥ ਭਗਨੀ ਸੁਤ[7] ਅਰੁ
ਗੁਰੂ ਉਦਾਰਾ। ਮੈਂ ਮਾਤੁਲ ਅਰੁ ਸਿੱਖ੍ਯ ਤੁਮਾਰਾ। ਕਾਰਨ ਇਤੇ ਹੁਤੇ
ਮਨ ਚੀਨੇ। ਤਊ ਨ ਸਾਦਰ[8] ਭੋਜਨ ਦੀਨੇ' ॥੧੩॥ ਸ੍ਰੀ ਅਰਜਨ
ਸੁਨਿਕੈ ਮੁਸਕਾਇ। ਕਹ੍ਯੋ ਕਿ 'ਪਰਾਰਬਧ ਜਸੁ ਖਾਇ। ਤੋਰ ਹਦੂਰ
ਸਭਿਨਿ ਇਹ ਲਯੋ। ਕਿਸੂ ਨ ਛਪਿ ਕੈ ਭੋਜਨ ਕਯੋ ॥੧੪॥ ਜੇ
ਕਰਿ ਚਹਤਿ ਅਧਿਕ ਪਹੁਨਾਈ[9]।ਅੰਤਰ ਸਥਿਤ ਪਠਾਵਤਿ ਮਾਈ।ਨਿਜ
ਕਰ ਦੇਗ ਸਕਲ ਵਰਤਾਵਹਿ।ਪਾਹੁਨ ਹਿਤ ਸੋ ਅਸਨ ਪੁਚਾਵਹਿ॥੧੫॥
ਹਮਰੀ ਮਾਤਾ ਭਗਨਿ ਤੁਮਾਰੀ। ਮਿਲਹੁ ਜਾਇ ਕਰਿ ਕਰਹੁ ਉਚਾਰੀ'।
ਇਮ ਸੁਨਿ ਸ੍ਰੀਅਰਜਨ ਕੇ ਪਾਸ।ਹਾਥ ਪਖਾਰੇ ਤਬਿ ਗੁਰਦਾਸ॥੧੬॥ਚੁਰਾ
ਕਰ੍ਯੋ[10] ਉਠਿ ਅੰਤਰ ਗਯੋ।ਦੇਖੀ ਸੁਸਾ[11] ਪ੍ਰਣਾਮ ਸੁ ਕਯੋ।ਬੈਠੀ ਭਾਨੀ ਦੇਗ

---

[1]ਗੱਲ ਬਾਤ। [2]ਪਵਿੱਤ੍ਰ। [3]ਛੋਲਿਆਂ ਦੀਆਂ ਰੋਟੀਆਂ। [4]ਭਾਈ ਗੁਰਦਾਸ। [5]ਖਾਣ ਵਾਸਤੇ। [6]ਮਾਮਾ। [7]ਭੈਣ ਜੀ ਦੇ ਪੁੱਤ੍ਰ। [8]ਆਦਰ ਨਾਲ। [9]ਪ੍ਰਾਹੁਣਚਾਰੀ। [10]ਚੂਲਾ ਕੀਤਾ। [11]ਭੈਣ।

ਸਬਾਨਾ । 'ਆਵਹੁ ਭ੍ਰਾਤਾ ਬਿਰਹੁ' ਬਖਾਨਾ ॥੧੭॥'ਮੋਹਨ ਅਪਰ ਮੋਹਰੀ ਜੋਈ । ਸਹਤ ਕੁਟੰਬ ਕੁਸ਼ਲ ਹੈਂ ਦੋਈ? । ਤੁਮ ਚਿਰ ਮਹਿਂ ਚਲਿ ਕਰਿ ਇਤ ਆਏ।ਸੁਧਿ ਨਹਿਂ ਲਈ ਨ ਅਪਨਿ ਸੁਨਾਏ॥੧੮॥ਸ਼੍ਰੀ ਅਰਜਨ ਪਿਤ ਬੈਕੁੰਠ ਬਾਸੇ। ਤਬਿ ਕੇ ਹਮ ਇਸ ਪੁਰੀ ਨਿਵਾਸੇ।ਨਿਤ੍ਰਾਪ੍ਰਤੀ ਮਿਲਿਬੋ ਜਿਨ ਕੇਰਾ । ਹੋਤਿ ਅਨੰਦ ਸਦੀਵ ਬਡੇਰਾ ॥ ੧੯ ॥ ਅਬਿ ਕਬਿ ਕਬਿ ਤਿਨਕੀ ਸੁਧ ਹੋਇ।ਈਸ਼ੁਰ ਰਚੀ ਹੋਤਿ ਹੈ ਸੋਇ'।ਸੁਨਿ ਕੈ 'ਕੁਸ਼ਲ'ਕਹੀ ਗੁਰਦਾਸ। 'ਸਭਿ ਅਨੰਦ ਜੁਤਿ ਅਪਨ ਅਵਾਸ॥੨੦॥ ਮੋਹਿ ਮਿਲੇ ਕੋ ਭਾ ਚਿਰਕਾਲ। ਸ਼੍ਰੀਗੁਰ ਪੀਛੇ ਜਿਮ ਅਹਿਵਾਲ । ਹੇਰਨ ਹੇਤ ਆਵਨੋ ਭਯੋ। ਮਿਲਨੋ ਆਇ ਕਰਿ ਉਰ ਬਿਸ਼ਮਯੋ ॥੨੧॥ ਭੱਲਨਨ ਕੀ ਕੁਲ ਮਹਿਂ ਉਪਜਾਈ । ਯਾਂਤੇ ਹਮਰੀ ਭਗਨ ਲਗਾਈ'[1]। ਸ਼੍ਰੀਗੁਰ ਰਾਮਦਾਸ ਸੰਗਿ ਨਾਤ॥ਬਨਾਹੋ ਤੇ ਹੋਈ ਜਗ ਮਾਤ॥੨੨॥ਮਾਨਨੀਯ ਹਮ ਕੋ ਸਭਿ ਭਾਂਤੀ।ਬਡਿ ਭਾਗਨ ਜਗ ਮਹਿਂ ਬੱਖਜਾਤੀ । ਪਾਹੁਨਚਾਰੀ ਮੈਂ ਚਲਿ ਆਯੋ। ਚਨਿਕ ਰੋਟਿਕਾ ਭੋਜਨ ਖ੍ਵਾਯੋ ॥੨੩॥ਤੁਮਰੇ ਘਰਿ ਮਹਿਂ ਬਡਿ ਬਡਿਆਈ । ਗਾਦੀ ਮਿਲੀ ਜਗਤ ਗੁਰਿ-ਆਈ।ਤਊ ਨ ਬਨਹਿ ਅਹਾਰ ਚੰਗੇਰਾ । ਕਹਾਂ ਹਾਲ ਹੋਯਹੁ ਘਰ ਕੇਰਾ? ॥੨੪॥ਜਹਿ ਭੋਜਨ ਕੀ ਚਿੰਤਾ ਰਹੈ।ਧਨੁ ਸੰਗ੍ਰਹਿ ਕੌ ਕਿਸ ਬਿਧਿ ਲਹੈ। ਕਜਾ ਕਾਰਨ ਇਸ ਬਿਖੈ ਬਤਾਵਹੁ?। ਦਾਰਿਦ ਮਹਿਦ ਕਸ਼ਟ ਕੋ ਪਾਵਹੁ॥੨੫॥ ਆਵਤਿ* ਸੰਗਤਿ ਜਗਤ ਮਝਾਰੀ । ਚਾਰਹੁੰ ਦਿਸ਼ ਮਹਿਂ ਬਡੀ ਤੁਮਾਰੀ । ਤਿਹਕੀ ਆਮਦਨੀ ਕਿਤ ਜਾਤ?।ਸੰਗ੍ਰਹਿ ਕਰੋ,ਕਿਨਹਿਂ ਤੁਮਖਾਤ[2]?॥੨੬॥ ਤਊ ਪਰਾਹੁਨਚਾਰੀ ਆਇ। ਤਿਸਕੋ ਤੌ ਦਿਹੁ ਨੀਕੇ ਖ੍ਵਾਇ।ਕੈ ਮਮ ਸਮ ਸਭਿ ਕੇ ਸੰਗ ਕਰੋ।ਅਸੁ ਅਹਾਰ ਕੋ ਆਗੈ ਧਰੋ'॥੨੭॥ਸ਼੍ਰੀਗੁਰ ਅਮਰਦਾਸ ਕੀ ਤਨੀਯਾ॥ਸੁਨਿਕਰਿ ਭਾਨੀ ਬਾਨੀ ਭਨੀਯਾ॥ 'ਸੁਨਹੁ ਭ੍ਰਾਤ! ਭੋਜਨ ਅਸ ਖਾਵਤਿ। ਕਹੂੰ ਸਮੈ ਇਹੁ ਭੀ ਨਹਿਂ ਪਾਵਤਿ ॥੨੮॥ ਸਦਨ ਪਿਤਾ ਕੇ ਪੂਜਾ ਆਇ।ਜੋ ਇਕ ਦਿਨ ਮਹਿਂ ਲੀਜਹਿ ਖਾਇ। ਸੰਜਮ ਭੂਖਨ ਬਸਤ੍ਰਨ ਕੇਰਾ । ਜਿਉਂ ਤਬਿ ਹੋਤਿ ਸਰਬ ਤੈਂ ਹੇਰਾ ॥੨੯॥ ਤਊ ਦੇਗ ਮਹਿਂ ਘਾਟੇ ਨਾਂਹਿ। ਆਵਹਿ ਤਿਤੋ ਜਿਤਿਕ ਸਭਿ ਖਾਂਹਿ । ਬਚਨੋ ਰਹਤਿ ਸੋ ਪਸੁਨ ਖੁਵਾਵੈਂ । ਤਿਸ ਤੇ ਬਚਹਿ ਸੁ ਨਦੀ ਬਹਾਵੈਂ ॥੩੦॥ਪੁਨ ਸ਼੍ਰੀ ਅਰਜਨ ਕੇ ਪਿਤ ਹੋਏ। ਪੂਜਤਿ ਚਹੁੰ ਦਿਸ਼ ਤੇ ਸਭਿ ਕੋਏ। ਹੁਤੋ ਇਕੱਤ੍ਰ ਸਕਲ ਪਰਵਾਰੁ । ਚਲਨੋ

[1]ਭੇਟ ਲਗਦੇ ਹੋ। [2]ਤੁਸੀ ਜੋ ਨਹੀਂ ਖਾਂਦੇ ਹੋ ਕੀ ਜਮਾਂ ਕਰਦੇ ਹੋ ?          *ਪਾ:—ਠਾਂਹਿ ਤ ।

ਜਾਤ ਆਛੋ ਬਿਵਹਾਰੂ॥੩੧॥ ਤਿਨ ਪਾਛੇ ਇਹੁ ਭ੍ਰਾਤਾ ਤੀਨ। ਭਏ ਬਿਰੋਧੀ ਮਨ ਰਿਸਿ ਲੀਨ। ਸ਼੍ਰੀ ਅਰਜਨ ਕੋ ਲਘੁ ਇਹੁ ਜਾਨੈਂ। ਬਿਘਨ ਅਨੇਕ ਭਾਂਤਿ ਕੇ ਠਾਨੈਂ॥੩੨॥–ਸੋਢੀ ਕੁਲਮਹਿਂ ਗੁਰਤਾ ਰਾਖੀ–।ਨਹਿਂ ਜਾਨੈਂ ਇਮ ਧਨ ਅਭਿਲਾਖੀ॥ਆਗਜਾ ਮਹਿਂ ਦੋਨੋ ਨਹਿਂ ਰਹੈਂ। ਪਿਤਾ ਜਾਨ ਉਚਿਤਾ ਕੋ ਚਹੈਂ[1]॥੩੩॥ਤਿਨ ਕੇ ਸਮ ਸ਼੍ਰੀਅਰਜਨ ਕਰਤਾ[2]। ਲੇ ਕਰਿ ਜਾਤ ਅਪਰ ਕੋ ਗੁਰਤਾ[3]।ਸੇਵਕ ਕੀ ਇਹੁ ਵਸਤੁ ਸਦੀਵਾ। ਕਰਿ ਦਾਵਾ ਕੋ ਗੁਰੂ ਨ ਥੀਵਾ। ॥੩੪॥ਯਾਂਤੇ ਸ਼੍ਰੀ ਅਰਜਨ ਹਿਤ ਸਾਜਾ[4]। ਰਾਖਿ ਲਈ ਸੋਢੀ ਕੁਲ ਲਾਜਾ। ਮੋਰ ਮਨੋਰਥ ਪੂਰਨ ਕੀਨਿ। ਮਮ ਪਿਤ ਬਚਨ ਸਾਚ ਕਰਿ ਦੀਨ ॥੩੫॥ ਯਾਂਤੇ ਧੰਨ ਧੰਨ ਲਘੁ ਸੁਤ ਕੋ। ਕਿਯੋ ਪ੍ਰਸੰਨ ਸੇਵ ਕਰਿ ਪਿਤ ਕੋ। ਜਾਨਿ ਨ ਦਈ ਕਹੂੰ ਗੁਰਿਆਈ। ਰਾਖੀ ਅਪਨੇ ਸਦਨ ਟਿਕਾਈ॥੩੬॥ਅਬਿ ਚਿਤ ਸ਼ਾਂਤਿ ਬੈਠਿ ਇਹ ਰਹੈਂ। ਉੱਦਮ ਕਰਹਿਂ ਨ, ਸੁਨਹਿਂ ਨ ਕਹੈਂ। ਸੋ ਮਮ ਸੁਤ ਦੋਨਹੁਂ ਬਹੁ ਫਿਰਿ ਕੈ।ਸੰਗਤਿ ਤੇ ਲੇਵਹਿਂ ਧਨ ਹਿਰ ਕੈ ॥੩੭॥ ਨਿਜ ਨਰ ਪਠਹਿਂ ਸੰਗਤਾਂ ਘੇਰਹਿਂ। ਕਰਹਿਂ ਜਤਨ ਜਬਿ ਆਵਤਿ ਹੇਰਹਿਂ।–ਬਡੇ ਪੁੱਤ੍ਰ ਹਮ, ਗੁਰ ਅਬਿ ਭਏ–। ਇਮ ਕਹਿ ਸਰਬ ਦਰਬ ਨਿਤਿ ਲਏ॥੩੮॥ ਪਹੁੰਚਨ ਦੇਤਿ ਨਹੀਂ ਢਿਗ ਅਰਜਨ।ਲੇਤਿ ਵਹਿਰ ਤੇ ਹਿਤ ਕੈ ਤਰਜਨ[5]। ਸਦਨ ਰਹੈਂ ਬੈਠਯੋ ਹਰਿ ਭਜੈਂ। ਕੋ ਇਕ ਸਿਖ ਆਨ ਕਰਿ ਜਜੈਂ[6] ॥੩੯॥ ਕਯੋਂਹੂ ਦੇਤਿ ਨ ਦੋਨਹੁਂ ਭਾਈ। ਬਲ ਛਲ ਤੇ ਰੋਕਹਿ ਚਹੁੰ ਘਾਈ[7]। ਅਪਨੇ ਸਮ ਭੀ ਨਹਿ ਇਸ ਜਾਨਹਿਂ।ਨਹੀ ਬਾਂਟ ਧਨ ਦੇਂ ਹਿਤ ਖਾਨਹਿਂ[8]। ॥੪੦॥ਯਾਂਤੇ ਅਸਨ ਬਸਨਕੀ ਚਾਹੂ।ਰਹਤਿ ਸਦਾ ਹਮਰੇ ਘਰ ਮਾਂਹੂ।ਤੁਝ ਤੇ ਪਜਾਰੋ ਹਮਕੋ ਕੌਨ।ਬਹੁ ਦਿਨ ਤੇ ਚਲਿ ਆਯਹੁ ਭੌਨ॥੪੧॥ਘਰ ਮਹਿਂ ਹੋਇ ਤ ਬਨਹਿ ਅਹਾਰਾ। ਅਹੈ ਖਰਚ ਬਹੁ ਭਾਂਤਿ ਉਦਾਰਾ*।ਭ੍ਰਾਤਾ ਹਿਤੂ ਜਾਨ ਕਰਿ ਤੋਹੀ।ਬਾਤ ਸੁਨਾਇ ਕਹੀ ਜਿਮ ਹੋਹੀ[7]॥੪੨॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਗੁਰਦਾਸ ਆਵਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥ ੨੭ ॥

---

[1](ਦੂਨਜਾਵੀ ਪਿਤਾ ਵਾਂਙੂ) ਪਿਤਾ (ਗੁਰੂ ਨੂੰ) ਸਮਝਕੇ (ਅਪਣੀ) ਵਡਿਆਈ ਨੂੰ ਲੋਚਦੇ ਹਨ। [2](ਜੇਕਰ) ਸ਼੍ਰੀ ਅਰਜਨ ਜੀ ਕਰਦੇ। [3]ਤਾਂ ਕੋਈ ਹੋਰ ਗੁਰਿਆਈ ਲੈ ਜਾਂਦਾ। [4] ਸ਼੍ਰੀ ਅਰਜਨ ਜੀ ਨੇ ਸ਼੍ਰੀ ਗੁਰੂ ਰਾਮਦਾਸ ਜੀ ਨਾਲ ਪ੍ਰੇਮ ਕੀਤਾ। [5]ਹਿਤ ਨਾਲ, ਚਾਹੇ ਤਾੜਨਾ ਨਾਲ। [6]ਪੂਜਦਾ ਹੈ। [7]ਚਾਰੋਂ ਪਾਸਿਆਂ ਤੋਂ। [8]ਖਾਣ ਜੋਗਾ ਵੀ। *ਪਾ:–ਭਾਂਤਿਨਿ ਸਾਗ।

੨੮. [ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ]।

ਦੋਹਰਾ ॥ ਭ੍ਰਾਨੀ ਭਗਨੀ ਤੇ ਸੁਨੀ ਸਰਬ ਬਾਰਤਾ ਜੋਇ। ਚਿਤ ਮਹਿਂ ਤਰ-ਕਤਿ[1] ਬਹੁਤਹੀ-ਅਤਿ ਅਜੋਗ ਇਹੁ ਹੋਇ॥੧॥ਚੌਪਈ॥ਸ਼ਾਂਤਿਰੂਪਸ਼੍ਰੀਅਰ-ਜਨ ਅਹੈਂ।ਕਾਹੂ ਸੰਗ ਨ ਕੈਸੇ ਕਹੈਂ। ਸੋ ਬਲ ਛਲ ਤੇ ਦਰਬ ਹਿਰਤਿ ਹੈਂ। ਗੁਰ ਬਨ ਸੰਗਤਿ ਅਪਨਿ ਕਰਤਿ ਹੈਂ॥੨॥ਜਬਿ ਗੁਰਤਾ ਕੋ ਕਾਰਜ ਹੋਇ। ਸਿੱਖਜਨ ਕੀ ਸਹਾਇਤਾ ਜੋਇ। ਪੂਰਬ ਤੌਂ ਇਸ ਲੋਕ ਮਝਾਰੀ। ਸੰਕਟ ਪਰਹਿਂ ਆਨ ਕਿਤ ਭਾਰੀ॥੩॥ਸੁਤ ਬਿਤ ਕੋ ਬਾਂਛਤਿ ਹੈ ਕੋਈ। ਤਬਿ ਇਨ ਤੇ ਬਨ ਸਕਹਿ ਨ ਸੋਈ।ਸਿੱਖਨ ਬਿਖੇ ਅਸ਼ਰਧਾ ਹੋਇ। ਪੂਜਨਿ ਤੇ ਹਟਿ ਹੈ ਸਭਿ ਕੋਇ ॥੪॥ ਇਮ ਗੁਰਤਾ ਸਿੱਖੀ ਮਹਿਂ ਘਾਟਾ। ਨਿਬਹਿ ਨ ਇਹੁ ਪ੍ਰਪੰਚ ਜੋ ਠਾਟਾ।ਗੁਰੂ ਗੁਪਤ ਰਹਿਂ,ਲਖਹਿ ਨ ਕੋਈ। ਬਿਨਾ ਮਿਲੇ ਤੇ ਕਸੋਂ ਸੁਧਿ ਹੋਈ-॥੫॥ ਏਵ ਬਿਚਾਰਤਿ ਚਿਤ ਗੁਰਦਾਸ। ਗਰ ਕੇ ਚੱਕ ਰਹ੍ਯੋ ਗੁਰ ਪਾਸ। ਦੋਨਹੁਂ ਭ੍ਰਾਤਨ ਕੀ ਖੁਟਿਆਈ। ਦੇਖਤਿ ਭਯੋ-ਕਰਤਿ ਅਧਿ-ਕਾਈ॥੬॥ ਜਰੀ ਨ ਜਾਇ ਰਿਦੇ ਮਹਿਂ ਸੋਈ। ਦਰਬ ਹਿਰਹਿਂ ਸੰਗਤਿ ਤੇ ਦੋਈ-।ਸ਼੍ਰੀ ਅਰਜਨ ਸੋਂ ਇਕ ਦਿਨ ਕਹ੍ਯੋ। 'ਗੁਰਿਆਈ ਪਦ ਤੁਮ ਨੈ ਲਹ੍ਯੋ ॥੭॥ ਪੂਜਾ ਸੋ ਕਰਿਵਾਵਤਿ ਰਹੈਂ। ਨਿਬਹੈ ਕਿਮ ਤੁਮ, ਕਛੁ ਨਹਿਂ* ਕਹੈਂ।ਜਾਗਤਿ ਜੋਤਿ ਗੁਰੂ ਜਿਮ ਪਾਛੈ।ਤੁਮ ਭੀ ਬਿਦਤਹੁ ਤਿਨ ਸਮੁ ਆਛੈ। ੮॥ਛਪਨਿ ਉਚਿਤ ਇਹੁ ਪਦਵੀ ਨਾਂਹੀ। ਸਿੱਖੀ ਬਿਸਤਾਰਹੁ ਜਗ ਮਾਂਹੀ। ਅਜ਼ਮਤਿ ਕੇ ਬਲ ਲੇਹੁ ਅਕੋਰ।ਗੁਰ ਸੰਗਤਿ ਅਨਗਨ ਚਹੁਂ ਓਰ॥੯॥ਮੁਝ ਮਨ ਮਹਿ ਸੰਸਾ ਇਕ ਔਰ।ਰਹੈਂ ਭ੍ਰਾਤ ਤੂ ਇਮ ਇਸ ਠੌਰ। ਨਹੀਂ ਦਰਬ ਢਿਗ ਆਇ ਤੁਮਾਰੇ। ਦਾਰਿਦ ਬਰਤਹਿ ਸਦਨ ਮਝਾਰੇ ॥੧੦॥ ਸ਼੍ਰੀ ਗੁਰ ਰਾਮਦਾਸ ਭਗਵੰਤ। ਤੁਮਕੋ ਕਹ੍ਯੋ ਸਮੈਂ ਜਬਿ ਅੰਤ-ਸ਼੍ਰੀ ਅੰਮ੍ਰਿਤਸਰ ਕਾਰ ਕਰਾਵਹੁ।ਖਨਿ ਕੈ ਪੌੜੀ† ਪੱਕ੍ਰ[2] ਬਨਾਵਹੁ-॥੧੧॥ਇਮ ਜੇ ਬ੍ਰਿੱਤਿ ਆਪਨੀ ਰਾਖੋ।ਤਾਲ ਬਨਾਵਨ ਕਿਮ ਅਭਿਲਾਖੋ?।ਦਰਬ ਹਜ਼ਾਰੋਂ ਲਾਗਹਿ ਜਹਾਂ। ਕੈਸੇ ਹੋਇ ਸਕਹਿ ਗੋ ਮਹਾਂ ॥ ੧੨ ॥ ਉੱਦਮ ਕਰਿ ਬਿਦਤਹੁ ਜਗ ਮਾਂਹੀ।ਜਿਸ ਤੇ ਸਮ ਭ੍ਰਾਤਾ ਹੁਇੰ ਨਾਂਹੀ'।ਸ਼੍ਰੀ ਅਰਜਨ ਸੁਨਿ ਬੋਲੇ ਬਾਨੀ। 'ਤ੍ਰਿਸ਼ਨਾ ਅਧਿਕ ਦੁਹਨ ਮਨ ਠਾਨੀ ॥ ੧੩ ॥ ਦੌਰਿ ਦੌਰਿ ਰੋਕਤਿ ਧਨ ਜਾਇ।ਕਿਮ ਸੰਤੋਖ ਤਿਨਹੁਂ ਕੇ ਆਇ। ਭਨਹਿ ਕੂਰ ਛਲ ਬਲ ਕੋ ਠਾਨੈਂ।

[1] ਵਿਚਾਰਦਾ ਹੈ। [ਸੰਸ:, ਤਰ੍ਕ=ਦਲੀਲ]। [2] ਵਧੀਕੇ। [3] ਪੱਕੀਆਂ।

*ਪਾ:-ਕਜੇਹੁ ਨ। †ਪਾ:-ਪਵਰੀ।

ਨਿਸ ਬਾਸੁਰ ਦ੍ਵੈਸ਼ਨਿ ਲਪਟਾਨੈ ॥ ੧੪ ॥ ਗੁਰਤਾ ਕਛੁ ਧਨ ਹਿਤ ਨਹਿੰ ਲੀਨੀ[1]। ਤ੍ਰਿਸ਼ਨਾ ਕਰੀ ਚਹਿਯ ਮਨੁ ਹੀਨੀ। ਸਰਬ ਬਿਕਾਰਨ ਕੇਰਿ ਬਿਨਾਸ਼[2]।ਕਿਉਂ ਹਮ ਕਰਹਿਂ ਦਰਬ ਕੀ ਆਸ॥੧੫॥ਸਿੱਖਨਕੇ ਬਿਕਾਰ ਉਰ ਹਰਨੇ। ਹੁਇ ਬਿੱਪ੍ਰੀਤ ਜੁ ਹਮ ਸੌਂ ਧਰਨੇ[3]। ਤਾਲ ਆਦਿ ਜੋ ਕਾਰਜ ਸਾਰੇ। ਸ੍ਰੀ ਨਾਨਕ ਸੋ ਨਿਸੁ ਦਿਨੁ ਸਾਰੇ[4]॥੧੬॥ਜੇਤ੍ਰੈ ਚਹਤਿ ਕਰਨਿ ਉਪਕਾਰਾ।ਸਰ ਲਗਬੇ ਤੇ ਨਰਨ ਉਧਾਰਾ।ਤੌ ਉੱਦਮ ਕਰਿ ਹੁਇ ਸਵਧਾਨ। ਬਨਹਿਂ ਸਹਾਇਕ ਗੁਰੁ ਭਗਵਾਨ[5]॥ ੧੭ ॥ ਸੁਨਿ ਸਗਰੀ ਗੁਰੁਦਾਸ ਬਿਚਾਰੀ।–ਗਿਰਾ ਜਥਾਰਥ ਇਨਹੁੰ ਉਚਾਰੀ। ਤਿਨ ਕੇ ਸਮ ਕ੍ਰਿਤ ਇਨਹੁ ਨ ਬਨਹਿ[5]। ਸਿੱਖਨ ਕੇ ਬਿਕਾਰ ਗਨ ਹਨਹਿਂ॥੧੮॥ਤ੍ਰਿਸ਼ਨਕ ਜਿਮ[6]ਇਹੁ ਕੈਸੇਧਾਵਹਿਂ। ਸਿੱਖਨ ਕੋ ਗੁਰ ਹਿਤ ਬਨਿ ਆਵਹਿ[7]। ਯਾਂਤੇ ਮੈ ਉੱਦਮੁ ਅਬਿ ਧਰੌਂ।ਇਹ ਉਪਕਾਰ ਜਗਤ ਪਰ ਕਰੌਂ॥੧੯॥ ਸਭਿਹਿਨਿ ਕਹੁ ਉਪਦੇਸ਼ ਬਤਾਵੌਂ। ਨੀਕੀ ਰੀਤਿ ਗੁਰੂ ਬਿਦਤਾਵੌਂ–। ਚਿਤਵਤਿ ਇਮ ਚਿਤ ਮਹਿਂ ਗੁਰਦਾਸ। ਕਰਨੋ ਬਾਸ ਸ੍ਰੀ ਅਰਜਨੁ ਪਾਸ॥੨੦॥ਕੇਤਿਕ ਦਿਵਸ ਬਿਤੀਤੇ ਜਬੈ।ਪਿਖਤ ਲੇਤਿ ਦੋਨਹੁੰ ਧਨ ਸਬੈ[8]। ਇਕ ਦਿਨ ਸੁਨਨੋ ਸਿੱਖ ਤੇ ਕਾਨ। 'ਸੰਗਤਿ ਆਵਤਿ ਚਲੀ ਮਹਾਨ'॥੨੧॥ਰਿਦੈ ਬਿਚਾਰ ਕੀਨ ਇਮ ਸੋਈ।–ਬੈਠੇ ਬਨੈ ਨ ਆਵੈ ਕੋਈ। ਦ੍ਵੈ ਤੀਨਕ ਲੇ ਕਰਿ ਗੁਰ ਦਾਸ[9]। ਤੂਸ਼ਨ ਹੀ ਗਮਨਯੋ ਗੁਰਦਾਸ[10]॥੨੨॥ਰਾਮਦਾਸ ਚਕ ਤੇ ਚਲਿ ਗਯੋ।ਪੰਚ ਕੋਸ ਪਰ ਇਸਥਿਤ ਭਯੋ।ਤਹਾਂ ਚੌਤਰਾ ਕੀਨਿ ਬਨਾਇ। ਸੇਤ ਬਸਤ੍ਰ ਕੋ ਭਲੇ ਬਿਛਾਇ॥੨੩॥ ਪੂਜਨ ਥਾਨ ਬਨਾਯਹੁ ਐਸਾ।ਤਿਸ ਕੇ ਤੀਰ ਤਰੇ ਹੁਇ ਬੈਸਾ।ਮੋਰ ਪੰਖ ਕੌ ਮੂਠਾ ਧਰਯੋ ।ਗੁਰੁਤਾ ਚਿੰਨ੍ਹ ਅਪਰ ਕੁਛ ਕਰਯੋ॥੨੪॥ਇਤਨੇ ਮਹਿਂ ਸੰਗਤਿ ਗਨ ਆਈ। ਬੂਝਨ ਲਗੇ 'ਕਹਾਂ ਇਸਥਾਈਂ?'। ਸੁਨਿਕੇ ਤਿਨਿ ਤੇ ਤਬਿ ਗੁਰੁਦਾਸ।ਸਾਦਰ ਕਰੇ ਬਿਠਾਵਨਿ ਪਾਸ॥੨੫॥ 'ਬ੍ਰਿਸਰਾਮਹੁ ਸੰਗਤਿ ਇਸ ਥਾਈਂ'।ਜਬਿ ਇਕਠੀ ਹੋਈ ਸਮੁਦਾਈ। ਸਭਿ ਸੌਂ ਮਧੁਰ ਗਿਰਾ ਕੇ ਸਾਥ।

[1]ਅਸਾਂ ਨਹੀਂ ਲੀਤੀ। [2]ਨਾਸ਼ ਕਰਨਾ (ਚਾਹੀਏ)। [3]ਸਿੱਖਾਂ ਦੇ ਦਿਲੀ ਵਿਕਾਰ ਅਸਾਂ ਦੂਰ ਕਰਨੇ ਹਨ, ਜੇ ਅਸਾਂ ਓਹ ਧਾਰਨੇ ਹਨ ਤਾਂ ਪੁੱਠੀ ਗੱਲ ਹੋ ਗਈ। [4]ਸਵਾਰਨੇ ਹਨ । [5]ਭਾਵ ਪ੍ਰਿਥੀਏ ਆਦਿ ਵਾਂਙੂ ਕਰਨਾ ਇਨ੍ਹਾਂ ਨੂੰ ਨਹੀਂ ਬਣਦਾ। [6]ਤ੍ਰਿਸ਼ਨਾ ਵਾਲੇ ਵਾਂਗ। [7]ਸਿੱਖਾਂ ਨੂੰ ਗੁਰੂ ਨਾਲ ਪ੍ਰੇਮ (ਕਰਨਾ) ਬਣਦਾ ਹੈ।(ਅ) ਸਿੱਖਾਂ ਦਾ ਹਿਤ ਹੀ ਗੁਰੂ ਜੀ ਨੂੰ ਬਣਦਾ ਹੈ। [8]ਦੋਹਾਂ ਨੂੰ ਸਭਨਾਂ ਤੋਂ ਧਨ ਲੈਂਦਿਆਂ ਦੇਖਦਿਆਂ ਜਦ ਕਈ ਦਿਨ ਬੀਤੇ। [9]ਗੁਰੂ ਜੀ ਦੇ ਸੇਵਕ। [10]ਭਾਈ ਗੁਰਦਾਸ।

ਕਹਤਿ ਭਯੋ ਆਇਸੁ ਗਰੁ ਨਾਥ[1]॥੨੬॥'ਜੋ ਗੁਰੂ ਹੇਤਿ ਉਪਾਇਨ ਲਜਾਯੋ । ਉਰ ਸ਼ਰਧਾ ਧਰਿ ਦਰਸ਼ਨਿ ਆਯੋ । ਸੋ ਇਸ ਥਲ ਅਰਪਹੁ ਸਮੁਦਾਇ। ਪੁਨ ਗੁਰ ਢਿਗ ਚਲੀਐ ਹਰਖਾਇ ॥ ੨੭ ॥ ਇਸ ਮਹਿਂ ਕਾਰਣ ਸੋ ਸੁਨ ਲੀਜਹਿ।ਪੁਨ ਮਨ ਬਾਂਛਤਿ ਪੂਰਨ ਕੀਜਹਿ।ਸ਼੍ਰੀਗੁਰ ਰਾਮਦਾਸ ਸੁਤ ਤੀਨ। ਗੁਰਤਾ ਗਾਦੀ ਲਘੁ ਅਸੀਨ[2] ॥ ੨੮ ॥ ਸ਼ਾਂਤਿ ਰੂਪਿ ਸੋ ਬੈਠੇ ਰਹੈਂ । ਨਹਿਂ ਕਿਹ ਸੋਂ ਕੈਸੇ ਬਚ ਕਹੈਂ।ਬਡੋ ਭ੍ਰਾਤ ਦ੍ਵੈ ਬਲ ਛਲ ਕਰੈਂ । ਸੰਗਤਿ ਤੇ ਸਗਰੋ ਧਨ ਹਿਰੈਂ॥੨੯॥ਤਹਾਂ ਪਹੁੰਚਿ ਜੇ ਤਿਨ ਨਹਿਂ ਦੇਵਹੁ।ਗਾਰੀ ਬਕੈਂ ਸ੍ਰਾਪ ਕੋ ਲੇਵਹੁ। ਕੈ ਤੁਮ ਤੇ ਸੋ ਲੈ ਹੈਂ ਛੀਨ । ਕਰਹਿ ਰਾਰ ਲੋਭੀ ਦੁਖ ਭੀਨ ॥੩੦॥ ਗੁਰ ਕੇ ਨਿਕਟ ਨ ਪਹੁੰਚਨ ਦੈ ਹੈਂ।ਘਾਤ ਅਨੇਕਨਿ ਬਾਤ ਬਨੈ ਹੈਂ।ਯਾ ਤੇ ਮੈਂ ਤੁਮ ਕੋ ਸੁਭ ਕਹੌਂ।ਪਰਉਪਕਾਰ ਹੇਤ ਮੈਂ ਚਹੌਂ'॥੩੧॥ਸੁਨਿ ਸੰਗਤਿ ਕੇ ਨਿਸ਼ਚੈ ਭਯੋ ।–ਬਾਕ ਜਥਾਰਥ ਇਨ ਕਹਿ ਦਯੋ–। ਸਭਿਹਿਨਿ ਮਿਲਿਕੈ ਆਛੋ ਮਾਨਾ । ਦਯੋ ਦਰਬ ਜੇਤਿਕ ਜਿਨ ਆਨਾ ॥੩੨॥ ਸਗਰੀ ਸੰਗਤਿ ਦਈ ਉਪਾਇਨ । ਪੁਨ ਦੇਖਨੋ ਚਹਿਂ ਸਤਿਗੁਰੁ ਪਾਇਨ। ਸਭਿ ਕੋ ਧੀਰਜ ਦੇ ਗੁਰਦਾਸ।ਦਰਬ ਬਟੋਰ ਲੀਨ ਨਿਜ ਪਾਸ॥੩੩॥ ਸਭਿ ਤੇ ਆਗੂ ਹੁਇ ਚਲਿ ਪਰਿਯੋ। ਸੰਗਤਿ ਸੰਗ ਲੀਨ ਹਿਤ ਧਰਿਯੋ।ਸਨੈ ਸਨੈ ਚਲਿ ਕੈ ਪੁਰਿ ਆਯੋ । ਸ੍ਰੀ ਅਰਜਨਿ ਢਿਗ ਦਰਸ਼ਨ ਪਾਯੋ ॥੩੪॥ ਧਰਨੋ ਪੰਰਸੈ ਦਰਬ ਅਗਾਰੀ।'ਇਹੁ ਲੀਜਹਿ ਸਭਿ ਆਪਨਿ ਕਾਰੀ[3]'।ਸੰਗਤਿ ਹੇਰਿ ਪ੍ਰਿਥੀਮਲ ਦਾਸ । ਭੇਜੇ'ਘੇਰਿ ਆਨੀਅਹਿ ਪਾਸ ॥੩੫॥ ਸਿਖ ਅਨਜਾਨ ਮੋਰ[4] ਸਭਿ ਲੀਜੈ।–ਗੁਰੁ ਸੁਤ ਬਡ ਕੋ ਚਲਿ ਦਰਸੀਜੈ–'।ਉਤ ਤੇ ਮਹਾਂਦੇਵ ਨੇ ਪਠੇ। 'ਮੁਝ ਢਿਗ ਆਨਹੁੰ ਕਰਿ ਇਕਠੇ'॥੩੬॥ਸੰਗਤਿ ਘੇਰਿ ਖਰੀ ਕਰਿ ਲੀਨਿ। ਨਹਿਂ ਆਗੇ ਕੋ ਚਲਨਿਨਿ* ਦੀਨ । ਦੁਹ ਦਿਸ਼ ਕੇ ਦਾਸਨਿ ਤੇ ਸੁਨਿਕੈ । ਗਨ ਸਿੱਖਨ ਸਮੁਝਾਏ ਭਨਿਕੈ ॥ ੩੭ ॥ 'ਜਿਤਿਕ ਕਾਰ ਗੁਰ ਕੀ ਹਮ ਪਾਸ । ਲੇ ਸਭਿ ਗਯੋ ਅਬਹਿ ਗੁਰਦਾਸ । ਦਰਸ਼ਨ ਮਾਤ੍ਰ ਕਰਨ ਅਬਿ ਰਹਨੋ।ਸੋ ਹਮ ਕਰਹਿਂ ਗੁਰੂ ਜਿਮੁ ਲਹਨੋ'॥੩੮॥ਸੁਨਿ ਸੰਗਤਿ ਕੋ ਤਾੜਤਿ ਭਏ।'ਗੁਰੁ ਕੋ ਕਾਰ ਕੁਤੋ ਤਿਸ ਦਏ।ਗੁਰ ਗਾਦੀ ਪਰ ਪੁੱਤ੍ਰ ਬਡੇਰੋ। ਪੂਜ-

[1]ਗੁਰੂ ਰਾਮਦਾਸ ਜੀ ਦੀ ਆਗਜ਼ਾ (ਕਿ ਗੁਰੂ ਗਾਦੀ ਤੇ ਗੁਰੂ ਅਰਜਨ ਦੇਵ ਜੀ ਹਨ) ਇਹ ਅਰਥ ਅੰਕ ੨੮ ਤੋਂ ਸਪਸ਼ਟ ਹੋ ਜਾਂਦਾ ਹੈ। [2]ਛੋਟੇ ਇਸਥਿਤ ਹੋਏ ਹਨ । [3]ਅਪਨੀ ਭੇਟਾ। [4]ਮੋੜ।

*ਪਾः–ਚਲਨੇ। ਚਲਨ ਸੁ।

ਨੀਯ ਸੋ ਸੰਗਤਿ ਕੇਰੋ॥੩੯॥ਨਹਿੰ ਪਰਹੈ ਗੁਰੁ ਕੇ ਪਰਵਾਨ। ਤਜਿ ਕਰਿ
ਬਡੋ ਦਈ ਲਘੁਥਾਨ*।ਅਬਿ ਜੋ ਭਈ ਬੀਤ ਸੋ ਗਈ।ਨਹਿੰ ਆਗੇ ਕਰੀ
ਅਹਿ ਮਤਿ ਨਈ ॥੪੦॥ ਪ੍ਰਿਥੀਚੰਦ ਕੇ ਘਰ ਚਲਿ ਆਈਏ।ਕਹਨੋ ਕਿਸੂ
ਕੋ ਮਨ ਨਹਿੰ ਲਯਾਈਏ।ਇੱਤ੍ਯਾਦਿਕ ਸਮੁਝਾਇ ਘਨੇਰੇ।ਅਪਨੀ ਉਸ-
ਤਤਿ ਕਰਤਿ ਬਡੇਰੇ ॥੪੧॥ਛੂਛੇ[1] ਸਿੱਖਯ ਜਾਨਿ ਜਬਿ ਲਏ। ਘੇਰੋ ਕਰਨੋ
ਛੋਰਿ ਸਭਿ ਦਏ। ਸ਼੍ਰੀ ਅਰਜਨ ਕੇ ਢਿਗ ਪੁਨ ਆਏ। ਕਰਿ ਦਰਸ਼ਨ ਮਨ
ਆਨੰਦ ਪਾਏ ॥੪੨॥ਭਈ ਕਾਮਨਾ ਪੂਰਨ ਉਰ ਕੀ। ਮਹਿਮਾ ਜਾਨੀ ਸ਼੍ਰੀ
ਸਤਿਗੁਰ ਕੀ। ਨਿਰਬਿਕਾਰ ਮਨ ਸ਼ਾਂਤਿ ਸਰੂਪ। ਦੀਪਤਿ ਮਸਤਕ ਜੋਤਿ
ਅਨੂਪ ॥ ੪੩ ॥ ਬਦਨ ਅਦੀਨ[2] ਦੀਨ ਗਨ ਦਾਨੀ। ਸੁੰਦਰ ਮਧੁਰ ਸੁਧਾ
ਸਮ ਬਾਨੀ। ਤ੍ਰਿਸ਼ਨਾ ਆਦਿ ਨ ਲੇਸ਼ ਕਲੇਸ਼ੂ। ਸ੍ਰੇਯ ਦੇਤਿ ਜਿਨ ਕੋ ਉਪ-
ਦੇਸ਼ੂ ॥ ੪੪ ॥ ਨਿਸ਼ਚੈ ਕਰਨੋ-ਗੁਰੁ ਇਹੁ ਅਹੈਂ। ਲੋਭੀ ਅਪਰ ਦਰਬ ਕੋ
ਚਹੈਂ। ਸਤਿਗੁਰ ਰਾਮਦਾਸ ਨਿਜ ਥਾਨ। ਇਹੀ ਬਿਠਾਇ ਕ੍ਰਿਪਾ ਨਿਧਾਨ
॥ ੪੫ ॥ ਭੋਲੇ ਸਿੱਖਨ ਸੋ ਬਿਰਮਾਵੈਂ[3]। ਧਨ ਹਿਤ ਲੈ ਲੈ ਨਿਜ ਘਰ
ਜਾਵੈਂ। ਕੋਇ ਨ ਗੁਨ, ਕਿਮ ਕਰਿ ਹੈਂ ਸ੍ਰੇਯ। ਜਨੋਂ ਕਨੌਂ ਸਿੱਖਨ ਤੇ
ਧੰਨ ਲੇਯ ॥ ੪੬ ॥ ਇਨ ਮਹਿਂ ਤਿਨ ਸਮ ਨਹੀ ਬਿਕਾਰ। ਮੂਰਤਿ ਸ਼੍ਰੀ
ਸਤਿਗੁਰੂ ਉਦਾਰ-।ਜਥਾ ਜੋਗ ਸ਼੍ਰੀ ਅਰਜਨ ਤਬੈ। ਸਾਦਰ ਕੀਨ ਮਿਲੇ
ਸਿਖ ਸਬੈ ॥੪੭॥ ਮੋਲ ਅੰਨ ਸਮੁਦਾਇ ਅਨਾਇ[4]। ਕਰਿ ਲੰਗਰ ਦੀਨਸਿ
ਬਰਤਾਇ। ਕਰੀ ਸਕਲ ਗੁਰਤਾ ਕੀ ਰੀਤਿ। ਸਿਰੋਪਾਉ ਲੇ ਸਿਖ ਸਹਿ
ਪ੍ਰੀਤ॥੪੮॥ਦਰਸ਼ਨ ਕਰਿ ਗਮਨੇ ਨਿਜ ਦੇਸ਼। ਕੀਰਤਿ ਕਰਤਿ ਸੁਨਾਇ
ਅਸ਼ੇਸ਼[5]। ਸਿਖ ਸੰਗਤਿ ਜਹਿਂ ਕਹਿਂ ਮਿਲ ਜਾਇਂ। 'ਗੁਰ ਸ਼੍ਰੀ ਅਰਜਨ'
ਕਹੈਂ ਸੁਨਾਇ ॥੪੯॥ ਕਿਤਿਕ ਦੇਸ਼ ਪੁਰਿ ਗ੍ਰਾਮਨਿ ਬ੍ਰਿੰਦ। ਬਿਦਤਿ ਭਏ
ਇਮ ਗੁਰ ਜਸੁ ਚੰਦ। ਸਭਿ ਸੰਗਤਿ ਆਵਤਿ ਗੁਰ ਪਾਸ। ਹਾਥ ਜੋਰਿ
ਠਾਨਤਿ ਅਰਦਾਸ ॥ ੫੦ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ
'ਸੰਗਤਿ ਕੋ ਗੁਰ ਨਿਸਚੈ ਕਰਨਿ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥ ੨੮ ॥

---

[1]ਸੱਖਣੇ। [2]ਮੁਖੜਾ ਉਦਾਰ। [3]ਓਹ ਭੁਲਾਉਂਦੇ ਹਨ। [4]ਮੰਗਵਾਕੇ। [5]ਬਹੁਤੀ।(ਅ) ਸਾਰਿਆਂ ਨੂੰ।

*ਲਿਖਤ ਦੇ ਚਾਰ ਨੁਸਖਿਆਂ ਵਿਚ ਇਥੋਂ ਅੱਗੇ ਦੋ ਸਤਰਾਂ ਹੋਰ ਵਾਧੂ ਹਨ, ਜਿਨ੍ਹਾਂ ਦਾ ਪਾਠ ਇਹ ਹੈ:-'ਛਲਿ ਬਲਿ ਕਰ ਗੁਰਤਾ ਕੋ ਚਹਿ ਹੈ। ਸ਼੍ਰੀ ਗੁਰੁ ਅਰਜਨ ਕੋ ਲਘੁ ਕਹਿ ਹੈ।' ਤੇ ਇਸ ਅੰਸੂ ਦੀਆਂ ਅੰਤਲੀਆਂ ਦੋ ਤੁਕਾਂ ਉਨ੍ਹਾਂ ਹੀ ਨੁਸਖਿਆਂ ਵਿਚ ਨਹੀਂ ਹਨ ਤੇ ਇਉਂ ਚੌਪਈਆਂ ਦੇ ਚਾਰ ਚਾਰ ਚਰਨ ਪੂਰੇ ਕੀਤੇ ਹੋਏ ਹਨ।